੧ੴ ਵਾਹਿਗੁਰੂ ਜੀ ਕੀ ਫਤਹਿ ॥

196

ਸਿੱਖ ਧਰਮ ਸੰਬੰਧੀ

ਸਵਾਲ ਜਵਾਬ

32 ਰੁਪਏ

ਸਿੱਖ ਮਿਸ਼ਨਰੀ ਕਾਲਜ
ਲੁਧਿਆਣਾ

सिख मिशनरी कालेज की खोज भरपूर पुस्तकें

बच्चों को लिये

प्रकाशन नः		मूल्य
79	सिख धर्म की प्राथमिक जानकारी	4/-
70	दस गुरूओं का संक्षिप्त इतिहास	7/-
83	खून शहीदों का (16 चित्रों सहित)	7/-
213	सिख धर्म प्रश्नोत्तरी भाग - 1	5/-
214	सिख धर्म प्रश्नोत्तरी भाग - 2	8/-
215	सिख धर्म प्रश्नोत्तरी भाग - 3	13/-
216	सिख धर्म प्रश्नोत्तरी भाग - 4	15/-

गुरबाणी व्याख्या

87	गुरबाणी व्याख्या भाग-1	3/-
88	गुरबाणी व्याख्या भाग-2	4/-
89	गुरबाणी व्याख्या भाग-3	5/-
90	गुरबाणी व्याख्या भाग-4	4/-
268	चुनींदा शब्दों की व्याख्या भाग-5	5/-
258	चुनींदा शब्दों की व्याख्या भाग-8	5/-

गुरबाणी स्टीक (अर्थ)

157	जपु जी साहिब सटीक	6/-
158	जापु साहिब सटीक	6/-
161	त्व प्रसादि सवय्ये सटीक	2/-
97	सरलार्थ रहरासि साहिब तथा सोहिला	5/-
141	33 सवैये सटीक	4/-
212	सद सटीक	4/-
250	अनंदु साहिब सटीक	5/-
260	बारहमाहा सटीक (तुखारी व माझ)	6/-
261	अकाल उस्तति में से कबितों की व्याख्या	4/-
244	रामकली की वार (राय बलवंड सतै डूमि आखी)	3/-
235	सिद्ध गोस्टि सटीक	8/-
236	आनन्द कारज (सिख विवाह पद्धति)	4/-
263	नितनेम सटीक	25/-

जीवनियां

103	जीवन यात्रा गुरू नानक देव जी	10/-
174	जीवन यात्रा गुरू अंगद देव जी	8/-
221	जीवन वृतांत श्री गुरु अमरदास जी	15/-
264	जीवन वृतांत गुरु रामदास जी	15/-
252	जीवन वृतांत गुरु अर्जुन देव जी	15/-
234	गुरु अर्जुन देव जी की शहीदी	5/-
262	अदम्य पुरुष - जीवन वृतांत गुरू गोबिन्द सिंघ जी	20/-
162	बाबा बंदा सिंघ बहादुर	4/-
231	नवाब कपूर सिंघ	4/-
135	सः जस्सा सिंघ आहलुवालिया	4/-
143	भाई मनी सिंघ जी	3/-
254	भाई नन्द लाल सिंघ जी	5/-
255	सरदार जस्सा सिंघ रामगढ़िया	4/-
240	भाई गुरदास जी	4/-
243	ज्ञानी दित्त सिंघ	3/-
225	भाई महाराज सिंघ	4/-
139	महाराजा रणजीत सिंघ	3/-
187	सः शाम सिंघ अटारी	3/-

प्रकाशन नः		मूल्य
188	अकाली बाबा फूला सिंघ	3/-
189	बाबा गुरदित्त सिंघ कामागाटामारू	3/-
251	सिख चुनींदा जीवनियां	8/-
242	सिख धर्म के महान विद्वान	6/-

शिक्षाप्रद साखियां

72	शिक्षाप्रद साखियां भाग-1	2/-
112	शिक्षाप्रद साखियां भाग-2	4/-
146	शिक्षाप्रद साखियां भाग-3	5/-
165	शिक्षाप्रद साखियां भाग-4	3/-
269	शिक्षाप्रद साखियां भाग-6	5/-

मोर्चे व लहरें

164	बब्बर अकाली आन्दोलन	2/-
190	मोर्चा गंगसर जैतो	3/-
253	मोर्चा गुरु का बाग	4/-
228	सिख मिसलें	5/-
237	साका ननकाना साहिब	4/-
239	सिंघ सभा लहर	8/-
265	गुरुद्वारा सुधार लहर	7/-

सिख धर्म का प्रचार

163	पंथ दर्दीओ कुछ करो भाग-1	4/-
176	पंथ दर्दीओ कुछ करो भाग-2	3/-

सिख विचारधारा (दर्शन)

80	सिख जीवन पद्धति	3/-
84	खालसा की परिकल्पना	3/-
102	शब्द गुरू एवं देहधारी गुरूडंम	6/-
81	सिख धर्म फिलासफी भाग-1	6/-
98	सिख धर्म फिलासफी भाग-2	7/-
166	सिख धर्म फिलासफी भाग-3	3/-
218	सिख धर्म फिलासफी भाग-4	10/-
219	सिख धर्म फिलासफी भाग-5	10/-
220	मूर्ति पूजा	8/-
257	न्यारा खालसा	6/-
230	श्री गुरु तेग बहादुर जी के उपदेश	3/-
95	गुरू मानीओं ग्रंथ	8/-
92	सिख रहत मर्यादा	3/-
186	सिमरन कैसे करें	3/-
209	सिखी नये युग का धर्म	4/-
248	सभसै ऊपर गुरु सबदु वीचार	4/-
256	सिख धर्म सम्बन्धी प्रश्न उत्तर	30/-

तुलनात्मिक अध्ययन

229	इसाई मत और गुरमति	4/-
232	जैन मत और गुरमति	4/-
249	सिखी और समाजवाद	3/-

प्रकाशन नः		मूल्य
233	इसलाम और गुरमति	4/-
245	हिन्दु धर्म और गुरमति	5/-

मिश्रित

191	भारत की आज़ादी की लड़ाई में सिखों का योगदान	4/-
192	चिट्ठियां लिख सतिगुरां वल्ल पाइआं	3/-
180	शब्द लगो गुर मीठा	6/-
182	साधू दयानंद और मेरा संवाद	2/-
238	शरीर अरोग्य कैसे हो	4/-
226	कबीर साहिब की विचारधारा और समाज सुधार	3/-

ENGLISH BOOKS

177	The Baisakhi	3/-
56	Basic Principles of Sikhism	4/-
53	Why Am I a Sikh ?	2/-
104	Propagation of Sikh Thought	3/-
223	Sikhism	5/-
224	Sikhism - A Universal Message	25/-
246	Brief History of the Sikh Gurus	7/-
222	Teaching Sikh Heritage to the Youth	25/-
91	Guru Nanak's Impact on History	6/-
181	Blood of Martyrdom	7/-
172	Sikh Sakhies for the Youth	15/-
173	The Khalsa Generals	15/-
210	Guru Nanak Dev Ji & His Religion	4/-

ਪ੍ਰੋ: ਸਾਹਿਬ ਸਿੰਘ ਲਿਖਤ ਪੁਸਤਕਾਂ ਦੀ ਸੂਚੀ

	ਗੁਰਬਾਣੀ ਵਿਆਕਰਣ	80/-
	ਆਦਿ ਬੀੜ ਬਾਰੇ	50/-
	ਗੁਰਬਾਣੀ ਤੇ ਇਤਿਹਾਸ ਬਾਰੇ	36/-
	ਬੁਰਾਈ ਦਾ ਟਾਕਰਾ	40/-
	ਸਿੱਖ ਸਿਦਕ ਨਾ ਹਾਰੇ	30/-
	ਸਰਬੱਤ ਦਾ ਭਲਾ	35/-
	ਧਰਮ ਤੇ ਸਦਾਚਾਰ	30/-
	ਸਦਾਚਾਰਕ ਲੇਖ	25/-
	ਜੀਵਨ ਬ੍ਰਿਤਾਂਤ ਗੁਰੂ ਹਰਿਗੋਬਿੰਦ ਸਾਹਿਬ ਜੀ	8/-
	ਜੀਵਨ ਬ੍ਰਿਤਾਂਤ ਗੁਰੂ ਹਰਿਰਾਇ, ਗੁਰੂ ਹਰਿਕ੍ਰਿਸ਼ਨ ਜੀ	6/-
	ਜੀਵਨ ਬ੍ਰਿਤਾਂਤ ਗੁਰੂ ਤੇਗ ਬਹਾਦਰ ਸਾਹਿਬ	6/-
	ਭੱਟਾਂ ਦੇ ਸਵੱਈਏ ਸਟੀਕ	45/-
	ਸਲੋਕ ਫਰੀਦ ਜੀ ਸਟੀਕ	30/-
	ਸਲੋਕ ਕਬੀਰ ਜੀ ਸਟੀਕ	40/-
1	ਭਗਤ ਬਾਣੀ ਸਟੀਕ (12 ਭਗਤਾਂ ਦੀ)	40/-
2	ਬਾਣੀ ਭਗਤ ਰਵਿਦਾਸ ਜੀ ਸਟੀਕ	40/-
3	ਬਾਣੀ ਭਗਤ ਨਾਮਦੇਵ ਜੀ ਸਟੀਕ	50/-
4	ਬਾਣੀ ਭਗਤ ਕਬੀਰ ਜੀ ਸਟੀਕ (1)	60/-
5	ਬਾਣੀ ਭਗਤ ਕਬੀਰ ਜੀ ਸਟੀਕ (2)	65/-
	ਗੁਰੂ ਗ੍ਰੰਥ ਸਾਹਿਬ ਦਰਪਣ (10 ਭਾਗ)	1800/-

ੴ ਵਾਹਿਗੁਰੂ ਜੀ ਕੀ ਫ਼ਤਹਿ॥

ਸਿੱਖ ਧਰਮ ਸੰਬੰਧੀ

ਸਵਾਲ ਜਵਾਬ

ਗਿਆਨ ਰਤਨ ਸਭ ਸੋਝੀ ਹੋਇ॥

ਸਿੱਖ ਮਿਸ਼ਨਰੀ ਕਾਲਜ (ਰਜਿ.) ਲੁਧਿਆਣਾ

ਪ੍ਰਕਾਸ਼ਕ

ਸਿੱਖ ਮਿਸ਼ਨਰੀ ਕਾਲਜ (ਰਜਿ:)

1051/14, ਫ਼ੀਲਡ ਗੰਜ, ਲੁਧਿਆਣਾ - 141008. ਫੋਨ : 0161-2663452

ੇ ਸਬ ਆਫ਼ਿਸ : ਸੀ-135, ਮਾਨਸਰੋਵਰ ਗਾਰਡਨ, ਨਵੀਂ ਦਿੱਲੀ। ਫੋਨ : 011-25413986

ਜਲੰਧਰ ਆਫ਼ਿਸ : ਕੰਵਰ ਸਤਨਾਮ ਸਿੰਘ ਚੈਰੀਟੇਬਲ ਕੰਪਲੈਕਸ, ਮਾਡਲ ਹਾਊਸ ਰੋਡ,
ਬਸਤੀ ਸ਼ੇਖ, ਜਲੰਧਰ - 144002. ਫੋਨ : 0181-2430547

Website : www.sikhmissionarycollege.net
E-mail : smcludh@satyam.net.in

ਭੂਮਿਕਾ

ਪੰਦਰਾਂ ਸਾਲ ਪਹਿਲਾਂ ਅਗੱਸਤ ੧੯੮੦ ਨੂੰ 'ਸਿੱਖ ਫੁਲਵਾੜੀ' ਮਾਸਿਕ ਪੱਤਰ ਆਰੰਭ ਹੋਇਆ ਸੀ । ਸਤਿਗੁਰੂ ਤੇ ਸੰਗਤਾਂ ਦੀ ਮਿਹਰ ਸਦਕਾ ਅੱਜ ਇਹ ਪਰਚਾ ਗੁਰਮਤਿ ਦੇ ਪ੍ਰਮੁੱਖ ਪਰਚਿਆਂ ਵਿਚੋਂ ਗਿਣਿਆ ਜਾਂਦਾ ਹੈ । ਇਸਦੇ ਪਾਠਕਾਂ ਦੀ ਗਿਣਤੀ ਦਾ ਨਿਰੰਤਰ ਵਧਦੇ ਜਾਣਾ ਇਸਦੀ ਲੋਕਪ੍ਰਿਯਤਾ ਦਾ ਪ੍ਰਮਾਣ ਹੈ । ਇਸ ਲੋਕ ਪ੍ਰਿਯਤਾ ਦਾ ਕਾਰਣ ਇਸ ਵਿਚਲੀ ਸਮੱਗਰੀ ਹੈ । ਇਸ ਪਰਚੇ ਰਾਹੀਂ ਗੁਰੂ-ਸਾਹਿਬਾਨ ਦੇ ਮਹਾਨ ਸੰਦੇਸ਼ਾਂ ਨੂੰ ਆਮ ਲੋਕਾਂ ਦੀ ਬੋਲੀ ਵਿੱਚ ਪ੍ਰਚਾਰਨ ਦਾ ਯਤਨ ਕੀਤਾ ਜਾਂਦਾ ਰਿਹਾ ਹੈ । ਕੇਵਲ ਸਥਾਪਤ ਵਿਦਵਾਨਾ ਦੀ ਅਨੇਕ-ਪ੍ਰਕਾਰੀ-ਗੁਰਮਤਿ ਦਾ ਪ੍ਰਚਾਰਕ ਇਹ ਪਰਚਾ ਨਹੀਂ ਬਣਿਆ, ਸਗੋਂ ਸ਼ਬਦ-ਗੁਰੂ ਦੀ ਕਸਵੱਟੀ ਤੇ ਪਰਖੀ ਗੁਰਮਤਿ-ਵਿਚਾਰਧਾਰਾ ਨੂੰ ਪਰਚਾਰਿਆ ਗਿਆ ਹੈ; ਭਾਵੇਂ ਉਹ ਕਿਸੇ ਸਾਧਾਰਣ ਲੇਖਕ ਦੀ ਕਲਮ ਦੁਆਰਾ ਉਲੀਕੀ ਗਈ ਹੋਵੇ ।

ਹੋਰ ਕਾਲਮਾ ਦੀ ਤਰ੍ਹਾਂ "ਸਿੱਖ ਫੁਲਵਾੜੀ" ਦੀ ਲੋਕ-ਪ੍ਰਿਯਤਾ ਵਿੱਚ ਇਸਦੇ 'ਸਵਾਲ-ਜਵਾਬ' ਕਾਲਮ ਨੇ ਵਿਸ਼ੇਸ਼ ਯੋਗਦਾਨ ਪਾਇਆ ਹੈ । ਪਾਠਕਾਂ ਦੀਆਂ ਚਿਠੀਆਂ ਤੋਂ ਪਤਾ ਲਗਦਾ ਹੈ ਕਿ ਬਹੁਤੇ ਪਾਠਕ ਪਹਿਲਾਂ ਸਵਾਲ-ਜਵਾਬ ਕਾਲਮ ਨੂੰ ਹੀ ਪੜ੍ਹਦੇ ਹਨ । ਇਸ ਨਾਲ ਉਨ੍ਹਾਂ ਦੀ ਮਾਨਸਿਕ ਸੰਤੁਸ਼ਟੀ/ਤ੍ਰਿਪਤੀ ਹੁੰਦੀ ਹੈ ।

ਪਾਠਕਾਂ ਦੀ ਮੰਗ ਰਹੀ ਹੈ ਕਿ ਪਿਛਲੇ ਪਰਚਿਆਂ ਵਿੱਚ ਛਪੇ ਸਵਾਲ-ਜਵਾਬਾਂ ਨੂੰ ਕਿਤਾਬੀ ਰੂਪ ਦਿੱਤਾ ਜਾਵੇ । ਇਸ ਲਈ ਉਨ੍ਹਾਂ ਸਵਾਲਾਂ ਤੇ ਆਧਾਰਿਤ ਜੋ ਪਾਠਕਾਂ ਵਲੋਂ ਵਾਰ-ਵਾਰ ਪੁਛੇ ਜਾਂਦੇ ਰਹੇ ਹਨ, ਇਹ ਪੁਸਤਕ ਤਿਆਰ ਕੀਤੀ ਗਈ ਹੈ । ਕੇਵਲ ਕੁਝ ਚੋਣਵੇਂ ਜਾਂ ਅਜਿਹੇ ਸੁਆਲਾਂ ਨੂੰ ਹੀ ਸ਼ਾਮਿਲ ਨਹੀਂ ਕੀਤਾ ਗਿਆ ਜਿਸ ਨਾਲ ਪੁਸਤਕ ਦਾ ਮਿਆਰ 'ਉਚਾ' ਜਾਪੇ, ਸਗੋਂ ਸਾਧਾਰਣ ਤੋਂ ਸਾਧਾਰਣ ਜਗਿਆਸੂ ਦੀ ਛੋਟੀ ਤੋਂ ਛੋਟੀ ਸ਼ੰਕਾ ਦਾ ਸਮਾਧਾਨ ਕਰਨ ਦਾ ਯਤਨ ਕੀਤਾ ਗਿਆ ਹੈ ।

ਆਸ ਹੈ, ਸਿੱਖ ਮਿਸ਼ਨਰੀ ਕਾਲਜ ਦੀਆਂ ਹੋਰ ਪ੍ਰਕਾਸ਼ਨਾਵਾਂ ਦੀ ਤਰ੍ਹਾਂ ਇਹ ਪੁਸਤਕ ਵੀ ਗੁਰਮਤਿ-ਪ੍ਰਚਾਰ ਵਿੱਚ ਸਹਾਈ ਹੋਵੇਗੀ ।

ਪੁਸਤਕ ਬਾਰੇ ਪਾਠਕਾਂ ਦੇ ਸੁਝਾਵਾਂ ਦਾ ਸਵਾਗਤ ਹੈ ।

— ਸੰਪਾਦਕ

ਗੁਰਬਾਣੀ ਸੰਬੰਧੀ ਸਵਾਲ ਜਵਾਬ

1. **ਸਵਾਲ : ਸਜਣੁ ਸਚਾ ਪਾਤਿਸਾਹੁ,**
ਸਿਰਿ ਸਾਹਾਂ ਦੈ ਸਾਹੁ ।।
ਜਿਸ ਪਾਸਿ ਬਹਿਠਿਆ ਸੋਹੀਐ,
ਸਭਨਾਂ ਦਾ ਵੇਸਾਹੁ ।।
ਤੁਕਾਂ ਦਾ ਸ਼ੁਧ ਉਚਾਰਨ ਕੀ ਹੈ ?

ਜਵਾਬ : ਇਹਨਾਂ ਤੁਕਾਂ ਵਿਚ ਪਾਤਿਸ਼ਾਹ ਦਾ ਉਚਾਰਨ ਹੈ ਪਾਤਸ਼ਾਹ, ਸਾਹਾ ਦਾ ਉਚਾਰਨ ਹੈ ਸ਼ਾਹਾਂ, ਸਾਹੁ ਦਾ ਉਚਾਰਨ ਹੈ ਸ਼ਾਹ ਵੇਸਾਹੁ ਦਾ ਉਚਾਰਨ ਹੈ ਵੇਸਾਹ। ਇਹਨਾਂ ਸ਼ਬਦਾਂ ਨੂੰ ਪਾਤਸਾਹੋ ਸਾਹੋ, ਵੇਸਾਹੋ ਆਦਿ ਪੜ੍ਹਨਾ ਅਸ਼ੁਧ ਪਾਠ ਕਰਨਾ ਹੈ। ਇਹਨਾਂ ਸ਼ਬਦਾਂ ਨੂੰ ਲਗੀ ਔਂਕੜ ਇਕ ਵਚਨ ਦੀ ਲਖਾਇਕ ਹੈ ਜੋ ਅਰਥ ਕਰਨ ਵਿੱਚ ਸਹਾਇਕ ਹੁੰਦੀ ਹੈ । ਇਸ ਔਂਕੜ ਦਾ ਉਚਾਰਨ ਨਾਲ ਕੋਈ ਸੰਬੰਧ ਨਹੀਂ ।

2. **ਸਵਾਲ: ਹੁਕਮ ਰਜ਼ਾਈ ਚਲਣ ਤੋਂ ਕੀ ਭਾਵ ਹੈ ?**

ਜਵਾਬ : ਹੁਕਮ ਰਜ਼ਾਈ ਚਲਣ ਤੋਂ ਭਾਵ ਹੈ ਰੱਬ ਦਾ ਹੁਕਮ ਮੰਨਣਾ । ਉਸ ਦੇ ਸੁਭਾਅ ਨਾਲ ਆਪਣਾ ਸੁਭਾਉ ਰਲਾਉਣਾ । ਸੁਭਾਅ ਰਲਾਉਣ ਲਈ ਗੁਰੂ ਦੇ ਦਸੇ ਰਸਤੇ ਤੇ ਤੁਰ ਕੇ ਪ੍ਰਭੂ ਦੀ ਸਿਫ਼ਤ ਸਲਾਹ ਵਿੱਚ ਸੁਰਤ ਜੋੜਨੀ ਹੈ । ਇਸ ਤਰ੍ਹਾਂ ਕਰਨ ਨਾਲ ਪ੍ਰਭੂ ਦੇ ਗੁਣ ਸਾਡੇ ਹਿਰਦੇ ਅੰਦਰ ਆ ਟਿਕਣਗੇ ਤੇ ਸਾਡਾ ਸੁਭਾਅ ਪ੍ਰਭੂ ਨਾਲ ਰਲ ਸਕੇਗਾ ।

3. **ਸਵਾਲ : ਮੂਲ ਮੰਤਰ ਵਿੱਚ 'ਗੁਰ ਪ੍ਰਸਾਦਿ' ਦਾ ਸ਼ੁਧ ਉਚਾਰਨ ਕੀ ਹੈ ?**

ਜਵਾਬ : ਗੁਰ ਪ੍ਰਸਾਦਿ ਦਾ ਸ਼ੁਧ ਉਚਾਰਣ ਗੁਰ ਪ੍ਰਸਾਦ ਹੈ । 'ਪ੍ਰਸਾਦ' ਨੂੰ ਸਸੇ ਦੇ ਪੈਰੀਂ ਬਿੰਦੀ ਲਾ ਕੇ 'ਪ੍ਰਸ਼ਾਦ' ਪੜ੍ਹਨਾ ਅਸ਼ੁਧ ਪਾਠ ਕਰਨਾ ਹੈ ।

4. **ਸਵਾਲ : ਗੁਰਬਾਣੀ ਵਿੱਚ ਕਈ ਥਾਵਾਂ ਤੇ ਅਕਾਲ ਪੁਰਖ ਲਈ 'ਤੂੰ' ਸ਼ਬਦ ਦੀ ਵਰਤੋਂ ਕੀਤੀ ਗਈ ਹੈ । ਜਦੋਂ ਕਿ ਅਸੀਂ ਦੁਨਿਆਵੀ ਜੀਵ ਜੇ ਵਡਿਆਂ ਲਈ ਤੂੰ ਦੀ ਵਰਤੋਂ ਕਰੀਏ ਤਾਂ ਸ਼ੋਭਾ ਨਹੀਂ ਦਿੰਦਾ । ਐਸਾ ਕਿਉਂ ?**

ਜਵਾਬ : ਗੁਰੂ ਸਾਹਿਬ ਵਲੋਂ ਗੁਰਬਾਣੀ ਵਿੱਚ ਵਰਤਿਆ ਗਿਆ 'ਤੂੰ' ਸ਼ਬਦ ਅਕਾਲ ਪੁਰਖ ਨਾਲ ਬਹੁਤੀ ਨੇੜਤਾ ਤੇ ਪਿਆਰ ਦਾ ਪ੍ਰਤੀਕ ਹੈ । ਅਕਾਲਪੁਰਖ ਨਾਲ ਗੁਰੂ ਸਾਹਿਬ ਅਭੇਦ ਹੋਏ ਹੋਏ ਸਨ । ਗੁਰੂ ਸਾਹਿਬ ਵਲੋਂ ਅਕਾਲਪੁਰਖ ਨੂੰ ਤੂੰ ਸ਼ਬਦ ਨਾਲ ਸੰਬੋਧਨ ਕਰਨਾ ਨੇੜਤਾ, ਇਕਮਿਕਤਾ ਤੇ ਅਭੇਦਤਾ ਪ੍ਰਗਟ ਕਰਦਾ ਹੈ । ਅਕਾਲਪੁਰਖ ਤੇ ਗੁਰੂ ਦੇ ਧਾਰਮਿਕ ਮੰਡਲ ਵਿੱਚ ਦੁਨਿਆਵੀ ਪਰੰਪਰਾਵਾਂ ਨਹੀਂ ਚਲਦੀਆਂ ।

5. **ਸਵਾਲ : ਆਪਿ ਨਰਾਇਣੁ ਕਲਾ ਧਾਰਿ,**
ਜਗ ਮਹਿ ਪਰਵਰਿਯਉ ।।
ਨਿਰੰਕਾਰਿ ਆਕਾਰੁ,
ਜੋਤਿ ਜਗ ਮੰਡਲਿ ਕਰਿਯਉ ।।
ਤੁਕਾਂ ਦਾ ਕੀ ਅਰਥ ਹੈ ?

ਜਵਾਬ : ਇਹ ਤੁਕਾਂ ਭੱਟ 'ਕੀਰਤ' ਦੇ ਦੂਜੇ ਸੱਵਯੇ ਦੀਆਂ ਪਹਿਲੀਆਂ ਦੋ ਤੁੱਕਾਂ ਹਨ ਜਿਨ੍ਹਾਂ ਵਿੱਚ ਭੱਟ 'ਕੀਰਤ' ਨੇ ਗੁਰੂ ਅਮਰਦਾਸ ਜੀ ਦੀ ਉਸਤਤੀ ਕੀਤੀ ਹੈ । ਆਪ ਕਹਿੰਦੇ ਹਨ "ਗੁਰੂ ਅਮਰਦਾਸ ਜੀ ਆਪ ਹੀ ਨਰਾਇਣ ਰੂਪ ਹਨ ਜੋ ਆਪਣੀ ਸਤਾ ਰਚ ਕੇ ਜਗਤ ਵਿੱਚ ਪਰਵਿਰਤ ਹੋਇਆ ਹੈ । ਨਿਰੰਕਾਰ ਨੇ ਗੁਰੂ ਅਮਰਦਾਸ ਜੀ ਦਾ ਆਕਾਰ ਰੂਪ ਹੋ ਕੇ (ਰੂਪ ਧਾਰ ਕੇ) ਜਗਤ ਵਿੱਚ ਆਪਣੀ ਜੋਤਿ ਪ੍ਰਗਟਾਈ ਹੈ।" ਭਾਵ ਇਸ ਸੱਵਯੇ ਰਾਹੀਂ ਭੱਟ 'ਕੀਰਤ' ਨੇ ਗੁਰੂ ਅਮਰਦਾਸ ਜੀ ਦੀ ਅਕਾਲ ਪੁਰਖ ਨਾਲ ਇਕ-ਮਿਕਤਾ ਦ੍ਰਿੜ ਕਰਵਾਈ ਹੈ ।

6. **ਸਵਾਲ : ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੇ ਸਿਰਲੇਖ ਨਾਲ ਕਈ ਵਾਰੀ 'ਘਰੁ' ਸ਼ਬਦ ਲਿਖਿਆ ਹੁੰਦਾ ਹੈ । ਜਿਵੇਂ ਕਿ ਧਨਾਸਰੀ ਮਹਲਾ ੫ ਘਰੁ ੨ ।। ਇਸ 'ਘਰੁ' ਸ਼ਬਦ ਦਾ ਕੀ ਅਰਥ ਹੈ ?**

ਜਵਾਬ : ਭਾਈ ਕਾਹਨ ਸਿੰਘ ਜੀ ਨਾਭਾ ਮਹਾਨ ਕੋਸ਼ ਵਿੱਚ ਲਿਖਦੇ ਹਨ ਕਿ ਗੁਰਮਤਿ ਸੰਗੀਤ ਅਨੁਸਾਰ 'ਘਰੁ' ਦੇ ਦੋ ਅਰਥ ਹਨ, ਇਕ ਤਾਲ; ਦੂਜਾ, ਸੁਰ ਅਤੇ ਮੂਰਛਨਾ ਦੇ ਭੇਦ ਕਰਕੇ ਇਕ ਹੀ ਰਾਗ ਦੇ ਸਰਗਮ ਪ੍ਰਸਤਾਰ ਅਨੁਸਾਰ ਗਾਉਣ ਦੇ ਪ੍ਰਕਾਰ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਕ ਤੋਂ ਸਤਾਰਾਂ ਤੀਕ ਘਰੁ ਲਿਖੇ ਹਨ । ਇਸ ਤੋਂ ਗਵੱਈਏ ਨੂੰ ਸੂਚਨਾ ਹੈ ਕਿ ਇਸ ਸ਼ਬਦ ਨੂੰ ਇਸ ਰਾਗ ਦੇ ਇਤਨਵੇਂ ਨੰਬਰ ਦੇ ਸੁਰਪ੍ਰਸਤਾਰ ਅਨੁਸਾਰ ਗਾਓ । ਭਾਈ ਸਾਹਿਬ ਲਿਖਦੇ ਹਨ ਕਿ ਸ਼ੋਕ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗਾਂ ਦੇ 'ਘਰੁ' ਹੁਣ ਰਾਗੀ ਸਿੰਘ ਭੁਲਾ ਬੈਠੇ ਹਨ।

7. ਸਵਾਲ : ਰਾਮਕਲੀ ਰਾਗ ਵਿੱਚ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਦਾ ਨਾਮ ਓਅੰਕਾਰ ਹੈ ਜਾਂ ਦੱਖਣੀ ਓਅੰਕਾਰ ?

ਜਵਾਬ : ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ-੯੨੯ ਉਤੇ ਦਰਜ ਇਸ ਬਾਣੀ ਦਾ ਸਿਰਲੇਖ ਹੇਠ ਲਿਖੇ ਅਨੁਸਾਰ ਹੈ ?

"ਰਾਮਕਲੀ ਮਹਲਾ ੧ ਦਖਣੀ ਓਅੰਕਾਰ"

ਲਫਜ਼ 'ਦਖਣੀ' ਗੁਰੂ ਗ੍ਰੰਥ ਸਾਹਿਬ ਵਿੱਚ ਹੋਰ ਵੀ ਕਈ ਥਾਵਾਂ ਤੇ ਵਰਤਣ ਹੋਇਆ ਹੈ, ਜਿਵੇਂ ਗਉੜੀ ਮਹਲਾ ੧ ਦਖਣੀ, ਵਡਹੰਸ ਮਹਲਾ ੧ ਦਖਣੀ, ਬਿਲਾਵਲੁ ਮਹਲਾ ੧ ਛੰਤ ਦਖਣੀ, ਮਾਰੂ ਮਹਲਾ ੧ ਦਖਣੀ, ਪ੍ਰਭਾਤੀ ਮਹਲਾ ੧ ਦਖਣੀ । ਇਨ੍ਹਾਂ ਸਿਰਲੇਖਾਂ ਦਾ ਭਾਵ ਹੈ ਗਉੜੀ ਦਖਣੀ, ਮਹਲਾ ੧; ਵਡਹੰਸ ਦਖਣੀ, ਮਹਲਾ ੧; ਬਿਲਾਵਲੁ ਦਖਣੀ, ਮਹਲਾ ੧; ਮਾਰੂ ਦਖਣੀ, ਮਹਲਾ ੧; ਪ੍ਰਭਾਤੀ ਦਖਣੀ, ਮਹਲਾ ੧ ਅਤੇ ਰਾਮਕਲੀ ਦਖਣੀ, ਮਹਲਾ ੧ । ਇਹ ਇਸ ਤਰ੍ਹਾਂ ਹੈ ਜਿਵੇਂ ਗਉੜੀ ਮਹਲਾ ੩ ਗੁਆਰੇਰੀ ਅਤੇ ਗਉੜੀ ਗੁਆਰੇਰੀ ਮਹਲਾ ੩ ਦਾ ਇਕੋ ਹੀ ਭਾਵ ਹੈ । ਸੋ 'ਰਾਮਕਲੀ ਦਖਣੀ' ਰਾਗ ਦੀ ਇਕ ਕਿਸਮ ਹੈ ਤੇ ਬਾਣੀ ਦਾ ਨਾਮ ਹੈ 'ਓਅੰਕਾਰ'। ਇਸ ਨੂੰ ਦਖਣੀ ਓਅੰਕਾਰ ਕਹਿਣਾ ਗਲਤ ਹੈ । ਇਸ ਬਾਣੀ ਦੀ ਪਹਿਲੀ ਪਉੜੀ "ਓਅੰਕਾਰ ਬ੍ਰਹਮਾ ਉਤਪਤਿ" ਵਿੱਚ ਸ਼ਬਦ ਸਿਰਫ ਓਅੰਕਾਰਿ ਹੀ ਹੈ । ਕਿਤੇ ਵੀ ਲਫ਼ਜ਼ ਦੱਖਣੀ-ਓਅੰਕਾਰ ਨਹੀਂ ਹੈ । ਸੋ ਬਾਣੀ ਦਾ ਨਾਮ 'ਓਅੰਕਾਰ' ਹੈ ਜੋ ਬਾਣੀ ਦੇ ਵਿਚੋਂ ਹੀ ਲਿਆ ਗਿਆ ਹੈ ।

8. ਸਵਾਲ : ਕੀ ਸੁਖਮਨੀ ਸਾਹਿਬ ਦੇ ਪਾਠ ਤੋਂ ਬਾਅਦ ਥਿਤੀ ਗਉੜੀ ਮਹਲਾ ੫ ਦੇ ਸ਼ਬਦ ਪੜ੍ਹਣੇ ਜ਼ਰੂਰੀ ਹਨ ?

ਜਵਾਬ : ਸੁਖਮਨੀ ਸਾਹਿਬ ਦੀ ਬਾਣੀ ਆਪਣੇ ਆਪ ਵਿੱਚ ਇਕ ਸੰਪੂਰਨ ਬਾਣੀ ਹੈ । ਇਸ ਦਾ ਥਿਤੀ ਗਉੜੀ ਮਹਲਾ ੫ ਦੇ ਸ਼ਬਦਾਂ ਨਾਲ ਕੋਈ ਸਬੰਧ ਨਹੀਂ ਹੈ । ਕਈ ਪ੍ਰੇਮੀ ਜਨ ਸ਼ਰਧਾ ਵੱਸ ਇਨ੍ਹਾਂ ਸ਼ਬਦਾਂ ਨੂੰ ਸੁਖਮਨੀ ਸਾਹਿਬ ਤੋਂ ਬਾਅਦ ਪੜ੍ਹ ਲੈਂਦੇ ਹਨ ਪਰ ਇਹਨਾਂ ਦਾ ਸੁਖਮਨੀ ਸਾਹਿਬ ਤੋਂ ਬਾਅਦ ਪੜ੍ਹਿਆ ਜਾਣਾ ਜ਼ਰੂਰੀ ਨਹੀਂ ਹੈ ।

9. ਸਵਾਲ : ਗੁਰਬਾਣੀ ਵਿੱਚ ਆਉਂਦਾ ਹੈ "ਦਸ ਇੰਦ੍ਰੀ ਕਰਿ ਰਾਖੈ ਵਾਸਿ ।। ਤਾ ਕੈ ਆਤਮੈ ਹੋਇ ਪ੍ਰਗਾਸੁ ।।" ਦਸਣਾ ਕਿ ਦਸ ਇੰਦ੍ਰੀਆਂ ਕਿਹੜੀਆਂ ਹਨ ਤੇ ਵੱਸ ਵਿੱਚ ਰਖਣ ਦਾ ਕੀ ਭਾਵ ਹੈ ?

ਜਵਾਬ : ਸਰੀਰ ਦੇ ਪੰਜ ਗਿਆਨ ਇੰਦ੍ਰੇ ਹਨ – ਕੰਨ, ਤੁਚਾ (ਚਮੜੀ), ਨੇਤ੍ਰ, ਰਸਨਾ, ਨਾਸਿਕਾ ਅਤੇ ਪੰਜ ਕਰਮ ਇੰਦ੍ਰੇ ਹਨ-ਮੁੱਖ (ਮੂੰਹ), ਹੱਥ, ਪੈਰ, ਗੁਦਾ, ਲਿੰਗ । ਜੋ ਮਨੁੱਖ ਇਹਨਾਂ ਦਸ ਇੰਦ੍ਰੀਆਂ ਨੂੰ ਗਿਆਨ ਵਿਚਾਰ ਨਾਲ ਆਪਣੇ ਵਸ ਵਿੱਚ ਰਖਦਾ ਹੈ, ਅਰਥਾਤ ਇੰਦ੍ਰੀਆਂ ਨੂੰ ਕੁਕਰਮਾਂ ਵਿਚ ਪ੍ਰਵਿਰਤ ਨਹੀਂ ਹੋਣ ਦੇਂਦਾ, ਉਹ ਅਰੋਗਤਾ ਅਤੇ ਆਤਮ ਸੁਖ ਮਾਣਦਾ ਹੈ । ਪਰ ਜੋ ਇੰਦ੍ਰੀਆਂ ਦਾ ਗੁਲਾਮ ਹੋ ਕੇ ਜੀਵਨ ਜੀਉਂਦਾ ਹੈ ਉਹ ਸਰੀਰਕ ਤੇ ਆਤਮਿਕ ਸੁਖ ਗੁਆ ਬੈਠਦਾ ਹੈ ।

10. **ਸਵਾਲ : "ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ" ਤੁਕ ਦੇ ਕੀ ਅਰਥ ਹਨ ?**

ਜੁਆਬ : ਇਹ ਤੁਕ ਗੁਰੂ ਅਮਰਦਾਸ ਜੀ ਦੀ ਉਚਾਰਨ ਕੀਤੀ ਹੋਈ ਰਾਮਕਲੀ ਦੀ ਵਾਰ ਵਿੱਚ ਦਰਜ ਹੈ । ਇਸ ਦਾ ਅਰਥ ਹੈ ਗੁਰਮੁਖ ਬਾਬਿਆਂ ਬਜ਼ੁਰਗਾਂ ਦੀਆਂ ਸਾਖੀਆਂ (ਭਾਵ ਉਹਨਾਂ ਦੇ ਕਾਰਨਾਮਿਆਂ ਦੇ ਵੀਚਾਰ ਵਾਲੇ ਕਥਨ) ਪੁਤਾਂ ਨੂੰ ਸਪੁਤ੍ਰ ਕਰ ਦਿੰਦੀਆਂ ਹਨ ਕਿਉਂਕਿ ਉਹਨਾਂ ਨੂੰ ਸੁਣ ਕੇ ਬਜ਼ੁਰਗਾਂ ਦੇ ਪੂਰਨਿਆਂ ਪੁਰ ਚਲਣ ਦਾ ਯਤਨ ਕਰੀਦਾ ਹੈ ।

11. **ਸਵਾਲ : 'ਜਉ ਤਉ ਪ੍ਰੇਮ ਖੇਲਣ ਕਾ ਚਾਉ ॥**
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥
ਤੁਕਾਂ ਕਿਸ ਗੁਰੂ ਸਾਹਿਬ ਦੀਆਂ ਉਚਾਰਨ ਕੀਤੀਆਂ ਹੋਈਆਂ ਹਨ ।

ਜੁਆਬ : ਇਹ ਸਲੋਕ ਗੁਰੂ ਨਾਨਕ ਸਾਹਿਬ ਦਾ ਉਚਾਰਨ ਕੀਤਾ ਹੋਇਆ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ-੧੪੧੨ ਉਪਰ 'ਸਲੋਕ ਵਾਰਾਂ ਤੇ ਵਧੀਕ' ਵਿੱਚ ਦਰਜ ਹੈ । ਇਸ ਸਲੋਕ ਦੇ ਅਰਥ ਹਨ :

"ਹੇ ਭਾਈ ! ਜੇ ਤੈਨੂੰ ਪ੍ਰਭੂ-ਪ੍ਰੇਮ ਦੀ ਖੇਡ ਖੇਡਣ ਦਾ ਸ਼ੌਕ ਹੈ, ਤਾਂ ਆਪਣਾ ਸਿਰ ਤਲੀ ਉੱਤੇ ਰੱਖ ਕੇ ਮੇਰੀ ਗਲੀ ਵਿਚ ਆ, ਭਾਵ ਲੋਕ-ਲਾਜ ਛੱਡ ਕੇ ਹਉਮੈ ਦੂਰ ਕਰ ਕੇ ਆ । ਪ੍ਰਭੂ-ਪ੍ਰੀਤ ਦੇ ਇਸ ਰਸਤੇ ਉੱਤੇ ਤਦੋਂ ਹੀ ਪੈਰ ਧਰਿਆ ਜਾ ਸਕਦਾ ਹੈ ਜਦੋਂ ਸਿਰ ਭੇਟਾ ਕੀਤਾ ਜਾਏ, ਪਰ ਕੋਈ ਝਿਜਕ ਨਾ ਕੀਤੀ ਜਾਏ; ਭਾਵ ਜਦੋਂ ਬਿਨਾਂ ਕ੍ਰਿਸੇ ਝਿਜਕ ਦੇ ਲੋਕ-ਲਾਜ ਅਤੇ ਹਉਮੈ ਛਡੀ ਜਾਏ ।

12. ਸਵਾਲ : ਗੁਰਬਾਣੀ ਦਾ ਕੀਰਤਨ ਰਾਗ ਵਿੱਚ ਹੋਣਾ ਚਾਹੀਦਾ ਹੈ ਜਾਂ ਸਿਧਾ ਵੀ ਹੋ ਸਕਦਾ ਹੈ ?

ਜਵਾਬ : ਕਿਉਂਕਿ ਗੁਰਬਾਣੀ ਰਾਗਾਂ ਵਿਚ ਹੈ, ਇਸ ਲਈ ਗੁਰਬਾਣੀ ਦਾ ਕੀਰਤਨ ਵੀ ਰਾਗਾਂ ਵਿਚ ਹੀ ਹੋਣਾ ਚਾਹੀਦਾ ਹੈ । ਇਹੀ ਅਸਲ ਮਰਯਾਦਾ ਸੀ ਜੋ ਹੁਣ ਅਲੋਪ ਹੁੰਦੀ ਜਾ ਰਹੀ ਹੈ । ਹਲਕੀਆਂ ਤਰਜ਼ਾਂ, ਮਨ ਮਰਜ਼ੀ ਦੀਆਂ ਰੀਤਾਂ ਤੇ ਹਲਕੇ ਫੁਲਕੇ ਕੀਰਤਨ ਦੇ ਸਿਧੇ ਢੰਗ ਨੇ ਸਰੋਤਿਆਂ ਦਾ ਮਿਆਰ ਬਹੁਤ ਥਲੇ ਡੇਗ ਦਿੱਤਾ ਹੈ । ਗੁਣੀ ਗਿਆਨੀ ਕੀਰਤਨੀਏ ਤੇ ਚੰਗੇ ਸਰੋਤੇ ਵਿਰਲੇ ਹੀ ਰਹਿ ਗਏ ਹਨ ਜੋ ਗੁਰਮਤਿ ਅਨੁਸਾਰ ਰਾਗਾਂ ਵਿੱਚ ਕੀਤੇ ਕੀਰਤਨ ਦਾ ਅਨੰਦ ਮਾਣਦੇ ਹੋਣ । ਪਰ ਜੇ ਕਿਸੇ ਪ੍ਰੇਮੀ ਨੂੰ ਰਾਗ ਨਾ ਆਉਂਦਾ ਹੋਵੇ ਤੇ ਨਾ ਹੀ ਸਿਖਣ ਸਿਖਾਉਣ ਦਾ ਪ੍ਰਬੰਧ ਹੋਵੇ ਤਾਂ ਸਿਧੀਆਂ ਧਾਰਣਾਂ ਵਿਚ ਵੀ ਕੀਰਤਨ ਹੋ ਸਕਦਾ ਹੈ । 'ਕੀਰਤਨ' ਦਾ ਭਾਵ ਤਾਂ ਹੈ ਕਰਤੇ ਦੀ ਸਿਫਤ ਸਲਾਹ ਕਰਨੀ । ਇਹ ਜਿਵੇਂ ਵੀ ਹੋ ਸਕਦੀ ਹੋਵੇ, ਕਰਨੀ ਜ਼ਰੂਰੀ ਹੈ ।

13. ਸਵਾਲ : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਸਮੇਂ ਰਹਰਾਸਿ ਸਾਹਿਬ ਦੇ ਪਾਠ ਦਾ ਕੀ ਅਕਾਰ ਸੀ ?

ਜਵਾਬ : ਜਿਸ ਸਮੇਂ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਕੀਤੀ ਉਸ ਸਮੇਂ ਰਹਿਰਾਸ ਵਿਚ 'ਸੋ ਦੁਰ ਤੇਰਾ ਕੇਹਾ ..... ਤੋਂ ਲੈ ਕੇ .... ਤੇਰਾ ਅੰਤ ਨ ਪਾਰਾਵਰਿਆ' ਤੱਕ ਦਾ ਪਾਠ ਹੀ ਸੀ । ਮਗਰੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੇਲੇ 'ਸੋ ਪੁਰਖ ਨਿਰੰਜਨ ... ਤੋਂ ਲੈ ਕੇ ਕਹੁ ਨਾਨਕ ਹਮ ਨੀਚ ਕਰੰਮਾ ॥ ਸਰਣਿ ਪਰੇ ਕੀ ਰਾਖਹੁ ਸਰਮਾ ॥ ਤੱਕ ਦਾ ਪਾਠ ਵੀ ਰਹਿਰਾਸ ਵਿਚ ਸ਼ਾਮਿਲ ਕੀਤਾ ਗਿਆ ਸੀ ।

14. ਸਵਾਲ : ਕਈ ਲੋਕ ਰੋਟੀ ਜਾਂ ਲੰਗਰ ਛਕਣ ਸਮੇਂ ਹੇਠ ਲਿਖਿਆ ਸਲੋਕ ਪੜ੍ਹਦੇ ਹਨ, ਇਸ ਦੇ ਅਰਥ ਲਿਖਣ ਦੀ ਕ੍ਰਿਪਾ ਕਰਨੀ ਜੀ?

ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ ॥
ਨਾਨਕ ਪ੍ਰਭ ਸਰਣਾਗਤੀ ਕਰਿ ਪ੍ਰਸਾਦੁ ਗੁਰਦੇਵ ॥

ਜਵਾਬ : ਕਈ ਲੋਕ ਰੋਟੀ ਜਾਂ ਲੰਗਰ ਛਕਣ ਸਮੇਂ ਉਪਰਲਾ ਸੁਖਮਨੀ ਸਾਹਿਬ ਦਾ ਸਲੋਕ ਇਸ ਕਰਕੇ ਪੜ੍ਹਦੇ ਹਨ ਕਿਉਂਕਿ ਇਸ ਵਿੱਚ ਸ਼ਬਦ 'ਪ੍ਰਸਾਦੁ' ਲਿਖਿਆ ਹੋਇਆ ਹੈ । ਜਾਂ ਉਹ ਪ੍ਰਸਾਦੁ ਦਾ ਅਰਥ ਲੰਗਰ ਸਮਝ ਲੈਂਦੇ ਹਨ। ਪਰ ਇਸ ਦਾ ਅਰਥ ਇਹ ਨਹੀਂ, ਇਸ ਤਰ੍ਹਾਂ ਹੈ :

ਹੇ ਗੁਰਦੇਵ ! ਕਿਰਪਾ ਕਰੋ, ਜਿਸ ਕਾਰਨ ਮੇਰੇ ਵਿਚੋਂ ਕਾਮ, ਕਰੋਧ, ਲੋਭ, ਮੋਹ ਅਤੇ ਹੰਕਾਰ ਆਦਿ ਨਾਸ਼ ਹੋ ਜਾਣ । ਇਥੇ ਪ੍ਰਸਾਦ ਦਾ ਅਰਥ ਹੈ ਕਿਰਪਾ । ਅਗਲੀ ਅਸ਼ਟਪਦੀ 'ਚ ਅਰਥ ਹੋਰ ਸਪਸ਼ਟ ਹੋ ਜਾਂਦੇ ਹਨ :

ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ ।।
ਤਿਸੁ ਠਾਕੁਰ ਕਉ ਰਖੁ ਮਨ ਮਾਹਿ ।। . . . . .
ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ ।।
ਤਿਸਹਿ ਧਿਆਇ ਸਦਾ ਮਨ ਅੰਦਰਿ ।।

(ਗਉੜੀ ਸੁਖਮਨੀ, ਮ: ੫, ਪੰਨਾ-੨੬੯)

ਭਾਵ : ਹੇ ਮਨੁਖ ! ਜਿਸ ਪ੍ਰਭੂ ਦੀ ਕਿਰਪਾ ਨਾਲ ਤੂੰ ਅਨੇਕ ਪਰਕਾਰ ਦੇ (ਛਤੀਹ ਪਰਕਾਰ) ਦੇ ਭੋਜਨ ਖਾਂਦਾ ਹੈ . . . ਅਤੇ ਜਿਸ ਦੀ ਕਿਰਪਾ ਨਾਲ ਸੁਹਣੇ ਮਕਾਨਾਂ, ਹਵੇਲੀਆਂ 'ਚ ਰਹਿੰਦਾ ਹੈ, ਉਸ ਪ੍ਰਭੂ ਨੂੰ ਹਮੇਸ਼ਾ ਮਨ ਵਿੱਚ ਯਾਦ ਰੱਖ ।

ਇਸ ਤਰ੍ਹਾਂ ਪ੍ਰਸਾਦੁ ਦਾ ਅਰਥ ਸਪਸ਼ਟ ਹੋਇਆ: ਕਿਰਪਾ । ਸੋ ਇਸ ਉਪਰਲੇ ਸਲੋਕ ਦਾ ਭੋਜਨ (ਲੰਗਰ) ਛਕਣ ਸਮੇਂ ਉਚੇਚੇ ਤੌਰ ਤੇ ਪੜ੍ਹਨਾ ਗਲਤ ਅਰਥਾਂ ਵਲ ਧਿਆਨ ਲਿਜਾਣਾ ਹੈ, ਜੋ ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ ।

15. **ਸਵਾਲ : ਉਘਟੈ ਤਾਨ ਤਰੰਗ ਰੰਗ,**
ਅਤਿ ਗਯਾਨ ਗੀਤ ਬੰਧਾਨੰ ।।
ਚਕਿ ਚਕਿ ਰਹੇ ਦੇਵ ਦਾਨਵ ਮੁਨਿ,
ਛਕਿ ਛਕਿ ਬਯੋਮ ਬਿਵਾਨੰ ।। (ਰਾਗ ਰਾਮਕਲੀ ਪਾ: ੧੦)

ਇਨ੍ਹਾਂ ਪੰਗਤੀਆਂ ਵਿੱਚ ਸਹੀ ਸ਼ਬਦ ਉਘਟੈ ਹੈ ਜਾਂ ਉਘਟਤ? ਕਿਰਪਾ ਕਰਕੇ ਅਰਥ ਵੀ ਦੱਸਣੇ ਜੀ ।

ਜਵਾਬ : ਸਹੀ ਸ਼ਬਦ ਉਘਟਤ ਹੈ ਜਿਸ ਦਾ ਅਰਥ ਉਘੜਦਾ (ਉਪਜਦਾ) ਹੈ । ਇਸ ਤਰ੍ਹਾਂ ਇਨ੍ਹਾਂ ਪੰਗਤੀਆਂ ਦੇ ਅਰਥ ਇਉਂ ਬਣਦੇ ਹਨ

ਉਪਰੋਕਤ ਤਰੀਕੇ ਅਨੁਸਾਰ ਪ੍ਰਬੰਧ ਕੀਤੇ ਨਿਯਮਿਤ ਗਿਆਨ ਗੀਤ ਦੇ ਅਤਿ ਸੁੰਦਰ ਤਾਨ ਦੇ ਅਲਾਪ ਨਾਲ ਸੁੰਦਰ ਪ੍ਰੇਮਮਈ ਲਹਿਰਾਂ ਉਘੜਦੀਆਂ ਹਨ, ਜਿਸ ਗੀਤ ਨੂੰ ਸੁਣ ਕੇ ਦੇਵਤੇ, ਦੈਂਤ, ਮੁਨੀ ਜਨ ਹੈਰਾਨ ਰਹਿ ਜਾਂਦੇ ਹਨ ਅਤੇ ਅਸਮਾਨ ਵਿੱਚ ਘੁੰਮ ਰਿਹਾ ਸਾਰਾ ਬ੍ਰਹਿਮੰਡ (ਸੂਰਜ, ਚੰਦ, ਤਾਰੇ, ਪ੍ਰਿਥਵੀ) ਤੇ ਜੀਵ ਜੰਤੂ ਤ੍ਰਿਪਤ ਹੋ ਜਾਂਦੇ ਹਨ ।

ਇਨ੍ਹਾਂ ਪੰਗਤੀਆਂ ਵਿੱਚ ਆਏ ਕਠਨ ਸ਼ਬਦਾਂ ਦੇ ਅਰਥ. ਇਹ ਹਨ—

ਉਘਟਤ-ਉੱਘੜਦਾ ਹੈ । ਤਾਨ ਤਰੰਗ-ਤਾਨ ਦੀ ਲਹਿਰ, ਰਾਗ ਵਿਦਿਆ ਅਨੁਸਾਰ ਆਰੋਹੀ ਤੇ ਅਵਰੋਹੀ ਤਾਨ ਦਾ ਅਲਾਪ ।ਬੰਧਾਨ-ਨਿਯਮਿਤ ਪ੍ਰਬੰਧ । ਚਕਿ-ਚਕ੍ਰਿਤ, ਹੈਰਾਨ । ਛਕਿ-ਤ੍ਰਿਪਤ, ਸੰਤੁਸ਼ਟ । ਬਯੋਮ-ਅਕਾਸ਼, ਬਿਵਾਨੰ-ਬਿਬਾਨ, ਸਾਰਾ ਬ੍ਰਹਿਮੰਡ, ਸੂਰਜ, ਚੰਦ, ਪ੍ਰਿਥਵੀ ਆਦਿ ਜੋ ਬਿਬਾਨ ਦੀ ਤਰ੍ਹਾਂ ਅਕਾਸ਼ ਵਿੱਚ ਹਨ ।

16. ਸਵਾਲ : ਹੇਠ ਲਿਖੀ ਪੰਗਤੀ ਦੇ ਭਾਵ ਅਰਥ ਚੰਗੀ ਤਰ੍ਹਾਂ ਸਮਝਾਉ-
੧. ਨਾਭਿ ਕਮਲੁ ਅਸਥੰਭ ਨ ਹੋਤੋ...

ਜਵਾਬ : ਗੁਰੂ ਗ੍ਰੰਥ ਸਾਹਿਬ ਦੇ ਪੰਨਾ ੯੪੫ ਤੇ ਬਾਣੀ ਸਿਧ ਗੋਸਟਿ ਵਿੱਚ ਇਹ ਪੰਗਤੀਆਂ ਇਉਂ ਅੰਕਿਤ ਹਨ—

ਜਾ ਇਹੁ ਹਿਰਦਾ ਦੇਹ ਨ ਹੋਤੀ
ਤਉ ਮਨੁ ਕੈਠੈ ਰਹਤਾ ॥
ਨਾਭਿ ਕਮਲ ਅਸਥੰਭੁ ਨ ਹੋਤੋ,
ਤਾਂ ਪਵਨੁ ਕਵਨ ਘਰਿ ਸਹਤਾ
..... ਇਬ ਤਬ ਸਾਚੋ ਸਾਚਾ ॥੬੬॥
ਹਿਰਦਾ ਦੇਹ ਨ ਹੋਤੀ ਅਉਧੂ,
ਤਉ ਮਨੁ ਸੁੰਨਿ ਰਹੈ ਬੈਰਾਗੀ॥
ਨਾਭਿ ਕਮਲੁ ਅਸਥੰਭੁ ਨ ਹੋਤੋ,
ਤਾ ਨਿਜ ਘਰਿ ਬਸਤਉ ਪਵਨੁ ਅਨਰਾਗੀ॥
...... ਨਾਨਕ ਅਕਥ ਕਹਾਣੀ ॥੬੭॥

ਪਹਿਲੀ ਪਉੜੀ (ਅੰਕ ੬੬) ਵਿੱਚ ਜੋਗੀਆਂ ਦਾ ਪ੍ਰਸ਼ਨ ਹੈ ਕਿ ਜਦੋਂ ਨਾ ਇਹ ਹਿਰਦਾ ਸੀ ਨਾ ਇਹ ਸਰੀਰ ਸੀ ਤਦ ਮਨ ਕਿਥੇ ਰਹਿੰਦਾ ਸੀ ? ਜਦੋਂ ਨਾਭੀ ਦੇ ਚੱਕਰ ਦੀ ਥੰਮੀ ਨਹੀਂ ਸੀ ਤਾਂ ਪ੍ਰਾਣ (ਸੁਆਸ) ਕਿਸ ਘਰ ਵਿੱਚ ਆਸਰਾ ਲੈਂਦਾ ਸੀ ?

ਅਗਲੀ ਪਉੜੀ (ਨੰ:੬੭) ਦੇ ਆਰੰਭ ਵਿਚ ਸਤਿਗੁਰੂ ਜੀ ਨੇ ਉਪਰੋਕਤ ਸਵਾਲ ਦਾ ਜਵਾਲ ਦਿਤਾ ਹੈ । ਆਪ ਫੁਰਮਾਉਂਦੇ ਹਨ, ' ਹੇ ਯੋਗੀ ! ਜਦੋਂ ਨਾ ਹਿਰਦਾ ਸੀ, ਨਾ ਸਰੀਰ ਉਦੋਂ ਵੈਰਾਗੀ ਮਨ ਨਿਰਗੁਣ ਪ੍ਰਭੂ (ਸੁੰਨ) ਵਿਚ ਟਿਕਿਆ ਰਹਿੰਦਾ ਸੀ । ਜਦੋਂ ਨਾਭੀ-ਚੱਕਰ (ਨਾਭਿ ਕਮਲ ਰੂਪ ਥੰਮੀ (ਅਸਥੰਭਾ) ਨਹੀਂ ਸੀ, ਪ੍ਰਾਣ (ਪਵਨ) ਪ੍ਰਭੂ ਦਾ ਪ੍ਰੇਮੀ (ਅਨੁਰਾਗੀ) ਹੋ ਕੇ ਆਪਣੇ ਅਸਲ ਘਰ (ਨਿਜ ਘਰਿ) ਪ੍ਰਭੂ ਵਿਚ ਵਸਦਾ ਸੀ ।

17. ਸਵਾਲ : ਅਨਦੁ ਕਰਹੁ ਮਿਲਿ ਸੁੰਦਰ ਨਾਰੀ ॥
ਇਸ ਤੁਕ ਦੇ ਅਰਥ ਸਪਸ਼ਟ ਕਰੋ ।

ਜਵਾਬ : ਇਹ ਤੁੱਕ ਗੁਰੂ ਅਰਜਨ ਦੇਵ ਜੀ ਦੇ ਇੱਕ ਸ਼ਬਦ ਵਿਚੋਂ ਹੈ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੮੦੬ ਤੇ ਸੁਸ਼ੋਭਿਤ ਹੈ । ਇਸ ਤੁੱਕ ਵਿੱਚ ਨਾਰੀ ਦਾ ਉਚਾਰਨ ਬਿੰਦੀ ਲਾ ਕੇ ਨਾਰੀਂ ਹੋਵੇਗਾ ਅਤੇ ਇਸਦਾ ਅਰਥ ਹੈ ਗਿਆਨ ਇੰਦਰੇ। ਇਥੇ ਗਿਆਨ ਇੰਦਰਿਆਂ ਨੂੰ ਸੁੰਦਰ ਇਸ ਲਈ ਕਿਹਾ ਗਿਆ ਹੈ ਕਿਉਂਕਿ ਇਹ ਨਾਮ ਦੀ ਬਰਕਤ ਨਾਲ ਗੁਣਵਾਨ ਹੋ ਚੁਕੇ ਹਨ ।

ਗੁਰਬਾਣੀ ਦੀ ਕਿਸੇ ਇੱਕ ਜਾਂ ਅੱਧੀ ਤੁਕ ਦੇ ਅਰਥ ਸਮਝਣੇ ਹੋਣ ਤਾਂ ਉਸ ਦਾ ਸਹੀ ਢੰਗ ਇਹ ਹੈ ਕਿ ਸਾਰੇ ਸ਼ਬਦ ਦੇ ਅਰਥ ਸਮਝੇ ਜਾਣ ਕਿਉਂਕਿ ਕਈ ਤੁੱਕਾਂ ਦਾ ਸਿਧਾ ਸੰਬੰਧ ਪਿਛਲੀਆਂ ਤੁੱਕਾਂ ਨਾਲ ਅਤੇ ਕਈਆਂ ਦਾ ਸੰਬੰਧ ਅਗਲੀਆਂ ਤੁੱਕਾਂ ਨਾਲ ਹੁੰਦਾ ਹੈ । ਸੋ ਆਉ ਪਹਿਲਾਂ ਸਾਰੇ ਸ਼ਬਦ ਦਾ ਪਾਠ ਅਤੇ ਫਿਰ ਉਸਦੇ ਅਰਥ ਕਰੀਏ । ਪੂਰਾ ਸ਼ਬਦ ਇਸ ਤਰ੍ਹਾਂ ਹੈ—

ਸਾਂਤਿ ਪਾਈ ਗੁਰਿ ਸਤਿਗੁਰਿ ਪੂਰੇ ॥
ਸੁਖ ਉਪਜੇ ਬਾਜੇ ਅਨਹਦ ਤੂਰੇ ॥੧॥ ਰਹਾਉ ॥
ਤਾਪ ਪਾਪ ਸੰਤਾਪ ਬਿਨਾਸੇ ॥
ਹਰਿ ਸਿਮਰਤ ਕਿਲਵਿਖ ਸਭਿ ਨਾਸੇ ॥੧॥
ਅਨਦੁ ਕਰਹੁ ਮਿਲਿ, ਸੁੰਦਰ ਨਾਰੀ ॥
ਗੁਰਿ ਨਾਨਕਿ ਮੇਰੀ ਪੈਜ ਸਵਾਰੀ ॥੨॥

ਅਰਥ-ਹੇ ਭਾਈ ! ਪੂਰੇ ਗੁਰੂ ਨੇ, ਸਤਿਗੁਰੂ ਨੇ (ਹਰਿਨਾਮ ਦੀ ਦਾਤ ਦੇ ਕੇ ਜਿਸ ਮਨੁੱਖ ਦੇ ਹਿਰਦੇ ਵਿੱਚ) ਠੰਢ ਵਰਤਾ ਦਿੱਤੀ, ਉਸ ਦੇ ਅੰਦਰ ਸਾਰੇ ਸੁੱਖ ਪੈਦਾ ਹੋ ਗਏ । (ਮਾਨੋ, ਉਸਦੇ ਅੰਦਰ) ਇੱਕ ਰਸ ਵਾਜੇ ਵੱਜਣ ਲੱਗ ਪਏ ।੧। ਰਹਾਉ॥

(ਜਿਸ ਮਨੁੱਖ ਨੇ ਗੁਰੂ ਦੀ ਕ੍ਰਿਪਾ ਨਾਲ ਹਰਿ-ਨਾਮ ਸਿਮਰਨਾ ਸ਼ੁਰੂ ਕਰ ਦਿੱਤਾ ਉਸ ਦੇ) ਸਾਰੇ ਦੁੱਖ, ਵਿਕਾਰ, ਕਲੇਸ਼ ਦੂਰ ਹੋ ਗਏ । ਪ੍ਰਮਾਤਮਾ ਦਾ ਨਾਮ ਸਿਮਰਦਿਆਂ ਉਸ ਦੇ ਸਾਰੇ ਪਾਪ ਨਾਸ ਹੋ ਗਏ ।੧।

ਹੇ ਮੇਰੇ ਸੁਹਣੇ ਗਿਆਨ ਇੰਦਰਿਓ ! ਤੁਸੀਂ ਹੁਣ ਰਲ ਕੇ (ਸਤਿਸੰਗ ਮਨਾ ਕੇ ਆਪਣੇ ਅੰਦਰ) ਆਤਮਕ ਅਨੰਦ ਪੈਦਾ ਕਰੋ । ਗੁਰੂ ਨਾਨਕ ਨੇ (ਮੈਨੂੰ ਤਾਪ, ਪਾਪ, ਸੰਤਾਪ ਤੋਂ ਬਚਾ ਕੇ) ਮੇਰੀ ਇੱਜ਼ਤ ਰੱਖ ਲਈ ਹੈ ।੨।

18. **ਸਵਾਲ : ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਇਹਨਾਂ ਤੁਕਾਂ ਦੇ ਅਰਥ ਦੱਸੋ ਅਤੇ ਇਥੇ ਮਹਾਂ ਮਾਈ ਕਿਸ ਨੂੰ ਆਖਿਆ ਗਿਆ ਹੈ ?**

ਮਹਾ ਮਾਈ ਕੀ ਪੂਜਾ ਕਰੈ ।।
ਨਰ ਸੈ ਨਾਰ ਹੋਇ ਅਉਤਰੈ ।।

ਜਵਾਬ : ਇਹ ਤੁਕਾਂ ਰਾਗ ਗੌਂਡ ਅੰਦਰ ਪੰਨਾ ੮੭੪ ਤੇ ਦਰਜ ਸ਼ਬਦ ਵਿੱਚ ਭਗਤ ਨਾਮਦੇਵ ਜੀ ਦੀਆਂ ਉਚਾਰਣ ਕੀਤੀਆਂ ਹੋਈਆਂ ਹਨ । ਇਸ ਸ਼ਬਦ ਅੰਦਰ ਭਗਤ ਨਾਮਦੇਵ ਜੀ ਦੇਵੀ ਦੇਵਤਿਆਂ ਦੀ ਪੂਜਾ ਤੋਂ ਵਰਜਦੇ ਹੋਏ ਸਮਝਾਉਂਦੇ ਹਨ ਕਿ ਪੂਜਾ ਕਰਕੇ ਮਨੁੱਖ ਵੱਧ ਤੋਂ ਵੱਧ ਆਪਣੇ ਪੂਜਯ ਦਾ ਰੂਪ ਹੀ ਬਣ ਸਕਦਾ ਹੈ—

ਜੈਸਾ ਸੇਵੈ ਤੈਸੋ ਹੋਵੈ ।।

ਸੰਸਾਰ ਸਮੁੰਦਰ ਤੋਂ ਮੁਕਤੀ ਦਿਵਾਉਣੀ ਕਿਸੇ ਦੇਵੀ ਦੇਵਤੇ ਦੇ ਹੱਥ ਨਹੀਂ, ਇਸ ਵਾਸਤੇ ਪ੍ਰਮਾਤਮਾ ਦਾ ਨਾਮ ਹੀ ਸਿਮਰਨਾ ਚਾਹੀਦਾ ਹੈ, ਪ੍ਰਭੂ ਹੀ ਮੁਕਤੀ ਦਾਤਾ ਹੈ ।

ਇਹਨਾਂ ਤੁਕਾਂ ਦੇ ਅਰਥ ਹਨ :—

ਜੋ ਮਨੁੱਖ ਪਾਰਬਤੀ (ਮਹਾਂਮਾਈ) ਦੀ ਪੂਜਾ ਕਰਦਾ ਹੈ, ਉਹ ਅਗਲੇ ਜਨਮ ਵਿੱਚ ਮਨੁੱਖ ਤੋਂ ਇਸਤਰੀ ਹੀ ਬਣ ਕੇ ਜਨਮ ਲੈ ਸਕਦਾ ਹੈ ਕਿਉਂਕਿ ਪੂਜਾ ਕਰਨ ਵਾਲਾ ਆਪਣੇ ਪੂਜਯ ਦਾ ਹੀ ਰੂਪ ਹੋ ਸਕਦਾ ਹੈ ।

19. **ਸਵਾਲ: ਹੇਠ ਲਿਖੀ ਤੁਕ ਦੇ ਸ਼ੁੱਧ ਵਿਸ਼ਰਾਮ ਅਤੇ ਅਰਥ ਦਸੋ—**

ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ
ਸਾਰ ਨ ਜਾਣਾ ਤੇਰੀ ।।
ਸਭ ਤੇ ਵਡਾ ਸਤਿਗੁਰੁ ਨਾਨਕੁ
ਜਿਨਿ ਕਲ ਰਾਖੀ ਮੇਰੀ ।।

ਜਵਾਬ: ਇਹ ਤੁਕਾਂ ਗੁਰੂ ਅਰਜਨ ਦੇਵ ਜੀ ਦੁਆਰਾ ਉਚਾਰਣ ਕੀਤੇ ਸੂਹੀ ਰਾਗ ਦੇ ਸ਼ਬਦ ਦੀਆਂ ਹਨ, ਜੋ ਕਿ ਸ਼ੁੱਧ ਵਿਸ਼ਰਾਮ ਅਨੁਸਾਰ ਇਸ ਤਰ੍ਹਾਂ ਹਨ-

ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ,
ਸਾਰ ਨ ਜਾਣਾ ਤੇਰੀ ।।
ਸਭ ਤੇ ਵਡਾ ਸਤਿਗੁਰੁ ਨਾਨਕੁ,
ਜਿਨਿ ਕਲ ਰਾਖੀ ਮੇਰੀ ।।੪।।੧੦।।੧੭।। (ਪੰਨਾ–੭੫੦)

ਅਰਥ : ਹੇ ਮੇਰੇ ਮਾਲਕ ਪ੍ਰਭੂ ! ਮੈਂ ਵੀ ਤੇਰੀ ਬਖਸ਼ਿਸ਼ ਦੀ ਕਦਰ ਨਹੀਂ ਸਾਂ ਜਾਣਦਾ । ਤੇਰੇ ਚਰਨਾਂ ਵਿੱਚ ਸੁਰਤਿ ਟਿਕਾਉਣੀ ਵੀ ਨਹੀਂ ਸਾਂ ਜਾਣਦਾ, ਕਿਸੇ ਹੋਰ ਧਾਰਮਿਕ ਕੰਮ ਦੀ ਵੀ ਮੈਨੂੰ ਸੂਝ ਨਹੀਂ ਸੀ । ਪਰ (ਤੇਰੀ ਮੇਹਰ ਨਾਲ) ਮੈਨੂੰ ਸਭ ਤੋਂ ਵੱਡਾ ਗੁਰੂ ਨਾਨਕ ਮਿਲ ਪਿਆ, ਜਿਸ ਨੇ ਮੇਰੀ ਲਾਜ ਰੱਖ ਲਈ (ਤੇ ਤੇਰੇ ਚਰਨਾਂ ਵਿੱਚ ਜੋੜ ਦਿੱਤਾ) ।੪।।੧੦।। ੫੭।।

20. ਸਵਾਲ : ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਹੇਠ ਲਿਖੇ ਸ਼ਬਦਾਂ ਬਾਰੇ ਦੱਸਣਾ ਕਿ ਇਹਨਾਂ ਦਾ ਉਚਾਰਣ ਹੋਣਾ ਹੈ ਜਾਂ ਨਹੀਂ, ? ਜੇ ਹੋਣਾ ਹੈ ਤਾਂ ਉਚਾਰਣ ਕਿਵੇਂ ਕਰੀਏ ?

(੧) ਸੁਧੁ ਅਤੇ ਸੁਧ ਕੀਚੇ । (ਕੁਝ ਵਾਰਾਂ ਦੀ ਸਮਾਪਤੀ ਤੇ)
(੨) ਸਤ ਚਉਪਦੇ ਮਹਲੇ ਚਉਥੇ ਕੇ (ਪੰਨਾ–੯੬)
(੩) ਏਹੁ ਸਲੋਕੁ ਆਦਿ ਅੰਤਿ ਪੜਨਾ (ਪੰਨਾ–੨੬੨)
(੪) ਜੁਮਲਾ (ਪੰਨਾ–੨੪੨)
(੫) ਗਉੜੀ ਗੁਆਰੇਰੀ ਕੇ ਪਦੇ ਪੈਂਤੀਸ (ਪੰਨਾ–੩੩੦)
(੬) ਛਕੇ ੨।।, ਛਕੇ ੩।।, ਛਕਾ ੨।। (ਪੰਨਾ–੫੩੦, ੫੩੧, ੯੮੩)
(੭) ਰਾਗ ਆਸਾਵਰੀ ਘਰ ੧੬ ਕੇ ੨ ਮਹਲਾ ੪ ਸੁਧੰਗ
(੮) ਆਸਾ ਸ੍ਰੀ ਕਬੀਰ ਜੀਉ ਕੇ ਤਿਪਦੇ ੮, ਦੁਤੁਕੇ ੭, ਇਕ ਤੁਕਾ ੧ (ਪੰਨਾ– ੪੮੧)
(੯) ਵਡਹੰਸ ਮਹਲਾ ੩ ਮਹਲਾ ਤੀਜਾ (ਪੰਨਾ ੫੮੨)
(੧੦) ਸੋਰਠਿ ਮਹਲਾ ੪ ਚਉਥਾ (ਪੰਨਾ ੬੦੪)

ਜਵਾਬ : ਲੜੀ ਨੰਬਰ ੧ ਤੋਂ ੬ ਤੱਕ ਦੇ ਸ਼ਬਦ ਉਚਾਰਨ ਨਾਲ ਸੰਬੰਧ ਨਹੀਂ ਰੱਖਦੇ, ਜੋ ਸ਼ਬਦ ਕਿਸੇ ਸ਼ਬਦ ਜਾਂ ਬਾਣੀ ਦੇ ਅੰਕਾਂ ਦੇ ਜੋੜ ਤੋਂ ਬਾਦ (ਅਤੇ ਅਗਲੇ ਸ਼ਬਦ ਦੇ ਸ਼ੁਰੂ ਹੋਣ ਤੋਂ ਪਹਿਲਾਂ) ਲਿਖੇ ਹੁੰਦੇ ਹਨ, ਉਹ ਕੇਵਲ ਸੰਪਾਦਕੀ ਸੂਚਨਾਵਾਂ ਹਨ । ਜਿਨ੍ਹਾਂ ਦਾ ਉਚਾਰਨ ਨਹੀਂ ਕੀਤਾ ਜਾਣਾ ਚਾਹੀਦਾ ।

ਲੜੀ ਨੰਬਰ ੭ ਤੋਂ ੧੦ ਤਕ ਸ਼ਬਦਾਂ ਦੇ ਸਿਰਲੇਖ ਵਜੋਂ ਆਏ ਹਨ, ਜਿਨ੍ਹਾਂ ਦਾ ਉਚਾਰਨ ਹੇਠ ਲਿਖੇ ਅਨੁਸਾਰ ਹੋਵੇਗਾ-

(੭) ਰਾਗ ਆਸਾਵਰੀ ਘਰ ਸੋਲਵਾਂ ਕੇ ਦੋ ਮਹਲਾ ਚਉਥਾ ਸੁਧੰਗ
(੮) ਆਸਾ ਸ੍ਰੀ ਕਬੀਰ ਜੀਉ ਕੇ, ਤਿਪਦੇ ਅੱਠ, ਦੁਤੁਕੇ ਸਤ ਇਕ ਤੁਕਾ ਇਕ।
(੯) ਵਡਹੰਸ ਮਹਲਾ ਤੀਜਾ ।
(੧੦) ਸੋਰਠਿ ਮਹਲਾ ਚਉਥਾ

ਲੜੀ ਨੰਬਰ ੯ ਤੇ ੧੦ ਵਿੱਚ ਦੋ ਵਾਰ ਲਿਖਣ ਦਾ ਮਤਲਬ ਇਸ ਸਿਰਲੇਖ ਨੂੰ ਪੜ੍ਹਨ ਲਈ ਇਸ਼ਾਰੇ ਮਾਤਰ ਹਦਾਇਤ ਹੈ ਕਿ ਇਵੇਂ ਪੜ੍ਹੋਂ ।

21. ਸਵਾਲ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੧੧੩੬ ਉਤੇ ਇੱਕ ਸ਼ਬਦ ਹੈ— ਵਰਤ ਨ ਰਹਉ ਨ ਮਹ ਰਮਦਾਨਾ ।।

ਅਖੀਰਲੀ ਤੁੱਕ ਵਿੱਚ ਭਗਤ ਕਬੀਰ ਜੀ ਦਾ ਨਾਮ ਆਇਆ ਹੈ ਪਰ ਇਸਦਾ ਸਿਰਲੇਖ 'ਭੈਰਉ ਮਹਲਾ ੫' ਹੈ। ਕ੍ਰਿਪਾ ਕਰਕੇ ਇਸ ਨੂੰ ਸਪਸ਼ਟ ਕਰਨਾ ਕਿ ਇਹ ਸ਼ਬਦ ਕਿਸਦਾ ਲਿਖਿਆ ਹੋਇਆ ਹੈ ?

ਜਵਾਬ : "ਭੈਰਉ ਮਹਲਾ ੫" ਸਿਰਲੇਖ ਤੋਂ ਇਹ ਸਪਸ਼ਟ ਹੈ ਕਿ ਇਹ ਸ਼ਬਦ ਗੁਰੂ ਅਰਜਨ ਦੇਵ ਜੀ ਦਾ ਹੀ ਉਚਾਰਨ ਕੀਤਾ ਹੋਇਆ ਹੈ, ਪਰ ਅਖੀਰ ਵਿੱਚ ਲਫ਼ਜ਼ ਨਾਨਕ ਦੀ ਥਾਂ ਕਬੀਰ ਲਿਖਣ ਦਾ ਭਾਵ ਹੈ ਕਿ ਇਹ ਸ਼ਬਦ ਕਬੀਰ ਜੀ ਦੇ ਕਿਸੇ ਸ਼ਬਦ ਦੀ ਵਿਆਖਿਆ ਕਰਨ ਲਈ ਲਿਖਿਆ ਹੈ ।

ਇਸੇ ਰਾਗ ਵਿੱਚ ਪੰਨਾ ੧੧੫੮ ਉਤੇ ਭਗਤ ਕਬੀਰ ਜੀ ਦਾ ਸ਼ਬਦ ਹੈ-

ਉਲਟਿ, ਜਾਤਿ ਕੁਲ ਦੋਊ ਬਿਸਾਰੀ।।

ਇਸ ਸ਼ਬਦ ਦੀਆਂ ਹੇਠ ਲਿਖੀਆਂ ਤੁਕਾਂ ਵੇਖੋ—

ਹਮਰਾ ਝਗਰਾ ਰਹਾ ਨ ਕੋਊ।।

ਪੰਡਿਤ ਮੁਲਾਂ ਛਾਡੇ ਦੋਊ।।

ਇਥੇ ਭਗਤ ਕਬੀਰ ਜੀ ਨੇ ਪੰਡਿਤਾਂ ਦੇ ਦੱਸੇ ਕਰਮ ਕਾਂਡਾਂ ਅਤੇ ਮੌਲਵੀਆਂ ਦੀ ਦੱਸੀ ਸ਼ਰਹ ਦਾ ਜ਼ਿਕਰ ਕੀਤਾ ਹੈ । ਪਰ ਇਥੇ ਗੱਲ ਰਮਜ਼ ਨਾਲ ਕਹੀ ਗਈ ਹੈ । ਇਸ ਲਈ ਇਸ ਸ਼ਬਦ ਦੀ ਖੁਲ੍ਹੀ ਵਿਆਖਿਆ ਗੁਰੂ ਸਾਹਿਬ ਨੇ ਉਪਰੋਕਤ ਸ਼ਬਦ ਵਿੱਚ ਕਰ ਦਿੱਤੀ ਹੈ ।

22. ਸਵਾਲ : ਹੇਠ ਲਿਖੀ ਤੁਕ ਦਾ ਅਰਥ ਦੱਸੋ?

ਅਚਰੁ ਚਰੈ ਤਾ ਸਿਧਿ ਹੋਈ, ਸਿਧੀ ਤੇ ਬੁਧਿ ਪਾਈ ।।

(ਸੋਰਠਿ, ਮ: ੪, ਪੰਚਪਦਾ, ਪੰਨਾ-੬੦੭)

ਜਵਾਬ : ਸ਼ਬਦ ਦਾ ਭਾਵ ਅਰਥ ਸਮਝਣ ਵਾਸਤੇ ਪਹਿਲੋਂ ਸ਼ਬਦ ਵਿਚਲੀ 'ਰਹਾਉ' ਵਾਲੀ ਤੁਕ ਨੂੰ ਸਮਝਣਾ ਚਾਹੀਦਾ ਹੈ । ਜਦੋਂ ਕੇਂਦਰੀ ਭਾਵ ਦਰਸਾਉਣ ਵਾਲੀ ਰਹਾਉ ਦੀ ਤੁਕ ਦੇ ਭਾਵ-ਅਰਥ ਸਮਝ ਵਿੱਚ ਆ ਜਾਣ ਤਾਂ ਬਾਕੀ ਸ਼ਬਦ ਦੇ ਅਰਥ ਸਮਝਣੇ ਬਹੁਤ ਸੌਖੇ ਹੋ ਜਾਂਦੇ ਹਨ । ਆਓ ਪਹਿਲਾਂ ਰਹਾਉ ਵਾਲੀ ਤੁਕ ਨੂੰ ਵਿਚਾਰ ਲਈਏ ਜਿਹੜੀ ਇਉਂ ਹੈ :-

ਮੇਰੇ ਗੋਬਿਦ, ਅਪੁਨੇ ਜਨ ਕਉ, ਦੇਹਿ ਵਡਿਆਈ ।।

ਗੁਰਮਤਿ ਰਾਮ ਨਾਮੁ ਪਰਗਾਸਹੁ,
ਸਦਾ ਰਹਹੁ ਸਰਣਾਈ ।। ਰਹਾਉ ।।

ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਕਹਿੰਦੇ ਹਨ ਕਿ ਹੇ ਮੇਰੇ ਗੋਬਿੰਦ ! ਆਪਣੇ ਦਾਸ ਨੂੰ ਇਹ ਇੱਜ਼ਤ (ਵਡਿਆਈ) ਬਖਸ਼ (ਕਿ) ਗੁਰੂ ਦੀ ਮਤਿ ਰਾਹੀਂ ਮੇਰੇ ਅੰਦਰ ਆਪਣਾ ਨਾਮ ਪ੍ਰਕਾਸ਼ (ਪ੍ਰਗਟ) ਕਰ ਦੇਹ ਅਤੇ ਮੈਨੂੰ ਸਦਾ ਆਪਣੀ ਸ਼ਰਨ ਵਿੱਚ ਰੱਖ । ਸਤਿਗੁਰੂ ਜੀ ਨਾਮ ਦੇ ਪ੍ਰਕਾਸ਼ ਅਤੇ ਸ਼ਰਨ ਵਿੱਚ ਰਹਿਣ ਦੀ ਜਾਚਨਾ ਕਰਦੇ ਹਨ ।

ਆਉ ਹੁਣ ਸਵਾਲ ਵਾਲੀ ਤੁਕ ਨੂੰ ਵੀਚਾਰੀਏ ਜਿਹੜੀ ਇਉਂ ਹੈ:

ਅਚਰੁ ਚਰੈ ਤਾ ਸਿਧਿ ਹੋਈ,
ਸਿਧੀ ਤੇ ਬੁਧਿ ਪਾਈ ।।
ਪ੍ਰੇਮ ਕੇ ਸਰ ਲਾਗੇ ਤਨ ਭੀਤਰਿ,
ਤਾ ਭ੍ਰਮੁ ਕਾਟਿਆ ਜਾਈ ।। ੧ ।।

ਪਦ ਅਰਥ : ਅਚਰੁ-ਨਾ ਜਿੱਤਿਆ ਜਾਣ ਵਾਲਾ ਮਨ । ਚਰੈ-ਜਿੱਤ ਲੈਂਦਾ ਹੈ । ਸਿਧਿ ਸਫ਼ਲਤਾ । ਭ੍ਰਮ-ਮਨ ਦੀ ਭਟਕਣਾ ।

ਅਰਥ : ਗੁਰੂ ਦੀ ਸ਼ਰਨ ਪੈ ਕੇ ਜਦੋਂ ਮਨੁੱਖ ਅਜਿੱਤ ਮਨ ਨੂੰ ਜਿੱਤ ਲੈਂਦਾ ਹੈ ਤਾਂ ਇਸਨੂੰ ਜੀਵਨ-ਸੰਗ੍ਰਾਮ ਵਿੱਚ ਸਫ਼ਲਤਾ ਮਿਲ ਜਾਂਦੀ ਹੈ । ਇਸ ਸਫ਼ਲਤਾ (ਕਾਮਯਾਬੀ) ਤੋਂ ਮਨੁੱਖ ਨੂੰ ਇਹ ਅਕਲ ਆ ਜਾਂਦੀ ਹੈ ਕਿ ਜਦੋਂ ਪ੍ਰਭੂ ਦੀ ਪ੍ਰੀਤ ਦੇ ਤੀਰ ਇਸਦੇ ਹਿਰਦੇ ਵਿੱਚ ਖੁੱਭ ਜਾਂਦੇ ਹਨ ਤਾਂ ਇਸਦੇ ਮਨ ਦੀ ਭਟਕਣਾ ਸਦਾ ਲਈ ਕੱਟੀ ਜਾਂਦੀ ਹੈ ।

23. ਸਵਾਲ : ਗੁਰਬਾਣੀ ਫੁਰਮਾਨ "ਗੁਰੁ ਪਰਮੇਸਰੁ ਏਕੋ ਜਾਣੁ ।।" ਤੇ "ਜੋ ਹਮ ਕੋ ਪ੍ਰਮੇਸਰ ਉਚਰ ਹੈਂ, ਤੇ ਸਭਿ ਨਰਕ ਕੁੰਡ ਮੈ ਪਰ ਹੈਂ ।।" ਦੀ ਵਿਚਾਰ ਕਰਨ ਤੇ ਆਪਾ ਵਿਰੋਧੀ ਭਾਸਦੇ ਹਨ । ਸਪਸ਼ਟ ਕਰੋ?

ਜਵਾਬ : ਗੁਰਮਤਿ ਸਿਧਾਂਤਾਂ ਅਨੁਸਾਰ ਇੱਕ ਗੱਲ ਸਪਸ਼ਟ ਹੈ ਕਿ ਗੁਰੂ ਸਾਹਿਬਾਨ ਨੇ ਆਪਣੇ ਸਰੀਰ ਨੂੰ ਨਹੀਂ, ਸਗੋਂ ਸ਼ਬਦ ਨੂੰ ਹੀ ਗੁਰੂ ਸਵੀਕਾਰ ਕੀਤਾ ਹੈ । (ਸਬਦ ਗੁਰੂ ਸੁਰਤਿ ਧੁਨਿ ਚੇਲਾ)। ਗੁਰਬਾਣੀ ਦੀ ਤੁਕ " **ਪੋਥੀ ਪਰਮੇਸਰ ਕਾ ਥਾਨੁ** ।।" ਤੋਂ ਭਾਵ ਵੀ ਇਹੀ ਹੈ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਪ੍ਰਮਾਤਮਾ ਦੇ ਹੁਕਮ ਰੂਪੀ ਸ਼ਬਦ ਹੀ ਲਿਖੇ ਹੋਏ ਹਨ । ਭਾਵ ਕਿ ਸ਼ਬਦ ਨੂੰ ਹੀ ਪ੍ਰਮੁੱਖਤਾ ਹੈ । ਇਤਿਹਾਸਕ ਹਵਾਲੇ ਵੀ ਇਹ ਗੱਲ ਸਪੱਸ਼ਟ ਕਰਦੇ ਹਨ ਕਿ ਗੁਰੂ ਸਾਹਿਬਾਨ ਨੇ ਆਪਣੇ ਸਰੀਰ ਨਾਲੋਂ ਸ਼ਬਦ ਨੂੰ ਮਹੱਤਤਾ ਦਿੱਤੀ । "**ਗੁਰੁ ਪਰਮੇਸਰੁ ਏਕੋ ਜਾਣੁ**" ਤੁਕ ਵਿੱਚ ਦੱਸਿਆ ਹੈ ਕਿ ਪ੍ਰਮਾਤਮਾ ਤੇ

ਗੁਰੂ ਇੱਕ ਰੂਪ ਹਨ, ਕਿਉਂਕਿ ਗੁਰੂ ਬੰਦਗੀ/ਬਖਸ਼ਿਸ਼ ਦੁਆਰਾ ਉਸ ਦਾ ਹੀ ਰੂਪ ਬਣ ਜਾਂਦਾ ਹੈ । ਪ੍ਰਮਾਤਮਾ ਦਾ ਰੂਪ ਬਣਨਾ ਹੋਰ ਗੱਲ ਹੈ, ਆਪਣੇ ਆਪ ਨੂੰ ਪ੍ਰਮਾਤਮਾ ਅਖਵਾਉਣਾ ਹੋਰ ਗੱਲ ਹੈ । "ਜੋ ਹਮਕੋ ਪ੍ਰਮੇਸਰ ਉਚਰ ਹੈਂ. . ." ਤੁਕਾਂ ਬਚਿਤ੍ਰ ਨਾਟਕ ਵਿੱਚ ਦਰਜ ਹਨ । ਇਹਨਾਂ ਤੁਕਾਂ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਰੀਰ ਨੂੰ ਪ੍ਰਮਾਤਮਾ ਆਖਣ ਵਾਲੇ ਪਾਸੇ ਤੋਂ ਮਨ੍ਹਾਂ ਕੀਤਾ ਹੈ, ਕਿਉਂਕਿ ਗੁਰਬਾਣੀ ਫ਼ੁਰਮਾਨ ਹੈ ਕਿ "**ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ** ।।" ਗੁਰੂ ਸਾਹਿਬ ਦੇ ਕਹਿਣ ਤੋਂ ਭਾਵ ਵੀ ਇਹੀ ਹੈ ਕਿ ਸਰੀਰ ਪ੍ਰਮਾਤਮਾ ਨਹੀਂ ਹੋ ਸਕਦਾ, ਜਿਵੇਂ ਅਵਤਾਰੀ ਪੁਰਸ਼ ਆਪਣੇ ਆਪ ਨੂੰ ਪ੍ਰਮਾਤਮਾ ਅਖਵਾਉਂਦੇ ਹਨ । ਸ਼ਬਦ ਹੀ ਗੁਰੂ ਹੈ । ਗੁਰਮਤਿ ਵਿੱਚ ਸਰੀਰਾਂ ਦੀ ਪੂਜਾ ਨਹੀਂ, ਸ਼ਬਦ ਦੀ ਕਮਾਈ ਹੀ ਸ੍ਰੇਸ਼ਟ ਹੈ ।

24. ਸਵਾਲ : ਮੂਲਮੰਤ੍ਰ ਵਿੱਚ ਗੁਰੂ ਨਾਨਕ ਸਾਹਿਬ ਨੇ 'ਗੁਰ ਪ੍ਰਸਾਦਿ" ਲਿਖਿਆ ਹੈ; ਇਥੇ ਕਿਸ ਗੁਰੂ ਵਲ ਇਸ਼ਾਰਾ ਹੈ ?

ਜਵਾਬ : ਗੁਰੂ ਨਾਨਕ ਸਾਹਿਬ ਦਾ ਗੁਰੂ ਅਕਾਲ ਪੁਰਖ ਸੀ ਤੇ ਅਕਾਲ ਪੁਰਖ ਦੀ ਸ਼ਬਦ ਰੂਪੀ ਜੋਤਿ ਹੀ ਸਭ ਗੁਰੂ ਸਾਹਿਬਾਨ ਅੰਦਰ ਮੌਜੂਦ ਸੀ ਤੇ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਮੌਜੂਦ ਹੈ । ਗੁਰਪ੍ਰਸਾਦਿ ਵਿੱਚ "ਸ਼ਬਦ ਗੁਰੂ" ਵਲ ਹੀ ਇਸ਼ਾਰਾ ਹੈ ।

25. ਸਵਾਲ : 'ਭਗਤ ਤੇਰੈ ਮਨਿ ਭਾਵਦੇ' ਤੁਕ ਦਾ ਅਰਥ ਕੀ ਹੈ ?

ਜਵਾਬ : ਅਰਥ ਹੈ: ਹੇ ਵਾਹਿਗੁਰੂ, ਭਗਤ ਜਨ ਤੇਰੇ ਮਨ ਨੂੰ ਚੰਗੇ ਲਗਦੇ ਹਨ । ਇਥੇ ਅਰਥ ਤੇਰੇ ਭਗਤ, ਮਨ ਨੂੰ ਚੰਗੇ ਲਗਦੇ ਹਨ ਨਹੀਂ ਕੀਤਾ ਜਾ ਸਕਦਾ ਕਿਉਂਕਿ ਗੁਰਬਾਣੀ ਵਿਆਕਰਣ ਅਨੁਸਾਰ "ਤੇਰੈ" ਦਾ ਸੰਬੰਧ ਮਨਿ ਨਾਲ ਹੈ ਭਗਤ ਨਾਲ ਨਹੀਂ । ਬਿਸਰਾਮ ਭਗਤ ਤੋਂ ਬਾਅਦ ਹੈ ਤੇਰੈ ਤੋਂ ਬਾਅਦ ਨਹੀਂ ।

26. ਸਵਾਲ : ਕੀ ਪ੍ਰਮਾਤਮਾ ਅਗੇ ਕਿਸੇ ਪ੍ਰਾਪਤੀ ਵਾਸਤੇ ਅਰਦਾਸ ਕਰਨੀ ਜਾਇਜ਼ ਹੈ, ਜਦ ਕਿ ਆਸਾ ਕੀ ਵਾਰ ਵਿੱਚ ਪਾਤਸ਼ਾਹ ਨੇ ਕਿਹਾ ਹੈ ਕਿ ਉਹ ਕੀ ਦਾਤ ਹੋਈ ਜੋ ਪ੍ਰਮਾਤਮਾ ਤੋਂ ਮੰਗ ਕੇ ਲਈ ਜਾਵੇ ?

ਜਵਾਬ : ਬੱਚਿਆਂ ਨੂੰ ਪਤਾ ਹੀ ਨਹੀਂ ਹੁੰਦਾ ਕਿ ਉਹਨਾਂ ਦੇ ਮਾਪੇ ਉਨ੍ਹਾਂ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਹਰ ਪ੍ਰਕਾਰ ਦੀਆਂ ਚੀਜ਼ਾਂ ਵਸਤਾਂ ਦਾ ਪ੍ਰਬੰਧ ਕਰਕੇ ਰੱਖਦੇ ਹਨ । ਇਉਂ ਹੀ ਸਾਡਾ ਪਿਤਾ ਪ੍ਰਮਾਤਮਾ ਸਾਡੇ ਵਾਸਤੇ ਹਰ ਚੀਜ਼ ਦਾ ਪ੍ਰਬੰਧ ਕਰਕੇ ਰੱਖਦਾ ਹੈ । ਬੱਚੇ ਆਪਣੇ ਮਾਪਿਆਂ ਕੋਲੋਂ ਜਿਹੜੀ ਜਾਇਜ਼ ਚੀਜ਼

ਮੰਗਦੇ ਹਨ ਉਹ ਉਨ੍ਹਾਂ ਨੂੰ ਮਿਲ ਜਾਂਦੀ ਹੈ, ਨਾਜਾਇਜ਼ ਮੰਗ ਨਹੀਂ ਮੰਨੀ ਜਾਂਦੀ। ਬੱਚਿਆਂ ਨੂੰ ਨਾ ਪਤਾ ਹੋਣ ਕਾਰਨ ਉਹ ਆਪਣੇ ਮਾਪਿਆਂ ਕੋਲੋਂ ਫਰਿਆਦਾਂ ਪਾਉਂਦੇ ਹੀ ਰਹਿੰਦੇ ਹਨ । ਜਿਉਂ-ਜਿਉਂ ਉਹ ਵਡੇ ਹੁੰਦੇ ਜਾਂਦੇ ਹਨ, ਉਹਨਾਂ ਨੂੰ ਸਮਝ ਆਉਂਦੀ ਜਾਂਦੀ ਹੈ ਕਿ ਉਨ੍ਹਾਂ ਦਾ ਬਾਪੂ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕਰ ਦੇਵੇਗਾ, ਉਹਨਾਂ ਦਾ ਰੌਲਾ ਰੱਪਾ ਘਟਦਾ ਜਾਏਗਾ ਅਤੇ ਬੇਲੋੜਾ ਸ਼ੋਰ ਸ਼ਰਾਬਾ ਬੰਦ ਹੋ ਜਾਵੇਗਾ । ਇਉਂ ਹੀ ਸਾਡਾ ਸੰਬੰਧ ਪ੍ਰਮਾਤਮਾ ਨਾਲ ਹੈ । ਅਸੀਂ ਬੇਸਬਰੇ ਹੋ ਕੇ ਹੀ ਰੌਲਾ ਪਾਉਂਦੇ ਹਾਂ ਪਰ ਸਾਡਾ ਪਿਤਾ ਪ੍ਰਮਾਤਮਾ ਸਾਡੀਆਂ ਸਾਰੀਆਂ ਜਾਇਜ਼ ਮੰਗਾਂ ਮੰਨਦਾ ਹੈ ਅਤੇ ਬਿਨਾਂ ਪੁੱਛੇ ਸਾਡੇ ਨਿਰਬਾਹ ਦਾ ਪ੍ਰਬੰਧ ਕਰਦਾ ਹੈ । ਸਾਨੂੰ ਸੰਤੋਖੀ (ਸਬਰ ਵਾਲੇ) ਬਣਨਾ ਚਾਹੀਦਾ ਹੈ ਅਤੇ ਹਾਏ ਤੋਬਾ ਨਹੀਂ ਮਚਾਉਣੀ ਚਾਹੀਦੀ ।

ਵਿਣੁ ਬੋਲਿਆ ਸਭੁ ਕਿਛੁ ਜਾਣਦਾ,
ਕਿਸੁ ਆਗੈ ਕੀਚੈ ਅਰਦਾਸਿ। (ਸਲੋਕ ਮ: ੩, ਪੰਨਾ-੧੪੨੦)

27. ਸਵਾਲ : "ਹਉਮੈ ਦੀਰਘ ਰੋਗੁ ਹੈ, ਦਾਰੂ ਭੀ ਇਸੁ ਮਾਹਿ"
ਇਸ ਤੁਕ ਦੇ ਅਰਥ ਦੱਸੋ?

ਜਵਾਬ: ਇਹ ਤੁੱਕ "ਆਸਾ ਕੀ ਵਾਰ" ਦੀ ਸੱਤਵੀਂ ਪਉੜੀ ਨਾਲ ਦਿੱਤੇ ਗੁਰੂ ਅੰਗਦ ਦੇਵ ਜੀ ਦੇ ਸਲੋਕ ਵਿੱਚੋਂ ਹੈ । ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਹਉਮੈ (ਹੰਕਾਰ) ਲੰਮੀ ਦੇਰ ਰਹਿਣ ਵਾਲਾ ਅਰਥਾਤ ਵੱਡਾ ਰੋਗ ਹੈ ਪਰ ਇਸ ਰੋਗ ਦਾ ਇਲਾਜ ਵੀ ਹੈ । ਇਸ ਦਾ ਇਲਾਜ ਅਗਲੀਆਂ ਤੁਕਾਂ ਵਿੱਚ ਦੱਸਿਆ ਗਿਆ ਹੈ, ਜੋ ਇਉਂ ਹਨ—

ਕਿਰਪਾ ਕਰੇ ਜੇ ਆਪਣੀ,
ਤਾ ਗੁਰ ਕਾ ਸਬਦੁ ਕਮਾਹਿ ।।
ਨਾਨਕੁ ਕਹੈ ਸੁਣਹੁ ਜਨਹੁ,
ਇਤੁ ਸੰਜਮਿ ਦੁਖ ਜਾਹਿ ।।

ਭਾਵ ਜੇ ਵਾਹਿਗੁਰੂ ਆਪਣੀ ਕਿਰਪਾ ਕਰੇ ਤਾਂ ਮਨੁੱਖ ਗੁਰੂ ਦੇ ਸ਼ਬਦ ਨੂੰ ਕਮਾਉਣ ਲੱਗ ਜਾਂਦਾ ਹੈ ਭਾਵ ਗੁਰੂ ਦੇ ਉਪਦੇਸ਼ ਤੇ ਚਲਦਾ ਹੋਇਆ "ਨਾਮ" ਜਪਣ ਲੱਗ ਜਾਂਦਾ ਹੈ । ਗੁਰੂ ਅੰਗਦ ਦੇਵ ਜੀ ਕਹਿੰਦੇ ਹਨ ਕਿ ਹੇ ਲੋਕੋ ਸੁਣੋ! ਗੁਰੂ ਦਾ ਉਪਦੇਸ਼ ਕਮਾਉਣ (ਨਾਮ ਜਪਣ) ਦੀ ਜੁਗਤੀ ਨਾਲ ਹਉਮੈ ਦਾ ਦੁੱਖ ਦੂਰ ਹੋ ਜਾਂਦਾ ਹੈ ।

ਗੁਰੂ ਨਾਨਕ ਦੇਵ ਜੀ ਨੇ ਇਸ ਭਾਵ ਨੂੰ ਇਉਂ ਬਿਆਨ ਕੀਤਾ ਹੈ—

ਜਾ ਹਰਿ ਪ੍ਰਭਿ ਕਿਰਪਾ ਧਾਰੀ ।।

ਤਾ ਹਉਮੈ ਵਿਚਹੁ ਮਾਰੀ ।। (ਪੰਨਾ-੮੭੯)

ਭਾਵ ਜਦੋਂ ਪ੍ਰਭੂ ਨੇ ਆਪ ਕਿਸੇ ਜੀਵ ਤੇ ਕਿਰਪਾ ਕੀਤੀ ਤਦੋਂ ਹੀ ਜੀਵ ਨੇ ਆਪਣੇ ਅੰਦਰੋਂ ਹਉਮੈ ਦੂਰ ਕੀਤੀ । ਪ੍ਰਭੂ ਦੀ ਕਿਰਪਾ ਸਦਕਾ ਸੱਚੇ ਗੁਰੂ ਨਾਲ ਮੇਲ ਹੋਇਆ, ਜਿਸ ਤੋਂ ਅੰਮ੍ਰਿਤ ਨਾਮ ਦੀ ਦਾਤ ਪ੍ਰਾਪਤ ਹੋਈ, ਜਿਸ ਨੂੰ ਜਪ ਕੇ ਹਉਮੈ ਦਾ ਨਾਸ ਹੋਇਆ –

28. ਸਵਾਲ : ਤ੍ਰੈ ਗੁਣ ਦਾ ਅਰਥ ਸਪਸ਼ਟ ਕਰਕੇ ਦੱਸੋ ?

ਜਵਾਬ : ਤ੍ਰੈ ਗੁਣ ਦਾ ਅਰਥ ਹੈ : ਮਾਇਆ ਦੇ ਤਿੰਨ ਗੁਣ–ਰਜੋ, ਤਮੋ, ਸਤੋ ਜਾਂ ਰਜ, ਤਮ ਸਤ । ਇਹ ਇਸ ਪ੍ਰਕਾਰ ਹਨ:

(ੳ) ਰਜ ਗੁਣ :- ਮਾਇਆ ਦਾ ਉਹ ਗੁਣ ਜਿਹੜਾ ਮੋਹ, ਹੰਕਾਰ ਆਦਿਕ ਦਾ ਮੂਲ ਹੈ ।

(ਅ) ਤਮ ਗੁਣ : ਮਾਇਆ ਦਾ ਉਹ ਗੁਣ ਜਿਸ ਕਾਰਨ ਆਤਮਕ ਜੀਵਨ ਦਾ ਸਾਹ ਘੁਟਿਆ ਜਾਵੇ ।

(ਸ) ਸਤ ਗੁਣ :- ਮਾਇਆ ਦਾ ਉਹ ਗੁਣ ਜਿਸਦਾ ਨਤੀਜਾ ਸ਼ਾਂਤੀ, ਦਇਆ, ਦਾਨ, ਖਿਮਾ, ਪ੍ਰਸੰਨਤਾ ਆਦਿਕ ਹੈ । ਇਸ ਅਵਸਥਾ ਵਿੱਚ ਮਨੁੱਖ ਸ਼ਾਂਤੀ, ਦਇਆ ਆਦਿਕ ਕੰਮਾਂ ਤੇ ਜ਼ੋਰ ਦਿੰਦਾ ਹੈ ਅਤੇ ਇਨ੍ਹਾਂ ਦੇ ਕਰਨ ਨਾਲ ਹੀ ਉਸ ਨੂੰ ਜੀਵਨ-ਹੁਲਾਰਾ ਮਿਲਦਾ ਹੈ ।

" ਤ੍ਰੈ ਗੁਣ ਵਰਤਹਿ ਸਗਲ ਸੰਸਾਰਾ, ਹਉਮੈ ਵਿਚ ਪਤਿ ਖੋਈ ।।
ਗੁਰਮੁਖਿ ਹੋਵੈ, ਚਉਥਾ ਪਦੁ ਚੀਨੈ, ਰਾਮ ਨਾਮਿ ਸੁਖੁ ਹੋਈ ।"

(ਸੋਰਠਿ ਮ: ੩, ਪੰਨਾ-੬੦੪)

ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਮਾਇਆ ਦੇ ਤਿੰਨ ਗੁਣ ਸਾਰੇ ਸੰਸਾਰ ਉੱਤੇ ਆਪਣਾ ਪ੍ਰਭਾਵ ਪਾਈ ਰੱਖਦੇ ਹਨ, ਜਿਨ੍ਹਾਂ ਦੇ ਅਸਰ ਹੇਠ ਮਨੁੱਖ ਹਉਮੈ ਵਿੱਚ ਫਸ ਕੇ ਇੱਜ਼ਤ ਗਵਾ ਬੈਠਦਾ ਹੈ ਪਰ ਜਿਹੜਾ ਮਨੁੱਖ ਗੁਰੂ ਦੀ ਸ਼ਰਨ ਪੈਂਦਾ ਹੈ ਉਹ ਚੌਥੇ ਪਦ (ਆਤਮਕ ਅਵਸਥਾ) ਨੂੰ ਪਛਾਣ ਲੈਂਦਾ ਹੈ ਜਿਥੇ ਮਾਇਆ ਦੇ ਤਿੰਨੇ ਗੁਣ ਅਸਰ ਨਹੀਂ ਪਾ ਸਕਦੇ ਅਤੇ ਪ੍ਰਮਾਤਮਾ ਦੇ ਨਾਮ ਵਿੱਚ ਟਿਕ ਕੇ ਉਹ ਆਤਮਕ ਅਨੰਦ ਮਾਣਦਾ ਹੈ ।

29. ਸਵਾਲ : ਹੇਠ ਲਿਖੀਆਂ ਤੁਕਾਂ ਦੇ ਅਰਥ ਦਸੋ?

ਜਵਾਬ : ੧. ਸਭ ਤੇ ਵਡਾ ਸਤਿਗੁਰੁ ਨਾਨਕੁ, ਜਿਨਿ ਕਲ ਰਾਖੀ ਮੇਰੀ ।।

ਅਰਥ : ਮੈਨੂੰ ਸਭ ਤੋਂ ਵੱਡਾ ਗੁਰੂ ਨਾਨਕ ਮਿਲ ਪਿਆ ਹੈ, ਜਿਸ ਨੇ ਮੇਰੀ ਲਾਜ ਰੱਖ ਲਈ ਤੇ ਮੈਨੂੰ ਤੇਰੇ ਚਰਨਾਂ ਵਿੱਚ ਜੋੜ ਦਿੱਤਾ ।

੨. ਧੁਰਿ ਮਸਤਕਿ ਲੇਖ ਲਿਖੇ ਹਰਿ ਪਾਈ ।।
ਗੁਰੁ ਨਾਨਕੁ ਤੁਠਾ ਮੇਲੇ ਹਰਿ ਭਾਈ ।। (੭੩੨)

ਅਰਥ : ਹੇ ਭਾਈ ! ਧੁਰ ਦਰਗਾਹ ਤੋਂ (ਜਿਸ ਮਨੁੱਖ ਦੇ) ਮੱਥੇ ਉੱਤੇ ਪ੍ਰਭੂ-ਮਿਲਾਪ ਦਾ ਲਿਖਿਆ ਲੇਖ ਉਘੜਦਾ ਹੈ, ਉਸ ਉੱਤੇ ਗੁਰੂ ਨਾਨਕ ਪ੍ਰਸੰਨ ਹੁੰਦਾ ਹੈ ਅਤੇ ਉਸਨੂੰ ਪਰਮਾਤਮਾ ਮਿਲਾ ਦੇਂਦਾ ਹੈ ।

੩. ਪ੍ਰਗਟ ਭਈ ਸਗਲੇ ਜੁਗ ਅੰਤਰਿ
ਗੁਰ ਨਾਨਕ, ਕੀ ਵਡਿਆਈ ।। (ਪੰਨਾ–੬੧੧)

ਅਰਥ : ਹੇ ਨਾਨਕ ! ਗੁਰੂ ਦੀ ਇਹ ਅਜ਼ਮਤ ਸਾਰੇ ਜੁਗਾਂ ਵਿਚ ਹੀ ਪਰਤੱਖ ਉਘੜ ਰਹਿੰਦੀ ਹੈ ।

੪. ਗੁਰੁ ਨਾਨਕੁ ਜਿਨ ਸੁਣਿਆ ਪੇਖਿਆ,
ਸੇ ਫਿਰਿ ਗਰਭਾਸਿ ਨ ਪਰਿਆ ਰੇ ।। (ਪੰਨਾ–੬੧੨)

ਅਰਥ : ਜਿਨ੍ਹਾਂ ਮਨੁੱਖਾਂ ਨੇ ਗੁਰੂ ਨਾਨਕ (ਦੇ ਉਪਦੇਸ਼) ਨੂੰ ਸੁਣਿਆ ਹੈ, ਗੁਰੂ ਨਾਨਕ ਦਾ ਦਰਸ਼ਨ ਕੀਤਾ ਹੈ, ਉਹ ਮੁੜ ਕਦੇ ਜਨਮ ਮਰਨ ਦੇ ਗੇੜ ਨਹੀਂ ਪੈਂਦੇ ।

੫. ਗੁਰੁ ਨਾਨਕੁ ਨਾਨਕੁ ਹਰਿ ਸੋਇ ।। (ਪੰਨਾ–੮੬੪)

ਅਰਥ : ਹੇ ਭਾਈ ! ਗੁਰੂ ਨਾਨਕ ਉਸ ਪਰਮਾਤਮਾ ਦਾ ਰੂਪ ਹੈ ।

30. ਸਵਾਲ : ਜਿਸ ਕੇ ਸਿਰ ਊਪਰਿ ਤੂੰ ਸੁਆਮੀ,
ਸੋ ਦੁਖ ਕੈਸਾ ਪਾਵੈ ।।
ਬੋਲਿ ਨ ਜਾਣੈ ਮਾਇਆ ਮਦਿ ਮਾਤਾ,
ਮਰਣਾ ਚੀਤਿ ਨ ਆਵੈ ।। (ਪੰਨਾ–੭੪੯)
ਇਹਨਾਂ ਤੁਕਾਂ ਦੇ ਅਰਥ ਦੱਸੋ ?

ਜਵਾਬ: ਇਹ ਸ਼ਬਦ ਗੁਰੂ ਅਰਜੁਨ ਦੇਵ ਜੀ ਦਾ ਸੂਹੀ ਰਾਗ ਵਿਚ ਦਰਜ ਹੈ । ਇਸ ਸ਼ਬਦ ਵਿੱਚ ਗੁਰੂ ਸਾਹਿਬ ਨੇ ਪ੍ਰਭੂ ਦੇ ਸੇਵਕ ਦਾ ਵਰਣਨ ਕੀਤਾ ਹੈ। ਇਹਨਾਂ ਤੁਕਾਂ ਵਿੱਚ ਗੁਰੂ ਸਾਹਿਬ ਫੁਰਮਾਉਂਦੇ ਹਨ, " ਹੇ ਮੇਰੇ ਮਾਲਿਕ ਪ੍ਰਭੂ ! ਜਿਸ ਮਨੁੱਖ ਦੇ ਸਿਰ ਤੇ ਤੂੰ ਹੱਥ ਰਖੇਂ ਉਸ ਨੂੰ ਕੋਈ ਦੁੱਖ ਨਹੀਂ ਵਿਆਪਦਾ, ਉਹ ਮਨੁੱਖ ਮਾਇਆ ਦੇ ਨਸ਼ੇ ਵਿੱਚ ਮਸਤ ਹੋ ਕੇ ਤਾਂ ਬੋਲਣਾ ਹੀ ਨਹੀਂ ਜਾਣਦਾ, ਮੌਤ ਦਾ ਸਹਿਮ ਵੀ ਉਸ ਦੇ ਚਿੱਤ ਵਿੱਚ ਨਹੀਂ ਪੈਦਾ ਹੁੰਦਾ ।

ਆਮ ਤੌਰ ਤੇ ਕਈ ਕਥਾਕਾਰ ਇਹਨਾਂ ਤੁਕਾਂ ਦੇ ਅਰਥ ਕਰਨ ਵੇਲੇ ਪਹਿਲੀ ਤੁੱਕ ਦੇ ਅਰਥ ਤਾਂ ਠੀਕ ਕਰਦੇ ਹਨ, ਪਰੰਤੂ ਦੂਜੀ ਤੁੱਕ ਦੇ ਅਰਥ ਕਰਨ ਸਮੇਂ ਉਹ ਟਪਲਾ ਖਾ ਜਾਂਦੇ ਹਨ ਤੇ ਇਸ ਤੁਕ ਨੂੰ ਪ੍ਰਭੂ ਦੇ ਸੇਵਕ ਉੱਤੇ ਘਟਾਉਣ ਦੀ ਥਾਂ ਕਿਸੇ ਮਾਇਆ ਵੇੜੇ ਮਨਮੁੱਖ ਉਤੇ ਘਟਾ ਦੇਂਦੇ ਹਨ । ਪਰੰਤੂ ਸ਼ਬਦ ਦੀਆਂ ਸਾਰੀਆਂ ਤੁਕਾਂ ਵਿੱਚ ਜਦੋਂ ਸੇਵਕ ਦਾ ਵਰਣਨ ਹੈ ਤਾ ਦੂਜੀ ਤੁੱਕ ਨੂੰ ਸੇਵਕ ਦੀ ਬਜਾਇ ਕਿਸੇ ਮਨਮੁੱਖ ਬਾਰੇ ਉਚਾਰੀ ਸਮਝਣਾ ਅਗਿਆਨਤਾ ਦਾ ਲਖਾਇਕ ਹੈ ।

31. ਸਵਾਲ : ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਤੇਗ ਬਹਾਦੁਰ ਸਾਹਿਬ ਦੀ ਬਾਣੀ ਕਿਵੇਂ ਦਰਜ ਹੋਈ ਸੀ ਜਦੋਂ ਕਿ ਬੀੜ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਿਆਰ ਕਰਵਾਈ ਸੀ ?

ਜਵਾਬ : ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਦਿ ਬੀੜ ਤਿਆਰ ਕਰਵਾਈ ਸੀ, ਜਿਸ ਵਿੱਚ ਨੌਵੇਂ ਪਾਤਸ਼ਾਹ ਦੀ ਬਾਣੀ ਦਰਜ ਨਹੀਂ ਹੈ । ਮਗਰੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਵਿਖੇ ਭਾਈ ਮਨੀ ਸਿੰਘ ਜੀ ਪਾਸੋਂ ਨਵੀਂ ਬੀੜ ਜਿਸ ਨੂੰ 'ਦਮਦਮੀ ਬੀੜ' ਕਿਹਾ ਜਾਂਦਾ ਹੈ ਤਿਆਰ ਕਰਵਾਈ ਜਿਸ ਵਿੱਚ ਆਦਿ ਬੀੜ ਵਾਲੀ ਸਾਰੀ ਬਾਣੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਵੀ ਦਰਜ ਕਰਵਾਈ। ਅਜ ਕਲ ਗੁਰਦੁਆਰਿਆਂ ਵਿੱਚ 'ਦਮਦਮੀ ਬੀੜ' ਦਾ ਪ੍ਰਕਾਸ਼ ਕੀਤਾ ਜਾਂਦਾ ਹੈ।

32. ਸਵਾਲ : 'ਆਖਣਿ ਜੋਰੁ ਚੁਪੈ ਨਹ ਜੋਰੁ' ਪਉੜੀ ਦਾ ਕੀ ਅਰਥ ਭਾਵ ਹੈ ?

ਜਵਾਬ : ਇਸ ਪਉੜੀ ਦਾ ਭਾਵ ਇਹ ਹੈ ਕਿ ਅਸੀਂ ਪ੍ਰਭੂ ਦੀ ਕੁਦਰਤ ਦਾ ਪਾਰਾਵਾਰ ਨਹੀਂ ਪਾ ਸਕਦੇ । ਉਸ ਬੇਅੰਤ ਮਾਲਕ ਦਾ ਅੰਤ ਲਭਣਾ ਜੀਵ ਦੇ ਵਸ ਦੀ ਗਲ ਨਹੀਂ । ਜੀਵ ਹਰ ਕੰਮ ਲਈ ਪ੍ਰਭੂ ਤੇ ਨਿਰਭਰ ਹੈ,ਉਹ ਸਮਰਥ ਨਹੀਂ, ਸਮਰਥ ਪ੍ਰਭੂ ਹੈ । ਪ੍ਰਭੂ ਸਾਨੂੰ ਸਭ ਕੰਮ ਕਰਨ ਦੇ ਸਮਰਥ ਬਣਾਉਂਦਾ ਹੈ ।

33. ਸਵਾਲ : ਰਹਿਣੀ ਰਹੈ ਸੋਈ ਸਿੱਖ ਮੇਰਾ ।
ਓਹ ਸਾਹਿਬ ਮੈ ਉਸ ਕਾ ਚੇਰਾ ।

ਇ ਰਚਨਾਂ ਵਿਚ ਕਈ ਪਰਚਾਰਕ "ਸਾਹਿਬ" ਲਫਜ਼ ਬੋਲਦੇ ਹਨ, ਕਈ "ਠਾਕੁਰ" ਲਫਜ਼ ਬੋਲਦੇ ਹਨ । ਠੀਕ ਕਿਹੜਾ ਹੈ?

ਜਵਾਬ : ਸਾਹਿਬ ਤੇ ਠਾਕੁਰ ਦੋਵੇਂ ਹੀ ਠੀਕ ਹਨ, ਇਨ੍ਹਾਂ ਦਾ ਅਰਥ ਇਕੋ ਹੀ ਹੈ ਜਿਵੇਂ —

ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ,
ਤੂ ਸਾਹਿਬ ਗੁਣੀ ਨਿਧਾਨਾ ॥
ਤੁਮਰੀ ਮਹਿਮਾ ਬਰਨਿ ਨ ਸਾਕਉ, ਤੂ ਠਾਕੁਰ ਊਚ ਭਗਵਾਨਾ ॥

(ਸੂਹੀ ਮ: ੪, ਪੰਨਾ-੭੩੫)

ਗੁਰਮਤਿ ਸੁਧਾਕਰ (ਕ੍ਰਿਤ ਭਾਈ ਕਾਨ੍ਹ ਸਿੰਘ) ਵਿੱਚ ਇਹ ਤੁਕ ਇਉਂ ਲਿਖੀ ਹੋਈ ਹੈ—

ਰਹਿਣੀ ਰਹੈ ਸੋਈ ਸਿੱਖ ਮੇਰਾ,
ਓਹ ਠਾਕੁਰ, ਮੈਂ ਉਸਕਾ ਚੇਰਾ ।

ਅੰਮ੍ਰਿਤ ਕੀਰਤਨ ਵਿੱਚ ਇਹ ਤੁਕ ਇਉਂ ਹੈ-

ਰਹਿਣੀ ਰਹੈ ਸੋਈ ਸਿੱਖ ਮੇਰਾ,
ਉਹ ਠਾਕੁਰ ਮੈ ਉਸਕਾ ਚੇਰਾ ।

ਖਾਲਸਾ ਰਹਿਤ ਪ੍ਰਕਾਸ਼ (ਪੰਚ ਖਾਲਸਾ ਦੀਵਾਨ) ਵਿੱਚ ਇਉਂ ਲਿਖਿਆ ਹੋਇਆ ਹੈ—

ਰਹਿਣੀ ਰਹੈ ਸੋਈ ਸਿੰਘ ਮੇਰਾ ।
ਓਹ ਸਾਹਿਬ ਮੈ ਉਸਕਾ ਚੇਰਾ ।

ਸ. ਤੇਜਾ ਸਿੰਘ (ਪ੍ਰੀਤ ਨਗਰ) ਤੇ ਹੋਰ ਬਹੁਤ ਸਾਰੇ ਲਿਖਾਰੀਆਂ ਨੇ "ਸਾਹਿਬ" ਹੀ ਲਿਖਿਆ ਹੈ । ਇਹ ਤੁਕਾਂ ਗੁਰਬਾਣੀ ਵਿਚੋਂ ਨਹੀਂ ਹਨ, ਸਗੋਂ ਭਾਈ ਦੇਸਾ ਸਿੰਘ ਦੇ ਰਹਿਤਨਾਮੇ ਵਿੱਚ ਹਨ । ਇਨ੍ਹਾਂ ਦੀ ਬੋਲੀ ਤੇ ਸ਼ੈਲੀ ਨੂੰ ਮੁੱਖ ਰੱਖਦਿਆਂ "ਸਾਹਿਬ" ਸ਼ਬਦ ਵਧੇਰੇ ਢੁਕਵਾਂ ਹੈ, ਇਸ ਰਹਿਤਨਾਮੇ ਦੀ ਕੋਈ ਪੁਰਾਤਨ ਹਥ ਲਿਖਤ ਕਾਪੀ ਨਹੀਂ ਮਿਲਦੀ, ਜਿਸ ਤੋਂ ਇਸ ਬਾਰੇ ਆਖਰੀ ਨਿਰਣਾ ਹੋ ਸਕੇ ।

34. ਸਵਾਲ : ਜਿਨ੍ਹਾਂ ਭੱਟਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ, ਉਨ੍ਹਾਂ ਦੇ ਨਾਂ ਦੱਸਣ ਦੀ ਕਿਰਪਾ ਕਰਨੀ ਜੀ ।

ਜਵਾਬ : ਉਨ੍ਹਾਂ ਭੱਟਾਂ ਦੇ ਨਾਮ ਇਹ ਹਨ—

(੧) ਕਲ੍ਹ, ਜਿਸਦੇ ਦੂਜੇ ਨਾਮ 'ਕਲਸਹਾਰ' ਅਤੇ 'ਟਲ੍ਹ' ਹਨ ।
(੨) ਜਾਲਪ, ਜਿਸਦਾ ਦੂਜਾ ਨਾਮ 'ਜਲ੍ਹ' ਹੈ ।
(੩) ਕੀਰਤ (੪) ਭਿੱਖਾ (੫) ਸਲ੍ਹ (੬) ਭਲ੍ਹ (੭) ਨਲ੍ਹ (੮) ਗਯੰਦ
(੯) ਮਥਰਾ (੧੦) ਬਲ੍ਹ (੧੧) ਹਰਿਬੰਸ

ਕੱਲਸਹਾਰ ਇਨ੍ਹਾਂ ਦਾ ਜਥੇਦਾਰ ਸੀ, ਇਹ ਸਾਰੇ ਰਲ ਕੇ ਗੁਰੂ ਅਰਜਨ ਦੇਵ ਜੀ ਦੇ ਦਰਸ਼ਨਾ ਨੂੰ ਆਏ ਸਨ ।

35. ਸਵਾਲ : ਗੁਰਬਾਣੀ ਵਿੱਚ ਆਏ ਸ਼ਬਦ 'ਨਉ–ਨਿਧਿ' ਤੋਂ ਕੀ ਭਾਵ ਹੈ ? ਇਸ ਬਾਰੇ ਗੁਰਮਤਿ ਸਿਧਾਂਤ ਕੀ ਹੈ ?

ਜਵਾਬ : ਨਿਧੀ ਦਾ ਅਰਥ ਖਜ਼ਾਨਾ ਜਾਂ ਧਨ ਦੌਲਤ ਹੈ । ਪੁਰਾਤਨ ਗ੍ਰੰਥਾਂ ਵਿੱਚ ਨੌ ਨਿਧੀਆਂ ਗਿਣੀਆਂ ਗਈਆਂ ਹਨ, ਜਿਨ੍ਹਾਂ ਦਾ ਮਾਲਕ ਦੇਵਤਿਆਂ ਦਾ ਖਜ਼ਾਨਚੀ 'ਕੁਬੇਰ' ਹੈ । ਗਿਣਤੀ ਇਸ ਪ੍ਰਕਾਰ ਹੈ-ਪਦਮ, ਮਹਾਂਪਦਮ, ਸ਼ੰਖ, ਮਕਰ, ਕੱਛਪ, ਮੁਕੰਦ, ਕੁੰਦ, ਨੀਲ ਤੇ ਵਰਚ ।

ਦਰਅਸਲ ਇਹ ਕਈ ਪ੍ਰਕਾਰ ਦੇ ਕੀਮਤੀ ਰਤਨ ਹਨ, ਜਿਨ੍ਹਾਂ ਦਾ ਮੁੱਲ ਬੇਅੰਦਾਜ਼ ਅਨੁਮਾਨਿਆ ਗਿਆ ਹੈ । ਯੋਗ ਸਾਧਨਾਂ ਕਰਨ ਵਾਲੇ ਜਗਿਆਸੂ ਇਹ ਆਸ ਕਰਦੇ ਹਨ ਕਿ ਹਠ-ਤਪ ਨਾਲ ਸਿੱਧੀਆਂ ਤੇ ਨਿੱਧੀਆਂ ਵੀ ਮਿਲ ਜਾਂਦੀਆਂ ਹਨ ।

ਲੇਕਿਨ ਗੁਰੂ ਸਾਹਿਬ ਨੇ ਇਹੀ ਸਿਧਾਂਤ ਦਿੱਤਾ ਹੈ ਕਿ ਪ੍ਰਭੂ ਦੀ ਯਾਦ ਨਾਲ ਇਹ ਧਨ ਸੰਪਦਾ ਦੇ ਸਾਰੇ ਧਨ ਪਦਾਰਥ ਆਪਣੇ ਆਪ ਪ੍ਰਾਪਤ ਹੋ ਜਾਂਦੇ ਹਨ—

ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ ॥
ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ॥

(ਗਉੜੀ ਸੁਖਮਨੀ ਮ: ੫, ਪੰਨਾ-੨੬੨)

ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥
ਦੇਹੀ ਮਹਿ ਇਸ ਕਾ ਬਿਸ੍ਰਾਮ ॥ (ਪੰਨਾ-੨੯੩)

ਗੁਰਸਿੱਖ ਨੇ ਤਾਂ ਕੇਵਲ ਪ੍ਰਭੂ ਦੇ ਨਾਮ ਦੀ ਹੀ ਮੰਗ ਕਰਨੀ ਹੈ :

ਮੰਗਣਾ ਤ ਸਚੁ ਇਕੁ, ਜਿਸੁ ਤੁਸਿ ਦੇਵੈ ਆਪਿ ॥
ਜਿਤੁ ਖਾਧੈ ਮਨੁ ਤ੍ਰਿਪਤੀਐ, ਨਾਨਕ ਸਾਹਿਬ ਦਾਤਿ॥ (ਪੰਨਾ-੩੨੧)

37. ਸਵਾਲ : ਹੇਠ ਲਿਖੀਆਂ ਤੁਕਾਂ ਵਿਚ "ਸਾਧਨ" ਸ਼ਬਦ ਦਾ ਸ਼ੁੱਧ ਉਚਾਰਣ "ਸਾਧਨ, ਸਾਧ ਨ, ਸਾ ਧਨ" ਵਿਚੋਂ ਕਿਹੜਾ ਠੀਕ ਹੈ ?

(ੳ) ਇਆਣੀ ਬਾਲੀ ਕਿਆ ਕਰੇ,
ਜਾ ਧਨ ਕੰਤ ਨ ਭਾਵੈ ॥
ਕਰਣ ਪਲਾਹ ਕਰੇ ਬਹੁਤੇਰੇ,
ਸਾ ਧਨ ਮਹਲੁ ਨ ਪਾਵੈ ॥ (ਤਿਲੰਗ, ਮ: ੧, ਪੰਨਾ-੭੨੨)

(ਅ) ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ।।
ਸੇਵਾ ਸਾਧ ਨ ਜਾਨਿਆ ਹਰਿ ਰਾਇਆ ।। (ਆਸਾ ਮ: ੫, ਪੰਨਾ-੩੭੮)

(ਇ) ਸੰਤਨ ਦੁਖ ਪਾਏ ਤੇ ਦੁਖੀ ।।
ਸੁਖ ਪਾਏ ਸਾਧੁਨ ਕੇ ਸੁਖੀ ।। (ਕਬਿਯੋਬਾਚ ਬੇਨਤੀ, ਚੌਪਈ)

ਇਨ੍ਹਾਂ ਤੁਕਾਂ ਦੇ ਅਰਥ ਵੀ ਦੱਸੋ ?

ਜਵਾਬ : (ੳ) ਇਨ੍ਹਾਂ ਤੁਕਾਂ ਵਿੱਚ ਸਾਧਨ ਦਾ ਸਹੀ ਉਚਾਰਣ 'ਸਾ ਧਨ" ਹੈ, ਜਿਸਦਾ ਅਰਥ ਹੈ ਉਹ ਜੀਵ ਇਸਤ੍ਰੀ; ਜਿਵੇਂ ਕਿ ਉਪਰਲੀ ਸਤਰ ਵਿੱਚ "ਜਾ ਧਨ" ਹੈ । ਦੋਨਾਂ ਤੁਕਾਂ ਦੇ ਅਰਥ ਇਉਂ ਹਨ—

ਅੰਞਾਣ ਜੀਵ-ਇਸਤ੍ਰੀ (ਇਆਣੀ ਬਾਲੀ) ਕੀ ਕਰ ਸਕਦੀ ਹੈ ਜੇ ਉਹ ਜੀਵ ਇਸਤ੍ਰੀ (ਸਾ ਧਨ) ਖਸਮ ਪ੍ਰਭੂ (ਕੰਤ) ਨੂੰ ਚੰਗੀ ਹੀ ਨਾ ਲਗੇ ? ਅਜੇਹੀ ਜੀਵ-ਇਸਤ੍ਰੀ (ਸਾ ਧਨ) ਭਾਵੇਂ ਕਿੰਨੇ ਹੀ ਤਰਲੇ (ਕਰਣ ਪਲਾਹ) ਪਈ ਕਰੇ, ਉਹ ਪਤੀ-ਪ੍ਰਭੂ ਦਾ ਮਹਲ (ਘਰ) ਨਹੀਂ ਲੱਭ ਸਕਦੀ ।

(ਅ) ਇਨ੍ਹਾਂ ਪੰਗਤੀਆਂ ਵਿੱਚ ਸ਼ੁੱਧ ਉਚਾਰਣ "ਸਾਧ ਨਾ" ਹੈ । ਜਿਵੇਂ " ਧਰਮ ਨਾ ਕਮਾਇਆ" ਤਿਵੇਂ ਹੀ "ਸੇਵਾ ਸਾਧ ਨ ਜਾਨਿਆ" ਉਚਾਰਣ ਕਰਨਾ ਹੈ । ਦੋਨਾਂ ਪੰਗਤੀਆਂ ਦੇ ਅਰਥ ਹਨ—

ਹੇ ਪ੍ਰਭੂ ਪਾਤਸ਼ਾਹ (ਹਰਿ ਰਾਇਆ) ! ਮੈਂ ਕੋਈ ਜਪ ਨਹੀਂ ਕੀਤਾ ਕੋਈ ਤਪ ਨਹੀਂ ਕੀਤਾ, ਕੋਈ ਸੰਜਮ ਨਹੀਂ ਸਾਧਿਆ, ਇਹੋ ਜਿਹਾ ਕੋਈ ਹੋਰ ਧਰਮ ਵੀ ਨਹੀਂ ਕੀਤਾ, ਮੈਂ ਤਾਂ ਤੇਰੇ ਸੰਤ ਜਨਾਂ (ਗੁਰਮੁਖਾਂ) ਦੀ ਸੇਵਾ ਕਰਨ ਦੀ ਜਾਚ ਭੀ ਨਹੀਂ ਸਿੱਖੀ ।

ਅਗਲੀਆਂ ਤੁਕਾਂ (ਕਹੁ ਨਾਨਕ ਹਮ ਨੀਚ ਕਰੰਮਾ ।। ਸਰਣਿ ਪਰੇ ਕੀ ਰਾਖਹੁ ਸਰਮਾ।।) ਵਿੱਚ ਬੇਨਤੀ ਕੀਤੀ ਗਈ ਹੈ ਕਿ ਮੈਂ ਬੜਾ ਮੰਦ-ਕਰਮੀ ਹਾਂ, ਸਰਨ ਪਏ ਦੀ ਮੇਰੀ ਲਾਜ ਰੱਖੋ ਜੀ

(ਇ) ਚੌਪਈ ਵਿੱਚ ਠੀਕ ਉਚਾਰਣ "ਸਾਧੁਨ ਹੈਂ" ਹੈ ਜਿਸ ਦਾ ਅਰਥ ਹੈ ਸਾਧੂਆਂ, ਇਨ੍ਹਾਂ ਪੰਗਤੀਆਂ ਦੇ ਅਰਥ ਹਨ—

ਜੋ ਸੰਤਾਂ ਨੂੰ ਦੁੱਖ ਮਿਲਣ ਤੇ ਦੁਖੀ ਹੁੰਦਾ ਤੇ ਸਾਧੂਆਂ ਨੂੰ ਸੁੱਖ ਮਿਲਣ ਤੇ ਸੁਖੀ ਹੁੰਦਾ ਹੈ । ਲੜੀ ਜੋੜਨ ਲਈ ਅਗਲੀਆਂ ਦੋ ਤੁਕਾਂ (ਏਕ ਏਕ ਕੀ ਪੀਰ ਪਛਾਨੈ।। ਘਟ ਘਟ ਕੇ ਪਟ ਪਟ ਕੀ ਜਾਨੈ) ਨਾਲ ਰਲਾਣ ਨਾਲ ਬੰਦ ਪੂਰਾ ਹੋ ਜਾਂਦਾ ਹੈ ਅਤੇ ਪਹਿਲੀਆਂ ਪੰਗਤੀਆਂ ਦੇ ਅਰਥ ਹੋਰ ਉਘੜ ਆਉਂਦੇ ਹਨ । ਇਨ੍ਹਾਂ ਤੁਕਾਂ ਦੇ ਅਰਥ ਹਨ—

ਪ੍ਰਭੂ ਹਰ ਇੱਕ ਦਾ ਦਰਦ (ਪੀਰ ਅਰਥਾਤ ਪੀੜ) ਮਹਿਸੂਸ ਕਰਦਾ ਹੈ ਅਤੇ ਦਿਲਾਂ ਦੇ ਗੁੱਝੇ ਭੇਦ ਨੂੰ ਜਾਣਦਾ ਹੈ ।

38. ਸਵਾਲ : 'ਗੁਰਮਤਿ ਧਰਮੁ ਧੀਰਜੁ ਹਰਿ ਨਾਇ। ਨਾਨਕ ਨਾਮੁ ਮਿਲੈ ਗੁਣ ਗਾਇ ।' ਇਸ ਤੁਕ ਦੀ ਵਿਆਖਿਆ ਕਰੋ।

ਜਵਾਬ : ਇਸ ਤੋਂ ਪਹਿਲੀ ਤੁਕ ਹੈ, 'ਬਿਨੁ ਗੁਰ ਗਰਬੁ ਨ ਮੇਟਿਆ ਜਾਇ।' ਇਨ੍ਹਾਂ ਤਿੰਨਾਂ ਤੁਕਾਂ ਦਾ ਅਰਥ ਹੈ:

"ਗੁਰੂ ਦੀ ਸ਼ਰਨ ਪੈਣ ਤੋਂ ਬਿਨਾਂ ਹੰਕਾਰ ਅੰਦਰੋਂ ਮਿਟਾਇਆ ਨਹੀਂ ਜਾ ਸਕਦਾ । ਜਿਹੜਾ ਮਨੁੱਖ ਗੁਰੂ ਦੀ ਸਿਖਿਆ ਧਾਰਨ ਕਰਦਾ ਹੈ, ਉਹ ਧੀਰਜ ਧਾਰਦਾ ਹੈ, ਜੋ ਕਿ (ਧੀਰਜ) ਬੜਾ ਉੱਚਾ ਧਰਮ ਹੈ । ਹੇ ਨਾਨਕ ! ਗੁਰੂ ਦੀ ਸਿਖਿਆ ਤੇ ਤੁਰਿਆਂ ਹੀ ਪਰਮਾਤਮਾਂ ਦਾ ਨਾਮ ਪਰਾਪਤ ਹੁੰਦਾ ਹੈ, ਤੇ ਜੀਵ ਪਰਮਾਤਮਾ ਦੀ ਸਿਫਤ ਸਲਾਹ ਕਰਦਾ ਹੈ ।

39. ਸਵਾਲ : ਗੁਰੂ ਗ੍ਰੰਥ ਸਾਹਿਬ ਵਿਚ ਕਿੰਨੇ ਗੁਰੂ ਸਾਹਿਬਾਨ, ਭਗਤਾਂ, ਭੱਟਾਂ ਤੇ ਸਿੱਖਾਂ ਦੀ ਬਾਣੀ ਦਰਜ ਹੈ ?

ਜਵਾਬ : ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਸਾਹਿਬ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਸਾਹਿਬ (ਛੇ ਗੁਰੂਆਂ) ਦੀ ਬਾਣੀ ਦਰਜ ਹੈ । ਪੰਦਰਾਂ ਭਗਤਾਂ (ਭਗਤ ਕਬੀਰ, ਨਾਮਦੇਵ, ਰਵਿਦਾਸ, ਤਰਲੋਚਨ, ਧੰਨਾ, ਸੈਨ, ਜੈਦੇਵ, ਪੀਪਾ, ਸੂਰਦਾਸ, ਫਰੀਦ, ਪਰਮਾਨੰਦ, ਸਧਣਾ, ਬੇਣੀ, ਭੀਖਣ ਤੇ ਰਾਮਾਨੰਦ ਜੀ) ਦੀ ਬਾਣੀ ਦਰਜ ਹੈ । ਗਿਆਰਾਂ ਭੱਟਾਂ (ਕਲਸਹਾਰ, ਜਾਲਪ, ਕੀਰਤ, ਭਿਖਾ, ਸਲ੍ਹ, ਭਲ੍ਹ, ਨਲ੍ਹ, ਗਯੰਦ, ਮਥੁਰਾ, ਬਲ ਤੇ ਹਰਬੰਸ ਜੀ) ਦੀ ਬਾਣੀ ਦਰਜ ਹੈ । ਤਿੰਨ ਸਿੱਖਾਂ (ਬਾਬਾ ਸੁੰਦਰ, ਰਬਾਬੀ ਸੱਤਾ ਤੇ ਬਲਵੰਡ ਜੀ) ਦੀ ਬਾਣੀ ਦਰਜ ਹੈ ।

ਜੋ ਸਲੋਕ ਮਰਦਾਨਾ ਜੀ ਦੇ ਨਾਮ ਤੇ ਉਚਾਰਨ ਕੀਤੇ ਹਨ, ਉਹ ਗੁਰੂ ਨਾਨਕ ਸਾਹਿਬ ਦੇ ਹਨ । ਭਾਈ ਮਰਦਾਨਾ ਜੀ ਦੇ ਨਹੀਂ ।

40. ਸਵਾਲ : "ਗੁਰਸਿਖ ਵੁੜੀਅਨ, ਗੁਰਮੁਖਿ ਗੋਤੇ' ਦਾ ਕੀ ਅਰਥ ਹੈ?

ਜਵਾਬ : ਇਹ ਭਾਈ ਗੁਰਦਾਸ ਜੀ ਦੀ ਰਚਨਾ ਹੈ। ਭਾਈ ਸਾਹਿਬ ਨੇ ਸਖਤ ਤਾੜਨਾ ਕਰਦੇ ਹੋਏ ਫੁਰਮਾਇਆ ਹੈ ਕਿ ਗੁਰੂ ਸਿੱਖਾਂ ਦੀ ਕੋਈ ਗੋਤ ਨਹੀਂ, ਇਕੋ ਗੋਤ ਗੁਰਮੁਖਤਾ ਹੈ।

41. ਸਵਾਲ : "ਆਨ ਰੂਤੀ ਆਨ ਬੋਈਐ ਫਲੁ ਨ ਫੂਲੈ ਤਾਹਿ" । ਪੰਨਾ-੧੦੦੨ ਤੇ ਦਰਜ ਇਸ ਪੰਗਤੀ ਦੇ ਭਾਵ ਅਰਥ ਕੀ ਹਨ ? ਕੀ ਇਸ ਦਾ ਉਚਾਰਨ "ਆਨ ਰੁਤੀਆ ਨ ਬੋਈਏ ਫਲੁ ਨ ਫੂਲੈ ਤਾਹਿ" ਕਰਨਾ ਪਵੇਗਾ ?

ਜਵਾਬ : ਇਸ ਤੁਕ ਦਾ ਸਹੀ ਉਚਾਰਨ "ਆਨ ਰੂਤੀ, ਆਨ ਬੋਈਐ, ਫਲੁ ਨ ਫੂਲੈ ਤਾਹਿ" ਹੈ ਜਿਸਦਾ ਅਰਥ ਹੈ ਕਿ ਜੇ ਰੁੱਤ ਕੋਈ ਹੋਵੇ, ਬੀਜ ਕੋਈ ਹੋਰ ਬੀਜ ਦੇਈਏ ਤਾਂ ਉਸਨੂੰ ਨਾ ਹੀ ਫੁੱਲ ਲੱਗਦਾ ਹੈ ਅਤੇ ਨਾ ਹੀ ਫਲ ।

ਜੇ ਅਸੀਂ ਇਸਦਾ ਉਚਾਰਨ "ਆਨ ਰੁਤੀਆ ਨ ਬੋਈਏ" ਕਰਾਂਗੇ ਤਾਂ ਇਸ ਦਾ ਅਰਥ ਬਣੇਗਾ- "ਹੋਰ ਰੁੱਤਾਂ ਵਿੱਚ ਨਾ ਬੀਜੀਏ" ਅਤੇ ਇਸ ਨਾਲ ਸਾਰੇ ਸ਼ਬਦ ਦੇ ਅਰਥ ਉਲਟ ਪੁਲਟ ਹੋ ਜਾਣਗੇ ।

ਉਪਰੋਕਤ ਤੁਕ ਦਾ ਭਾਵ ਅਰਥ ਇਹ ਹੈ ਕਿ ਇਹ ਮਨੁੱਖਾ ਜੀਵਨ ਪ੍ਰਮਾਤਮਾ ਦਾ ਨਾਮ ਬੀਜਣ ਲਈ ਢੁਕਵਾਂ ਸਮਾਂ ਹੈ । ਜੇ ਇਸ ਸਮੇਂ ਵਿੱਚ ਨਾਮ ਨਾ ਬੀਜਿਆ ਜਾਂ ਹੋਰ ਕੋਈ ਬੀਜ ਬੀਜਿਆ (ਭਾਵ ਹੋਰ ਆਹਰਾਂ ਵਿੱਚ ਲਗੇ ਰਹੇ) ਤਾਂ ਕੋਈ ਲਾਭ ਨਹੀਂ ਹੋਵੇਗਾ ।

42. ਸਵਾਲ : ਆਦਿ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੧੧੯੩ ਉੱਤੇ ਮਹਲੁ ੫।।੩।।੧।। ਦਾ ਕੀ ਅਰਥ ਹੈ ਜੀ ?

ਜਵਾਬ : "ਮਹਲੁ ੫" ਦਾ ਅਰਥ ਹੈ ਸਰੀਰ ਪੰਜਵਾਂ, ਗੁਰੂ ਨਾਨਕ ਦਾ ਪੰਜਵਾਂ ਸਰੀਰ ਭਾਵ ਗੁਰੂ ਅਰਜਨ ਦੇਵ ਜੀ ਦੀ ਉਚਾਰਨ ਕੀਤੀ ਹੋਈ ਬਾਣੀ । ਇਸੇ ਹੀ ਤਰ੍ਹਾਂ ਮਹਲਾ ੧ ਜਾਂ ਮਹਲਾ ਪਹਿਲਾ ਦਾ ਅਰਥ ਹੈ: ਗੁਰੂ ਨਾਨਕ ਦਾ ਪਹਿਲਾ ਸਰੀਰ ਭਾਵ ਗੁਰੂ ਨਾਨਕ ਦੇਵ ਜੀ ਦੀ ਉਚਾਰੀ ਬਾਣੀ ਅਤੇ ਮਹਲਾ ਦੂਜਾ, ਤੀਜਾ, ਚੌਥਾ ਤੇ ਨੌਵਾਂ ਦਾ ਅਰਥ ਹੈ ਗੁਰੂ ਨਾਨਕ ਦਾ ਦੂਜਾ ਸਰੀਰ (ਗੁਰੂ ਅੰਗਦ ਦੇਵ ਜੀ), ਗੁਰੂ ਨਾਨਕ ਦਾ ਤੀਜਾ ਸਰੀਰ (ਗੁਰੂ ਅਮਰਦਾਸ ਜੀ), ਗੁਰੂ ਨਾਨਕ ਦਾ ਚੌਥਾ ਸਰੀਰ (ਗੁਰੂ ਰਾਮਦਾਸ ਜੀ) ਅਤੇ ਗੁਰੂ ਨਾਨਕ ਦਾ ਨੌਵਾਂ ਸਰੀਰ (ਗੁਰੂ ਤੇਗ ਬਹਾਦਰ ਜੀ) ਭਾਵ ਦੂਜੇ, ਤੀਜੇ, ਚੌਥੇ ਤੇ ਨੌਵੇਂ ਗੁਰੂ ਦੀ ਉਚਾਰੀ ਹੋਈ ਬਾਣੀ ।

੧੧੯੩ ਪੰਨੇ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਚਾਰਨ ਕੀਤੀ "ਬਸੰਤ ਕੀ ਵਾਰ" ਦਰਜ ਹੈ ਜਿਸ ਦੀਆਂ ਤਿੰਨ ਪਉੜੀਆਂ ਹਨ । ਹਰ ਪਉੜੀ ਦੇ ਅੰਤ ਵਿੱਚ ਉਸ ਦਾ ਨੰਬਰ (ਅੰਕ) ੧, ੨, ੩ ਦਿੱਤਾ ਹੋਇਆ ਹੈ । ਤਿੰਨ ਨੰਬਰ ਦਾ ਅੰਕ ਪਉੜੀਆਂ ਦੇ ਜੋੜ ਨੂੰ ਸੂਚਿਤ ਕਰਦਾ ਹੈ । ਤੀਜੇ ਅੰਕ ਦੇ ਅੰਤ ਵਿੱਚ ਏਕੇ (੧) ਤੋਂ ਪ੍ਰਗਟ ਹੁੰਦਾ ਹੈ ਕਿ ਇਸ ਪ੍ਰਕਾਰ ਦੀ ਇਸ ਰਾਗ ਵਿੱਚ ਇਕੋ ਹੀ ਰਚਨਾ ਹੈ, ਇਸ ਭੇਦ ਨੂੰ ਸਮਝਣ ਲਈ ਆਓ ੧੧੯੨ ਪੰਨੇ ਤੋਂ ਸ਼ੁਰੂ ਹੁੰਦੇ " ਸੁਣਿ ਸਾਖੀ ਮਨ ਜਪਿ ਪਿਆਰ" ਵਾਲੇ ਸ਼ਬਦਾਂ ਵੱਲ ਧਿਆਨ ਦੇਈਏ। "ਬਸੰਤੁ ਮਹਲਾ ੫ ਘਰ ੧ ਦੁਤੁਕੀਆ" ਦੇ ਸਿਰਲੇਖ ਹੇਠ ਅੱਠਾਂ ਅੱਠਾਂ ਬੰਦਾਂ

ਵਾਲੇ ਇਹ ਕੁੱਲ ਦੋ ਸ਼ਬਦ ਹਨ । ਸ਼ਬਦ ਦੇ ਹਰ ਬੰਦ ਦਾ ਅੰਕ ਦਿੱਤਾ ਹੋਇਆ ਹੈ ਅਤੇ ਅੰਤ ਵਿੱਚ ਕੁੱਲ ਜੋੜ ਇਉਂ ਹੈ– ॥੮॥ ੨॥ ਜਿਸ ਦਾ ਭਾਵ ਹੈ ਅੱਠਾਂ ਬੰਦਾਂ ਵਾਲੇ-੨ ਸ਼ਬਦ ।

43. ਸਵਾਲ : ਪੰਨਾ–੭੬੩ ਤੇ ਮਹਲਾ ੫ ਗੁਣਵੰਤੀ" ਵਾਲਾ ਸ਼ਬਦ ਹੈ । ਤਤਕਰੇ ਵਿੱਚ ਇਹ ਸ਼ਬਦ " ਮਹਲਾ ੧ ਕੁਚਜੀ" ਦੇ ਸਿਰਲੇਖ ਹੇਠ ਦਰਜ ਹੈ ਅਤੇ ਇਸ ਦਾ ਅੰਕ ॥੩॥ ਹੈ । ਇਸ ਦਾ ਕੀ ਭਾਵ ਹੈ ਜੀ ?

ਜਵਾਬ : ਤਤਕਰੇ ਵਿੱਚ "ਮਹਲਾ ੧ ਕੁਚਜੀ" ਦੇ ਸਿਰਲੇਖ ਹੇਠ ਇਸ ਲੜੀ ਦੇ ਤਿੰਨ ਸ਼ਬਦ (ਕੁਚਜੀ, ਸੁਚਜੀ, ਗੁਣਵੰਤੀ) ਹਨ ਜਿਨ੍ਹਾਂ ਵਿੱਚ ਪਹਿਲੇ ਦੋ ਸ਼ਬਦ ਮਹਲਾ ਪਹਿਲੇ ਦੇ ਹਨ ਅਤੇ ਅੰਤਲਾ ਤੇ ਤੀਜਾ ਸ਼ਬਦ ਮਹਲਾ ਪੰਜਵਾਂ ਦਾ ਹੈ । ਪੰਨਾ-੭੬੩ ਤੇ ਅੰਕ ॥੩॥ ਇਨ੍ਹਾਂ ਸ਼ਬਦਾਂ ਦੇ ਕੁਲ ਜੋੜ ਨੂੰ ਪ੍ਰਗਟ ਕਰਦਾ ਹੈ ।

44. ਸਵਾਲ : ਭਾਈ ਜੀਵਨ ਸਿੰਘ ਚਤਰ ਸਿੰਘ ਵੱਲੋਂ ਛਾਪੀ ਪੁਸਤਕ 'ਕਥਾ ਸ਼ਾਂਤ ਸਾਗਰ' ਵਿੱਚ ਸੁਖਮਨੀ ਸਾਹਿਬ ਦੇ ਪਹਿਲੇ ਸਲੋਕ "ਆਦਿ ਗੁਰਏ ਨਮਹ॥ ਜੁਗਾਦਿ ਗੁਰਏ ਨਮਹ॥ ਸਤਿਗੁਰਏ ਨਮਹ॥ ਸ੍ਰੀ ਗੁਰਦੇਵਏ ਨਮਹ॥" ਦੇ ਅਰਥ ਇਸ ਤਰ੍ਹਾਂ ਹਨ :

ਆਦਿ ਗੁਰਏ ਨਮਹ : ਯਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਨਮਸਕਾਰ।

ਜੁਗਾਦਿ ਗੁਰਏ ਨਮਹ : ਗੁਰੂ ਅੰਗਦ ਦੇਵ ਜੀ ਨੂੰ ਨਮਸਕਾਰ ।

ਸਤਿਗੁਰਏ ਨਮਹ : ਗੁਰੂ ਅਮਰਦਾਸ ਜੀ ਨੂੰ ਨਮਸਕਾਰ ।

ਸ੍ਰੀ ਗੁਰਦੇਵਏ ਨਮਹ : ਗੁਰੂ ਰਾਮਦਾਸ ਜੀ ਨੂੰ ਨਮਸਕਾਰ ।

ਕੀ ਇਹ ਅਰਥ ਸਹੀ ਹਨ? ਕ੍ਰਿਪਾ ਕਰਕੇ ਵਿਸਥਾਰ ਨਾਲ ਸਮਝਾਉ ਜੀ ।

ਜਵਾਬ : ਇਹ ਅਰਥ ਠੀਕ ਨਹੀਂ ਹਨ । ਸ੍ਰਿਸ਼ਟੀ ਦੇ ਆਦਿ ਵਿੱਚ ਅਕਾਲ ਪੁਰਖ ਆਪ ਹੀ ਸੀ ਜਿਸਨੇ ਇੱਕ ਹੁਕਮ ਦੁਆਰਾ ਸਾਰੀ ਦੁਨੀਆਂ ਦਾ ਪਸਾਰਾ ਕਰ ਦਿੱਤਾ ।

ਕੀਤਾ ਪਸਾਉ, ਏਕੋ ਕਵਾਉ ।
ਤਿਸ ਤੇ ਹੋਏ, ਲਖ ਦਰੀਆਉ ॥ (ਜਪੁ ਜੀ)

ਜੁਗਾਂ ਦੇ ਮੁੱਢ ਤੋਂ ਉਹੀ ਇੱਕ ਅਕਾਲਪੁਰਖ (੧ੴ) ਸਭ ਤੋਂ ਵੱਡਾ ਹੈ । ਸਾਰੇ ਸਿੱਖ ਗੁਰੂ ਸਾਹਿਬਾਨ ਅਖੌਤੀ ਕਲਜੁਗ ਅਰਥਾਤ ਮੌਜੂਦਾ ਸਮੇਂ ਵਿੱਚ ਹੀ ਹੋਏ ਹਨ ਅਤੇ ਸਾਰੇ ਹੀ ਨਾਨਕ ਗੁਰਦੇਵ (ਸਤਿਗੁਰੂ ਨਾਨਕ ਦੇਵ ਜੀ) ਦੀ ਹੀ ਜੋਤ ਹਨ ।

ਸਲੋਕ ਦੀ ਪਹਿਲੀ ਪੰਗਤੀ ਵਿੱਚ ਅਕਾਲ ਪੁਰਖ ਨੂੰ ਨਮਸਕਾਰ ਕੀਤੀ ਗਈ ਹੈ ਤੇ ਦੂਜੀ ਅਤੇ ਤੀਜੀ ਪੰਗਤੀ ਵਿੱਚ 'ਨਾਨਕ ਜੋਤ' ਅਰਥਾਤ ਸਤਿਗੁਰੂ (ਗੁਰਦੇਵ ਸਤਿਗੁਰੂ) ਨੂੰ ਨਮਸਕਾਰ ਹੈ । ਸੋ ਇਸ ਸਲੋਕ ਦੇ ਅਰਥ ਇਉਂ ਹਨ-ਮੇਰੀ ਉਸ ਸਭ ਤੋਂ ਵਡੇ ਅਕਾਲ ਪੁਰਖ ਨੂੰ ਨਮਸਕਾਰ ਹੈ ਜੋ ਸਭ ਦਾ ਮੁੱਢ ਹੈ ਅਤੇ ਜੁਗਾਂ ਦੇ ਮੁੱਢ ਤੋਂ ਹੈ । ਸਤਿਗੁਰੂ ਨੂੰ ਮੇਰੀ ਨਮਸਕਾਰ ਹੈ, ਸ੍ਰੀ ਗੁਰੂ ਜੀ ਨੂੰ ਮੇਰੀ ਨਮਸਕਾਰ ਹੈ ।

45. ਸਵਾਲ : ਗੁਰਬਾਣੀ ਵਿੱਚ ਆਈ ਹੇਠ ਲਿਖੀ ਤੁਕ ਵਿਚੋਂ 'ਛਤੀਹ ਅੰਮ੍ਰਿਤ' ਦੇ ਅਰਥ ਦੱਸੋ ?

ਛਤੀਹ ਅੰਮ੍ਰਿਤ ਜਿਨਿ ਭੋਜਨ ਦੀਏ ।।
ਅੰਤਰਿ ਥਾਨ ਠਹਰਾਵਨ ਕਉ ਕੀਏ ।। (ਪੰਨਾ-੯੧੩)

ਜਵਾਬ : ਭਾਰਤ ਦੇ ਪੁਰਾਤਨ ਗ੍ਰੰਥਾਂ ਵਿੱਚ ਛੱਤੀ ਕਿਸਮ ਦੇ ਭੋਜਨਾਂ ਜਾਂ ਬਿੰਜਨਾਂ ਦਾ ਹਵਾਲਾ ਮਿਲਦਾ ਹੈ, ਜੋ ਕਿ ਸੁਆਦ ਦੇ ਪੱਖ ਤੋਂ ਬੜੇ ਹੀ ਰੌਚਕ ਕਹੇ ਗਏ ਹਨ। ਭਾਰਤੀ ਵਿਦਵਾਨ ਛੇ ਰਸ ਮੰਨਦੇ ਹਨ-ਮਿੱਠਾ, ਸਲੂਣਾ, ਚਟਪਟਾ, ਕਸੈਲਾ, ਖੱਟਾ ਤੇ ਕੌੜਾ । ਇਨ੍ਹਾਂ ਛੇ ਰਸਾਂ ਨੂੰ ਇੱਕ-ਦੂਜੇ ਨਾਲ ਮਿਲਾ ਕੇ ਛੱਤੀ ਕਿਸਮ ਦੇ ਭੋਜਨ ਤਿਆਰ ਕੀਤੇ ਜਾਂਦੇ ਹਨ ।

ਉਪਰੋਕਤ ਤੁਕਾਂ ਦੇ ਅਰਥ ਇਸ ਪ੍ਰਕਾਰ ਹਨ :-

ਹੇ ਭਾਈ ! ਜਿਸ ਪਰਮਾਤਮਾ ਨੇ ਤੈਨੂੰ ਅਨੇਕਾਂ ਕਿਸਮਾਂ ਦੇ ਸੁਆਦਲੇ ਖਾਣੇ ਦਿੱਤੇ, ਇਨ੍ਹਾਂ ਖਾਣਿਆਂ ਨੂੰ ਹਜ਼ਮ ਕਰਨ ਲਈ ਤੇਰੇ ਅੰਦਰ ਮਿਹਦਾ ਆਦਿਕ ਅੰਗ ਬਣਾਏ (ਉਸ ਮਾਲਕ ਪ੍ਰਭੂ ਦੇ ਚਰਨ ਆਪਣੇ ਚਿੱਤ ਵਿੱਚ ਪਰੋ ਰੱਖ।)

46. ਸਵਾਲ : ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪੰਗਤੀ ਹੈ--

ਪ੍ਰਥਮੇ ਮਾਖਨੁ ਪਾਛੈ ਦੂਧੁ ।।
ਮੈਲੂ ਕੀਨੋ ਸਾਬੁਨੁ ਸੂਧੁ ।।

ਮੱਖਣ ਪਹਿਲਾਂ ਅਤੇ ਦੁੱਧ ਪਿੱਛੋਂ ਕਿਵੇਂ ਹੋ ਸਕਦਾ ਹੈ ਅਤੇ ਮੈਲ.ਨੂੰ ਸਾਬਣ ਵਾਂਗ ਸ਼ੁੱਧ ਕਿਵੇਂ ਕੀਤਾ ਜਾ ਸਕਦਾ ਹੈ ?

ਜਵਾਬ : ਉਪਰੋਕਤ ਤੁਕ ਗੁਰੂ ਅਰਜਨ ਦੇਵ ਜੀ ਦੇ ਉਚਾਰਨ ਕੀਤੇ ਹੋਏ ਸ਼ਬਦ ਵਿੱਚ ਪੰਨਾ-੯੦੦ ਉਪਰ ਦਰਜ ਹੈ । ਇਸ ਸ਼ਬਦ ਵਿੱਚ ਪ੍ਰਭੂ ਦੇ ਅਸਚਰਜ ਕੰਮਾਂ ਦਾ ਵਰਨਣ ਕੀਤਾ ਗਿਆ ਹੈ । ਇੱਥੇ ਮਾਖਨ, ਦੁੱਧ, ਮੈਲ ਅਤੇ ਸਾਬਣ ਸੰਕੇਤਕ ਸ਼ਬਦਾਂ ਦੇ ਤੌਰ ਤੇ ਵਰਤੇ ਗਏ ਹਨ । ਸਬੰਧਿਤ ਤੁੱਕ ਦੇ ਅਰਥ ਇਸ ਤਰ੍ਹਾਂ ਹਨ :-

ਹੇ ਭਾਈ ! ਪਹਿਲਾਂ ਦੁੱਧ ਹੁੰਦਾ ਹੈ, ਉਸਨੂੰ ਰਿੜਕਿਆਂ ਉਸ ਦੁੱਧ ਦਾ ਤੱਤ ਮੱਖਣ ਪਿਛੋਂ ਨਿਕਲਦਾ ਹੈ, ਪਰ ਵੇਖ ਸ੍ਰਿਸ਼ਟੀ ਦਾ ਤੱਤ-ਮੱਖਣ (ਪ੍ਰਮਾਤਮਾ) ਪਹਿਲਾਂ ਮੌਜੂਦ ਹੈ ਅਤੇ ਦੁੱਧ (ਉਸਦਾ ਪਸਾਰਾ-ਜਗਤ) ਪਿੱਛੋਂ ਬਣਦਾ ਹੈ । ਇਸੇ ਤਰ੍ਹਾਂ ਉਹ ਬੱਚੇ ਲਈ ਮੈਲ (ਮਾਤਾ ਦੇ ਲਹੂ) ਨੂੰ ਸਾਬਣ (ਚਿੱਟਾ ਦੁੱਧ) ਬਣਾ ਦਿੰਦਾ ਹੈ ।

ਸਾਰੇ ਸ਼ਬਦ ਵਿੱਚ ਇਹ ਸਿਧਾਂਤ ਹੈ ਕਿ ਐਸੇ ਸਮਰੱਥ ਪ੍ਰਭੂ ਦਾ ਸਾਸ ਗਿਰਾਸ ਸਿਮਰਨ ਕਰਦੇ ਰਹੋ ਜਿਸਦੇ ਹੁਕਮ ਦੇ ਅਧੀਨ ਸਾਰੀ ਸ੍ਰਿਸ਼ਟੀ ਦਾ ਕਾਰ ਵਿਹਾਰ ਚਲ ਰਿਹਾ ਹੈ ।

47. **ਸਵਾਲ : "ਗੁਰ ਸੇਵਾ ਤੇ ਭਗਤਿ ਕਮਾਈ ।।**
ਤਬ ਇਹ ਮਾਨਸ ਦੇਹੀ ਪਾਈ ।।" (ਪੰਨਾ-੧੧੫੯)
ਇਸ ਤੁਕ ਦਾ ਅਰਥ ਵਿਸਥਾਰ ਨਾਲ ਦੱਸੋ?

ਜਵਾਬ : ਇਹ ਤੁਕ ਭੈਰਉ ਰਾਗ ਵਿੱਚ ਉਚਾਰਨ ਕੀਤੇ ਕਬੀਰ ਸਾਹਿਬ ਜੀ ਦੇ ਸ਼ਬਦ ਵਿਚੋਂ ਹੈ, ਜਿਸ ਦੀ ਰਹਾਉ ਵਾਲੀ ਤੁਕ, ਜਿਸ ਦੁਆਲੇ ਸਾਰਾ ਸ਼ਬਦ ਉਲੀਕਿਆ ਹੋਇਆ ਹੈ, ਇਉਂ ਹੈ—

ਭਜਹੁ ਗੋਬਿੰਦ, ਭੂਲਿ ਮਤ ਜਾਹੁ ।।
ਮਾਨਸ ਜਨਮ ਕਾ ਏਹੀ ਲਾਹੁ ।। ੧ ।। ਰਹਾਉ ।।

ਸੁਆਲ ਵਾਲੀ ਤੁਕ ਨੂੰ ਸਮਝਣ ਵਾਸਤੇ ਆਓ ਪਹਿਲਾਂ ਰਹਾਉ ਵਾਲੀ ਤੁਕ ਦੇ ਭਾਵ ਅਰਥ ਮਨ ਵਿੱਚ ਵਸਾ ਲਈਏ :

ਕਬੀਰ ਸਾਹਿਬ ਕਹਿੰਦੇ ਹਨ ਕਿ ਹੇ ਭਾਈ ! ਗੋਬਿੰਦ ਨੂੰ ਸਿਮਰੋ, ਇਹ ਗੱਲ ਭੁਲਾ ਨਾ ਦੇਣੀ । ਇਹ ਸਿਮਰਨ ਹੀ ਮਨੁੱਖਾ ਜਨਮ ਦੀ ਖੱਟੀ ਕਮਾਈ ਹੈ ।

ਸੁਆਲ ਵਿਚਲੀ ਤੁਕ ਨਾਲ ਅਗਲੀਆਂ ਪੰਗਤੀਆਂ "**ਇਸ ਦੇਹੀ ਕਉ ਸਿਮਰਹਿ ਦੇਵ ।। ਸੋ ਦੇਹੀ, ਭਜੁ ਹਰਿ ਕੀ ਸੇਵ ।। ੧ ।।**" ਨਾਲ ਰਲਾ ਕੇ ਅਰਥ ਇਉਂ ਬਣਦੇ ਹਨ—

ਹੇ ਭਾਈ ! ਜੇ ਤੂੰ ਗੁਰੂ ਦੀ ਸੇਵਾ ਰਾਹੀਂ ਭਗਤੀ ਦੀ ਕਮਾਈ ਕਰੇਂ, ਤਾਂ ਹੀ ਇਹ ਮਨੁੱਖਾ ਦੇਹੀ ਮਿਲੀ ਸਮਝ । ਇਸ ਦੇਹੀ (ਸਰੀਰ) ਦੀ ਖਾਤਿਰ ਦੇਵਤੇ ਵੀ ਤਾਂਘਦੇ ਹਨ । ਤੈਨੂੰ ਇਹ ਦੇਹੀ ਮਿਲੀ ਹੈ, ਇਸ ਰਾਹੀਂ ਨਾਮ ਸਿਮਰ, ਹਰੀ ਦਾ ਭਜਨ ਕਰ ।

48. ਸਵਾਲ : "ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ,
ਹਾਥੀ ਚੁਨੀ ਨ ਜਾਇ ।।
ਕਹਿ ਕਬੀਰ ਗੁਰਿ ਭਲੀ ਬੁਝਾਈ,
ਕੀਟੀ ਹੋਇ ਕੈ ਖਾਇ ।।" (ਪੰਨਾ-੧੩੭੭)
ਇਸ ਸਲੋਕ ਵਿੱਚ ਹਾਥੀ ਦਾ ਉਚਾਰਣ ਕਿਵੇਂ ਕਰਨਾ ਹੈ? ਇਥੇ ਹਾਥੀ ਦਾ ਭਾਵ ਹਥਾਂ ਨਾਲ ਹੈ ਜਾਂ ਵੱਡਾ ਹਾਥੀ ?

ਜਵਾਬ : ਇਸ ਸਲੋਕ ਵਿੱਚ ਸਹੀ ਉਚਾਰਣ ਹਾਥੀ ਹੀ ਹੈ ਜਿਹੜਾ ਜੰਗਲ ਵਿੱਚ ਸਭ ਤੋਂ ਵੱਡਾ ਜਾਨਵਰ ਹੈ । "ਹਾਥੀ ਚੁਨੀ ਨ ਜਾਇ" ਦਾ ਭਾਵ ਅਰਥ ਹੈ ਕਿ ਰੇਤੇ ਵਿੱਚ ਖਿੰਡੀ ਹੋਈ ਖੰਡ ਹਾਥੀ ਪਾਸੋਂ ਨਹੀਂ ਚੁਣੀ ਜਾ ਸਕਦੀ । ਜੇ ਅਸੀਂ ਹਾਥੀ ਦਾ ਅਰਥ ਹੱਥਾਂ ਨਾਲ ਕਰਦੇ ਹਾਂ ਤਾਂ ਗਲਤ ਹੈ ਕਿਉਂਕਿ ਹੱਥਾਂ ਨਾਲ ਤਾਂ ਖੰਡ ਦੇ ਕਿਣਕੇ ਚੁਣ ਹੀ ਸਕਦੇ ਹਾਂ । ਹਾਥੀ ਦਾ ਅਰਥ ਹੱਥਾਂ ਨਾਲ ਕਰਨ ਨਾਲ ਸਾਰੇ ਸਲੋਕ ਦਾ ਅਰਥ ਭਾਵ ਹੀ ਬਦਲ ਜਾਂਦਾ ਹੈ । ਸਹੀ ਉਚਾਰਣ "ਹਾਥੀ" ਕਰਨ ਨਾਲ ਇਸ ਸਲੋਕ ਦੇ ਅਰਥ ਇਉਂ ਹਨ :-

"ਪ੍ਰਭੂ ਦਾ ਨਾਮ, ਮਾਨੋ, ਰੇਤੇ ਵਿੱਚ ਖਿੱਲਰੀ ਹੋਈ ਖੰਡ ਹੈ, ਜਿਹੜੀ ਹਾਥੀ ਪਾਸੋਂ ਨਹੀਂ ਚੁਣੀ ਜਾ ਸਕਦੀ । ਕਬੀਰ ਸਾਹਿਬ ਕਹਿੰਦੇ ਹਨ ਕਿ ਪੂਰੇ ਸਤਿਗੁਰੂ ਨੇ ਚੰਗੀ ਸੋਝੀ ਦਿੱਤੀ ਹੈ ਕਿ ਮਨੁੱਖ ਕੀੜੀ ਬਣ ਕੇ ਇਹ ਖੰਡ ਖਾ ਸਕਦਾ ਹੈ ।" ਭਾਵ ਵੱਡੀ ਸ਼ਕਤੀ ਅਤੇ ਅਕਾਰ ਵਾਲਾ ਅਰਥਾਤ ਹੰਕਾਰੀ ਜੀਵ ਪ੍ਰਭੂ ਦੇ ਨਾਮ ਦੀ ਪ੍ਰਾਪਤੀ ਨਹੀਂ ਕਰ ਸਕਦਾ, ਗਰੀਬੀ ਅਰਥਾਤ ਹਲੀਮੀ ਵਾਲੇ ਸੁਭਾਅ ਵਾਲਾ ਬੰਦਾ ਹੀ ਨਾਮ ਸਿਮਰਨ ਕਰ ਸਕਦਾ ਹੈ ।

49. ਸਵਾਲ: "ਸੱਵਈਏ ਮਹਲੇ ਪਹਿਲੇ ਕੇ ੧" ਵਿੱਚ ੧ ਅੰਕ ਪੜ੍ਹਨਾ ਚਾਹੀਦਾ ਹੈ ਜਾਂ ਨਹੀਂ ?

ਜਵਾਬ : ਇਥੇ ੧ ਅੰਕ ਪੜ੍ਹਣ ਦੀ ਲੋੜ ਨਹੀਂ ।
ਇਸੇ ਤਰ੍ਹਾਂ ਸਵਈਏ ਮਹਲੇ ਦੂਜੇ ਕੇ ੨
ਸਵਈਏ ਮਹਲੇ ਤੀਜੇ ਕੇ ੩
ਵਿੱਚ ੨ ਅਤੇ ੩ ਅੰਕ ਉਚਾਰਨ ਕਰਨ ਦੀ ਲੋੜ ਨਹੀਂ ।

50. ਸਵਾਲ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੧੧੯੩ ਤੇ ਲਿਖਿਆ ਹੈ—

ਬਸੰਤ ਕੀ ਵਾਰ ਮਹਲੁ ੫।।

ਇਥੈ ਮਹਲੁ ਦਾ ਅਰਥ ਅਤੇ ਉਚਾਰਨ ਕੀ ਹੈ ?

ਜਵਾਬ : ਮਹਲੁ ਅਤੇ ਮਹਲਾ ਦਾ ਇਕੋ ਹੀ ਅਰਥ ਹੈ— ਸਰੀਰ । ਇਸ ਲਈ ਮਹਲਾ ੫ ਜਾਂ ਮਹਲੁ ੫ ਦਾ ਅਰਥ ਹੈ— ਗੁਰੂ ਨਾਨਕ ਦੇਵ ਜੀ ਪੰਜਵੇਂ ਸਰੀਰ ਵਿੱਚ ; ਭਾਵ, ਗੁਰੂ ਅਰਜੁਨ ਦੇਵ ਜੀ ।

'ਮਹਲੁ' ਦਾ ਉਚਾਰਨ ਅੱਧਕ ਤੋਂ ਬਿਨਾਂ 'ਮਹਲ' ਹੀ ਹੋਵੇਗਾ ।

51. ਸਵਾਲ : ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੩੪੮ ਉਤੇ ਆਸਾ ਮਹਲਾ ੪, ਸੋ ਪੁਰਖੁ. . . ਵਾਲੇ ਸ਼ਬਦ ਨੂੰ ਸੋ ਦਰੁ ਦੇ ਬਾਅਦ ਦਿਤਾ ਗਿਆ ਹੈ ਅਤੇ ਅੰਕ ।। ੫ ।। ੨ ।। ਹੈ । ਇਥੇ ।। ੫ ।। ਤਾਂ ਪੰਚਪਦੇ ਲਈ ਹੈ ਪਰ ।। ੨ ।। ਦੇ ਬਾਰੇ ਜਾਣਕਾਰੀ ਦਿਉ ।

ਜਵਾਬ : ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹਰ ਰਾਗ ਵਿੱਚ ਇਹ ਨਿਯਮ ਅਪਣਾਇਆ ਗਿਆ ਹੈ ਕਿ ਪਹਿਲਾਂ ਘਰ ੧ ਦੇ ਸ਼ਬਦ, ਫਿਰ ਘਰ ੨, ਘਰ ੩, ਘਰ ੧੭ ਦੇ ਸ਼ਬਦ ਦਿੱਤੇ ਗਏ ਹਨ ।

'ਸੋ ਪੁਰਖੁ' ਵਾਲਾ ਸ਼ਬਦ ਘਰ ੧ ਦਾ ਦੂਜਾ ਸ਼ਬਦ ਹੈ ਇਸ ਲਈ ।। ੨ ।। ਅੰਕ ਪਾਇਆ ਹੋਇਆ ਹੈ ।

ਇਸ ਤੋਂ ਬਾਅਦ ਘਰ ੨ ਦੇ ਪਹਿਲੇ ਸ਼ਬਦ ਦੇ ਅੰਤ ਵਿੱਚ ।। ੪ ।। ੧ ।। ਲਿਖਿਆ ਹੋਇਆ ਹੈ, ਇਥੇ ।। ੪ ।। ਚਉਪਦੇ ਲਈ ਹੈ ਅਤੇ ।। ੧ ।। ਦਾ ਭਾਵ ਹੈ, ਇਸ ਰਾਗ ਵਿੱਚ ਘਰ ੨ ਦਾ ਪਹਿਲਾ ਸ਼ਬਦ ।

52. ਸਵਾਲ : ਹੇਠ ਲਿਖੀ ਤੁਕ ਦਾ ਸ਼ੁੱਧ ਉਚਾਰਣ ਦੱਸੋ —

"ਹਉ ਮਨੁ ਅਰਪੀ ਸਭੁ ਤਨੁ ਅਰਪੀ ਅਰਪੀ ਸਭਿ ਦੇਸਾ ।।"

ਅਰਪੀ ਉੱਤੇ ਬਿੰਦੀ ਲਾਣੀ ਹੈ ਕਿ ਨਹੀਂ ?

ਦੇਸਾ ਦਾ ਕੀ ਅਰਥ ਹੈ ?

ਜਵਾਬ : ਇਸ ਤੁਕ ਵਿੱਚ ਆਏ ਸ਼ਬਦਾਂ ਦਾ ਸ਼ੁੱਧ ਉਚਾਰਣ ਅਤੇ ਅਰਥ ਭਾਵ ਸਮਝਣ ਲਈ ਆਓ ! ਪਹਿਲਾਂ ਦੋਵੇਂ ਤੁਕਾਂ ਨੂੰ ਅਰਧ ਵਿਸਰਾਮ ਚਿਨ੍ਹ, ਲਗਾ ਕੇ ਲਿਖ ਲਈਏ—

ਹਉ ਮਨੁ ਅਰਪੀ, ਸਭੁ ਤਨੁ ਅਰਪੀ,
ਅਰਪੀ ਸਭਿ ਦੇਸਾ ।।

ਹਉ ਸਿਰੁ ਅਰਪੀ, ਤਿਸੁ ਮੀਤ ਪਿਆਰੇ,
ਜੋ ਪ੍ਰਭ ਦੇਇ ਸਦੇਸਾ ॥ (ਪੰਨਾ-੨੪੭)

ਇਸ ਤਰ੍ਹਾਂ ਕਰਨ ਨਾਲ ਸਹੀ ਉਚਾਰਣ ਅਤੇ ਅਰਥ ਆਪਣੇ ਆਪ ਉੱਘੜ ਆਉਂਦੇ ਹਨ ।

ਅਰਪੀ ਨੂੰ ਬਿੰਦੀ ਲਗਾ ਕੇ ਬੋਲਣ ਨਾਲ 'ਅਰਪੀਂ ' ਸ਼ਬਦ ਦਾ ਅਰਥ ਅਰਪ ਦਿਆਂ (ਭੇਟ ਕਰ ਦਿਆਂ) ਸਾਫ ਜ਼ਾਹਰ ਹੋ ਜਾਂਦਾ ਹੈ । ਇਸੇ ਹੀ ਤਰ੍ਹਾਂ 'ਹਉ' ਨੂੰ ਬਿੰਦੀ ਲਗਾ ਕੇ 'ਹਉਂ' ਦਾ ਅਰਥ ਹੈ "ਮੈਂ" ।

ਦੇਸ ਦਾ ਬਹੁ ਵਚਨ ਦੇਸਾ ਹੈ । ਪੰਜਾਬੀ ਉਚਾਰਣ ਦੇਸਾ ਹੀ ਹੈ ਪਰ ਹਿੰਦੀ, ਸੰਸਕ੍ਰਿਤ ਉਚਾਰਣ "ਸ" ਦੇ ਪੈਰ ਵਿੱਚ ਬਿੰਦੀ ਲਗਾ ਕੇ ਬੋਲਣ ਨਾਲ ਦੇਸ਼ ਤੇ ਦੇਸ਼ਾ ਬਣ ਜਾਂਦਾ ਹੈ । ਸਾਨੂੰ ਸ਼ੁੱਧ ਪੰਜਾਬੀ ਉਚਾਰਣ "ਦੇਸਾ" ਹੀ ਵਰਤਣਾ ਚਾਹੀਦਾ ਹੈ । ਜਿਸ ਦਾ ਅਰਥ ਮੁਲਕ ਹੈ, ਸਭ ਦੇਸਾ-- ਸਾਰੇ ਦੇਸ (ਮੁਲਕ) ਭਾਵ ਗਿਆਨ ਇੰਦ੍ਰੇ । ਇਵੇਂ ਹੀ ਸਦੇਸਾ ਦਾ ਅਰਥ ਹੈ ਸੁਨੇਹਾ ।

53. **ਸਵਾਲ : ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੦੧੯ ਤੇ "ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ" ਉੱਪਰ ਲਿਖਿਆ ਹੋਇਆ ਹੈ--**
ਮਾਰੂ ਮਹਲਾ ੫ ਘਰੁ ੮ ਅੰਜੁਲੀਆ ।
ਇਸ ਦਾ ਕੀ ਅਰਥ ਹੈ ?

ਜਵਾਬ : ਮਾਰੂ ਮਹਲਾ ੫ ਦਾ ਅਰਥ ਹੈ ਰਾਗ ਮਾਰੂ ਵਿੱਚ ਪੰਜਵੇਂ ਮਹਲੇ ਅਰਥਾਤ ਪੰਜਵੇਂ ਨਾਨਕ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ।

ਘਰੁ ੮ ਦਾ ਭਾਵ ਹੈ ਕਿ ਇਸ ਸ਼ਬਦ ਨੂੰ ਅੱਠਵੇਂ ਸੁਰ ਪ੍ਰਸਤਾਰ ਅਥਵਾ ਤਾਲ ਅਨੁਸਾਰ ਗਾਉਣਾ ਹੈ ।

ਅੰਜੁਲੀ ਦਾ ਅਰਥ ਹੈ ਪਿਤਰ ਦੇਵਤਾ ਆਦਿਕ ਨੂੰ ਪਾਣੀ ਦੀ ਚੁਲੀ ਅਰਥਾਤ ਮੋਏ ਪ੍ਰਾਣੀ ਲਈ ਤਿਲਾਂਜਲੀ । ਸਤਿਗੁਰੂ ਜੀ ਨੇ ਇਸ ਨੂੰ ਅਵਿੱਦਿਆ ਕਰਮ ਦੱਸਕੇ ਆਪਣੇ ਸਿੱਖਾਂ ਨੂੰ ਅਕਾਲ ਪੁਰਖ ਦਾ ਭਾਣਾ ਮੰਨਣ ਦੀ ਸ਼ੁੱਭ ਸਿਖਿਆ ਦੇਣ ਲਈ " ਅੰਜੁਲੀ" ਦੇ ਸਿਰਲੇਖ ਹੇਠ ਮਾਰੂ ਰਾਗ ਵਿੱਚ ਸ਼ਬਦ ਉਚਾਰਨ ਕੀਤੇ ਹਨ । ਪੰਨਾ ੧੦੦੭ ਤੇ ਮਾਰੂ ਅੰਜੁਲੀ ਮ: ੫ ਘਰ ੭ ਦੇ ਸਿਰਲੇਖ ਹੇਠ "**ਸੰਜੋਗੁ ਧੁਰਹੁ ਹੀ ਹੋਆ**" ਨਾਲ ਸ਼ਬਦ ਸ਼ੁਰੂ ਹੁੰਦੇ ਹਨ ਜਦ ਕਿ ਪੰਨਾ ੧੦੧੯ ਤੇ "**ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ**" ਦੀ ਤੁਕ ਨਾਲ ਸ਼ਬਦ ਅਰੰਭ ਹੁੰਦੇ ਹਨ । ਇਸ ਪੰਨੇ ਤੇ "ਅੰਜੁਲੀਆ" ਅੰਜਲੀ ਸ਼ਬਦ ਦਾ ਬਹੁ ਵਚਨ ਹੈ ਜਿਸ ਵਿੱਚ "ਆ" ਤੇ ਬਿੰਦੀ ਲਾ ਕੇ ਅੰਜੁਲੀਆਂ ਉਚਾਰਣ ਕੀਤਾ ਜਾਂਦਾ ਹੈ ।

54. ਸਵਾਲ : ਭਾਵੇਂ ਗੁਰਬਾਣੀ ਅਨੁਸਾਰ "ਰਿਧਿ ਸਿਧਿ ਅਵਰਾ ਸਾਦ" ਹੈ ਪਰ ਜੇ ਕੋਈ ਆਪਣੇ ਸੁਆਦ ਵਾਸਤੇ ਕਿਸੇ ਦੀ ਘਰੇਲੂ ਜ਼ਿੰਦਗੀ ਵਿੱਚ ਜ਼ਹਿਰ ਘੋਲ ਦੇਵੇ, ਪ੍ਰਵਾਰ ਦੇ ਜੀਆਂ ਨੂੰ ਬੀਮਾਰੀ ਜਾਂ ਇਸ ਤੋਂ ਵੀ ਭਿਆਨਕ ਡਰ ਦੇਵੇ ਜਾਂ ਉਸ ਦੀ ਰੋਜ਼ ਦੀ ਜ਼ਿੰਦਗੀ ਖਰਾਬ ਕਰ ਦੇਵੇ ਤਾਂ ਉਸ ਸੱਜਣ ਨੂੰ ਆਪਣੇ ਬਚਾਓ ਲਈ ਕੀ ਕਰਨਾ ਚਾਹੀਦਾ ਹੈ ?

ਜਵਾਬ : ਆਓ ਇਸ ਪ੍ਰਸ਼ਨ ਦਾ ਉੱਤਰ ਆਪਣੇ ਜੁਗੋ ਜੁੱਗ ਅਟੱਲ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪੁੱਛੀਏ ਕਿ ਇਸ ਸੰਬੰਧ ਵਿੱਚ ਉਨ੍ਹਾਂ ਦਾ ਕੀ ਉਪਦੇਸ਼ ਹੈ ? ਬਿਲਾਵਲੁ ਰਾਗ ਵਿੱਚ ਅੰਕਤ ਕੁੱਝ ਸ਼ਬਦਾਂ ਦੀਆਂ ਹੇਠ ਲਿਖੀਆਂ ਤੁਕਾਂ ਨੂੰ ਵਿਚਾਰਨ ਨਾਲ ਸਾਨੂੰ ਸਹੀ ਸੇਧ ਮਿਲ ਜਾਂਦੀ ਹੈ–

(੧) ਦੂਖੁ ਨ ਲਾਗੈ ਕਦੇ ਤੁਧੁ ਪਾਰਬ੍ਰਹਮੁ ਚਿਤਾਰੇ ।।
ਜਮ ਕੰਕਰੁ ਨੇੜਿ ਨ ਆਵਈ,
ਗੁਰਸਿਖ ਪਿਆਰੇ ।। ੧ ।। ਰਹਾਉ ।। (ਪੰਨਾ-੮੧੮)

(੨) ਰਾਮ ਨਾਮੁ ਜੋ ਜਨੁ ਜਪੈ ਅਨਦਿਨੁ ਸਦ ਜਾਗੈ ।।
ਤੰਤੁ ਮੰਤੁ ਨਹ ਜੋਹਈ, ਤਿਤੁ ਚਾਖੁ ਨ ਲਾਗੈ ।। ਰਹਾਉ ।।
(ਪੰਨਾ-੮੧੭-੧੮)

(੩) ਤਾਤੀ ਵਾਉ ਨ ਲਗਈ, ਪਾਰਬ੍ਰਹਮ ਸਰਣਾਈ ।।
ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ ।।
(ਪੰਨਾ-੮੧੯)

ਸਤਿਗੁਰੂ ਸਚੇ ਪਾਤਸ਼ਾਹ ਸਾਫ਼-ਸਾਫ਼ ਕਹਿ ਰਹੇ ਹਨ ਕਿ ਐ ਪਿਆਰੇ ਗੁਰਸਿੱਖ ! ਜੇ ਤੂੰ ਪ੍ਰਭੂ ਨੂੰ ਆਪਣੇ ਚਿੱਤ ਵਿੱਚ ਵਸਾਈ ਰੱਖੇਂਗਾ ਤਾਂ ਤੈਨੂੰ ਕਦੇ ਵੀ ਕੋਈ ਦੁੱਖ ਪੋਹ ਨਹੀਂ ਸਕੇਗਾ । ਦੁੱਖ ਤਾਂ ਇੱਕ ਪਾਸੇ ਰਹੇ ਜਮਦੂਤ ਵੀ ਤੇਰੇ ਨੇੜੇ ਨਹੀਂ ਆਵੇਗਾ । ਜਿਹੜਾ ਮਨੁੱਖ ਪ੍ਰਭੂ ਦਾ ਨਾਮ ਜਪਦਾ ਰਹਿੰਦਾ ਹੈ ਉਹ ਹਰ ਵੇਲੇ ਵਿਕਾਰਾਂ ਵਲੋਂ ਸੁਚੇਤ ਰਹਿੰਦਾ ਹੈ । ਕੋਈ ਜਾਦੂ ਟੂਣਾ (ਤੰਤੁ ਮੰਤੁ) ਉਸ ਉਤੇ ਅਸਰ ਨਹੀਂ ਕਰ ਸਕਦਾ ਤੇ ਕੋਈ ਭੈੜੀ ਨਜ਼ਰ (ਚਾਖੁ) ਉਸ ਨੂੰ ਨਹੀਂ ਲੱਗ ਸਕਦੀ । ਪ੍ਰਭੂ ਦੀ ਸ਼ਰਨ ਪਿਆਂ ਆਧੀਆਂ ਬਿਆਧੀਆਂ (ਮਾਨਸਿਕ ਤੇ ਸਰੀਰਕ ਰੋਗ) ਦਾ ਸੇਕ ਨਹੀਂ ਲਗਦਾ । ਗੁਰੂ ਕੇ ਸਿੱਖਾਂ ਦੇ ਦੁਆਲੇ ਪ੍ਰਭੂ ਦੇ ਨਾਮ ਦੀ ਇੱਕ ਪ੍ਰਕਾਰ ਦੀ ਲਕੀਰ ਹੈ ਜਿਸ ਦੀ ਬਰਕਤ ਨਾਲ ਕੋਈ ਦੁੱਖ ਨੇੜੇ ਨਹੀਂ ਫਟਕ ਸਕਦਾ ।

ਜੇ ਕੋਈ ਬੰਦਾ ਕਿਸੇ ਤੇ ਜਾਦੂ ਟੂਣਾ ਕਰਦਾ ਹੈ ਅਤੇ ਉਸ ਦੇ ਤੰਤ੍ਰ ਮੰਤ੍ਰ ਦਾ ਅਸਰ ਕਬੂਲਿਆ ਜਾਂਦਾ ਹੈ ਤਾਂ ਇਸ ਵਿੱਚ ਸਾਰਾ ਕਸੂਰ ਸਾਡਾ ਹੀ

ਹੈ । ਪਹਿਲੀ ਗੱਲ ਤਾਂ ਇਹ ਹਾ ਕਿ ਅਸੀਂ ਸਿੱਖਾਂ ਵਾਲਾ ਭੇਖ ਹੀ ਬਣਾਈ ਬੈਠੇ ਹਾਂ, ਗੁਰਸਿੱਖੀ ਵਾਲੀ ਕੋਈ ਗੱਲ ਸਾਡੇ ਵਿੱਚ ਨਹੀਂ ਹੈ । ਅਸੀਂ ਨਿਗੁਰੇ ਹੀ ਆਪਣੇ ਆਪ ਨੂੰ ਸਿੱਖ ਹੋਣ ਦੀਆਂ ਡੀਗਾਂ ਮਾਰ ਰਹੇ ਹਾਂ । ਜੇ ਅੰਮ੍ਰਿਤ ਵੀ ਛਕ ਲਿਆ ਹੈ ਤਾਂ ਵੀ ਗੁਰੂ ਕੀ ਕਾਰ (ਨਾਮ ਜਪਣਾ) ਨਹੀਂ ਕਰਦੇ, ਉਸ ਦੇ ਹੁਕਮਾਂ ਦੀ ਪ੍ਰਵਾਹ ਨਹੀਂ ਕਰਦੇ । ਕੁਰਹਿਤਾਂ ਕਰਦੇ ਸਾਨੂੰ ਸ਼ਰਮ ਨਹੀਂ ਆਉਂਦੀ, ਪਤਿਤ ਹੋ ਕੇ ਵੀ ਅਸੀਂ ਆਪਣੇ ਆਪ ਨੂੰ ਉਚੇ ਗੁਰਸਿੱਖ ਦੱਸਦੇ ਹਾਂ ।

ਆਓ ! ਅਸੀਂ ਆਪੇ ਹੀ ਪੜਚੋਲ ਕਰੀਏ ਕਿ ਸਾਡੇ ਵਿੱਚ ਕੀ ਉਕਾਈ ਹੈ । ਸਤਿਗੁਰੂ ਬਖਸ਼ਿੰਦ ਹੈ, ਸਾਡੇ ਔਗੁਣਾਂ ਨੂੰ ਨਹੀਂ ਚਿਤਵਦਾ । ਲੋੜ ਕੇਵਲ ਮਨ ਨੂੰ ਸ਼ੁੱਧ ਕਰਨ ਦੀ ਹੈ, ਆਪਣੀਆਂ ਭੁੱਲਾਂ ਦੀ ਮੁਆਫੀ ਮੰਗ ਕੇ ਸਿੱਧੇ ਰਾਹ ਪੈ ਜਾਈਏ ।

55. ਸਵਾਲ : ਜਬ ਹੀ ਸਿਆਰੁ ਸਿੰਘ ਕਉ ਖਾਇ ।।
ਫੂਲਿ ਰਹੀ ਸਗਲੀ ਬਨਰਾਇ ।।
ਵਿਦਵਾਨਾਂ ਨੇ ਸਿਆਰੁ ਦਾ ਅਰਥ ਗਿੱਦੜ ਕੀਤਾ ਹੈ, ਪ੍ਰੰਤੂ ਗਿੱਦੜ ਤਾਂ ਸ਼ੇਰ ਨੂੰ ਖਾ ਨਹੀਂ ਸਕਦਾ । ਸੋ ਇਸ ਦੇ ਅਰਥ ਸਪੱਸ਼ਟ ਕਰੋ ਜੀ ?

ਜਵਾਬ : ਸੰਬੰਧਿਤ ਤੁਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੧੧੬੧ ਉੱਪਰ ਸੁਸ਼ੋਭਿਤ ਹੈ ਅਤੇ ਭਗਤ ਕਬੀਰ ਜੀ ਦੀ ਉਚਾਰਨ ਕੀਤੀ ਹੋਈ ਹੈ । ਇਥੇ ਸਿਆਰੁ ਅਤੇ ਸਿੰਘ ਸੰਕੇਤਕ ਸ਼ਬਦਾਂ ਦੇ ਤੌਰ ਤੇ ਵਰਤੇ ਗਏ ਹਨ । ਸਿਆਰੁ ਦਾ ਅਰਥ ਹੈ ਨਿਮਰਤਾ ਅਤੇ ਸਿੰਘ ਦਾ ਅਰਥ ਹੈ ਹੰਕਾਰ । ਇਥੇ ਇਹ ਦੱਸਿਆ ਗਿਆ ਹੈ ਕਿ ਜੇ ਸਾਡੇ ਅੰਦਰ ਹੰਕਾਰ ਹੋਵੇ ਤਾਂ ਕੋਈ ਗੁਣ ਹੁੰਦਿਆਂ ਹੋਇਆਂ ਵੀ ਹੰਕਾਰ ਦੀ ਲਪੇਟ ਵਿੱਚ ਆ ਕੇ ਖਤਮ ਹੋ ਜਾਂਦਾ ਹੈ ਅਤੇ ਜੇ ਨਿਮਰਤਾ ਆ ਜਾਵੇ ਤਾਂ ਇਸ ਨਾਲ ਹੰਕਾਰ ਵੀ ਖਤਮ ਹੋ ਜਾਂਦਾ ਹੈ ਅਤੇ ਹੋਰ ਗੁਣ ਵੀ ਪ੍ਰਫੁਲਤ ਹੁੰਦੇ ਹਨ ।

ਉਪਰਲੀ ਤੁਕ ਤੋਂ ਪਹਿਲੀ ਤੁਕ ਇਸ ਪ੍ਰਕਾਰ ਹੈ:

ਜਬ ਲਗੁ ਸਿੰਘੁ ਰਹੈ ਬਨ ਮਾਹਿ ।।
ਤਬ ਲਗੁ ਬਨੁ ਫੂਲੈ ਹੀ ਨਾਹਿ ।।

ਇਨ੍ਹਾਂ ਦੋਹਾਂ ਤੁੱਕਾਂ ਨੂੰ ਮਿਲਾ ਕੇ ਅਰਥ ਇਸ ਤਰ੍ਹਾਂ ਬਣਦੇ ਹਨ—

ਜਦੋਂ ਤੱਕ ਇਸ ਹਿਰਦੇ (ਰੂਪ ਜੰਗਲ) ਵਿੱਚ ਹੰਕਾਰ (ਸ਼ੇਰ) ਰਹਿੰਦਾ ਹੈ ਤਦ ਤਕ ਇਹ ਹਿਰਦਾ-ਫੁਲਵਾੜੀ ਫੁੱਲਦੀ ਨਹੀਂ (ਹਿਰਦੇ ਵਿੱਚ ਕੋਮਲ

ਗੁਣ ਉਘੜਦੇ ਨਹੀਂ)। ਪਰ ਜਦੋਂ ਨਿਮਰਤਾ (ਰੂਪ ਗਿੱਦੜ) ਹੰਕਾਰ (ਸ਼ੇਰ) ਨੂੰ ਖਾ ਜਾਂਦਾ ਹੈ ਤਾਂ (ਹਿਰਦੇ ਦੀ ਸਾਰੀ) ਬਨਸਪਤੀ ਨੂੰ ਫੁੱਲ ਲੱਗ ਜਾਂਦੇ ਹਨ ।

56. ਸਵਾਲ : ਗੁਰਬਾਣੀ ਵਿੱਚ ਮਨ ਦੀਆਂ ਤਰੰਗਾਂ ਦਾ ਜ਼ਿਕਰ ਆਉਂਦਾ ਹੈ । ਇਸ ਸੰਬੰਧ ਵਿੱਚ ਹੇਠ ਲਿਖੀਆਂ ਤੁਕਾਂ ਦੇ ਅਰਥ ਦੱਸਣ ਦੀ ਕ੍ਰਿਪਾਲਤਾ ਕਰਨੀ ਜੀ––

(i) **ਉਰਝਿ ਰਹਿਓ ਬਿਖਿਆ ਕੇ ਸੰਗਾ ।**
ਮਨਹਿ ਬਿਆਪਤ ਅਨਿਕ ਤਰੰਗਾ ।। (ਰਾਗ ਸੂਹੀ, ਮ: ੫, ਪੰਨਾ-੭੫੯)

(ii) **ਪਸਰਿਓ ਆਪਿ ਹੋਇ ਅਨਤ ਤਰੰਗ।।**
ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ।।
(ਗਉੜੀ ਸੁਖਮਨੀ, ਮ: ੫, ਪੰਨਾ-੨੭੫)

ਜਵਾਬ : ਪਹਿਲੀਆਂ ਤੁਕਾਂ ਦਾ ਸੰਬੰਧ ਮਨ ਨਾਲ ਹੈ ਜਦੋਂ ਕਿ ਸੁਖਮਨੀ ਸਾਹਿਬ ਵਾਲੀਆਂ ਤੁਕਾਂ ਪ੍ਰਮਾਤਮਾ ਦੀ ਵਿਆਪਕਤਾ ਪ੍ਰਗਟ ਕਰਦੀਆਂ ਹਨ । ਪਹਿਲੀਆਂ ਤੁਕਾਂ ਵਾਲੇ ਸ਼ਬਦ ਵਿੱਚ ਗੁਰੂ ਅਰਜਨ ਦੇਵ ਜੀ ਮਨ ਨੂੰ ਸੰਬੋਧਨ ਕਰਦੇ ਹੋਏ ਕਹਿੰਦੇ ਹਨ ਕਿ ਹੇ ਮੇਰੇ ਮਨ! ਉਹ ਪੂਰਨ ਪ੍ਰਮਾਤਮਾ ਕਿਵੇਂ ਲਭੇ? ਮਨੁੱਖ ਮਾਇਆ ਦੀ ਸੰਗਤ ਵਿੱਚ ਫਸਿਆ ਰਹਿੰਦਾ ਹੈ, ਉਸ ਦੇ ਮਨ ਨੂੰ ਲੋਭ ਦੀਆਂ ਅਨੇਕਾਂ ਲਹਿਰਾਂ (ਤਰੰਗਾਂ) ਦਬਾਈ ਰੱਖਦੀਆਂ ਹਨ ।

ਇਹਨਾਂ ਤੁਕਾਂ ਦੇ ਭਾਵ ਅਰਥ ਦਾ ਵਿਸਥਾਰ ਕਰਦੇ ਹੋਏ ਗੁਰੂ ਸਾਹਿਬ ਮਨੁੱਖ ਦੀ ਦਸ਼ਾ ਇਉਂ ਬਿਆਨ ਕਰਦੇ ਹਨ –

ਮੋਹ ਮਗਨ ਮਹਿ ਰਹਿਆ ਬਿਆਪੇ।।
ਅਤਿ ਤ੍ਰਿਸਨਾ ਕਬਹੂ ਨਹੀ ਧ੍ਰਾਪੇ ।।੨।।

(ਮੋਹ ਦੀ ਮਗਨਤਾ ਵਿੱਚ ਦਬਾਇਆ ਰਹਿੰਦਾ ਹੈ, ਹਰ ਵੇਲੇ ਇਸ ਨੂੰ ਮਾਇਆ ਦੀ ਬਹੁਤ ਹੀ ਤ੍ਰਿਸ਼ਨਾ ਲੱਗੀ ਰਹਿੰਦੀ ਹੈ, ਕਿਸੇ ਵੇਲੇ ਵੀ ਇਸ ਦਾ ਮਨ ਰੱਜਦਾ ਨਹੀਂ ।)

ਬਸਇ ਕਰੋਧੁ ਸਰੀਰਿ ਚੰਡਾਰਾ ।।
ਅਗਿਆਨਿ ਨ ਸੂਝੈ ਮਹਾ ਗੁਬਾਰਾ।।੩।।

(ਇਸ ਦੇ ਸਰੀਰ ਵਿੱਚ ਚੰਡਾਲ ਕ੍ਰੋਧ ਵਸਿਆ ਰਹਿੰਦਾ ਹੈ, ਬੇਸਮਝੀ ਕਾਰਨ ਇਸਦੇ ਜੀਵਨ-ਸਫਰ ਵਿੱਚ ਬੜਾ ਹਨੇਰਾ ਰਹਿੰਦਾ ਹੈ ਜਿਸ ਕਰਕੇ ਇਸ ਨੂੰ ਸਹੀ ਜੀਵਨ-ਰਸਤਾ ਨਹੀਂ ਸੁੱਝਦਾ ।)

ਭ੍ਰਮਤ ਬਿਆਪਤ ਜਰੇ ਕਿਵਾਰਾ।।
ਜਾਣੁ ਨ ਪਾਈਐ ਪ੍ਰਭ ਦਰਬਾਰਾ।।੪।।

(ਭਟਕਣਾ ਅਤੇ ਮਾਇਆ ਦਾ ਦੁਬਾਉ, ਇਹ ਦੋ ਕਿਵਾੜ (ਬੂਹੇ) ਹਰ ਵੇਲੇ ਬੰਦ ਰਹਿੰਦੇ ਹਨ ਜਿਸ ਕਾਰਨ ਇਹ ਪ੍ਰਮਾਤਮਾ ਦੇ ਦਰਬਾਰ ਵਿੱਚ ਪਹੁੰਚ ਨਹੀਂ ਸਕਦਾ ।)

ਆਸਾ ਅੰਦੇਸਾ ਬੰਧਿ ਪਰਾਨਾ ।।
ਮਹਲੁ ਨ ਪਾਵੈ ਫਿਰਤ ਬਿਗਾਨਾ ।। ੫ ।।

(ਹਰ ਵੇਲੇ ਮਾਇਆ ਦੀ ਆਸਾ ਅਤੇ ਚਿੰਤਾ-ਫਿਕਰ ਦੇ ਬੰਧਨ ਵਿੱਚ ਪਿਆ ਰਹਿੰਦਾ ਹੈ ਪ੍ਰਭੂ ਦੀ ਹਜ਼ੂਰੀ ਪ੍ਰਾਪਤ ਨਹੀਂ ਕਰ ਸਕਦਾ, ਪ੍ਰਦੇਸੀਆਂ ਵਾਂਗ ਰਾਹੋਂ ਖੁੰਝਿਆ ਹੋਇਆ ਭਟਕਦਾ ਫਿਰਦਾ ਹੈ।)

ਸਗਲ ਬਿਆਧਿ ਕੈ ਵਸਿ ਕਰਿ ਦੀਨਾ ।।
ਫਿਰਤ ਪਿਆਸ ਜਿਉ ਜਲ ਬਿਨੁ ਮੀਨਾ ।। ੬ ।।

(ਇਹ ਮਨੁੱਖ ਸਾਰੀਆਂ ਮਾਨਸਕ ਬੀਮਾਰੀਆਂ ਦੇ ਵਸ ਵਿੱਚ ਆਇਆ ਰਹਿੰਦਾ ਹੈ ਜਿਵੇਂ ਪਾਣੀ ਤੋਂ ਬਿਨਾ ਮੱਛੀ ਤੜਫਦੀ ਹੈ ਤਿਵੇਂ ਇਹ ਤ੍ਰਿਸ਼ਨਾ ਦਾ ਮਾਰਿਆ ਭਟਕਦਾ ਹੈ ।)

ਹਾਂ ਜੀ ! ਮਨੁੱਖ
ਉਰਝਿ ਰਹਿਓ ਬਿਖਿਆ ਕੇ ਸੰਗਾ ।।
ਮਨਹਿ ਬਿਆਪਤ ਅਨਿਕ ਤਰੰਗਾ ।।

. . . .

ਸਗਲ ਬਿਆਧਿ ਕੈ ਵਸਿ ਕਰਿ ਦੀਨਾ ।।
ਫਿਰਤ ਪਿਆਸ ਜਿਉ ਜਲ ਬਿਨੁ ਮੀਨਾ ।। ੬ ।।

ਸੁਖਮਨੀ ਸਾਹਿਬ ਵਾਲੀਆਂ ਤੁਕਾਂ—

"ਪਸਰਿਓ ਆਪਿ ਹੋਇ ਅਨਤ ਤਰੰਗ ।। ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ ।।" ਦਾ ਅਰਥ ਇਹ ਹੈ ਕਿ ਜੀਵਨ ਦੀਆਂ ਬੇਅੰਤ ਲਹਿਰਾਂ ਬਣ ਕੇ ਅਕਾਲ ਪੁਰਖ ਆਪ ਸਭ ਥਾਂਈ ਮੌਜੂਦ ਹੈ, ਉਸ ਦੇ ਖੇਲ੍ਹ (ਰੰਗ ਤਮਾਸ਼ੇ) ਬਿਆਨ ਨਹੀਂ ਕੀਤੇ ਜਾ ਸਕਦੇ !

57. ਸਵਾਲ : "ਤੀਨੇ ਤਾਪ ਨਿਵਾਰਣਹਾਰਾ ਦੁਖ ਹੰਤਾ ਸੁਖ ਰਾਸਿ ।।
ਤਾ ਕਉ ਬਿਘਨੁ ਨ ਕੋਊ ਲਾਗੈ
ਜਾ ਕੀ ਪ੍ਰਭ ਆਗੈ ਅਰਦਾਸਿ ।"
ਤਿੰਨ ਤਾਪ ਕਿਹੜੇ ਹਨ ? ਇਸ ਤੁਕ ਦੇ ਅਰਥ ਸਮਝਾਉ ।

ਜਵਾਬ : (ੳ) ਤਿੰਨ ਤਾਪ ਹੇਠ ਲ਼ਿਖੇ ਹਨ—

(੧) ਆਧਿ - ਮਾਨਸਕ ਰੋਗ (ਮਨ ਦੇ ਰੋਗ)

(੨) **ਬਿਆਧਿ**-ਸਰੀਰਕ ਰੋਗ

(੩) **ਉਪਾਧਿ**-ਝਗੜੇ, ਠੱਗੀ, ਫਰੇਬ ਆਦਿਕ (ਝਗੜੇ ਝੰਬੇਲੇ)।

ਇਹ ਤੁਕ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਟੋਡੀ ਰਾਗ ਵਿੱਚ ਉਚਾਰਨ ਕੀਤੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ-੭੧੪ ਉੱਤੇ ਦਰਜ ਸ਼ਬਦ ਦੀ ਹੈ ਜਿਹੜਾ "**ਹਰਿ ਕੇ ਚਰਨ ਕਮਲ ਮਨਿ ਧਿਆਉ**" ਦੀ ਪੰਗਤੀ ਨਾਲ ਸ਼ੁਰੂ ਹੁੰਦਾ ਹੈ । ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਹੇ ਭਾਈ ! ਪ੍ਰਭੂ ਦਾ ਨਾਮ ਮਨੁੱਖ ਦੇ ਅੰਦਰੋਂ ਆਧਿ, ਬਿਆਧਿ, ਉਪਾਧਿ ਰੂਪ ਤਿੰਨੇ ਹੀ ਤਾਪ ਦੂਰ ਕਰਨ ਵਾਲਾ ਹੈ, ਸਾਰੇ ਦੁੱਖਾਂ ਦਾ ਨਾਸ ਕਰਨ ਵਾਲਾ ਹੈ ਅਤੇ ਸੁੱਖਾਂ ਦੀ ਰਾਸ (ਸਰਮਾਇਆ) ਹੈ । ਜਿਹੜਾ ਮਨੁੱਖ ਪ੍ਰਭੂ ਦੇ ਦਰ ਤੇ ਅਰਦਾਸ ਕਰਦਾ ਰਹਿੰਦਾ ਹੈ ਉਸ ਨੂੰ ਆਪਣੇ ਜੀਵਨ ਪੰਧ (ਰਸਤੇ) ਵਿੱਚ ਕੋਈ ਰੁਕਾਵਟ ਨਹੀਂ ਆਉਂਦੀ ।

58. **ਸਵਾਲ : (i) ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥**

(ii) ਨਾਨਕ ਤੇ ਮੁਖ ਉਜਲੇ ਹੋਰ ਕੇਤੀ ਛੁਟੀ ਨਾਲਿ ॥

ਦੇ ਅਰਥ ਕੀ ਹਨ? ਵਿਸਥਾਰ ਸਹਿਤ ਦੱਸਣ ਦੀ ਕਿਰਪਾ ਕਰੋ ਜੀ।

ਜਵਾਬ : ਪਹਿਲੀ ਪੰਗਤੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਚਾਰਨ ਕੀਤੀ ਹੋਈ ਬਾਣੀ "ਜਪੁ" ਜੀ ਦੇ ਅੰਤਲੇ ਸਲੋਕ ਦੀ ਅੰਤਲੀ ਤੁਕ ਦਾ ਅੰਤਲਾ ਹਿੱਸਾ ਹੈ ਅਤੇ ਦੂਜੀ ਪੰਗਤੀ ਰਾਗ ਮਾਝ ਦੀ ਵਾਰ ਦੀ ਅਠਾਰਵੀਂ ਪਉੜੀ ਦੇ ਸਲੋਕ ਮ: ੨ ਦੀ ਆਖਰੀ ਪੰਗਤੀ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ-੧੪੬ ਤੇ ਦਰਜ ਹੈ । ਪੂਰੀ ਤੁਕ ਇਉਂ ਹੈ–

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਹੋਰ ਕੇਤੀ ਛੁਟੀ ਨਾਲਿ ॥ (ਮ: ੨)

"ਜਪੁ" ਜੀ ਵਾਲੇ ਅਤੇ ਮਾਝ ਕੀ ਵਾਰ ਵਾਲੇ ਸਲੋਕਾਂ ਵਿੱਚ ਕੁੱਝ ਅੱਖਰਾਂ ਅਤੇ ਲਗਾਂ ਮਾਤਰਾਂ ਦਾ ਹੀ ਅੰਤਰ ਹੈ ਜਦੋਂ ਕਿ ਭਾਵ ਅਰਥ ਇਕੋ ਹੀ ਹਨ ।

ਹੇ ਨਾਨਕ ! ਜਿਨ੍ਹਾਂ ਮਨੁੱਖਾਂ ਨੇ ਪ੍ਰਭੂ ਦਾ ਨਾਮ ਸਿਮਰਿਆ ਹੈ ਉਹ ਆਪਣੀ ਮਿਹਨਤ ਸਫਲ ਕਰ ਗਏ ਹਨ, ਪ੍ਰਭੂ ਦੇ ਦਰ ਤੇ ਉਹ ਸੁਰਖਰੂ ਹਨ, ਉਨ੍ਹਾਂ ਦੀ ਸੰਗਤ ਸਦਕਾ ਹੋਰ ਕਿੰਨੇ ਹੀ ਲੋਕਾਂ ਦਾ ਛੁਟਕਾਰਾ ਹੋ ਜਾਂਦਾ ਹੈ ।

59. **ਸਵਾਲ : ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ " ਮੂਲ ਮੰਤ੍ਰ" ਦੇ ਕਿੰਨੀ ਵਾਰ ਦਰਸ਼ਨ ਹੁੰਦੇ ਹਨ ? ਸਿਰਫ ਇਕੱਲੇ " ੧ੳ" ਦੇ ਕਿੰਨੀ ਵਾਰੀ ਦਰਸ਼ਨ ਹੁੰਦੇ ਹਨ ?**

ਜਵਾਬ : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ "ੴ" ਤੋਂ ਹੀ ਸ਼ੁਰੂ ਹੁੰਦੀ ਹੈ। ਮੁੱਢ ਵਿੱਚ ਮੂਲ ਮੰਤਰ ਹੈ ਜਿਹੜਾ ਹਰ ਰਾਗ, ਨਵੀਂ ਕਾਵਿ ਵੰਨਗੀ ਵਾਲੇ ਸ਼ਬਦਾਂ/ਬਾਣੀ ਦੇ ਸ਼ੁਰੂ ਵਿੱਚ ਪੂਰਨ ਜਾਂ ਲਘੂ ਰੂਪ ਵਿੱਚ ਦਰਜ ਹੈ। ਇਸ ਦਾ ਵੇਰਵਾ ਇਉਂ ਹੈ-

੧. ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥..............................੩੩ ਵਾਰ

੨. ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ॥.....੯ ਵਾਰ

੩. ੴ ਸਤਿਨਾਮੁ ਗੁਰਪ੍ਰਸਾਦਿ॥.................੨ ਵਾਰ

੪. ੴ ਸਤਿ ਗੁਰਪ੍ਰਸਾਦਿ॥.................੫੨੩ ਵਾਰ

੫. ੴ (ਪੁਰਾਤਨ ਬੀੜਾਂ ਵਿੱਚ).................. ੧ ਵਾਰ

ਜੋੜ = ੫੬੭

ਇਸ ਵੇਰਵੇ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਪ੍ਰਤੱਖ ਰੂਪ ਵਿੱਚ "ੴ" ਦੇ ੫੬੭ ਵਾਰ ਵੱਖ-ਵੱਖ ਪੰਨਿਆਂ ਤੇ ਦਰਸ਼ਨ ਹੁੰਦੇ ਹਨ।

"ੴ" ਦਾ ਉਚਾਰਨ ਇੱਕ ਓਅੰਕਾਰ ਕੀਤਾ ਜਾਂਦਾ ਹੈ ਜਿਹੜਾ ੧+ੴ (ਇੱਕ+ਓਅੰ+ਕਾਰ) ਦੇ ਬਰਾਬਰ ਹੈ। ਓਅੰਕਾਰ ਸ਼ਬਦ ਨੂੰ ਮੁੱਖ ਰੱਖ ਕੇ ਉਚਾਰਨ ਕੀਤੀ ਹੋਈ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਰਾਮਕਲੀ ਰਾਗ ਅੰਦਰ ਪੰਨਾ-੯੨੯ ਤੋਂ ਅਰੰਭ ਹੁੰਦੀ ਹੈ ਜਿਸ ਵਿੱਚ ਸਾਨੂੰ ਓਅੰਕਾਰ ਦੇ ਦਰਸ਼ਨ ਹੁੰਦੇ ਹਨ। ਓਅੰਕਾਰਿ ਸ਼ਬਦ ਪੰਨਾ ੩੦, ੩੪੦, ੮੮੫, ੧੦੦੩ ਤੇ ਵੀ ਲਿਖਿਆ ਮਿਲਦਾ ਹੈ।

60. ਸਵਾਲ : ਕਿਰਪਾ ਕਰਕੇ ਇਸ ਤੁਕ ਦਾ ਅਰਥ ਵਿਸਥਾਰ ਸਹਿਤ ਦੱਸੋ ਜੀ ਅਤੇ ਇਹ ਵੀ ਦੱਸੋ ਕਿ ਇਹ ਕਿਸ ਗੁਰੂ ਜੀ ਨੇ ਲਿਖੀ ਹੈ—

ਭਗਉਤੀ ਰਹਤ ਜੁਗਤਾ॥ ਜੋਗੀ ਕਹਤ ਮੁਕਤਾ॥
ਤਪਸੀ ਤਪਹਿ ਰਾਤਾ॥

ਜਵਾਬ : ਇਹ ਤੁਕ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਉਚਾਰਨ ਕੀਤੇ ਸਿਰੀ ਰਾਗ ਦੇ ਸ਼ਬਦ ਵਿਚੋਂ ਹੈ ਜਿਹੜਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੭੧ ਤੇ ਦਰਜ ਹੈ।

ਇਸ ਸ਼ਬਦ ਵਿੱਚ ਗੁਰੂ ਸਾਹਿਬ ਅਨੇਕ ਪ੍ਰਕਾਰ ਦੀ ਭਗਤੀ ਕਰਨ ਵਾਲਿਆਂ ਦਾ ਜ਼ਿਕਰ ਕਰਦੇ ਹਨ ਅਤੇ ਕਹਿੰਦੇ ਹਨ ਕਿ ਕਿਸੇ ਨੇ ਵੀ ਆਪਣੇ ਆਪ ਨੂੰ ਦੂਜਿਆਂ ਨਾਲੋਂ ਘਟ ਨਹੀਂ ਅਖਵਾਇਆ। ਸਾਰੇ ਏਹੋ ਹੀ ਕਹਿੰਦੇ ਹਨ ਕਿ ਅਸੀਂ ਰੱਬ ਨੂੰ ਪਾ ਲਿਆ ਅਰਥਾਤ ਲੱਭ ਲਿਆ ਹੈ। ਇਹਨਾਂ ਤੁਕਾਂ ਵਿੱਚ

ਗੁਰੂ ਸਾਹਿਬ ਵੈਸ਼ਨਵ ਭਗਤਾਂ, ਜੋਗੀਆਂ ਤੇ ਤਪੱਸੀਆਂ ਬਾਰੇ ਦਸਦੇ ਹਨ ਕਿ ਵੈਸ਼ਨਵ ਭਗਤ (ਭਗਉਤੀ) ਵਰਤ ਰੱਖਣ, ਤੁਲਸੀ ਮਾਲਾ ਫੇਰਨ ਅਤੇ ਤੀਰਥ ਇਸ਼ਨਾਨ ਆਦਿਕ ਸੰਜਮਾਂ ਵਿੱਚ ਰਹਿੰਦੇ ਹਨ । ਜੋਗੀ ਕਹਿੰਦੇ ਹਨ ਕਿ ਅਸੀਂ ਮੁਕਤ ਹੋ ਗਏ ਹਾਂ ਅਤੇ ਤਪ ਕਰਨ ਵਾਲੇ ਸਾਧੂ (ਤਪੱਸਵੀ) ਤਪ ਕਰਨ ਵਿੱਚ ਹੀ ਮਸਤ ਰਹਿੰਦੇ ਹਨ । ਰਹਾਉ ਵਾਲੀ ਤੁਕ ਵਿੱਚ ਇਸ ਸ਼ਬਦ ਦਾ ਕੇਂਦਰੀ ਭਾਵ ਹੈ ਇਉਂ ਹੈ—

ਜਾਨਉ ਨਹੀ, ਭਾਵੈ ਕਵਨ ਬਾਤਾ ॥
ਮਨ, ਖੋਜਿ ਮਾਰਗੁ ॥ ੧ ॥ ਰਹਾਉ ॥

ਗੁਰੂ ਸਾਹਿਬ ਸਾਨੂੰ ਉਪਦੇਸ਼ ਦਿੰਦੇ ਹੋਏ ਕਹਿੰਦੇ ਹਨ ਕਿ ਮੈਨੂੰ ਸਮਝ ਨਹੀਂ ਕਿ ਪ੍ਰਭੂ ਨੂੰ ਕਿਹੜੀ ਗੱਲ ਚੰਗੀ ਲਗਦੀ ਹੈ । ਹੇ ਮੇਰੇ ਮਨ ! ਉਹ ਮਾਰਗ ਰਸਤਾ ਲੱਭ ਜਿਸ ਉਤੇ ਤੁਰਿਆਂ ਪ੍ਰਭੂ ਪ੍ਰਸੰਨ ਹੋ ਜਾਵੇ ।

61. ਸਵਾਲ : ਇਕ ਸਾਖੀ ਆਮ ਪਰਚਲਤ ਹੈ ਕਿ ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਦੀ ਬਾਣੀ ਉਚਾਰਨ ਕਰ ਰਹੇ ਸਨ ਤਾਂ ੧੬ ਸਲੋਕ ਅਤੇ ੧੬ ਅਸ਼ਟਪਦੀਆਂ ਉਚਾਰਨ ਤੋਂ ਬਾਦ ਉਹ ਰੁਕ ਗਏ ਕਿਉਂਕਿ ਅਗੋਂ ਬਾਣੀ ਉਤਰਨੀ ਬੰਦ ਹੋ ਗਈ ਸੀ, ਫਿਰ ਬਾਬਾ ਸ੍ਰੀ ਚੰਦ ਜੀ ਕੋਲ ਗਏ ਅਤੇ ਉਹਨਾਂ ਨੇ ਸਤਾਰਵਾਂ ਸਲੋਕ ਉਚਾਰਕੇ ਅਗੋਂ ਬਾਣੀ ਸ਼ੁਰੂ ਕਰਵਾਈ । ਕੀ ਇਹ ਸੱਚ ਹੈ ?

ਜਵਾਬ : ਨਹੀਂ ਜੀ, ਇਹ ਬਿਲਕੁਲ ਝੂਠ ਅਤੇ ਮਨਘੜਤ ਸਾਖੀ ਹੈ ਜੋ ਕਿ ਆਮ ਤੌਰ ਤੇ ਉਦਾਸੀ ਮੱਤ ਦੇ ਪਰਚਾਰਕਾਂ ਵਲੋਂ ਬਾਬਾ ਸ੍ਰੀ ਚੰਦ ਜੀ ਨੂੰ ਵਡਾ ਵਿਖਾਉਣ ਤੇ ਗੁਰੂ ਘਰ ਨੂੰ ਨੀਵਾਂ ਵਿਖਾਉਣ ਦੀ ਮਾੜੀ ਨੀਯਤ ਨਾਲ ਘੜੀ ਗਈ ਤੇ ਪਰਚਾਰ ਗਈ ਹੈ । ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਵਾਲੇ ਸਜਣ ਜਾਣਦੇ ਹਨ ਕਿ ਸਭ ਤੋਂ ਵਧ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਬਾਣੀ ਦੇ ਬੋਹਿਥੇ ਗੁਰੂ ਅਰਜਨ ਸਾਹਿਬ ਦੀ ਆਪਣੀ ਹੈ । ਇਹੋ ਜਹੀਆਂ ਮਨਘੜਤ ਨਿਰਮੂਲ ਸਾਖੀਆਂ ਸਿਖ ਇਤਿਹਾਸ, ਨੂੰ ਮਿਲਗੋਭਾ ਕਰਨ ਲਈ ਤੇ ਸਿੱਖੀ ਸਿਧਾਂਤਾਂ ਤੇ ਸੱਟ ਮਾਰਨ ਲਈ ਉਦੋਂ ਪ੍ਰਚਲਤ ਕੀਤੀਆਂ ਗਈਆਂ ਜਦੋਂ ਸਾਡੇ ਗੁਰਧਾਮਾਂ ਤੇ ਉਦਾਸੀ ਮਹੰਤਾਂ ਦਾ ਕਬਜ਼ਾ ਰਿਹਾ ਸੀ । ਸੁਖਮਨੀ ਸਾਹਿਬ ਦੀ ਸਾਰੀ ਬਾਣੀ ਪੰਚਮ ਗੁਰਦੇਵ ਜੀ ਦੀ ਆਪਣੀ ਉਚਾਰਣ ਕੀਤੀ ਹੋਈ, ਇਕੋ ਸਮੇਂ ਉਚਾਰੀ ਗਈ ਬਾਣੀ ਹੈ । ਇਸ ਲਈ ਕਿਸੇ ਭੁਲੇਖੇ ਦਾ ਸ਼ਿਕਾਰ ਹੋਣ ਦੀ ਲੋੜ ਨਹੀਂ ।

62. **ਸਵਾਲ : ਕੀ ਨਸੀਹਤ ਨਾਮਾ ਜੋ ਕਈ ਗੁਟਕਿਆਂ ਵਿੱਚ ਲਿਖਿਆ ਮਿਲਦਾ ਹੈ, ਗੁਰਬਾਣੀ ਹੈ ?**

ਜਵਾਬ : ਨਹੀਂ ਜੀ, ਇਹ ਗੁਰਬਾਣੀ ਨਹੀਂ ਹੈ ।

63. **ਸਵਾਲ : ਰਾਮਕਲੀ ਕੀ ਵਾਰ (ਪੰਨਾ-੯੪੭) ਵਿੱਚ ਕਈ ਸਿੰਘ "ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ।।" ਤੁਕ ਨੂੰ ਹਰ ਇਕ ਪਉੜੀ ਤੋਂ ਬਾਅਦ ਪੜ੍ਹਦੇ ਹਨ ਜਦੋਂ ਕਿ ਉਹ ਹਰ ਇਕ ਪਉੜੀ ਦੇ ਅੰਤ ਵਿੱਚ ਲਿਖੀ ਨਹੀਂ ਹੋਈ । ਕੀ ਇੰਝ ਕਰਨਾ ਠੀਕ ਹੈ?**

ਜਵਾਬ : ਇਹ ਤੁਕ ਪੰਨਾ-੯੪੭ ਉਪਰ ਇਸ ਤਰ੍ਹਾਂ ਦਰਜ ਹੈ :

ਵਾਹੁ ਵਾਹੁ ਸਚੇ ਪਾਤਿਸਾਹੁ
ਤੂ, ਸਚੀ ਨਾਈ ।।੧।। ਰਹਾਉ ।।

ਇਹ ਤੁਕ ਪਹਿਲੀ ਪਉੜੀ ਦੀ ਸਮਾਪਤੀ ਤੋਂ ਬਾਅਦ ਹੈ ਤੇ ਰਹਾਉ ਦੀ ਤੁਕ ਹੈ ਜਿਸ ਤੋਂ ਭਾਵ ਇਹ ਹੈ ਕਿ ਇਸ ਰਾਮਕਲੀ ਦੀ ਵਾਰ ਦੀ ਲੰਮੀ ਬਾਣੀ ਦਾ ਮੁੱਖ ਭਾਵ ਇਸ ਤੁਕ ਵਿੱਚ ਹੈ । ਇਹ ਤੁਕ ਪਹਿਲੀ ਪਉੜੀ ਦਾ ਹਿਸਾ ਨਹੀਂ । ਪਹਿਲੀ ਪਉੜੀ ਦੇ ਅੰਤ ਵਿੱਚ ਅੰਕ ।।੧।। ਆਉਣ, ਤੋਂ ਬਾਅਦ ਇਹ ਸੁਤੰਤਰ ਤੁਕ ਆਈ ਹੈ ਜਿਸਦਾ ਵਖਰਾ ਅੰਕ ।।੧।। ਰਹਾਉ ।। ਦਿਤਾ ਗਿਆ ਹੈ । ਅਰਥ ਹੈ : ਹੇ ਸਦਾ ਕਾਇਮ ਰਹਿਣ ਵਾਲੇ ਪਾਤਿਸ਼ਾਹ ! ਤੂੰ ਅਸਚਰਜ ਹੈਂ, ਤੂੰ ਅਸਚਰਜ ਹੈਂ । ਤੇਰੀ ਵਡਿਆਈ ਸਦਾ ਕਾਇਮ ਰਹਿਣ ਵਾਲੀ ਹੈ ।

ਇਸ ਬਾਣੀ ਦਾ ਮੁਖ ਭਾਵ ਸਮਝਣ ਲਈ ਇਸ ਤੁਕ ਤੋਂ ਅਗਵਾਈ ਮਿਲਦੀ ਹੈ, ਪਰ ਇਸ ਨੂੰ ਹਰ ਪਉੜੀ ਤੋਂ ਬਾਅਦ ਪੜ੍ਹਣ ਦਾ ਕੋਈ ਵਿਧਾਨ ਨਹੀਂ ਹੈ ਕਿਉਂ ਕਿ 'ਰਹਾਉ' ਦੀ ਤੁਕ ਨੂੰ ਪਾਠ ਕਰਦੇ ਸਮੇਂ ਹਰ ਸ਼ਬਦ ਦੇ ਬਾਅਦ ਬਾਰ ਬਾਰ ਨਹੀਂ ਪੜ੍ਹਿਆ ਜਾਂਦਾ ।

64. **ਸਵਾਲ : ਸਲੋਕ ਮ: ੧ ।।**

ਧੰਨੁ ਸੁ ਕਾਗਦੁ ਕਲਮ ਧੰਨੁ . . . . . ।।੧।।
ਆਪੇ ਪਟੀ, ਕਲਮ ਆਪਿ, ਉਪਰਿ ਲੇਖੁ ਭਿ ਤੂੰ ।।੧।।
ਏਕੋ ਕਹੀਐ ਨਾਨਕਾ, ਦੂਜਾ ਕਾਹੇ ਕੂ ।।੨।।

(ਸਲੋਕ ਮ: ੧, ਮਲਾਰ ਕੀ ਵਾਰ ਮ: ੧, ਪੰਨਾ-੧੨੯੧)

ਉਤਮ ਪੁਸਤਕ ਭੰਡਾਰ, ਨਾਨਕਸਰ ਵਲੋਂ ਛਪੇ ਰਹਰਾਸਿ ਦੇ ਗੁਟਕੇ ਵਿੱਚ ਉਪਰਲੇ ਸਲੋਕਾਂ ਦੇ ਥਲੇ ਹੇਠ ਲਿਖੀਆਂ ਤੁਕਾਂ ਛਪੀਆਂ ਹੋਈਆਂ ਹਨ --

ਦੂਜਾ ਕਾਹੇ ਸਿਮਰੀਐ ਜੰਮੈ ਤੇ ਮਰ ਜਾਇ ॥
ਏਕੋ ਸਿਮਰਉ ਨਾਨਕਾ,
ਜੋ ਜਲਿ ਥਲਿ ਰਹਿਆ ਸਮਾਇ ॥
ਕੀ ਇਹ ਤੁਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ ?

ਜਵਾਬ : ਇਹ ਤੁਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਨਹੀਂ ਹਨ । ਇਨ੍ਹਾਂ ਦੇ ਭਾਵ ਅਰਥ ਨਾਲ ਮਿਲਦੀਆਂ ਜੁਲਦੀਆਂ ਤੁਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ, ਉਹ ਇਉਂ ਹਨ—

ਏਕੋ ਸੇਵਹੁ ਅਵਰੁ ਨ ਕੋਇ ॥
ਜਿਤੁ ਸੇਵਿਐ ਸਦਾ ਸੁਖੁ ਹੋਇ ॥
ਨਾ ਓਹੁ ਮਰੈ ਨ ਆਵੈ ਜਾਇ ॥
ਤਿਸੁ ਬਿਨੁ ਅਵਰੁ ਸੇਵੀ ਕਿਉ ਮਾਇ ॥ (ਬਸੰਤ, ਮ: ੩, ਪੰਨਾ-੧੧੭੪)

ਏਕੋ ਸੇਵੀ ਸਦਾ ਥਿਰੁ ਸਾਚਾ ॥
ਦੂਜੈ ਲਾਗਾ ਸਭੁ ਜਗੁ ਕਾਚਾ ॥
ਗੁਰਮਤੀ ਸਦਾ ਸਚੁ ਸਾਲਾਹੀ,
ਸਾਚੇ ਹੀ ਸਾਚਿ ਪਤੀਜੈ ਹੇ ॥ (ਮਾਰੂ, ਮ: ੩, ਪੰਨਾ-੧੦੪੯)

ਸੇਵਕ ਸਚੇ ਸਾਹ ਕੇ ਸੇਈ ਪਰਵਾਣੁ ॥
ਦੂਜਾ ਸੇਵਨਿ ਨਾਨਕਾ,
ਸੇ ਪਚਿ ਪਚਿ ਮੁਏ ਅਜਾਣ ॥ (ਸਲੋਕ ਮ: ੫, ਪੰਨਾ-੩੧੫)

65. ਸਵਾਲ : ਹੇਠ ਲਿਖੀ ਤੁਕ ਦੇ ਅਰਥ ਦਸੋ ।
ਜਿਸੁ ਜਨ, ਅਪਨਾ ਹੁਕਮੁ ਮਨਾਇਆ ॥
ਸਰਬ ਥੋਕ, ਨਾਨਕ, ਤਿਨਿ ਪਾਇਆ ॥

ਜਵਾਬ : ਇਹ ਤੁਕ ਸੁਖਮਨੀ ਸਾਹਿਬ ਵਿਚੋਂ ਲਈ ਗਈ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੨੯੯ ਉਤੇ ਅੰਕਿਤ ਹੈ । ਇਸ ਦਾ ਅਰਥ ਇਸ ਪ੍ਰਕਾਰ ਹੈ—

ਜਿਸ ਮਨੁੱਖ ਤੋਂ ਪ੍ਰਭੂ ਨੇ ਆਪਣਾ ਹੁਕਮ ਮਨਾਇਆ ਹੈ, ਹੇ ਨਾਨਕ ! ਉਸ ਮਨੁੱਖ ਨੇ ਮਾਨੋ ਦੁਨੀਆਂ ਦੇ ਸਾਰੇ ਪਦਾਰਥ ਪ੍ਰਾਪਤ ਕਰ ਲਏ ਹਨ ।

66. ਸਵਾਲ : ਗੁਰਬਾਣੀ ਵਿੱਚ ਆਏ 'ਰਹਾਉ' ਸਬਦ ਦਾ ਕੀ ਅਰਥ ਹੈ ?

ਜਵਾਬ : ਰਹਾਉ ਦਾ ਅਰਥ ਹੈ ਰੁਕੋ, ਟੇਕ, ਸਥਾਈ । ਉਹ ਪਦ ਜੋ ਗਾਉਣ ਵੇਲੇ ਵਾਰ ਵਾਰ ਅੰਤਰੇ ਪਿਛੋਂ ਵਰਤਿਆ ਜਾਵੇ । ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਵਿੱਚ ਜੋ ਰਹਾਉ ਸ਼ਬਦ (ਪਦ) ਆਉਂਦਾ ਹੈ, ਉਸਦਾ ਇਹੀ ਭਾਵ ਹੈ ।

ਵਿਦਵਾਨਾਂ ਦਾ ਇਹ ਮਤ ਹੈ ਕਿ ਸਾਰੇ ਸ਼ਬਦ ਦਾ ਸਿਧਾਂਤ ਅਤੇ ਕੇਂਦਰੀ ਖਿਆਲ ਰਹਾਉ ਦੀ ਤੁਕ ਵਿੱਚ ਹੁੰਦਾ ਹੈ । (ਮਹਾਨ ਕੋਸ਼ ੭੬੦)

ਨੋਟ : (੧) ਸ਼ਬਦਾਂ ਵਿਚ ਵਰਤੇ ਗਏ ਰਹਾਉ ਪਦ ਤੋਂ ਪਹਿਲਾਂ '੧' ਅੰਕ ਵੀ ਅੰਕਿਤ ਮਿਲਦਾ ਹੈ । ਇਹ '੧' ਹਿੰਦਸਾ ਰਹਾਉ ਦੀ (ਆਂ) ਪੰਗਤੀ (ਆਂ) ਦਾ ਨਿਖੇੜਕ ਅੰਗ ਹੁੰਦਾ ਹੈ । ਜਿਵੇਂ ਸ਼ਬਦਾਂ ਦੇ ਪਦਿਆਂ ਦੇ ਸੂਚਕ ਬਾਕੀ ਅੰਕ ਦੇ ਉਚਾਰਣ ਦਾ ਵਿਧਾਨ ਨਹੀਂ, ਇਸੇ ਤਰ੍ਹਾਂ 'ਰਹਾਉ' ਵਾਲੇ ਪਦੇ ਨਾਲ ਆਇਆ ਅੰਕ '੧' ਵੀ ਉਚਾਰਣ ਵਿਚ ਨਹੀਂ ਆਉਂਦਾ ।

੨. ਆਮ ਕਰਕੇ 'ਰਹਾਉ' ਦੀ (ਆਂ) ਪੰਗਤੀ (ਆਂ) ਸ਼ਬਦ ਦੇ ਪਹਿਲੇ ਪਦੇ ਮਗਰੋਂ ਆਉਂਦੀ (ਆਂ) ਹੈ (ਹਨ) ਪਰ ਕੁਝ ਸ਼ਬਦਾਂ ਵਿਚ ਰਹਾਉ ਦੀ (ਆਂ) ਪੰਗਤੀ(ਆਂ) ਸ਼ਬਦ ਦੇ ਅਰੰਭ ਵਿੱਚ ਵੀ ਆਉਂਦੀ (ਆਂ) ਹੈ (ਹਨ)।

੩. ਕਈ ਲੰਮੀਆਂ ਬਾਣੀਆਂ ਵਿੱਚ ਵੀ 'ਰਹਾਉ' ਆਉਂਦਾ ਹੈ । ਦੇਖੋ ਬਾਵਨ ਅਖਰੀ, ਸੁਖਮਨੀ, ਥਿਤੀ, ਪਟੀ, ਸਿਧ ਗੋਸਟਿ, ਓਅੰਕਾਰ, ਆਦਿ । ਵਾਰਾਂ ਵਿਚੋਂ ਕੇਵਲ ਦੋ ਵਾਰਾਂ ਵਿੱਚ 'ਰਹਾਉ' ਆਉਂਦਾ ਹੈ । ਦੇਖੋ ਆਸਾ ਕੀ ਵਾਰ ਮਹਲਾ ੧ ਅਤੇ ਰਾਮਕਲੀ ਕੀ ਵਾਰ ਮਹਲਾ ੩, ਅਤੇ ਛੰਤਾਂ ਵਿਚੋਂ ਕੇਵਲ ਇਕ ਛੰਤ ਵਿੱਚ (ਕੇਦਾਰਾ ਮਹਲਾ ੫, ਅੰਕ ੪।। ੧।।) ਵੀ 'ਰਹਾਉ' ਆਉਂਦਾ ਹੈ ।

੪. ਕੁਝ ਸ਼ਬਦਾਂ ਵਿੱਚ 'ਰਹਾਉ ਦੂਜਾ' ਵੀ ਅੰਕਿਤ ਮਿਲਦਾ ਹੈ । ਇਹ ਸ਼ਬਦ ਦੀਆਂ ਅੰਤਲੀਆਂ ਤੁਕਾਂ ਮਗਰੋਂ ਹੁੰਦਾ ਹੈ ।

੫. ਕਈ ਸ਼ਬਦਾਂ ਵਿਚ ਰਹਾਉ ਇਕ ਤੋਂ ਜ਼ਿਆਦਾ ਵਾਰੀ ਵੀ ਆਉਂਦੇ ਹਨ, ਜਿਵੇਂ—

ਸਿਰੀਰਾਗੁ, ਮਹਲਾ ੧, ਅੰਕ ੪ ।। ੩੩ ।, ਪੰਨਾ ੨੫ (ਦੋ ਵਾਰੀ)
ਗਉੜੀ, ਮਹਲਾ ੧, ਅੰਕ ੬ ।। ੧ ।। ੨੩ ।। ਪੰਨਾ-੧੫੪-੫੫ (ਤਿੰਨ ਵਾਰੀ)
ਸਿਰੀਰਾਗੁ, ਮਹਲਾ ੧, ਅੰਕ ੪ ।। ੭ ।।, ਪੰਨਾ-੧੬-੧੭ (ਚਾਰ ਵਾਰੀ)
ਮਾਝ, ਮਹਲਾ ੫, ਅੰਕ ।। ੧ ।। ੮ ।।, ਪੰਨਾ-੯੬-੯੭ (ਚਾਰ ਵਾਰੀ)
ਸਿਰੀਰਾਗੁ, ਮਹਲਾ ੪, ਅੰਕ ੧ ।। ਰਹਾਉ ।। ੧ ।।
ਪੰਨਾ-੮੧-੮੨ (ਛੇ ਵਾਰ)
ਧਨਾਸਰੀ, ਮਹਲਾ ੧, ਅੰਕ ੪ ।। ੧ ।। ਪੰਨਾ-੬੬੦ (ਚਾਰ ਵਾਰ)

ਨੋਟ : ਕੀਰਤਨ ਕਰਨ ਸਮੇਂ ਰਹਾਉ ਦੀ ਤੁਕ ਨੂੰ ਸਥਾਈ ਬਣਾਉਣਾ ਗੁਰਮਤਿ ਮਰਯਾਦਾ ਹੈ । ਜਿਹੜੇ ਰਾਗੀ ਰਹਾਉ ਦੀ ਤੁੱਕ ਨੂੰ ਸਥਾਈ ਨਹੀਂ ਬਣਾਉਂਦੇ ਸਗੋਂ ਮਨ ਮਰਜ਼ੀ ਦੀ ਤੁਕ ਚੁਣ ਕੇ ਸਥਾਈ ਬਣਾ ਲੈਂਦੇ ਹਨ, ਉਹ ਗੁਰਮਤਿ ਦੀ ਮਰਯਾਦਾ ਤੋਂ ਅਨਜਾਣ ਹਨ । ਅਜਿਹਾ ਕਰਨ ਨਾਲ ਕੀਰਤਨ ਦਾ ਮਕਸਦ ਪੂਰਾ ਨਹੀਂ ਹੁੰਦਾ ਤੇ ਸ਼ਬਦ ਦੇ ਕੇਂਦਰੀ ਭਾਵ ਦੀ ਸੋਝੀ ਵੀ ਨਹੀਂ ਹੁੰਦੀ ।

67. ਸਵਾਲ : ੧੬੧ ਪੰਨੇ ਤੇ ਸ਼ਬਦ ਹੈ—ਇਸੁ ਕਲਿਜੁਗ ਮਹਿ ਕਰਮ ਧਰਮੁ ਨ ਕੋਈ ।। ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ ।। ਇਸ ਵਿੱਚ ਕਲੀ ਕਿਸਨੂੰ ਤੇ ਚੰਡਾਲ ਕਿਸਨੂੰ ਕਿਹਾ ਗਿਆ ਹੈ ? ਵਿਸਥਾਰ ਸਹਿਤ ਦਸੋ ।

ਜਵਾਬ : ਇਸ ਸ਼ਬਦ ਵਿੱਚ 'ਕਲੀ' ਸ਼ਬਦ ਕਲਜੁਗ ਦਾ ਛੋਟਾ ਰੂਪ ਹੈ । 'ਕਲਜੁਗ' ਕੁਕਰਮ ਦਸ਼ਾ ਹੈ । ਕੁਕਰਮੀ ਮਨੁਖ ਨੂੰ ਚੰਡਾਲ ਕਿਹਾ ਗਿਆ ਹੈ ਤੇ 'ਘਰ' ਮਨੁੱਖ ਦਾ ਹਿਰਦਾ ਹੈ । ਪੂਰੇ ਅਰਥ ਇਉਂ ਹਨ—

ਕੁਕਰਮੀ ਮਨੁੱਖ ਦੇ ਹਿਰਦੇ ਵਿੱਚ ਮਾਨੋ ਕਲਜੁਗ ਆ ਜਾਂਦਾ ਹੈ । **(ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ)**।

ਇਸ ਕਲਿਜੁਗ, ਭਾਵ, ਕੁਕਰਮ-ਦਸ਼ਾ ਦੇ ਪੰਜੇ ਵਿਚ ਫਸਣ ਨਾਲ ਕੋਈ ਕਰਮ-ਧਰਮ ਛੁਡਾ ਨਹੀਂ ਸਕਦਾ । **(ਇਸੁ ਕਲਿਜੁਗ ਮਹ ਕਰਮ-ਧਰਮੁ ਨ ਕੋਈ)**।

ਨਾਨਕ ਨਾਮ ਬਿਨਾ ਕੋ ਮੁਕਤਿ ਨ ਹੋਈ ।। ੪ ।।

ਤੀਜੇ ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਪ੍ਰਭੂ ਦੇ ਨਾਮ ਤੋਂ ਬਿਨਾਂ ਕੋਈ ਮਨੁੱਖ ਕਲਿਜੁਗ (ਕੁਕਰਮ ਕਰਨ ਦੀ ਹਾਲਤ) ਤੋਂ ਖਲਾਸੀ ਨਹੀਂ ਪਾ ਸਕਦਾ ।

ਇਸ ਸ਼ਬਦ ਦੇ ਤੀਜੇ ਬੰਦ ਵਿਚ 'ਨਾਮ' ਦੇ ਵਿਚਾਰ ਨੂੰ ਇਉਂ ਦਰਸਾਂਦੇ ਹਨ—

ਇਸੁ ਜੁਗ ਮਹਿ ਰਾਮ ਨਾਮਿ ਨਿਸਤਾਰਾ ।।
ਵਿਰਲਾ ਕੋ ਪਾਏ ਗੁਰ ਸਬਦਿ ਵਿਚਾਰਾ ।।
ਆਪਿ ਤਰੈ ਸਗਲੇ ਕੁਲ ਉਧਾਰਾ ।। ੩ ।।

ਇਸ ਮਨੁੱਖਾ ਜਨਮ ਵਿੱਚ ਆ ਕੇ ਪ੍ਰਭੂ ਦੇ ਨਾਮ ਦੀ ਰਾਹੀਂ ਹੀ ਪਾਰ ਉਤਾਰਾ ਹੋ ਸਕਦਾ ਹੈ । ਕੋਈ ਵਿਰਲਾ ਹੀ ਗੁਰੂ ਦੇ ਸ਼ਬਦ ਵਿਚ ਜੁੜਕੇ ਇਹ

ਗੱਲ ਵਿਚਾਰਦਾ ਹੈ । ਅਜਿਹਾ ਮਨੁੱਖ ਆਪ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ ਅਤੇ ਆਪਣੀਆਂ ਸਾਰੀਆਂ ਕੁੱਲਾਂ ਨੂੰ ਭੀ ਪਾਰ ਲੰਘਾ ਲੈਂਦਾ ਹੈ ।

68. ਸਵਾਲ : ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗਉੜੀ ਕੀ ਵਾਰ ਮਹਲਾ ੪ ਵਿੱਚ ਪੰਨਾ ੩੧੫ ਤੇ ਤੀਜੀ, ਸਤਵੀਂ ਤੇ ਗਿਆਰਵੀਂ ਪੰਕਤੀ 'ਚ ਪਉੜੀ ੫।। ਦਾ ਕੀ ਭਾਵ ਹੈ ? ਇਸ ਦਾ ਉਚਾਰਨ ਕਿਵੇਂ ਕਰਨਾ ਹੈ ?

ਜਵਾਬ : ਵਾਰ ਜਿਸ ਮਹਲੇ ਦੀ ਹੁੰਦੀ ਹੈ, ਪਉੜੀਆਂ ਵੀ ਉਸੇ ਮਹਲੇ ਦੀਆਂ ਹੁੰਦੀਆਂ ਹਨ, ਇਸ ਲਈ ਪਉੜੀ ਦੇ ਨਾਲ ਮਹਲੇ ਦਾ ਸੰਕੇਤ ਨਹੀਂ ਦੇਣਾ ਪੈਂਦਾ । ਇਹ ਵਾਰ ਮਹਲੇ ੪ ਦੀ ਹੈ, ਇਸ ਲਈ ਬਾਕੀ ਪਉੜੀਆਂ ਨਾਲ ਮਹਲਾ ੪ ਅੰਕ ਨਹੀਂ ਦਿੱਤਾ ਹੋਇਆ, ਪਰ ਇਸ ਪਉੜੀ ਤੋਂ ਅਗੇ ਕੁਝ ਪਉੜੀਆਂ ਪੰਜਵੀਂ ਪਾਤਸ਼ਾਹੀ ਦੀਆਂ ਹਨ, ਸੋ ਇਨ੍ਹਾਂ ਪਉੜੀਆਂ ਦੇ ਨਾਲ ੫ ਅੰਕ ਲਿਖ ਦਿਤਾ ਗਿਆ ਹੈ । ਇਸ ਲਈ ਜਿਸ ਪਉੜੀ ਨਾਲ '੫' ਜਾਂ 'ਮ: ੫' ਲਿਖਿਆ ਹੋਵੇ, ਉਥੇ **ਪਉੜੀ 'ਮਹਲਾ ਪੰਜਵਾਂ' ਉਚਾਰਨ ਕਰਨਾ ਹੁੰਦਾ ਹੈ** ।

69. ਸਵਾਲ : ਮਾਰੂ ਰਾਗ ਵਿੱਚ ਡਖਣੇ ਦੀ ਬੋਲੀ ਕਿਥੋਂ ਦੀ ਹੈ ਅਤੇ ਡਖਣੇ ਤੋਂ ਕੀ ਭਾਵ ਹੈ ?

ਜਵਾਬ : ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਲਹਿੰਦੀ ਭਾਸ਼ਾ ਵਿੱਚ ਲਿਖੇ ਸਲੋਕਾਂ ਨੂੰ 'ਡਖਣੇ' ਸਿਰਲੇਖ ਦਿਤਾ ਗਿਆ ਹੈ। ਇਹ ਮੁਲਤਾਨ, ਸਾਹੀਵਾਲ ਦੇ ਇਲਾਕੇ ਦੀ ਬੋਲੀ ਹੈ । ਇਸ ਵਿੱਚ 'ਦ' ਦੀ ਥਾਂ 'ਡ' ਵਰਤਿਆ ਗਿਆ ਹੈ ।

ਅਸਲ ਵਿੱਚ 'ਡਖਣਾ' ਊਠਵਾਨ ਜਾਂ ਸ਼ਤੁਰਵਾਨ ਲਈ ਵਰਤਿਆ ਜਾਂਦਾ ਹੈ । ਇਸ ਲਈ ਜੋ ਦੋਹਰੇ ਜਾਂ ਸਲੋਕ ਊਠਾਂ ਵਾਲੇ ਹੇਕਾਂ ਲਾ ਲਾ ਗਾਉਂਦੇ ਸਨ, ਉਨ੍ਹਾਂ ਨੂੰ ਡਖਣੇ ਕਿਹਾ ਜਾਣ ਲਗਾ । ਜਿਵੇਂ ਕਰਹੇ (ਊਠਾਂ) ਵਾਲਿਆਂ ਦੇ ਗੀਤ ਰਾਜਸਥਾਨੀ ਵਿਚ 'ਕਰਹਲੇ' ਕਹਾਉਂਦੇ ਹਨ, ਤਿਵੇਂ ਇਹ ਪੇਂਡੂ ਸ਼ਤੁਰਵਾਨਾਂ ਦੇ ਗੀਤ 'ਡਖਣੇ' ਕਹਿਲਾਏ । ਇਸ ਤੋਂ ਪ੍ਰਗਟ ਹੈ ਕਿ ਗੁਰੂ ਸਾਹਿਬ ਨੇ ਇਹ ਸਲੋਕ, ਲੋਕ-ਧੁਨ ਦੇ ਆਧਾਰ ਤੇ ਉਚਾਰਨ ਕੀਤੇ ।

70. ਸਵਾਲ : ਗੁਰੂ ਨਾਨਕ ਦੇਵ ਜੀ ਨੇ ਇਸਤ੍ਰੀ ਨੂੰ 'ਭੰਡ' ਕਿਉਂ ਕਿਹਾ ਹੈ ?

ਜਵਾਬ : ਭੰਡ ਸ਼ਬਦ ਦੇ ਕਈ ਅਰਥ ਹਨ— ਜਿਵੇਂ ਕਿ ਇਸਤ੍ਰੀ- ਜੋ ਸੰਤਾਨ ਉਤਪੰਨ ਕਰਨ ਲਈ ਸ਼ੁਭ ਪਾਤ੍ਰ ਹੈ, ਨਿੰਦਿਆ ਕਰਨੀ (ਭੰਡਣਾ), ਬਰਤਨ, ਅਤੇ ਨਿਰਲੱਜ ਗੱਲਾਂ ਕਰਨ ਵਾਲਾ (ਭਾਂਡ) ਆਦਿ ।

ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਵਿੱਚ ਇਸਤ੍ਰੀ ਨੂੰ ਭੰਡ ਇਸੇ ਲਈ ਕਿਹਾ ਹੈ ਕਿਉਂਕਿ 'ਭੰਡ' ਦੇ ਕਈ ਅਰਥਾਂ ਵਿਚੋਂ ਇਕ ਅਰਥ 'ਇਸਤ੍ਰੀ' ਵੀ ਹੈ ।

71. ਸਵਾਲ : ਕਬੀਰ ਸਾਹਿਬ ਦੀ ਹੇਠ ਲਿਖੀ ਤੁੱਕ ਦੇ ਅਰਥ ਦਸੋ ਜੀ ?

ਡਗਮਗ ਛਾਡਿ ਰੇ ਮਨ ਬਉਰਾ ॥
ਅਬ ਤਉ ਜਰੇ ਮਰੇ ਸਿਧਿ ਪਾਈਐ,
ਲੀਨੋ ਹਾਥਿ ਸੰਧਉਰਾ ॥

ਜਵਾਬ : ਇਹ ਤੁੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੩੩੮ ਉਤੇ ਅੰਕਿਤ ਹੈ । ਇਸ ਵਿੱਚ ਭਗਤ ਕਬੀਰ ਜੀ ਨੇ ਮਨ ਨੂੰ ਵਿਸ਼ੇ ਵਿਕਾਰਾਂ ਅਗੇ ਡੋਲਣ ਤੋਂ ਬਚਾਉਣ ਲਈ ਦੋ ਉਦਾਹਰਣਾਂ ਸਾਹਮਣੇ ਰਖੀਆਂ ਹਨ, ਇਕ ਸੂਰਮੇ (ਬਹਾਦਰ) ਦੀ ਅਤੇ ਦੂਜੀ ਸਤੀ ਦੀ ।

ਇਥੇ ਸੰਧਉਰਾ ਦਾ ਅਰਥ ਹੈ- ਸੰਧੂਰਿਆ ਹੋਇਆ ਨਾਰੀਅਲ ।

ਪੁਰਾਤਨ ਸਮੇਂ ਵਿੱਚ ਸਤੀ ਹੋਣ ਦੀ ਰਸਮ ਇਹ ਸੀ ਕਿ ਜੋ ਇਸਤਰੀ ਪਤੀ ਨਾਲ ਸਤੀ ਹੋਣ ਦਾ ਸੰਕਲਪ ਕਰਦੀ ਸੀ, ਉਹ ਇਕ ਹੱਥ ਵਿਚ ਨਾਰੀਅਲ ਲੈ ਕੇ ਉਸ ਉਤੇ ਸੰਧੂਰ ਲਾ ਦਿੰਦੀ ਸੀ । ਇਸ ਨੂੰ ਸੰਧਉਰਾ ਕਹਿੰਦੇ ਸਨ । ਜਦੋਂ ਤੱਕ ਉਹ ਸੰਧਉਰਾ ਨਹੀਂ ਲੈਂਦੀ ਸੀ ਤਾਂ ਉਹ ਆਪਣਾ ਸੰਕਲਪ ਮੋੜ ਸਕਦੀ ਸੀ ਪਰ ਜਦੋਂ ਇਕ ਵਾਰੀ ਸੰਧਉਰਾ ਲੈ ਲਵੇ ਤਾਂ ਉਸਨੂੰ ਜ਼ਰੂਰ ਹੀ ਸਤੀ ਹੋਣਾ ਪੈਂਦਾ ਸੀ ।

ਉਪਰਲੀ ਤੁੱਕ ਤੋਂ ਪਹਿਲੀ ਤੁੱਕ ਹੈ-

ਸੂਰੁ ਕਿ, ਸਨਮੁਖ ਰਨ ਤੇ ਡਰਪੇ,
ਸਤੀ ਕਿ, ਸਾਂਚੇ ਭਾਂਡੇ ॥

ਭਾਵ ਉਹ ਸੂਰਮਾ ਕੀ ਹੋਇਆ ਜੋ ਸਾਹਮਣੇ ਦਿਸਦੀ ਰਣ-ਭੂਮੀ ਤੋਂ ਡਰ ਜਾਏ ਅਤੇ ਉਹ ਸਤੀ ਕੀ ਹੋਈ ਜੋ ਸਤੀ ਹੋਣ ਸਮੇਂ ਘਰ ਦੇ ਭਾਂਡੇ ਸਾਂਭਣ ਵਿਚ ਲਗ ਜਾਏ (ਭਾਵ ਹੇ ਮਨ ! ਤੂੰ ਵੀ ਸੂਰਮੇ ਵਾਂਗ ਵਿਸ਼ੇ ਵਿਕਾਰਾਂ ਦਾ ਟਾਕਰਾ ਕਰਨਾ ਹੈ ਅਤੇ ਸਤੀ ਵਾਂਗ ਆਪਾ-ਭਾਵ ਸਾੜਨਾ ਹੈ) ।

ਸੰਬੰਧਤ ਤੁੱਕ ਦੇ ਅਰਥ ਇਸ ਤਰ੍ਹਾਂ ਹਨ—

ਹੇ ਕਮਲੇ ਮਨ ! ਡਕੇ ਡੋਲੇ ਖਾਣੇ ਛੱਡ । ਹੁਣ ਤਾਂ (ਸਤੀ ਵਾਂਗ) ਸੜ ਕੇ ਅਤੇ (ਸੂਰਮੇ ਵਾਂਗ) ਮਰ ਕੇ ਹੀ ਸਿਧੀ ਪ੍ਰਾਪਤ ਹੋ ਸਕਦੀ ਹੈ, ਜਦੋਂ ਕਿ

ਹੁਣ ਤੂੰ ਸਤੀ ਵਾਂਗ ਸੰਧਉਰਾ ਹੱਥ ਵਿੱਚ ਲੈ ਹੀ ਲਿਆ ਹੈ । ਤਿਵੇਂ ਹੀ ਹੇ ਮਨ! ਤੂੰ ਜਦ ਪ੍ਰਭੂ ਦੀ ਓਟ ਲੈ ਹੀ ਲਈ ਹੈ ਤਾਂ ਹੁਣ ਵਿਸ਼ੇ-ਵਿਕਾਰਾਂ ਦੇ ਸਾਹਮਣੇ ਡੋਲਣਾ ਛੱਡ ਦੇ, ਹੁਣ ਤਾਂ ਆਪਾ ਭਾਵ ਮਾਰਿਆਂ ਹੀ ਇਹ ਪ੍ਰੀਤ ਨਿਭੇਗੀ ।

ਨੋਟ : ਇਨ੍ਹਾਂ ਤੁਕਾਂ ਵਿੱਚ ਭਗਤ ਕਬੀਰ ਜੀ ਨੇ ਸਤੀ ਦੀ ਰਸਮ ਦੇ ਠੀਕ ਜਾਂ ਗਲਤ ਹੋਣ ਬਾਰੇ ਕੁਝ ਨਹੀਂ ਕਿਹਾ । ਸਿਰਫ ਸਤੀ ਦੀ ਸੜ ਮਰਨ ਦੀ ਦ੍ਰਿੜਤਾ ਦੀ ਉਦਾਹਰਣ ਦਿਤੀ ਹੈ । ਇਥੇ ਚੇਤੇ ਰਖਣਾ ਚਾਹੀਦਾ ਹੈ ਕਿ ਗੁਰੂ ਅਮਰਦਾਸ ਜੀ ਨੇ ਸਤੀ ਦੀ ਰਸਮ ਦੀ ਕਰੜੀ ਵਿਰੋਧਤਾ ਕੀਤੀ ਸੀ ।

72. ਸਵਾਲ : "ਸੁਧਤਾ ਕੀ ਸ਼ਾਨ ਹੋ" ਸ਼ਬਦ ਕਿਸ ਗ੍ਰੰਥ ਵਿਚ ਹੈ ਤੇ ਕਿਹੜੇ ਗੁਰੂ ਸਾਹਿਬ ਦਾ ਉਚਾਰਨ ਕੀਤਾ ਹੋਇਆ ਹੈ ? ਪੂਰਾ ਸ਼ਬਦ ਲਿਖੋ।

ਜਵਾਬ : ਇਹ ਸ਼ਬਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ "ਅਕਾਲ ਉਸਤਤਿ" ਵਿਚੋਂ ਹੈ । ਪੂਰਾ ਸ਼ਬਦ ਤੇ ਅਰਥ ਹੇਠਾਂ ਦਿਤੇ ਜਾ ਰਹੇ ਹਨ—

ਨਿਰਜੁਰ ਨਿਰੂਪ ਹੋ ਕਿ ਸੁੰਦਰ ਸਰੂਪ ਹੋ,
ਕਿ ਭੂਪਨ ਕੇ ਭੂਪ ਹੋ ਕਿ ਦਾਤਾ ਮਹਾਦਾਨ ਹੋ ॥

ਹੇ ਅਕਾਲ ਪੁਰਖ ਜੀ ! ਤੁਸੀਂ ਅਰੋਗ (ਨਿਰਜੁਰ) ਹੋ, ਅਰੂਪ ਹੋ, ਤੁਹਾਡੀ ਹਸਤੀ ਸੁੰਦਰ ਹੈ, ਰਾਜਿਆਂ ਦੇ ਰਾਜਾ (ਭੂਪ) ਹੋ, ਦਾਤਾ ਹੋ, ਮਹਾਦਾਨੀ ਹੋ ।

ਪ੍ਰਾਨ ਕੇ ਬਚੱਯਾ ਦੂਧ ਪੂਤ ਕੇ ਦਿਵੱਯਾ,
ਰੋਗ ਸੋਗ ਕੇ ਮਿਟੱਯਾ ਕਿਧੌ ਮਾਨੀ ਮਹਾ ਮਾਨ ਹੋ ।"

ਅਕਾਲ ਪੁਰਖ ਜੀ ! ਤੁਸੀਂ ਪ੍ਰਾਣਾਂ ਦੇ ਰਖਿਅਕ ਹੋ, ਧਨ ਦੌਲਤ (ਦੁੱਧ ਅਤੇ ਪੁੱਤਰ ਧੀਆਂ) ਦੇਣ ਵਾਲੇ ਹੋ, ਰੋਗ ਤੇ ਸੋਗ ਦੇ ਮਿਟਾਉਣ ਵਾਲੇ ਹੋ ਅਤੇ ਸਤਿਕਾਰ ਸਹਿਤ ਅਤਿ ਆਦਰਯੋਗ ਹੋ ।

ਬਿਦਯਾ ਕੇ ਬਿਚਾਰ ਹੋ, ਕਿ ਅਦ੍ਵੈ ਅਵਤਾਰ ਹੋ,
ਕਿ ਸਿਧਤਾ ਕੀ ਸੂਰਤਿ ਹੋ, ਕਿ ਸੁਧਤਾ ਕੀ ਸ਼ਾਨ ਹੋ ॥

ਅਕਾਲ ਪੁਰਖ ਜੀ ! ਤੁਸੀਂ ਵਿਦਿਆ ਦੇ ਵਿਚਾਰ ਜਾਂ ਅਦ੍ਵੈਤ ਦਾ ਅਵਤਾਰ ਹੋ, ਜਾਂ ਪ੍ਰਸਿੱਧੀ (ਸਿਧਤਾ) ਦੀ ਮੂਰਤ (ਸੂਰਤ) ਹੋ ਅਤੇ ਜਾਂ ਪਵਿੱਤਰਤਾ (ਸੁਧਤਾ) ਦੀ ਸ਼ਾਨ ਹੋ ॥

ਜੋਬਨ ਕੇ ਜਾਲ ਹੋ, ਕਿ ਕਾਲ ਹੂੰ ਕੇ ਕਾਲ ਹੋ,
ਕਿ ਸਤ੍ਰੂਨ ਕੇ ਸੂਲ ਹੋ ਕਿ ਮਿਤ੍ਰੂਨ ਕੇ ਪ੍ਰਾਨ ਹੋ ॥੯॥੧੯॥

ਅਕਾਲ ਪੁਰਖ ਜੀ ! ਤੁਸੀਂ ਜੁਆਨੀ (ਜੋਬਨ) ਦੇ ਝਰੋਖੇ (ਜਾਲ) ਹੋ, ਕਾਲ (ਮੌਤ) ਦੇ ਵੀ ਕਾਲ ਹੋ, ਵੈਰੀਆਂ (ਸਤ੍ਰੂਨ) ਲਈ ਨੇਜ਼ਾ (ਸੂਲ) ਹੋ, ਮਿਤਰਾਂ ਦੇ ਪ੍ਰਾਣ (ਜਾਨ) ਹੋ ॥

73. ਸਵਾਲ : "ਭਗਤਿ ਨਵੈ ਪਰਕਾਰਾ,
ਪੰਡਿਤੁ ਵੇਦੁ ਪੁਕਾਰਾ "॥
ਇਸ ਤੁਕ ਦੇ ਅਰਥ ਦੱਸਣ ਦੀ ਕ੍ਰਿਪਾਲਤਾ ਕਰਨੀ ਜੀ। ਸ਼ਬਦ ਵਿੱਚ ਇਸ ਤੁਕ ਦਾ ਕੀ ਸਥਾਨ ਹੈ ?

ਜਵਾਬ : ਇਸ ਤੁਕ ਦੇ ਅਰਥ ਸਮਝਣ ਵਾਸਤੇ ਆਓ ਸਾਰੇ ਸ਼ਬਦ ਨੂੰ ਧਿਆਨ ਨਾਲ ਪੜ੍ਹੀਏ—

ਸਿਰੀਰਾਗੁ ਮਹਲਾ ੫ ਘਰ ੫॥
ਜਾਨਉ ਨਹੀ, ਭਾਵੈ ਕਵਨ ਬਾਤਾ ॥
ਮਨ, ਖੋਜਿ ਮਾਰਗੁ ॥੧॥ ਰਹਾਉ ॥
ਧਿਆਨੀ ਧਿਆਨੁ ਲਾਵਹਿ॥
ਗਿਆਨੀ ਗਿਆਨੁ ਕਮਾਵਹਿ॥
ਪ੍ਰਭੁ ਕਿਨ ਹੀ ਜਾਤਾ ॥੧॥
ਭਗਉਤੀ ਰਹਤ ਜੁਗਤਾ ॥ ਜੋਗੀ ਕਹਤ ਮੁਕਤਾ॥
ਤਪਸੀ ਤਪਹਿ ਰਾਤਾ ॥੨॥
ਮੋਨੀ ਮੋਨਿਧਾਰੀ ॥ ਸਨਿਆਸੀ ਬ੍ਰਹਮਚਾਰੀ ॥
ਉਦਾਸੀ ਉਦਾਸਿ ਰਾਤਾ ॥੩॥
ਭਗਤਿ ਨਵੈ ਪਰਕਾਰਾ ॥ ਪੰਡਿਤੁ ਵੇਦੁ ਪੁਕਾਰਾ ॥
ਗਿਰਸਤੀ ਗਿਰਸਤਿ ਧਰਮਾਤਾ ॥੪॥
ਇਕ ਸਬਦੀ ਬਹੁ ਰੂਪਿ ਅਵਧੂਤਾ ॥
ਕਾਪੜੀ ਕਉਤੇ ਜਾਗੂਤਾ ॥ ਇਕਿ ਤੀਰਥਿ ਨਾਤਾ ॥੫॥
ਨਿਰਹਾਰ ਵਰਤੀ ਆਪਰਸਾ ॥
ਇਕਿ ਲੂਕਿ ਨ ਦੇਵਹਿ ਦਰਸਾ ॥
ਇਕਿ ਮਨ ਹੀ ਗਿਆਤਾ ॥੬॥
ਘਾਟਿ ਨ ਕਿਨ ਹੀ ਕਹਾਇਆ ॥
ਸਭ ਕਹਤੇ ਹੈ ਪਾਇਆ ॥
ਜਿਸੁ ਮੇਲੇ ਸੋ ਭਗਤਾ ॥੭॥

ਸਗਲ ਉਕਤਿ ਉਪਾਵਾ ।। ਤਿਆਗੀ ਸਰਨਿ ਪਾਵਾ ।।
ਨਾਨਕੁ ਗੁਰ ਚਰਣਿ ਪਰਾਤਾ ।।੮।। (ਪੰਨਾ-੭੧)

ਰਹਾਉ ਵਾਲੀ ਤੁਕ (ਜਾਨਉ ਨਹੀਂ ਭਾਵੈ ਕਵਨ ਬਾਤਾ ।। ਮਨ ਖੋਜਿ ਮਾਰਗੁ ।।) ਇਸ ਸ਼ਬਦ ਦਾ ਕੇਂਦਰੀ ਭਾਵ ਹੈ । ਗੁਰੂ ਅਰਜਨ ਦੇਵ ਜੀ ਨੇ ਇਸ ਸ਼ਬਦ ਵਿੱਚ ਪ੍ਰਭੂ ਦੀ ਪ੍ਰਾਪਤੀ ਵਾਸਤੇ ਅਪਣਾਏ ਜਾਂਦੇ ਅਨੇਕ ਮਾਰਗ ਬਿਆਨ ਕੀਤੇ ਹਨ ਅਤੇ ਸਿੱਟਾ ਕੱਢਿਆ ਹੈ—**ਜਾਨਉ ਨਹੀਂ, ਭਾਵੈ ਕਵਨ ਬਾਤਾ ।।ਮਨ, ਖੋਜਿ ਮਾਰਗੁ** ।ਭਾਵ ਮੈਂ ਨਹੀਂ ਜਾਣਦਾ ਕਿ ਪ੍ਰਭੂ ਨੂੰ ਕਿਹੜੀ ਗੱਲ ਚੰਗੀ ਲਗਦੀ ਹੈ । ਹੇ ਮੇਰੇ ਮਨ, ਪ੍ਰਭੂ ਨੂੰ ਪ੍ਰਸੰਨ ਕਰਨ ਦਾ ਰਸਤਾ ਲੱਭ। " **ਪ੍ਰਭੁ ਕਿਨ ਹੀ ਜਾਤਾ**" ਭਾਵ ਪ੍ਰਭੂ ਨੂੰ ਕਿਸੇ ਵਿਰਲੇ ਨੇ ਹੀ ਜਾਣਿਆ ਹੈ। "**ਘਾਟਿ ਨ ਕਿਨਹੀ ਕਹਾਇਆ ।। ਸਭ ਕਹਤੇ ਹੈ ਪਾਇਆ** ।।" ਭਾਵ ਆਪਣੇ ਆਪ ਨੂੰ ਕਿਸੇ ਨੇ ਵੀ ਘੱਟ ਨਹੀਂ ਕਿਹਾ, ਸਾਰੇ ਹੀ ਕਹਿੰਦੇ ਹਨ ਕਿ ਅਸੀਂ ਪ੍ਰਭੂ ਨੂੰ ਪਾ ਲਿਆ ਹੈ । "**ਜਿਸੁ ਮੇਲੇ ਸੋ ਭਗਤਾ**'। ਗੁਰੂ ਜੀ ਕਹਿੰਦੇ ਹਨ ਕਿ ਉਹੀ ਭਗਤ ਹੈ ਜਿਸ ਨੂੰ ਵਾਹਿਗੁਰੂ ਕਿਰਪਾ ਕਰਕੇ ਆਪਣੇ ਨਾਲ ਮੇਲ ਲੈਂਦਾ ਹੈ ।ਸ਼ਬਦ ਦੇ ਅੰਤ ਵਿੱਚ ਗੁਰੂ ਜੀ ਕਹਿੰਦੇ ਹਨ "**ਸਗਲ ਉਕਤਿ ਉਪਾਵਾ ।। ਤਿਆਗੀ ਸਰਨਿ ਪਾਵਾ ।। ਨਾਨਕੁ ਗੁਰ ਚਰਣਿ ਪਰਾਤਾ**" ਭਾਵ ਸਭ ਦਲੀਲਾਂ ਤੇ ਉਪਾਉ ਤਿਆਗ ਕੇ ਮੈਂ ਸ਼ਰਨ ਵਿੱਚ ਪਿਆ ਹਾਂ ਤੇ ਮੈਨੂੰ ਗੁਰੂ ਦੀ ਸ਼ਰਨ ਪ੍ਰਾਪਤ ਹੋਈ ਹੈ ।

ਇਸ ਸ਼ਬਦ ਵਿੱਚ ਵਰਣਨ ਕੀਤੇ ਅਤੇ ਵੱਖ ਵੱਖ ਲੋਕਾਂ ਵਲੋਂ ਮੁਕਤੀ ਪ੍ਰਾਪਤ ਕਰਨ ਲਈ ਅਪਣਾਏ ਜਾਂਦੇ ਢੰਗ ਅਥਵਾ ਮਾਰਗ ਇਹ ਹਨ—

੧. ਧਿਆਨੀਆਂ ਦਾ ਧਿਆਨ ਲਾਉਣਾ ।
੨. ਗਿਆਨੀਆਂ ਦਾ ਗਿਆਨ ਕਮਾਉਣਾ ।
੩. ਭਗਉਤੀਆਂ (ਨੱਚਣ ਟੱਪਣ ਵਾਲੇ ਭਗਤ) ਦਾ ਨੱਚਣਾ ।
੪. ਜੋਗੀਆਂ ਦਾ ਜੋਗ ਕਮਾਉਣਾ ।
੫. ਤੱਪਸਵੀਆਂ ਦਾ ਤਪ ਕਰਨਾ ।
੬. ਮੋਨੀਆਂ (ਚੁੱਪ ਰਹਿਣ ਵਾਲੇ) ਦਾ ਮੋਨ ਧਾਰਨ ਕਰਨਾ ।
੭. ਸੰਨਿਆਸੀਆਂ (ਤਿਆਗੀਆਂ) ਦਾ ਤਿਆਗ ਕਰਨਾ ਅਥਵਾ ਸੰਨਿਆਸ ਲੈਣਾ।
੮. ਬ੍ਰਹਮਚਾਰੀਆਂ ਦਾ ਬ੍ਰਹਮਚਰਯ (ਇੰਦ੍ਰੀਆਂ ਨੂੰ ਵੱਸ ਕਰਨਾ) ਧਾਰਨ ਕਰਨਾ।
੯. ਉਦਾਸੀਆਂ ਦਾ ਦੁਨੀਆਂ ਤੋਂ ਉਪਰਾਮ (ਉਦਾਸ) ਰਹਿਣਾ ।
੧੦. ਭਗਤਾਂ ਦਾ ਨੌਂ ਪ੍ਰਕਾਰ ਦੀ ਭਗਤੀ ਦੇ ਢੰਗ ਅਪਨਾਉਣੇ ।

੧੧. ਪੰਡਿਤਾਂ ਦਾ ਵੇਦ ਪਾਠ ਕਰਨਾ ।

੧੨. ਗ੍ਰਹਸਤੀਆਂ ਦਾ ਗ੍ਰਹਸਤ (ਘਰ ਬਾਰ) ਧਾਰਨ ਕਰਨਾ ।

੧੩. ਕੇਵਲ ਇਕੋ ਹੀ ਸ਼ਬਦ ਬੋਲਣ ਵਾਲਿਆਂ ਦਾ ਅਲੱਖ ਅਲੱਖ (ਔਲਖ ਔਲਖ) ਕਰਨਾ ।

੧੪. ਬਹੁਰੂਪੀਆਂ ਦਾ ਭਾਂਤ ਭਾਂਤ ਦੇ ਸਾਂਗ ਉਤਾਰਨੇ ਭਾਵ ਭੇਸ ਬਦਲਣੇ।

੧੫. ਅਵਧੂਤਾਂ (ਨਾਗਿਆਂ) ਦਾ ਨੰਗੇ ਰਹਿਣਾ ।

੧੬. ਕਾਪੜੀਆਂ (ਖਾਸ ਤਰ੍ਹਾਂ ਦਾ ਚੋਲਾ ਜਾਂ ਕੋਈ ਹੋਰ ਕੱਪੜਾ ਪਹਿਨਣ ਵਾਲੇ) ਦਾ ਸੋਹਣੇ ਕੱਪੜੇ ਪਾਉਣਾ ।

੧੭. ਕਵੀਸ਼ਰਾਂ ਤੇ ਨਾਟਕ ਚੇਟਕ ਕਰਨ ਵਾਲਿਆਂ (ਕਉਤੇ) ਦਾ ਕਵਿਤਾ ਗਾ ਕੇ, ਸ੍ਵਾਂਗ ਦਿਖਾ ਕੇ ਲੋਕਾਂ ਨੂੰ ਖ਼ੁਸ਼ ਕਰਨਾ ।

੧੮. ਜਾਗਦੇ ਰਹਿਣ ਵਾਲੇ (ਜਾਗੁਤਾ) ਅਥਵਾ ਨੀਂਦ ਦੇ ਤਿਆਗੀਆਂ ਦਾ ਜਾਗਦੇ ਰਹਿਣਾ ।

੧੯. ਤੀਰਥ ਇਸ਼ਨਾਨੀਆਂ ਦਾ ਤੀਰਥਾਂ ਤੇ ਇਸ਼ਨਾਨ ਕਰਨਾ ।

੨੦. ਨਿਰਾਹਾਰ ਵਰਤੀਆਂ (ਨਿਰਾਹਾਰ ਵਰਤ ਰਖਣੇ ਵਾਲੇ) ਦਾ ਵਰਤ ਰੱਖਣਾ।

੨੧. ਆਪਰਸਾਂ (ਜੋ ਕਿਸੇ ਨੂੰ ਛੂੰਹਦੇ ਨਹੀਂ) ਦਾ ਕਿਸੇ ਨੂੰ ਨਾ ਛੂਹਣਾ ।

੨੨. ਲੂਕਾਂ (ਛਿਪੇ ਰਹਿਣ ਵਾਲੇ) ਦਾ ਦਰਸ਼ਨ ਨਾ ਦੇਣਾ ।

੨੩. ਆਪਣੇ ਆਪ ਨੂੰ ਗਿਆਤਾ (ਗਿਆਨ ਵਾਲੇ) ਸਮਝਣ ਵਾਲਿਆਂ ਦਾ ਇਸ ਅਭਿਮਾਨ ਵਿੱਚ ਫੁਲੇ ਫਿਰਨਾ ਕਿ ਮੈਨੂੰ ਕੁਝ ਪਤਾ ਹੈ ਅਥਵਾ ਮੈਂ ਸਭ ਕੁਝ ਜਾਣਦਾ ਹਾਂ ।

ਨੌਂ ਤਰ੍ਹਾਂ ਦੀ ਭਗਤੀ ਇਹ ਹੈ-

੧. ਸ੍ਰਵਣ (ਸੁਣਨਾ) ।

੨. ਕੀਰਤਨ ।

੩. ਸਿਮਰਨ ।

੪. ਚਰਨ ਸੇਵਾ ।

੫. ਅਰਚਨ (ਪੂਜਾ)

੬. ਬੰਦਨਾ (ਬੇਨਤੀ ਅਰਦਾਸ)

੭. ਸਖਯ (ਮਿੱਤਰ ਭਾਰ)

੮. ਦਾਸਯ (ਦਾਸ ਭਾਵ)

੯. ਆਪਣਾ ਆਪ ਅਰਪਨ ਕਰਨਾ ।

"ਭਗਤਿ ਨਵੈ ਪਰਕਾਰਾ" ਵਾਲੀ ਤੁਕ ਦਾ ਭਾਵ ਵੀ ਪ੍ਰਭੂ ਭਗਤੀ ਦੇ ਅਪਣਾਏ ਜਾਂਦੇ ਢੰਗ ਨੂੰ ਦੱਸਣਾ ਹੈ ਜਿਵੇਂ ਉਪਰ ਲਿਖੇ ਬਾਕੀ ਢੰਗ ਦੱਸੇ ਗਏ ਹਨ । ਇਸ ਸ਼ਬਦ ਰਾਹੀਂ ਸਾਨੂੰ ਸਾਰੀਆਂ ਗੱਲਾਂ ਛੱਡਕੇ ਸਤਿਗੁਰੂ ਦੀ ਸ਼ਰਨ ਵਿੱਚ ਆਉਣ ਅਥਵਾ ਨਿਗੁਰੇ ਤੋਂ ਗੁਰੂ ਵਾਲੇ ਬਣਨ ਦੀ ਸਿਖਿਆ ਮਿਲਦੀ ਹੈ ।

74. ਸਵਾਲ : ਇਕੁ, ਇਕ ਅਤੇ ਇਕਿ ਦਾ ਅਰਥ ਅਤੇ ਉਚਾਰਨ ਉਦਾਹਰਣਾ ਦੇ ਕੇ ਸਮਝਾਉ ।

ਜਵਾਬ : ਇਕੁ, ਇਕ ਅਤੇ ਇਕਿ, ਤਿੰਨਾ ਦਾ ਉਚਾਰਣ 'ਇਕ' ਹੀ ਹੈ ।
ਇਕੁ, ਇਕ-ਵਚਨ ਪੁਲਿੰਗ ਲਈ ਵਰਤਿਆ ਜਾਂਦਾ ਹੈ ।
ਇਕ, ਇਕ-ਵਚਨ ਇਸਤ੍ਰੀ-ਲਿੰਗ ਲਈ ਵਰਤਿਆਂ ਜਾਂਦਾ ਹੈ ।
ਅਤੇ **ਇਕਿ** ਦਾ ਅਰਥ ਹੈ ਕਈ (ਇਕ ਦਾ ਬਹੁ-ਵਚਨ)
ਇਨ੍ਹਾਂ ਦੀਆਂ ਉਦਾਹਰਣਾਂ ਹੇਠਾਂ ਦਿਤੀਆਂ ਗਈਆਂ ਹਨ—
ਇਕ-ਵਚਨ ਪੁਲਿੰਗ-**ਇਕੁ**

— ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣ ॥
— ਸਭਨਾ ਜੀਆ ਕਾ ਇਕੁ ਦਾਤਾ,
ਸੋ ਮੈ ਵਿਸਰਿ ਨ ਜਾਈ ॥

ਇਕ-ਵਚਨ ਇਸਤ੍ਰੀ ਲਿੰਗ-**ਇਕ**

— ਸਹਸ ਸਿਆਣਪਾ ਲਖ ਹੋਹਿ,
ਤ ਇਕ ਨ ਚਲੈ ਨਾਲਿ ॥
— ਮਤਿ ਵਿਚਿ ਰਤਨ ਜਵਾਹਰ ਮਾਣਿਕ,
ਜੇ ਇਕ, ਗੁਰ ਕੀ ਸਿਖ, ਸੁਣੀ ॥

ਬਹੁ-ਵਚਨ- **ਇਕਿ**

— ਇਕਨਾ ਹੁਕਮੀ ਬਖਸੀਸ,
ਇਕਿ ਹੁਕਮੀ ਸਦਾ ਭਵਾਈਅਹਿ ॥
— ਇਕਿ ਫਿਰਹਿ ਘਨੇਰੇ, ਕਰਹਿ ਗਲਾ,
ਗਲੀ ਕਿਨੈ ਨ ਪਾਇਆ ॥

75. ਸਵਾਲ : ਹੇਠ ਲਿਖੀਆਂ ਤੁਕਾਂ ਦੇ ਕੀ ਅਰਥ ਹਨ—

(੧) ਅੰਮ੍ਰਿਤਸਰ ਵਿਚਿ ਜੋਤਿ ਜਗਾਵੈ ॥
(੨) ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ,
ਜਿਤੁ ਨਾਤੈ ਕਊਆ ਹੰਸੁ ਹੋਹੈ ॥

ਜਵਾਬ : ਨੰ: (੧) ਵਾਲੀ ਤੁਕ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦੀ ੪੭ਵੀਂ ਪਉੜੀ ਵਿਚੋਂ ਲਈ ਗਈ ਹੈ ।

ਜਿਵੇਂ ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਅਤੇ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਸਾਹਿਬ ਨੂੰ ਪ੍ਰਚਾਰ ਦਾ ਕੇਂਦਰ ਬਣਾਇਆ ਸੀ, ਇਸੇ ਤਰ੍ਹਾਂ ਗੁਰੂ ਰਾਮਦਾਸ ਜੀ ਨੇ ਗੁਰਿਆਈ ਮਿਲਣ ਉਪਰੰਤ ਅੰਮ੍ਰਿਤਸਰ ਨੂੰ ਧਰਮ ਪ੍ਰਚਾਰ ਦਾ ਮੁੱਖ ਕੇਂਦਰ ਬਣਾਇਆ ਸੀ ।

ਉਪਰੋਕਤ ਤੁਕ ਵਿੱਚ ਦਸਿਆ ਗਿਆ ਹੈ ਕਿ ਗੁਰੂ ਰਾਮਦਾਸ ਜੀ ਨੇ ਪ੍ਰਚਾਰ ਰਾਹੀਂ ਅੰਮ੍ਰਿਤਸਰ ਵਿਚ **ਨਾਮ ਦੀ ਜੋਤ** ਜਗਾਈ ।

(੨) ਦੂਸਰੀ ਤੁੱਕ ਗੁਰੂ ਰਾਮਦਾਸ ਜੀ ਦੀ ਲਿਖੀ ਹੋਈ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੪੯੩ ਉਤੇ ਅੰਕਿਤ ਹੈ ।

ਇਸ ਤੁੱਕ ਵਿੱਚ ਅੰਮ੍ਰਿਤਸਰ ਦਾ ਅਰਥ ਹੈ ਅੰਮ੍ਰਿਤ (ਨਾਮ) ਦਾ ਸਰੋਵਰ । ਇਥੇ ਸਤਿਗੁਰੂ ਦੀ ਮਹਿਮਾ ਦਾ ਵਰਣਨ ਕਰਦਿਆਂ ਸਤਿਗੁਰੂ ਨੂੰ ਨਾਮ ਦਾ ਸਰੋਵਰ ਦਸਿਆ ਗਿਆ ਹੈ ।

ਪੂਰੀ ਤੁਕ ਦੇ ਅਰਥ ਇਸ ਤਰ੍ਹਾਂ ਹਨ:-

ਸਦਾ ਥਿਰ ਹਰੀ ਦਾ ਨਾਮ ਜਪਣ ਵਾਲਾ ਸਤਿਗੁਰੂ ਆਤਮਕ ਜੀਵਨ ਦੇਣ ਵਾਲੇ ਨਾਮ-ਜਲ ਦਾ ਸਰੋਵਰ ਹੈ ਜਿਸ ਵਿੱਚ ਨ੍ਹਾਤਿਆਂ (ਆਤਮਿਕ ਚੁਭੀ ਲਾਇਆਂ) ਕਾਂ ਵੀ ਹੰਸ ਬਣ ਜਾਂਦਾ ਹੈ (ਭਾਵ ਸਦਾ ਵਿਕਾਰਾਂ ਦੇ ਗੰਦ ਵਿੱਚ ਖ਼ੁਸ਼ ਰਹਿਣ ਵਾਲਾ ਮਨੁੱਖ ਵੀ ਹਰੀ-ਨਾਮ ਮੋਤੀ ਚੁਗਣ ਕਰਕੇ ਗੁਰਮੁਖ ਬਣ ਜਾਂਦਾ ਹੈ) ।

76. ਸਵਾਲ : ਤੁਪਕ ਤੜਾਕ, ਕੈਬਰ ਕੜਾਕ ।।
ਸੈਹਥੀ ਸੜਾਕ, ਛੋਹੀ ਛੜਾਕ ।।
ਇਸ ਤੋਂ ਕੀ ਭਾਵ ਹੈ ?

ਜਵਾਬ : ਉਪਰੋਕਤ ਛੰਦ ਬਚਿਤ੍ਰ ਨਾਟਕ ਵਿਚੋਂ ਲਿਆ ਗਿਆ ਹੈ । ਇਸ ਵਿਚ ਹੁਸੈਨੀ ਦੇ ਜੰਗ ਦਾ ਜ਼ਿਕਰ ਕੀਤਾ ਗਿਆ ਹੈ ਜੋ ਕਿ ਸੰਨ ੧੬੯੫ ਨੂੰ ਹੁਸੈਨ ਖਾਂ ਅਤੇ ਸਿੱਖਾਂ ਵਿਚਕਾਰ ਹੋਇਆ ਸੀ ।

ਇਥੇ ਤੁੱਪਕ ਤੋਂ ਭਾਵ ਹੈ ਤੋਪਾਂ, ਕੈਬਰ ਦਾ ਅਰਥ ਹੈ ਤੀਰ ਸੈਹਥੀ, ਨੇਜੇ ਨੂੰ ਕਿਹਾ ਗਿਆ ਹੈ ਅਤੇ ਛੋਹੀ, ਛਵ੍ਹੀ ਨੂੰ ।

ਛੰਦ ਦਾ ਅਰਥ ਇਸ ਤਰ੍ਹਾਂ ਹੈ-ਤੋਪਾਂ ਦੀ ਤੜ-ਤੜ, ਤੀਰ ਕਮਾਨਾਂ ਦੀ ਕੜ-ਕੜ, ਬਰਛਿਆਂ ਦੀ ਸਰਰ-ਸਰਰ ਅਤੇ ਛਵ੍ਹੀਆਂ ਦੀ ਛੜ-ਛੜ ਹੋ ਰਹੀ ਸੀ ।

77. **ਸਵਾਲ : "ਲਾਖ ਕਰੋਰੀ ਬੰਧੁ ਨ ਪਰੈ ।।"**
ਸੁਖਮਨੀ ਸਾਹਿਬ ਦੀ ਤੁੱਕ ਵਿੱਚ ਸ਼ੁੱਧ ਪਾਠ ਬੰਧਨ ਹੈ ਕਿ ਬੰਧੁ ਨ । ਇਸ ਦੇ ਅਰਥ ਦਸਣ ਦੀ ਵੀ ਕ੍ਰਿਪਾ ਕਰਨੀ ਜੀ ।

ਜਵਾਬ : ਗੁਰਬਾਣੀ ਦੀ ਲਿਖਾਈ ਅੰਦਰ ਇਹ ਨਿਯਮ ਵਰਤਿਆ ਗਿਆ ਹੈ ਕਿ ਜਿਸ ਸ਼ਬਦ ਦੇ ਅੰਤਲੇ ਅਖਰ ਨਾਲ ਸਿਹਾਰੀ ਜਾਂ ਔਕੜ ਲਗਿਆ ਹੋਵੇ ਤੇ ਉਸ ਤੋਂ ਅਗੇ 'ਨ' ਅਖਰ ਮੁਕਤਾ ਹੋਵੇ ਤਾਂ 'ਨ' ਅਖਰ ਉਸ ਸ਼ਬਦ ਨਾਲ ਮਿਲਾ ਕੇ ਨਹੀਂ ਪੜ੍ਹਿਆ ਜਾ ਸਕਦਾ ਜਿਵੇਂ

ਤਹ ਚੰਦੁ ਨ ਸੂਰਜੁ, ਪਉਣੁ ਨ ਪਾਣੀ ।। (੯੭੪)
ਉਚਾਰਨ ਹੈ : ਚੰਦੁ ਨ ।
ਲਾਖ ਕਰੋਰੀ ਬੰਧੁ ਨ ਪਰੈ ।। (੨੬੪)
ਉਚਾਰਨ ਹੈ : ਬੰਧੁ ਨ ।

ਪਰੰਤੂ ਜਿਸ ਸ਼ਬਦ ਦਾ ਅੰਤਲਾ ਅਖਰ 'ਨ' ਹੋਵੇ ਤੇ ਉਸ ਨਾਲ ਸਿਹਾਰੀ ਔਕੜ (ਨਿ, ਨੁ) ਲਗਾ ਹੋਇਆ ਹੋਵੇ ਤਾਂ ਉਹ 'ਨ' ਅਖਰ ਅਡਰਾ ਨਹੀਂ ਪੜ੍ਹਿਆ ਜਾ ਸਕਦਾ । ਉਸਦਾ (ਨ) ਸ਼ਬਦ ਦੇ ਨਾਲ ਹੀ ਉਚਾਰਨ ਕੀਤਾ ਜਾਣਾ ਚਾਹੀਦਾ ਹੈ ਜਿਵੇਂ

ਕੁਤੇ ਚੰਦਨੁ ਲਾਈਐ ਭੀ ਸੋ ਕੁਤੀ ਧਾਤੁ । (੧੪੩)
ਉਚਾਰਨ ਹੈ : ਚੰਦਨ ।
ਜੀਅ ਕਾ ਬੰਧਨੁ ਕਰਮੁ ਬਿਆਪੈ ।। (੧੩੫੧)
ਉਚਾਰਨ ਹੈ : ਬੰਧਨ ।

ਉਪਰੋਕਤ ਨਿਯਮਾਂ ਅਨੁਸਾਰ, ਉਪਰੋਕਤ ਤੁਕ ਵਿਚ ਬੰਧੁ ਨ ਦਾ ਸ਼ੁਧ ਉਚਾਰਨ ਬੰਧੁ ਨ ਹੀ ਹੈ ਬੰਧਨ ਨਹੀਂ । ਤੁਕ ਦਾ ਅਰਥ ਹੈ, ਲਖਾਂ ਕਰੋੜਾਂ ਰੁਪਏ ਕਮਾ ਕੇ ਵੀ ਤ੍ਰਿਸ਼ਨਾ ਨੂੰ ਰੋਕ ਨਹੀਂ ਪੈਂਦੀ ।

78. **ਸਵਾਲ : ੧ਓ ਦੇ ਤਿੰਨ ਭਾਗ ਹਨ – ੧, ਓ ਅਤੇ ⌒ (ਕਾਰ)। ਨੂੰ ਕਾਰ ਕਿਉਂ ਬੋਲਿਆ ਜਾਂਦਾ ਹੈ । ਇਹ (⌒) ਕਿਹੜੀ ਲਿਪੀ ਵਿਚ ਕਾਰ ਬਣਦਾ ਹੈ ।**

ਜਵਾਬ : '⌒' ਸੰਸਕ੍ਰਿਤ ਦਾ ਇਕ ਪਿਛੇਤਰ ਹੈ ਜੋ ਆਮ ਤੌਰ ਤੇ ਨਾਂਵ ਦੇ ਅਖੀਰ ਵਿੱਚ ਵਰਤਿਆ ਜਾਂਦਾ ਹੈ । ਇਸ ਦਾ ਅਰਥ ਹੈ ਇਕ ਰਸ, ਜਿਸ ਵਿਚ ਤਬਦੀਲੀ ਨਾ ਆਵੇ ਤੇ ਇਸ ਦਾ ਉਚਾਰਨ ਹੈ 'ਕਾਰ' ।

79. **ਸਵਾਲ: "ਨਮੋ ਨਿਤ ਨਾਰਾਇਣੇ ਕ੍ਰੂਰ ਕਰਮੇ ।।" ਜਾਪ ਸਾਹਿਬ ਦੀ ਤੁਕ ਵਿੱਚ ਕ੍ਰੂਰ ਦਾ ਸ਼ੁਧ ਪਾਠ ਕੀ ਹੈ ?**

ਜਵਾਬ : ਕ੍ਰੂਰ ਦਾ ਸ਼ੁਧ ਪਾਠ "ਕਰੂਰ" ਹੈ ।

80. **ਸਵਾਲ : "ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ।।" ਤੁਕ ਵਿੱਚ 'ਸਹਸ' ਦਾ ਸ਼ੁਧ ਉਚਾਰਨ ਦਸੋ ?**

ਜਵਾਬ : ਸਹਸ ਦਾ ਸ਼ੁਧ ਉਚਾਰਣ ਹੈ 'ਸਹਿਸ'

81. **ਸਵਾਲ : 'ਗੋਪਾਲ ਤੇਰਾ ਆਰਤਾ' ਤੁਕ ਦੇ ਕੀ ਅਰਥ ਹਨ ? ਕਈ ਪ੍ਰਚਾਰਕ ਇਸ ਸ਼ਬਦ ਰਾਹੀਂ ਇਹ ਦਸਦੇ ਹਨ ਕਿ ਧੰਨੇ ਭਗਤ ਨੇ ਪਰਮਾਤਮਾ ਦਾ ਆਰਤਾ ਉਚਾਰਿਆ ਹੈ । ਕੀ ਇਹ ਗਲ ਠੀਕ ਹੈ?**

ਜਵਾਬ : ਇਹ ਤੁੱਕ 'ਰਾਗ ਧਨਾਸਰੀ' ਵਿੱਚ ਭਗਤ ਧੰਨਾ ਜੀ ਦੇ ਸ਼ਬਦ 'ਗੋਪਾਲ ਤੇਰਾ ਆਰਤਾ' ਦੀ ਪਹਿਲੀ ਤੁਕ ਹੈ । ਇਸ ਤੁਕ ਵਿਚ 'ਆਰਤਾ ' ਦਾ ਅਰਥ ਲੋੜਵੰਦ, ਦੁਖੀਆ ਜਾਂ ਮੰਗਤਾ ਆਦਿ ਦੇ ਹਨ । 'ਆਰਤਾ' ਸ਼ਬਦ ਦਾ ਆਰਤੀ ਦੇ ਸ਼ਬਦਾਂ ਨਾਲ ਕੋਈ ਸਬੰਧ ਨਹੀਂ ਹੈ । ਇਸ ਵਿੱਚ ਭਗਤ ਜੀ ਕਹਿੰਦੇ ਹਨ ਕਿ ਹੇ ਪ੍ਰਿਥਵੀ ਦੇ ਪਾਲਣਹਾਰ ਪ੍ਰਭੂ ! ਮੈਂ ਤੇਰੇ ਦਰ ਦਾ ਮੰਗਤਾ ਹਾਂ । ਜੋ ਮਨੁੱਖ ਤੇਰੀ ਭਗਤੀ ਕਰਦੇ ਹਨ ਤੂੰ ਉਹਨਾਂ ਦੇ ਮਨੋਰਥ ਪੂਰੇ ਕਰਦਾ ਹੈਂ । 'ਆਰਤਾ' ਸ਼ਬਦ ਨੂੰ ਆਰਤੀ ਦੇ ਨਾਲ ਜੋੜਨਾ ਕੇਵਲ ਅਗਿਆਨਤਾ ਹੀ ਹੈ ।

82. **ਸਵਾਲ : ਸੂਰਜ ਕਿਰਣਿ ਮਿਲੇ,**
ਜਲ ਕਾ ਜਲੁ ਹੂਆ ਰਾਮ ।।
ਜੋਤੀ ਜੋਤਿ ਰਲੀ,
ਸੰਪੂਰਨੁ ਥੀਆ ਰਾਮ ।।
ਇਹਨਾਂ ਤੁਕਾਂ ਦੇ ਅਰਥ ਦੱਸਣ ਦੀ ਕ੍ਰਿਪਾਲਤਾ ਕਰਨੀ ।

ਜਵਾਬ : ਅਰਥ : ਹੇ ਭਾਈ ! ਜਿਵੇਂ ਸੂਰਜ ਦੀ ਕਿਰਨ ਨਾਲ ਮਿਲ ਕੇ ਬਰਫ ਤੋਂ ਪਾਣੀ ਦਾ ਪਾਣੀ ਬਣ ਜਾਂਦਾ ਹੈ । ਭਾਵ, ਸੂਰਜ ਦੇ ਨਿੱਘ ਨਾਲ ਬਰਫ ਬਣੇ ਪਾਣੀ ਦੀ ਕਠੋਰਤਾ ਖਤਮ ਹੋ ਜਾਂਦੀ ਹੈ ਤਿਵੇਂ ਸਿਫਤ-ਸਲਾਹ ਦੀ ਬਰਕਤ ਨਾਲ ਜੀਵ ਦੇ ਅੰਦਰੋਂ ਰੁੱਖਾਪਨ ਮੁੱਕ ਕੇ ਜੀਵ ਦੀ ਜਿੰਦ ਪਰਮਾਤਮਾ ਦੀ ਜੋਤ ਨਾਲ ਇਕ ਮਿਕ ਹੋ ਜਾਂਦੀ ਹੈ ਤੇ ਜੀਵ ਸਾਰੇ ਗੁਣਾਂ ਦੇ ਮਾਲਕ ਪਰਮਾਤਮਾ ਦਾ ਰੂਪ ਹੋ ਜਾਂਦਾ ਹੈ ।

ਉਪਰੋਕਤ ਅਰਥਾਂ ਦੇ ਸਮਝਣ ਤੋਂ ਬਾਅਦ ਸਾਨੂੰ ਪਤਾ ਲਗਦਾ ਹੈ ਕਿ ਇਸ ਸ਼ਬਦ ਦੀ ਵਰਤੋਂ ਮ੍ਰਿਤਕ ਪ੍ਰਾਣੀ ਦੇ ਨਮਿਤ ਅਸੀਂ ਅਗਿਆਨਤਾ ਵੱਸ ਹੀ ਕਰੀ ਜਾਂਦੇ ਹਾਂ । ਜਦੋਂ ਕਿ ਇਸ ਸ਼ਬਦ ਦਾ ਸੰਬੰਧ ਮਨੁੱਖ ਦੀ ਸੁਚੱਜੀ ਜੀਵਨ ਜੁਗਤ ਨਾਲ ਹੈ ।

83. ਸਵਾਲ : 'ਨਾਨਕ ਨੀਵਾ ਜੋ ਚਲੇ ਲਗੇ ਨ ਤਾਤੀ ਵਾਉ ।' ਕੀ ਇਹ ਗੁਰਬਾਣੀ ਦੀ ਤੁਕ ਹੈ ?

ਜਵਾਬ : ਨਹੀਂ ਜੀ, ਇਹ ਗੁਰਬਾਣੀ ਦੀ ਤੁਕ ਨਹੀਂ ।

84. ਸਵਾਲ : ਸੈਭੰ, ਤ੍ਵ, ਨਮਸਤੰ, ਨਮਸਤ੍ਵੰ ਅਕਰਮੰ, ਗਿਆਨੰ, ਸਰਬੰ, ਰੰਙਨਿ ਦਾ ਸ਼ੁਧ ਉਚਾਰਨ ਦਸਣਾ ਜੀ ?

ਜਵਾਬ : ਅੰਤਲੀ ਟਿੱਪੀ ਦੀ ਅਵਾਜ਼ ਅੰਗ ਜਾਂ ਅੰਙ ਕਰਕੇ ਬੋਲਣੀ ਹੈ । ਤ੍ਵ ਦਾ ਉਚਾਰਨ ਹੈ ਤਵ, ਰੰਙਨਿ ਦਾ ਉਚਾਰਨ 'ਙ' ਦੀ ਅਵਾਜ਼ ਨਾਲ ਕਰਨਾ ਹੈ 'ਗ' ਨਾਲ ਨਹੀਂ ।

85. ਸਵਾਲ : ਮੀਨੁ ਪਕਰਿ ਫਾਂਕਿਓ ਅਰੁ ਕਾਟਿਓ,
ਰਾਂਧਿ ਕੀਓ ਬਹੁ ਬਾਨੀ ॥
ਖੰਡ ਖੰਡ ਕਰਿ ਭੋਜਨੁ ਕੀਨੋ,
ਤਊ ਨ ਬਿਸਰਿਓ ਪਾਨੀ ॥੨॥
ਇਹਨਾਂ ਵਾਕਾਂ ਦੇ ਅਰਥ ਦੱਸੋ ।

ਜਵਾਬ : ਇਹ ਤੁਕਾਂ ਭਗਤ ਰਵਿਦਾਸ ਜੀ ਦੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਨਾ ੬੫੮ ਤੇ ਰਾਗ ਸੋਰਠਿ ਵਿਚ ਦਰਜ ਹਨ । ਇਹਨਾਂ ਵਿਚ ਅਕਾਲ ਪੁਰਖ ਨਾਲ ਪ੍ਰੀਤ ਦਾ ਵਰਨਣ ਕੀਤਾ ਗਿਆ ਹੈ ਕਿ ਹੇ ਪ੍ਰਭੂ ! ਅਸਾਡਾ ਤੇਰੇ ਨਾਲ ਪਿਆਰ ਭੀ ਉਹ ਹੈ ਜੋ ਮੱਛੀ ਨੂੰ ਪਾਣੀ ਨਾਲ ਹੁੰਦਾ ਹੈ । ਅਸਾਂ ਮਰ ਕੇ ਭੀ ਤੇਰੀ ਯਾਦ ਨਹੀਂ ਛਡਣੀ, ਜਿਵੇਂ ਮੱਛੀ ਨੂੰ ਪਾਣੀ ਵਿਚੋਂ ਫੜ ਕੇ ਫਾਕਾਂ ਕਰ ਦੇਈਏ, ਟੋਟੇ ਟੋਟੇ ਕਰ ਦੇਈਏ ਤੇ ਕਈ ਤਰ੍ਹਾਂ ਰਿੰਨ੍ਹ ਲਈਏ, ਫਿਰ ਰਤਾ ਰਤਾ ਕਰਕੇ ਖਾ ਲਈਏ, ਫਿਰ ਵੀ ਉਸ ਮੱਛੀ ਨੂੰ ਪਾਣੀ ਨਹੀਂ ਭੁੱਲਦਾ ਭਾਵ ਜਿਸ ਖਾਣ ਵਾਲੇ ਦੇ ਪੇਟ ਵਿੱਚ ਮੱਛੀ ਜਾਂਦੀ ਹੈ ਉਸ ਨੂੰ ਭੀ ਪਾਣੀ ਦੀ ਪਿਆਸ ਲਗਾ ਦੇਂਦੀ ਹੈ ।

86. ਸਵਾਲ : ਆਸਾ ਦੀ ਵਾਰ ਦੇ ਅਖੀਰ ਵਿੱਚ ਲਿਖਿਆ 'ਸੁਧ' ਪੜਣਾ ਚਾਹੀਦਾ ਹੈ ਜਾਂ ਨਹੀਂ ?

ਜਵਾਬ : 'ਸੁਧ,' 'ਸੁਧ ਕੀਚੇ' ਆਦਿ ਪਦ ਗੁਰੂ ਸਾਹਿਬ ਵਲੋਂ ਲਿਖਾਰੀ ਨੂੰ ਹਦਾਇਤ ਵਜੋਂ ਸਨ ਜੋ ਅਗੋਂ ਉਤਾਰੇ ਸਮੇਂ ਨਾਲ ਹੀ ਲਿਖੇ ਜਾਂਦੇ ਰਹੇ । ਐਸੇ ਪਦ ਗੁਰਬਾਣੀ ਦਾ ਹਿਸਾ ਨਹੀਂ ਹਨ, ਕੇਵਲ ਲਿਖਾਰੀ ਨੂੰ ਸੰਕੇਤ ਸਨ । ਸੋ ਨਹੀਂ ਪੜ੍ਹੇ ਜਾਣੇ ਚਾਹੀਦੇ ।

87. **ਸਵਾਲ : ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ।।**
ਕੋਹ ਕਰੋੜੀ ਚਲਤ ਨ ਅੰਤੁ ।।
ਆਸਾ ਕੀ ਵਾਰ ਵਿਚ ਆਏ ਉਪਰੋਕਤ ਸਲੋਕ ਅਨੁਸਾਰ ਤਾਂ ਸੂਰਜ ਚਲਦਾ ਹੈ ਜਦ ਕਿ ਇਹ ਇਕ ਅਟੱਲ ਸਚਾਈ ਹੈ ਕਿ ਸੂਰਜ ਇਕ ਥਾਂ ਖੜ੍ਹਾ ਹੈ ? ਸੰਸਾ ਨਵਿਰਤ ਕਰਨਾ ਜੀ ।

ਜਵਾਬ : ਸੂਰਜ ਚਲਦਾ ਹੈ ; ਇਕ, ਆਪਣੇ ਹੀ ਕੇਂਦਰ-ਧੁਰੇ ਦੁਆਲੇ, ਦੂਜਾ ਆਪਣੇ ਵਡੇ ਸੂਰਜ ਦੁਆਲੇ ਭੀ । ਅੱਜ ਦੇ ਖੁਗੋਲ-ਵਿਗਿਆਨੀਆਂ ਭੀ ਸਿੱਧ ਕਰ ਦਿਤਾ ਹੈ ਕਿ ਸਾਡਾ ਸੌਰ ਮੰਡਲ ਜਿਸ ਵਿੱਚ ਸਾਡਾ ਸੂਰਜ, ਧਰਤੀ ਤੇ ਅੱਠ ਹੋਰ ਗ੍ਰਿਹਿ ਹਨ ਉਪਗ੍ਰਹਿਆਂ ਦੀ ਵੱਡੀ ਗਲੈਕਸੀ (Galaxy) ਸਮੇਤ ਦੁਧ ਧਾਰਾ (Milky Way) ਦਾ ਭਾਗ ਹੈ । ਇਹ ਸਾਰਾ ਸੌਰ ਮੰਡਲ, ਸਣੇ ਹੋਰ ਸੌਰ ਮੰਡਲਾਂ ਦੇ ਚਕਰ ਲਾ ਰਿਹਾ ਹੈ । ਅਜਿਹੀਆਂ ਹੋਰ ਕਈ ਦੁਧ ਧਾਰਾ ਵਰਗੀਆਂ ਗਲੈਕਸੀਆਂ ਇਕ ਹੋਰ ਵਡੇਰੀ ਇਕਾਈ ਦੁਆਲੇ ਚਕਰ ਲਾਉਂਦੀਆਂ ਹਨ, ਤੇ ਇਉਂ ਵਡਾ ਬ੍ਰਹਿਮੰਡ ਬਣਦਾ ਹੈ ਜਿਸਦਾ ਅੰਤ ਨਹੀਂ ਲਭਿਆ ਜਾ ਸਕਿਆ। ਸਾਡੇ ਵਡੇ ਭਾਗ ਹਨ, ਗੁਰੂ ਨਾਨਕ ਸਾਹਿਬ ਜੀ ਨੇ ਅੱਜ ਤੋਂ ਪੰਜ ਸੌ ਸਾਲ ਪਹਿਲਾਂ ਹੀ ਦਸ ਦਿਤਾ ਸੀ ਕਿ ਸੂਰਜ ਭੀ ਚਲਦਾ ਹੈ। ਖ਼ੁਗੋਲ ਵਿਗਿਆਨੀਆਂ ਤਾਂ ਇਸੇ ਸਦੀ ਵਿੱਚ ਖੋਜਿਆ ਹੈ ।

88. **ਸਵਾਲ : 'ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨੀਓ ਗ੍ਰੰਥ' ਸ਼ਬਦ ਕਿਥੋਂ ਲਏ ਗਏ ਹਨ ?**

ਜਵਾਬ : ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰੀ ਸਿੱਖ ਭਾਈ ਪ੍ਰਹਿਲਾਦ ਸਿੰਘ ਦੇ ਰਹਿਤਨਾਮੇ ਵਿਚੋਂ ਇਹ ਸ਼ਬਦ ਲਏ ਗਏ ਹਨ । ਪੂਰਾ ਦੋਹਰਾ ਇਸ ਤਰ੍ਹਾਂ ਹੈ-

ਅਕਾਲ ਪੁਰਖ ਕੇ ਬਚਨ ਸਿਉ
ਪ੍ਰਗਟ ਚਲਾਯੋ ਪੰਥ ।।
ਸਭ ਸਿਖਨ ਕੋ ਹੁਕਮ ਹੈ,
ਗੁਰੂ ਮਾਨੀਓ ਗ੍ਰੰਥ ।

89. ਸਵਾਲ : ਗੁਰੂ ਗ੍ਰੰਥ ਸਾਹਿਬ ਜੀ ਦੀਆਂ ਵਾਰਾਂ ਪੁਰ ਨੌਂ ਧੁਨੀਆਂ ਕੀ ਗੁਰੂ ਹਰਗੋਬਿੰਦ ਸਾਹਿਬ ਨੇ ਚੜ੍ਹਾਈਆਂ ਸਨ ?

ਜਵਾਬ : ਨਹੀਂ ਜੀ, ਇਹ ਧੁਨੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਹੀ ਚੜ੍ਹਾਈਆਂ ਸਨ । ਪ੍ਰਚਲਤ ਗੁਰੂ ਹਰਿਗੋਬਿੰਦ ਸਾਹਿਬ ਜੀ ਵੇਲੇ ਹੋਈਆਂ, ਜਿਨ੍ਹਾਂ ਢਾਢੀਆਂ ਕੋਲੋਂ ਵਾਰਾਂ ਦਾ ਗਾਇਨ ਕਰਵਾਇਆ ।

90. ਸਵਾਲ : ਕਈ ਪ੍ਰਚਾਰਕ ਇਹ ਕਹਿੰਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਦੇ ਸੋਰਠਿ ਰਾਗ ਵਿੱਚ ਕਬੀਰ ਜੀ ਦੀ ਇਹ ਤੁਕ—

ਕਹੁ ਕਬੀਰ ਜਨ ਭਏ ਖਾਲਸੇ,
ਪ੍ਰੇਮ ਭਗਤ ਜਿਨ ਜਾਨੀ ।।

ਵਿਚ ਖਾਲਸੇ ਦੀ ਥਾਂ ਪਹਿਲਾਂ ਖਲਾਸੇ ਪਾਠ ਸੀ, ਪਰ ਗੁਰੂ ਕਲਗੀਧਰ ਜੀ ਨੇ ਪਾਠ ਖਾਲਸੇ ਕਰਵਾ ਦਿਤਾ । ਕੀ ਇਹ ਠੀਕ ਹੈ?

ਜਵਾਬ : ਨਹੀਂ ਜੀ ! ਪਹਿਲੇ ਹੀ ਪਾਠ 'ਖਾਲਸੇ' ਸੀ, ਜਿਸ ਦਾ ਅਰਥ ਹੈ, ਉਹ 'ਜਨ' ਜਿਸ ਦਾ ਸਬੰਧ ਸਿਧਾ ਵਾਹਿਗੁਰੂ ਨਾਲ ਹੈ । ਕਰਤਾਰਪੁਰ ਵਾਲੀ ਬੀੜ ਵਿਚ ਭੀ ਪਾਠ ਖਾਲਸੇ ਹੀ ਹੈ ।

91. ਸਵਾਲ : "ਗੁਰਮੁਖ ਸੁਣਨਾ ਸੁਰਤਿ ਕਰ,
ਪੰਚ ਸਬਦ ਗੁਰ ਸ਼ਬਦ ਅਲਾਪੇ ।।"

ਭਾਈ ਗੁਰਦਾਸ ਜੀ ਦੀ ਉਪਰੋਕਤ ਤੁਕ ਵਿੱਚ ਪੰਚ ਸ਼ਬਦ ਤੋਂ ਕੀ ਭਾਵ ਹੈ ।

ਜਵਾਬ : ਸੰਗੀਤ ਵਿੱਚ ਪੰਜ ਤਰ੍ਹਾਂ ਦੇ ਸ਼ਬਦ ਮੰਨੇ ਗਏ ਹਨ ।

(੧) ਤੰਤ- ਤਾਰ ਅਤੇ ਤੰਦ ਦੇ ਵਾਜੇ ਦੀ ਆਵਾਜ਼
(੨) ਵ੍ਰਿਤ- ਚੰਮ ਦੇ ਮੜ੍ਹੇ ਹੋਏ ਵਾਜੇ ਦੀ ਆਵਾਜ਼
(੩) ਘਨ- ਧਾਤ ਦੇ ਛੈਣੇ ਘੰਟੇ ਆਦਿਕ ਦੀ ਆਵਾਜ਼
(੪) ਨਾਦ- ਘੜਾ ਆਦਿ ਦੀ ਆਵਾਜ਼
(੫) ਸੁਸ਼ਿਰ- ਫੂਕ ਨਾਲ ਵਜਾਉਣ ਦੇ ਵਾਜੇ ਦੀ ਆਵਾਜ਼

ਕੰਨਾਂ ਵਿੱਚ ਬੁਜੇ ਦੇ ਕੇ ਘੰਟਾ, ਵੀਣਾ, ਮ੍ਰਿਦੰਗ ਆਦਿਕ ਪੰਜ ਵਾਜੇ ਦਿਮਾਗ ਵਿਚ ਸੁਣਨੇ ਸਿੱਖ ਧਰਮ ਵਿੱਚ ਪ੍ਰਵਾਨ ਨਹੀਂ । ਸਿੱਖ ਧਰਮ ਵਿੱਚ ਪੰਚ ਸ਼ਬਦਾਂ ਦਾ ਅਰਥ ਹੈ ਮਨ ਲਾ ਕੇ ਗੁਰੂ ਦਾ ਸ਼ਬਦ ਸੁਣਨਾ । ਗੁਰੂ ਦੇ ਸ਼ਬਦ ਦੇ ਜਾਪ ਨਾਲ ਮਨ ਪੂਰਨ ਖਿੜਾਉ ਵਿਚ ਆ ਜਾਂਦਾ ਹੈ ।

92. **ਸਵਾਲ : ਕੜਛੀਆ ਫਿਰੰਨ੍ਹਿ, ਸੁਆਉ ਨ ਜਾਣਨ੍ਹਿ ਸੁਞੀਆ ॥**
ਸੇਈ ਮੁਖ ਦਿਸੰਨ੍ਹਿ, ਨਾਨਕ ਰਤੇ ਪ੍ਰੇਮ ਰਸਿ ॥

(ਵਾਰ ਗੂਜਰੀ, ਮਹਲਾ ੫, ਪੰਨਾ-੫੨੧)

ਅਰਥ ਦਸਣ ਦੀ ਕ੍ਰਿਪਾਲਤਾ ਕਰਨੀ ਜੀ ?

ਜਵਾਬ : ਪ੍ਰੇਮ ਰਸੀਆਂ ਤੋਂ ਛੁਟ ਬਾਣੀ ਦੇ ਪਾਠੀ ਅਤੇ ਕਥੱਕੜ ਕੜਛੀ ਤੁਲ ਹਨ, ਜੋ ਸਭ ਰਸਾਂ ਵਿੱਚ ਫਿਰ ਕੇ ਭੀ ਆਪ ਰਸ ਨਹੀਂ ਲੈ ਸਕਦੀ ।

93. **ਸਵਾਲ : ਗੁਰਬਾਣੀ ਦੇ ਪ੍ਰਚਾਰ ਲਈ ਗੁਰਬਾਣੀ ਨੂੰ ਦੂਜੀਆਂ ਬੋਲੀਆਂ ਵਿਚ ਉਲਥਾਉਣ ਸਮੇਂ ਕਿਸ ਗੱਲ ਦਾ ਧਿਆਨ ਰਖਣਾ ਜ਼ਰੂਰੀ ਹੈ?**

ਜਵਾਬ: ਗੁਰਬਾਣੀ ਦੀ ਦੂਜੀਆਂ ਬੋਲੀਆਂ ਵਿਚ ਉਲਥਾ ਕਰਨ ਸਮੇਂ ਇਹ ਖਿਆਲ ਰਖਣਾ ਹੈ ਕਿ ਗੁਰਬਾਣੀ ਦੇ ਸ਼ਬਦ ਜ਼ਰਾ ਭੀ ਨਾ ਬਦਲੇ ਜਾਣ, ਉਚਾਰਣ ਉਹੀ ਰਹੇ, ਪਰ ਅੱਖਰਾਂ ਦੇ ਜੋੜ (Spellings)ਉਸ ਭਾਸ਼ਾ ਅਨੁਸਾਰ ਹੋਣ ਜਿਸ ਦੇ ਅੱਖਰਾਂ ਵਿੱਚ ਬਾਣੀ ਲਿਖੀ ਗਈ ਹੈ ਜਿਵੇਂ-

ਗਿਆਨ ਦੀ ਥਾਂ ਗ਼੍ਯਾਨ
ਕਰਮ ਦੀ ਥਾਂ ਕਰ੍ਮ

94. **ਸਵਾਲ : 'ਗਂਲੀ ਅਸੀ ਚੰਗੀਆ ਆਚਾਰੀ ਬੁਰੀਆਹ ॥' ਵਾਕ ਵਿੱਚ 'ਬੁਰੀਆਹ' ਦਾ ਉਚਾਰਨ ਕਿਵੇਂ ਕਰਨਾ ਹੈ ?**

ਜਵਾਬ : ਇਹ ਸ਼ਬਦ ਬਹੁਵਚਨ ਹੈ । ਇਸ ਦਾ ਸ਼ੁਧ ਉਚਾਰਨ ਹੈ—ਬੁਰੀਆਂਹ । ਅਰਥ ਹੈ ਭੈੜੀਆਂ।

95. **ਸਵਾਲ : 'ਕਰਣ ਪਲਾਹ ਕਰੇ ਬਹੁਤੇਰੇ, ਸਾ ਧਨ ਮਹਲੁ ਨ ਪਾਵੈ' ਤੁਕ ਵਿੱਚ ਪਲਾਹ ਦਾ ਉਚਾਰਨ ਪਲਾਂਹ ਕਰਨਾ ਹੈ ਜਾਂ ਪਲਾਹ?**

ਜਵਾਬ : ਸੰਸਕ੍ਰਿਤ ਦਾ ਸ਼ਬਦ ਹੈ ਪ੍ਰਾਲ । ਇਸ ਨੂੰ ਗੁਰਬਾਣੀ ਵਿਚ ਪਲਾਹ ਕਰਕੇ ਲਿਖਿਆ ਗਿਆ ਹੈ; ਅਰਥ ਹੈ: ਕੀਰਨੇ, ਵਰਲਾਪ, ਤਰਲੇ । ਉਚਾਰਨ ਹੈ-ਪਲਾਹ । ਚੂੰਕਿ ਇਹ ਸ਼ਬਦ ਬਹੁਵਚਨ ਨਹੀਂ, ਇਸ ਲਈ ਇਸ ਨੂੰ ਪਲਾਹ ਬਿੰਦੀ ਲਗਾ ਕੇ ਪੜ੍ਹਨਾ ਅਸ਼ੁਧ ਪਾਠ ਕਰਨਾ ਹੈ ।

96. **ਸਵਾਲ : ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ' ਵਾਲੇ ਸ਼ਬਦ ਦਾ ਕੀ ਅਰਥ ਹੈ? ਜ਼ਰਾ ਵਿਸਥਾਰ ਨਾਲ ਦਸਣਾ ।**

ਜਵਾਬ : ਇਹ ਸਲੋਕ ਆਸਾ ਕੀ ਵਾਰ ਵਿਚੋਂ ਹੈ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਹੈ । ਪੂਰਾ ਸਲੋਕ ਇਉਂ ਹੈ–

ਮਿਟੀ ਮੁਸਲਮਾਨ ਕੀ, ਪੇੜੈ ਪਈ ਕੁਮ੍ਹਿਆਰ ।।
ਘੜਿ ਭਾਂਡੇ ਇਟਾ ਕੀਆ, ਜਲਦੀ ਕਰੇ ਪੁਕਾਰ ।।
ਜਲਿ ਜਲਿ ਰੋਵੈ ਬਪੁੜੀ
ਝੜਿ ਝੜਿ ਪਵਹਿ ਅੰਗਿਆਰ ।।
ਨਾਨਕ ਜਿਨਿ ਕਰਤੈ ਕਾਰਣੁ ਕੀਆ
ਸੋ ਜਾਣੈ ਕਰਤਾਰੁ ।।

ਇਸ ਸਲੋਕ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ ਕਿ ਮਰ ਚੁੱਕੇ ਮੁਸਲਮਾਨ ਦੀ ਮਿੱਟੀ ਵੀ ਕਈ ਵਾਰ ਘੁਮਿਆਰ ਦੇ ਵਸ ਪੈ ਜਾਂਦੀ ਹੈ, ਕਿਉਂਕਿ ਕੱਬਰਾਂ ਦੀ ਮਿੱਟੀ ਚੀਕਣੀ ਹੋਣ ਕਾਰਨ ਘੁਮਿਆਰ ਉਸ ਮਿੱਟੀ ਦੇ ਭਾਂਡੇ ਤੇ ਇੱਟਾਂ ਆਦਿ ਬਣਾਉਂਦਾ ਹੈ । ਇਸ ਕਿਰਿਆ ਵਿੱਚ ਮੁਸਲਮਾਨ ਦੀ ਮਿੱਟੀ ਨੂੰ ਸੜਨਾ ਪੈ ਹੀ ਜਾਂਦਾ ਹੈ ਜਿਸ ਤੋਂ ਮੁਸਲਮਾਨ ਲੋਕ ਪਹਿਲਾਂ ਬਚਣਾ ਚਾਹੁੰਦੇ ਸਨ । (ਮੁਸਲਮਾਨਾਂ ਦਾ ਵਿਸ਼ਵਾਸ ਹੈ ਕਿ ਮਿਰਤਕ ਸਰੀਰ ਨੂੰ ਧਰਤੀ ਵਿਚ ਦਬ ਦੇਣਾ ਬੜਾ ਸ਼ੁਭ ਕੰਮ ਹੈ ਅਤੇ ਸਾੜ ਦੇਣਾ ਬੜਾ ਭੈੜਾ । ਉਨ੍ਹਾਂ ਦੇ ਮਤ ਅਨੁਸਾਰ ਕਿਆਮਤ ਦੇ ਦਿਨ ਰੱਬ ਸਭ ਮੁਸਲਮਾਨਾਂ ਨੂੰ ਕਬਰਾਂ ਵਿਚੋਂ ਉਠਾਕੇ ਉਨ੍ਹਾਂ ਦਾ ਲੇਖਾ ਕਰੇਗਾ ਅਤੇ ਹਜ਼ਰਤ ਮੁੰਹਮਦ ਸਾਹਿਬ ਆਪਣੇ ਪੈਰੋਕਾਰਾਂ ਦੀ ਗਵਾਹੀ ਦੇਣਗੇ ।) ਘੁਮਿਆਰ ਦੀ ਆਵੀ ਵਿਚ ਇਹ ਮਿੱਟੀ ਜਾਣੋ ਕੂਕ ਪੁਕਾਰ ਕਰਦੀ ਹੈ । ਵਿਚਾਰੀ ਸੜ ਸੜ ਕੇ ਰੋਂਦੀ ਹੈ ਜਦੋਂ ਉਸ ਵਿਚੋਂ ਅੰਗਿਆਰੇ ਝੜ ਝੜ ਕੇ ਡਿਗਦੇ ਹਨ ।

ਅਸਲ ਵਿਚ ਮੋਏ ਸਰੀਰ ਨੂੰ ਸਾੜਨ ਜਾਂ ਦਬਣ ਨਾਲ ਕੋਈ ਵੀ ਆਤਮਕ ਲਾਭ ਜਾਂ ਹਾਨੀ ਨਹੀਂ ਹੁੰਦੀ । ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਜਿਸ ਕਰਤਾਰ ਨੇ ਸੰਸਾਰ ਦੀ ਮਾਇਆ ਰਚੀ ਹੈ ਉਹ ਜੀਵ ਦੇ ਸਾਰੇ ਚੰਗੇ ਮੰਦੇ ਕੀਤੇ ਕੰਮਾਂ ਨੂੰ ਜਾਣਦਾ ਹੈ ਅਤੇ ਉਨ੍ਹਾਂ ਅਨੁਸਾਰ ਹੀ ਜੀਵਾਂ ਨੂੰ ਫਲ ਭੋਗਣਾ ਪੈਂਦਾ ਹੈ ।

97. ਸਵਾਲ : ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੩੪੩ ਤੇ ਲਿਖਿਆ ਹੈ–
ਬਾਵਨ ਅਖਰ ਜੋਰੇ ਆਨਿ ।।
ਸਕਿਆ ਨਾ ਅਖਰੁ ਏਕੁ ਪਛਾਨਿ ।।
ਇਸਦਾ ਭਾਵ–ਅਰਥ ਦਸੋ ।

ਜਵਾਬ : ਇਹ ਤੁੱਕ ਭਗਤ ਕਬੀਰ ਜੀ ਦੀ ਬਾਣੀ ਰਾਗ ਗਉੜੀ ਪੂਰਬੀ ਦੀ 'ਬਾਵਨ ਅਖਰੀ' ਵਿਚੋਂ ਹੈ । ਰਾਗ ਗਉੜੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ 'ਬਵਨ ਅਖਰੀ' ਉਚਾਰਨ ਕੀਤੀ ਹੈ । ਬਾਵਨ ਅਖਰੀ ਦਾ ਭਾਵ ਹੈ ਬਵੰਜਾ (੫੨) ਅੱਖਰਾਂ ਦੁਆਰਾ ਉਪਦੇਸ਼ ।

ਗੁਰਮੁਖੀ ਲਿਪੀ ਦੇ ਪੈਂਤੀ ਅੱਖਰ ਹਨ ਅਤੇ ਸੰਸਕ੍ਰਿਤ ਵਰਣਮਾਲਾ ਨੂੰ ਬਾਵਨ ਅੱਖਰੀ ਆਖਿਆ ਗਿਆ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 'ਬਾਵਨ ਅਖਰੀ' ਨਾਂ ਹੇਠ ਦਰਜ ਬਾਣੀ ਸੰਸਕ੍ਰਿਤ ਵਰਣਮਾਲਾ ਦੀ ਰੀਤੀ ਅਨੁਸਾਰ ਲਿਖੀ ਗਈ ਹੈ ਅਤੇ ਇਸੇ ਹੀ ਕਾਰਨ ਇਸ ਦਾ 'ਬਾਵਨ ਅਖਰੀ' ਲਿਖਿਆ ਗਿਆ ਹੈ । ਅਰਥ ਹੈ ਜਗਤ ਨੇ ਬਵੰਜਾ ਅੱਖਰ ਵਰਤ ਕੇ ਪੁਸਤਕਾਂ ਤਾਂ ਲਿਖ ਦਿਤੀਆਂ ਹਨ ਪਰ ਇਹ ਜਗਤ ਇਨ੍ਹਾਂ ਪੁਸਤਕਾਂ ਰਾਹੀਂ ਉਸ ਇਕ ਪ੍ਰਭੂ ਨੂੰ ਨਹੀਂ ਪਛਾਣ ਸਕਿਆ ਜੋ ਨਾਸ ਰਹਿਤ ਹੈ ।

98. **ਸਵਾਲ : ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੧੦੫ ਤੇ "ਕਬੀਰ ਕਾ ਸਬਦੁ ਰਾਗੁ ਮਾਰੂ ਬਾਣੀ ਨਾਮਦੇਉ ਜੀ ਕੀ, ੧ੴ ਸਤਿਗੁਰ ਪ੍ਰਸਾਦਿ ।।" ਵਿਚ ਸਬਦੁ ਕਬੀਰ ਕਾ ਲਿਖਿਆ ਹੈ, ਬਾਣੀ ਨਾਮਦੇਉ ਜੀ ਕੀ ਲਿਖੀ ਹੈ । ਇਸ ਇਕ ਸ਼ਬਦ ਵਿੱਚ ਦੋਨੋਂ ਭਗਤਾਂ ਦੇ ਨਾਮ ਕਿਵੇਂ ਆ ਗਏ ? ਕੀ ਦੋਨੋਂ ਭਗਤਾਂ ਨੇ ਮਿਲਕੇ ਲਿਖਵਾਇਆ ਹੈ ਜਦ ਕਿ ਹਰ ਇਕ ਵੱਖਰੇ ਵੱਖਰੇ ਸ਼ਬਦ ਵਿਚ ਇਕ ਦਾ ਹੀ ਨਾਂ ਹੁੰਦਾ ਹੈ।**

ਜਵਾਬ : ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੧੦੫ ਤੇ '੧ੴ ਸਤਿਗੁਰ ਪ੍ਰਸਾਦਿ 'ਤੋਂ ਅਗੇ ਪਹਿਲਾ ਸ਼ਬਦ ਨਾਮਦੇਉ ਜੀ ਦਾ ਹੈ ਅਤੇ ਦੂਜਾ ਕਬੀਰ ਜੀ ਦਾ । ਸ਼ਬਦਾਂ ਦੇ ਸ਼ੁਰੂ ਵਿਚ ਸਾਫ ਲਿਖਿਆ ਹੋਇਆ ਹੈ—

ਕਬੀਰ ਕਾ ਸਬਦੁ
ਰਾਗੁ ਮਾਰੂ ਬਾਣੀ ਨਾਮਦੇਉ ਜੀ ਕੀ ।।

ਨਾਮਦੇਉ ਜੀ ਦੀ ਬਾਣੀ ਨਾਲ ਰਲਾ ਕੇ ਕਬੀਰ ਸਾਹਿਬ ਦਾ ਸ਼ਬਦ ਦਿੱਤਾ ਗਿਆ ਹੈ । ਦੋਨੋਂ ਭਗਤਾਂ ਦੇ ਸ਼ਬਦ ਵੱਖਰੇ ਵੱਖਰੇ ਹਨ । ਇਸ ਵਿੱਚ ਭੁਲੇਖੇ ਵਾਲੀ ਕੋਈ ਗੱਲ ਨਹੀਂ ।

ਫਰੀਦ ਸਾਹਿਬ ਦੇ ਸਲੋਕਾਂ ਵਿੱਚ ਤੀਜੇ ਪਾਤਸ਼ਾਹ ਦੇ ਸਲੋਕ ਹਨ । ਦੇਖੋ ਪੰਨਾ ੧੩੮੦ । ਇਵੇਂ ਹੀ ਰਾਮਕਲੀ ਕੀ ਵਾਰ ਪੰਨਾ ੯੪੮ ਤੇ ਕਬੀਰ ਸਾਹਿਬ ਦਾ ਸ਼ਲੋਕ ਦਰਜ ਹੈ, ਬਿਹਾਗੜੇ ਦੀ ਵਾਰ ਪੰਨਾ ੫੫੫ ਤੇ ਵੀ

ਕਬੀਰ ਸਾਹਿਬ ਦਾ ਸਲੋਕ ਹੈ । ਗੂਜਰੀ ਕੀ ਵਾਰ ੫੦੯ ਤੇ ਵੀ ਕਬੀਰ ਜੀ ਦਾ ਸਲੋਕ ਹੈ ।

99. ਸਵਾਲ : ਰਾਗੁ ਮਾਰੂ ਬਾਣੀ ਰਵਿਦਾਸ ਜੀਉ ਕੀ । "ਐਸੀ ਲਾਲ ਤੁਝ ਬਿਨੁ ਕਉਨੁ ਕਰੈ" ਵਾਲੇ ਸ਼ਬਦ ਵਿੱਚ "ਛੋਤਿ" ਦਾ ਅਰਥ ਦੱਸਣ ਦੀ ਕਿਰਪਾ ਕਰਨੀ ।

ਜਵਾਬ : ਛੋਤਿ ਦਾ ਅਰਥ ਹੈ ਅਪਵਿੱਤ੍ਰਤਾ । ਬ੍ਰਾਹਮਣੀ ਮਤ ਅਨੁਸਾਰ ਜੇ ਨੀਵੀਂ ਜਾਤ ਦਾ ਮਨੁੱਖ ਅਥਵਾ ਸ਼ੂਦਰ, ਉੱਚੀ ਜਾਤ ਦੇ ਮਨੁੱਖ ਨਾਲ ਛੂਹ ਜਾਏ ਤਾਂ ਉੱਚ ਜਾਤੀਆ ਆਪਣੇ ਆਪ ਨੂੰ ਭਿੱਟਿਆ ਗਿਆ ਸਮਝਦਾ ਹੈ । ਉਨ੍ਹਾਂ ਦੇ ਮਤ ਅਨੁਸਾਰ ਇਹ ਭਿੱਟ ਪਾਣੀ ਦਾ ਛਿੱਟਾ ਲੈਣ ਨਾਲ ਜਾਂ ਇਸ਼ਨਾਨ ਕਰਨ ਤੇ ਕੱਪੜੇ ਬਦਲਣ ਨਾਲ ਦੂਰ ਹੋਈ ਸਮਝੀ ਜਾਂਦੀ ਹੈ । ਪਰ ਸਿੱਖ ਧਰਮ ਵਿੱਚ ਛੂਤ ਛਾਤ ਸੁਚ ਭਿਟ ਲਈ ਕੋਈ ਥਾਂ ਨਹੀਂ ।

100 ਸਵਾਲ : ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੦੯੬ ਤੇ ਮਾਰੂ ਵਾਰ ਮ: ੩ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਗੁਰੂ ਅਮਰਦਾਸ ਜੀ, ਦੋਨਾਂ ਸਾਹਿਬਾਂ ਦੇ ਸਲੋਕ ਕਿਵੇਂ ਆ ਗਏ ਜਦ ਕਿ ਹਰ ਸ਼ਬਦ ਇਕੋ ਹੀ ਗੁਰੂ ਸਾਹਿਬ ਦਾ ਲਿਖਿਆ ਹੁੰਦਾ ਹੈ ?

ਜਵਾਬ : ਵਾਰ ਵਿੱਚ ਪਉੜੀ ਦੇ ਭਾਵ ਨੂੰ ਉਘੇੜਨ ਵਾਸਤੇ ਸਲੋਕ ਦਿੱਤੇ ਜਾਂਦੇ ਹਨ । ਇਹ ਸਲੋਕ ਵੱਖੋ ਵੱਖ ਗੁਰੂ ਸਾਹਿਬਾਨ ਦੇ ਹੁੰਦੇ ਹਨ ਜਦ ਕਿ ਵਾਰ ਜੋ ਪਉੜੀਆਂ ਤੇ ਅਧਾਰਤ ਹੁੰਦੀ ਹੈ ਇਕੋ ਹੀ ਗੁਰੂ ਸਾਹਿਬ ਦੀ ਉਚਾਰਨ ਕੀਤੀ ਹੋਈ ਹੁੰਦੀ ਹੈ । ਵਾਰਾਂ ਨਾਲ ਸਲੋਕਾਂ ਦੀ ਤਰਤੀਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਸਾਹਿਬ) ਦੀ ਸੰਪਾਦਨਾ ਕਰਦੇ ਹੋਏ ਦਿੱਤੀ ਸੀ । ਰਾਮਕਲੀ, ਬਿਹਾਗੜਾ, ਗੂਜਰੀ, ਮਾਰੂ ਅਤੇ ਹੋਰ ਰਾਗਾਂ ਵਾਰਾਂ ਨੂੰ ਵਿਚਾਰ ਲਵੋ । ਮਾਰੂ ਰਾਗ ਦੀ ਵਾਰ ਵਿਚ ਪਹਿਲੀ, ਦੂਜੀ, ਤੀਜੀ, ਚੌਥੀ ਅਤੇ ਪੰਜਵੀਂ ਪਾਤਿਸ਼ਾਹੀ ਦੇ ਸਲੋਕ ਦਰਜ ਹਨ ।

101. ਸਵਾਲ : ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ–੧੧੦੦ ਤੇ ਡਖਣੇ ਮ: ੫ "ਡਿਠੀ ਹਭ ਢੰਢੋਲਿ" ਵਾਲੇ ਸ਼ਬਦ ਵਿਚ 'ਨਾਨਕ' ਨਾਮ ਨਹੀਂ ਹੈ। ਐਸਾ ਕਿਉਂ ?

ਜਵਾਬ : 'ਨਾਨਕ' ਪਦ ਕਈ ਸਲੋਕਾਂ ਵਿਚ ਨਹੀਂ ਲਿਖਿਆ ਹੋਇਆ । ਸਲੋਕ ਕਿਸ ਪਾਤਸਾਹ ਦਾ ਹੈ ? ਉਹ ਹਰ ਸਲੋਕ ਦੇ ਮੁੱਢ ਵਿਚ ਦਰਜ ਹੈ ।

102. ਸਵਾਲ : ਕਾਲੀ ਕੋਇਲ ਤੂ ਕਿਤ ਗੁਨ ਕਾਲੀ ।।
ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ।।
ਤੁਕਾਂ ਦਾ ਅਰਥ ਦਸਣਾ ਜੀ ।

ਜਵਾਬ : ਇਹ ਤੁਕਾਂ ਰਾਗੁ ਸੂਹੀ ਬਾਣੀ ਸ਼ੇਖ ਫਰੀਦ ਜੀ ਕੀ ਦੇ ਸ਼ਬਦ "**ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ** ।।" ਵਿਚ ਦਰਜ ਹਨ ।

ਇਸ ਸ਼ਬਦ ਵਿੱਚ ਪ੍ਰਭੂ ਤੋਂ ਵਿਛੁੜੀ ਰਸਾਂ ਕਸਾਂ ਵਿਚ ਖਚਿਤ ਜੀਵ ਇਸਤ੍ਰੀ ਕੋਇਲ ਨੂੰ ਪੁਛਦੀ ਹੈ— ਹੇ ਕਾਲੀ ਕੋਇਲ ! ਭਲਾ ਮੈਂ ਤਾਂ ਆਪਣੇ ਕਰਮਾਂ ਦੀ ਮਾਰੀ ਦੁਖੀ ਹਾਂ ਹੀ, ਤੂੰ ਭੀ ਕਿਉਂ ਕਾਲੀ ਹੋ ਗਈ ਹੈਂ ? ਕੋਇਲ ਭੀ ਇਹੀ ਉੱਤਰ ਦਿੰਦੀ ਹੈ ਮੈਨੂੰ ਮੇਰੇ ਪ੍ਰੀਤਮ ਦੇ ਵਿਛੋੜੇ ਨੇ ਸਾੜ ਦਿਤਾ ਹੈ, ਇਸ ਕਰਕੇ ਵਿਛੋੜੇ ਦੇ ਦੁਖ ਵਿੱਚ ਮੈਂ ਕਾਲੀ ਹੋ ਗਈ ਹਾਂ ।

ਆਮ ਕਰਕੇ 'ਰਾਗੀ' ਇਨ੍ਹਾਂ ਤੁਕਾਂ ਨੂੰ 'ਟੇਕ' ਬਣਾ ਕੇ ਇਹ ਸ਼ਬਦ ਗਾਉਂਦੇ ਹਨ ਜੋ ਕਿ ਕੀਰਤਨ ਦੀ ਗੁਰਮਤਿ ਮਰਯਾਦਾ ਅਨੁਸਾਰ ਗਲਤ ਹੈ। ਕੀਰਤਨ ਕਰਦੇ ਸਮੇਂ 'ਰਹਾਉ' ਦੀਆਂ ਤੁਕਾਂ ਨੂੰ ਟੇਕ (ਸਥਾਈ) ਬਣਾਉਣ ਦੀ ਗੁਰਮਤਿ ਮਰਯਾਦਾ ਹੈ ਕਿਉਂਕਿ ਰਹਾਉ ਵਿਚ ਹੀ ਸਾਰੇ ਸ਼ਬਦ ਦਾ ਕੇਂਦਰੀ ਭਾਵ ਦਰਜ ਹੁੰਦਾ ਹੈ । ਇਸ ਸ਼ਬਦ ਦੀਆਂ ਰਹਾਉ ਦੀਆਂ ਤੁਕਾਂ ਹਨ :

ਤੈ ਸਾਹਿਬ ਕੀ ਮੈ ਸਾਰ ਨ ਜਾਨੀ ।।
ਜੋਬਨੁ ਖੋਇ ਪਾਛੈ ਪਛੁਤਾਨੀ ।।੧।। ਰਹਾਉ ।।

ਪਰ ਜਦੋਂ "ਕਾਲੀ ਕੋਇਲ" ਵਾਲੀਆਂ ਤੁਕਾਂ ਨੂੰ ਟੇਕ ਬਣਾ ਕੇ ਰਾਗੀ ਸਿੰਘ ਬਾਰ ਬਾਰ ਗਾਉਂਦੇ ਹਨ ਤਾਂ ਇਸ ਤਰ੍ਹਾਂ ਲਗਦਾ ਹੈ ਜਿਵੇਂ ਇਸ ਸ਼ਬਦ ਵਿਚ ਕੋਇਲ ਦਾ ਹੀ ਜ਼ਿਕਰ ਹੈ, ਸ਼ਬਦ ਦਾ ਆਸ਼ਾ ਇਸ ਤਰ੍ਹਾਂ ਲੁਪਤ ਹੋ ਜਾਂਦਾ ਹੈ । ਜਿਸ ਨਾਲ ਕੀਰਤਨ ਦਾ ਮਨੋਰਥ ਪੂਰਾ ਨਹੀਂ ਹੁੰਦਾ । ਗੁਰੂ ਅਰਜਨ ਸਾਹਿਬ ਜੀ ਨੇ 'ਰਹਾਉ' ਦਾ ਬੰਦ ਵਖਰਾ ਦਰਜ ਕਰਕੇ ਉਸ ਅਗੇ ਵਖਰਾ ਅੰਕ।।੧।। ਪਾ ਕੇ ਸਾਡੀ ਅਗਵਾਈ ਕੀਤੀ ਹੈ, ਹੁਣ ਸਾਡਾ ਫਰਜ਼ ਹੈ ਕਿ ਅਸੀਂ ਇਸ ਅਗਵਾਈ ਨੂੰ ਕਬੂਲੀਏ ।

103. ਸਵਾਲ : ਜਾਪ ਸਾਹਿਬ ਦੀਆਂ ਤੁਕਾਂ 'ਨਮੋ ਦਾਨ ਦਾਨੇ ਨਮੋ ਮਾਨ ਮਾਨੇ ।। ਨਮੋ ਰੋਗ ਰੋਗੇ ਨਮਸਤੰ ਸਨਾਨੇ' ।। ਕਈ ਗੁਟਕਿਆਂ ਵਿਚ ਪਾਠ ਮਾਨੰ ਤੇ ਸਨਾਨੰ ਹੈਂ ਕਈ ਗੁਟਕਿਆਂ ਵਿਚ ਮਾਨੇ ਤੇ ਸਨਾਨੇ । ਇਸ ਦਾ ਕੀ ਕਾਰਨ ਹੈ ?

ਜਵਾਬ : ਦਸਮ ਗਰੰਥ ਦੀ ਬੀੜ ਗੁਰੂ ਗੋਬਿੰਦ ਸਿੰਘ ਜੀ ਤੋਂ ੧੩ ਸਾਲ ਬਾਅਦ ਸੰਨ ੧੭੨੧ ਨੂੰ ਹੋਂਦ ਵਿਚ ਆਈ ਸੀ । ਵੱਖ ਵੱਖ ਸਿਖਾਂ ਦੇ ਯਤਨ ਕਰਕੇ ਵੱਖ ਵੱਖ ਬੀੜਾਂ ਵਿਚ ਪਾਠਾਂ ਦੇ ਕਈ ਭੇਦ ਉਤਪੰਨ ਹੋ ਗਏ । ਪਾਠਾਂ ਦੇ ਅਜੇਹੇ ਹੋਰ ਵੀ ਕਈ ਵਖਰੇਵੇਂ ਹਨ ਜੋ ਤੁਸੀਂ ਕਾਲਜ ਪਾਸੋਂ 'ਜਾਪੁ ਸਾਹਿਬ ਸਟੀਕ' ਮੰਗਵਾ ਕੇ ਵੇਖ ਸਕਦੇ ਹੋ । ਸੋ ਗੁਟਕਿਆਂ ਦੀ ਸੁਧਾਈ ਜਿਸ ਕਿਸੇ ਸੰਸਥਾ ਜਾਂ ਵਿਦਵਾਨ ਨੇ ਜਿਸ ਬੀੜ ਤੋਂ ਕੀਤੀ ਹੈ ਉਸ ਅਨੁਸਾਰ ਹੀ ਪਾਠ ਅੰਕਿਤ ਕੀਤਾ ਹੈ । ਅਰਥਾਂ ਵਿਚ ਕੋਈ ਫਰਕ ਨਹੀਂ ਪੈਂਦਾ ਪਰ ਪਾਠ ਦੀ ਪ੍ਰਮਾਣਿਕਤਾ ਤੇ ਇਕਸਾਰਤਾ ਲਈ ਕੇਂਦਰੀ ਸਿੱਖ ਜਥੇਬੰਦੀਆਂ ਨੂੰ ਉਪਰਾਲਾ ਜ਼ਰੂਰ ਕਰਨਾ ਚਾਹੀਦਾ ਹੈ ।

104. ਸਵਾਲ : 'ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭ ਗਵਾਸੀ' ਤੁਕ ਵਿੱਚ ਧਿਆਇਆ ਤੋਂ ਬਾਅਦ ਪਾਠ 'ਜੀ' ਸ਼ੁਧ ਹੈ ਜਾਂ 'ਜੀਉ' ?

ਜਵਾਬ : 'ਜੀ' ਪਾਠ ਹੀ ਸ਼ੁਧ ਹੈ । ਰਹਿਰਾਸ ਦੇ ਪਾਠ ਵਿੱਚ 'ਜੀ' ਹੀ ਉਚਾਰਨ ਕਰਨਾ ਹੈ, ਜੀਉ ਨਹੀਂ ।

105. ਸਵਾਲ : 'ਸੰਤਾ ਮਾਨਉ ਦੂਤਾ ਡਾਨਉ', ਇਸ ਦਾ ਕੀ ਅਰਥ ਹੈ ?

ਜਵਾਬ : ਇਹ ਪੂਰੀ ਤੁਕ ਗੁਰਬਾਣੀ ਦੀ ਇਸ ਪ੍ਰਕਾਰ ਹੈ—

ਸੰਤਾ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ ।
ਦਿਵਸ ਰੈਨਿ ਤੇਰੇ ਪਾਉ ਪਲੋਸਉ, ਕੇਸ ਚਵਰ ਕਰਿ ਫੇਰੀ ।।

ਇਹ ਤੁਕ ਭਗਤ ਕਬੀਰ ਜੀ ਦੀ ਰਾਮਕਲੀ ਰਾਗ ਵਿੱਚ ਉਚਾਰਨ ਕੀਤੀ ਹੋਈ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੯੬੯ ਉਪਰ ਦਰਜ ਹੈ। ਇਸ ਦੇ ਅਰਥ ਸਮਝਣ ਲਈ ਇਸ ਸ਼ਬਦ ਦੀ ਰਹਾਉ ਦੀ ਤੁਕ ਦੇ ਅਰਥ ਪਹਿਲੇ ਕਰਨੇ ਜ਼ਰੂਰੀ ਹਨ । ਰਹਾਉ ਦੀ ਤੁਕ ਹੈ:

ਹਮ ਕੂਕਰ, ਤੇਰੇ ਦਰਬਾਰਿ ।।
ਭਉਕਹਿ, ਆਗੇ ਬਦਨੁ ਪਸਾਰਿ ।।

ਭਗਤ ਕਬੀਰ ਜੀ ਫੁਰਮਾਉਂਦੇ ਹਨ, ਹੇ ਪ੍ਰਭੂ ਮੈਂ ਤੇਰੇ ਦਰ ਤੇ ਬੈਠਾ ਹੋਇਆ ਇਕ ਕੁੱਤਾ ਹਾਂ ਤੇ ਮੂੰਹ ਅਗਾਂਹ ਵਧਾ ਕੇ ਭੌਂਕ ਰਿਹਾ ਹਾਂ, ਭਾਵ ਤੇਰੇ ਦਰ ਤੇ ਮੈਂ ਜੋ ਤੇਰੀ ਸਿਫਤ-ਸਲਾਹ ਕਰ ਰਿਹਾ ਹਾਂ, ਇਹ ਆਪਣੇ ਸਰੀਰ ਨੂੰ ਵਿਕਾਰ-ਕੁਤਿਆਂ ਤੋਂ ਬਚਾਉਣ ਲਈ ਹੈ,ਜਿਵੇਂ ਇਕ ਕੁੱਤਾ ਕਿਸੇ ਪਰਾਈ ਗਲੀ ਦੇ ਕੁੱਤਿਆਂ ਤੋਂ ਆਪਣੇ ਆਪ ਦੀ ਰਾਖੀ ਕਰਨ ਲਈ ਭੌਂਕਦਾ ਹੈ । ਹੁਣ ਪਹਿਲੀ

ਤੁਕ ਦੇ ਅਰਥ ਇਸ ਪ੍ਰਕਾਰ ਹਨ : ਆਪਣੇ ਇਸ ਸਰੀਰ-ਰੂਪੀ ਸ਼ਹਿਰ ਦੀ ਰਾਖੀ ਕਰਨ ਲਈ ਮੇਰਾ ਫਰਜ਼ ਇਹ ਹੈ ਕਿ ਮੈਂ ਭਲੇ ਗੁਣਾਂ (ਸੰਤਾਂ) ਨੂੰ ਜੀ ਆਇਆਂ ਆਖਾਂ ਤੇ ਵਿਕਾਰਾਂ (ਦੂਤਾਂ) ਨੂੰ ਮਾਰ ਕਢਾਂ । ਦਿਨ ਰਾਤ, ਹੇ ਪ੍ਰਭੂ ! ਤੇਰੇ ਚਰਨ ਪਰਸਾਂ ਅਤੇ ਆਪਣੇ ਕੇਸਾਂ ਦਾ ਚੌਰ ਤੇਰੇ ਉਤੇ ਝੁਲਾਵਾਂ।

ਨੋਟ: ਇਸ ਸ਼ਬਦ ਤੋਂ ਸਾਫ ਸਪਸ਼ਟ ਹੈ ਕਿ ਭਗਤ ਕਬੀਰ ਜੀ ਕੇਸਾਧਾਰੀ ਸਨ । ਕਿਉਂਕਿ ਜਿਸ ਮਨੁੱਖ ਦੇ ਆਪਣੇ ਸਿਰ ਉਤੇ ਕੇਸ ਹੋਣਗੇ ਉਹੀ ਇਹ ਮੁਹਾਵਰਾ ਵਰਤ ਸਕਦਾ ਹੈ । ਮਨੁੱਖ ਦੀ ਬੋਲੀ ਉਸ ਦੇ ਰੋਜ਼ਾਨਾ ਜੀਵਨ ਅਨੁਸਾਰ ਹੀ ਵਰਤੀ ਜਾਂਦੀ ਹੈ ।

106. ਸਵਾਲ : ਜਾਪ ਸਾਹਿਬ ਵਿੱਚ ਆਏ ਸ਼ਬਦ ਅਦ੍ਰਿਸੈ, ਅਕ੍ਰਿਸੈ, ਅਕ੍ਰਿਤਾ, ਅਮ੍ਰਿਤਾ ਆਦਿ ਦਾ ਉਚਾਰਣ ਦਸੋ ਜੀ ?

ਜਵਾਬ : ਸ਼ੁਧ ਉਚਾਰਣ ਹੈ- ਅਦਰਿਸੈ, ਅਕਰਿੱਤਾ ਅਮਰਿੱਤਾ । ਸਿਹਾਰੀ 'ਰ' ਨਾਲ ਹੈ ।

107. ਸਵਾਲ : ਤਜਿ ਆਨ ਸਰਣ ਗਹੀ ॥ (ਪੰਨਾ-੯੩੭)
ਤਜਿ ਆਨ ਕਤਹਿ ਨ ਜਾਹਿ ॥ (ਪੰਨਾ-੯੩੭)
ਤੁਕਾਂ ਦੇ ਬਿਸ੍ਰਾਮ ਦਸੋ ਜੀ ।

ਜਵਾਬ : ਇਹਨਾਂ ਦੋਹਾਂ ਤੁਕਾਂ ਵਿਚ ਛੋਟੇ ਬਿਸ੍ਰਾਮ ਖਾਸ ਧਿਆਨ ਮੰਗਦੇ ਹਨ। ਪਹਿਲੀ ਤੁਕ ਵਿੱਚ 'ਆਨ' ਤੇ ਬਿਸ੍ਰਾਮ ਹੈ, ਜਿਸ ਦਾ ਅਰਥ ਹੈ ਕਿ ਹੋਰਨਾਂ ਨੂੰ ਛੱਡ ਕੇ ਤੇਰੀ ਸ਼ਰਨ ਪਕੜੀ ਹੈ । ਦੂਜੀ ਤੁਕ ਵਿੱਚ ਸ਼ੁਧ ਬਿਸਰਾਮ 'ਤਜਿ' ਤੋਂ ਬਾਅਦ ਹੈ, ਅਰਥ ਹੈ ਕਿ ਹੇ ਵਾਹਿਗੁਰੂ ਤੈਨੂੰ ਛਡ ਕੇ, ਅਸੀਂ ਹੋਰ ਕਿਤੇ ਨਹੀਂ ਜਾਂਦੇ । ਜੇ ਕਰ ਦੋਹਾਂ ਤੁਕਾਂ ਦੇ ਬਿਸ੍ਰਾਮ ਆਪਸ ਵਿਚ ਬਦਲ ਦਿਤੇ ਜਾਣ ਦਾ ਅਰਥਾਂ ਦਾ ਅਨਰਥ ਹੋ ਜਾਵੇਗਾ ।

108. ਸਵਾਲ : ਹੋਵੈ ਸਿਫਤਿ ਖਸੰਮ ਦੀ,
ਨੂਰੁ 'ਅਰਸਹੁ' 'ਕੁਰਸਹੁ' ਝਟੀਐ ॥ (ਪੰਨਾ-੯੬੭)
ਤੁਕ ਵਿਚ ਅਰਸਹੁ ਤੇ ਕੁਰਸਹੁ ਦਾ ਉਚਾਰਨ ਦਸੋ ਜੀ।

ਜਵਾਬ : ਅਰਸਹੁ ਚਾ ਉਚਾਰਣ ਹੈ, ਅਰਸ਼ੋਂ । ਕੁਰਸਹੁ ਦਾ ਉਚਾਰਨ ਹੈ, ਕੁਰਸੋਂ ।

ਨੋਟ : ਕੁਰਸੋਂ ਨੂੰ ਕੁਰਸ਼ੋ ਪੜ੍ਹਣਾ ਅਸ਼ੁਧ ਹੈ । ਅਰਬੀ ਦੇ ਸ਼ਬਦ ਅਰਸ਼ ਦਾ.ਅਰਥ ਹੈ ਅਕਾਸ਼ ਤੇ ਕੁਰਸ ਦਾ ਗੋਲ ਟਿਕੀ ਚੰਦ, ਸੂਰਜ, ਭਾਵ ਈਸ਼ਵਰੀ ਮੰਡਲ ।

109. ਸਵਾਲ : ਗੁਰਬਾਣੀ ਵਿਚ ਸ਼ਬਦ 'ਭਗਤਿ' ਆਉਂਦਾ ਹੈ । ਇਸ ਦਾ ਉਚਾਰਣ ਭਗਤ ਕਰਨਾ ਹੈ ਜਾਂ ਭਗਤੀ ।

ਜਵਾਬ : ਭਗਤਿ ਦਾ ਅਰਥ ਹੈ 'ਭਗਤੀ' ਪਰ ਉਚਾਰਣ ਹੈ 'ਭਗਤ' । ਜਿਵੇਂ

ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ,
ਭਰੇ ਬਿਅੰਤ ਬੇਅੰਤਾ ॥

ਜਦੋਂ ਸ਼ਬਦ 'ਭਗਤ' ਆਉਂਦਾ ਹੈ ਉਸਦਾ ਅਰਥ ਹੈ ਭਗਤੀ ਕਰਨ ਵਾਲੇ ਭਗਤ । ਉਚਾਰਨ ਭਗਤ ਕਰਨਾ ਹੈ । ਜਿਵੇਂ :

ਤੇਰੇ ਭਗਤ, ਤੇਰੇ ਭਗਤ ਸਲਾਹਨਿ ਤੁਧ ਜੀ,
ਹਰਿ ਅਨਿਕ ਅਨੇਕ ਅਨੰਤਾ ॥

'ਭਗਤਿ' ਇਕ ਵਚਨ ਇਸਤ੍ਰੀ ਲਿੰਗ ਨਾਂਵ ਹੈ ਪਰ 'ਭਗਤ' ਪੁਲਿੰਗ ਨਾਂਵ ਹੈ ।

110. ਸਵਾਲ : ਕਈ ਪਾਠੀ ਕਹਿੰਦੇ ਹਨ ਕਿ ਗੁਰਬਾਣੀ ਵਿਚ ਜਿਥੇ ਬਿੰਦੀ ਨਹੀਂ ਲਗੀ ਉਥੇ ਬਿੰਦੀ ਲਗਾ ਕੇ ਪਾਠ ਨਹੀਂ ਕਰਨਾ ਚਾਹੀਦਾ । ਇਸ ਬਾਰੇ ਕੀ ਵੀਚਾਰ ਹੈ ?

ਜਵਾਬ : ਗੁਰਬਾਣੀ ਵਿੱਚ ਬਿੰਦੀ ਦੀ ਵਰਤੋਂ ਹੋਈ ਹੋਈ ਹੈ ਪਰ ਕਈ ਥਾਵਾਂ ਤੇ ਬਿੰਦੀ ਨਹੀਂ ਵੀ ਲਗੀ ਹੋਈ । ਅੱਧਕ ਦੀ ਵਰਤੋਂ ਗੁਰਬਾਣੀ ਵਿਚ ਕਿਧਰੇ ਨਹੀਂ ਕੀਤੀ ਗਈ । ਪੈਰੀਂ ਬਿੰਦੀ ਦੀ ਵਰਤੋਂ ਵੀ ਨਹੀਂ ਹੈ । ਪਰ ਜੇ ਯੋਗ ਥਾਵਾਂ ਤੇ ਬਿੰਦੀ, ਪੈਰੀਂ ਬਿੰਦੀ ਤੇ ਅੱਧਕ ਦੀ ਵਰਤੋਂ ਨਾ ਕੀਤੀ ਜਾਵੇ ਤਾਂ ਸ਼ੁਧ ਪਾਠ ਨਹੀਂ ਹੋ ਸਕਦਾ । ਜਿਵੇਂ ਹੇਠ ਲਿਖੀ ਤੁਕ ਨੂੰ ਬਿਨਾ ਬਿੰਦੀ ਅੱਧਕ ਤੋਂ ਪੜ੍ਹਿਆਂ ਨਹੀਂ ਜਾ ਸਕਦਾ ।

ਲਖ ਖੁਸੀਆ ਪਾਤਸਾਹੀਆ ਜੇ ਸਤਿਗੁਰੁ ਨਦਰਿ ਕਰੇਇ ॥

ਲਖ ਨੂੰ ਲੱਖ ਅਧਕ ਲਗਾ ਕੇ ਪੜ੍ਹਣਾ ਪਵੇਗਾ । ਖੁਸੀਆ ਨੂੰ ਖੁਸ਼ੀਆਂ ਤੇ ਪਾਤਸਾਹੀਆਂ ਨੂੰ ਪਾਤਸ਼ਾਹੀਆਂ ਬਿੰਦੀ ਲਗਾ ਕੇ ਪੜ੍ਹਨਾ ਪਵੇਗਾ । ਇਸ ਸਬੰਧੀ ਹੋਰ ਨਿਯਮ ਤੇ ਵਿਸਥਾਰ ਵਿਚ ਪੜ੍ਹਣ ਲਈ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਪਾਸੋਂ 'ਗੁਰਬਾਣੀ ਦਾ ਸ਼ੁਧ ਉਚਾਰਣ' ਪੁਸਤਕ ਮੰਗਵਾ ਕੇ ਪੜ੍ਹੋ ਜੀ।

111. ਸਵਾਲ : ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ 'ਵਾਹਿਗੁਰੂ' ਸ਼ਬਦ ਦੀ ਵਿਆਖਿਆ ਵਾਲੀ ਪਉੜੀ ਜਿਸ ਵਿੱਚ ਵਵਾ–ਵਿਸ਼ਨੂੰ ਹਾਹਾ–ਹਰੀ, ਗਗਾ–ਗੋਬਿੰਦ, ਰਾਰਾ ਰਾਮ ਆਦਿ ਲਿਖਿਆ ਹੈ । ਕੀ ਠੀਕ ਹੈ ?

ਜਵਾਬ : ਸਿੱਖ ਵਿਦਵਾਨਾਂ ਨੇ ਇਸ ਵਿਆਖਿਆ ਨੂੰ ਪ੍ਰਵਾਨ ਨਹੀਂ ਕੀਤਾ ਕਿਉਂਕਿ ਇਹ ਵਿਆਖਿਆ ਸਿੱਖੀ ਸਿਧਾਤਾਂ ਤੇ ਇਤਿਹਾਸਕ ਪ੍ਰਸੰਗ ਅਨੁਸਾਰ ਖ਼ਰੀ ਨਹੀਂ ਉਤਰਦੀ । ਬਹੁਤੇ ਵਿਦਵਾਨ ਇਸ ਪਉੜੀ ਨੂੰ ਭਾਈ ਸਾਹਿਬ ਜੀ ਦੀ ਰਚਨਾ ਨਹੀਂ ਮੰਨਦੇ ਤੇ ਸਮਝਦੇ ਹਨ ਕਿ ਜਿਵੇਂ ਇਤਿਹਾਸ ਵਿੱਚ ਮਿਲਾਵਟ ਹੋਈ ਹੈ ਤਿਵੇਂ ਹੀ ਭਾਈ ਸਾਹਿਬ ਦੀ ਰਚਨਾ ਵਿੱਚ ਵੀ ਕਿਧਰੇ ਕਿਧਰੇ ਮਿਲਾਵਟ ਹੋਈ ਹੈ ।

112. ਸਵਾਲ : 'ਪਰਤਖਿ ਗੁਰੂ ਨਿਸਤਾਰੇ" ਦਾ ਮਤਲਬ ਪਰਤੱਖ ਗੁਰੂ ਹੀ (ਦੇਹਧਾਰੀ ਗੁਰੂ) ਹੀ ਤਾਰ ਸਕਦਾ ਹੈ ? ਇਸ ਤੁਕ ਦੇ ਅਰਥ ਪੂਰੀ ਤਰ੍ਹਾਂ ਖੋਲ੍ਹ ਕੇ ਸਮਝਾਣ ਦੀ ਕਿਰਪਾ ਕਰਨੀ ਜੀ ।

ਜਵਾਬ : ਗੁਰਬਾਣੀ ਦੀ ਇਹ ਤੁਕ ਸ੍ਰੀ ਗੁਰੂ ਰਾਮ ਦਾਸ ਜੀ ਦੇ "ਨਟ" ਰਾਗ ਵਿਚ ਉਚਾਰਣ ਕੀਤੇ ਗਏ ਸ਼ਬਦ ਵਿਚੋਂ ਹੈ ਜਿਹੜਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ- ੯੮੨ ਤੇ ਦਰਜ ਹੈ । ਇਸ ਤੁਕ ਨੂੰ ਬਿਸਰਾਮ ਚਿਨ੍ਹ (,) ਲਗਾ ਕੇ ਪੜ੍ਹਨ ਨਾਲ ਅਰਥ ਆਪਣੇ ਆਪ ਹੀ ਉੱਘੜ ਆਉਂਦੇ ਹਨ । ਆਓ ਪਹਿਲਾਂ ਪਾਠ ਵੱਲ ਧਿਆਨ ਦੇਈਏ :

ਬਾਣੀ ਗੁਰੂ, ਗੁਰੂ ਹੈ ਬਾਣੀ,
ਵਿਚਿ ਬਾਣੀ ਅੰਮ੍ਰਿਤੁ ਸਾਰੇ ।।
ਗੁਰੁ, ਬਾਣੀ ਕਹੈ, ਸੇਵਕੁ ਜਨੁ ਮਾਨੈ,
ਪਰਤਖਿ ਗੁਰੂ ਨਿਸਤਾਰੇ ।।

ਇਸ ਦੇ ਅਰਥ ਹੁਣ ਸਹਿਜੇ ਹੀ ਸਮਝ ਆ ਜਾਂਦੇ ਹਨ ਜੋ ਇਉਂ ਹਨ :-

ਬਾਣੀ ਗੁਰੂ – ਗੁਰੂ ਦੀ ਬਾਣੀ ਸਿੱਖ ਦਾ ਗੁਰੂ ਹੈ
(ਬਾਣੀ ਰੂਪ ਗੁਰੂ)

ਗੁਰੂ ਹੈ ਬਾਣੀ - ਗੁਰੂ, ਬਾਣੀ ਵਿੱਚ ਮੌਜੂਦ ਹੈ ।
(ਗੁਰੂ ਰੂਪ ਬਾਣੀ)

ਵਿਚਿ ਬਾਣੀ ਅੰਮ੍ਰਿਤੁ ਸਾਰੇ –ਬਾਣੀ ਵਿੱਚ ਆਤਮਿਕ ਜੀਵਨ ਦੇਣ ਵਾਲਾ ਨਾਮ ਜਲ ਹੈ ਜਿਸਨੂੰ ਸਿੱਖ ਸਾਂਭ (ਸਾਰੇ) ਕੇ ਰੱਖਦਾ ਹੈ ।

(ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ,
ਜੋ ਬੋਲੈ ਸੋ ਮੁਖਿ ਅੰਮ੍ਰਿਤ ਪਾਵੈ ।) (ਪੰਨਾ-੪੯੪)

ਗੁਰੁ ਬਾਣੀ ਕਹੈ - ਜੋ ਗੁਰੂ ਬਾਣੀ ਕਹਿੰਦਾ ਹੈ (ਉਚਾਰਦਾ ਹੈ)।

ਸੇਵਕੁ ਜਨੁ ਮਾਨੈ - ਗੁਰੂ ਦਾ ਸੇਵਕ (ਸਿੱਖ) ਉਸ ਬਾਣੀ ਨੂੰ ਮੰਨਦਾ ਹੈ (ਸ਼ਰਧਾ ਧਾਰਦਾ ਹੈ)

ਪਰਤਖਿ ਗੁਰੂ ਨਿਸਤਾਰੇ-- ਗੁਰੂ ਉਸ ਸੇਵਕ ਨੂੰ ਯਕੀਨੀ ਤੌਰ ਤੇ ਸੰਸਾਰ ਸਮੁੰਦਰ ਤੋਂ ਪਾਰ ਲੰਘਾ ਦਿੰਦਾ ਹੈ ।

ਕਾਨੜਾ ਰਾਗ ਵਿੱਚ ਸ੍ਰੀ ਗੁਰੂ ਰਾਮਦਾਸ ਜੀ ਦੇ ਸ਼ਬਦ ਵਿਚ ਵੀ ਇਸ ਤੁਕ ਨਾਲ ਮਿਲਦੀ ਜੁਲਦੀ ਤੁਕ ਆਉਂਦੀ ਹੈ ਜੋ ਇਉਂ ਹੈ--

— ਸਤਿਗੁਰ ਬਚਨ, ਬਚਨ ਹੈ ਸਤਿਗੁਰ
ਪਾਧਰੁ ਮੁਕਤਿ ਜਨਾਵੈਗੋ ।। (ਪੰਨਾ-੧੩੦੯)

(ਜਿਹੜਾ ਮਨੁੱਖ ਸਦਾ ਗੁਰੂ ਦੇ ਬਚਨਾ (ਬਾਣੀ) ਨਾਲ ਲਿਵ ਜੋੜਕੇ ਰਖਦਾ ਹੈ ਅਥਵਾ ਮਗਨ ਰਹਿੰਦਾ ਹੈ, ਗੁਰੂ ਦਾ ਉਪਦੇਸ਼ ਉਸ ਨੂੰ ਵਿਕਾਰਾਂ ਤੋਂ ਖਲਾਸੀ ਦਾ ਸਿੱਧਾ ਰਸਤਾ ਦੱਸ ਦਿੰਦਾ ਹੈ।)

"ਬਾਣੀ ਗੁਰੂ, ਗੁਰੂ ਹੈ ਬਾਣੀ" ਵਾਲੀ ਤੁਕ ਵਿੱਚ "ਪਰਤਖਿ ਗੁਰੂ ਨਿਸਤਾਰੇ" ਦੇ ਅਰਥ ਉਲਟ ਕਰਕੇ ਪਖੰਡੀ ਲੋਕ ਭੋਲੀ ਭਾਲੀ ਜਨਤਾ ਨੂੰ ਆਪਣੇ ਮਗਰ ਲਾ ਲੈਂਦੇ ਹਨ ਅਤੇ ਧਰਮ ਨੂੰ ਧੰਦਾ (ਵਪਾਰ) ਬਣਾ ਕੇ ਲੋਕਾਂ ਨੂੰ ਲੁੱਟਣਾ ਸ਼ੁਰੂ ਕਰ ਦਿੰਦੇ ਹਨ । ਪਰਤਖਿ ਦਾ ਅਰਥ ਹੈ ਯਕੀਨਨ (ਸਚੇ ਅਰਥਾਂ ਵਿੱਚ) ਅਤੇ ਨਿਸਤਾਰੇ ਦਾ ਅਰਥ ਹੈ ਬੰਦ ਖਲਾਸੀ ਕਰਵਾ ਦੇਣੀ, ਕੈਦ ਵਿਚੋਂ ਛੁਟਕਾਰਾ ਦਿਵਾ ਦੇਣਾ, ਕਾਮਾਦਿਕ ਵੈਰੀਆਂ ਕਾਮ, ਕ੍ਰੋਧ ਲੋਭ ਮੋਹ ਹੰਕਾਰ ਤੋਂ ਛੁਟਕਾਰਾ ਦਿਵਾ ਦੇਣਾ । "ਪਰਤਖਿ ਗੁਰੂ ਨਿਸਤਾਰੇ" ਦਾ ਭਾਵ ਹੈ: ਗੁਰੂ ਉਸ ਸੇਵਕ ਦਾ ਯਕੀਨੀ ਤੌਰ ਤੇ ਨਿਸਤਾਰਾ ਕਰਵਾ ਦਿੰਦਾ ਹੈ । "ਪਰਤਖਿ ਗੁਰੂ ਨਿਸਤਾਰੇ" ਦੇ ਭਾਵ ਨੂੰ ਸਮਝਣ ਵਾਸਤੇ "ਗੁਰੁ ਬਾਣੀ ਕਹੈ, ਸੇਵਕੁ ਜਨੁ ਮਾਨੈ" ਦੇ ਅਰਥਾਂ ਨੂੰ ਮਨ ਵਸਾਓ, "ਪਰਤਖਿ ਗੁਰੂ ਨਿਸਤਾਰੇ" ਦੇ ਅਰਥ ਆਪ ਸਮਝ ਪੈ ਜਾਣਗੇ । ਗੁਰੂ ਬਾਣੀ ਉਚਾਰਦਾ ਹੈ, ਗੁਰੂ ਦਾ ਸੇਵਕ ਉਸ ਬਾਣੀ ਉਤੇ ਸ਼ਰਧਾ ਧਾਰਦਾ ਹੈ । ਗੁਰੂ ਉਸ ਸੇਵਕ ਦਾ ਯਕੀਨੀ ਤੌਰ ਤੇ ਨਿਸਤਾਰਾ ਕਰਾ ਦਿੰਦਾ ਹੈ ।

ਗੁਰਦੁਆਰੇ, ਸਾਡੇ ਸਤਿਗੁਰੂ (ਸ਼ਬਦ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਤਖਤ ਤੇ ਬਿਰਾਜਮਾਨ ਹੁੰਦੇ ਹਨ ਅਤੇ ਬਾਕੀ ਸੰਗਤ ਫਰਸ਼ ਤੇ ਵਿਛੀਆਂ ਦਰੀਆਂ ਤੇ ਬੈਠਦੀ ਹੈ । ਸਾਰੇ ਸਿੱਖ ਇਕ ਸਮਾਨ ਹੁੰਦੇ ਹਨ ਕੋਈ ਉਚ-ਨੀਚ ਨਹੀਂ ; ਗੁਰੂ ਸਾਹਿਬ ਵੇਲੇ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਵੀ ਇਉਂ ਹੀ ਸੀ । ਜਦੋਂ ਪੋਥੀ ਸਾਹਿਬ (ਸ੍ਰੀ ਗੁਰੂ ਗ੍ਰੰਥ ਸਾਹਿਬ) ਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਇਆ ਤਾਂ ਬਾਬਾ

ਬੁੱਢਾ ਜੀ ਆਪਣੇ ਸੀਸ ਤੇ ਪੋਥੀ ਸਾਹਿਬ ਰੱਖ ਕੇ ਲਿਆਏ ਸਨ । ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਪੋਥੀ ਸਾਹਿਬ ਮਗਰ ਚੌਰ ਕਰਦੇ ਹੋਏ ਰਾਮਸਰ ਤੋਂ ਹਰਿਮੰਦਰ ਸਾਹਿਬ ਵਲ ਆਏ ਸਨ । ਪੋਥੀ ਸਾਹਿਬ ਸੁਖ-ਆਸਣ ਸਮੇਂ ਕੋਠਾ ਸਾਹਿਬ ਲਿਆਂਦੀ ਜਾਂਦੀ ਸੀ। ਪੋਥੀ "ਪਰਮੇਸਰ ਕਾ ਥਾਨ" ਸਮਝਕੇ ਗੁਰੂ ਸਾਹਿਬ ਆਪ ਫਰਸ਼ ਤੇ ਸੌਂਦੇ ਸਨ ਅਤੇ ਪੋਥੀ ਸਾਹਿਬ ਪਲੰਘ ਤੇ ਬਿਰਾਜਮਾਨ ਹੁੰਦੀ ਸੀ ।

ਬਾਬਾ ਬੁੱਢਾ ਜੀ, ਭਾਈ ਮਨੀ ਸਿੰਘ, ਬਾਬਾ ਦੀਪ ਸਿੰਘ ਜੀ ਸ਼ਹੀਦ ਆਦਿ ਉੱਚ ਕੋਟੀ ਦੇ ਗੁਰਸਿਖਾਂ ਨੇ ਤਾਂ ਆਪਣੇ ਆਪ ਨੂੰ ਗੁਰੂ ਨਹੀਂ ਸਦਵਾਇਆ, ਸਾਰੀ ਉਮਰ ਦਾਸਨ ਦਾਸ ਬਣ ਕੇ ਪੰਥ ਦੀ ਸੇਵਾ ਕੀਤੀ, ਪਰ ਅੰਗਰੇਜ਼ਾਂ ਦੇ ਰਾਜ ਸਮੇਂ ਬਰਸਾਤ ਦੀਆਂ ਖੁੰਬਾਂ ਵਾਂਗ ਪਖੰਡੀ ਗੁਰੂ ਉੱਗਣੇ ਸ਼ੁਰੂ ਹੋ ਗਏ ਅਤੇ ਸਰਕਾਰੀ ਸਰਪ੍ਰਸਤੀ ਹੇਠ ਡੇਰੇ ਜਮਾ ਲਏ । ਸਚੇ ਸਤਿਗੁਰੂ (ਸ਼ਬਦ ਗੁਰੂ) ਦੀ ਰੀਸੇ ਕੱਚ ਪਿੱਚ ਬੋਲਣ ਵਾਲੇ ਗੁਰਬਾਣੀ ਦੀਆਂ ਤੁਕਾਂ ਨੂੰ ਮਰੋੜ ਤਰੋੜ ਕੇ ਭੋਲੀ ਭਾਲੀ ਜਨਤਾ ਨੂੰ ਗੁੰਮਰਾਹ ਕਰਕੇ ਆਪਣੀ ਸਿੱਖੀ ਸੇਵਕੀ ਕਾਇਮ ਕਰਨ ਲੱਗ ਪਏ । ਸਿੱਖ ਸੰਗਤਾਂ ਨੂੰ ਅਜਿਹੇ ਭੰਡੀ ਗੁਰੂਆਂ ਤੋਂ ਖਬਰਦਾਰ ਰਹਿਣਾ ਚਾਹੀਦਾ ਹੈ ਅਤੇ ਹੇਠ ਲਿਖੇ ਬਚਨਾਂ ਨੂੰ ਹਮੇਸ਼ਾ ਯਾਦ ਰਖਣਾ ਚਾਹੀਦਾ ਹੈ :

ਆਗਿਆ ਭਈ ਅਕਾਲ ਕੀ,
ਤਬੀ ਚਲਾਇਉ ਪੰਥ ।
ਸਭ ਸਿਖਨ ਕੋ ਹੁਕਮ ਹੈ,
ਗੁਰੂ ਮਾਨੀਓ ਗ੍ਰੰਥ ।

113. ਸਵਾਲ : "ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ" ਇਸ ਦੀ ਵਿਸਥਾਰ ਸਹਿਤ ਵਿਆਖਿਆ ਕਰਨੀ ਜੀ । ਇਸ ਵਿੱਚ ਮੀਆਂ ਸ਼ਬਦ ਦਾ ਕੀ ਭਾਵ ਹੈ?

ਜਵਾਬ : ਮੁਸਲਮਾਨ ਆਪ ਤੋਂ ਵਡੇ ਮਨੁੱਖ ਨੂੰ "ਮੀਆਂ ਜੀ" ਕਹਿ ਕੇ ਬੁਲਾਉਂਦੇ ਹਨ । ਮੀਆਂ ਦਾ ਅਰਥ ਹੈ ਚੌਧਰੀ । ਮਾਨਯੋਗ, ਹਸਤੀਆਂ ਨੂੰ "ਮੀਆਂ" ਦੇ ਸ਼ਬਦ ਨਾਲ ਸਤਿਕਾਰਿਆ ਜਾਂਦਾ ਹੈ। ਜਿਵੇਂ ਦੁਆਬੇ ਵਿੱਚ "ਭਾਈਆ ਜੀ", ਮਾਲਵੇ ਵਿੱਚ "ਬਾਈ ਜੀ" ਅਤੇ ਪੋਠੋਹਾਰ ਵਿੱਚ "ਭਾਪਾ ਜੀ" ਆਪਣੇ ਪਿਤਾ ਜਾਂ ਆਪ ਤੋਂ ਵਡੇ ਨੂੰ ਕਹਿ ਕੇ ਬੁਲਾਇਆ ਜਾਂਦਾ ਹੈ, ਤਿਵੇਂ ਹੀ ਮੁਸਲਮਾਨ ਲੋਕ ਆਪ ਤੋਂ ਵਡਿਆਂ ਵਾਸਤੇ "ਮੀਆਂ" ਸ਼ਬਦ ਵਰਤਦੇ ਹਨ ।

"ਤੂ ਸੁਲਤਾਨੁ ਕਹਾ ਹਉ ਮੀਆ" ਬਿਲਾਵਲੁ ਰਾਗ ਦੇ ਪਹਿਲੇ ਸ਼ਬਦ ਦੀ ਪਹਿਲੀ ਤੁਕ ਹੈ । ਇਹ ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੭੯੫ ਤੇ ਅੰਕਤ ਹੈ।

ਇਸ ਤੁਕ ਦਾ ਭਾਵ ਸਮਝਣ ਵਾਸਤੇ ਸਾਨੂੰ ਸ਼ਬਦ ਦੇ ਕੇਂਦਰੀ ਭਾਵ ਅਥਵਾ ਰਹਾਉ ਵਾਲੀ ਤੁਕ ਵੱਲ ਧਿਆਨ ਦੇਣਾ ਪਵੇਗਾ । ਰਹਾਉ ਵਾਲੀ ਤੁਕ ਇਉਂ ਹੈ—

ਤੇਰੇ ਗੁਣ ਗਾਵਾ ਦੇਹਿ ਬੁਝਾਈ ॥
ਜੈਸੇ ਸਚ ਮਹਿ ਰਹਉ ਰਜਾਈ ॥੧॥ ਰਹਾਉ ॥

ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪ੍ਰਭੂ! ਮੈਨੂੰ ਇਹ ਗੱਲ ਸਮਝਾ ਦਿਉ ਕਿ ਮੈਂ ਤੁਹਾਡੇ ਗੁਣ ਹੀ ਗਾਉਂਦਾ ਰਹਾਂ ਅਤੇ ਹੇ ਰਜ਼ਾ ਦੇ ਮਾਲਕ! ਮੈਂ ਤੇਰੇ ਸਚ ਵਿਚ ਹੀ ਟਿਕਿਆ ਰਹਾਂ ।

ਗੁਰੂ ਸਾਹਿਬ ਇਸ ਸ਼ਬਦ ਵਿਚ ਪ੍ਰਭੂ ਦੀ ਸਿਫਤ ਸਲਾਹ ਕਰਨ ਦਾ ਆਦੇਸ਼ ਦੇ ਰਹੇ ਹਨ । ਉਹ ਫਰਮਾਉਂਦੇ ਹਨ ਕਿ ਹੇ ਪ੍ਰਭੂ ਤੂੰ ਤੇ ਬਾਦਸ਼ਾਹ (ਸੁਲਤਾਨ) ਹੈਂ ਤੇ ਮੈਂ ਤੈਨੂੰ ਨਿਰਾ ਮੀਆਂ (ਚੌਧਰੀ) ਕਹਿੰਦਾ ਹਾਂ । ਇਸ ਵਿਚ ਤੇਰੀ ਕਿਹੜੀ ਵਡਿਆਈ ਹੋ ਗਈ ? ਜਿਵੇਂ ਕਿਸੇ ਬਾਦਸ਼ਾਹ ਨੂੰ ਮੀਆਂ ਆਖਣ ਨਾਲ ਉਸਦੀ ਵਡਿਆਈ ਤੁੱਛ ਮਾਤਰ ਹੀ ਪ੍ਰਗਟ ਹੁੰਦੀ ਹੈ ਤਿਵੇਂ ਹੀ ਗੁਰੂ ਸਾਹਿਬ ਕਹਿੰਦੇ ਹਨ ਕਿ ਮੈਂ ਤੇਰੀ ਵਡਿਆਈ ਬਿਆਨ ਕਰਦਾ ਹੋਇਆ ਬਹੁਤ ਹੀ ਘੱਟ ਦਸਦਾ ਹਾਂ ।

ਗੁਰੂ ਸਾਹਿਬ ਕਹਿੰਦੇ ਹਨ ਕਿ ਮੈਂ ਕੀ ਕਰਾਂ ? ਜਿੰਨਾ ਕੁ ਤੁਸੀਂ ਮੈਨੂੰ ਆਪਣੇ ਆਪ (ਸਰੂਪ) ਦਾ ਗਿਆਨ ਦਿੱਤਾ ਹੈ ਮੈਂ ਉਹੋ ਕੁਝ ਕਹਿ ਦਿੰਦਾ ਹਾਂ। ਮੈਂ ਅੰਞਾਣ (ਬੇਸਮਝ) ਹਾਂ । ਮੈਥੋਂ ਤੇਰੀ ਸਾਰੀ ਵਡਿਆਈ ਕਹੀ ਨਹੀਂ ਜਾਂਦੀ ।

ਸ਼ਬਦ ਦੀ ਪਹਿਲੀ ਪੂਰੀ ਤੁਕ ਇਉਂ ਹੈ :

ਤੂ ਸੁਲਤਾਨੁ ਕਹਾ ਹਉ ਮੀਆ
ਤੇਰੀ ਕਵਨ ਵਡਾਈ ॥
ਜੋ ਤੂ ਦੇਹਿ ਸੁ ਕਹਾ ਸੁਆਮੀ
ਮੈ ਮੂਰਖ ਕਹਣੁ ਨ ਜਾਈ ॥੧॥

114. ਸਵਾਲ : ਆਪੇ ਦਸ ਅਠ ਵਰਨ ਉਪਾਇਅਨੁ
ਆਪਿ ਬ੍ਰਹਮੁ ਆਪਿ ਰਾਜੁ ਲਇਆ ।।

(ਵਾਰ ਬਿਹਾਗੜਾ, ਮ: ੪, ਪੰਨਾ-੫੫੩)

ਇਸ ਤੁਕ ਵਿੱਚ ਕਿਹੜੇ ਅਠਾਰਾਂ (ਦਸ ਅਠ) ਵਰਨਾ ਦਾ ਜ਼ਿਕਰ ਕੀਤਾ ਗਿਆ ਹੈ ?

ਜਵਾਬ : ਹਿੰਦੂ ਮਤ ਵਿੱਚ ਜਾਤਪਾਤ ਦੇ ਆਧਾਰ ਤੇ ਆਮ ਤੌਰ ਤੇ ਚਾਰ ਵਰਨ ਹੀ ਪ੍ਰਸਿਧ ਹਨ । ਪਰ ਇਹ ਚਾਰ ਸ਼ੁੱਧ ਵਰਨ ਹਨ, ਇਸ ਤੋਂ ਅਗੇ ਇਨ੍ਹਾਂ ਦੀਆਂ ਕਈ ਕਿਸਮਾਂ ਹਨ । ਮਿਸਾਲ ਤੇ ਤੌਰ ਤੇ ਜੇ ਬ੍ਰਾਹਮਣ ਦੀ ਔਲਾਦ ਬ੍ਰਾਹਮਣੀ ਤੋਂ ਹੋਵੇ ਤਾਂ ਇਹ ਬ੍ਰਾਹਮਣ ਕਹਾਉਂਦੀ ਹੈ ਪਰ ਜੇ ਬ੍ਰਾਹਮਣ ਦੀ ਔਲਾਦ ਖਤ੍ਰਾਣੀ ਤੋਂ ਹੋਵੇ ਤਾਂ ਇਹ ਨਾ ਬ੍ਰਾਹਮਣ ਕਹਾਉਂਦੀ ਹੈ ਨਾ ਖਤ੍ਰੀ। ਇਹੀ ਨਿਯਮ ਬਾਕੀ ਸ਼ੁੱਧ ਵਰਨਾਂ ਦੇ ਸੰਬੰਧ ਵਿਚ ਹੈ । ਹਿੰਦੂ ਮਤ ਦੀਆਂ ਸਿਮ੍ਰਤੀਆਂ ਅਨੁਸਾਰ ਅਠਾਰਾਂ ਵਰਨ ਇਹ ਹਨ—

ਬ੍ਰਾਹਮਣ, ਖਤ੍ਰੀ, ਵੈਸ਼, ਸੂਦਰ- ਇਹ ਚਾਰ ਸ਼ੁੱਧ ਵਰਨ ਹਨ । ਬ੍ਰਾਹਮਣ ਦੀ ਔਲਾਦ ਖਤ੍ਰਾਣੀ ਤੋਂ, ਬਨਿਆਣੀ ਤੋਂ ਅਤੇ ਸ਼ੂਦਰਾਂ ਤੋਂ, ਖਤਰੀ ਦੀ ਔਲਾਦ ਬਨਿਆਣੀ ਤੇ ਸ਼ੂਦਰਾਂ ਤੋਂ, ਵੈਸ਼ ਦੀ ਔਲਾਦ ਸ਼ੂਦਰਾਂ ਤੋਂ-ਇਹ ਛੇ ਵਰਨ ਅਨੁਲੋਮਜ ਕਹੇ ਜਾਂਦੇ ਹਨ । ਇਸੇ ਤਰ੍ਹਾਂ ਸ਼ੂਦਰ ਦੀ ਔਲਾਦ ਬ੍ਰਾਹਮਣੀ ਤੋਂ, ਖਤਰਾਣੀ ਤੋਂ ਅਤੇ ਬਨਿਆਣੀ ਤੋਂ, ਵੈਸ਼ ਦੀ ਔਲਾਦ ਬ੍ਰਾਹਮਣੀ ਤੇ ਖਤਰਾਣੀ ਤੋਂ, ਖਤਰੀ ਦੀ ਔਲਾਦ ਬ੍ਰਾਹਮਣੀ ਤੋਂ— ਇਹ ਛੇ ਵਰਨ ਪ੍ਰਤਿਲੋਮਜ ਕਹੇ ਜਾਂਦੇ ਹਨ ।

ਬਿਨਾਂ ਵਿਆਹੀ ਕੰਨਿਆ ਦੇ ਗਰਭ ਤੋਂ ਉਪਜੀ ਸੰਤਾਨ, ਜੇ ਆਪਣੇ ਤੋਂ ਨੀਵੇਂ ਵਰਨ ਰਾਹੀਂ ਹੈ ਤਾਂ 'ਕਾਨੀਨ' ਕਹਾਉਂਦੀ ਹੈ ਅਤੇ ਜੋ ਆਪਣੇ ਤੋਂ ਉੱਪਰਲੇ ਵਰਨ ਰਾਹੀਂ ਹੈ ਤਾਂ 'ਅੰਤਯਜ' ਕਹਾਉਂਦੀ ਹੈ ।

ਇਸ ਤਰ੍ਹਾਂ ਇਹ ਅਠਾਰਾਂ ਵਰਨ ਬਣਦੇ ਹਨ, ਜਿਨ੍ਹਾਂ ਦਾ ਜ਼ਿਕਰ ਉੱਪਰਲੀ ਤੁਕ ਵਿੱਚ ਕੀਤਾ ਗਿਆ ਹੈ ।

115. ਸਵਾਲ : ਗੁਰਬਾਣੀ ਵਿੱਚ ਕਈ ਥਾਵਾਂ ਤੇ ਬਬੀਹੇ (ਚਾਤ੍ਰਿਕ) ਦਾ ਜ਼ਿਕਰ ਆਉਂਦਾ ਹੈ । ਇਸ ਬਾਰੇ ਕਿਹਾ ਜਾਂਦਾ ਹੈ ਕਿ ਇਹ ਮੂੰਹ ਉੱਪਰ ਕਰਕੇ ਬਰਸਾਤ ਦੀ ਬੂੰਦ ਨੂੰ ਉਡੀਕਦਾ ਰਹਿੰਦਾ ਹੈ । ਕਿਰਪਾ ਕਰਕੇ ਇਹ ਦਸੋ ਕਿ ਜਦ ਇਹ ਪਾਣੀ ਵਿਚ ਹੀ ਰਹਿੰਦਾ ਹੈ ਤਾਂ ਤਲਾਬ ਜਾਂ ਨਦੀ ਵਿਚੋਂ ਹੀ ਪਾਣੀ ਕਿਉਂ ਨਹੀਂ ਪੀ ਲੈਂਦਾ ?

ਜਵਾਬ : ਕੁਦਰਤ ਨੇ ਇਸ ਜੀਵ ਦੇ ਗਲੇ ਵਿੱਚ ਇਕ ਸੁਰਾਖ ਬਣਾ ਰਖਿਆ ਹੈ । ਜਦ ਇਹ ਜੀਵ ਮੂੰਹ ਥਲੇ ਕਰਕੇ ਤਲਾਬ ਵਗੈਰਾ ਵਿਚੋਂ ਪਾਣੀ ਪੀਣ ਲਗਦਾ ਹੈ ਤਾਂ ਉਸ ਸੁਰਾਖ ਰਾਹੀਂ ਪਾਣੀ ਬਾਹਰ ਨਿਕਲ ਜਾਂਦਾ ਹੈ ਅਤੇ ਇਹ ਜੀਵ ਪਿਆਸਾ ਰਹਿ ਜਾਂਦਾ ਹੈ । ਜਦੋਂ ਇਸਦਾ ਮੂੰਹ ਉੱਪਰ ਵੱਲ ਹੋਵੇ ਅਤੇ ਖੁਲ੍ਹਾ ਹੋਵੇ ਤਾਂ ਬਰਸਾਤ ਦੀ ਬੂੰਦ ਇਸ ਦੇ ਅੱਡੇ ਹੋਏ ਮੂੰਹ ਵਿਚੋਂ ਸਿੱਧੀ ਇਸਦੇ ਅੰਦਰ ਚਲੀ ਜਾਂਦੀ ਹੈ ਜਿਸ ਨਾਲ ਇਸਦੀ ਪਿਆਸ ਬੁਝ ਜਾਂਦੀ ਹੈ ।

116. ਸਵਾਲ : ਉਠੁ ਫਰੀਦਾ ਉਜੂ ਸਾਜਿ,
ਸੁਬਹ ਨਿਵਾਜ ਗੁਜਾਰਿ ।।
ਫਰੀਦ ਜੀ ਦੇ ਇਸ ਸਲੋਕ ਵਿਚ ਉਜੂ ਤੋਂ ਕੀ ਭਾਵ ਹੈ ? ਇਸ ਤੁਕ ਤੋਂ ਇੰਜ ਪ੍ਰਤੀਤ ਹੁੰਦਾ ਹੈ ਕਿ ਫਰੀਦ ਜੀ ਉਜੂ ਕਰਨ ਲਈ ਪਰੇਰ ਰਹੇ ਹਨ, ਪਰ ਭਗਤ ਕਬੀਰ ਜੀ ਨੇ ਹੇਠ ਲਿਖੀ ਤੁੱਕ ਵਿਚ ਉਜੂ ਦਾ ਖੰਡਨ ਕੀਤਾ ਹੈ:-
ਕਿਆ ਉਜੂ ਪਾਕੁ ਕੀਆ ਮੁਹੁ ਧੋਇਆ ।।
ਕ੍ਰਿਪਾ ਕਰਕੇ ਇਹ ਸ਼ੰਕਾ ਦੂਰ ਕਰੋ ਜੀ ।

ਜਵਾਬ : ਮੁਸਲਮਾਨ ਲੋਕ ਨਿਮਾਜ਼ ਪੜ੍ਹਨ ਤੋਂ ਪਹਿਲਾਂ ਮੂੰਹ ਹੱਥ ਧੋਂਦੇ, ਕੁਰਲੀ ਕਰਦੇ, ਮਸਤਕ ਤੇ ਪਾਣੀ ਦੇ ਛਿਟੇ ਮਾਰਦੇ ਤੇ ਬਾਹਵਾਂ ਤੇ ਪੈਰ ਵੀ ਧੋਂਦੇ ਹਨ। ਇਸ ਸਾਰੀ ਕਿਰਿਆ ਨੂੰ 'ਉਜੂ' ਕਹਿੰਦੇ ਹਨ । ਮੁਸਲਮਾਨਾਂ ਦਾ ਖਿਆਲ ਹੈ ਕਿ ਅਜਿਹਾ ਕਰਨ ਨਾਲ ਪਵਿਤ੍ਰਤਾ ਹਾਸਲ ਹੁੰਦੀਂ ਹੈ ।

ਫਰੀਦ ਜੀ ਦਾ ਸੰਬੰਧਤ ਸਲੋਕ ਪੂਰਾ ਇਸ ਤਰ੍ਹਾਂ ਹੈ—
ਉਠੁ ਫਰੀਦਾ, ਉਜੂ ਸਾਜਿ, ਸੁਬਹ ਨਿਵਾਜ ਗੁਜਾਰਿ ।।
ਜੋ ਸਿਰੁ ਸਾਂਈ ਨਾ ਨਿਵੈ, ਸੋ ਸਿਰੁ ਕਪਿ ਉਤਾਰਿ ।।

ਇਸਦੇ ਅਰਥ ਇਸ ਤਰ੍ਹਾਂ ਹਨ-ਹੇ ਫਰੀਦ ! ਉੱਠ, ਉਜੂ ਕਰ ਤੇ ਸਵੇਰ ਦੀ ਨਿਮਾਜ ਪੜ੍ਹ । ਜੋ ਸਿਰ ਮਾਲਕ ਅਗੇ ਨਹੀਂ ਨਿੰਵਦਾ, ਉਹ ਸਿਰ ਕੱਟ ਕੇ ਲਾਹ ਦੇ ।

ਸੋ ਇਸ ਸਲੋਕ ਵਿਚ ਉਜੂ ਕਰਨ ਤੇ ਜ਼ੋਰ ਨਹੀਂ ਦਿੱਤਾ ਗਿਆ, ਸਗੋਂ ਪ੍ਰਭੂ ਦੀ ਬੰਦਗੀ ਕਰਨ ਤੇ ਜ਼ੋਰ ਦਿੱਤਾ ਗਿਆ ਹੈ ।

ਭਗਤ ਕਬੀਰ ਜੀ ਦੀ ਸਬੰਧਤ ਤੁੱਕ ਪੂਰੀ ਇਸ ਤਰ੍ਹਾਂ ਹੈ—
ਕਿਆ ਉਜੂ ਪਾਕੁ ਕੀਆ ਮੁਹੁ ਧੋਇਆ,
ਕਿਆ ਮਸੀਤਿ ਸਿਰੁ ਲਾਇਆ ।।

ਜਉ ਦਿਲ ਮਹਿ ਕਪਟੁ ਨਿਵਾਜੁ ਗੁਜਾਰਹੁ,
ਕਿਆ ਹਜ ਕਾਬੈ ਜਾਇਆ ॥ (ਪੰਨਾ-੧੩੫੦)

ਕਬੀਰ ਜੀ ਕਹਿ ਰਹੇ ਹਨ ਕਿ ਜੇ ਦਿਲ ਵਿਚ ਠੱਗੀ ਹੈ, ਤਾਂ ਉਜ਼ੂ ਕਰਨ, ਮਸੀਤ ਵਿਚ ਸਜਦਾ ਕਰਨ, ਨਿਮਾਜ ਪੜ੍ਹਨ ਅਤੇ ਹੱਜ ਕਰਨ ਦਾ ਵੀ ਕੋਈ ਆਤਮਿਕ ਲਾਭ ਨਹੀਂ । ਸੋ ਇਥੇ ਕਬੀਰ ਜੀ ਨੇ ਖਾਸ ਤੌਰ ਤੇ ਉਜ਼ੂ ਦਾ ਖੰਡਨ ਨਹੀਂ ਕੀਤਾ, ਬਲਕਿ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਪ੍ਰਭੂ ਦੀ ਬੰਦਗੀ ਕਰਦਿਆਂ ਦਿਲ ਵਿੱਚ ਕਪਟ ਨਹੀਂ ਹੋਣਾ ਚਾਹੀਦਾ ।

117. ਸਵਾਲ : ਤੀਰਥੁ ਤਪੁ ਦਇਆ ਦਤੁ ਦਾਨੁ ॥
ਜੇ ਕੋ ਪਾਵੈ, ਤਿਲ ਕਾ ਮਾਨੁ ॥
ਇਹ ਪੰਗਤੀ ਸ੍ਰੀ ਜਪੁਜੀ ਸਾਹਿਬ ਦੀ ਹੈ, ਇਸ ਦੇ ਅਰਥ ਵਿਸਥਾਰ ਨਾਲ ਸਮਝਾਉ ।

ਜਵਾਬ : ਇਸ ਪੰਗਤੀ ਦੇ ਅਰਥ ਇਉਂ ਹਨ :-

ਤੀਰਥ ਯਾਤਰਾ, ਤਪਾਂ ਦੀ ਸਾਧਨਾ, ਜੀਆਂ ਤੇ ਦਇਆ ਕਰਨੀ, ਦਿੱਤਾ ਹੋਇਆ ਦਾਨ, ਇਨ੍ਹਾਂ ਕਰਮਾਂ ਦੇ ਬਦਲੇ ਜੇ ਕਿਸੇ ਮਨੁੱਖ ਨੂੰ ਕੋਈ ਵਡਿਆਈ ਮਿਲ ਭੀ ਜਾਏ ਤਾਂ ਤਿਲ ਮਾਤਰ (ਰਤਾ ਜਿੰਨੀ) ਹੀ ਮਿਲਦੀ ਹੈ ।

ਇਸ ਪੰਗਤੀ ਦੇ ਨਾਲ ਅਗਲੀ ਪੰਗਤੀ ਰਲਾਇਆਂ ਪੂਰੀ ਗੱਲ ਬਣਦੀ ਹੈ । ਆਓ ਹੁਣ ਅਗਲੀ ਪੰਗਤੀ ਨੂੰ ਵੀਚਾਰੀਏ-

ਸੁਣਿਆ, ਮੰਨਿਆ, ਮਨਿ ਕੀਤਾ ਭਾਉ ॥
ਅੰਤਰਗਤਿ ਤੀਰਥਿ, ਮਲਿ ਨਾਉ ॥

ਇਸ ਪੰਗਤੀ ਨੂੰ ਪਹਿਲੀ ਨਾਲ ਰਲਾਕੇ ਅਰਥ ਕਰੀਏ ਤਾਂ ਗੱਲ ਸਮਝ ਪੈ ਜਾਵੇਗੀ । ਤੀਰਥ, ਤਪ, ਦਇਆ, ਦਾਨ ਦਾ ਫਲ ਤਾਂ ਤਿਲ ਮਾਤਰ ਹੀ ਹੈ ਪਰ ਜਿਸ ਮਨੁੱਖ ਨੇ ਵਾਹਿਗੁਰੂ ਨਾਮ ਨੂੰ ਸੁਣਕੇ ਮਨ ਵਸਾ ਲਿਆ ਅਤੇ ਉਸ ਨਾਲ ਮਨ ਵਿਚ ਪਿਆਰ ਪਾ ਲਿਆ, ਉਸ ਮਨੁੱਖ ਨੇ ਮਾਨੋ ਆਪਣੇ ਅੰਦਰਲੇ ਤੀਰਥ ਤੇ ਮਲ ਮਲ ਕੇ ਇਸ਼ਨਾਨ ਕਰ ਲਿਆ ਹੈ; ਭਾਵ; ਵਾਹਿਗੁਰੂ ਨਾਲ ਜੁੜਕੇ ਆਪਣੇ ਮਨ ਦੀ ਮੈਲ ਲਾਹ ਲਈ ਹੈ ।

118. ਸਵਾਲ : 'ਵਾਹੁ ਵਾਹੁ ਬਾਣੀ ਨਿਰੰਕਾਰ ਹੈ...' ਗੁਰਬਾਣੀ ਦੀ ਪੰਕਤੀ ਵਿਚ ਵਾਹੁ ਵਾਹੁ ਦਾ ਸ਼ੁੱਧ ਉਚਾਰਨ ਕੀ ਹੈ ?

ਜਵਾਬ : 'ਵਾਹੁ ਵਾਹੁ' ਦਾ ਸ਼ੁੱਧ ਉਚਾਰਨ 'ਵਾਹ ਵਾਹ' ਕਰਨਾ ਹੈ । ਔਂਕੜ ਗੁਰਬਾਣੀ ਵਿਆਕਰਨ ਅਨੁਸਾਰ ਲਗੀ ਹੈ ਜੋ 'ਵਾਹ ਵਾਹ' ਨੂੰ ਵਿਸ਼ੇਸ਼ਣ ਹੋਣਾ

ਦਰਸਾਉਂਦੀ ਹੈ । ਇਸ ਔਂਕੜ ਦਾ ਵਿਆਕਰਣਿਕ ਨੇਮਾਂ ਅਨੁਸਾਰ ਉਚਾਰਨ ਨਾਲ ਕੋਈ ਸਬੰਧ ਨਹੀਂ ਹੈ ।

119. ਸਵਾਲ : ਮਿਠਾ ਕਰਿ ਕੈ ਖਾਇਆ ਪਿਆਰੇ,
ਤਿਨਿ ਤਨਿ ਕੀਤਾ ਰੋਗੁ ॥
ਕਉੜਾ ਹੋਇ ਪਤਿਸਟਿਆ ਪਿਆਰੇ,
ਤਿਸ ਤੇ ਉਪਜਿਆ ਸੋਗੁ ॥
ਇਸ ਤੁੱਕ ਵਿੱਚ 'ਪਤਿਸਟਿਆ' ਦਾ ਸ਼ੁਧ ਉਚਾਰਨ ਕੀ ਹੈ ਅਤੇ ਇਸ ਤੁੱਕ ਦੇ ਅਰਥ ਵੀ ਦਸੋ ।

ਜਵਾਬ : ਪਤਿਸਟਿਆ ਨੂੰ ਪਤਿ-ਸਟਿਆ ਜਾਂ ਪ-ਤਿਸਟਿਆ ਪਦ-ਛੇਦ ਕਰਨਾ ਅਸ਼ੁੱਧ ਪਾਠ ਹੈ । ਇਹ ਲਫਜ਼ ਪਤਿਸਟ ਤੋਂ ਬਣਿਆ ਹੈ ਅਤੇ ਇਸਦਾ ਉਚਾਰਨ ਬਿਨਾ ਪਦੰ-ਛੇਦ ਕੀਤਿਆਂ 'ਪਤਿਸਟਿਆ' ਹੀ ਹੈ ਅਤੇ ਇਸ ਦਾ ਅਰਥ ਹੈ ਟਿਕ ਗਿਆ ਪੂਰੀ ਤੁੱਕ ਦੇ ਅਰਥ ਇਸ ਤਰ੍ਹਾਂ ਹਨ—.

ਹੇ ਭਾਈ ! ਮਨੁੱਖ ਨੇ (ਸਾਰੀ ਉਮਰ ਦੁਨੀਆਂ ਦੇ ਪਦਾਰਥਾਂ ਨੂੰ) ਮਿਠੇ ਮੰਨ ਕੇ ਖਾਧਾ, ਉਸ ਮਿਠੇ ਨੇ (ਉਸ ਦੇ) ਸਰੀਰ ਵਿੱਚ ਰੋਗ ਪੈਦਾ ਕਰ ਦਿਤਾ । ਉਹ ਰੋਗ ਦੁਖਦਾਈ ਹੋ ਕੇ ਸਰੀਰ ਵਿੱਚ ਪੱਕਾ ਟਿਕ ਜਾਂਦਾ ਹੈ ਅਤੇ ਉਸ ਤੋਂ ਚਿੰਤਾ ਗਮ ਪੈਦਾ ਹੁੰਦੀ ਹੈ ।

120. ਸਵਾਲ : "ਤੇਰਾ ਏਕੋ ਨਾਮੁ ਮੰਜੀਠੜਾ" ਵਿਚ ਮੰਜੀਠੜਾ ਤੋਂ ਕੀ ਭਾਵ ਹੈ ?

ਜਵਾਬ : ਮੰਜੀਠੜਾ ਦਾ ਸ਼ਬਦੀ ਅਰਥ ਹੈ-ਸੁਹਣਾ ਮਜੀਠ । ਇਹ ਇਕ ਕਿਸਮ ਦਾ ਗੂੜ੍ਹਾ ਪੱਕਾ ਲਾਲ ਰੰਗ ਹੈ ਜੋ ਕਿ ਮਜੀਠ ਨਾਮ ਦੀ ਵੇਲ ਵਿਚੋਂ ਤਿਆਰ ਕੀਤਾ ਜਾਂਦਾ ਹੈ । ਇਸ ਬਾਰੇ ਪ੍ਰਸਿੱਧ ਹੈ ਕਿ ਇਹ ਧੋਣ ਨਾਲ ਉਤਰਦਾ ਨਹੀਂ । ਇਸ ਦੇ ਮੁਕਾਬਲੇ ਤੇ ਕੁਸੰਭੇ ਦਾ ਰੰਗ ਕੱਚਾ ਹੁੰਦਾ ਹੈ ਜੋ ਕਿ ਛੇਤੀ ਲਹਿ ਜਾਂਦਾ ਹੈ । ਇਸ ਲਈ 'ਪ੍ਰਭੂ-ਪਿਆਰ' ਨੂੰ ਮਜੀਠ ਦੇ ਰੰਗ ਨਾਲ ਤੁਲਨਾ ਦਿੱਤੀ ਗਈ ਹੈ ਅਤੇ 'ਜਗਤ ਮੋਹ' ਨੂੰ ਕੁਸੰਭੇ ਨਾਲ । ਗੁਰੂ ਸਾਹਿਬ ਨਾਮ ਨੂੰ ਮਜੀਠੀ ਰੰਗ ਕਹਿ ਕੇ ਇਉਂ ਸਲਾਹੁੰਦੇ ਹਨ—

ਤੇਰਾ ਏਕੋ ਨਾਮੁ ਮੰਜੀਠੜਾ,
ਰਤਾ ਮੇਰਾ ਚੋਲਾ ਸਦ ਰੰਗ ਢੋਲਾ ॥

121. ਸਵਾਲ : ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਵਿਚ ਨੌ ਧੁਨਾਂ ਕਿਸ ਨੇ ਚੜ੍ਹਾਈਆਂ ਸਨ ?

ਜਵਾਬ : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਜਿਥੇ ਰਾਗਾਂ ਅਨੁਸਾਰ ਲਿਖੀ ਹੈ, ਇਥੇ ਨਾਲ ਹੀ ਬੀਰ ਰਸ ਪੈਦਾ ਕਰਨ ਲਈ ਪਰਉਪਕਾਰੀ ਸੂਰਬੀਰ, ਪੁਰਸ਼ਾਂ ਦੇ ਨਾਵਾਂ ਦੀਆਂ ਵਾਰਾਂ ਤੇ ਢੰਗ ਪਰ ਗਾਉਣ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਨੌ ਧੁਨਾਂ ਚੜ੍ਹਾਈਆਂ ਹਨ । ਪਰ ਅਬਦੁਲ ਨਥੇ ਤੇ ਹੋਰ ਢਾਡੀਆਂ ਪਾਸੋਂ ਗਵਾਈਆਂ ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਨੇ ਹਨ, ਜਿਨ੍ਹਾਂ ਸਿੱਖ ਪੰਥ ਨੂੰ ਸੂਰਬੀਰਤਾ ਤੇ ਸੰਤ ਸਿਪਾਹੀ ਹੋਣ ਦੀ ਗੁੜਤੀ ਦਿਤੀ । ਨੌ ਧੁਨਾਂ ਇਸ ਪ੍ਰਕਾਰ ਹਨ :

(੧) ਵਾਰ ਮਾਝ ਕੀ ਤਥਾ ਸਲੋਕ ਮ: ੧, ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ ॥

(੨) ਗਉੜੀ ਕੀ ਵਾਰ ਮ: ੫, ਰਾਇ ਕਮਾਲਦੀ ਮੋਜਦੀ ਕੀ ਵਾਰ ਕੀ ਧੁਨਿ ।

(੩) ਆਸਾ ਕੀ ਵਾਰ ਮ: ੧, ਟੁੰਡੇ ਅਸ ਰਾਜੈ ਕੀ ਧੁਨੀ।

(੪) ਗੂਜਰੀ ਕੀ ਵਾਰ ਮ: ੩, ਸਿਕੰਦਰ ਬਿਰਾਹਿਮ ਕੀ ਧੁਨੀ ।

(੫) ਵਡਹੰਸ ਕੀ ਵਾਰ ਮ: ੪, ਲਲਾਂ ਬਹਿਲੀਮਾ ਕੀ ਧੁਨਿ ।

(੬) ਰਾਮਕਲੀ ਕੀ ਵਾਰ ਮ: ੩, ਜੋਧੈ ਵੀਰੈ ਪੂਰਬਾਣੀ ਕੀ ਧੁਨੀ ।

(੭) ਸਾਰੰਗ ਕੀ ਵਾਰ ਮ: ੪, ਰਾਇ ਮਹਮੇ ਹਸਨੇ ਕੀ ਧੁਨਿ ।

(੮) ਵਾਰ ਮਲਾਰ ਕੀ ਮ: ੧, ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ ।

(੯) ਕਾਨੜੇ ਕੀ ਵਾਰ ਮ: ੪, ਮੂਸੇ ਕੀ ਵਾਰ ਕੀ ਧੁਨੀ ।

122. ਸਵਾਲ : 'ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ' ਸ਼ਬਦ ਵਿਚ ਕੀ ਬਾਬਾ ਮੋਹਨ ਜੀ ਜੋ ਤੀਸਰੇ ਪਾਤਸ਼ਾਹ ਗੁਰੂ ਅਮਰਦਾਸ ਜੀ ਦੇ ਸਪੁਤਰ ਸਨ ਦੀ ਉਸਤਤ ਕੀਤੀ ਗਈ ਹੈ ?

ਜਵਾਬ : ਨਹੀਂ, ਇਸ ਸ਼ਬਦ ਵਿਚ 'ਮੋਹਨ' ਲਫ਼ਜ਼ ਪ੍ਰਮਾਤਮਾ ਲਈ ਵਰਤਿਆ ਗਿਆ ਹੈ । ਗੁਰਬਾਣੀ ਵਿਚ ਕਿਸੇ ਵਿਅਕਤੀ ਦੀ ਉਸਤਤ ਨਹੀਂ ਕੀਤੀ ਗਈ ਸਗੋਂ ਪ੍ਰਭੂ ਦੀ ਉਸਤਤ ਹੀ ਕੀਤੀ ਗਈ ਹੈ ।

123. ਸਵਾਲ : 'ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ ॥' ਜਪੁਜੀ ਦੇ ਸਲੋਕ ਨਾਲ ਬਿਲਕੁਲ ਮਿਲਦਾ ਸਲੋਕ 'ਸੁਖਮਨੀ ਸਾਹਿਬ' ਦੀ ਸਤਾਰਵੀਂ ਅਸ਼ਟਪਦੀ ਤੋਂ ਪਹਿਲੋਂ ਦਰਜ ਹੈ ਜਿਸ ਵਿਚ 'ਭੀ' ਦੀ ਥਾਂ 'ਭਿ' ਦਰਜ ਹੈ । ਕੀ ਇਸ ਮਾਤਰਾ ਬਦਲਣ ਬਾਰੇ ਕੋਈ ਸਾਖੀ ਬਾਬਾ ਸ੍ਰੀ ਚੰਦ ਜੀ ਨਾਲ ਸਬੰਧਤ ਸਿੱਖ ਇਤਿਹਾਸ ਵਿਚ ਦਰਜ ਹੈ ?

ਜਵਾਬ : ਨਹੀਂ, ਐਸੀ ਕੋਈ ਪ੍ਰਮਾਨਿਕ ਇਤਿਹਾਸਿਕ ਸਾਖੀ ਸਿੱਖ ਇਤਿਹਾਸ ਵਿਚ ਦਰਜ ਨਹੀਂ ਹੈ । ਜੋ ਸਾਖੀਆਂ ਸੁਣਾਈਆਂ ਜਾ ਰਹੀਆਂ ਹਨ ਉਹ ਨਿਰੋਲ ਮਨੋ ਕਲਪਿਤ ਹਨ । ਦੋਹਾਂ ਸਲੋਕਾਂ ਦੇ ਅਰਥਾਂ ਵਿਚ ਕੋਈ ਅੰਤਰ ਨਹੀਂ ਹੈ।

124. ਸਵਾਲ : ਅਨੰਦ ਸਾਹਿਬ ਦੀ ਬਾਣੀ ਵਿਚ ਅਖੀਰ ਤੇ ਆਏ ਸ਼ਬਦ ਅਨਦ ਦਾ ਸ਼ੁਧ ਉਚਾਰਨ ਕੀ ਹੈ ?

ਜਵਾਬ : ਅਨਦ ਦਾ ਸ਼ੁਧ ਉਚਾਰਨ ਹੈ: ਅਨੰਦ । ਗੁਰਬਾਣੀ ਵਿਚ ਬਹੁਤ ਸਾਰੇ ਸ਼ਬਦ ਐਸੇ ਹਨ ਜੋ ਇਕ ਥਾਂ ਤੇ ਟਿੱਪੀ ਲਗਾ ਕੇ ਲਿਖੇ ਹਨ ਤੇ ਦੂਜੀ ਜਗ੍ਹਾ ਟਿੱਪੀ ਤੋਂ ਬਿਨਾ । ਸੋ ਟਿਪੀ ਲਗੇ ਸ਼ਬਦਾਂ ਤੋਂ ਸੇਧ ਲੈ ਕੇ ਬਿਨਾਂ ਟਿਪੀ ਲਗੇ ਸ਼ਬਦਾਂ ਨੂੰ ਟਿਪੀ ਲਗਾ ਕੇ ਪੜ੍ਹਣਾ ਹੀ ਸ਼ੁਧ ਉਚਾਰਨ ਹੈ ।

125. ਸਵਾਲ : 'ਦੀਵਾਲੀ ਦੀ ਰਾਤ ਦੀਵੇ ਬਾਲੀਅਨਿ ।।' ਵਾਲੇ ਸ਼ਬਦ ਤੋਂ ਇੰਜ ਲਗਦਾ ਹੈ ਜਿਵੇਂ ਇਸ ਵਿਚ ਦੀਵਾਲੀ ਦੀ ਰਾਤ ਨੂੰ ਦੀਵੇ ਬਾਲਣ ਲਈ ਕਿਹਾ ਗਿਆ ਹੈ । ਇਸ ਦਾ ਅਰਥ ਸਮਝਾਉ ।

ਜਵਾਬ : ਕੀਰਤਨ ਕਰਦੇ ਸਮੇਂ ਰਹਾਉ ਵਾਲੀ ਤੁਕ ਨੂੰ ਸਥਾਈ ਬਣਾਉਣ ਦੀ ਮਰਯਾਦਾ ਹੈ ਕਿਉਂਕਿ ਰਹਾਉ ਵਾਲੀ ਤੁੱਕ ਵਿਚ ਸਾਰੇ ਸ਼ਬਦ ਦਾ ਕੇਂਦਰੀ ਭਾਵ ਹੁੰਦਾ ਹੈ । ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਪਹਿਲਾਂ ਕੁਝ ਉਦਾਹਰਣਾਂ ਹੁੰਦੀਆਂ ਹਨ ਅਤੇ ਅਖੀਰਲੀ ਤੁਕ ਵਿਚ ਉਸ ਪਉੜੀ ਦਾ ਕੇਂਦਰੀ ਭਾਵ ਹੁੰਦਾ ਹੈ । ਇਸ ਲਈ ਭਾਈ ਗੁਰਦਾਸ ਜੀ ਦੀਆਂ ਵਾਰਾਂ ਗਾਉਂਦਿਆਂ ਸੰਬੰਧਤ ਪਉੜੀ ਦੀ ਆਖਰੀ ਤੁਕ ਨੂੰ ਸਥਾਈ ਬਨਾਉਣਾ ਚਾਹੀਦਾ ਹੈ । ਪਰ ਆਮ ਤੌਰ ਤੇ ਰਾਗੀ ਸਿੰਘ ਆਪਣੀ ਮਨਮਰਜ਼ੀ ਦੀ ਤੁਕ ਲੈ ਕੇ ਸਥਾਈ ਬਣਾ ਲੈਂਦੇ ਹਨ ਜਿਸ ਨਾਲ ਇਕ ਤਾਂ ਕੇਂਦਰੀ ਭਾਵ ਸਪਸ਼ਟ ਨਹੀਂ ਹੁੰਦਾ, ਦੂਜੇ ਕਈ ਵਾਰੀ ਉਹ ਤੁਕ ਗਲਤ ਅਰਥਾਂ ਦਾ ਸੰਕੇਤ ਦਿੰਦੀ ਹੈ ਅਤੇ ਇਸ ਤਰ੍ਹਾਂ ਕਰਨ ਨਾਲ ਮਰਯਾਦਾ ਵੀ ਭੰਗ ਹੁੰਦੀ ਹੈ । ਸਾਰੇ ਰਾਗੀ ਸਿੰਘਾਂ ਨੂੰ ਇਸ ਪਾਸੇ ਉਚੇਚਾ ਧਿਆਨ ਦੇਣਾ ਚਾਹੀਦਾ ਹੈ ਅਤੇ ਪੰਥਕ ਮਰਯਾਦਾ ਵਿਚ ਇਕਸੁਰਤਾ ਦਾ ਪ੍ਰਗਟਾਵਾ ਕਰਨਾ ਚਾਹੀਦਾ ਹੈ ।

'ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ ।।' ਭਾਈ ਗੁਰਦਾਸ ਜੀ ਦੀ ੧੯ਵੀਂ ਵਾਰ ਦੀ ਛੇਵੀਂ ਪਉੜੀ ਹੈ । ਇਥੇ ਵੀ ਸੰਬੰਧਤ ਰਾਗੀ ਨੇ ਪਹਿਲੀ ਤੁਕ ਨੂੰ ਸਥਾਈ ਬਣਾ ਕੇ ਗਲਤ ਅਰਥਾਂ ਦਾ ਸੰਕੇਤ ਦਿਤਾ ਹੈ । ਇਸ ਪਉੜੀ ਦੀ ਆਖਰੀ ਤੁਕ **'ਗੁਰਮੁਖਿ ਸੁਖ ਫਲ ਦਾਤਿ ਸਬਦਿ ਸਮ੍ਹਾਲੀਅਨਿ ।।'** ਨੂੰ

ਸਥਾਈ ਬਣਾਉਣਾ ਚਾਹੀਦਾ ਸੀ । ਇਸ ਪਉੜੀ ਵਿਚ ਵਿਚਾਰ ਦਿੱਤਾ ਗਿਆ ਹੈ ਕਿ ਜੋ ਆਤਮਕ ਸੁਖ ਸ਼ਬਦ ਦੀ ਦਾਤ ਪ੍ਰਮਾਤਮਾ ਦੇ ਸਿਮਰਨ ਰਾਹੀਂ ਪ੍ਰਾਪਤ ਹੁੰਦਾ ਹੈ, ਉਹ ਗੁਰਮੁਖ ਹੀ ਸੰਭਾਲਦੇ ਹਨ, ਉਹ ਹੀ ਸਥਾਈ ਸੁਖ ਹੈ । ਬਾਕੀ ਸਭ ਦੁਨਿਆਵੀ ਸੁਖ ਥੋੜ੍ਹ ਚਿਰੇ ਹਨ । ਇਸ ਪਉੜੀ ਦੇ ਪੂਰੇ ਅਰਥ ਹੇਠਾਂ ਦਿਤੇ ਜਾ ਰਹੇ ਹਨ—

ਦੀਵਾਲੀ ਦੀ ਰਾਤ ਨੂੰ ਘਰਾਂ ਵਿਚ ਦੀਵੇ ਬੀਲੇ ਜਾਂਦੇ ਹਨ । ਇਸੇ ਤਰ੍ਹਾਂ ਰਾਤ ਨੂੰ ਛੋਟੇ ਵਡੇ ਤਾਰੇ ਅਸਮਾਨ ਵਿਚ ਚਮਕਦੇ ਹਨ ਪਰ ਦਿਨ ਚੜ੍ਹਦੇ ਹੀ ਅਲੋਪ ਹੋ ਜਾਂਦੇ ਹਨ । ਬਾਗਾਂ ਵਿਚ ਤਰ੍ਹਾਂ ਤਰ੍ਹਾਂ ਦੇ ਫੂਲ ਖਿੜਦੇ ਹਨ ਪਰ ਕੁਝ ਦੇਰ ਬਾਅਦ ਹੀ ਉਹ ਚੁਣ ਚੁਣ ਕੇ ਤੋੜ ਲਏ ਜਾਂਦੇ ਹਨ । ਯਾਤਰੀਆਂ ਦੇ ਟੋਲਿਆਂ ਦੇ ਟੋਲੇ ਤੀਰਥਾਂ ਤੇ ਜਾਂਦੇ ਅਖੀਂ ਦੇਖੀਦੇ ਹਨ ਪਰ ਛੇਤੀ ਹੀ ਤੀਰਥਾਂ ਪੁਰ ਉਹਨਾਂ ਦਾ ਮੁਸ਼ਕ ਨਹੀਂ ਰਹਿੰਦਾ । ਹਰਿਚੰਦਉਰੀ ਵਾਂਗ ਸੰਸਾਰ ਵਿਚ ਅਨੇਕਾਂ ਨਗਰੀਆਂ ਦੀ ਝਾਤੀ (ਦਿਖਾਵੇ ਮਾਤਰ) ਦਿਸਦੀ ਹੈ ਤੇ ਖਤਮ ਹੋ ਜਾਂਦੀ ਹੈ, ਵਸਦੀ ਤੇ ਉਜੜ ਜਾਂਦੀ ਹੈ । ਇਸੇ ਪ੍ਰਕਾਰ ਇਹ ਜਗਤ ਥੋੜ੍ਹੇ ਚਿਰ ਦਾ ਅਨੰਦ ਹੈ । ਅਸਲ ਵਿਚ ਆਤਮਕ ਅਨੰਦ (ਜੋ ਕਿ ਸਦੀਵੀ ਹੈ) ਸ਼ਬਦ ਦੀ ਦਾਤ ਰਾਹੀਂ, ਗੁਰਮੁਖਾਂ ਨੂੰ ਪ੍ਰਾਪਤ ਹੁੰਦਾ ਹੈ ।

126. ਸਵਾਲ : 'ਸੋਹੰ' ਸ਼ਬਦ ਦਾ ਕੀ ਅਰਥ ਹੈ ?

ਜਵਾਬ : ਗੁਰਬਾਣੀ ਵਿਚ ਸੋਹੰ ਸ਼ਬਦ ਦੋ ਅਰਥਾਂ ਵਿਚ ਵਰਤਿਆ ਗਿਆ ਹੈ। ਇਸ ਦਾ ਪਹਿਲਾ ਅਰਥ ਹੈ- 'ਉਹ ਮੈਂ ਹਾਂ' । ਜਿਵੇਂ ਕਿ ਹੇਠ ਲਿਖੀਆਂ ਤੁਕਾਂ ਵਿਚ ਹੈ—

ਸੋਹੰ ਆਪੁ ਪਛਾਣੀਐ ਸਬਦਿ ਭੇਦਿ ਪਤੀਆਇ ।। (ਪੰਨਾ–੬੦)
ਸੋਹੰ ਸੋ, ਜਾ ਕਉ ਹੈ ਜਾਪ ।।
ਜਾਕਉ ਲਿਪਤ ਨ ਹੋਇ ਪੁੰਨ ਅਰੁ ਪਾਪ ।। (ਪੰਨਾ–੧੧੬੨)

ਸੋਹੰ ਦਾ ਦੂਸਰਾ ਅਰਥ ਹੈ— ਸ਼ੋਭਦੀ ਹੈ, ਜਿਵੇਂ ਕਿ ਹੇਠ ਲਿਖੀ ਤੁਕ ਵਿਚ ਹੈ—

ਰਸਨਾ ਰਾਮ ਕਹਤ ਗੁਣ ਸੋਹੰ ।। (ਪੰਨਾ–੧੨੧੧)

127. ਸਵਾਲ : 'ਕਛੂਅਕ' ਸ਼ਬਦ ਦੇ ਅਰਥ ਅਤੇ ਉਚਾਰਨ ਬਾਰੇ ਦਸੋ ?

ਜਵਾਬ : ਕਛੂਅਕ ਦਾ ਅਰਥ ਹੈ—ਥੋੜ੍ਹਾ ਬਹੁਤ, ਕੁਝ ਨਾ ਕੁਝ । ਇਸ ਦਾ ਸ਼ੁੱਧ ਉਚਾਰਨ ਹੈ 'ਕਛੂਅ ਕ' । ਗੁਰਬਾਣੀ ਦਾ ਫੁਰਮਾਨ ਹੈ—

ਮਨ ਸਮਝਾਵਨ ਕਾਰਨੇ,
ਕਛੂਅ ਕ ਪੜੀਐ ਗਿਆਨ ।।

128. ਸਵਾਲ : **ਮੇਰੀ ਮੇਰੀ ਕੈਰਉ ਕਰਤੇ,**
ਦੁਰਜੋਧਨ ਸੇ ਭਾਈ ॥
ਬਾਰਹ ਜੋਜਨ ਛਤ੍ਰ ਚਲੈ ਥਾ,
ਦੇਹੀ ਗਿਰਝਨ ਖਾਈ ॥
ਕੀ ਇਸ ਤੁੱਕ ਵਿਚ 'ਗਿਰਝਨ' ਦਾ ਪਾਠ 'ਗਿਰਝ ਨ' ਕਰਨਾ ਠੀਕ ਹੈ ?

ਜਵਾਬ : ਕਈ ਸੱਜਣ 'ਗਿਰਝ ਨ' ਪਾਠ ਪਦ ਛੇਦ ਕਰਕੇ ਕਰਦੇ ਹਨ ਜੋ ਕਿ ਸ਼ੁੱਧ ਪਾਠ ਨਹੀਂ ਹੈ । ਸ਼ੁੱਧ ਪਾਠ ਗਿਰਝਨ ਹੈ ਜੋ ਪਦ ਛੇਦ ਕੀਤੇ ਬਿਨਾਂ ਹੀ ਕਰਨਾ ਹੈ । ਇਸਦਾ ਅਰਥ ਹੈ- ਗਿਰਝਾਂ ਨੇ । ਗਿਰਝਨ ਬਹੁ ਵਚਨ ਹੈ। ਪੂਰੀ ਤੁੱਕ ਦੇ ਅਰਥ ਇਸ ਤਰ੍ਹਾਂ ਹਨ—

ਜਿਨ੍ਹਾਂ ਕੌਰਵਾਂ ਦੇ ਦੁਰਯੋਧਨ ਵਰਗੇ ਬਲੀ ਭਰਾ ਸਨ, ਉਹ ਮੇਰੀ ਮੇਰੀ ਦਾ ਹੰਕਾਰ ਕਰਦੇ ਹੋਏ ਕਹਿੰਦੇ ਸਨ ਕਿ ਸਾਡੀ ਪਾਤਸ਼ਾਹੀ ਹੈ । ਕੁਰਖੇਤਰ ਦੀ ਜੰਗ ਵੇਲੇ ੪੮ ਕੋਹਾਂ ਵਿਚ ਉਨ੍ਹਾਂ ਦਾ ਪਸਾਰਾ ਸੀ, ਪਰ ਆਖਰ ਉਨ੍ਹਾਂ ਦੀਆਂ ਲੋਥਾਂ ਨੂੰ ਗਿਰਝਾਂ ਨੇ ਖਾਧਾ ।

129. ਸਵਾਲ : ਪਾਹਰੂਅਰਾ ਛਬਿ ਚੋਰੁ ਨ ਲਾਗੈ ॥ ਇਸ ਤੁੱਕ ਵਿਚ 'ਪਾਹਰੂਅਰਾ ਛਬਿ' ਅਤੇ 'ਪਾਹਰੂਅਰਾਛਬਿ' ਵਿਚੋਂ ਕਿਹੜਾ ਪਾਠ ਸ਼ੁੱਧ ਹੈ ? ਇਸ ਤੁੱਕ ਦੇ ਅਰਥ ਵੀ ਦਸੋ ?

ਜਵਾਬ : 'ਪਾਹਰੂਅਰਾ ਛਬਿ' ਪਾਠ ਸ਼ੁੱਧ ਹੈ । ਪਾਹਰੂਅਰਾ ਦਾ ਅਰਥ ਹੈ— ਪਹਿਰੇਦਾਰ, ਪ੍ਰਮਾਤਮਾ, ਅਤੇ ਛਬਿ ਦਾ ਅਰਥ ਹੈ-ਤੇਜ, ਚਮਕ, ਪ੍ਰਕਾਸ਼ । ਇਥੇ ਪਾਂਡੇ ਨੂੰ ਸੰਬੋਧਨ ਕਰਕੇ ਕਿਹਾ ਗਿਆ ਹੈ ਕਿ ਆਪਣੇ ਅੰਦਰ ਪ੍ਰਭੂ-ਰਾਖੇ ਦਾ ਤੇਜ ਪ੍ਰਕਾਸ਼ ਕਰ, ਫਿਰ ਕੋਈ ਕਾਮਾਦਿਕ ਚੋਰ ਤੇਰੇ ਨੇੜੇ ਨਹੀਂ ਆਵੇਗਾ ।

130. ਸਵਾਲ : "ਸਾਬਤ ਸੂਰਤਿ ਦਸਤਾਰ ਸਿਰਾ" ਤੋਂ ਕੀ ਭਾਵ ਹੈ ? ਕੀ ਇਹ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ ?

ਜਵਾਬ : ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੦੮੪ ਉਤੇ ਦਰਜ ਹੈ। ਪਰ ਇਹ ਇਕ ਤੁਕ ਦਾ ਅੱਧਾ ਹਿੱਸਾ ਹੈ, ਪੂਰੀ ਤੁਕ ਇਸ ਤਰ੍ਹਾਂ ਹੈ—

ਨਾਪਾਕ ਪਾਕੁ ਕਰਿ ਹਦੂਰਿ ਹਦੀਸਾ,
ਸਾਬਤ ਸੂਰਤਿ ਦਸਤਾਰ ਸਿਰਾ ॥

ਇਥੇ 'ਸਾਬਤ ਸੂਰਤਿ' ਤੋਂ ਭਾਵ ਹੈ ਸਰੀਰ ਨੂੰ ਜਿਉਂ ਦਾ ਤਿਉਂ ਰਖਣਾ, ਕੋਈ ਅੰਗ ਛੇਦਨ ਨਾ ਕਰਨਾ । 'ਦਸਤਾਰ ਸਿਰਾ' ਦਾ ਅਰਥ ਹੈ-ਸਿਰ

ਉੱਤੇ ਦਸਤਾਰ, ਭਾਵ ਇਜ਼ਤ ਆਦਰ ਦਾ ਵਸੀਲਾ । ਹਦੂਰਿ ਹਦੀਸਾ ਦਾ ਅਰਥ ਹੈ ਰੱਬੀ ਸ਼ਰਹ ਦੀ ਪੁਸਤਕ । ਪੂਰੀ ਤੁਕ ਦੇ ਅਰਥ ਇਸ ਤਰ੍ਹਾਂ ਹਨ:

ਹੇ ਅੱਲਾ ਦੇ ਬੰਦੇ ! ਵਿਕਾਰਾਂ ਵਿੱਚ ਮਲੀਨ ਹੋ ਰਹੇ ਮਨ ਨੂੰ ਪਵਿੱਤਰ ਕਰਨ ਦਾ ਜਤਨ ਕਰ, ਇਹੀ ਹੈ ਰੱਬੀ ਮਿਲਾਪ ਪੈਦਾ ਕਰਨ ਵਾਲੀ ਸ਼ਰਹ ਦੀ ਕਿਤਾਬ । ਆਪਣੀ ਸ਼ਕਲ ਨੂੰ ਜਿਉਂ ਦਾ ਤਿਉਂ ਰੱਖ, ਇਹ ਲੋਕ ਪ੍ਰਲੋਕ ਵਿਚ ਆਦਰ ਪ੍ਰਾਪਤ ਕਰਨ ਦਾ ਵਸੀਲਾ ਬਣ ਜਾਂਦਾ ਹੈ ।

131. ਸਵਾਲ : ਕਈ ਸੱਜਣ ਭਗਤ ਕਬੀਰ ਜੀ ਨੂੰ ਵੈਸ਼ਨਵ ਮਤ ਦਾ ਦਸ ਕੇ ਉਨ੍ਹਾਂ ਦੇ ਕਈ ਕਰਮਾਂ ਤੇ ਵਿਚਾਰਾਂ ਦਾ ਗੁਰਮਤਿ ਨਾਲ ਮੇਲ ਨਹੀਂ ਲਿਖਦੇ । ਇਸ ਦੇ ਪ੍ਰਮਾਣ ਲਈ ਉਹ ਹੇਠ ਲਿਖੀ ਤੁਕ ਦੱਸਦੇ ਹਨ—

ਭਾਵੈ ਲਾਂਬੇ ਕੇਸ ਕਰੁ ਭਾਵੈ ਘਰਰਿ ਮੁਡਾਇ ।।

ਉਹ ਕਹਿੰਦੇ ਹਨ ਕਿ ਤੁਹਾਡੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੇ ਇਹ ਲਿਖਿਆ ਹੈ ਤਾਂ ਤੁਸੀਂ ਕੇਸ ਕਿਉਂ ਰੱਖਦੇ ਹੋ ?

ਜਵਾਬ : 'ਭਾਵੈ ਲਾਂਬੇ ਕੇਸ ਕਰੁ' ਕਬੀਰ ਸਾਹਿਬ ਦਾ ਪੱਚੀਵਾਂ ਸਲੋਕ ਹੈ ਜੋ ਇਉਂ ਹੈ—

ਕਬੀਰ ਪ੍ਰੀਤਿ ਇਕ ਸਿਉ ਕੀਏ,
ਆਨ ਦੁਬਿਧਾ ਜਾਇ ।
ਭਾਵੈ ਲਾਂਬੇ ਕੇਸ ਕਰੁ ਭਾਵੈ ਘਰਰਿ ਮੁਡਾਇ ।। (ਪੰਨਾ-੧੩੬੫)

ਇਸ ਸਲੋਕ ਵਿਚ ਕਬੀਰ ਸਾਹਿਬ ਫਰਮਾਉਂਦੇ ਹਨ ਕਿ ਇਕ ਅਕਾਲ ਪੁਰਖ ਨਾਲ ਪ੍ਰੀਤ ਕਰੋ ਜਿਸ ਸਦਕਾ ਦੁਚਿੱਤੀ ਦੂਰ ਹੋ ਜਾਂਦੀ ਹੈ । ਇਕ ਦੀ ਪ੍ਰੀਤ ਬਿਨਾ ਭਾਵੇਂ ਜਟਾਂ ਵਧਾ ਲਵੋ ਤੇ ਭਾਂਵੇ ਸਿਰ ਮੂੰਹ ਮੁਨਾ ਕੇ ਘੋਨ ਮੋਨ ਹੋ ਜਾਵੋ, ਦੁਬਿਧਾ ਵਿਚ ਹੀ ਫਸੇ ਰਹੋਗੇ । ਕਬੀਰ ਸਾਹਿਬ ਫੋਕਟ ਕਰਮਾਂ ਤੇ ਭੇਖਾਂ ਦਾ ਖੰਡਨ ਕਰਦੇ ਹਨ ਨਾ ਕਿ ਸਿਰ ਮੁਨਾਉਣ ਦਾ ਆਦੇਸ਼ ਦਿੰਦੇ ਹਨ। ਫੋਕਟ ਕਰਮਾਂ ਅਤੇ ਭੇਖਾਂ ਬਾਰੇ ਗੁਰੂ ਨਾਨਕ ਦੇਵ ਜੀ ਮਲਾਰ ਕੀ ਵਾਰ ਵਿੱਚ ਇਉਂ ਬਿਆਨ ਕਰਦੇ ਹਨ—

ਇਕਿ ਵਣ ਖੰਡਿ ਬੈਸਹਿ ਜਾਇ, ਸਦੁ ਨ ਦੇਵਹੀ ।।
ਇਕਿ ਪਾਲਾ ਕਕਰੁ ਭੰਨਿ, ਸੀਤਲੁ ਜਲੁ ਹੇਂਵਹੀ ।।
ਇਕਿ ਭਸਮ ਚੜ੍ਹਾਵਹਿ ਅੰਗਿ, ਮੈਲੁ ਨ ਧੋਵਹੀ ।।
ਇਕਿ ਜਟਾ ਬਿਕਟ ਬਿਕਰਾਲ, ਕੁਲੁ ਘਰੁ ਖੋਵਹੀ ।।
ਇਕਿ ਨਗਨ ਫਿਰਹਿ ਦਿਨੁ ਰਾਤਿ, ਨੀਂਦ ਨ ਸੋਵਹੀ ।।

ਇਕਿ ਅਗਨਿ ਜਲਾਵਹਿ ਅੰਗੁ, ਆਪੁ ਵਿਗੋਵਹੀ ॥
ਵਿਣੁ ਨਾਵੈ ਤਨੁ ਛਾਰੁ, ਕਿਆ ਕਹਿ ਰੋਵਹੀ ॥
ਸੋਹਨਿ ਖਸਮ ਦੁਆਰਿ, ਜਿ ਸਤਿਗੁਰੁ ਸੇਵਹੀ ॥ (ਪੰਨਾ-੧੨੮੪)

ਇਸੇ ਹੀ ਵਾਰ ਦੀ ਅਗਲੀ ਪਉੜੀ ਵਿੱਚ ਜੈਨੀਆਂ ਦੀ ਦਸ਼ਾ ਬਿਆਨ ਕਰਦੇ ਹਨ । ਜੈਨੀ ਭੀ ਆਪਣਾ ਸਿਰ ਰੜਾ ਪੱਟਕ ਰੱਖਦੇ ਹਨ । ਉਹ ਸਿਰ ਦੇ ਵਾਲ ਕੈਂਚੀ ਜਾਂ ਉਸਤਰੇ ਨਾਲ ਨਹੀਂ ਸਾਫ ਕਰਦੇ ਸਗੋਂ ਇੱਕਲਾ ਇੱਕਲਾ ਵਾਲ ਖਿੱਚਕੇ ਪੁੱਟਦੇ ਹਨ ਤਾਂ ਜੋ ਮੁੜਕੇ ਉੱਗ ਨਾ ਪਵੇ । ਗੁਰੂ ਸਾਹਿਬ ਕਹਿੰਦੇ ਹਨ-

ਹਥੀ ਸਿਰ ਖੋਹਾਇ, ਨ ਭਦੁ ਕਰਾਇਆ ॥
ਕੁਚਿਲ ਰਹਹਿ ਦਿਨ ਰਾਤਿ, ਸਬਦੁ ਨ ਭਾਇਆ ॥ (ਪੰਨਾ-੧੨੮੫)

ਕਬੀਰ ਸਾਹਿਬ ਵੀ ਇਕ ਅਕਾਲ ਪੁਰਖ ਦੀ ਅਰਾਧਨਾ ਦਾ ਆਦੇਸ਼ ਦਿੰਦੇ ਹਨ ਅਤੇ ਗੁਰੂ ਨਾਨਕ ਦੇਵ ਜੀ ਦਾ ਵੀ ਇਹੋ ਹੀ ਉਪਦੇਸ਼ ਹੈ । ਗੁਰੂ ਨਾਨਕ ਦੇਵ ਜੀ ਤੇ ਭਗਤ ਕਬੀਰ ਸਾਹਿਬ ਦੇ ਫੋਕਟ ਕਰਮਾਂ ਅਤੇ ਭੇਖਾਂ ਬਾਰੇ ਵੀ ਸਮ ਖਿਆਲ ਹਨ । ਗੁਰਮਤਿ ਤੋਂ ਘੁਥੇ ਲੋਕ ਘੁੰਤਰਾਂ ਕੱਢਣ ਵਿਚ ਹੀ ਲੱਗੇ ਰਹਿੰਦੇ ਹਨ । ਉਹ ਹਉ-ਮੈਂ (ਹਉਮੈ) ਵਿਚ ਮੱਤੇ ਸੂਰਜ ਰੂਪੀ ਗੁਰਮਤਿ ਨੂੰ ਹਉਮੈਂ ਰੂਪੀ ਦੀਵਾ (ਆਪਣੀ ਮਨ-ਮੱਤ) ਦਿਖਾ ਕੇ ਭੋਲੇ ਭਾਲੇ ਲੋਕਾਂ ਨੂੰ ਗੁਮਰਾਹ ਕਰਨ ਲਈ ਆਪਣਾ ਟਿਲ ਲਾਉਂਦੇ ਰਹਿੰਦੇ ਹਨ, ਪਰ ਸੱਚੀ ਗੁਰਮਤਿ ਅਗੇ ਉਨ੍ਹਾਂ ਦੀਆਂ ਹੁੱਜਤਾਂ ਤੁੱਛ ਹੀ ਹਨ ।

ਸਿਰ ਤੇ ਕੇਸ ਅਸੀਂ ਨਹੀਂ ਰਖੇ, ਇਹ ਤਾਂ ਸਰੀਰ ਦਾ ਅੰਗ ਹਨ । ਗੁਰੂ ਕੇ ਸਿੱਖ ਦਾਤੇ ਦੀ ਦਾਤ ਨੂੰ ਪਿਆਰੀ ਜਾਣ ਕੇ ਇਸ ਦੀ ਸਤਿਕਾਰ ਸਹਿਤ ਪਾਲਣਾ ਕਰਦੇ ਹਨ ਨਾ ਕਿ ਆਪਣੀ ਮੱਤ ਨੂੰ ਉੱਚੀ ਸਮਝਕੇ ਸਰੀਰ ਰੂਪੀ ਕਿਲ੍ਹੇ ਦੇ ਮੁਨਾਰੇ ਆਪਣੇ ਹੱਥੀਂ ਢਹਿ ਢੇਰੀ ਕਰ ਦਿੰਦੇ ਹਨ ।

132. ਸਵਾਲ : ਹੇਠ ਲਿਖੀ ਪੰਗਤੀ ਦੇ ਅਰਥ ਦੱਸੋ :
ਕਹੁ ਨਾਨਕ ਮੇਰੇ ਪੂਰੇ ਮਨੋਰਥ
ਸਾਧ ਸੰਗਿ ਤਜਿ ਲਬਹੂੰ ॥ (ਦੇਵਗੰਧਾਰੀ ਮ: ੫, ਪੰਨਾ ਪ੨੯)
ਇਹ ਵੀ ਦਸਣਾ ਕਿ ਸਹੀ ਪਾਠ 'ਸਾਧ ਸੰਗਿ ਤਜਿ ਲਬਹੂੰ' ਹੈ ਜਾਂ 'ਸਾਧ ਸੰਗਿਤ ਜਿ ਲਬਹੂੰ' ।

ਜਵਾਬ : ਪੂਰੀ ਤੁਕ ਇਉਂ ਹੈ—

ਸੁਖੁ ਆਇਓ, ਭੈ ਭਰਮ ਬਿਨਾਸੇ,

ਕ੍ਰਿਪਾਲ ਹੂਏ ਪ੍ਰਭ ਜਬਹੂ ।।
ਕਹੁ ਨਾਨਕ ਮੇਰੇ ਪੂਰੇ ਮਨੋਰਥ,
ਸਾਧ ਸੰਗਿ, ਤਜਿ ਲਬਹੂੰ ।।

ਜੇ ਇਸ ਤੁਕ ਨੂੰ ਉਪਰ ਦਿਤੇ ਬਿਸਰਾਮ ਚਿਨ੍ਹ (,) ਲਗਾ ਕੇ ਵਿਚਾਰਿਆ ਜਾਏ ਤਾਂ ਸਹੀ ਅਰਥ ਆਪਣੇ ਆਪ ਉੱਘੜ ਆਉਂਦੇ ਹਨ । ਪੰਚਮ ਪਾਤਸ਼ਾਹ ਗੁਰੂ ਅਰਜਨ ਜੇਵ ਜੀ ਫੁਰਮਾਉਂਦੇ ਹਨ ਕਿ ਜਦੋਂ ਪ੍ਰਭੂ ਜੀ ਕ੍ਰਿਪਾਲ (ਦਿਆਲ) ਹੋ ਗਏ ਤਾਂ ਸੁਖ ਮਿਲ ਗਿਆ ਅਤੇ ਡਰ (ਭੈ) ਭਰਮ ਬਿਨਸ) ਦੂਰ ਹੋ) ਗਏ । ਹੇ ਨਾਨਕ ! ਮੇਰੇ ਮਨੋਰਥ (ਮਨੋ ਭਾਵਨਾ, ਕਾਰਜ) ਪੂਰੇ ਹੋ ਗਏ ਜਦੋਂ ਮਾਇਆ ਦੀ ਤ੍ਰਿਸ਼ਨਾ ਤਜ ਕੇ (ਛੱਡ ਕੇ) ਸਾਧ ਸੰਗਤ ਕੀਤੀ ।

ਸ਼ੁੱਧ ਪਾਠ 'ਸਾਧ ਸੰਗਿ ਤਜਿ ਲਬਹੂੰ' ਹੈ ਨਾ ਕਿ 'ਸਾਧ ਸੰਗਿਤ ਜਿ ਲਬਹੂੰ'; 'ਸੰਗਿਤ' ਕੋਈ ਸ਼ਬਦ ਨਹੀਂ । ਸਹੀ ਸ਼ਬਦ 'ਸੰਗਤਿ' ਹੈ ਜਿਵੇਂ ਇਹ ਸੰਸਕ੍ਰਿਤ ਵਿਚੋਂ ਆਇਆ ਹੈ। ਤੱਤੇ ਨੂੰ ਸਿਹਾਰੀ ਇਸ ਸ਼ਬਦ ਦੇ ਇਸਤ੍ਰੀ ਲਿੰਗ ਹੋਣ ਦਾ ਪ੍ਰਗਟਾਵਾ ਕਰਦੀ ਹੈ । 'ਸਾਧ ਸੰਗਿ' ਦਾ ਅਰਥ ਹੈ ਭਲੇ ਪੁਰਸ਼ਾਂ ਦੀ ਸੰਗਤ ਨਾਲ । 'ਤਜਿ' ਦੇ ਜੱਜੇ ਨੂੰ ਸਿਹਾਰੀ ਹੋਣ ਕਾਰਨ ਇਸ ਦੇ ਅਰਥ ਬਣਦੇ ਹਨ, ਤਜ ਕੇ (ਛੱਡ ਕੇ) ਜਿਵੇਂ 'ਧਰਿ ਤਰਾਜੂ ਤੋਲੀਐ' ਵਿਚ ਧਰਿ ਦੇ ਅਰਥ ਹਨ ਧਰ ਕੇ ।

133. ਸਵਾਲ : ਹੇਠ ਲਿਖੇ ਸ਼ਬਦਾਂ ਦੇ ਅਰਥ ਵਿਸਥਾਰ ਨਾਲ ਦੱਸਣ ਦੀ ਕਿਰਪਾਲਤਾ ਕਰਨੀ—

(੧) ਆਸਣੁ ਲੋਇ ਲੋਇ ਭੰਡਾਰ ।।
ਜੋ ਕਿਛੁ ਪਾਇਆ ਸੁ ਏਕਾ ਵਾਰ ।।
(੨) ਮਤੁ ਕੋ ਜਾਣੈ ਜਾਇ ਅਗੈ ਪਾਇਸੀ ।।
ਜੇਹੇ ਕਰਮ ਕਮਾਇ ਤੇਹਾ ਹੋਇਸੀ ।।

ਜਵਾਬ : ਆਸਣੁ ਲੋਇ ਲੋਇ ਭੰਡਾਰ ।। ਜਪੁਜੀ ਸਾਹਿਬ ਜੀ ਇੱਕਤਵੀਂ ਪਉੜੀ ਹੈ ਜਿਸ ਦਾ ਪੂਰਾ ਪਾਠ ਇਉਂ ਹੈ—

ਆਸਣੁ ਲੋਇ ਲੋਇ ਭੰਡਾਰ ।।
ਜੋ ਕਿਛੁ ਪਾਇਆ ਸੁ ਏਕਾ ਵਾਰ ।।
ਕਰਿ ਕਰਿ ਵੇਖੈ ਸਿਰਜਣਹਾਰੁ ।।
ਨਾਨਕ, ਸਚੇ ਕੀ ਸਾਚੀ ਕਾਰੁ ।।

ਆਦੇਸੁ ਤਿਸੈ ਆਦੇਸੁ ॥
ਆਦਿ ਅਨੀਲੁ ਅਨਾਦਿ ਅਨਾਹਤਿ,
ਜੁਗੁ ਜੁਗੁ ਏਕੋ ਵੇਸੁ ॥੩੧॥

ਇਸ ਪਉੜੀ ਦੇ ਅਰਥ ਇਉਂ ਹਨ–

ਵਾਹਿਗੁਰੂ ਨੇ ਹਰੇਕ ਲੋਕ ਵਿੱਚ ਆਸਣ ਜਮਾਇਆ ਹੋਇਆ ਹੈ ਅਤੇ ਹਰੇਕ ਭਵਨ ਵਿੱਚ ਉਸਦੇ ਭੰਡਾਰੇ ਚਲ ਰਹੇ ਹਨ । ਉਸਨੇ ਜੋ ਕੁਝ ਇਨ੍ਹਾਂ ਭੰਡਾਰਿਆਂ ਵਿਚ ਪਾਇਆ ਹੈ, ਇਕੋ ਵਾਰ ਪਾ ਦਿਤਾ ਹੈ । ਸ੍ਰਿਸ਼ਟੀ ਦਾ ਸਿਰਜਣਹਾਰ ਵਾਹਿਗੁਰੂ ਜੀਵਾਂ ਨੂੰ ਪੈਦਾ ਕਰਕੇ ਉਨ੍ਹਾਂ ਦੀ ਸੰਭਾਲ ਵਾਲੀ ਕਾਰ ਕਰ ਰਿਹਾ ਹੈ । ਹੇ ਨਾਨਕ ! ਸਦਾ ਥਿਰ ਰਹਿਣ ਵਾਲੇ ਅਕਾਲ ਪੁਰਖ ਦੀ ਸ੍ਰਿਸ਼ਟੀ ਦੀ ਸੰਭਾਲ ਵਾਲੀ ਇਹ ਕਾਰ ਸਦਾ ਅੱਟਲ ਹੈ । ਸੋ, ਉਸ ਵਾਹਿਗੁਰੂ ਨੂੰ ਪ੍ਰਣਾਮ ਕਰੋ ਜੋ ਸਭ ਦਾ ਮੁਢ ਹੈ, ਜੋ ਸ਼ੁੱਧ ਸਰੂਪ ਹੈ, ਜਿਸਦਾ ਕੋਈ ਮੁੱਢ ਨਹੀਂ ਲੱਭ ਸਕਦਾ, ਜੋ ਨਾਸ ਰਹਿਤ ਹੈ ਅਤੇ ਜੋ ਸਦਾ ਹੀ ਇਕੋ ਜਿਹਾ ਰਹਿੰਦਾ ਹੈ ।

(ਅ) 'ਮਤੁ ਕੋ ਜਾਣੈ ਜਾਇ' ਰਾਗ ਸੂਹੀ ਵਿੱਚ ਉਚਾਰਨ ਕੀਤਾ ਹੋਇਆ ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੈ । ਪੂਰਾ ਸ਼ਬਦ ਇਉਂ ਹੈ–

ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ ॥
ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ ॥
ਗੁਰੂ ਦੁਆਰੈ ਹੋਇ ਸੋਝੀ ਪਾਇਸੀ ॥
ਏਤੁ ਦੁਆਰੈ ਧੋਇ ਹਛਾ ਹੋਇਸੀ ॥
ਮੈਲੇ ਹਛੇ ਕਾ ਵੀਚਾਰੁ ਆਪਿ ਵਰਤਾਇਸੀ ॥
ਮਤੁ ਕੋ ਜਾਣੈ ਜਾਇ ਅਗੈ ਪਾਇਸੀ ॥
ਜੇਹੇ ਕਰਮ ਕਮਾਇ ਤੇਹਾ ਹੋਇਸੀ ॥
ਅੰਮ੍ਰਿਤੁ ਹਰਿ ਕਾ ਨਾਉ ਆਪਿ ਵਰਤਾਇਸੀ ॥
ਚਲਿਆ ਪਤਿ ਸਿਉ ਜਨਮੁ ਸਵਾਰਿ ਵਾਜਾ ਵਾਇਸੀ ॥
ਮਾਣਸੁ ਕਿਆ ਵੇਚਾਰਾ ਤਿਹੁ ਲੋਕ ਸੁਣਾਇਸੀ ॥
ਨਾਨਕ ਆਪਿ ਨਿਹਾਲੁ ਸਭਿ ਕੁਲ ਤਾਰਸੀ ॥੧॥ (ਪੰਨਾ-੭੩੦)

ਤੁਕ ਕ੍ਰਮ ਅਨੁਸਾਰ ਇਸ ਸ਼ਬਦ ਦੇ ਅਰਥ ਇਉਂ ਹਨ–

੧. ਉਹੀਓ ਹਿਰਦਾ (ਭਾਂਡਾ) ਚੰਗਾ ਹੈ ਜਿਹੜਾ ਰੱਬ ਨੂੰ ਭਾ ਜਾਂਦਾ ਹੈ ।

੨. ਜਿਹੜਾ ਹਿਰਦਾ ਬਹੁਤ ਮੈਲਾ ਹੋ ਗਿਆ ਹੈ ਉਹ ਤੀਰਥਾਂ ਆਦਿ ਉੱਤੇ ਧੋਣ ਨਾਲ ਅੱਛਾ ਨਹੀਂ ਹੋ ਸਕਦਾ ।
੩. ਗੁਰੂ ਦੇ ਦੁਆਰੇ ਜਾਣ ਨਾਲ ਅੱਛੇ ਹੋਣ ਦੀ ਸੋਝੀ ਮਿਲ ਜਾਂਦੀ ਹੈ ।
੪. ਗੁਰੂ ਸਿਖਿਆ ਵਿੱਚ ਇਸ਼ਨਾਨ ਕਰਨ ਨਾਲ ਹਿਰਦਾ ਅੱਛਾ ਹੋ ਜਾਂਦਾ ਹੈ ।
੫. ਮੈਲੇ ਅਤੇ ਅੱਛੇ ਦਾ ਨਿਰਣਾ ਵਾਹਿਗੁਰੂ ਆਪ ਹੀ ਕਰਦਾ ਹੈ ।
੬. ਕਿਸੇ ਨੂੰ ਇਹ ਨਹੀਂ ਸਮਝਣਾ ਚਾਹੀਦਾ ਕਿ ਬਿਨਾ ਕਮਾਈ ਕੀਤਿਆਂ ਅਗੇ ਜਾ ਕੇ ਕੁਝ ਪਾ ਲਈਦਾ ਹੈ, ਕਿਉਂਕਿ
੭. ਜਿਹੋ ਜਿਹੇ ਕੋਈ ਕਰਮ ਕਰਦਾ ਹੈ, ਉਹੋ ਜਿਹਾ ਉਹ ਉਥੇ ਸਮਝਿਆ ਜਾਂਦਾ ਹੈ ।
੮. ਆਪਣਾ ਅੰਮ੍ਰਿਤ ਨਾਮ ਵੀ ਵਾਹਿਗੁਰੂ ਆਪ ਹੀ ਦਿੰਦਾ ਹੈ ।
੯. ਜਿਸ ਨੂੰ ਉਹ ਨਾਮ ਦਿੰਦਾ ਹੈ ਉਹ ਮਨੁੱਖ ਆਪਣਾ ਜਨਮ ਸਫਲ ਕਰਕੇ ਇਜ਼ਤ ਨਾਲ ਜਾਂਦਾ ਹੈ ਅਤੇ ਉਸਦੀ ਵਡਿਆਈ ਦਾ ਡੰਕਾ ਵਾਹਿਗੁਰੂ ਵਜਾਂਦਾ ਹੈ ।
੧੦. ਆਪਣੇ ਆਪ ਵਿਚ ਮਨੁੱਖ ਵਿਚਾਰਾ ਕੁਝ ਵੀ ਨਹੀਂ ਪਰ ਵਾਹਿਗੁਰੂ ਆਪਣੀ ਕਿਰਪਾ ਸਦਕਾ ਉਸ ਦੀ ਸ਼ੁਹਰਤ ਦਾ ਡੰਕਾ ਤਿੰਨਾਂ ਲੋਕਾਂ ਵਿਚ ਵਜਾਂਦਾ ਹੈ ।
੧੧. ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਅਜੇਹਾ ਮਨੁੱਖ ਆਪ ਅਨੰਦ ਵਿਚ ਰਹਿੰਦਾ ਹੈ ਅਤੇ ਆਪਣੀ ਕੁਲ ਨੂੰ ਵੀ ਤਾਰ ਲੈਂਦਾ ਹੈ ।

ਸਿੱਖ ਰਹਿਤ ਮਰਆਦਾ ਸਬੰਧੀ ਸਵਾਲ ਜਵਾਬ

1. **ਸਵਾਲ: ਸਿੱਖ ਰਹਿਤ ਮਰਯਾਦਾ ਵਿਚ ਆਏ ਸ਼ਬਦ ਖਿਆਹ, ਸਿਖਾ, ਸੂਤ, ਭੱਦਣ, ਪੁਛਣਾ, ਸੁਖਣਾ ਤੋਂ ਕੀ ਭਾਵ ਹੈ?**

ਜਵਾਬ: ਇਹ ਸ਼ਬਦ ਅਨਮੱਤੀਆਂ ਦੇ ਕਰਮ-ਕਾਂਡਾਂ ਦੇ ਹਨ, ਜੋ ਸਿਖਾਂ ਨੇ ਨਹੀਂ ਕਰਨੇ । ਅਰਥ ਹੇਠ ਲਿਖੇ ਅਨੁਸਾਰ ਹਨ:

ਖਿਆਹ: ਪ੍ਰਾਣੀ ਦੇ ਮਰਨ ਦੇ ਦਿਨ (ਤਿਥੀ ਤੇ) ਸ਼ਰਾਧ ਕਰਾਉਣਾ।

ਸਿਖਾ: ਬੋਦੀ

ਸੂਤ: ਜਨੇਊ

ਭੱਦਣ: ਮੁੰਡਨ (ਸਿਰ ਮੁਨਾਉਣਾ)

ਪੁਛਣਾ : ਬ੍ਰਾਹਮਣ / ਪੀਰ / ਜੋਤਸ਼ੀ ਪਾਸੋਂ ਕਿਸੇ ਕੰਮ ਦੇ ਆਰੰਭ ਤੋਂ ਪਹਿਲਾਂ ਉਸਦੇ ਚੰਗੇ/ਮਾੜੇ ਅਸਰ ਬਾਰੇ ਪੁੱਛਣਾ ।

ਸੁਖਣਾ : ਸੁਖ-ਸ਼ਾਂਤੀ ਲਈ ਕਿਸੇ ਦੇਵੀ-ਦੇਵਤੇ, ਪੀਰ ਆਦਿ ਦੀ ਮੰਨਤ ਮੰਨਣੀ।

2. **ਸਵਾਲ: ਚਾਰ ਕੁਰਹਿਤਾਂ ਕਿਹੜੀਆਂ ਕਿਹੜੀਆਂ ਹਨ?**

ਜਵਾਬ: ੧- ਕੇਸਾਂ ਦੀ ਬੇਅਦਬੀ। ੨- ਕੁੱਠਾ ਖਾਣਾ (ਉਹ ਮਾਸ ਜੋ ਮੁਸਲਮਾਨੀ ਤਰੀਕੇ ਨਾਲ ਤਿਆਰ ਕੀਤਾ ਹੋਵੇ।) ੩- ਪਰ ਇਸਤਰੀ ਜਾਂ ਪਰ ਪੁਰਸ਼ ਦਾ ਭੋਗਣਾ। ੪- ਤਮਾਕੂ ਦਾ ਵਰਤਣਾ। ਇਹਨਾਂ ਵਿਚੋਂ ਕੋਈ ਕੁਰਹਿਤ ਹੋ ਜਾਵੇ ਤਾਂ ਪੰਜਾਂ ਪਿਆਰਿਆਂ ਦੇ ਪੇਸ਼ ਹੋ ਕੇ, ਦੰਡ ਲੁਆ ਕੇ ਅੰਮ੍ਰਿਤ ਛਕਣਾ ਜ਼ਰੂਰੀ ਹੈ।

ਆਪਣੀ ਇੱਛਾ ਵਿਰੁਧ ਅਨਭੋਲ ਹੀ ਕੋਈ ਕੁਰਹਿਤ ਹੋ ਜਾਏ ਤਾਂ ਦੰਡ ਕੋਈ ਨਹੀਂ ।

3. **ਸਵਾਲ: ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ' ਵਾਕ' ਲੈਣ ਦੀ ਕੀ ਮਰਯਾਦਾ ਹੈ?**

ਜਵਾਬ: ਸਭ ਤੋਂ ਪਹਿਲਾਂ ਸਿੱਖ ਹੱਥ ਪੈਰ ਸਾਫ ਕਰਕੇ, ਸ਼ਰਧਾ ਤੇ ਪ੍ਰੇਮ ਨਾਲ ਗੁਰੂ ਸਾਹਿਬ ਦੀ ਤਾਬਿਆ ਸਜ ਜਾਏ। ਫਿਰ ਪ੍ਰੇਮ ਨਾਲ ਮੂਲ ਮੰਤਰ ਦਾ ਪਾਠ ਕਰੇ। ਉਪਰੰਤ ਗੁਰੂ ਉਪਮਾ ਜਾਂ ਗੁਰੂ ਅਗੇ ਬੇਨਤੀ ਦਾ ਕੋਈ ਇਕ ਸਲੋਕ ਜਾਂ ਸ਼ਬਦ ਮੰਗਲਾਚਰਨ ਵਜੋਂ ਪੜ੍ਹੇ। ਉਪਰੰਤ ਅਦਬ ਨਾਲ ਰੁਮਾਲਾ ਚੁਕ ਕੇ

ਹੁਕਮ ਲੈਣ ਲਗਿਆਂ ਖੱਬੇ ਪੰਨੇ ਦੇ ਉਤਲੇ ਪਾਸਿਓਂ ਪਹਿਲਾ ਸ਼ਬਦ ਜੋ ਜਾਰੀ ਹੈ ਮੁਢ ਤੋਂ ਪੜ੍ਹਨਾ ਚਾਹੀਏ। ਜੇ ਸ਼ਬਦ ਦਾ ਪਿਛਲੇ ਪੰਨੇ ਤੋਂ ਸ਼ੁਰੂ ਹੁੰਦਾ ਹੈ ਤਾਂ ਪਤਰਾ ਪਰਤ ਕੇ ਪੜ੍ਹਨਾ ਸ਼ੁਰੂ ਕਰਨਾ ਲੋੜੀਏ ਤੇ ਸਾਰਾ ਸ਼ਬਦ ਪੜ੍ਹਨਾ ਚਾਹੀਦਾ ਹੈ। ਜੇ 'ਵਾਰ' ਹੋਵੇ ਤਾਂ ਪਉੜੀ ਦੇ ਸਾਰੇ ਸਲੋਕ ਅਤੇ ਪਉੜੀ ਪੜ੍ਹਨੀ ਚਾਹੀਏ। ਭਾਵੇਂ ਅਸ਼ਟਪਦੀ ਹੋਵੇ ਭਾਵੇਂ ਛੰਤ ਸੋਲਹੇ, ਜਿਥੇ ਸ਼ਬਦ ਦੇ ਅੰਤ ਵਿਚ 'ਨਾਨਕ' ਨਾਮ ਆ ਜਾਵੇ, ਉਸ ਤੁਕ ਤੇ ਭੋਗ ਪਾਇਆ ਜਾਵੇਂ। ਜੇ ' ਵਾਕ ' ਭਗਤ ਬਾਣੀ ਵਿਚੋਂ ਆ ਜਾਵੇਂ ਤਾਂ ਸ਼ਬਦ ਦੇ ਅੰਤ ਵਿਚ ਜਿਥੇ ' ਭਗਤ ' ਦਾ ਨਾਮ ਆ ਜਾਵੇ ਉਥੋਂ ਤਕ ਪੜ੍ਹਣਾ ਹੈ।

ਅਗਿਆਨੀ ਪੁਰਸ਼ਾਂ ਦਾ ਇਹ ਕਹਿਣਾ ਕਿ ਸਵੇਰੇ, ਦੁਪਹਿਰੇ ਤੇ ਸ਼ਾਮ ਨੂੰ ਵਾਕ ਲੈਣ ਦੇ ਵਖ ਵਖ ਢੰਗ ਹਨ, ਜੋ ਕਿ ਮਰਯਾਦਾ ਦੇ ਵਿਰੁਧ ਹੈ। ਕਈ ਅਗਿਆਨੀ ਕਿਸੇ ਵਾਕ ਨੂੰ ਕਰੜਾ ਕਿਸੇ ਨੂੰ ਸੋਹਣਾ ਮੰਨਦੇ ਹਨ। ਐਸਾ ਕਹਿਣਾ ਗੁਰਬਾਣੀ ਦੀ ਬੇਅਦਬੀ ਕਰਨੀ ਹੈ।

ਵਾਕ ਲਿਆ ਜਾ ਰਿਹਾ ਹੋਵੇ ਤਾਂ ਨਾਲ ਨਾਲ ਨਹੀਂ ਬੋਲਣਾ, ਭਾਵੇਂ ਸ਼ਬਦ ਕਿਸੇ ਨੂੰ ਜ਼ਬਾਨੀ ਯਾਦ ਹੋਵੇ। ਹੋਰ ਵੀ ਚੰਗਾ ਹੈ ਕਿ ਜੇ ' ਵਾਕ' ਦਾ ਗੁਰੂ ਗਰੰਥ ਸਾਹਿਬ ਦਾ ਪੰਨਾ ਤੇ ਪਹਿਲੀ ਤੁੱਕ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਹੁਕਮ ਲੈਣ ਵਾਂਙ, ਉੱਚੀ ਦੱਸ ਦਿਤਾ ਜਾਏ।

ਦੋਵਾਂ ਪਾਸਿਆਂ ਤੋਂ ਗੁਰੂ ਗ੍ਰੰਥ ਸਾਹਿਬ ਦੇ ਪੰਨੇ ਲੈ ਕਿ ਫਿਰ ਨਿਖੇੜ ਕੇ ਵਾਕ ਲੈਣਾ ਗੁਰਮਤਿ ਦੀ ਮਰਯਾਦਾ ਨਹੀਂ। ਇਹ ' ਫਾਲ ' ਪਾਉਣੀ ਹੈ, ਜੋ ਇਸਲਾਮੀ ਧਾਰਨਾ ਹੈ। ਵਾਕ ਦਾ ਭਾਵ ਹੈ ਗੁਰੂ ਉਪਦੇਸ਼ ਨੂੰ ਸੁਣ ਕੇ ਦ੍ਰਿੜ ਕਰਨਾ । ਇਸ ਨੂੰ ' ਪੰਛੀ ਪ੍ਰਸ਼ਨ ' ਵਾਲੀ ਧਾਰਨਾ ਨਹੀਂ ਮੰਨਣਾ।

4. ਸਵਾਲ: ਗੁਰੂ ਗ੍ਰੰਥ ਸਾਹਿਬ ਉਪਰ ਚੜ੍ਹਾਏ ਜਾਣ ਵਾਲੇ ਰੁਮਾਲੇ ਉਪਰ ਕੀ ਅਨਮਤਾਂ ਦੇ ਚਿੰਨ੍ਹ ਛਾਪੇ ਜਾਂ ਕਢਾਈ ਕਰਕੇ ਬਣਾਏ ਜਾ ਸਕਦੇ ਹਨ?

ਜਵਾਬ: ਨਹੀਂ, ਗੁਰੂ ਗ੍ਰੰਥ ਸਾਹਿਬ ਉਪਰ ਚੜ੍ਹਾਏ ਜਾਣ ਵਾਲੇ ਰੁਮਾਲੇ ਉਪਰ ਕਿਸੇ ਅਨਮਤ ਦਾ ਕੋਈ ਚਿੰਨ੍ਹ ਉਲੀਕਿਆ, ਕਢਵਾਇਆ ਜਾਂ ਛਾਪਿਆ ਨਹੀਂ ਜਾ ਸਕਦਾ। ਐਸਾ ਰੁਮਾਲਾ ਗੁਰੂ ਗ੍ਰੰਥ ਸਾਹਿਬ ਉਪਰ ਨਹੀਂ ਚੜ੍ਹਾਇਆ ਜਾ ਸਕਦਾ। ਗੁਰਦੁਆਰੇ ਵਿਚ ਕੇਵਲ ਸਿੱਖ ਧਰਮ ਦੇ ਅਸੂਲਾਂ ਤੇ ਸਿੱਖ ਮਰਯਾਦਾ 'ਦੀ ਮਹਾਨਤਾ ਤੇ ਸਰੋਵਤਮਤਾ ਹੈ।

5. **ਸਵਾਲ: ਕੀ ਸਿੱਖ ਲਈ ਸਰਾਧਾਂ ਵਿਚ ਵਿਆਹ ਕਰਾਉਣਾ ਵਰਜਿਤ ਹੈ?**

ਜਵਾਬ: ਸਿੱਖੀ ਦਾ ਸ਼ਰਾਧਾਂ ਨਾਲ ਦੂਰ ਦਾ ਵੀ ਸਬੰਧ ਨਹੀਂ। ਸਿੱਖ, ਸ਼ਰਾਧਾਂ ਵਿਚ ਵਿਆਹ ਕਰੇ ਕੋਈ ਰੋਕ ਨਹੀਂ, ਸਗੋਂ ਹਰ ਚੀਜ਼ ਵਸਤ ਸੌਖੀ ਮਿਲ ਜਾਂਦੀ ਹੈ, ਕਿਉਂਕਿ ਅਨਮਤੀਏ ਇਹਨਾਂ ਦਿਨਾਂ ਵਿਚ ਵਿਆਹ ਨਹੀਂ ਕਰਦੇ। ਸਰਾਧਾਂ ਵਿਚ ਵਿਆਹ ਨਾ ਕਰਨਾ ਅਗਿਆਨਤਾ ਤੇ ਵਹਿਮ ਪ੍ਰਸਤੀ ਦਾ ਸ਼ਿਕਾਰ ਹੋਣਾ ਹੈ।

6. **ਸਵਾਲ: ਜਦੋਂ ਅਖੰਡ ਪਾਠ ਹੋ ਰਿਹਾ ਹੋਵੇ ਤਾਂ ਉਥੇ ਕੀਰਤਨ ਹੋ ਸਕਦਾ ਹੈ?**

ਜਵਾਬ: ਨਹੀਂ , ਇਕ ਵਕਤ ਸੰਗਤ ਵਿਚ ਇਕੋ ਗੱਲ ਹੋਣੀ ਚਾਹੀਏ ਪਾਠ, ਕਥਾ ਜਾਂ ਕੀਰਤਨ। ਜੇ ਪਾਠੀ ਪਾਠ ਕਰੇਗਾ ਅਤੇ ਕੀਰਤਨੀਏ ਸਿੰਘ ਕੀਰਤਨ ਕਰਨਗੇ ਤਾਂ ਦੋਹਾਂ ਦੀ ਆਵਾਜ਼ ਰਲਗਡ ਹੋਵੇਗੀ ਤੇ ਕੁਝ ਪਲੇ ਨਹੀਂ ਪੈ ਸਕਦਾ। ਜੇ ਪਾਠੀ ਪਾਠ ਬੋਲ ਕੇ ਨਾ ਸੁਣਾਵੇ ਤਾਂ ਪਾਠੀ ਦੀ ਬਿਰਤੀ ਕੀਰਤਨ ਦੀ ਅਵਾਜ਼ ਨਾਲ ਪਾਠ ਵਿਚ ਨਹੀਂ ਲਗ ਸਕਦੀ। ਪਾਠ ਤੇ ਕੀਰਤਨ ਕੇਵਲ ਰਸਮ ਪੂਰਤੀ ਲਈ ਨਹੀਂ ਸਗੋਂ ਆਤਮਿਕ ਆਨੰਦ ਲੈਣ ਲਈ ਕਰਨਾ ਹੈ। ਜੇ ਪਾਠ ਸੁਣ ਕੇ ਆਤਮਕ ਅਨੰਦ ਮਿਲਦਾ ਹੈ ਤਾਂ ਨਾਲ ਕੀਰਤਨ ਕਰਕੇ ਅਨੰਦ ਨੂੰ ਕਿਉਂ ਵਿਗਾੜਿਆ ਜਾਵੇ।

7. **ਸਵਾਲ: ਕੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਸਿਰਫ ਗਰੰਥੀ ਸਿੰਘ ਹੀ ਬੈਠ ਸਕਦਾ ਹੈ, ਕੋਈ ਹੋਰ ਨਹੀਂ?**

ਜਵਾਬ: ਸਿੱਖ ਰਹਿਤ ਮਰਯਾਦਾ ਅਨੁਸਾਰ ਐਸਾ ਕੋਈ ਵਿਧਾਨ ਨਹੀਂ ਕਿ ਕੇਵਲ ਗੰਰਥੀ ਸਿੰਘ ਜਾਂ ਕੇਵਲ ਅੰਮ੍ਰਿਤਧਾਰੀ ਸਿੰਘ ਹੀ ਤਾਬਿਆ ਬੈਠੇ ? ਹਰ ਗੁਰਸਿੱਖ ਜੋ ਗੁਰੂ ਗਰੰਥ ਸਾਹਿਬ ਨੂੰ ਆਪਣਾ ਇਸ਼ਟ ਮੰਨਦਾ ਹੋਵੇ ਤੇ ਗੁਰੂ ਦੇ ਸਤਿਕਾਰ ਨੂੰ ਨਿਯਤ ਮਰਯਾਦਾ ਅਨੁਸਾਰ ਨਿਭਾ ਸਕਦਾ ਹੋਵੇ ਉਹ ਤਾਬਿਆ ਬੈਠ ਸਕਦਾ ਹੈ।

8. **ਸਵਾਲ: ਰਹਿਰਾਸ ਸਾਹਿਬ ਦਾ ਪਾਠ ਕਿਹੜਾ ਕਰਨਾ ਠੀਕ ਹੈ?**

ਜਵਾਬ: ਪੰਥ ਪ੍ਰਵਾਣਿਤ ਸਿੱਖ ਰਹਿਤ ਮਰਯਾਦਾ ਅਨੁਸਾਰ ਰਹਿਰਾਸ ਸਾਹਿਬ ਦਾ ਪਾਠ ਸੋਦੁਰ ਤੇਰਾ ਕੇਹਾ . . . ਤੋਂ ਲੈ ਕੇ . . . .ਤਨ ਮਨ ਥੀਵੈ ਹਰਿਆ ਤਕ ਕਰਨਾ ਯੋਗ ਹੈ।

9. **ਸਵਾਲ: ਕਿਸੇ ਰਹਿਤਨਾਮੇ ਵਿਚ ਇਹ ਪੜ੍ਹਿਆ ਸੀ ਕਿ ਧਰਮਸਾਲੀਆ (ਗ੍ਰੰਥੀ) ਜਤੀ ਸਤੀ ਹੋਵੇ ਭਾਵ ਕਿ ਗ੍ਰਿਸਤੀ ਨਾ ਹੋਵੇ, ਕੀ ਇਹ ਠੀਕ ਹੈ?**

ਜਵਾਬ: ਜਤੀ ਸਤੀ ਦਾ ਭਾਵ ਆਪਣੇ ਆਚਰਣ ਨੂੰ ਉੱਚਾ ਰਖਣ ਤੋਂ ਹੈ। ਇਸ ਦਾ ਅਰਥ ' ਗ੍ਰਿਹਸਤੀ ਨਾ ਹੋਣਾ ' ਨਹੀਂ। ਗ੍ਰਿਹਸਥ ਧਰਮ ਨੂੰ ਸਿੱਖੀ ਵਿਚ ਸਭ ਤੋਂ ਉਤਮ ਮੰਨਿਆ ਗਿਆ ਹੈ।

10. **ਸਵਾਲ: ਕਈ ਜਗ੍ਹਾ ਤੇ ਅਖੰਡ ਪਾਠ ਦੇ ਨਾਲ ਇਕ ਧੂਪੀਆ ਬਿਠਾਇਆ ਜਾਂਦਾ ਹੈ, ਜੋ ਧੂਪ ਧੁਖਾਉਂਦਾ ਰਹਿੰਦਾ ਹੈ ਤੇ ਜਪੁਜੀ ਸਾਹਿਬ ਦਾ ਪਾਠ ਕਰਦਾ ਰਹਿੰਦਾ ਹੈ, ਕਈ ਥਾਵਾਂ ਤੇ ਕੁੰਭ ਨਲੀਏਰ ਰਖਦੇ ਹਨ ਤੇ ਜੋਤ ਵੀ ਜਗਾਈ ਜਾਂਦੀ ਹੈ। ਕੀ ਐਸਾ ਕਰਨਾ ਠੀਕ ਹੈ?**

ਜਵਾਬ: ਸਿੱਖ ਰਹਿਤ ਮਰਯਾਦਾ ' ਅਨੁਸਾਰ ਇਹ ਸਾਰਾ ਕੁਝ ਕਰਨਾ ਮਨਮਤ ਹੈ। ਇਹ ਨਿਰੋਲ ਬ੍ਰਾਹਮਣੀ ਮਤ ਦੀ ਨਕਲ ਹੈ। ਜਦੋਂ ਗੁਰੂ ਗ੍ਰੰਥ ਸਾਹਿਬ ਦਾ ਪਾਠ ਹੋ ਰਿਹਾ ਹੁੰਦਾ ਹੈ ਤਾਂ ਫਿਰ ਜਪੁਜੀ ਸਾਹਿਬ ਦਾ ਹੋਰ ਵਖਰਾ ਪਾਠ ਕਿਸ ਅਰਥ ?

11. **ਸਵਾਲ: ਕੀ ਅੰਮ੍ਰਿਤਧਾਰੀ ਸਿੰਘ ਪਲਾਸਟਿਕ ਜਾਂ ਕਿਸੇ ਹੋਰ ਧਾਤ ਦਾ ਕੰਘਾ ਰਖ ਸਕਦਾ ਹੈ?**

ਜਵਾਬ: ਕੰਘਾ ਲਕੜੀ ਦਾ ਹੀ ਹੋਣਾ ਚਾਹੀਦਾ ਹੈ। ਵਖ ਵਖ ਤਰ੍ਹਾਂ ਦੇ ਕੰਘੇ ਰਖਣ ਨਾਲ ਵਖੇਵਾਂ ਵਧਦਾ ਹੈ।

12. **ਸਵਾਲ: ਕੀ ਅੰਮ੍ਰਿਤਧਾਰੀ ਲਈ ਕੇਵਲ ਅੰਮ੍ਰਿਤਧਾਰੀ ਪ੍ਰਵਾਰ ਦੇ ਹਥੋਂ ਛਕਣਾ ਹੀ ਯੋਗ ਹੈ?**

ਜਵਾਬ: ਐਸੀ ਕੋਈ ਸ਼ਰਤ ਰਹਿਤ ਮਰਯਾਦਾ ਵਿਚ ਨਹੀਂ ਲਾਈ ਗਈ। ਇਹ ਜ਼ਰੂਰੀ ਹੈ ਕਿ ਭੋਜਨ ਸਫਾਈ, ਪਵਿਤਰਤਾ ਤੇ ਸੁਅੱਛਤਾ ਦੇ ਨਿਯਮਾਂ ਨੂੰ ਮੁਖ ਰਖ ਤੇ ਤਿਆਰ ਕੀਤਾ ਜਾਏ। ਅੰਮ੍ਰਿਤਧਾਰੀ ਹੋਣ ਦੀ ਪ੍ਰੇਰਣਾ ਦੇਣੀ ਚੰਗੀ ਗੱਲ ਹੈ।

13. **ਸਵਾਲ: ਲੜਕੇ ਦੇ ਜਨਮ ਸਮੇਂ ਘਰਾਂ ਦੇ ਬਾਹਰ ਸ਼ਰੀਂਹ ਬੰਨ੍ਹਿਆਂ ਜਾਂਦਾ ਹੈ, ਉਸ ਦੀ ਕੀ ਮਹਾਨਤਾ ਹੈ?**

ਜਵਾਬ: ਇਹ ਰਸਮ ਅਨਮਤੀਆਂ ਦੇ ਰਸਮੋ ਰਿਵਾਜ ਦੇ ਘੇਰੇ ਵਿਚ ਆਉਂਦੀ ਹੈ। ਸਿੱਖੀ ਦੇ ਪ੍ਰਖ ਤੋਂ ਇਸਦੀ ਕੋਈ ਮਹਾਨਤਾ ਨਹੀ ਹੈ। ਗੁਰਸਿੱਖਾਂ ਨੂੰ ਐਸੀਆਂ ਰਸਮਾਂ ਦਾ ਤਿਆਗ ਕਰਨਾ ਚਾਹੀਦਾ ਹੈ।

14. ਸਵਾਲ: ਕਈ ਲੋਕ ਬੱਚੇ ਦੇ ਜਨਮ ਉਪਰੰਤ ਪਹਿਲਾ ਚੋਲਾ ਆਪਣੇ ਸੰਤਾਂ ਮਹੰਤਾਂ ਤੋਂ ਹੀ ਪੁਆਉਂਦੇ ਹਨ। ਇਸ ਬਾਰੇ ਗੁਰਮਤਿ ਦਾ ਪਖ ਕੀ ਹੈ?

ਜਵਾਬ: ਬੱਚੇ ਦੇ ਜਨਮ ਉਪਰੰਤ ਉਸ ਦਾ ਸਰੀਰ ਢੱਕਣ ਲਈ ਜੋ ਕਪੜੇ ਪਾਏ ਜਾਂਦੇ ਹਨ ਉਹ ਹੀ ਪਹਿਲਾ ਚੋਲਾ ਹੁੰਦਾ ਹੈ। ਇਸ ਤੋਂ ਬਿਨਾਂ ਚੋਲੇ ਆਦਿ ਦੀ ਕੋਈ ਹੋਰ ਉਚੇਚੀ ਰਸਮ ਸਿੱਖੀ ਵਿਚ ਨਹੀਂ ਹੈ।

15. ਸਵਾਲ: ਕਿਸੇ ਮਿਰਤਕ ਪ੍ਰਾਣੀ ਦੇ ਸਸਕਾਰ ਉਪਰੰਤ ਲੋਕ ਘਰ ਆ ਕੇ ਕੇਸਾਂ ਸਮੇਤ ਇਸ਼ਨਾਨ ਕਰਦੇ ਹਨ ਤੇ ਕਈ ਤਾਂ ਬਸਤਰ ਵੀ ਉਤਾਰ ਕੇ ਧੋਂਦੇ ਹਨ। ਕੀ ਐਸਾ ਕਰਨਾ ਗੁਰਸਿਖਾਂ ਲਈ ਯੋਗ ਹੈ?

ਜਵਾਬ: ਅਗਿਆਨੀ ਲੋਕ ਮ੍ਰਿਤਕ ਪ੍ਰਾਣੀ ਦੇ ਸਸਕਾਰ ਉਪਰੰਤ ਇਸ ਲਈ ਇਸ਼ਨਾਨ ਕਰਦੇ, ਬਸਤਰ ਧੋਂਦੇ ਜਾਂ ਮੂੰਹ ਤੇ ਪਾਣੀ ਦਾ ਛਿੱਟਾ ਮਾਰਦੇ ਹਨ, ਕਿਉਂਕਿ ਉਹ ਸੂਤਕ ਪਾਤਕ ਦੇ ਵਹਿਮ ਦੀ ਭਿੱਟ ਨੂੰ ਮੰਨਦੇ ਹਨ। ਕਿਸੇ ਪ੍ਰਾਣੀ ਦੇ ਜੰਮਣ ਤੇ ਸੂਤਕ, ਤੇ ਮਰਨ ਤੇ ਪਾਤਕ ਦੀ ਭਿਟ ਵਹਿਮੀ ਲੋਕ ਮੰਨਦੇ ਹਨ। ਗੁਰੂ ਸਾਹਿਬ ਨੇ ਸੂਤਕ ਪਾਤਕ ਦੇ ਵਹਿਮ ਨੂੰ ਸਿਖਾਂ ਵਿਚੋਂ ਕਢਣ ਲਈ ਆਸਾ ਦੀ ਵਾਰ ਵਿਚ ਉਚੇਚੇ ਸਲੋਕ ਦਰਜ ਕੀਤੇ ਹਨ।

'ਸਭੋ ਸੂਤਕ ਭਰਮ ਹੈ ਦੂਜੈ ਲਗੈ ਜਾਇ।''

ਅਗਿਆਨੀ ਲੋਕ ਦੂਸਰਿਆਂ ਦੀ ਵੇਖਾ ਵੇਖੀ ਅਜੇ ਵੀ ਇਸ ਵਹਿਮ ਭਰਮ ਵਿਚ ਫਸੇ ਹੋਏ ਹਨ। ਗੁਰਸਿਖਾਂ ਨੂੰ ਐਸੀ ਭਿੱਟ ਬਿਲਕੁਲ ਨਹੀਂ ਮੰਨਣੀ ਚਾਹੀਦੀ ਤੇ ਨਾ ਹੀ ਇਸ ਭਰਮ ਦੇ ਅਧੀਨ ਇਸ਼ਨਾਨ ਕਰਨਾ ਜਾਂ ਬਸਤਰ ਹੀ ਧੋਣੇ ਚਾਹੀਦੇ ਹਨ।

16. ਸਵਾਲ: ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਦਿਨ ਵਿਚ ਇਕ ਤੋਂ ਵੱਧ ਵਾਰੀ ਵੀ ਕੀਤਾ ਜਾ ਸਕਦਾ ਹੈ?

ਜਵਾਬ: ਪ੍ਰੋਗਰਾਮ ਜਾਂ ਪਾਠ ਆਦਿ ਦੀ ਲੋੜ ਅਨੁਸਾਰ ਐਸਾ ਕੀਤੇ ਜਾਣ ਵਿਚ ਕੋਈ ਅਵੱਗਿਆ ਨਹੀਂ।

17. ਸਵਾਲ: ਜੇ ਕੇਸ ਕਟਣੇ ਪ੍ਰਮਾਤਮਾ ਦੇ ਅਸੂਲ ਦੇ ਖਿਲਾਫ ਹਨ ਤਾਂ 'ਨਹੁੰ' ਕਟਣੇ ਕਿਉਂ ਖਿਲਾਫ ਨਹੀਂ?

ਜਵਾਬ: ਜਦੋਂ ਅਸੀਂ 'ਨਹੁੰ' ਦੀ ਸਫਾਈ ਕਰਦੇ ਹਾਂ ਨਹੁੰ ਦਾ ਮੁਰਦਾ ਭਾਗ ਹੀ ਕਟਿਆ ਜਾਂਦਾ ਹੈ। ਜੇ ਕਦੀ ਜਿੰਦਾ ਨਹੁੰ ਕਟਿਆ ਜਾਵੇ ਤਾਂ ਬਹੁਤ

ਤਕਲੀਫ ਹੁੰਦੀ ਹੈ। ਇਸੇ ਤਰ੍ਹਾਂ ਕੇਸਾਂ ਦੀ ਸਫਾਈ ਸਮੇਂ ਜਦੋਂ ਅਸੀਂ ਕੰਘਾ ਕਰਦੇ ਹਾਂ ਤਾਂ 'ਮੁਰਦਾ' ਕੇਸਾਂ ਦੇ ਬਾਹਰ ਆਉਣ ਨਾਲ ਕੋਈ ਤਕਲੀਫ ਮਹਿਸੂਸ ਨਹੀਂ ਹੁੰਦੀ। ਜੇ ਜਿੰਦਾ ਕੇਸਾਂ ਨੂੰ ਪੁਟਿਆ ਜਾਵੇ ਤਾਂ ਬਹੁਤ ਤਕਲੀਫ ਹੋਵੇਗੀ। ਕੇਸ ਗੁਰੂ ਦੀ ਮੋਹਰ ਹਨ ਤੇ ਸਿੱਖ ਦੀ ਪਹਿਚਾਣ ਹਨ। ਕੇਸ ਸਿੱਖ ਜਥੇਬੰਦੀ ਦਾ ਸ਼ਿੰਗਾਰ ਹਨ। ਇਹ ਲਈ ਨੌਜੁਆਨਾਂ ਨੂੰ ਕੇਸਾਂ ਦੀ ਮਹੱਤਤਾ ਨੂੰ ਸਮਝਣਾ ਚਾਹੀਦਾ ਹੈ ਤੇ ਅਨਮਤੀਆਂ ਦੀਆਂ ਢੁਚਰਾਂ ਦਾ ਯੋਗ ਉਤਰ ਦੇਣਾ ਚਾਹੀਦਾ ਹੈ।

18. **ਸਵਾਲ: ਇਕ ਪਿੰਡ ਦੇ ਗੁਰਦੁਆਰੇ ਦਾ ਗ੍ਰੰਥੀ ਪੰਡਿਤ ਹੈ ਜੋ ਉਦਾਸੀ ਸਾਧੂਆਂ ਵਿਚੋਂ ਹੈ। ਗੁਰਦੁਆਰੇ ਨਿਸ਼ਾਨ ਸਾਹਿਬ ਚੜ੍ਹਾਉਣ ਦਾ ਪ੍ਰੋਗਰਾਮ ਬਣਿਆਂ ਤਾਂ ਪੰਡਿਤ ਨੇ ਜੁਆਬ ਦਿਤਾ ਕਿ ਡੇਰੇ ਵਿਖੇ ਨਿਸ਼ਾਨ ਸਾਹਿਬ ਨਹੀਂ ਚੜ੍ਹ ਸਕਦਾ। ਕੀ ਕਰਨਾ ਚਾਹੀਦਾ ਹੈ?**

ਜਵਾਬ: ਗੁਰੂ ਸਾਹਿਬਾਨ ਨੇ ਸਿੱਖ ਸੰਗਤਾਂ ਦੀ ਕਾਇਮੀ ਦੇ ਨਾਲ ਨਾਲ ਗੁਰਦੁਆਰੇ ਕਾਇਮ ਕੀਤੇ ਹਨ । ਗੁਰਦੁਆਰੇ ਦੀ ਪਛਾਣ ਹੀ ਨਿਸ਼ਾਨ ਸਾਹਿਬ ਤੋਂ ਹੁੰਦੀ ਹੈ, ਜੋ ਇਸ ਗਲ ਦਾ ਪ੍ਰਤੀਕ ਹੈ ਕਿ ਇਥੇ ਆਉਣ ਵਾਲੇ ਨੂੰ ਸਰੀਰਕ ਤੇ ਆਤਮਕ ਭੋਜਨ ਮਿਲੇਗਾ ਤੇ ਆਰਾਮ ਕਰਨ ਲਈ ਥਾਂ ਮਿਲੇਗੀ। ਨਿਸ਼ਾਨ ਸਾਹਿਬ ਤੋਂ ਬਿਨਾਂ ਗੁਰਦੁਆਰਾ ਹੋ ਹੀ ਨਹੀਂ ਸਕਦਾ। ਇਸ ਲਈ ਪਿੰਡ ਦੀ ਪੰਚਾਇਤ ਨੂੰ ਇਕਠੇ ਹੋ ਕੇ ਸਿੱਖ ਸੰਗਤਾਂ ਦੀ ਅਗਵਾਈ ਵਿਚ ਗੁਰਦੁਆਰੇ ਵਿਖੇ ਨਿਸ਼ਾਨ ਸਾਹਿਬ ਝੁਲਾਉਣਾ ਚਾਹੀਦਾ ਹੈ। ਸੰਗਤਾਂ ਨੂੰ ਗ੍ਰੰਥੀ ਦੀ ਸੇਵਾ ਪੰਡਿਤ ਦੀ ਥਾਂ ਕਿਸੇ ਤਿਆਰ ਬਰ ਤਿਆਰ ਅੰਮ੍ਰਿਤਧਾਰੀ ਗੁਰਸਿੱਖ ਨੂੰ ਸੌਂਪਣੀ ਚਾਹੀਦੀ ਹੈ। ਜੇਕਰ ਸਥਾਨ ਪੰਡਿਤ ਦੀ ਆਪਣੀ ਮਲਕੀਅਤ ਹੋਵੇ ਤਾਂ ਪਿੰਡ ਵਾਸੀਆਂ ਨੂੰ ਨਵਾਂ ਗੁਰਦੁਆਰਾ ਕਾਇਮ ਕਰਨਾ ਚਾਹੀਦਾ ਹੈ ਤੇ 'ਪੰਡਿਤ' ਦੇ ਅਸਥਾਨ ਦਾ ਮੁਕੰਮਲ ਬਾਈਕਾਟ ਕਰਨਾ ਚਾਹੀਦਾ ਹੈ। ਗੁਰਦੁਆਰੇ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਕਾਇਮ ਕੀਤੇ ਗਏ ਹਨ, ਮਨਮਤ ਦੇ ਪ੍ਰਚਾਰਕਾਂ ਲਈ ਗੁਰਦੁਆਰੇ ਵਿਚ ਕੋਈ ਥਾਂ ਨਹੀਂ ਹੋਣੀ ਚਾਹੀਦੀ।

19. **ਸਵਾਲ: ਕੀ ਮਿਰਤਕ ਸੰਸਕਾਰ ਸਮੇਂ ਮ੍ਰਿਤਕ ਪਾਣੀ ਦੇ ਅੰਗੀਠੇ ਵਿਚ ਕੜਾਹ ਪ੍ਰਸ਼ਾਦਿ ਦਾ ਛਾਂਦਾ ਪਾਉਣਾ ਠੀਕ ਹੈ?**

ਜਵਾਬ: ਨਹੀਂ, ਐਸਾ ਕਰਨਾ ਨਿਰੋਲ ਮਨਮਤ ਹੈ।

20. **ਸਵਾਲ: ਕੀ ਇਕ ਜਗ੍ਹਾ ਗੁਰੂ ਗ੍ਰੰਥ ਸਾਹਿਬ ਦਾ ਸਹਿਜ ਪਾਠ ਕਰਕੇ, ਦੂਸਰੀ ਜਗ੍ਹਾ ਬੀੜ ਤੇ ਪਾਠ ਦਾ ਭੋਗ ਪਾਇਆ ਜਾ ਸਕਦਾ ਹੈ?**

ਜਵਾਬ: ਐਸਾ ਕਰਨ ਵਿਚ ਕੋਈ ਹਰਜ ਨਹੀਂ। ਮਹਾਨਤਾ ਵਿਚਾਰ ਸਾਹਿਤ ਪਾਠ ਕਰਨ ਦੀ ਹੈ। 'ਬੀੜ' ਦੀ ਅਦਲਾ ਬਦਲੀ ਨਾਲ ਪਾਠ ਦੀ ਮਹਾਨਤਾ ਵਿਚ ਕੋਈ ਫਰਕ ਨਹੀਂ ਪੈਂਦਾ।

21. ਸਵਾਲ: ਕੀ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਕਿਸੇ ਵਿਅਕਤੀ ਨੂੰ ਹਾਰ ਪਾਏ ਜਾ ਸਕਦੇ ਹਨ?

ਜਵਾਬ: ਨਹੀਂ, ਗੁਰੂ ਸਾਹਿਬ ਦੀ ਹਜ਼ੂਰੀ ਵਿਚ ਐਸਾ ਕਰਨਾ ਮਨਮਤ ਹੈ।

22. ਸਵਾਲ: ਕੀ ਵਿਆਹ ਸ਼ਾਦੀਆਂ ਸਮੇਂ ਦਹੇਜ ਦੇਣਾ, ਬਾਰਾਤ ਦੀ ਮੀਟ-ਸ਼ਰਾਬ ਨਾਲ ਸੇਵਾ ਕਰਨੀ ਜਾਇਜ਼ ਹੈ?

ਜਵਾਬ: ਗੁਰਸਿੱਖ ਪ੍ਰਵਾਰਾਂ ਨੂੰ ਅਨੰਦ ਕਾਰਜ ਸਾਦਗੀ ਨਾਲ ਤੇ ਗੁਰਮਤਿ ਅਨੁਸਾਰ ਕਰਨੇ ਚਾਹੀਦੇ ਹਨ ਜਿਸ ਨਾਲ ਦੂਸਰੀਆਂ ਕੌਮਾਂ ਤੇ ਵੀ ਚੰਗਾ ਪ੍ਰਭਾਵ ਪਵੇ। ਵਿਆਹ ਸ਼ਾਦੀਆਂ ਸਮੇਂ ਦਾਜ ਦਾ ਵਿਖਾਵਾ ਤੇ ਮੀਟ ਸ਼ਰਾਬ ਦੀ ਵਰਤੋਂ ਗੁਰਸਿੱਖ ਪ੍ਰਵਾਰਾਂ ਨੂੰ ਸ਼ੋਭਾ ਨਹੀਂ ਦਿੰਦੀ।

23. ਸਵਾਲ: ਕਈ ਘਰਾਂ ਵਿਚ ਛਿੱਕ ਪੈਣ ਤੇ ਕੰਮ ਤੇ ਜਾਣਾ ਤੇ ਰਾਤ ਨੂੰ ਕੇਸਾਂ ਨੂੰ ਕੰਘਾ ਕਰਨਾ ਚੰਗਾ ਨਹੀਂ ਸਮਝਿਆ ਜਾਂਦਾ। ਕੀ ਇਹ ਗਲਾਂ ਠੀਕ ਹਨ?

ਜਵਾਬ: ਇਹ ਵਹਿਮ ਤੇ ਭਰਮ ਹਨ ਜਿਹਨਾਂ ਨੇ ਸਮਾਜ ਨੂੰ ਗ੍ਰਸਿਆ ਹੋਇਆ ਹੈ। ਦੇਖਾ ਦੇਖੀ ਸਿੱਖ ਪਰਵਾਰ ਵੀ ਇਹਨਾਂ ਵਹਿਮਾ ਭਰਮਾਂ ਦਾ ਸ਼ਿਕਾਰ ਹੋ ਜਾਂਦੇ ਹਨ। 'ਛਿੱਕ' ਆਉਣੀ ਇਕ ਕੁਦਰਤੀ ਕਿਰਿਆ ਹੈ, ਇਸ ਦਾ ਕਿਸੇ ਕੰਮ ਤੇ ਜਾਣ, ਨਾ ਜਾਣ ਨਾਲ ਕੋਈ ਸਬੰਧ ਨਹੀਂ। ਸਿੱਖ ਨੂੰ ਇਹ ਵਹਿਮ ਬਿਲਕੁਲ ਨਹੀਂ ਕਰਨਾ ਚਾਹਿਦਾ। ਕੰਮ ਤੇ ਜਾਣ ਲਗਿਆਂ ਕਾਰਜ ਦੀ ਸਫਲਤਾ ਲਈ 'ਅਰਦਾਸ' ਕਰਨਾ ਹੀ ਸਿੱਖੀ ਦਾ ਵਿਧਾਨ ਹੈ। ਰਾਤ ਨੂੰ ਕੇਸਾਂ ਨੂੰ ਕੰਘਾ ਕਰਨਾ ਵਹਿਮ ਨਹੀਂ ਸਗੋਂ ਜਰੂਰੀ ਹੈ। ਗੁਰੂ ਗੋਬਿੰਦ ਸਿੰਘ ਲਈ ਸਵੇਰੇ ਤੇ ਸ਼ਾਮ ਕੰਘਾ ਕਰਨ ਦਾ ਹੁਕਮ ਰਹਿਤਨਾਮਿਆਂ ਵਿਚ ਦਿਤਾ ਹੋਇਆ ਹੈ। ਗੁਰੂ ਸਾਹਿਬ ਦੇ ਹਜ਼ੂਰੀ ਸਿੱਖ ਭਾਈ ਨੰਦ ਲਾਲ ਜੀ ਲਿਖਦੇ ਹਨ:

ਕੰਘਾ ਦੋਨੋ ਵਕਤ ਕਰ ਪਾਗ ਚੁਨੇ ਕਰ ਬਾਂਧਈ।

24. ਸਵਾਲ: ਕੀ ਮੰਗਲਵਾਰ ਕੇਸ ਧੋਣਾ ਤੇ ਵੀਰਵਾਰ ਕਪੜੇ ਧੋਣੇ ਗਲਤ ਗੱਲ ਹੈ?

ਜਵਾਬ: ਇਹ ਨਿਰੋਲ ਵਹਿਮ ਹੈ ਤੇ ਮਨਮਤ ਹੈ। ਸਭ ਦਿਨ ਆਕਾਲ ਪੁਰਖ ਦੇ ਬਣਾਏ ਹੋਏ ਹਨ ਤੇ ਸਭ ਚੰਗੇ ਹਨ। ਕੁਝ ਦਿਨਾਂ ਨੂੰ ਮਾੜਾ ਤੇ ਕੁਝ ਨੂੰ ਚੰਗਾ ਸਮਝਣਾ ਸਿੱਖੀ ਅਸੂਲਾਂ ਦੇ ਵਿਰੁਧ ਹੈ।

25. ਸਵਾਲ: ਲੋਹੜੀ ਦਾ ਸਿੱਖ ਧਰਮ ਨਾਲ ਕੀ ਸਬੰਧ ਹੈ?

ਜਵਾਬ: ਲੋਹੜੀ ਦਾ ਸਿੱਖ ਧਰਮ ਨਾਲ ਦੂਰ ਦਾ ਵੀ ਸਬੰਧ ਨਹੀਂ। ਗੁਰਮਤਿ ਪ੍ਰਚਾਰ ਦੀ ਘਾਟ ਕਾਰਣ ਅਜ ਬਹੁਤੇ ਸਿੱਖ ਪ੍ਰਵਾਰ ਵੀ ਦੂਜਿਆਂ ਦੀ ਦੇਖਾ ਦੇਖੀ ਇਸ ਤਿਉਹਾਰ ਤੇ ਬਹੁਤ ਰੀਝੇ ਹੋਏ ਨਜ਼ਰ ਆਉਂਦੇ ਹਨ। ਕੋਈ ਆਪਣੇ ਕਾਕੇ ਦੀ ਪਹਿਲੀ ਲੋਹੜੀ ਮਨਾ ਰਿਹਾ ਹੈ। ਕਿਸੇ ਦੇ ਲੜਕੇ ਦੇ ਵਿਆਹ ਦੀ ਪਹਿਲੀ ਲੋਹੜੀ ਹੈ। ਜੇ ਲੋਹੜੀ ਮਨਾਉਣ ਵਾਲਿਆਂ ਨੂੰ ਇਸ ਤਿਉਹਾਰ ਦਾ ਪਿਛੋਕੜ ਪੁਛਿਆ ਜਾਏ ਤਾਂ ਅਗੋਂ ਉਹ ਕੋਈ ਜਵਾਬ ਨਹੀਂ ਦੇ ਸਕਦੇ। ਇਹ ਤਾਂ 'ਚਲਤੇ ਪਾਛੇ ਜਗ ਚਲੇਂ' ਵਾਲੀ ਗਲ ਹੋ ਰਹੀ ਹੈ। ਅਸਲ ਵਿਚ ਲੋਹੜੀ ਹਿੰਦੂਆਂ ਦਾ ਤਿਉਹਾਰ ਹੈ ਜਿਨ੍ਹਾਂ ਦੇ ਸ਼ਾਸਤਰਾਂ ਵਿਚ ਯੱਗਾਂ ਦੁਆਰਾ ਅਗਨੀ ਦੇਵਤੇ ਦੀ ਪੂਜਾ ਕਰਨੀ ਦਸੀ ਗਈ ਹੈ। ਗੁਰੂ ਘਰ ਵਿਚ ਨਾ ਅਗਨੀ ਦੀ ਪੂਜਾ ਦਾ ਕੋਈ ਵਿਧਾਨ ਹੈ ਅਤੇ ਨਾ ਹੀ ਸਿੱਖ ਧਰਮ ਦਾ ਯੱਗਾਂ ਨਾਲ ਕੋਈ ਸੰਬੰਧ ਹੈ। ਗੁਰਸਿਖ ਕੇਵਲ ਇਕ ਅਕਾਲ ਪੁਰਖ ਦਾ ਪੁਜਾਰੀ ਹੈ। ਇਸ ਲਈ ਗੁਰਸਿਖਾਂ ਨੂੰ ਬੱਚੇ ਦੇ ਜਨਮ ਅਤੇ ਵਿਆਹ ਆਦਿ , ਖੁਸ਼ੀ ਦੇ ਮੌਕਿਆਂ ਨੂੰ ਅਨਮਤਾਂ ਦੇ ਤਿਉਹਾਰਾਂ ਨਾਲ ਸਾਂਝਾ ਨਹੀਂ ਕਰਨਾ ਚਾਹੀਦਾ। ਸਗੋਂ ਅਕਾਲ ਪੁਰਖ ਦੀ ਟੇਕ ਲੈ ਕੇ ਗੁਰੂ ਗਰੰਥ ਸਾਹਿਬ ਦਾ ਪਾਠ ਰਖਵਾ ਕੇ ਕਥਾ ਕੀਰਤਨ ਦਾ ਅਨੰਦ ਮਾਣਦੇ ਹੋਏ ਗੁਰਸਿਖਾਂ ਨੂੰ ਘਰ ਬੁਲਾ ਕੇ, ਪ੍ਰੀਤੀ ਭੋਜਨ (ਗੁਰੂ ਕਾ ਲੰਗਰ) ਛਕਾ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਚਾਹੀਦੀਆਂ ਹਨ। ਇਸ ਤਰ੍ਹਾਂ ਕਰਨ ਨਾਲ ਹੀ ਸਿਖ ਕੌਮ ਦਾ ਅਡਰਾ ਸਭਿਆਚਾਰ ਸੁਰਖਿਅਤ ਰਹਿ ਸਕਦਾ ਹੈ। ਜਿਸ ਬਾਰੇ ਕਲਗੀਧਰ ਜੀ ਦਾ ਫੁਰਮਾਨ ਹੈ:-

ਜਬ ਲਗ ਖਾਲਸਾ ਰਹੇ ਨਿਆਰਾ।।
ਤਬ ਲਗ ਤੇਜ ਦੀਉ ਮੈ ਸਾਰਾ।।
ਜਬ ਇਹ ਗਹੈ ਬਿਪਰਨ ਕੀ ਰੀਤ।।
ਮੈ ਨ ਕਰਉ ਇਨ ਕੀ ਪਰਤੀਤ।।

26. ਸਵਾਲ: ਕੀ ਅਨਮਤੀਏ ਦੇ ਬੱਚੇ ਦਾ ਨਾਮ ਸਿੱਖ ਮਰਯਾਦਾ ਅਨੁਸਾਰ ਗੁਰੂ ਗਰੰਥ ਸਾਹਿਬ ਦਾ ਹੁਕਮ ਲੈ ਕੇ ਪਹਿਲੇ ਅਖਰ ਤੋਂ ਰਖਿਆ ਜਾ ਸਕਦਾ ਹੈ?

ਜਵਾਬ: ਸਿੱਖ ਰਹਿਤ ਮਰਯਾਦਾ ਸਿੱਖਾਂ ਉਤੇ ਲਾਗੂ ਹੁੰਦੀ ਹੈ, ਅਨਮਤੀਆਂ ਉਤੇ ਨਹੀਂ। ਸਿਖ ਰਹਿਤ ਮਰਯਾਦਾ ਵਿਚਲੇ ਜਨਮ ਅਤੇ ਨਾਮ ਸੰਸਕਾਰ ਦੇ ਸਿਰਲੇਖ ਹੇਠ ਜੋ ਅਸੂਲ ਦਰਜ ਹਨ, ਉਹਨਾਂ ਅਨੁਸਾਰ ਬੱਚੇ ਦੇ ਨਾਮ ਨਾਲ ਸਿੰਘ ਅਤੇ ਬੱਚੀ ਦੇ ਨਾਮ ਨਾਲ ਕੌਰ ਲਾਉਣਾ ਜਰੂਰੀ ਹੈ। ਸਿੰਘ ਅਤੇ ਕੌਰ

ਸ਼ਬੰਦ ਸਿੱਖਾਂ ਦੇ ਬੱਚਿਆਂ ਲਈ ਹੀ ਲਗਾਏ ਜਾ ਸਕਦੇ ਹਨ ਜੋ ਕਿ ਕੇਸਾਧਾਰੀ ਹੁੰਦੇ ਹਨ। ਹਾਂ, ਜੇਕਰ ਕੋਈ ਆਪਣੇ ਬਚੇ ਨੂੰ ਸਿੱਖ ਸਜਾਉਣ ਦਾ ਪ੍ਰਣ ਕਰੇ ਉਸ ਦਾ ਨਾਮ ਸਿੱਖ ਰਹਿਤ ਮਰਯਾਦਾ ਅਨੁਸਾਰ ਰਖਿਆ ਜਾ ਸਕਦਾ ਹੈ, ਦੂਸਰਿਆਂ ਦਾ ਨਹੀਂ।

27. ਸਵਾਲ: ਕੀ ਗੁਰੂ ਗਰੰਥ ਸਾਹਿਬ ਤੋਂ ਹੁਕਮਨਾਮਾ ਸੁਣ ਕੇ ਘਰ ਜਾ ਕੇ ਮਨ ਮਰਜ਼ੀ ਨਾਲ ਬੱਚੇ ਦਾ ਨਾਮ ਰਖਣਾ ਸਿਖ ਮਰਯਾਦਾ ਅਨੁਸਾਰ ਯੋਗ ਹੈ?

ਜਵਾਬ: ਨਹੀਂ ਜੀ। ਸਿੱਖ ਰਹਿਤ ਮਰਯਾਦਾ ਵਿਚ ਜਨਮ ਤੇ ਨਾਮ ਸੰਸਕਾਰ ਹੇਠ ਬਚੇ ਦੇ ਨਾਮ ਦੀ ਸੰਗਤ ਤੋਂ ਪ੍ਰਵਾਨਗੀ ਲੈਣੀ ਅਤੇ ਉਪਰੰਤ ਅਰਦਾਸਾ ਕਰਨਾ ਜ਼ਰੂਰੀ ਹੈ। ਹੇਠ੍ਹਾਂ ਸਿੱਖ ਰਹਿਤ ਮਰਯਾਦਾ ਵਿਚੋਂ ਜਨਮ ਤੇ ਨਾਮ ਸੰਸਕਾਰ ਦਾ ਪੂਰਾ ਵੇਰਵਾ ਦਿਤਾ ਜਾ ਰਿਹਾ ਹੈ, ਤਾਂ ਜੋ ਗਰੰਥੀ ਸਿੰਘਾਂ ਅਤੇ ਸਿਖ ਸੰਗਤਾਂ ਨੂੰ ਬਚਿਆਂ ਦੇ ਨਾਮ ਰੱਖਣ ਦੀ ਸਿੱਖ ਮਰਯਾਦਾ ਦਾ ਸਹੀ ਪਤਾ ਲਗ ਸਕੇ। ਇਹ ਰਹਿਤ ਮਰਯਾਦਾ ਅਕਾਲ ਤਖਤ ਦੀ ਪੰਥ ਪ੍ਰਵਾਣਤ ਮਰਯਾਦਾ ਹੈ। ਜਿਸ ਨੂੰ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪ੍ਰਕਾਸ਼ਤ ਕੀਤਾ ਹੈ, ਜੋ ਸਿੱਖ ਮਿਸ਼ਨਰੀ ਕਾਲਜ ਪਾਸੋਂ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ।'

ਜਨਮ ਤੇ ਨਾਮ ਸੰਸਕਾਰ

ੳ) ਸਿਖ ਦੇ ਘਰ ਬਾਲਕ ਦਾ ਜਨਮ ਹੋਣ ਮਗਰੋਂ ਜਦ ਮਾਤਾ ਉਠਣ ਬੈਠਣ ਤੇ ਇਸ਼ਨਾਨ ਕਰਨ ਦੇ ਯੋਗ ਹੋਵੇ ਤਾਂ (ਦਿਨਾਂ ਦੀ ਕੋਈ ਗਿਣਤੀ ਮੁਕਰਰ ਨਹੀਂ) ਟੱਬਰ ਤੇ ਸਬੰਧੀ ਗੁਰਦੁਆਰੇ ਕੜਾਹ ਪ੍ਰਸ਼ਾਦਿ ਲੈ ਕੇ ਜਾਣ ਜਾਂ ਕਰਾਉਣ ਅਤੇ ਗੁਰੂ ਜੀ ਦੇ ਹਜ਼ੂਰ 'ਪਰਮੇਸਰਿ ਦਿਤਾ ਬੰਨਾ(ਸੋਰਠ ਮ: ੫) 'ਸਤਿਗੁਰ ਸਾਚੈ ਦੀਆ ਭੇਜਿ' (ਆਸਾ ਮ: ੫) ਆਦਿ ਖੁਸ਼ੀ ਤੇ ਧੰਨਵਾਦ ਵਾਲੇ ਸ਼ਬਦ ਪੜ੍ਹਨ । ਉਪ੍ਰੰਤ ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰਖਿਆ ਹੋਵੇ ਤਾਂ ਪਾਠ ਦਾ ਭੋਗ ਪਾਇਆ ਜਾਵੇ। ਫਿਰ ਵਾਕ ਲਿਆ ਜਾਵੇ। ਵਾਕ ਦੇ ਅਰੰਭ ਦੇ ਸ਼ਬਦ ਦਾ ਜੋ ਪਹਿਲਾ ਅੱਖਰ ਹੋਵੇ, ਉਸ ਤੋਂ ਗਰੰਥੀ ਸਿੰਘ ਬਚੇ ਦਾ ਨਾਂ ਤਜਵੀਜ਼ ਕਰੇ ਅਤੇ ਸੰਗਤ ਦੀ ਪ੍ਰਵਾਨਗੀ ਲੈ ਕੇ ਨਾਮ ਪ੍ਰਗਟ ਕਰੇ। ਲੜਕੇ ਦੇ ਨਾਉਂ ਪਿਛੇ 'ਸਿੰਘ' ਸਬਦ ਅਤੇ ਲੜਕੀ ਦੇ ਨਾਮ ਪਿਛੇ 'ਕੌਰ' ਸ਼ਬਦ ਲਗਾਇਆ ਜਾਵੇ। ਉਪਰੰਤ ਅਨੰਦ ਸਾਹਿਬ (ਛੇ ਪਉੜੀਆਂ) ਮਗਰੋਂ ਬਚੇ ਦੇ ਨਾਮ - ਸੰਸਕਾਰ ਦੀ ਖੁਸ਼ੀ ਦਾ ਯੋਗ ਸ਼ਬਦਾਂ ਵਿਚ ਅਰਦਾਸਾ ਕਰਕੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ।

ਅ) ਜਨਮ ਦੇ ਸਬੰਧ ਵਿਚ ਖਾਣ ਪੀਣ ਵਿਚ ਕੋਈ ਸੂਤਕ ਦਾ ਭਰਮ ਨਹੀਂ ਕਰਨਾ ਕਿਉਂਕਿ -

ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ।।
ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ।। (ਪੰਨਾ-੪੭੨)

ੲ) ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਰੁਮਾਲ ਤੋਂ ਚੋਲਾ ਬਣਾ ਕੇ ਪਾਉਣਾ ਆਦਿ ਮਨਮਤ ਹੈ।

28. ਸਵਾਲ: ਕੀ ਲਾੜੇ ਨੂੰ ਵਿਆਹ ਵੇਲੇ ਸਿਹਰਾ ਬੰਨਣਾ ਸਿਖ ਰਹਿਤ ਮਰਯਾਦਾ ਅਨੁਸਾਰ ਠੀਕ ਹੈ?

ਜਵਾਬ: ਨਹੀਂ ਜੀ। ਸਿੱਖ ਰਹਿਤ ਮਰਯਾਦਾ ਵਿਚ 'ਅਨੰਦ ਸੰਸਕਾਰ' ਦੇ ਸਿਰਲੇਖ ਹੇਠ ਇਹ ਸ਼ਬਦ ਦਰਜ ਹਨ -

ਗ) ਸਿਹਰਾ, ਮੁਕਟ ਜਾਂ ਗਾਨਾ ਬੰਨਣਾ, ਪਿਤਰ, ਪੂਜਣੇ, ਕੱਚੀ ਲੱਸੀ ਵਿਚ ਪੈਰ ਪਾਉਣਾ, ਬੇਰੀ ਜਾਂ ਜੰਡੀ ਵਢਣੀ, ਘੜੋਲੀ ਭਰਨੀ, ਰੁਸ ਕੇ ਜਾਣਾ, ਛੰਦ ਪੜ੍ਹਨੇ, ਹਵਨ ਕਰਨਾ, ਵੇਦੀ ਗਡਣੀ, ਵੇਸਵਾ ਦਾ ਨਾਚ, ਸ਼ਰਾਬ ਆਦਿ ਮਨਮਤ ਹੈ।

29. ਸਵਾਲ: ਸਾਡੇ ਪਿੰਡ ਵਿੱਚ ਬਚੇ ਦੇ ਜਨਮ ਦੀ ਖੁਸ਼ੀ ਵਿਚ ਰਖੇ ਅਖੰਡ ਪਾਠ ਦੇ ਭੋਗ ਸਮੇਂ ਗਰੰਥੀ ਸਿੰਘ ਵਲੋਂ ਬਚੇ ਦੇ ਮਥੇ ਤੇ ਹਿੰਦੂਆਂ ਵਾਂਗੂੰ ਤਿਲਕ ਲਾਉਣ ਦੀ ਰਸਮ ਅਦਾ ਕੀਤੀ ਗਈ। ਕੀ ਗੁਰਮਤਿ ਅਨੁਸਾਰ ਇਸ ਤਰ੍ਹਾਂ ਕਰਨਾ ਠੀਕ ਹੈ?

ਜਵਾਬ: ਤਿਲਕ ਲਗਾਉਣ ਦੀ ਸਿੱਖ ਧਰਮ ਵਿਚ ਸਖਤ ਮਨਾਹੀ ਹੈ। ਹਿੰਦੂ ਲੋਕ ਮਥੇ ਜਾਂ ਸਰੀਰ ਦੇ ਹੋਰ ਅੰਗਾਂ ਉਤੇ ਜ਼ਾਤ-ਪਾਤ ਦੇ ਨਿਸ਼ਾਨ ਲਗਾਉਂਦੇ ਹਨ, ਜਿਸ ਨੂੰ ਤਿਲਕ ਕਿਹਾ ਜਾਂਦਾ ਹੈ। ਇਹ ਕੇਸਰ, ਸੁਆਹ, ਚੰਦਨ ਆਦਿ ਦਾ ਹੁੰਦਾ ਹੈ। ਵੈਸ਼ਨਵਾਂ ਦੇ ਬਾਰ੍ਹਾਂ ਤਿਲਕ ਮੰਨੇ ਗਏ ਹਨ ਪਰ ਸਿਖ ਧਰਮ ਦਾ ਸਿਧਾਂਤ ਦਸਦੇ ਹੋਏ ਭਾਈ ਗੁਰਦਾਸ ਜੀ ਦਸਦੇ ਹਨ:

ਬਾਰਹ ਤਿਲਕ ਮਿਟਾਇਕੈ,
ਗੁਰਮੁਖ ਤਿਲਕ ਨੀਸਾਣ ਚੜਾਇਆ।

ਗੁਰੂ ਜੀ ਦੇ ਮਾਰਗ ਤੇ ਚਲਣਾ ਤੇ ਬਚੇ ਨੂੰ ਗੁਰੂ ਦੀ ਸਿਖਿਆ ਦਾ ਆਗਿਆਕਾਰੀ ਬਣਾਉਣਾ ਹੀ ਅਸਲ ਤਿਲਕ ਹੈ। ਸੋ ਸਿਖ ਸਭਿਆਚਾਰ ਨੂੰ ਨਿਆਰਾ ਰਖਣ ਦਾ ਯਤਨ ਕਰਨਾ ਚਾਹੀਦਾ ਹੈ। ਹੋਰਨਾ ਦੀ ਦੇਖਾ ਦੇਖੀ ਅਜਿਹੇ ਤਿਲਕ ਆਦਿ ਲਾਉਣੇ ਸਿਖ ਧਰਮ ਵਿੱਚ ਮਨ੍ਹਾਂ ਹਨ।

30. ਸਵਾਲ: ਕੀ ਗੁਰਦੁਆਰੇ ਵਿਚ ਸੁਖੇ ਦਾ 'ਨਸ਼ਾ' ਘੋਟਣਾ ਤੇ ਵਰਤਣਾ ਜਾਇਜ਼ ਹੈ?

ਜਵਾਬ: ਜਦੋਂ ਸਿੱਖ ਲਈ ਕਿਸੇ ਕਿਸਮ ਦਾ ਨਸ਼ਾ ਵਰਤਣਾ ਹੀ ਵਰਜਿਤ ਹੈ ਤਾਂ ਫਿਰ ਘੋਟਣਾ ਤੇ ਵਰਤਣਾ ਉਹ ਵੀ ਗੁਰਦੁਆਰੇ ਵਿਚ ਕਿਸੇ ਪਰਕਾਰ ਵੀ ਜਾਇਜ਼ ਨਹੀਂ। ਜੋ ਲੋਕ ਗੁਰੂ ਗੋਬਿੰਦ ਸਿੰਘ ਜੀ ਨਾਲ ਸਬੰਧ ਜੋੜ ਕੇ 'ਸੁੱਖਾ' ਵਰਤਣ ਦੀਆਂ ਕਹਾਣੀਆਂ ਸੁਣਾਉਂਦੇ ਹਨ, ਉਹ ਸਭ ਮਨਘੜਤ ਹਨ। ਦਸਮੇਸ਼ ਪਿਤਾ ਕਦੀ ਵੀ ਖਾਲਸੇ ਨੂੰ ਨਸ਼ਿਆਂ ਦੇ ਆਦੀ ਨਹੀਂ ਸਨ ਬਣਾ ਸਕਦੇ। ਇਸ ਗੱਲ ਦੀ ਪੁਸ਼ਟੀ ਖਾਲਸਾ ਪੰਥ ਦੇ ਰਹਿਤਨਾਮੇ ਭਲੀ ਪ੍ਰਕਾਰ ਕਰ ਦਿੰਦੇ ਹਨ।

31. ਸਵਾਲ: ਸਾਡੇ ਇਲਾਕੇ ਕਸ਼ਮੀਰ ਵਿਚ ਇਹ ਰੀਤ ਪ੍ਰਚਲਤ ਹੈ ਕਿ ਮਿਰਤਕ ਦੇ ਘਰ ਪਹਿਲੇ ਸਤ ਦਿਨ ਸੰਧਿਆ ਵੇਲੇ ਤੋਂ ਲੈ ਕੇ ਡੇਢ ਦੋ ਘੰਟੇ ਤਕ ਜਨਮਸਾਖੀ ਚੋਂ ਸਾਖੀਆਂ ਸੁਣਾਈਆਂ ਜਾਂਦੀਆਂ ਹਨ ਤੇ ਉਪਰੰਤ 'ਅਲਾਹਣੀਆਂ' ਦਾ ਪਾਠ ਕੀਤਾ ਜਾਂਦਾ ਹੈ। ਕੀ ਇਹ ਮਰਯਾਦਾ ਪੰਥ ਪ੍ਰਵਾਣਿਤ ਹੈ?

ਜਵਾਬ: ਪੰਥ ਪਰਵਾਣਿਤ ਸਿੱਖ ਰਹਿਤ ਮਰਯਾਦਾ ਜੋ ਸ੍ਰੀ ਅਕਾਲ ਤਖਤ ਵਲੋਂ ਪ੍ਰਵਾਣਿਤ ਹੈ ਵਿਚ 'ਜਨਮਸਾਖੀ' ਦੇ ਪੜ੍ਹਨ ਬਾਰੇ ਕਿਧਰੇ ਜ਼ਿਕਰ ਨਹੀਂ ਹੈ। ਸਹੀ ਮਰਯਾਦਾ ਇਹ ਕਿ "ਮਿਰਤਕ ਦਾ ਸਸਕਾਰ ਕਰਨ ਉਪਰੰਤ ਘਰ ਆ ਕੇ ਜਾਂ ਨੇੜੇ ਦੇ ਗੁਰਦੁਆਰੇ ਵਿਚ 'ਸਹਿਜ ਪਾਠ' ਰਖਿਆ ਜਾਵੇ। ਰਾਤ ਨੂੰ ਗੁਰਬਾਣੀ ਦਾ ਕੀਰਤਨ ਹੋਵੇ ਉਪਰੰਤ ਸੋਹਿਲੇ ਦਾ ਪਾਠ ਕਰਕੇ ਅਰਦਾਸ ਕੀਤੀ ਜਾਵੇ। ਸਹਿਜ ਪਾਠ ਦਾ ਭੋਗ ਦਸਵੇਂ ਦਿਨ ਜਾਂ ਆਪਣੀ ਸੌਖ ਨੂੰ ਮੁਖ ਰਖਦਿਆਂ ਦਿਨ ਘਟ ਵਧ ਕਰਕੇ ਭੋਗ ਪਾਇਆ ਜਾਵੇ।" ਹਰ ਸਿੱਖ ਨੂੰ ਪੰਥਕ ਰਹਿਤ ਮਰਯਾਦਾ ਅਨੁਸਾਰ ਹੀ ਸਾਰੇ ਸੰਸਕਾਰ ਕਰਨੇ ਕਰਾਉਣੇ ਚਾਹੀਦੇ ਹਨ। ਜੇ ਅਸੀਂ ਗੁਰਸਿੱਖਾਂ ਨੇ ਹੀ ਸਿਖ ਰਹਿਤ ਮਰਯਾਦਾ ਨੂੰ ਨਹੀਂ ਮੰਨਣਾ ਤਾਂ ਹੋਰ ਅਨਮਤਾਂ ਦੇ ਬੰਦਿਆਂ ਤੇ ਅਸੀਂ ਸਿਖੀ ਦਾ ਪ੍ਰਭਾਵ ਕਿਵੇਂ ਪਾ ਸਕਦੇ ਹਾਂ? ਆਪ ਹੀ ਨਵੀਆਂ ਪੰਥਕ ਰਹਿਤ ਮਰਯਾਦਾਵਾਂ ਤੋਰਨੀਆਂ ਪੰਥਕ ਏਕਤਾ ਨੂੰ ਖੇਰੂੰ ਖੇਰੂੰ ਕਰਨ ਵਾਲੀ ਨਾਪਾਕ ਹਰਕਤ ਹੈ ਜੋ ਕਦੀ ਵੀ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ।

32. ਸਵਾਲ: ਅਰਦਾਸ ਸਮੇਂ ਕਈ ਲੋਕ ਅਰਦਾਸੀਏ ਸਿੰਘ ਦੇ ਅਗੋਂ ਦੀ ਲੰਘ ਜਾਂਦੇ ਹਨ, ਇਸੇ ਤਰ੍ਹਾਂ ਵਿਆਹ ਮਹੂਰਤ ਜਾਂ ਨਾਮ ਰੱਖਣ

ਆਦਿ ਸਮਾਗਮਾਂ ਸਮੇਂ ਅਰਦਾਸ ਕਰਦੇ ਹੋਏ ਸਿੰਘ ਨੂੰ ਰੋਕ ਕੇ ਨਾਮ ਦਸਣ ਲੱਗ ਜਾਂਦੇ ਹਨ। ਕੀ ਐਸਾ ਕਰਨਾ ਠੀਕ ਹੈ?

ਜਵਾਬ: ਅਰਦਾਸ ਸਮੇਂ ਅਰਦਾਸੀਏ ਸਿੰਘ ਅਤੇ ਸੰਗਤਾਂ ਨੂੰ ਆਪਣਾ ਧਿਆਨ ਗੁਰੂ ਵੱਲ ਇਕਾਗਰ ਕਰ ਕੇ ਰੱਖਣਾ ਚਾਹੀਦਾ ਹੈ। ਇਸ ਲਈ ਹਰ ਇਕ ਦਾ ਇਹ ਫਰਜ਼ ਹੈ ਕਿ ਅਰਦਾਸ ਸਮੇਂ ਉਹ ਜਿਥੇ ਵੀ ਹੋਵੇ ਸਾਵਧਾਨ ਹੋ ਕੇ ਹੱਥ ਜੋੜ ਕੇ ਖੜ੍ਹਾ ਹੋ ਜਾਵੇ। ਅਰਦਾਸੀਏ ਸਿੰਘ ਨੂੰ ਅਰਦਾਸ ਕਰਦੇ ਸਮੇਂ ਟੋਕਣਾ ਜਾਂ ਕੋਈ ਗੱਲ ਕਹਿਣੀ ਬਿਲਕੁਲ ਸ਼ੋਭਾ ਨਹੀਂ ਦਿੰਦਾ। ਜੇ ਕੁਝ ਕਹਿਣਾ ਹੋਵੇ ਤਾਂ ਅਰਦਾਸ ਕਰਨ ਤੋਂ ਪਹਿਲਾਂ ਹੀ ਕਹਿ ਦੇਣਾ ਚਾਹੀਦਾ ਹੈ ਜਾਂ ਲਿਖ ਕੇ ਦੇਣਾ ਚਾਹੀਦਾ ਹੈ। ਕਈ ਸੱਜਣ ਅਰਦਾਸੀਏ ਸਿੰਘ ਦੀ ਮੁੱਠੀ ਵਿਚ ਅਰਦਾਸ ਦੇ ਦੌਰਾਨ ਭੇਟ ਵਜੋਂ ਰੁਪਈਏ ਫੜਾ ਦਿੰਦੇ ਹਨ ਐਸਾ ਕਰਨਾ ਭੀ ਗੁਰਮਤਿ ਦੇ ਉਲਟ ਹੈ। ਸਿੱਖ ਧਰਮ ਵਿਚ ਅਰਦਾਸ ਭੇਂਟ ਨਾਮ ਦੀ ਕੋਈ ਮਰਾਯਾਦਾ ਨਹੀਂ ਹੈ।

33. ਸਵਾਲ ਕੀ ਗੁਰਸਿੱਖਾਂ ਨੂੰ ਮੜੀਆਂ – ਮਸਾਣ ਪੂਜਣ, ਨਵਰਾਤਰੇ ਤੇ ਵਰਤ ਆਦਿ ਰਖਣ ਦੀ ਖੁਲ੍ਹ ਹੈ?

ਜਵਾਬ: ਨਹੀਂ ਜੀ! ਐਸ਼ਾ ਕਰਨ ਵਾਲਾ ਗੁਰੂ ਦਾ ਸਿੱਖ ਨਹੀਂ ਅਖਵਾ ਸਕਦਾ। ਇਹ ਸਭ ਕੁਝ ਗੁਰਬਾਣੀ ਦੀ ਸਿਖਿਆ ਦੇ ਉਲਟ ਹੈ। ਗੁਰੂ ਸਾਹਿਬ ਦਾ ਫੁਰਮਾਣ ਹੈ-

– **ਦੁਬਿਧਾ ਨ ਪੜਉ, ਹਰਿ ਬਿਨੁ ਹੋਰੁ ਨਾ ਪੂਜਉ,**
ਮੜੈ ਮਸਾਣਿ ਨ ਜਾਈ।। (ਸੋਰਠਿ ਮ: ੧, ਪੰਨਾ ੬੩੪)

– **ਛੋਡਹਿ ਅੰਨੁ ਕਰਹਿ ਪਾਖੰਡ।।**
ਨਾ ਸੋਹਾਗਨਿ ਨ ਉਹਿ ਰੰਡ।। (ਭਗਤ ਕਬੀਰ ਜੀ, ਪੰਨਾ-੮੭੩)

34. ਸਵਾਲ: ਕੀ ਇਕ ਜਗ੍ਹਾ ਦੋ ਅਖੰਡ ਪਾਠ ਹੋ ਸਕਦੇ ਹਨ? ਭਾਵ ਇਕ ਪੱਤਰਾ ਇਕ ਪਾਠੀ ਤੇ ਦੂਜਾ ਪਤਰਾ ਦੂਜਾ ਪਾਠੀ ਦੂਜੀ ਬੀੜ ਤੋ ਪੜ੍ਹ ਸਕਦਾ ਹੈ?

ਜਵਾਬ: ਸਿੱਖ ਰਹਿਤ ਮਰਯਾਦਾ ਅਨੁਸਾਰ ਇਕ ਅਸਥਾਨ ਤੇ ਇਕੋ ਸਮੇਂ ਕੇਵਲ ਇਕ ਹੀ ਅਖੰਡ ਪਾਠ ਹੋ ਸਕਦਾ ਹੈ, ਦੂਸਰਾ ਨਹੀਂ। ਕਿਉਂਕਿ ਜੇਕਰ ਇਕ ਜਗ੍ਹਾ ਤੇ ਇਕੋ ਸਮੇਂ ਇਕ ਤੋਂ ਵਧ ਅਖੰਡ ਪਾਠ ਹੋਣਗੇ ਤਾਂ ਸਭ ਪਾਠੀਆਂ ਦੀ ਆਵਾਜ਼ ਆਪਸ ਵਿਚ ਰਲਗੱਡ ਹੋ ਜਾਵੇਗੀ, ਜਿਸ ਨਾਲ ਸਰੋਤਿਆਂ ਨੂੰ ਕੋਈ ਸਮਝ ਨਹੀਂ ਆਵੇਗੀ। ਜੇਕਰ ਪਾਠੀ ਚੁੱਪ ਚਾਪ ਪਾਠ ਕਰਨਗੇ ਤਾਂ ਐਸੇ

ਪਾਠ ਦਾ ਸਰੋਤਿਆਂ ਨੂੰ ਕੋਈ ਲਾਭ ਨਹੀਂ ਹੋਵੇਗਾ। ਬਾਕੀ ਜਿਵੇਂ ਆਪ ਜੀ ਨੇ ਲਿਖਿਆ ਹੈ ਕਿ ਇਕ ਪੱਤਰਾ ਇਕ ਪਾਠੀ ਤੇ ਦੂਜਾ ਪੱਤਰਾ ਦੂਜਾ ਪਾਠੀ ਦੂਜੀ ਬੀੜ ਤੋਂ ਪੜ੍ਹੇ, ਇਹ ਬੜੀ ਨਜਾਇਜ਼ ਹਰਕਤ ਹੈ ।

35. **ਸਵਾਲ: ਕਈ ਵਾਰੀ ਜਦੋਂ ਅਖੰਡ ਪਾਠ ਅਰੰਭ ਕੀਤਾ ਜਾਂਦਾ ਹੈ ਤਾਂ ਕਈ ਮਾਈਆ ਬੀਬੀਆਂ 'ਪੀੜ੍ਹੇ' ਦੇ ਪਾਵਿਆਂ ਨਾਲ ਸੱਤ- ਵੰਨੀ ਦਾ ਧਾਗਾ ਬੰਨ੍ਹ ਦੇਦੀਆਂ ਹਨ ਤੇ ਕਹਿੰਦੀਆਂ ਹਨ ਕਿ ਜੇਕਰ ਕਿਸੇ ਨੂੰ ਕੋਈ ਬਿਮਾਰੀ ਲਗੀ ਹੋਵੇ ਤਾਂ ਇਹ ਧਾਗਾ ਬੰਨਣ ਨਾਲ ਠੀਕ ਹੋ ਜਾਂਦੀ ਹੈ। ਕੀ ਇਹ ਵੀਚਾਰ ਠੀਕ ਹੈ?**

ਜਵਾਬ: ਇਹ ਗੱਲ ਕੇਵਲ ਭਰਮ ਰੂਪ ਹੈ ਤੇ ਅਗਿਆਨਤਾ ਦੀ ਪ੍ਰਤੀਕ ਹੈ। 'ਅਖੰਡ ਪਾਠ' ਕਰਾਉਣ ਦਾ ਮਕਸਦ ਗੁਰਬਾਣੀ ਦਾ ਲਾਹਾ ਲੈਣਾ ਹੈ, ਇਹੋ ਜਿਹੇ ਭਰਮਾਂ ਵਿਚ ਪੈਣਾ ਨਹੀਂ। ਇਹ ਭਰਮ ਰੂਪ ਕਰਮ ਸਭ ਬ੍ਰਾਹਮਣੀ ਮਤ ਦੀ ਦੇਣ ਹਨ ਜਿਹਨਾਂ ਦਾ ਗੁਰਮਤਿ ਨਾਲ ਦੂਰ ਦਾ ਵੀ ਸਬੰਧ ਨਹੀਂ।

36. **ਸਵਾਲ: ਕੀ ਅਨੰਦ ਕਾਰਜ ਦੇ ਮੌਕੇ ਤੇ ਲੜਕੇ ਲੜਕੀ ਨੂੰ ਵਖਰਾ ਗਦੇਲਾ ਵਿਛਾ ਕੇ ਉਸ ਉਪਰ ਬਿਠਾਉਣਾ ਗੁਰਮਤਿ ਅਨੁਸਾਰ ਠੀਕ ਹੈ?**

ਜਵਾਬ: ਸਿੱਖੀ ਸਿਧਾਂਤਾਂ ਅਨੁਸਾਰ ਸ੍ਰੀ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਕਿਸੇ ਵੀ ਪ੍ਰਾਣੀ ਦਾ ਗਦੇਲਾ ਵਿਛਾ ਕੇ ਬੈਠਣਾ ਮਨਮਤਿ ਹੈ। ਸੰਗਤ ਵਿਚ ਬਰਾਬਰੀ ਦਾ ਅਸੂਲ ਸਿਖ ਧਰਮ ਨੇ ਨੀਅਤ ਕੀਤਾ ਹੈ। ਲੜਕਾ ਅਤੇ ਲੜਕੀ ਨੇ ਅਨੰਦ ਕਾਰਜ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਨਿਮ੍ਰਤਾ ਸਹਿਤ ਅਰਦਾਸ ਕਰਕੇ ਗ੍ਰਿਹਸਤ ਮਾਰਗ ਦੀ ਸਫਲਤਾ ਲਈ ਜਾਚਨਾ ਕਰਨੀ ਹੈ, ਪਰ ਜੇ ਸੁਭਾਗ ਜੋੜੀ ਸੰਗਤ ਵਿਚ ਬਰਾਬਰੀ ਦੇ ਅਸੂਲ ਨੂੰ ਛਿਕੇ ਤੇ ਟੰਗੇ ਤੇ ਗੁਰੂ ਗਰੰਥ ਸਾਹਿਬ ਦੇ ਸਤਿਕਾਰ ਨੂੰ ਠੇਸ ਪਹੁੰਚਾਉਣ ਲਈ ਗਦੇਲੇ ਤੇ ਬੈਠਣ ਵਾਲੀ ਕੋਝੀ ਕਾਰ ਕਰੇ ਤਾਂ ਫਿਰ ਸੁਭਾਗ ਜੋੜੀ ਉਤੇ ਗੁਰੂ ਜੀ ਦੀ ਅਤੇ ਗੁਰੂ ਜੀ ਦੀ ਸੰਗਤ ਦੀ ਪ੍ਰਸੰਨਤਾ ਕਿਵੇਂ ਹੋ ਸਕਦੀ ਹੈ ? ਗਦੇਲੇ ਤੇ ਬੈਠਣਾ ਹੰਕਾਰੀ ਬਿਰਤੀ ਦਾ ਪ੍ਰਗਟਾਵਾ ਹੈ, ਨਿਮਰਤਾ ਦਾ ਨਹੀਂ।

37. **ਸਵਾਲ: ਕੀ ਦਾਹੜਾ ਰੰਗਣਾ ਸਿੱਖ ਧਰਮ ਵਿਚ ਪ੍ਰਵਾਣ ਹੈ?**

ਜਵਾਬ: ਨਹੀਂ ਜੀ। ਸਿੱਖ ਰਹਿਤ ਮਰਯਾਦਾ ਅਨੁਸਾਰ ਦਾਹੜਾ ਰੰਗਣ ਵਾਲਾ ਗੁਰਸਿੱਖ 'ਤਨਖਾਹੀਆ' ਹੈ। ਅਜਿਹੇ ਤਨਖਾਹਈਏ ਨੂੰ ਪੰਜਾਂ ਪਿਆਰਿਆਂ ਦੇ ਸਨਮੁਖ ਪੇਸ਼ ਹੋ ਕੇ ਤਨਖਾਹ (ਦੰਡ) ਲੁਆਉਣੀ ਪੈਂਦੀ ਹੈ। ਤਨਖਾਹ ਲੁਆਉਣ

ਤੇ ਭੁਗਤਾਉਣ ਦੇ ਬਾਅਦ ਹੀ ਐਸਾ ਸਿੱਖ, ਖਾਲਸਾ ਜਥੇਬੰਦੀ ਵਿਚ ਰਲਾਇਆ ਜਾ ਸਕਦਾ ਹੈ।

'ਦਾਹੜਾ ਰੰਗਣ' ਦੇ ਪਿਛੇ ਜੋ ਭਾਵਨਾ ਕੰਮ ਕਰਦੀ ਹੈ ਉਹ ਇਹ ਹੈ ਕਿ ਮੈ ਜੁਆਨ ਨਜ਼ਰ ਆਵਾਂ। ਪਰ ਗੁਰਬਾਣੀ ਦਸਦੀ ਹੈ ਕਿ ਕੋਈ ਬੰਦਾ ਕਿੰਨਾ ਵੀ ਜ਼ੋਰ ਲਾ ਲਵੇ ਬੁਢਾਪੇ ਨੇ ਇਕ ਦਿਨ ਆ ਹੀ ਜਾਣਾ ਹੈ ਤੇ ਬੁਢਾਪੇ ਦੇ ਅਗੇ ਜੋਬਨ ਨੇ ਹਾਰ ਜਾਣਾ ਹੈ। ਸੋ ਅਸਲੀਅਤ ਉਤੇ ਪੜਦਾ ਪਾਉਣ ਦਾ ਕੀ ਲਾਭ? ਬਣਾਵਟ ਵਿਚੋਂ ਜਿੰਦਗੀ ਨਹੀਂ ਲਭੀ ਜਾ ਸਕਦੀ। ਅਜਿਹੀ ਜਿੰਦਗੀ ਕੇਵਲ ਧੋਖਾ ਹੈ, ਹੋਰ ਕੁਝ ਨਹੀਂ।

38. ਸਵਾਲ: ਗੁਰਬਾਣੀ ਦੀ ਵਿਆਖਿਆ ਕਰਦੇ ਸਮੇਂ ਕਈ ਗਿਆਨੀ, ਸ਼ਬਦ ਦੀ ਉਥਾਨਕਾ ਵਜੋਂ ਕੋਈ ਸਾਖੀ ਜਾਂ ਕਹਾਣੀ ਸੁਣਾਉਂਦੇ ਹਨ। ਕੀ ਐਸਾ ਕਰਨਾ ਠੀਕ ਹੈ?

ਜਵਾਬ: ਜੇ ਉਥਾਨਕਾ ਸ਼ਬਦ ਜਾਂ ਕਿਸੇ ਘਟਨਾ ਦੇ ਨਾਲ ਸਬੰਧ ਰਖਦੀ ਹੈ ਅਤੇ ਗੁਰਮਤਿ ਅਸੂਲਾਂ ਤੇ ਯੁਕਤਿ ਦੇ ਵਿਰੁਧ ਨਹੀਂ, ਉਸ ਦੇ ਸੁਣਾਉਣ ਤੇ ਮੰਨਣ ਵਿਚ ਕੋਈ ਹਰਜ਼ ਵਾਲੀ ਗੱਲ ਨਹੀਂ, ਜਿਵੇਂ, ਜਗਨਨਾਥ ਜਾ ਕੇ ਗੁਰੂ ਸਾਹਿਬ ਨੇ 'ਗਗਨ ਮੈ ਥਾਲ' ਵਾਲਾ ਸ਼ਬਦ ਉਚਾਰਿਆ, ਗਯਾ ਤੀਰਥ ਤੇ 'ਪਿੰਡ ਪਤਲਿ ਮੇਰੀ ਕੇਸਉ' ਸ਼ਬਦ ਦੁਆਰਾ ਪਾਂਡਿਆਂ ਨੂੰ ਉਪਦੇਸ਼ ਦਿਤਾ। ਪਰ ਬਹੁਤੇ ਸ਼ਬਦਾਂ ਦੀ ਉਥਾਨਿਕਾ ਮੂਲੋਂ ਹੀ ਅਸੰਗਤ ਹੈ, ਜਿਵੇਂ "ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ" ਦੀ ਉਥਾਨਿਕਾ ਘੜੀ ਹੈ ਕਿ ਮਸਕੀਨੀਆ ਨਾਮ ਦਾ ਪਹਿਲਵਾਨ ਉਪਕਾਰ ਵਾਸਤੇ ਮੱਲ ਅਖਾੜੇ ਵਿਚ ਢਹਿ ਪਿਆ। ਇਸੇ ਤਰ੍ਹਾਂ "ਕੀੜਾ ਥਾਪਿ ਦੇਇ ਪਾਤਸਾਹੀ" ਦੀ ਉਥਾਨਿਕਾ ਘੜੀ ਹੈ ਕਿ ਗੁਰੂ ਨਾਨਕ ਦੇਵ ਜੀ ਕੀਟ ਨਗਰ ਗਏ ਉਥੇ ਕੀੜਿਆਂ ਦਾ ਰਾਜ ਸੀ, ਇਕ ਰਾਜੇ ਦੀ ਸਾਰੀ ਫੌਜ ਕੀੜਿਆਂ ਨੇ ਪਤਾਲੋਂ ਜ਼ਹਿਰ ਲਿਆ ਕੇ ਮਾਰ ਮੁਕਾਈ ਆਦਿ। ਇਹੋ ਜਿਹੀਆਂ ਉਥਾਨਕਾਂ ਤਿਆਗਣ ਯੋਗ ਹਨ। ਭਾਈ ਕਾਨ੍ਹ ਸਿੰਘ ਜੀ ਨਾਭਾ 'ਗੁਰਮਤਿ ਮਾਰਤੰਡ' ਵਿਚ ਲਿਖਦੇ ਹਨ ਕਿ ਸੰਪ੍ਰਦਾਈ ਗਿਆਨੀਆਂ ਨੇ ਮਨੋ ਕਲਪਿਤ ਉਥਾਨਿਕਾ ਗਰੰਥ ਲਿਖਕੇ, ਉਸਦੇ ਕਰਤਾ ਗੁਰੂ ਅਰਜਨ ਦੇਵ ਜੀ ਅਤੇ ਦਸਮੇਸ਼ ਜੀ ਨੂੰ ਮੰਨਿਆ ਹੈ, ਅਰ ਭਾਈ ਗੁਰਦਾਸ ਅਤੇ ਭਾਈ ਮਨੀ ਸਿੰਘ ਜੀ ਹੱਥੀਂ ਉਥਾਨਿਕਾਂ ਦਾ ਲਿਖੇ ਜਾਣਾ ਕਲਪਿਆ ਹੈ ਪਰ ਇਹ ਗੱਲ ਮੂਲੋਂ ਹੀ ਗਲਤ ਹੈ।

ਸਾਰੇ ਸ਼ਬਦਾਂ ਦੀ ਉਥਾਨਿਕਾ ਤਿਆਗਣ ਯੋਗ ਨਹੀਂ, ਕਈ ਉਥਾਨਿਕਾਂ ਅਜਿਹੀਆਂ ਹਨ ਕਿ ਜਿਨ੍ਹਾਂ ਦੇ ਜਾਣੇ ਬਿਨਾਂ ਸ਼ਬਦ ਦਾ ਭਾਵ ਚੰਗੀ ਤਰ੍ਹਾਂ ਨਹੀਂ ਸਮਝਿਆ ਜਾਂਦਾ । ਸੋ ਵਿਚਾਰਵਾਨਾਂ ਨੂੰ ਵਿਵੇਕ ਬੁਧਿ ਨਾਲ ਯੋਗ ਅਤੇ ਅਯੋਗ ਉਥਾਨਿਕਾ ਦਾ ਨਿਰਣਾ ਕਰ ਲੈਣਾ ਚਾਹੀਦਾ ਹੈ।

39. ਸਵਾਲ: – – – – ਵਾਲੇ ਅੰਮ੍ਰਿਤ ਛਕਾਉਣ ਵੇਲੇ ਅਖੌਤੀ ਉਚ ਜਾਤੀਆਂ ਅਤੇ ਅਖੌਤੀ ਸ਼ੂਦਰਾਂ ਨੂੰ ਅੱਡ ਅੱਡ ਪੰਗਤਾਂ ਵਿਚ ਵਖਰੇ ਵਖਰੇ ਬਾਟੇ ਵਿਚੋਂ ਅੰਮ੍ਰਿਤਪਾਨ ਕਰਵਾਉਂਦੇ ਹਨ। ਉਹ ਇਹ ਵੀ ਕਹਿੰਦੇ ਹਨ ਕਿ ਕੋਈ ਭੀ ਅਖੌਤੀ ਨੀਵੀਂ ਜਾਤ ਵਾਲਾ ਅੰਮ੍ਰਿਤਧਾਰੀ ਸਿੰਘ ਦੇਗ ਨਹੀਂ ਵਰਤਾ ਸਕਦਾ। ਕੀ ਇਸ ਤਰ੍ਹਾਂ ਦੀ ਸੋਚਣੀ ਗੁਰਮਤਿ ਅਨੁਸਾਰ ਠੀਕ ਹੈ?

ਜਵਾਬ: ਸਾਨੂੰ - - - - ਦੀ ਮਰਯਾਦਾ ਬਾਰੇ ਤਾਂ ਪਤਾ ਨਹੀਂ ਕਿ ਉਹ ਕਿਵੇਂ ਅੰਮ੍ਰਿਤ ਛਕਾਉਂਦੇ ਹਨ। ਪਰ ਇਕ ਗਲ ਸੱਪਸ਼ਟ ਹੈ ਕਿ ਕੋਈ ਵੀ ਜਥਾ ਜੋ ਪੰਥਕ ਰਹਿਤ ਮਰਯਾਦਾ ਦੇ ਉਲਟ ਕੋਈ ਕਾਰਵਾਈ ਕਰਦਾ ਹੈ ਤਾਂ ਉਹ ਗੱਲ ਗੁਰਮਤਿ ਨਹੀਂ ਹੋ ਸਕਦੀ। ਅੰਮ੍ਰਿਤ ਛਕਾਉਣ ਦਾ ਮਨੋਰਥ ਜ਼ਾਤ ਪਾਤ ਦੇ ਭੇਦ-ਭਾਵ ਨੂੰ ਜੜੋਂ ਖਤਮ ਕਰਨਾ ਹੈ। ਅੰਮ੍ਰਿਤ ਛਕਣ ਉਪ੍ਰੰਤ ਕਿਸੇ ਦੀ ਕੋਈ ਜ਼ਾਤ ਪਾਤ ਨਹੀਂ ਰਹਿ ਜਾਂਦੀ, ਸਭ ਖਾਲਸਾ ਸਜ ਜਾਂਦੇ ਹਨ। ਇਸ ਲਈ ਜ਼ਾਤ-ਪਾਤ ਦੀਆਂ ਵੰਡੀਆਂ ਪਾ ਕੇ ਅੰਮ੍ਰਿਤ ਛਕਾਉਣਾ ਕਿਸੇ ਲਈ ਵੀ ਯੋਗ ਨਹੀਂ ਹੈ। ਅੰਮ੍ਰਿਤ ਦਾ ਬਾਟਾ ਕੇਵਲ ਇਕ ਹੀ ਹੋ ਸਕਦਾ ਹੈ ਦੋ ਜਾਂ ਤਿੰਨ ਨਹੀਂ। ਸਾਨੂੰ ਇਹ ਵੀ ਸੁਣਨ ਵਿਚ ਆਇਆ ਹੈ ਕਿ ਕਈ ਥਾਵਾਂ ਤੇ ਇਸਤਰੀਆਂ ਨੂੰ ਵਖਰੇ ਬਾਟੇ ਵਿਚੋਂ ਕਿਰਪਾਨ ਦਾ ਅੰਮ੍ਰਿਤ ਛਕਾਇਆ ਜਾਂਦਾ ਹੈ ਜੋ ਕਿ ਗੁਰਮਤਿ ਵਿਰੋਧੀ ਕਰਮ ਹੈ। ਅੰਮ੍ਰਿਤ ਕੇਵਲ ਉਹੀ ਹੈ ਜੋ ਸਿੱਖ ਰਹਿਤ ਮਰਯਾਦਾ ਅਨੁਸਾਰ ਤਿਆਰ ਬਰ ਤਿਆਰ ਪੰਜ ਪਿਆਰੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਤਿਆਰ ਕਰਨ।

40. ਸਵਾਲ: ਸਿੱਖ ਕਿਸ ਨੂੰ ਕਹਿੰਦੇ ਹਨ?

ਜਵਾਬ: 'ਸਿੱਖ ਰਹਿਤ ਮਰਯਾਦਾ' ਅਨੁਸਾਰ ਜੋ ਇਸਤਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤਕ), ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸਚਾ ਰੱਖਦਾ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।

41. **ਸਵਾਲ: ਸਿਖ ਧਰਮ ਵਿਚ ਨਿਗੁਰਾ ਕਿਸ ਨੂੰ ਕਹਿੰਦੇ ਹਨ?**

ਜਵਾਬ: ਸਿਖ ਧਰਮ ਅਨੁਸਾਰ ਜੋ .ਇਸਤਰੀ ਜਾਂ ਪੁਰਸ਼ ਪੰਜ ਪਿਆਰਿਆਂ ਪਾਸੋਂ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਅਨੁਸਾਰ ਜੀਵਨ ਢਾਲਣ ਦਾ ਪ੍ਰਣ ਕਰਦਾ ਹੈ ਉਹ ਗੁਰੂ ਵਾਲਾ ਹੈ। ਜਿਸ ਨੇ ਇਹ ਪ੍ਰਣ ਨਹੀਂ ਕੀਤਾ ਉਹ ਨਿਗੁਰਾ ਹੈ। ਗੁਰਬਾਣੀ ਦਾ ਫੁਰਮਾਨ ਹੈ : **ਨਿਗੁਰੇ ਕਾ ਹੈ ਨਾਉ ਬੁਰਾ।**

42. **ਸਵਾਲ: ਤਨਖਾਹੀਆ ਕਿਸ ਨੂੰ ਕਿਹਾ ਜਾਂਦਾ ਹੈ ? ਕੀ ਤਨਖਾਹੀਆ ਸ੍ਰੀ ਅਕਾਲ ਤਖਤ ਸਾਹਿਬ ਕਾਰ ਸੇਵਾ ਕਰ ਜਾਂ ਕਰਵਾ ਸਕਦਾ ਹੈ?**

ਜਵਾਬ: ਖਾਲਸਾ ਧਰਮ ਦੇ ਨਿਯਮਾਂ ਤੇ ਸਿੱਖ ਪੰਥ ਦੀ ਵਿਰੋਧਤਾ ਕਰਨ ਵਾਲਾ ਤਨਖਾਹੀਆ ਭਾਵ ' ਦੰਡ ਦਾ ਭਾਗੀ ' ਸਮਝਿਆ ਜਾਂਦਾ ਹੈ। ਉਹ ਸਿੱਖ ਵੀ ਤਨਖਾਹੀਆ ਹੈ ਜੋ ਰਹਿਤ ਵਿਚ ਭੁਲ ਕਰਦਾ ਹੈ। ਜੋ ਸਿੱਖ, ਗੁਰੂ ਪੰਥ ਦੇ ਦੋਖੀਆਂ ਨਾਲ ਮਿਲਵਰਤਨ ਕਰਕੇ ਖਾਲਸਾ ਜਥੇਬੰਦੀ ਨੂੰ ਸੱਟ ਮਾਰਦਾ ਹੈ ਉਹ ਵੀ ਤਨਖਾਹੀਆ ਹੈ, ਜਿਵੇਂ ਕਿ ਗੁਰੂ ਸਾਹਿਬਾਨ ਦੇ ਸਮੇਂ ਤੋਂ ਲੈ ਕੇ ਅਜ ਤਕ ਮੀਣਿਆਂ, ਮਸੰਦਾਂ, ਧੀਰਮਲੀਆਂ, ਆਦਿਕ ਪੰਥ ਵਿਰੋਧੀਆਂ ਨਾਲ ਵਰਤਣ ਵਾਲਾ ਤਨਖਾਹੀਆ ਸਮਝਿਆ ਜਾਂਦਾ ਹੈ।

ਤਨਖਾਹੀਆ ਗੁਰੂ ਸੰਗਤ ਵਿਚ ਪੰਜਾਂ ਪਿਆਰਿਆਂ ਦੇ ਸਨਮੁਖ ਪੇਸ਼ ਹੋ ਕੇ ਆਪਣੇ ਕੀਤੇ ਕਸੂਰ ਦੀ ਮਾਫ਼ੀ ਮੰਗਦਾ ਤੇ ਪਸ਼ਚਾਤਾਪ ਕਰਦਾ ਹੈ। ਪੰਜ ਪਿਆਰੇ ਸੰਗਤ ਵਿਚ ਉਸ ਨੂੰ ਦੰਡ ਲਾਉਂਦੇ ਹਨ, ਜਿਸ ਨੂੰ 'ਤਨਖਾਹ ਲਾਉਣਾ' ਕਿਹਾ ਜਾਂਦਾ ਹੈ। ਤਨਖਾਹ ਆਮ ਤੌਰ ਤੇ ਕਿਸੇ ਕਿਸਮ ਦੀ ਸੇਵਾ ਖਾਸ ਕਰਕੇ ਜੋ ਹੱਥਾਂ ਨਾਲ ਕੀਤੀ ਜਾ ਸਕੇ ਜਿਵੇਂ ਜੋੜਿਆਂ ਦੀ ਸੇਵਾ ਕਰਨੀ, ਲੰਗਰ ਦੇ ਜੂਠੇ ਬਰਤਨ ਮਾਂਜਣਾ, ਝਾੜੂ ਦੇਣਾ ਆਦਿ ਦੀ ਲਾਈ ਜਾਂਦੀ ਹੈ। ਜੋ ਤਨਖਾਹੀਆਂ ਸਿੱਖ ਆਪਣੀ ਗਲਤੀ ਨਾ ਮੰਨੇ, ਭੁਲ ਨਾ ਬਖਸ਼ਾਵੇ ਤਾਂ ਉਹ ਪੰਥ ਵਿਚੋਂ ਖਾਰਜ ਕਰ ਦਿਤਾ ਜਾਂਦਾ ਹੈ। ਅਜੇਹੇ ਸਿੱਖ ਨੂੰ ' ਪਤਿਤ ' ਕਹਿੰਦੇ ਹਨ।

ਉਪਰ ਦਿਤੀ ਵੀਚਾਰ ਤੋਂ ਸਪਸ਼ਟ ਹੈ ਕਿ ਕਾਰ ਸੇਵਾ ਕਰਨ ਦਾ ਅਧਿਕਾਰ ਤਨਖਾਹੀਏ ਸਿੱਖ ਨੂੰ ਹਰਗਿਜ਼ ਨਹੀਂ ਦਿਤਾ ਜਾ ਸਕਦਾ ਜਿੰਨਾ ਚਿਰ ਉਹ ਭੁਲ ਬਖਸ਼ਾ ਕੇ ਦੰਡ ਲੁਆ ਕੇ, ਦੰਡ ਦੀ ਪੂਰਤੀ ਨਹੀਂ ਕਰ ਲੈਂਦਾ। ' ਕਾਰ ਸੇਵਾ ' ਇਕ ਬਹੁਤ ਵਡੀ ਜ਼ਿੰਮੇਵਾਰੀ ਤੇ ਸਨਮਾਨ ਵਾਲੀ ਸੇਵਾ ਹੈ। ' ਸਿੱਖ ਰਹਿਤ ਮਰਯਾਦਾ ' ਅਨੁਸਾਰ ਤਖਤਾਂ ਦੇ ਖਾਸ ਅਸਥਾਨਾਂ ਉਤੇ ਕੇਵਲ

ਰਹਿਤਵਾਨ ਅੰਮ੍ਰਿਤਧਾਰੀ (ਸਿੰਘ ਜਾਂ ਸਿੰਘਣੀ) ਹੀ ਚੜ੍ਹ ਸਕਦੇ ਹਨ। ਤਖਤਾਂ ਉਤੇ ਪਤਿਤ ਤੇ ਤਨਖਾਹੀਏ ਸਿਖ ਤੋਂ ਬਿਨਾਂ ਹਰ ਇਕ ਪ੍ਰਾਣੀ ਮਾਤਰ ਸਿਖ ਗੈਰ-ਸਿਖ ਦੀ ਅਰਦਾਸ ਹੋ ਸਕਦੀ ਹੈ। ਇਸ ਤੋਂ ਭਲੀ-ਭਾਂਤ ਸਮਝਿਆ ਜਾ ਸਕਦਾ ਹੈ ਕਿ ਜਿਸ ਤਖਤ ਤੇ ਤਨਖਾਹੀਏ ਤੇ ਪਤਿਤ ਦੀ ਅਰਦਾਸ ਤਕ ਨਹੀਂ ਹੋ ਸਕਦੀ, ਉਸ ਤਖਤ ਦੀ ਕਾਰ ਸੇਵਾ ਇਕ ਤਨਖਾਹੀਆ ਤੇ ਸਿੱਖੀ ਤੋਂ ਖਾਰਜ ਕੀਤਾ ਬੰਦਾ ਕਿਵੇਂ ਕਰਵਾ ਸਕਦਾ ਹੈ।

43. ਸਵਾਲ: ਗੁਰਮਤਾ ਕੀ ਹੈ?

ਜਵਾਬ: ਗੁਰਮਤਾ ਦਾ ਅਖਰੀ ਅਰਥ ਹੈ, 'ਗੁਰੂ ਦਾ ਹੁਕਮ, ਫੈਸਲਾ(ਆਦੇਸ਼)'। ਆਰੰਭ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤਕ ਗੁਰਮਤੇ ਦਾ ਅਰਥ ਇਸ ਪ੍ਰਕਾਰ ਲਿਆ ਜਾਂਦਾ ਸੀ ਉਹ ਫੁਰਮਾਨ ਜਿਸ ਵਿਚ ' ਗੁਰੂ ਸਾਹਿਬ ਦਾ ਹੁਕਮ' (ਆਦੇਸ਼) ਹੋਵੇ।

ਆਰੰਭ ਤੋਂ ਹੀ ਸਾਰੇ ਗੁਰੂ ਸਾਹਿਬ ਇਸ ਗੱਲ ਤੇ ਜ਼ੋਰ ਦੇਂਦੇ ਰਹੇ ਕਿ ਭਾਵੇਂ ਉਹਨਾਂ ਦਾ ਸਰੀਰ ਅਲੱਗ ਅਲੱਗ ਹੈ ਪਰ ਉਹਨਾਂ ਅੰਦਰਲੀ ਜੋਤਿ ਇਕ ਹੀ ਹੈ। ਜਦੋਂ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤੀ ਸਮਾਏ ਤਾਂ ਉਹਨਾਂ ਨੇ ਗੁਰਗਦੀ ਗੁਰੂ ਗ੍ਰੰਥ ਤੇ ਗੁਰੂ ਪੰਥ ਨੂੰ ਸੌਂਪ ਦਿਤੀ। ਗੁਰੂ ਗ੍ਰੰਥ ਸਾਹਿਬ ਗੁਰੂ ਜੀ ਦੀ ਜੋਤਿ ਹੈ ਤੇ ਗੁਰੂ ਪੰਥ ਗੁਰੂ ਦਾ ਸਰੀਰ ।

ਸੋ ਇਸ ਤੋਂ ਗੁਰਮਤਾ ਦਾ ਅਰਥ ਸੱਪਸ਼ਟ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਗੁਰੂ ਪੰਥ ਦਾ ਫੈਸਲਾ (ਜੋ ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਦੇ ਅਨਕੂਲ ਹੋਵੇ) ।

ਸੰਨ ੧੭੧੬ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਦੇ ਸਮੇਂ ਤੋਂ ਹੀ ਸਿੱਖਾਂ ਉਪਰ ਸੰਕਟ ਦਾ ਸਮਾਂ ਆਰੰਭ ਹੋ ਗਿਆ। ਸਿੱਖ ਸਮੇਂ ਸਮੇਂ ਮੁਗਲਾਂ ਤੇ ਅਫਗਾਨਾ ਦੇ ਟਾਕਰੇ ਲਈ ਵਿਉਤਾਂ ਘੜ੍ਹਨ ਦੀ ਰਣਨੀਤੀ ਤਿਆਰ ਕਰਨ ਲਈ ਸ੍ਰੀ ਅਕਾਲ ਤਖਤ ਸਾਹਿਬ ਉਪਰ ਇਕਠੇ ਹੁੰਦੇ ਸਨ। ਇਸ ਇਕੱਠ ਨੂੰ ' ਸਰਬੱਤ ਖਾਲਸਾ ' ਕਿਹਾ ਜਾਂਦਾ। ਸਾਰੇ ਪੰਥਕ ਮਸਲੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੁੰਦੇ ਅਤੇ ਸਿੱਖ (ਮਿਸਲਾਂ ਦੇ ਜਥੇਦਾਰ ਆਦਿ) ਖੁਲ੍ਹੀ ਸੋਚ ਵਿਚਾਰ ਮਗਰੋਂ ਫੈਸਲੇ ਕਰਦੇ ਸਨ।

ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਚੁਣੇ ਹੋਏ 'ਪੰਜ ਪਿਆਰੇ' ਜਿੰਨ੍ਹਾਂ ਫੈਸਲਿਆਂ ਨੂੰ ਪ੍ਰਵਾਨਗੀ ਦਿੰਦੇ ਸਨ। ਸਾਰਾ ਪੰਥ ਉਸ ਫੈਸਲੇ ਨੂੰ 'ਗੁਰੂ ਦੇ ਫੈਸਲੇ' ਵਜੋਂ ਪ੍ਰਵਾਨ ਕਰ ਲੈਂਦਾ ਸੀ।

ਮੈਲਕਮ ਆਪਣੀ ਪੁਸਤਕ 'ਸਕੈਚ ਆਫ ਦੀ ਸਿਖਸ' ਵਿਚ ਗੁਰਮਤੇ ਬਾਰੇ ਲਿਖਦਾ ਹੈ ਕਿ ਜਦੋਂ ਵੀ ਸਿੱਖ ਕਿਸੇ ਗੰਭੀਰ ਪੰਥਕ ਮਸਲੇ ਉਪਰ ਵਿਚਾਰ ਕਰਨ ਲਈ ਸ੍ਰੀ ਅਕਾਲ ਤਖਤ ਸਾਹਿਬ ਇਕਤਰ ਹੁੰਦੇ ਤਾਂ ਆਪਣੇ ਵਿਅੱਕਤੀਗਤ ਝਗੜੇ ਤੇ ਮਤਭੇਦ ਖਤਮ ਕਰ ਦੇਂਦੇ । ਗੁਰਮਤੇ ਸਬੰਧੀ ਕੀਤੀ ਜਾਂਦੀ ਵਿਚਾਰ ਵਿਚ ਜ਼ਾਤੀ ਮਤ-ਭੇਦ ਤੇ ਵਿਅਕਤੀਗਤ ਵਿਖਰੇਵੇਂ ਲਈ ਕੋਈ ਥਾਂ ਨਹੀਂ ਸੀ ਹੁੰਦੀ। ਪੰਥਕ ਹਿਤਾਂ ਲਈ ਆਪਣੇ ਵਿਅਕਤੀਗਤ ਵਖਰੇਵੇਂ ਕੁਰਬਾਨ ਕਰ ਦਿਤੇ ਜਾਂਦੇ ਸਨ। ਉਹਨਾਂ ਦੇ ਮਨਾਂ ਵਿਚ ਕੇਵਲ ਸਿਖ ਰਾਜ ਦੇ ਸੰਕਲਪ ਤੋਂ ਬਿਨਾਂ ਹੋਰ ਕੁਝ ਨਹੀਂ ਸੀ ਹੁੰਦਾ। ਹੁਕਮਨਾਮਾ ਲਿਆ ਜਾਂਦਾ, ਦੇਗ ਵਰਤਾਈ ਜਾਂਦੀ ਤੇ ਖਾਲਸਾ-ਪੰਥ ਨੂੰ ਜਥੇਦਾਰ 'ਗੁਰਮਤਾ' ਦੇ ਸ਼ਬਦ ਸੁਣਾਉਂਦਾ ਜੋ ਪੰਜਾਂ ਪਿਆਰਿਆਂ ਨੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸਰਬਤ ਸੰਗਤ ਦੇ ਵੀਚਾਰ ਸੁਣਨ ਉਪਰੰਤ ਨਿਰਣਾ ਲਿਆ ਹੁੰਦਾ ਸੀ।

44. ਸਵਾਲ: 'ਗੁਰਮਤਾ' ਕਰਨ ਦਾ ਅਧਿਕਾਰ ਕਿਸ ਨੂੰ ਹੈ?

ਜਵਾਬ: ਗੁਰਮਤਾ ਕੇਵਲ ਗੁਰੂ ਪੰਥ ਦਾ ਚੁਣਿਆ ਹੋਇਆ ਸ਼੍ਰੋਮਣੀ ਜਥਾ ਜਾਂ ਗੁਰੂ ਪੰਥ ਦਾ ਪ੍ਰਤੀਨਿਧ ਇਕੱਠ ਹੀ ਕਰ ਸਕਦਾ ਹੈ। ਸਿੱਖ ਪੰਥ ਵਿਚੋਂ ਖਾਰਜ ਕੀਤੇ ਵਿਅਕਤੀਆਂ, ਤਨਖਾਹੀਏ ਸਿੱਖਾਂ, ਸਿੱਖ ਪੰਥ ਦੇ ਵਿਰੋਧੀਆਂ, ਜਾਂ ਗੈਰ ਸਿੱਖਾਂ ਨੂੰ 'ਗੁਰਮਤਾ' ਕਰਨ ਦਾ ਅਧਿਕਾਰ ਨਹੀਂ ਹੈ। ਗੁਰੂ ਪੰਥ ਤੋਂ ਬਿਨਾਂ ਕਿਸੇ ਹੋਰ ਦਾ ਕੀਤਾ ਮਤਾ, ਸਿੱਖ ਪੰਥ ਤੇ ਲਾਗੂ ਨਹੀਂ ਹੋ ਸਕਦਾ । ਗੁਰਮਤਾ ਕਰਨ ਲਈ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਬੇਨਤੀ ਕਰਨੀ ਹੁੰਦੀ ਹੈ, ਜੋ ਯੋਗ ਜਾਣ ਕੇ ਸਰਬੱਤ ਖਾਲਸਾ ਦਾ ਇਕੱਠ ਬੁਲਾਉਂਦਾ ਹੈ। ਗੁਰਮਤੇ ਸਬੰਧੀ ਕੀਤੇ ਜਾਣ ਵਾਲਾ ਐਲਾਨ ਕੇਵਲ ਸ੍ਰੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਹੀ ਕਰ ਸਕਦਾ ਹੈ।

45. ਸਵਾਲ: ਕੀ ਅਰਦਾਸੀਏ ਸਿੱਖ ਨੂੰ 'ਅਰਦਾਸ ਕਰਾਈ ਦੀ ਭੇਟਾ' ਦਿਤੀ ਜਾ ਸਕਦੀ ਹੈ?

ਜਵਾਬ: ਭਾਈ ਕਾਨ੍ਹ ਸਿੰਘ ਜੀ ਨਾਭਾ ਵਲੋਂ ਰਚੇ ਗੁਰਮਤਿ ਮਾਰਤੰਡ ਦੇ ਪੰਨਾ ੩੮ ਉਪਰ ਇਸ ਤਰ੍ਹਾਂ ਦਰਜ ਹੈ:

"ਅਰਦਾਸੀਏ ਸਿੱਖ ਨੂੰ ਟਕਾ, ਰੁਪਯਾ ਆਦਿਕ ਅਰਦਾਸ ਕਰਾਈ ਦੀ ਭੇਟਾ ਦੇਣੀ ਸਿੱਖ ਧਰਮ ਦੀ ਮਰਯਾਦਾ ਦੇ ਵਿਰੁਧ ਹੈ।"

' ਅਰਦਾਸ ਦੀ ਉਜਰਤ ਦਾ ਗੁਰਮਤਿ ਵਿਚ ਵਿਧਾਨ ਨਹੀਂ।

46. **ਸਵਾਲ: ਕਈ ਸਿੱਖ ਆਪਣੇ ਬੱਚਿਆਂ ਦੇ ਨੱਕ ਕੰਨ ਵਿੰਨ੍ਹ ਦੇਂਦੇ ਹਨ । ਕੀ ਇਸ ਤਰ੍ਹਾਂ ਕਰਨਾ ਠੀਕ ਹੈ?**

ਜਵਾਬ: ਬੱਚਿਆਂ ਦੇ ਨੱਕ, ਕੰਨ ਵਿੰਨ੍ਹਣੇ ਵਿਵਰਜਿਤ ਹਨ। ਸਿੱਖ ਰਹਿਤ ਮਰਯਾਦਾ ' ਤੇ ਰਹਿਤਨਾਮਿਆਂ ਵਿਚ ਨੱਕ, ਕੰਨ ਛੇਦਣ ਦੀ ਮਨਾਹੀ ਕੀਤੀ ਗਈ ਹੈ। ਭਾਈ ਦਯਾ ਸਿੰਘ ਜੀ ਆਪਣੇ ਰਚੇ ਹੋਏ ਰਹਿਤਨਾਮੇ ਵਿਚ ਸਤਿਗੁਰਾਂ ਦਾ ਹੁਕਮ ਇਸ ਤਰ੍ਹਾਂ ਪ੍ਰਗਟ ਕਰਦੇ ਹਨ।

ਬੇਧੇ ਕਾਨ ਨ ਨਾਕ ਕੋ, ਸਤਿਗੁਰੁ ਕੀ ਮਰਯਾਦ॥

47. **ਸਵਾਲ: ਐਸੇ ਕਿਹੜੇ ਰਹਿਤਨਾਮੇ ਹਨ ਜਿਨ੍ਹਾਂ ਵਿਚ ਖ਼ਾਲਸੇ ਨੂੰ ਸ਼ਸਤਰਧਾਰੀ ਹੋਣਾ ਦ੍ਰਿੜ ਕਰਾਇਆ ਗਿਆ ਹੈ?**

ਜਵਾਬ: ਗੁਰੂ ਸਾਹਿਬ ਨੇ ਸ੍ਵੈ-ਰਖਯਾ ਅਤੇ ਖਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਸ਼ਸਤਰ ਧਾਰਣ ਕਰਨਾ ਹਰ ਸਿੱਖ ਲਈ ਵਿਧਾਨ ਨੀਯਤ ਕੀਤਾ ਹੈ। "ਰਹਤਨਾਮਾ ਪ੍ਰਸ਼ਨ ਉੱਤਰ ਭਾਈ ਨੰਦ ਲਾਲ ਸਿੰਘ ਜੀ ਕਾ" ਵਿਚ ਦਰਜ ਹੈ:

ਸ਼ਸਤ੍ਰਹੀਨ ਇਹ ਕਬਹੁ ਨਾ ਹੋਈ। ਰਹਤਵੰਤ ਖ਼ਾਲਿਸ ਹੈ ਸੋਈ॥

'ਰਹਤਨਾਮਾ ਭਾਈ ਦਯਾ ਸਿੰਘ ਜੀ ਦਾ' ਵਿਚ ਦਰਜ ਹੈ:

ਘੋੜੇ ਔਰ ਸ਼ਸਤ੍ਰ ਦੀ ਸਾਰ ਰਖੇ।

ਗੁਰ ਬਿਲਾਸ ਪਾਤਸ਼ਾਹੀ ੧੦, ਅਧਯਾਯ ੨੩ ਵਿਚ ਸ੍ਰੀ ਦਸਮੇਸ਼ ਜੀ ਦਾ ਸੰਗਤ ਨੂੰ ਕੀਤਾ ਉਪਦੇਸ਼ ਇਸ ਤਰ੍ਹਾਂ ਦਰਜ ਹੈ:

ਪੁਨੰ ਸੰਗ ਸਾਰੇ ਪ੍ਰਭੂ ਜੀ ਸੁਨਾਈ। ਬਿਨਾ ਤੇਗ ਤੀਰੰ ਰਹੋ ਨਾ ਭਾਈ॥
ਬਿਨਾ ਸ਼ਸਤ੍ਰ ਕੇਸੰ ਨਰੰ ਭੇਡ ਜਾਨੋ।
ਗਹੇ ਕਾਨ ਤਾਕੋ ਕਿਤੇ ਲੈ ਸਿਧਾਨੋ॥
ਇਹੈ ਮੋਰ ਆਗਯਾ ਸੁਨੋ ਹੇ ਪਿਆਰੇ ।
ਬਿਨਾ ਕੇਸ ਤੇਗੰ ਦਿਵੋ ਨ ਦਿਦਾਰੇ॥
ਇਹੈ ਮੋਰ ਬੈਨਾ ਮੰਨੈਗਾ ਸੁ ਜੋਈ।
ਤਿਸੈ ਇੱਛ ਪੂਰੀ ਸਭੈ ਜਾਨ ਹੋਈ।

'ਰਹਤਨਾਮਾ ਭਾਈ ਦੇਸਾ ਸਿੰਘ' ਵਿਚ ਦਰਜ ਹੈ:

ਕੱਛ ਕ੍ਰਿਪਾਣ ਨ ਕਬਹੂੰ ਤਯਾਗੈ। ਸਨਮੁਖ ਲਰੈ, ਨ ਰਣ ਤੇ ਭਾਗੈ।

' ਗੁਰੁ ਪ੍ਰਤਾਪ ਸੂਰਯ ਰੁਤ ੩, ਅਧਯਾਯ ੨੩ ' ਵਿਚ ' ਕਲਗੀਧਰ ਪਾਤਸ਼ਾਹ ਦਾ ਖ਼ਾਲਸੇ ਨੂੰ ਉਪਦੇਸ਼ ' ਦਰਜ ਹੈ:

ਸ਼ਸਤ੍ਰਨ ਕੇ ਅਧੀਨ ਹੈ ਰਾਜ। ਜੋ ਨ ਧਰਹਿ, ਤਿਸ ਬਿਗਰਹਿ ਕਾਜ।

ਯਾਂਤੇ ਸਰਬ ਖ਼ਾਲਸਾ ਸੁਨੀਅਹਿ। ਆਯੁਧ ਧਰਬੇ ਉੱਤਮ ਗਨੀਅਹਿ।
ਜਬ ਹਮਰੇ ਦਰਸ਼ਨ ਕੋ ਆਵਹੁ। ਬਨ ਸੁਚੇਤ ਤਨ ਸ਼ਸਤ੍ਰ ਸਜਾਵਹੁ।
ਕਮਰਕਸਾ ਕਰ ਦੇਹੁ ਦਿਖਾਈ। ਹਮਰੀ ਖ਼ੁਸ਼ੀ ਹੋਈ ਅਧਿਕਾਈ।

48. ਸਵਾਲ: ਕਈ ਨਿਹੰਗ ਸਿੰਘ 'ਸੁਖੇ' (ਭੰਗ) ਨੂੰ ਸ਼ਹੀਦੀ ਦੇਗ ਕਹਿੰਦੇ ਹਨ। ਕੀ ਇਹ ਗੱਲ ਠੀਕ ਹੈ?

ਜਵਾਬ: ਗੁਰੂ ਸਾਹਿਬ ਜੀ ਨੇ ਹਰ ਪ੍ਰਕਾਰ ਦੇ ਨਸ਼ੇ ਤੋਂ ਸਿੱਖਾਂ ਨੂੰ ਵਰਜਿਆ ਹੈ। ਕੋਈ ਵੀ ਨਸ਼ਾ 'ਸਿੱਖ ਧਰਮ' ਵਿਚ ਪ੍ਰਵਾਨ ਨਹੀਂ। 'ਪ੍ਰੇਮ ਸੁਮਾਰਗ' ਵਿਚ ਲਿਖਿਆ ਹੈ ਅਮਲ ਕੇਵਲ ਪ੍ਰਸ਼ਾਦੇ ਦਾ ਰਖਣਾ। 'ਸੁਖ ਨਿਧਾਨ' ਦੇ ਬਾਰੇ ਭਾਈ ਕਾਨ੍ਹ ਸਿੰਘ ਜੀ ਨਾਭਾ 'ਗੁਰਮਤਿ ਮਾਰਤੰਡ ਗਰੰਥ' ਵਿਚ ਇਸ ਤਰ੍ਹਾਂ ਲਿਖਦੇ ਹਨ:

"ਤਾਂਤ੍ਰਿਕਾਂ ਦੇ ਫੰਦੇ ਫਸੇ ਅਸਾਡੇ ਭੰਗੜ ਭਾਈਆਂ ਨੂੰ ਲੱਜਾ ਕਰਨੀ ਚਾਹੀਏ, ਜੋ ਮਤਿ-ਭੰਗ-ਕਰਤਾ ਭੰਗ ਨੂੰ 'ਸੁਖ ਨਿਧਾਨ' ਪਦਵੀ ਦੇਂਦੇ ਹਨ ਅਤੇ ਭੰਗ ਦੀ ਮਿੱਠੀ ਸ਼ਰਦਾਈ ਨੂੰ 'ਸ਼ਹੀਦੀ ਦੇਗ' ਆਖਣੋ ਸੰਕੋਚ ਨਹੀਂ ਕਰਦੇ ਅਰ ਅਰਦਾਸ ਕਰਕੇ ਭੰਗ ਦਾ ਭੋਗ ਗੁਰੂ ਨੂੰ ਕਲਪਨਾ ਮਾਤ੍ਰ ਲਵਾਉਂਦੇ ਹਨ। ਯੋਗਯ ਹੈ ਕਿ ਉਹ ਗੁਰਬਾਣੀ ਦੇ ਸ਼ਬਦਾਂ ਤੇ ਵਿਚਾਰ ਕਰਦੇ ਹੋਏ ਨਿੰਦਿਤ ਵਸਤੂ ਦਾ ਤਯਾਗ ਕਰਕੇ ਵਾਸਤਵ ਸੁਖ ਨਿਧਾਨ ਦਾ ਗਯਾਨ ਹਾਸਿਲ ਕਰਨ। ਯਥਾ:

ਸੁਖ ਨਿਧਾਨੁ ਪ੍ਰਭੁ ਏਕੁ ਹੈ ਅਬਿਨਾਸੀ ਸੁਣਿਆ॥

(ਵਾਰ ਗਉੜੀ ੨ ਮਹਲਾ ੫, ਪੰਨਾ-੩੧੯)

ਮਨ ਤਨ ਅੰਤਰਿ ਚਰਨ ਧਿਆਇਆ॥
ਹਰਿ ਸੁਖ ਨਿਧਾਨ ਨਾਨਕ ਦਾਸਿ ਪਾਇਆ॥

(ਧਨਾਸਰੀ, ਮਹਲਾ ੫, ਪੰਨਾ-੬੮੪)

ਸੋ, ਸੁਖ ਨਿਧਾਨ ਤਾਂ ਪ੍ਰਭੂ ਹੀ ਹੈ। ਭੰਗ ਦਾ ਨਸ਼ਾ 'ਸੁਖ ਨਿਧਾਨ' ਨਹੀਂ ਸਗੋਂ 'ਦੁਖ ਨਿਧਾਨ' ਹੈ।

49. ਸਵਾਲ: ਅਰਦਾਸ ਕਰਨ ਸਮੇਂ 'ਭੋਗ ਲਗੇ' ਕਹਿਣਾ ਠੀਕ ਹੈ ਜਾਂ 'ਆਪ ਜੀ ਨੂੰ ਪ੍ਰਵਾਨ ਹੋਵੇ' ਕਹਿਣਾ' ਠੀਕ ਹੈ?

ਜਵਾਬ: "ਆਪ ਜੀ ਦੀ ਹਜ਼ੂਰੀ ਵਿਚ ਕੜਾਹ ਪ੍ਰਸ਼ਾਦਿ ਦੀ ਦੇਗ ਤਿਆਰ ਹੈ, ਆਪ ਜੀ ਦੇ ਦਰ ਤੇ ਪ੍ਰਵਾਨ ਹੋਵੇ", ਇਹ ਕਹਿਣਾ ਹੀ ਠੀਕ ਹੈ। ਭੋਗ ਤਾਂ ਮੂਰਤੀਆਂ ਨੂੰ ਲਗਦਾ ਹੈ।

50. ਸਵਾਲ: ਮੈਂ ਰਮਦਾਸੀਆ ਜਾਤੀ ਨਾਲ ਸਬੰਧ ਰਖਣ ਵਾਲਾ ਗੁਰਸਿੱਖ ਅੰਮ੍ਰਿਤਧਾਰੀ ਤੇ ਗੁਰੂ ਗ੍ਰੰਥ ਸਾਹਿਬ ਦਾ ਆਖੰਡ ਪਾਠੀ ਹਾਂ। ਮੇਰੇ ਪਾਸੋਂ ਕਈ ਜੱਟ ਤੇ ਜਿਮੀਦਾਰ ਪ੍ਰਸ਼ਾਦ ਨਹੀਂ ਲੈਂਦੇ, ਅਜਿਹਾ ਕਿਉਂ?

ਜਵਾਬ: ਪਹਿਲੀ ਬੇਨਤੀ ਅਸੀਂ ਆਪ ਜੀ ਨੂੰ ਕਰਨੀ ਹੈ ਕਿ ਤੁਸੀਂ ਜਦੋਂ ਅੰਮ੍ਰਿਤ ਹੀ ਛਕ ਲਿਆ ਤਾਂ ਫਿਰ ਪੁਰਾਣੀ ਜਾਤ ਪਾਤ ਤਾਂ ਖਤਮ ਹੋ ਗਈ। ਸਿੱਖ ਧਰਮ ਜਾਤ ਪਾਤ ਨੂੰ ਮੰਨਦਾ ਹੀ ਨਹੀਂ ਹੈ ਤੇ ਇਸੇ ਵਹਿਮ ਭਰੀ ਬੀਮਾਰੀ ਨੂੰ ਖਤਮ ਕਰਨ ਲਈ ਸੰਗਤ, ਪੰਗਤ, ਸਰੋਵਰ ਇਸ਼ਨਾਨ ਤੇ ਅੰਮ੍ਰਿਤ ਛਕਾਉਣ ਦੀ ਮਰਯਾਦਾ ਸਿੱਖ ਧਰਮ ਵਿਚ ਬਣਾਈ ਗਈ ਹੈ। ਸੋ ਆਪ ਜੀ ਆਪਣੇ ਆਪ ਨੂੰ ਰਮਦਾਸੀਆ ਸਿਖ ਕਹਿ ਕੇ ਦੂਸਰੇ ਅੰਮ੍ਰਿਤਧਾਰੀ ਸਿੰਘਾਂ ਨਾਲੋਂ ਵਖਰੇਵਾਂ ਪੈਦਾ ਨਾ ਕਰੋ।

ਦੂਸਰੀ ਬੇਨਤੀ ਅਸੀਂ ਜੱਟਾਂ ਤੇ ਜਿਮੀਦਾਰਾਂ, ਆਪਣੇ ਗੁਰਸਿੱਖਾਂ ਭਰਾਵਾਂ, ਨੂੰ ਕਰਨੀ ਚਾਹੁੰਦੇ ਹਾਂ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਗੁਰੂ ਮੰਨਦੇ ਹਾਂ ਤਾਂ ਗੁਰੂ ਬਾਣੀ ਦੇ ਫੁਰਮਾਣ ਅਨੁਸਾਰ ਜਾਤ ਪਾਤ ਦੇ ਵਿਤਕਰੇ ਪੂਰਨ ਰੂਪ ਵਿਚ ਤਿਆਗ ਦੇਈਏ। ਗੁਰੂ ਸਾਹਿਬ ਕਹਿੰਦੇ ਹਨ:

ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ।।
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ।। (ਭੈਰਉ ਮ: ੩, ਪੰਨਾ-੧੧੨੭)

ਅਜੇਹੇ ਭਰਾਵਾਂ ਨੂੰ ਯਾਦ ਰਖਣਾ ਚਾਹੀਦਾ ਹੈ ਕਿ ਗੁਰੂ ਸਾਹਿਬ ਨੇ ਜਿਨ੍ਹਾਂ ਪੰਜਾਂ ਪਿਆਰਿਆਂ ਨੂੰ ਸਭ ਤੋਂ ਵਧ ਮਾਣ ਦਿੱਤਾ ਸੀ, ਉਹਨਾਂ ਵਿਚੋਂ ਚਾਰ, ਕਹੀਆਂ ਜਾਂਦੀਆਂ ਨੀਵੀਆਂ ਜਾਤਾਂ ਵਿਚੋਂ ਹੀ ਸਨ, ਪਰ ਗੁਰੂ ਸਾਹਿਬ ਨੇ ਜਾਤ ਪਾਤ ਨੂੰ ਕੋਈ ਥਾਂ ਨਹੀਂ ਦਿੱਤੀ। ਇਸ ਲਈ ਅਜੇਹੇ ਵਿਤਕਰੇ ਕਰਨੇ ਛੱਡ ਦਿਉ, ਇਸੇ ਵਿਚ ਹੀ ਸਿੱਖ ਕੌਮ ਦਾ ਭਲਾ ਹੈ।

51. ਸਵਾਲ: ਕਈ ਸਿੱਖ ਅੰਮ੍ਰਿਤ ਛਕ ਕੇ ਨਿਤਨੇਮ ਨਹੀਂ ਕਰਦੇ, ਕ੍ਰਿਪਾਨ ਉਤਾਰ ਦੇਂਦੇ ਹਨ ਤੇ ਬੀਬੀਆਂ ਦੀ ਬਹੁਤੀ ਗਿਣਤੀ ਤਾਂ ਅੰਮ੍ਰਿਤ ਛਕ ਕੇ ਵੀ ਗਾਤਰੇ ਵਾਲੀ ਕਿਰਪਾਨ ਧਾਰਨ ਨਹੀਂ ਕਰਦੀ, ਉਹਨਾਂ ਵਾਸਤੇ ਗੁਰੂ ਸਾਹਿਬ ਦਾ ਕੀ ਹੁਕਮ ਹੈ?

ਜਵਾਬ: ਅੰਮ੍ਰਿਤਧਾਰੀ ਸਿੰਘ ਅਤੇ ਸਿੰਘਣੀ ਲਈ ਪੰਜਾਂ ਕਕਾਰਾਂ ਦੀ ਰਹਿਤ ਰਖਣਾ, ਨਿਤਨੇਮ ਦਾ ਪਾਠ ਕਰਨਾ ਅਤੇ ਗੁਰਦੁਆਰੇ ਜਾ ਕੇ ਗੁਰਸਿੱਖਾਂ ਦੀ ਸੰਗਤ ਕਰਨੀ ਅਤੀ ਜ਼ਰੂਰੀ ਹੈ। ਕਿਰਪਾਨ ਗਾਤਰੇ ਵਾਲੀ ਹੀ ਕਕਾਰ ਹੈ।

ਧਾਗੇ ਵਿਚ ਪ੍ਰੋ ਕੇ ਗਲ ਵਿਚ ਪਾਈ ਨਿੱਕੀ ਕ੍ਰਿਪਾਨ ਦੀ ਨਕਲ ਕਕਾਰ ਨਹੀਂ ਅਖਵਾ ਸਕਦੀ। ਜੋ ਗੁਰਸਿੱਖ (ਸਿੰਘ ਜਾਂ ਸਿੰਘਣੀ) ਨਿਤਨੇਮ ਨਹੀਂ ਕਰਦਾ, ਉਹ ਤਨਖਾਹੀਆ ਹੈ, ਉਸਨੂੰ ਪੰਜਾਂ ਪਿਆਰਿਆਂ ਪਾਸੋਂ ਭੁਲ ਬਖਸ਼ਾ ਕੇ ਤਨਖਾਹ ਲੁਆ ਕੇ, ਤਿਆਰ ਬਰ ਤਿਆਰ ਹੋਣਾ ਚਾਹੀਦਾ ਹੈ, ਜੋ ਇਸ ਤਰ੍ਹਾਂ ਨਹੀਂ ਕਰੇਗਾ ਉਸ ਨੂੰ ਗੁਰੂ ਸਾਹਿਬ ਕਦੀ ਵੀ ਮੁਆਫ ਨਹੀਂ ਕਰਨਗੇ ਅਤੇ ਜਿਸ ਆਸ਼ੇ ਤੇ ਉਦੇਸ਼ ਦੀ ਪੂਰਤੀ ਲਈ ਅੰਮ੍ਰਿਤ ਛਕਿਆ ਸੀ ਉਹ ਆਸ਼ਾ ਤੇ ਉਦੇਸ਼ ਪੂਰਾ ਨਹੀਂ ਹੋਵੇਗਾ, ਕਿਉਂਕਿ ਰਹਿਤਾਂ ਤੋਂ ਦੂਰੀ, ਗੁਰੂ ਤੋਂ ਦੂਰੀ ਹੈ ਤੇ ਗੁਰੂ ਤੋਂ ਦੂਰੀ ਪ੍ਰਮਾਤਮਾ ਤੋਂ ਦੂਰੀ ਹੈ। ਪਰਮਾਤਮਾ ਤੋਂ ਦੂਰੀ ਆਵਾਗਉਣ ਦੇ ਚੱਕਰ ਵਿਚ ਪਾ ਦਿੰਦੀ ਹੈ ਤੇ ਮਨੁਖ ਜੂਨਾਂ ਵਿਚ ਭਟਕਦਾ ਚੱਕਰ ਲਾਉਂਦਾ ਖੁਆਰ ਹੁੰਦਾ ਹੈ। ਇਸ ਤਰ੍ਹਾਂ ਮੁਕਤੀ ਨਹੀਂ ਹੁੰਦੀ ਤੇ ਪਰਮਾਤਮਾ ਵਿਚ ਨਿਵਾਸ ਨਹੀਂ ਹੁੰਦਾ। ਸੋ ਅੰਮ੍ਰਿਤਧਾਰੀ ਗੁਰਸਿੱਖ ਦੇ ਜੀਵਨ ਵਿਚ ਕਿਸੇ ਕਿਸਮ ਦੀ ਢਿਲ ਨਹੀਂ ਆਉਣੀ ਚਾਹੀਦੀ ।

52. **ਸਵਾਲ: ਕੀ ਅੰਮ੍ਰਿਤਧਾਰੀ ਗੁਰਸਿੱਖ ਲਈ ਮੂਰਤੀ ਪੂਜਾ ਕਰਨੀ, ਮੂਰਤੀ ਦਾ ਚਰਨਾਮ੍ਰਿਤ ਲੈਣਾ ਤੇ ਮੱਥੇ ਤੇ ਟਿਕਾ ਲੁਆਉਣਾ, ਅਗਨੀ ਦੇ ਫੇਰੇ ਲੈਣਾ ਉਚਿਤ ਹੈ?**

ਜਵਾਬ: ਸਿੱਖ ਧਰਮ ਵਿਚ ਮੂਰਤੀ ਪੂਜਾ ਦੀ ਮਨਾਹੀ ਹੈ ਤੇ ਕੇਵਲ ਇਕ ਅਕਾਲਪੁਰਖ ਦੇ ਸਿਮਰਨ ਦਾ ਵਿਧਾਨ ਹੈ। ਇਸ ਲਈ ਗੁਰਸਿੱਖ ਨੂੰ ਮੂਰਤੀ ਪੂਜਾ ਕਰਨੀ, ਚਰਨਾਮ੍ਰਿਤ ਲੈਣਾ, ਅਗਨੀ ਪੂਜਾ ਕਰਨੀ ਤੇ ਟਿੱਕਾ ਲਗਾਉਣਾ ਸ਼ੋਭਾ ਨਹੀਂ ਦੇਂਦਾ । ਇਹ ਕਰਮ ਮਨਮਤ ਦੇ ਹਨ ਗੁਰਮਤ ਦੇ ਨਹੀਂ।

53. **ਸਵਾਲ: ਸਿਰੋਪਾਉ ਬਖਸ਼ਿਸ਼ ਕਰਨਾ ਗ੍ਰੰਥੀ ਸਿੰਘ ਦੇ ਅਧਿਕਾਰ ਖੇਤਰ ਵਿਚ ਹੈ ਜਾਂ ਪ੍ਰਬੰਧਕ ਕਮੇਟੀ ਦੇ?**

ਜਵਾਬ: ਕਿਸੇ ਯੋਗ ਗੁਰਸਿੱਖ ਨੂੰ ਸਿਰੋਪਾਉ ਬਖਸ਼ਿਸ਼ ਕਰਨਾ ਗ੍ਰੰਥੀ ਸਿੰਘ ਦੇ ਅਧਿਕਾਰ ਖੇਤਰ ਵਿਚ ਹੈ।

54. **ਸਵਾਲ: ਕੀ ਗੁਰੂ ਨਾਨਕ ਪ੍ਰਕਾਸ਼ ਦਿਵਸ ਤੇ ਨਿਸ਼ਾਨ ਸਾਹਿਬ ਦਾ ਚੋਲਾ ਬਦਲਣਾ ਜ਼ਰੂਰੀ ਹੈ?**

ਜਵਾਬ: ਨਿਸ਼ਾਨ ਸਾਹਿਬ ਦਾ ਪੁਸ਼ਾਕਾ ਜਦੋਂ ਵੀ ਮਧਮ ਪੈ ਜਾਵੇ, ਰੰਗ ਫਿਟ ਜਾਵੇ ਤਾਂ ਉਸੇ ਸਮੇਂ ਬਦਲ ਦੇਣਾ ਚਾਹੀਦਾ ਹੈ। ਜਿਵੇਂ ਅਸੀਂ ਤਨ ਦੇ ਬਸਤਰ ਮੈਲੇ ਹੋਣ ਜਾਂ ਫਟ ਜਾਣ ਤੇ ਪਾਈ ਨਹੀਂ ਰਖਦੇ ਕਿਉਂਕਿ ਚੰਗੇ ਨਹੀਂ ਲਗਦੇ

ਇਸ ਲਈ ਸਾਲ ਵਿਚ ਜਿੰਨੀ ਵਾਰੀ ਵੀ ਚੋਲਾ ਬਦਲਣਾ ਪਵੇ, ਬਦਲਣਾ ਚਾਹੀਦਾ ਹੈ। ਚੋਲਾ ਬਦਲਣ ਲਈ ,ਗੁਰਪੁਰਬਾਂ ਦੇ ਮੌਕੇ ਤੇ ਇਹ ਸੇਵਾ ਨਿਭਾਉਣ ਨਾਲ ਉਤਸ਼ਾਹ ਵਾਲਾ ਮਾਹੌਲ ਪੈਦਾ ਹੋ ਜਾਂਦਾ ਹੈ, ਇਸ ਲਈ ਧਾਰਮਿਕ ਇੱਕਠ ਵਿਚ ਇਹ ਸੇਵਾ ਨਿਭਾਉਣੀ ਚੰਗਾ ਉਤਸ਼ਾਹ ਬਖਸ਼ਦੀ ਹੈ ਤੇ ਸੇਵਾਦਾਰ ਵੀ ਆਸਾਨੀ ਨਾਲ ਮਿਲ ਜਾਂਦੇ ਹਨ। ਉਂਝ ਇਹ ਕੋਈ ਪੱਕੀ ਮਰਯਾਦਾ ਨਹੀਂ ਕਿ ਅਗੇ ਪਿਛੇ ਚੋਲਾ ਬਦਲਿਆ ਹੀ ਨਹੀਂ ਜਾ ਸਕਦਾ।

55. ਸਵਾਲ: ਕੀ ਅੰਮ੍ਰਿਤਧਾਰੀ ਸਿੰਘ ਬੈਲਟ ਦੇ ਨਾਲ ਲਟਕਾਈ ਜਾਣ ਵਾਲੀ ਖੰਡਾ ਟਾਈਪ ਕ੍ਰਿਪਾਨ ਪਹਿਨ ਸਕਦਾ ਹੈ।?

ਜਵਾਬ: ਕੌਮੀ ਡਸਿਪਲਨ ਇਸ ਗੱਲ ਦੀ ਮੰਗ ਕਰਦਾ ਹੈ ਕਿ ਸਭ ਗੁਰਸਿੱਖ ਗਾਤਰੇ ਨਾਲ ਕ੍ਰਿਪਾਨ ਧਾਰਨ ਕਰਨ। ਇਸ ਤੋਂ ਇਲਾਵਾ ਹੋਰ ਜਿੰਨੇ ਵੀ ਸ਼ਸ਼ਤਰ ਹਨ ਜਿਵੇਂ ਵੀ ਚਾਹੋ ਧਾਰਨ ਕਰ ਸਕਦੇ ਹੋ।

56. ਸਵਾਲ: ਕੜਾਹ ਪ੍ਰਸ਼ਾਦਿ ਦੀ ਦੇਗ਼ ਤਿਆਰ ਕਰਕੇ ਕੀ ਸੁੱਛ ਭਾਂਡੇ ਵਿਚ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਲਿਜਾ ਸਕਦੇ ਹਾਂ ਜਾਂ ਕੇਵਲ ਕੜਾਹੀ ਵਿਚ ਹੀ ਲਿਜਾਣੀ ਜ਼ਰੂਰੀ ਹੈ?

ਜਵਾਬ: ਜਿਸ ਕੜਾਹੀ ਵਿਚ ਦੇਗ਼ ਤਿਆਰ ਕੀਤੀ ਜਾਂਦੀ ਹੈ, ਉਸ ਵਿਚ ਹੀ ਦੇਗ ਪਾ ਕੇ ਦੀਵਾਨ ਵਿਚ ਲੈ ਜਾਣਾ ਸ਼ੋਭਾ ਨਹੀਂ ਦੇਂਦਾ। ਚੰਗਾ ਤਾਂ ਇਹੀ ਹੈ ਕਿ ਦੇਗ਼ ਠੰਡੀ ਕਰਕੇ ਕਿਸੇ ਸੁੰਦਰ ਪਰਾਤ ਜਾਂ ਕ੍ਰਿਸੇ ਹੋਰ ਸੁਛ ਭਾਂਡੇ ਵਿਚ ਦੀਵਾਨ ਵਿਚ ਲਿਜਾਈ ਜਾਵੇ। ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਗੁਰਮਤਿ ਮਾਰਤੰਡ ਗ੍ਰੰਥ ਵਿਚ ਦੇਗ ਲਿਜਾਣ ਦੀ ਮਰਯਾਦਾ ਬਾਰੇ ਇਸੇ ਗੱਲ ਤੇ ਜ਼ੋਰ ਦਿੱਤਾ ਹੈ।

57. ਸਵਾਲ: ਜੇ ਕਰ ਕਿਸੇ ਆਦਮੀ ਨੂੰ ਸਾਰੀ ਰਾਤ ਕੰਮ ਕਰਨਾ ਪੈਂਦਾ ਹੋਵੇ ਤਾ ਉਹ ਸੋਹਿਲੇ ਦੀ ਬਾਣੀ ਕਿਸ ਸਮੇਂ ਪੜੇ? ਕੀ ਗੁਰਦੁਆਰੇ ਸੋਹਿਲੇ ਦੀ ਬਾਣੀ ਸੁਣ ਆਉਣ ਤੇ ਘਰ ਆ ਕੇ ਦੁਬਾਰਾ ਪੜ੍ਹਨੀ ਜ਼ਰੂਰੀ ਹੈ ?

ਜਵਾਬ: ਸਿੱਖ ਰਹਿਤ ਮਰਯਾਦਾ ਵਿਚ ਸੋਹਿਲਾ ਦੀ ਬਾਣੀ ਪੜ੍ਹਨ ਦਾ ਸਮਾਂ ਰਾਤ ਸੌਣ ਵੇਲੇ ਦਾ ਲਿਖਿਆ ਹੈ। ਜੇ ਕਿਸੇ ਨੇ ਸਾਰੀ ਰਾਤ ਅਰਾਮ ਨਹੀ ਕਰਨਾ ਕੰਮ ਕਰਨਾ ਹੈ ਤਾਂ ਉਹ ' ਰਹਿਰਾਸ ' ਦੇ ਪਾਠ ਉਪਰੰਤ ਸੋਹਿਲੇ ਦੀ ਬਾਣੀ ਪੜ੍ਹ ਲਵੇ। ਗੁਰਦੁਆਰੇ ਪਾਠ ਉਪਰੰਤ ਸੋਹਿਲੇ ਦੀ ਬਾਣੀ ਪੜ੍ਹ ਲਵੇ। ਗੁਰਦੁਆਰੇ ਪਾਠ ਸੁਣ ਆਉਣ ਤੋਂ ਬਾਅਦ ਘਰ ਆ ਕੇ ਸੋਹਿਲੇ ਦਾ ਪਾਠ

ਕਰ ਲੈਣਾ ਚੰਗੀ ਗਲ ਹੈ, ਇਹ ਸਿੱਖ ਦੇ ਨਿਤਨੇਮ ਦਾ ਹਿੱਸਾ ਹੈ ਤੇ ਇਸ ਤੇ ਕੋਈ ਸਮਾਂ ਵੀ ਬਹੁਤਾ ਨਹੀਂ ਲਗਦਾ। ਪਾਠ ਨੂੰ ਰਸ ਤੇ ਆਨੰਦ ਦਾ ਵਿਸ਼ਾ ਬਣਾਉ, ਮਜਬੂਰੀ ਤੇ ਲਾਚਾਰੀ ਵਲ ਲਿਜਾ ਕੇ ਕਰਮ ਕਾਂਡ ਦਾ ਰੂਪ ਨਾ ਦਿਉ ।

58. **ਸਵਾਲ: ਫਤਹਿ ਬੁਲਾਉਣ ਲਗਿਆਂ ਕਈ ਵੀਰ ' ਸ੍ਰੀ ' ਸ਼ਬਦ ਦੀ ਵਰਤੋਂ ਕਰਦੇ ਹਨ, ਕੀ ਇਹ ਠੀਕ ਹੈ?**

ਜਵਾਬ: ਫਤਹਿ ਦਾ ਅਸਲ ਸਰੂਪ ਹੈ ' ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।। ' ਇਸ ਵਿਚ ਵਾਧ ਘਾਟ ਕਰਨੀ ਸ਼ੋਭਾ ਨਹੀਂ ਦਿੰਦੀ।

59. **ਸਵਾਲ: ਸਾਡੇ ਇਥੇ ਗੁਰਦੁਆਰੇ ਵਿਚ ਜੋਤ ਜਗਾਈ ਜਾਂਦੀ ਹੈ, ਕੀ ਇਹ ਠੀਕ ਹੈ?**

ਜਵਾਬ: ਗੁਰਦੁਆਰੇ ਵਿਚ ਜੋਤਾਂ ਜਗਾਣੀਆਂ ਸਿੱਖ ਰਹਿਤ ਮਰਯਦਾ ਅਨੁਸਾਰ ਮਨ੍ਹਾਂ ਹਨ।

60. **ਸਵਾਲ: ਕੀ ਆਖੰਡ ਪਾਠ ਸਮੇਂ ਆਰਤੀ ਕਰਨੀ ਯੋਗ ਹੈ?**

ਜਵਾਬ: ਸਿੱਖ ਰਹਿਤ ਮਰਯਾਦਾ ਵਿਚ ਆਰਤੀ ਕਰਨ ਦਾ ਕੋਈ ਵਿਧਾਨ ਨਹੀਂ ਹੈ।

61. **ਸਵਾਲ: ਪਾਠ ਕਰਨ ਲਈ ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸੈਚੀਆਂ ਰਖਣ ਦੀ ਕੀ ਮਰਯਾਦਾ ਹੈ?**

ਜਵਾਬ: ਸੈਂਚੀਆਂ ਨੂੰ ਸਤਿਕਾਰ ਨਾਲ ਰੁਮਾਲੇ ਚੜ੍ਹਾ ਕੇ ਕਿਸੇ ਅਲਮਾਰੀ ਜਾਂ ਸਤਿਕਾਰ ਵਾਲੀ ਥਾਂ ਤੇ ਰਖਣਾ ਚਾਹੀਦਾ ਹੈ ਤੇ ਪਾਠ ਕਰਨ ਸਮੇਂ ਸਤਿਕਾਰ ਨਾਲ ਰੇਹਲ ਤੇ ਸੈਂਚੀ ਰਖ ਕੇ ਹਰ ਰੋਜ਼ ਪਾਠ ਕਰਨਾ ਚਾਹੀਦਾ ਹੈ।

62. **ਸਵਾਲ: ਜੇ ਕਰ ਕੋਈ ਅੰਮ੍ਰਿਤਧਾਰੀ ਸਿੰਘ ਆਪਣੀ ਕਿਰਪਾਨ ਉਤਾਰ ਦੇਵੇ ਤਾਂ ਕੀ ਉਸ ਨੂੰ ਦੁਬਾਰਾ ਅੰਮ੍ਰਿਤ ਛਕਣਾ ਪੈਂਦਾ ਹੈ?**

ਜਵਾਬ: ਕੇਸਾਂ ਤੋਂ ਬਿਨਾ ਬਾਕੀ ਕਕਾਰਾਂ ਸਬੰਧੀ ਭੁਲ ਕਰਨ ਵਾਲੇ ਨੂੰ ਸਿੱਖ ਰਹਿਤ ਮਰਯਾਦਾ ਵਿਚ ' ਤਨਖਾਹੀਆ ' ਲਿਖਿਆ ਹੋਇਆ ਹੈ। ਅਜਿਹੇ ਤਨਖਾਹੀਏ ਨੂੰ ਪੰਜ ਪਿਆਰਿਆਂ ਦੇ ਹਜ਼ੂਰ ਪੇਸ਼ ਹੋ ਕੇ ਤਨਖਾਹ (ਦੰਡ) ਲੁਆਉਣੀ ਪੈਂਦੀ ਹੈ ਤੇ ਭੁਲ ਬਖਸ਼ਾਉਣੀ ਪੈਂਦੀ ਹੈ।

63. ਸਵਾਲ: ਸ਼ਨਿਚਰਵਾਰ ਕਈ ਗੁਰਦੁਆਰਿਆਂ ਵਿਚ ਸ਼ਾਮ ਨੂੰ ਛੋਲਿਆਂ ਦਾ ਪ੍ਰਸ਼ਾਦ ਹੀ ਹੁੰਦਾ ਹੈ? ਕਿਉਂ?

ਜਵਾਬ: 'ਸ਼ਨੀ ਦੇਵਤੇ' ਦੇ ਨਾਮ ਤੇ ਲੋਕਾਂ ਵਿਚ ਕਈ ਵਹਿਮ ਭਰਮ ਸਮਾਏ ਹੋਏ ਹਨ। ਇਹਨਾਂ ਵਹਿਮਾਂ ਭਰਮਾਂ ਦਾ ਦੇਖਾ ਦੇਖੀ ਕਚੇ ਪਿਲੇ ਸਿਖਾਂ ਉਤੇ ਵੀ ਪ੍ਰਭਾਵ ਪਿਆ ਹੈ ਤੇ ਉਸ ਦਾ ਹੀ ਪ੍ਰਗਟਾਵਾ ਇਹ ਸ਼ਨੀਵਾਰ ਵਾਲੇ ਦਿਨ ਉਚੇਚੇ ਤੌਰ ਤੇ ਤਿਆਰ ਕਰਕੇ ਲਿਆਂਦਾ ਛੋਲਿਆਂ ਦਾ ਪ੍ਰਸ਼ਾਦ ਹੈ। ਕਈ ਸਿੱਖ ਇਸ ਵਹਿਮ ਹੇਠ ਤਾਂ ਨਹੀਂ ਵੈਸੇ ਹੀ ਦੇਖਾ ਦੇਖੀ ਇਹ ਪ੍ਰਸ਼ਾਦ ਸ਼ਨੀਵਾਰ ਤਿਆਰ ਕਰਕੇ ਲੈ ਜਾਂਦੇ ਹਨ। ਪਰ ਕੁਝ ਵੀ ਹੋਵੇ 'ਸਿੱਖ ਰਹਿਤ ਮਰਯਾਦਾ' ਤੇ ਗੁਰਬਾਣੀ ਕਦੀ ਵੀ ਇਹ ਆਗਿਆ ਨਹੀਂ ਦਿੰਦੀ ਕਿ ਸਿੱਖ ਕੌਮ ਜਾਣੇ ਜਾਂ ਅਣਜਾਣੇ ਵਿਚ ਕਿਸੇ ਭਰਮ ਭੁਲੇਖੇ ਜਾਂ ਵਹਿਮ ਦਾ ਸ਼ਿਕਾਰ ਹੋਵੇ। ਸੋ ਗੁਰਸਿਖਾਂ ਨੂੰ ਛੋਲਿਆਂ ਦੇ ਪ੍ਰਸ਼ਾਦ ਦੀ ਥਾਂ 'ਕੜਾਹ ਪ੍ਰਸਾਦਿ' ਦੀ ਦੇਗ ਜੋ ਸਿੱਖ ਰਹਿਤ ਮਰਯਾਦਾ' ਅਨੁਸਾਰ ਤਿਆਰ ਕੀਤੀ ਗਈ ਹੋਵੇ ਗੁਰਦੁਆਰੇ ਲੈ ਕੇ ਜਾਣੀ ਚਾਹੀਦੀ ਹੈ। ਸਿੱਖ ਧਰਮ ਵਿਚ ਸਭ ਵਾਰ ਇਕੋ ਜਿਹੇ ਹਨ, ਕੋਈ ਬਹੁਤਾ ਚੰਗਾ ਜਾਂ ਮਾੜਾ ਨਹੀਂ; ਇਸ ਲਈ ਕਿਸੇ ਵਾਰ ਨੂੰ ਸ਼ੁਭ ਤੇ ਕਿਸੇ ਨੂੰ ਅਸ਼ੁਭ ਮੰਨਣਾ ਸਿੱਖੀ ਅਸੂਲਾਂ ਤੋਂ ਅਗਿਆਨਤਾ ਦਾ ਲਖਾਇਕ ਹੈ। ਸੋ ਕਿਸੇ ਭਰਮ ਕਰਕੇ ਉਚੇਚੇ ਸ਼ਨੀਚਰਵਾਰ ਵਾਲੇ ਦਿਨ ਪ੍ਰਸ਼ਾਦ ਲੈ ਕੇ ਜਾਣਾ ਸਿੱਖ ਨੂੰ ਸ਼ੋਭਾ ਨਹੀਂ ਦਿੰਦਾ। ਪ੍ਰਸ਼ਾਦ ਹਰ ਰੋਜ਼ ਗੁਰਦੁਆਰੇ ਹੋਣਾ ਚਾਹੀਦਾ ਹੈ ਭਾਵੇਂ ਸਿੱਖ ਆਪੋ ਆਪਣੀ ਵਾਰੀ ਬੰਨ ਲੈਣ, ਪਰ ਕੜਾਹ ਪ੍ਰਸ਼ਾਦਿ ਦੀ ਦੇਗ ਹੀ ਹੋਵੇ, ਹੋਰ ਕੋਈ ਪ੍ਰਸ਼ਾਦ ਨਹੀਂ।

64. ਸਵਾਲ: ਕੁਝ ਲੋਕ ਮ੍ਰਿਤਕ ਦੀ ਅਰਥੀ ਪਿਛੇ 'ਚੌਰ' ਝੁਲਾਉਂਦੇ ਹਨ, ਕੀ ਐਸਾ ਕਰਨਾ ਠੀਕ ਹੈ?

ਜਵਾਬ: ਚੌਰ ਝੁਲਾਉਣ ਵਾਲਾ ਸਤਿਕਾਰ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਹੀ ਰਾਖਵਾਂ ਹੈ ਕਿਸੇ ਬੰਦੇ ਉਪਰ ਚੌਰ ਨਹੀਂ ਝੁਲਾਇਆ ਜਾ ਸਕਦਾ। ਮ੍ਰਿਤਕ ਪ੍ਰਾਣੀ ਦੇ ਪਿਛੇ ਚੌਰ ਝੁਲਾਉਣ ਵਾਲੇ, ਮਰ ਚੁਕੇ ਵੱਡੇ ਵਡੇਰੇ ਦਾ ਇੰਜ ਕਰਕੇ ਆਪਣੇ ਵਲੋਂ ਸਤਿਕਾਰ ਕਰਦੇ ਹਨ ਪਰ ਇਹ ਅਸਲ ਵਿਚ ਉਹਨਾਂ ਦੀ ਅਗਿਆਨਤਾ ਹੈ।

65. ਸਵਾਲ: ਅਖੰਡ ਪਾਠ ਦਾ ਭੋਗ ੪੮ ਘੰਟੇ ਵਿਚ ਹੀ ਪੈਣਾ ਚਾਹੀਦਾ ਹੈ ਜਾਂ ਸਮਾਂ ਵੱਧ ਵੀ ਲੱਗ ਸਕਦਾ ਹੈ?

ਜਵਾਬ: 'ਅਖੰਡ ਪਾਠ' ਦੀ ਮਰਯਾਦਾ ਵਿਚ ਸੱਪਸ਼ਟ ਲਿਖਿਆ ਹੈ ਕਿ ਬਾਣੀ ਪ੍ਰੇਮ ਨਾਲ ਮੂੰਹੋ ਬੋਲ ਕੇ, ਸਤਿਕਾਰ ਨਾਲ ਪੜ੍ਹਨੀ ਹੈ, ਜੋ ਸੁਣਨ ਵਾਲੇ ਨੂੰ ਚੰਗੀ

ਤਰ੍ਹਾਂ ਸਮਝ ਆ ਸਕੇ, ਸਮਾਂ ਭਾਵੇਂ ਕਿੰਨਾ ਵੀ ਵੱਧ ਲੱਗ ਜਾਵੇ. ਇਸ ਦਾ ਕੋਈ ਹਰਜ ਨਹੀਂ । ਸਮੇਂ ਦੀ ਮਹਾਨਤਾ ਨਹੀਂ, ਗੁਰਬਾਣੀ ਪੜ੍ਹਣ ਤੇ ਸਮਝ ਸਮਝਾ ਸਕਣ ਦੀ ਮਹਾਨਤਾ ਹੈ। ਚੁਪ ਗੜੱਪ ਪਾਠ, ਨਜ਼ਰਾਂ ਫੇਰਣ ਵਾਲਾ ਪਾਠ, ਕਾਹਲੀ ਕਾਹਲੀ ਦਾ ਪਾਠ, ਸਪੀਡਾਂ ਚੁਕਣ ਵਾਲਾ ਤੇ ਜਲਦੀ ਜਲਦੀ ਭੋਗ ਪਾਉਣ ਵਾਲਾ ਪਾਠ, ਸਿੱਖ ਰਹਿਤ ਮਰਯਾਦਾ ਅਨੁਸਾਰ ਪ੍ਰਵਾਨ ਨਹੀਂ । ਐਸਾ ਕਰਨਾ ਪਾਠ ਦੀ ਬੇਅਦਬੀ ਹੈ। ਅਸੀਂ ਕਈ ਵਾਰ ਵੇਖਦੇ ਹਾਂ ਕਿ ਜਦੋਂ ਭੋਗ ਪਾਉਣਾ ਹੋਵੇ ਅਤੇ ਪਾਠ ਵਧੇਰੇ ਰਹਿੰਦਾ ਹੋਵੇ ਤਾਂ ਪਾਠੀ ਸੱਜਣ ਤੇਜ਼ ਤੇਜ਼ ਪਾਠ ਕਰਦਾ ਹੈ, ਜਿਸ ਦੀ ਸਮਝ ਨਹੀਂ ਆਉਂਦੀ, ਹਾਂ ਉਚਾਰਨ ਦਾ ਪਤਾ ਲੱਗਦਾ ਹੈ; ਬੱਸ ਇਹੀ ਦਿਸਦਾ ਹੈ ਕਿ ਪਾਠੀ ਗੁਰੂ ਗ੍ਰੰਥ ਸਾਹਿਬ ਉਪਰ ਨਜ਼ਰਾਂ ਫੇਰੀ ਜਾਂਦਾ ਹੈ। ਐਸਾ ਕਰਨਾ ਗੁਰਬਾਣੀ ਦੀ ਨਿਰਾਦਰੀ ਹੈ। ਪਾਠ ਰੱਖਣ ਰਖਵਾਉਣ ਵਾਲਿਆਂ ਨੂੰ ਸੁਚੇਤ ਹੋਣ ਦੀ ਲੋੜ ਹੈ।

66. **ਸਵਾਲ: ਆਨੰਦ ਕਾਰਜ ਦੇ ਸਮੇਂ ਲੋਕੀਂ ਚੌਥੀ ਲਾਂਵ ਵੇਲੇ ਲੜਕੇ ਲੜਕੀ ਤੇ ਫੁਲਾਂ ਦੀ ਵਰਖਾ ਕਰਦੇ ਹਨ। ਕੀ ਇਹ ਠੀਕ ਗੱਲ ਹੈ?**

ਜਵਾਬ: ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕਿਸੇ ਵੀ ਵਿਅਕਤੀ ਉਪਰ ਫੁੱਲਾਂ ਦੀ ਵਰਖਾ ਕਰਨੀ ਮਨਮਤ ਹੈ। ਇਸ ਨਾਲ ਗੁਰੂ ਦੇ ਸਤਿਕਾਰ ਵਿਚ ਫਰਕ ਪੈਂਦਾ ਹੈ, ਇਸੇ ਲਈ ਇਹ ਰਸਮ ਨਹੀਂ ਹੋਣੀ ਚਾਹੀਦੀ। ਜੇ ਫੁਲਾਂ ਦੀ ਵਰਖਾ ਜ਼ਰੂਰੀ ਕਰਨੀ ਹੀ ਹੈ ਤਾਂ ਆਨੰਦ ਕਾਰਜ ਹੋ ਜਾਣ ਉਪਰੰਤ ਗੁਰਦੁਆਰਾ ਸਾਹਿਬ ਤੋਂ ਬਾਹਰ ਆ ਕੇ ਕੀਤੀ ਜਾ ਸਕਦੀ ਹੈ ਤੇ ਬੇਲੋੜਾ ਸ਼ੌਂਕ ਪੂਰਾ ਕੀਤਾ ਜਾ ਸਕਦਾ ਹੈ।

67. **ਸਵਾਲ: ਕੀ ਸਿੰਘਣੀਆਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਸਕਦੀਆਂ ਹਨ ਤੇ ਅੰਮ੍ਰਿਤ ਛਕਾਉਣ ਸਮੇਂ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋ ਸਕਦੀਆਂ ਹਨ?**

ਜਵਾਬ: ਸਿੱਖ ਧਰਮ ਵਿਚ ਸਿੰਘ ਅਤੇ ਸਿੰਘਣੀ ਨੂੰ ਬਰਾਬਰ ਦੇ ਅਧਿਕਾਰ ਦਿਤੇ ਗਏ ਹਨ। ਸਿੱਖ ਰਹਿਤ ਮਰਯਾਦਾ ਵਿਚ ਸਪਸ਼ਟ ਲਿਖਿਆ ਹੈ ਕਿ ਸਿੰਘਣੀਆਂ ਅੰਮ੍ਰਿਤ ਛਕਾਉਣ ਸਮੇਂ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋ ਸਕਦੀਆਂ ਹਨ। ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਕਰ ਸਕਦੀਆਂ ਹਨ। ਪੰਜ ਪਿਆਰਿਆਂ ਦਾ ਗੱਫਾ ਸਿੰਘਣੀਆਂ ਨੂੰ ਵੀ ਦਿਤਾ ਜਾ ਸਕਦਾ ਹੈ। ਸਾਡੀ ਇਹ ਪ੍ਰਚਾਰ ਦੀ ਕਮੀ ਹੈ ਕਿ ਅਸੀਂ ਕਦੀ ਸਿੰਘਣੀਆਂ ਨੂੰ ਸ਼ਾਮਲ ਨਹੀਂ ਕੀਤਾ ਜਿਸ ਕਾਰਨ ਸਿੱਖ ਇਸਤਰੀਆਂ ਵਿਚ ਅੰਮ੍ਰਿਤ ਛਕਣ ਤੇ ਛਕਾਉਣ ਦਾ ਪੂਰਾ ਚਾਅ ਪੈਦਾ ਨਹੀਂ ਕੀਤਾ ਜਾ ਸਕਦਾ।

68. ਸਵਾਲ: ਕੀ ਕਿਸੇ ਦੇ ਨਮਿਤ ਰਖਿਆ ਸਹਿਜ ਪਾਠ ਅੱਧਾ ਇਕ ਗੁਰਦੁਆਰੇ ਤੇ ਅੱਧਾ ਦੂਜੇ ਗੁਰਦੁਆਰੇ ਵਿਖੇ ਕੀਤਾ ਜਾ ਸਕਦਾ ਹੈ?

ਜਵਾਬ: ਗੁਰਮਤਿ ਵਿਚ 'ਨਮਿਤ' ਪਾਠਾਂ ਲਈ ਕੋਈ ਥਾਂ ਨਹੀਂ। ਗੁਰਬਾਣੀ ਦਾ ਪਾਠ ਕਰਨ ਵਾਲੇ ਤੇ ਸੁਣਨ ਵਾਲੇ ਦੇ ਹਿਰਦੇ ਨੂੰ ਠੰਢ ਪਾਉਂਦਾ ਹੈ। ਇਕ ਦਾ ਕੀਤਾ ਪਾਠ ਦੂਜੇ ਪ੍ਰਾਣੀ ਨੂੰ ਨਹੀਂ ਪਹੁੰਚ ਸਕਦਾ, ਕਿਉਂਕਿ ਗੁਰਬਾਣੀ ਵਿਚ ਹੀ ਨਾ ਪਹੁੰਚਣ ਬਾਰੇ ਲਿਖਿਆ ਹੈ:

ਨਾਨਕ ਅਗੈ ਸੋ ਮਿਲੈ, ਜਿ ਖਟੇ ਘਾਲੇ ਦੇਇ॥

ਮਹਾਨਤਾ ਗੁਰਬਾਣੀ ਦੇ ਪਾਠ ਕਰਨ ਦੀ ਹੈ, ਭਾਵੇਂ ਉਹ ਕਿਸੇ ਵੀ ਜਗ੍ਹਾ ਤੇ ਕੀਤਾ ਜਾਏ। ਗੁਰੂ ਗ੍ਰੰਥ ਸਾਹਿਬ ਸਭ ਗੁਰਦੁਆਰਿਆਂ ਵਿਚ ਇਕੋ ਹੀ ਹਨ। ਕਿਸੇ ਜਗ੍ਹਾ ਵੀ ਜਾ ਕੇ ਪਾਠ ਕੀਤਾ ਜਾਏ ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਪਰ ਪਾਠੀ ਸਿੰਘ ਕੀ ਕਰਦੇ ਹਨ, ਲੋਕਾਂ ਦੇ ਰਖਾਏ ਪਾਠ ਇਕ ਗੁਰਦੁਆਰੇ ਵਿਚ ਇਕ ਪਾਠੀ ਤੇ ਦੂਜੇ ਵਿਚ ਦੂਜਾ ਪਾਠੀ ਪੰਨੇ ਵੰਡ ਕੇ ਕਰ ਲੈਂਦੇ ਹਨ। ਇਹ ਮਨਮਤ ਹੈ। ਹਰ ਸਿੱਖ ਨੂੰ ਪਾਠ ਆਪ ਕਰਨਾ ਚਾਹੀਦਾ ਹੈ ਜਾਂ ਪਾਠੀ ਸਿੰਘ ਕੋਲੋਂ ਸੁਣਨਾ ਚਾਹੀਦਾ ਹੈ। ਕਿਰਾਇਆ ਦੇ ਕੇ ਠੇਕੇ ਤੇ ਪਾਠ ਕਰਾਉਣਾ ਸਿੱਖੀ ਮਰਯਾਦਾ ਦੇ ਵਿਰੁਧ ਹੈ। ਉਂਜ ਪਾਠ ਸੁਣਾਉਣ ਵਾਲੇ ਪਾਠੀ ਸਿੰਘ ਦਾ ਜਿੰਨਾ ਵੀ ਸਤਿਕਾਰ ਕੀਤਾ ਜਾਏ, ਕਰਨਾ ਚਾਹੀਦਾ ਹੈ।

69. ਸਵਾਲ: ਰਹਿਤ ਬਹਿਤ ਵਿਚ ਭੁਲ ਕਰਨ ਵਾਲੇ ਨੂੰ ਦੰਡ ਲਾਇਆ ਜਾਂਦਾ ਹੈ ਤੇ ਕਿਹਾ ਜਾਂਦਾ ਹੈ ਕਿ ਤਨਖਾਹ ਲਾਈ ਹੈ, ਐਸਾ ਕਿਉਂ?

ਜਵਾਬ: ਸਿੱਖ ਰਹਿਤ ਮਰਯਾਦਾ ਵਿਰੁਧ ਕਰਮ ਅਤੇ ਧਰਮ ਦੰਡ ਦਾ ਨਾਉਂ 'ਤਨਖਾਹ' ਹੈ। ਜੋ ਸਿੱਖ ਰਹਿਤ ਦੇ ਨੇਮਾਂ ਨੂੰ ਭੰਗ ਕਰਦਾ ਹੈ, ਉਹ "ਤਨਖਾਹੀਆ" ਸਦੀਦਾ ਹੈ। ਇਸ ਸ਼ਬਦ ਦਾ ਮੂਲ ਇਹ ਹੈ ਕਿ ਜਿਸ ਵੇਲੇ ਪੰਜਾਬ ਦੇ ਮੁਸਲਮਾਨ ਹਾਕਿਮਾਂ ਨੇ ਅਮਨ ਕਾਇਮ ਕਰਨ ਲਈ ਸਿੱਖਾਂ ਨਾਲ ਜ਼ਾਹਿਰਾ ਮੇਲ ਕਰ ਲਿਆ ਅਤੇ ਕਿਤਨੇ ਸਿੱਖਾਂ ਨੂੰ ਮਾਕੂਲ ਤਨਖਾਹ ਦੇ ਕੇ ਸਰਕਾਰੀ ਨੌਕਰੀਆਂ ਦੇ ਦਿਤੀਆਂ ਤਾਂ ਅਣਖੀਲੇ ਸਿੰਘਾਂ ਨੇ ਆਪਣੇ ਭਾਈਆਂ ਦਾ ਇਹ ਕਰਮ ਘ੍ਰਿਣਾਯੋਗ ਜਾਣਕੇ ਨੌਕਰ ਸਿੱਖਾਂ ਦੀ ਅੱਲ 'ਤਨਖਾਹੀਏ' ਥਾਪ ਦਿਤੀ। ਕੁਛ ਸਮਾਂ ਪਾ ਕੇ ਧਰਮ ਅਤੇ ਮਰਯਾਦਾ ਵਿਰੁਧ ਕਰਮ ਕਰਨ ਵਾਲੇ ਦਾ ਨਾਮ ਤਨਖ਼ਾਹੀਆ ਪੱਕ ਗਿਆ। ਪੰਥਕ ਬੋਲਿਆਂ ਵਿਚ ਵੀ ਤਨਖਾਹ ਸ਼ਬਦ ਵਰਤਿਆ ਜਾਂਦਾ ਸੀ।

70. ਸਵਾਲ: ਕੀ ਗੁਰਦੁਆਰਾ ਸਾਹਿਬ ਵਿਖੇ ਔਰਤਾਂ ਦਾ ਘੁੰਡ ਕਰ ਕੇ ਬੈਠਣਾ ਠੀਕ ਹੈ?

ਜਵਾਬ: ਨਹੀਂ ਜੀ। "ਸਿੱਖ ਰਹਿਤ ਮਰਯਾਦਾ" ਵਿੱਚ "ਗੁਰਦੁਆਰੇ" ਦੇ ਸਿਰਲੇਖ ਹੇਠ ਇਉਂ ਲਿਖਿਆ ਹੋਇਆ ਹੈ–

ਸੰਗਤ ਵਿੱਚ ਜਾਂ ਸਤਿਗੁਰਾਂ ਦੇ ਪ੍ਰਕਾਸ਼ ਸਮੇਂ ਕਿਸੇ ਸਿੱਖ ਨੂੰ ਨੰਗੇ ਸਿਰ ਨਹੀਂ ਬੈਠਣਾ ਚਾਹੀਦਾ। ਸੰਗਤ ਵਿੱਚ ਸਿੱਖ ਇਸਤਰੀਆਂ ਲਈ ਪਰਦਾ ਕਰਨਾ ਜਾਂ ਘੁੰਡ ਕੱਢਣਾ ਗੁਰਮਤਿ ਵਿਰੁੱਧ ਹੈ।

71. ਸਵਾਲ: ਸਿੱਖ ਪੰਥ ਹਰ ਰੋਜ਼ ਸਵੇਰ ਅਤੇ ਸ਼ਾਮ ਅਰਦਾਸ ਕਰਨ ਵੇਲੇ " ਰਾਜ ਕਰੇਗਾ ਖਾਲਸਾ" ਵਾਲਾ ਦੋਹਰਾ ਪੜ੍ਹਦਾ ਹੈ। ਤੁਹਾਡੇ ਖਿਆਲ ਅਨੁਸਾਰ ਉਹ ਕਿਹੜਾ ਖਾਲਸਾ ਹੈ ਅਤੇ ਖਾਲਸਾ ਰਾਜ ਕਦੋਂ ਹੋਵੇਗਾ ?

ਜਵਾਬ: ਉਹ ਖਾਲਸਾ ਉਹੀ ਹੈ ਜਿਸ ਬਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ–

ਜਾਗਤ ਜੋਤਿ ਜਪੈ ਨਿਸ ਬਾਸੁਰ,
ਏਕ ਬਿਨਾ ਮਨ ਨੈਕ ਨ ਆਨੈ।।
ਪੂਰਨ ਪ੍ਰੇਮ ਪ੍ਰਤੀਤ ਸਜੈ,
ਬ੍ਰਤ ਗੋਰ ਮੜ੍ਹੀ ਮਟ ਭੂਲ ਨ ਮਾਨੈ।।
ਤੀਰਥ ਦਾਨ ਦਇਆ ਤਪ ਸੰਜਮ,
ਏਕ ਬਿਨਾ ਨਹਿ ਏਕ ਪਛਾਨੈ।।
ਪੂਰਨ ਜੋਤ ਜਗੈ ਘਟ ਮੈ,
ਤਬ ਖਾਲਸ ਤਾਹਿ ਨਖਾਲਸ ਜਾਨੈ।।

ਭਾਵ ਗੁਰਸਿੱਖ ਦਿਨ ਰਾਤ ਨਾਮ ਜਪੈ, ਇੱਕ ਅਕਾਲ ਪੁਰਖ ਤੋਂ ਬਿਨਾਂ ਕਿਸੇ ਹੋਰ ਨੂੰ ਨਾ ਮੰਨੇ, ਪ੍ਰੇਮ ਭਾਵ ਰੱਖੇ; ਬਰਤ, ਕਬਰਾਂ, ਮੜ੍ਹੀਆਂ, ਮੱਠਾਂ ਨੂੰ ਭੁੱਲ ਕੇ ਵੀ ਨਾ ਮੰਨੇ। ਤੀਰਥਾਂ ਤੇ ਭਟਕਦੇ ਫਿਰਨਾ, ਦਾਨ ਕਰਨੇ, ਦਇਆ ਪਾਲਣੀ, ਧੂਣੀਆਂ ਆਦਿ ਤਪਾ ਕੇ ਤਪ ਕਰਨੇ, ਸੰਜਮ ਪਾਲਣੇ ਆਦਿ ਫੋਕਟ ਕਰਮਾਂ ਵੱਲ ਧਿਆਨ ਨਾ ਦੇਵੇ। ਇਸ ਰਾਹ ਤੇ ਚਲਦੇ ਹੋਏ ਜਦੋਂ ਗੁਰੂ ਕੇ ਸਿੱਖ ਦੇ ਸਰੀਰ ਅੰਦਰ ਪ੍ਰਭੂ ਦੀ ਜੋਤਿ ਪ੍ਰਗਟ ਹੋ ਜਾਵੇ ਅਰਥਾਤ ਆਤਮਾ ਪਰਮ-ਆਤਮਾ ਨਾਲ ਇੱਕ- ਮਿੱਕ ਹੋ ਜਾਵੇ ਤਾਂ ਉਸਨੂੰ ਨਿਰੋਲ ਖਾਲਸਾ ਜਾਣੋ।

ਅਜਿਹੇ ਸਿੱਖਾਂ ਦੇ ਰਾਜ ਦੀ ਦਸਮ ਗੁਰੂ ਜੀ ਨੇ ਕਲਪਨਾ ਕੀਤੀ ਸੀ , ਕਿਉਂਕਿ ਰਾਜ-ਸ਼ਕਤੀ ਤੋਂ ਬਿਨਾਂ ਅੱਤਿਆਚਾਰੀ ਰਾਜਿਆਂ ਕੋਲੋਂ ਧਰਮ ਨੂੰ ਬਚਾਉਣਾ ਸੰਭਵ ਨਹੀਂ ਸੀ ਅਤੇ ਸਿੱਖ ਲਹਿਰ ਦੇ ਧਾਰਮਿਕ, ਸਮਾਜਿਕ ਅਤੇ ਸਿਆਸੀ ਮਨੋਰਥਾਂ ਦੀ ਪ੍ਰਾਪਤੀ ਰਾਜ ਤੋਂ ਬਿਨਾਂ ਨਹੀਂ ਹੋ ਸਕਦੀ । ਏਸੇ ਲਈ ਸਾਡੇ ਬਜ਼ੁਰਗ ਵੀ ਇਸ ਧਾਰਣਾ ਦੇ ਵਿਸ਼ਵਾਸੀ ਸਨ ਕਿ -

'ਰਾਜ ਬਿਨਾਂ ਨਾ ਧਰਮ ਚਲੇ ਹੈ ।।
ਧਰਮ ਬਿਨਾ ਸਭ ਦਲੇ ਮਲੇ ਹੈਂ ।।

ਬਾਬਾ ਬੰਦਾ ਸਿੰਘ ਦੇ ਸਮੇਂ ਤੋਂ ਹੀ ਮੁਗਲਾਂ ਨੇ ਸਿੱਖ ਸ਼ਕਤੀ ਨੂੰ ਤਹਿਸ ਨਹਿਸ ਕਰਨ ਦਾ ਹਰ ਯਤਨ ਕਰਨਾ ਆਰੰਭ ਕਰ ਦਿਤਾ ਸੀ, ਜਿਸਦੇ ਫਲ-ਸਰੂਪ ਹਜ਼ਾਰਾਂ ਸਿੰਘਾਂ ਨੇ ਅਸਹਿ ਤੇ ਅਕਹਿ ਕਸ਼ਟ ਸਹਾਰਦਿਆਂ ਹੋਇਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ । ਐਸੇ ਸਮੇਂ ਵੀ ਸਿੱਖਾਂ ਦਾ ਇਹ ਵਿਸ਼ਵਾਸ ਸੀ ਕਿ ਗੁਰੂ ਸਾਹਿਬ ਕੇ ਬਚਨ ਪੂਰੇ ਹੋਣਗੇ ਤੇ ਖਾਲਸੇ ਦਾ ਰਾਜ ਅਵੱਸ਼ ਹੋਵੇਗਾ। ਆਪਣੇ ਧਾਰਮਿਕ ਅਕੀਦੇ ਅਤੇ ਰਾਜਨੀਤਕ ਨਿਸ਼ਾਨੇ ਨੂੰ ਯਾਦ ਰਖਣ ਲਈ ਸਿੱਖ ਰੋਜ਼ ਸਵੇਰੇ ਸ਼ਾਮ ਇਹ ਦੋਹਿਰਾ ਅਰਦਾਸ ਦੇ ਮਗਰੋਂ ਪੜ੍ਹਦੇ ਸਨ । ਦ੍ਰਿੜ ਇਰਾਦੇ ਦੇ ਮਾਲਕ ਸਿੱਖਾਂ ਨੇ ਲਗਾਤਾਰ ੬੦ ਸਾਲਾਂ ਦੇ ਸੰਘਰਸ਼ ਮਗਰੋਂ ਮਿਸਲਾਂ ਦੇ ਰੂਪ ਵਿਚ ਆਪਣਾ ਰਾਜ-ਭਾਗ ਕਾਇਮ ਕਰ ਲਿਆ ਸੀ । ਫਿਰ ਮਹਾਰਾਜਾ ਰਣਜੀਤ ਸਿੰਘ ਦਾ ਸ਼ਕਤੀਸ਼ਾਲੀ ਰਾਜ ਹੋਂਦ ਵਿਚ ਆਇਆ । ਇੰਝ ਦਸਮ ਗੁਰੂ ਜੀ ਦੇ ਸੁਪਨੇ ਸਾਕਾਰ ਹੋ ਗਏ । ਅੱਜ ਵੀ ਇਹ ਦੋਹਿਰਾ ਸਾਨੂੰ ਰਾਜਸੀ ਸ਼ਕਤੀ ਦੀ ਲੋੜ ਦਾ ਅਹਿਸਾਸ ਕਰਾਉਂਦਾ ਹੈ ਅਤੇ ਪੰਥ ਦੀ ਆਜ਼ਾਦ ਹਸਤੀ ਨੂੰ ਕਾਇਮ ਕਰਨ ਦਾ ਸੁਨੇਹਾ ਦਿੰਦਾ ਹੈ ।

72. **ਸਵਾਲ: ਅੰਮ੍ਰਿਤ ਛਕਣਾ ਬਹੁਤ ਜ਼ਰੂਰੀ ਸਮਝਿਆ ਜਾਂਦਾ ਹੈ ਪਰ ਦਸਵੇਂ ਗੁਰੂ ਤੋਂ ਪਹਿਲਾਂ ਕਿਸੇ ਨੇ ਵੀ ਅੰਮ੍ਰਿਤ ਨਹੀਂ ਛਕਿਆ। ਇਹ ਪ੍ਰਥਾ ਤਾਂ ਦਸਵੇਂ ਪਾਤਸ਼ਾਹ ਨੇ ਸ਼ੁਰੂ ਕੀਤੀ ਹੈ। ਪਹਿਲੇ ਨੌ ਗੁਰੂਆਂ ਨੇ ਅੰਮ੍ਰਿਤ ਨਹੀਂ ਛਕਿਆ ਤਾਂ ਹੁਣ ਹਰ ਸਿੱਖ ਲਈ ਅੰਮ੍ਰਿਤ ਛਕਣਾ ਕਿਉਂ ਜ਼ਰੂਰੀ ਹੈ?**

ਜਵਾਬ: ਭਾਈ ਕਾਨ੍ਹ ਸਿੰਘ ਰਚਿਤ ਗੁਰਮਤਿ ਮਾਰਤੰਡ ਅਨੁਸਾਰ ਨੌਂ ਸਤਿਗੁਰਾਂ ਵੇਲੇ ਅਤੇ ਸੰਮਤ ੧੭੫੬ ਤੋਂ ਪਹਿਲਾਂ ਦਸਮ ਗੁਰੂ ਦੇ ਅਧਿਕਾਰ ਵਿੱਚ ਵੀ ਚਰਨਾਮ੍ਰਿਤ (ਚਰਣ-ਪਾਹੁਲ) ਦੇਣ ਦੀ ਰੀਤ ਸੀ। ਦਸਮ ਪਾਤਸ਼ਾਹ ਨੇ ੧ ਵੈਸਾਖ, ਸੰਮਤ ੧੭੫੬ (ਸੰਨ ੧੬੯੯) ਨੂੰ ਖੰਡੇ ਬਾਟੇ ਦਾ ਅੰਮ੍ਰਿਤ (ਖੰਡੇ ਦੀ ਪਾਹੁਲ) ਪਿਲਾ ਕੇ ਸੂਰਬੀਰ ਖਾਲਸਾ ਰਚਿਆ ਅਤੇ ਚਰਣਾਮ੍ਰਿਤ ਦੇਣ ਦੀ ਮਰਯਾਦਾ ਸਦਾ ਲਈ ਬਦਲ ਦਿੱਤੀ।

ਭਾਈ ਗੁਰਦਾਸ ਜੀ ਨੇ ਵੀ ਆਪਣੀ ਪਹਿਲੀ ਵਾਰ ਦੀ ਤੇਈਵੀਂ ਪਉੜੀ ਵਿੱਚ ਲਿਖਿਆ ਹੈ--

ਸੁਣੀ ਪੁਕਾਰ ਦਾਤਾਰ ਪ੍ਰਭੁ, ਗੁਰੂ ਨਾਨਕ ਜਗ ਮਾਹਿ ਪਠਾਇਆ।
ਚਰਨ ਧੋਇ ਰਹਰਾਸਿ ਕਰਿ, ਚਰਣਾਮ੍ਰਿਤ ਸਿਖਾਂ ਪੀਲਾਇਆ।

ਇਨ੍ਹਾਂ ਹਵਾਲਿਆਂ ਤੋਂ ਪਤਾ ਲੱਗਦਾ ਹੈ ਕਿ ਅੰਮ੍ਰਿਤ ਛਕਾਉਣ ਦੀ ਰੀਤ ਪਹਿਲੇ ਸਤਿਗੁਰ ਗੁਰੂ ਨਾਨਕ ਦੇਵ ਜੀ ਤੋਂ ਹੀ ਚਾਲੂ ਸੀ । ਦਸਮ ਪਾਤਸ਼ਾਹ ਨੇ ਤਾਂ ਕੇਵਲ ਚਰਣ ਪਾਹੁਲ ਨੂੰ ਖੰਡੇ ਦੀ ਪਾਹੁਲ ਵਿੱਚ ਹੀ ਬਦਲਿਆ ਹੈ। ਪਹਿਲਾਂ ਵੀ ਅੰਮ੍ਰਿਤ ਛਕਣ ਵਾਲੇ ਨੂੰ ਸਤਿਗੁਰੂ ਜੀ ਨਾਮ ਦੀ ਦਾਤ ਦਿੰਦੇ ਸਨ ਅਰਥਾਤ ਨਾਮ ਦ੍ਰਿੜ੍ਹ ਕਰਵਾਉਂਦੇ ਸਨ ਅਤੇ ਹੁਣ ਵੀ ਪੰਜ ਪਿਆਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਨਾਮ ਦ੍ਰਿੜ੍ਹ ਕਰਵਾਉਂਦੇ ਹਨ। ਸੋ, ਪਹਿਲੇ ਨੌਂ ਗੁਰੂਆਂ ਦੇ ਸਮੇਂ ਵੀ ਗੁਰ-ਦੀਖਿਆ ਲੈਣ ਲਈ ਸਿੱਖ ਧਰਮ ਅੰਦਰ ਅੰਮ੍ਰਿਤ ਛਕਣਾ ਲਾਜ਼ਮੀ (ਜ਼ਰੂਰੀ) ਸੀ ਤੇ ਅੱਜ ਵੀ ।

73. ਸਵਾਲ: ਕੜਾਹ ਪ੍ਰਸ਼ਾਦ ਹੀ ਦੇਗ ਮੰਨੀ ਗਈ ਹੈ। ਕਿਉਂ? ਹੋਰ ਕੋਈ ਪ੍ਰਸ਼ਾਦ ਕਿਉਂ ਨਹੀਂ?

ਜਵਾਬ: ਸਿੱਖਾਂ ਦੀ ਨਿਜੀ ਤੇ ਕੌਮੀ ਜਿੰਦਗੀ ਲਈ ਵਿਸ਼ੇਸ਼ ਨਿਯਮ ਨਿਰਧਾਰਿਤ ਕੀਤੇ ਗਏ ਹਨ, ਜਿਨ੍ਹਾਂ ਦੇ ਸੰਗ੍ਰਹਿ ਨੂੰ 'ਸਿਖ ਰਹਿਤ ਮਰਯਾਦਾ' ਕਿਹਾ ਜਾਂਦਾ ਹੈ ।

ਰਹਿਤ ਮਰਯਾਦਾ ਵਿਚ 'ਪ੍ਰਸ਼ਾਦ' ਕੇਵਲ ਕੜਾਹ ਦਾ ਹੀ ਸਵੀਕਾਰ ਕੀਤਾ ਗਿਆ ਹੈ । ਕੌਮੀ ਡਿਸਿਪਲਨ ਦੀ ਪਾਲਣਾ ਕਰਦਿਆਂ ਹੋਇਆ ਸੰਗਤਾਂ ਵਿਚ ਕੇਵਲ ਕੜਾਹ ਪ੍ਰਸ਼ਾਦ ਹੀ ਵਰਤਾਇਆ ਜਾਣਾ ਚਾਹੀਦਾ ਹੈ । ਹੋਰ ਕਿਸੇ ਵੀ ਚੀਜ਼ ਦਾ ਪ੍ਰਸ਼ਾਦ ਨਹੀਂ ਹੋਣਾ ਚਾਹੀਦਾ ।

ਛੋਲਿਆਂ ਦਾ ਪ੍ਰਸ਼ਾਦ ਛਨਿੱਚਰ ਦੇਵਤੇ ਨੂੰ ਖੁਸ਼ ਕਰਨ ਲਈ, ਸ਼ਨਿਚਰਵਾਰ ਨੂੰ ਬ੍ਰਾਹਮਣੀ ਧਰਮ ਵਾਲੇ ਵੰਡਦੇ ਹਨ । ਸਿੱਖ ਕੇਵਲ ਵਾਹਿਗੁਰੂ ਦਾ ਪੁਜਾਰੀ ਹੈ, ਹੋਰ ਕਿਸੇ ਦੀਨੀ-ਦੇਵਤੇ ਨੂੰ ਨਹੀਂ ਮੰਨਦਾ । ਇਸ ਲਈ ਛੋਲਿਆਂ ਦਾ ਪ੍ਰਸ਼ਾਦ (ਤੇ ਹੋਰ ਪ੍ਰਸ਼ਾਦ) ਪੂਰੀ ਤਰ੍ਹਾਂ ਬਿਵਰਜਿਤ ਹੈ ।

74. ਸਵਾਲ: ਸਿੱਖ ਬਰਾਦਰੀ ਵਿੱਚ ਆਪਣੀ ਰਿਸ਼ਤੇਦਾਰੀ ਵਿੱਚ ਵਿਆਹ ਕਰਨ ਦੀ ਇਜ਼ਾਜ਼ਤ ਹੈ ਜਾਂ ਨਹੀਂ, ਭਾਵੇਂ ਖੂਨ ਦਾ ਰਿਸ਼ਤਾ ਹੋਵੇ ਜਾਂ ਦੁੱਧ ਦਾ ਰਿਸ਼ਤਾ? ਅਗਰ ਮਨਾਹੀ ਹੈ ਤਾਂ ਕਿਉਂ?

ਜਵਾਬ: ਪੰਥ ਪ੍ਰਵਾਣਤ "ਸਿੱਖ ਰਹਿਤ ਮਰਯਾਦਾ" ਵਿੱਚ 'ਅਨੰਦ ਸੰਸਕਾਰ' ਦੇ ਸਿਰਲੇਖ ਹੇਠ ਇਉਂ ਲਿਖਿਆ ਹੋਇਆ ਹੈ--

(ੳ) ਸਿੱਖ ਸਿੱਖਣੀ ਦਾ ਵਿਆਹ ਬਿਨਾਂ ਜ਼ਾਤ ਪਾਤ, ਗੋਤ ਵਿਚਾਰ ਦੇ ਹੋਣਾ ਚਾਹੀਦੇ। ਵਿਆਹ ਕਿੰਨੇ ਨਜ਼ਦੀਕੀ ਰਿਸ਼ਤੇ ਵਿੱਚ ਕਰਨਾ ਹੈ,ਇਹ ਗੱਲ ਧਾਰਮਿਕ ਅਸੂਲਾਂ ਨਾਲੋਂ ਸਮਾਜਿਕ ਅਸੂਲਾਂ ਅਤੇ ਸਿਹਤ / ਸੰਤਾਨ ਦੇ ਭਲੇ ਨਾਲ ਵਧੇਰੇ ਸੰਬੰਧ ਰੱਖਦੀ ਹੈ। ਆਉਣ ਵਾਲੀ ਨਸਲ ਦੇ ਭਲੇ ਦੀ ਖਾਤਰ ਲੜਕਾ ਅਤੇ ਲੜਕੀ ਨਜ਼ਦੀਕੀ ਰਿਸ਼ਤੇਦਾਰੀ ਵਿਚੋਂ ਨਹੀਂ ਹੋਣੇ ਚਾਹੀਦੇ।

75. ਸਵਾਲ: ਬਹੁਤ ਸਾਰੇ ਗੁਰਸਿੱਖ ਵੀਰਾਂ ਵਲੋਂ ਇਹ ਕਿਹਾ ਜਾਂਦਾ ਹੈ ਕਿ ਸਿੱਖ ਪੰਥ ਦੀ ਦੁਰਦਸ਼ਾ ਦਾ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਜੋ ਪਹਿਲਾਂ ਲੜੀਵਾਰ ਸਰੂਪ ਵਿੱਚ ਸੀ, ਨੂੰ ਪਦ ਛੇਦ ਕਰਕੇ ਲਿਖਣਾ ਹੈ। ਕੀ ਇਹ ਠੀਕ ਹੈ?

ਜਵਾਬ: ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸਿੱਖ ਲਈ ਵਿਚਾਰ ਕੇ ਪੜ੍ਹਨ ਅਤੇ ਫਿਰ ਉਸ ਤੇ ਅਮਲ ਕਰਨ ਵਾਸਤੇ ਹੈ। ਜਦੋਂ ਬਾਣੀ ਲੜੀਵਾਰ ਸਰੂਪ ਵਿੱਚ ਲਿਖੀ ਗਈ ਸੀ ਉਦੋਂ ਲਿਖਣ ਦਾ ਇਹੀ ਢੰਗ ਪ੍ਰਚਲਿਤ ਸੀ ਅਤੇ ਲੋਕ ਐਸੀ ਲਿਖਤ ਨੂੰ ਸਹਿਜੇ ਹੀ ਸਮਝ ਵੀ ਲੈਂਦੇ ਸਨ। ਪਰ ਅੱਜ ਸਮੇਂ ਦੀ ਲੋੜ ਮੁਤਾਬਿਕ ਜੇ ਪਦ ਨਿਖੇੜ ਕੇ ਲਿਖੇ ਜਾਂਦੇ ਹਨ ਤਾਂ ਇਹ ਸਮਝਣ ਵਿੱਚ ਬੁਰਾਈ ਵਾਲੀ ਕੋਈ ਗੱਲ ਨਹੀਂ ਹੈ।

ਸਾਡੇ ਵਿਚਾਰ ਅਨੁਸਾਰ ਤਾਂ ਸਿੱਖ ਪੰਥ ਦੇ ਪਛੜੇ ਹੋਣ ਦਾ ਕਾਰਨ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਹੁਣ ਤੱਕ ਸੰਸਾਰ ਦੀਆਂ ਸਾਰੀਆਂ ਬੋਲੀਆਂ ਵਿੱਚ ਤਰਜਮਾਂ ਕਰਕੇ ਵਿਆਖਿਆ ਸਹਿਤ ਛਾਪਿਆ ਨਹੀਂ ਗਿਆ।

76. ਸਵਾਲ: ਅਸੀਂ ਅੰਮ੍ਰਿਤ ਛਕਣਾ ਚਾਹੁੰਦੇ ਹਾਂ, ਦੱਸੋ ਅਸੀਂ ਕਿਸ ਜਥੇ ਕੋਲੋਂ ਅੰਮ੍ਰਿਤ ਛਕੀਏ?

ਜਵਾਬ: ਅੰਮ੍ਰਿਤ ਕਿਸੇ ਜਥੇਬੰਦੀ ਦਾ ਨਹੀਂ ਸਗੋਂ ਗੁਰੂ ਦਾ ਹੈ। ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਦੱਸੀ ਮਰਯਾਦਾ ਅਨੁਸਾਰ ਜਿਥੇ ਵੀ ਪੰਜ ਪਿਆਰੇ ਵਿਧੀ ਪੂਰਵਕ ਅੰਮ੍ਰਿਤ ਛਕਾਉਂਦੇ ਹੋਣ, ਛੱਕ ਲੈਣਾ ਯੋਗ ਹੈ। ਅੰਮ੍ਰਿਤ ਨੂੰ ਜਥੇਬੰਦੀਆਂ ਦੀ ਵੰਡ ਵਿੱਚ ਪਾਉਣਾ ਯੋਗ ਨਹੀਂ ਹੈ।

77. ਸਵਾਲ: ਅੰਮ੍ਰਿਤ ਛਕਣ ਲਈ ਪ੍ਰੇਰਿਤ ਕਰਨ ਤੇ ਕਈ ਲੋਕ ਕਹਿੰਦੇ ਹਨ ਕਿ ਅਜੇ ਵਾਹਿਗੁਰੂ ਦੀ ਮਿਹਰ ਨਹੀਂ ਹੋਈ। ਜਦੋਂ ਮਿਹਰ ਹੋਵੇਗੀ, ਆਪੇ ਅੰਮ੍ਰਿਤ ਛਕ ਲਵਾਂਗੇ। ਕੀ ਹਰੇਕ ਇਨਸਾਨ ਨੂੰ ਇਹੀ ਸੋਚ ਲੈਣਾ ਚਾਹੀਦਾ ਹੈ ਜਾਂ ਆਪ ਵੀ ਕੋਸ਼ਿਸ਼ ਕਰਨੀ ਚਾਹੀਦੀ ਹੈ?

ਜਵਾਬ: ਐਸੀਆਂ ਫੋਕੀਆਂ ਦਲੀਲਾਂ ਅੰਮ੍ਰਿਤ ਨਾ ਛਕਣ ਲਈ ਕੇਵਲ ਬਹਾਨੇਬਾਜ਼ੀ ਤੋਂ ਵਧ ਕੁਝ ਨਹੀਂ। ਪ੍ਰਮਾਤਮਾ ਨੇ ਮਨੁੱਖ ਨੂੰ ਆਪਣੇ ਬੁਰੇ ਭਲੇ ਦੀ ਪਰਖ ਕਰ ਸਕਣ ਵਾਲੀ ਬੁੱਧੀ ਦੀ ਬਖਸ਼ਿਸ਼ ਕਰਕੇ ਸਾਰੀਆਂ ਜੂਨਾਂ ਤੇ ਸਰਦਾਰੀ ਬਖਸ਼ਿਸ਼ ਕੀਤੀ ਹੈ, ਜੇ ਕੋਈ ਪ੍ਰਾਣੀ ਇਸ ਬੁੱਧੀ ਦੀ ਯੋਗ ਵਰਤੋਂ ਨਹੀਂ ਕਰਦਾ ਤਾਂ ਉਸ ਵਿਚ ਤੇ ਬਾਕੀ ਜੂਨਾਂ (ਜਾਨਵਰਾਂ ਆਦਿ) ਵਿਚ ਕੀ ਅੰਤਰ ਹੋਇਆ ? ਅਸੀਂ ਇਹ ਤਾਂ ਕਦੀ ਨਹੀਂ ਆਖਦੇ ਕਿ ਪ੍ਰਮਾਤਮਾ ਸਾਡੀ ਭੁੱਖ ਮਿਟਾਉਣ ਲਈ ਰੋਟੀ, ਜਾਂ ਪਿਆਸ ਬੁਝਾਉਣ ਲਈ ਪਾਣੀ ਆਪੇ ਸਾਡੇ ਮੂੰਹ ਵਿੱਚ ਪਾ ਦੇਵੇਗਾ, ਸਗੋਂ ਅਸੀਂ ਆਪਣੀ ਸਰੀਰਕ ਲੋੜ ਦੀ ਪੂਰਤੀ ਲਈ ਆਪ ਉੱਦਮ ਕਰਦੇ ਹਾਂ। ਠੀਕ ਇਸੇ ਤਰ੍ਹਾਂ ਆਤਮਿਕ ਲੋੜ ਦੀ ਪੂਰਤੀ ਲਈ ਅੰਮ੍ਰਿਤ ਛਕਣ ਲਈ ਵੀ ਸਾਨੂੰ ਆਪ ਉੱਦਮ ਕਰਨ ਦੀ ਲੋੜ ਹੈ।

78. ਸਵਾਲ: ਕੀ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਇਲਾਵਾ ਹੋਰ ਕਿਸੇ ਨੂੰ ਮੱਥਾ ਟੇਕ ਸਕਦਾ ਹੈ ? ਜੇਕਰ ਨਹੀਂ ਤਾਂ ਹੇਠ ਲਿਖੇ ਗੁਰਵਾਕ ਦੀ ਵਿਆਖਿਆ ਕਰਕੇ ਸਮਝਾਓ ਜੀ—

ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ।।

ਜਵਾਬ: ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਸਮੇਂ ਭਾਰਤ ਵਿੱਚ ਹਿੰਦੂ ਤੇ ਮੁਸਲਮਾਨ ਦੋ ਮੁੱਖ ਜਾਤੀਆਂ ਸਨ। ਹਿੰਦੂਆਂ ਵਿੱਚ ਪੈਰੀਂ ਪੈਣ ਜਾਂ ਮੱਥਾ ਟੇਕਣ ਦਾ ਰਿਵਾਜ ਸੀ ਅਤੇ ਮੁਸਲਮਾਨ "ਅਸਲਾਮਾ ਲੈਕਮ, ਵਾ ਲੈਕਮ ਅਸਲਾਮ " ਇੱਕ ਦੂਜੇ ਨੂੰ ਮਿਲਣ ਅਤੇ ਵਿਛੜਣ ਸਮੇਂ ਕਹਿੰਦੇ ਸਨ। ਸਿੱਖ ਗੁਰੂਆਂ ਨੇ ਹਿੰਦੂਆਂ ਨੂੰ ਗੁਲਾਮਾਂ ਵਾਲੀ ਜ਼ਲਾਲਤ ਤੋਂ ਛੁਟਕਾਰਾ ਦਿਵਾਉਣ ਵਾਸਤੇ "ਸਤਿ ਧਰਮ" ਦਾ ਰਾਹ ਚਲਾਇਆ ਜਿਹੜਾ ਦੁਨੀਆਂ ਵਿੱਚ "ਖਾਲਸਾ ਪੰਥ" ਦੇ ਨਾਂ ਨਾਲ ਜਾਣਿਆ ਜਾਣ ਲੱਗਾ। ਮੁਸਲਮਾਨੀ ਕਟੜਤਾ ਦੇ ਜ਼ੁਲਮ ਹੇਠ ਪੀਸੀ ਜਾ ਰਹੀ ਆਮ ਜਨਤਾ ਨੂੰ ਸਿਰ ਉੱਚਾ ਕਰਕੇ ਚੱਲਣ ਦੀ ਜਾਚ ਸਿਖਾਉਣ ਲਈ ਗੁਰੂ ਸਾਹਿਬਾਨ ਨੇ ਜ਼ੁਲਮ ਅੱਗੇ ਡਟਣ ਦੀ ਵੰਗਾਰ ਪਾਈ ਅਤੇ ਗੁਲਾਮੀ ਵਾਲੀਆਂ ਰਹੁ-ਰੀਤਾਂ ਨੂੰ ਬਦਲ ਕੇ ਨਿਰਮਲ (ਖਾਲਸਾ) ਪੰਥ ਚਲਾਇਆ। ਇਨ੍ਹਾਂ ਰੀਤਾਂ ਵਿੱਚ ਜਣੇ-ਖਣੇ ਦੇ ਪੈਰਾਂ ਤੇ ਡਿਗਣ ਤੋਂ ਲੋਕਾਂ ਨੂੰ ਵਰਜਿਆ। ਇੱਕ ਦੂਜੇ ਨੂੰ ਮਿਲਣ ਤੇ ਵਿਛੜਣ ਵੇਲੇ " ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ " ਬੁਲਾਉਣ ਦਾ ਆਦੇਸ਼ ਦਿੱਤਾ—

ਆਗੇ ਆਵਤ ਸਿੰਘ ਜੁ ਪਾਵੈ,
ਵਾਹਿਗੁਰੂ ਕੀ ਫਤੇ ਬੁਲਾਵੈ। (ਰਹਿਤਨਾਮਾ ਭਾਈ ਦੇਸਾ ਸਿੰਘ ਜੀ)

ਆਪਣੇ ਇਸ਼ਟ ਤੋਂ ਬਿਨਾਂ ਹੋਰ ਕਿਸੇ ਐਰੇ-ਗੈਰੇ ਅੱਗੇ ਸਿਰ ਝੁਕਾਉਣ ਦੀ ਮਨਾਹੀ ਕੀਤੀ ਪਰ ਗੁਰਸਿੱਖਾਂ ਅਥਵਾ ਸਤਿ ਧਰਮ ਦੇ ਪਾਂਧੀਆਂ ਨਾਲ ਅਤਿ ਨਿਮਰਤਾ ਵਾਲਾ ਵਿਵਹਾਰ ਰੱਖਣ ਦਾ ਆਦੇਸ਼ ਦਿੱਤਾ—

ਜੋ ਦੀਸੈ ਗੁਰਸਿਖੜਾ,
ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥ (ਸੂਹੀ ਮ: ੫, ਪੰਨਾ-੭੬੩)

ਇਸ ਗੁਰਵਾਕ ਵਿੱਚ ਸਤਿਗੁਰੂ ਜੀ ਆਪਣੇ ਸਿੱਖਾਂ ਨੂੰ ਆਪੋ ਵਿੱਚ ਦਾਸਨ ਦਾਸ ਬਣ ਕੇ ਅਥਵਾ ਅਤਿ ਹਲੀਮੀ ਵਿੱਚ ਰਹਿਣ ਦਾ ਉਪਦੇਸ਼ ਦਿੰਦੇ ਹਨ। ਮੱਥਾ ਅਸੀਂ ਆਪਣੇ ਇਸ਼ਟ (ਸ੍ਰੀ ਗੁਰੂ ਗ੍ਰੰਥ ਸਾਹਿਬ) ਨੂੰ ਹੀ ਟੇਕਣਾ ਹੈ, ਜਣੇ-ਖਣੇ ਦੇ ਪੈਰੀਂ ਹੱਥ ਲਾ ਕੇ ਅਸੀਂ ਹਉਮੈਂ ਦਾ ਰੋਗ ਨਹੀਂ ਪੈਦਾ ਕਰਨਾ, ਮਤ ਕੋਈ ਆਪਣੇ ਆਪ ਨੂੰ ਮਹਾਪੁਰਖ ਸਮਝ ਕੇ ਸਤਿਗੁਰੂ ਦਾ ਸ਼ਰੀਕ ਬਣ ਬੈਠੇ।

79. **ਸਵਾਲ: ਭਗਤ ਰਵਿਦਾਸ ਜੀ ਨਾਲ ਸੰਬੰਧਿਤ ਅਸਥਾਨਾਂ ਤੇ ਵੱਖਰਾ ਨਿਸ਼ਾਨ ਸਾਹਿਬ ਕਿਉਂ ਹੁੰਦਾ ਹੈ? ਉਸ ਉੱਤੇ ਖੰਡੇ ਚੱਕਰ ਦੀ ਬਜਾਇ " ਸੋਹੰ " ਲਫਜ਼ ਕਿਸ ਸੰਦਰਭ ਵਿੱਚ ਲਿਖਿਆ ਹੁੰਦਾ ਹੈ?**

ਜਵਾਬ: ਵੱਖਰੀ ਭਾਂਤ ਦੇ ਨਿਸ਼ਾਨ ਸਾਹਿਬ ਤੋਂ ਸਿੱਧ ਹੁੰਦਾ ਹੈ ਕਿ ਭਗਤ ਰਵਿਦਾਸ ਨੂੰ ਮੰਨਣ ਵਾਲੇ ਅਜਿਹੇ ਬੰਦੇ ਆਪਣੇ ਆਪ ਨੂੰ ਖਾਲਸਾ ਪੰਥ ਨਾਲੋਂ ਅਲੱਗ ਸਮਝਦੇ ਹਨ ਅਤੇ ਉਹ ਆਪਣਾ ਵੱਖਰਾ ਪੰਥ ਚਲਾਉਣ ਦੇ ਯਤਨ ਵਿੱਚ ਹਨ।

80. **ਸਵਾਲ: ਨਿਤਨੇਮ ਸਾਨੂੰ ਮੂੰਹ ਵਿੱਚ ਕਰਨਾ ਚਾਹੀਦਾ ਹੈ ਜਾਂ ਬੋਲ ਕੇ ਤਾਂ ਜੋ ਅਸੀਂ ਪੂਰਾ ਲਾਭ ਲੈ ਸਕੀਏ?**

ਜਵਾਬ: ਨਿਤਨੇਮ ਕਰਦਿਆਂ ਸਾਡੀ ਸੁਰਤਿ ਸ਼ਬਦ ਨਾਲ ਜੁੜਨੀ ਚਾਹੀਦੀ ਹੈ, ਬਾਣੀ ਪੜ੍ਹੀ ਸੁਣੀ ਦਾ ਤਾਂ ਹੀ ਲਾਭ ਹੈ। ਮਨ ਨੂੰ ਟਿਕਾ ਕੇ, ਸਹਿਜ ਵਿੱਚ ਰਹਿ ਕੇ, ਹਲਕੀ ਹਲਕੀ ਆਵਾਜ਼ ਵਿੱਚ ਬਾਣੀ ਪੜ੍ਹਨ ਦਾ ਵਧੇਰੇ ਲਾਭ ਹੈ ਪਰ ਜੇ ਮਨ ਛੜਪੇ ਮਾਰੇ ਤਾਂ ਥੋੜ੍ਹਾ ਉੱਚੀ ਬੋਲ ਕੇ ਪਾਠ ਕੀਤਾ ਜਾ ਸਕਦਾ ਹੈ।

81. **ਸਵਾਲ: ਅੱਜ ਕਲ੍ਹ ਗੁਰਦੁਆਰਿਆਂ ਵਿੱਚ ਆਮ ਦੇਖਣ ਨੂੰ ਮਿਲਦਾ ਹੈ ਕਿ ਸੰਗਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵੱਖ ਵੱਖ ਪਾਸੇ ਅਤੇ ਸੁਖ–ਆਸਨ ਅਸਥਾਨ ਤੇ ਵੀ ਵਿਸ਼ੇਸ਼ ਰੂਪ ਵਿੱਚ ਮੱਥਾ ਟੇਕਦੀਆਂ ਹਨ। ਗੁਰਮਤਿ ਅਨੁਸਾਰ ਅਜਿਹਾ ਕਰਨ ਯੋਗ ਹੈ?**

ਜਵਾਬ: ਅਜਿਹਾ ਕਰਨਾ ਯੋਗ ਨਹੀਂ, ਕਿਉਂਕਿ ਐਸਾ ਕਰਨ ਨਾਲ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਜੁੜੀਆਂ ਸੰਗਤਾਂ ਦਾ ਧਿਆਨ ਉਖੜਦਾ ਹੈ। ਅਜਿਹਾ ਕਰਨ ਵਾਲੀਆਂ ਸੰਗਤਾਂ ਸ਼ਰਧਾ ਵੱਸ ਹੀ ਐਸਾ ਕਰਦੀਆਂ ਹਨ। ਮਰਯਾਦਾ ਅਨੁਸਾਰ ਗੁਰੂ ਗ੍ਰੰਥ ਸਾਹਿਬ ਦੇ ਸਨਮੁੱਖ ਮੱਥਾ ਟੇਕ ਕੇ, ਗੁਰੂ ਰੂਪ ਸੰਗਤ ਦੇ ਦਰਸ਼ਨ ਕਰਕੇ, ਸਹਿਜ ਨਾਲ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਬੁਲਾ ਕੇ ਸੰਗਤ ਵਿੱਚ ਬੈਠ ਜਾਣਾ ਚਾਹੀਦਾ ਹੈ। ਗੁਰਦੁਆਰੇ ਦੇ ਅਨੁਸ਼ਾਸਨ ਨੂੰ ਪੂਰੀ ਤਰ੍ਹਾਂ ਕਾਇਮ ਰੱਖਣਾ ਹਰ ਸ਼ਰਧਾਲੂ ਦਾ ਫਰਜ਼ ਹੈ।

82. ਸਵਾਲ: ਜੇਕਰ ਕਿਸੇ ਪੁਰਾਣੀ ਮਸੀਤ ਵਾਲੀ ਇਮਾਰਤ ਵਿੱਚ ਗੁਰਦੁਆਰਾ ਬਣਿਆ ਹੋਵੇ ਤਾਂ ਕੀ ਉਥੇ ਨਿਸ਼ਾਨ ਸਾਹਿਬ ਤੋਂ ਇਲਾਵਾ ਗੁੰਬਦ ਉੱਤੇ ਇਸਲਾਮ ਦਾ ਚਿੰਨ੍ਹ ਹਰੀ ਝੰਡੀ ਲਹਿਰਾਈ ਜਾ ਸਕਦੀ ਹੈ ਅਤੇ ਵੀਰਵਾਰ ਵਾਲੇ ਦਿਨ ਦੀਵਿਆਂ ਵਿੱਚ ਤੇਲ ਪਾਇਆ ਜਾ ਸਕਦਾ ਹੈ?

ਜਵਾਬ: ਸਿੱਖ ਰਹਿਤ ਮਰਯਾਦਾ ਅਨੁਸਾਰ ਜਿਸ ਅਸਥਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ, ਉਥੇ ਕੋਈ ਅਨਮਤ ਦਾ ਚਿੰਨ੍ਹ, ਗੁਰਮਤਿ ਤੋਂ ਵਿਰੁੱਧ ਕੋਈ ਰੀਤੀ ਜਾਂ ਸੰਸਕਾਰ ਨਹੀਂ ਹੋਣਾ ਚਾਹੀਦਾ। ਉਕਤ ਅਨੁਸਾਰ ਗੁੰਬਦ ਤੇ ਹਰੀ ਝੰਡੀ ਜਾਂ ਵੀਰਵਾਰ ਵਾਲੇ ਦਿਨ ਦੀਵਿਆਂ ਵਿੱਚ ਤੇਲ ਪਾਉਣਾ ਯੋਗ ਨਹੀਂ ਹੈ, ਗੁਰਮਤਿ ਤੋਂ ਉਲਟ ਹੈ।

83. ਸਵਾਲ: ਕੀ ਗੁਰਦੁਆਰੇ ਦੀ ਸਟੇਜ ਤੇ ਸਿਆਸੀ ਭਾਸ਼ਨ ਕਰਨੇ ਯੋਗ ਹਨ?

ਜਵਾਬ: ਸਿੱਖ ਧਰਮ ਅੰਦਰ ਧਰਮ ਅਤੇ ਰਾਜਨੀਤੀ ਦੀ ਸਾਂਝ ਹੈ। ਪਰ ਇਸ ਦੇ ਨਾਲ-ਨਾਲ ਇਹ ਗੱਲ ਯਾਦ ਰੱਖਣੀ ਜ਼ਰੂਰੀ ਹੈ ਕਿ ਸਿੱਖ ਧਰਮ ਦੀ ਰਾਜਨੀਤੀ ਸੱਚ ਤੇ ਅਧਾਰਿਤ ਹੈ ਅਤੇ ਗੁਰਦੁਆਰੇ ਦੀ ਸਟੇਜ ਉੱਪਰ ਕੇਵਲ ਸੱਚ ਦੀ ਰਾਜਨੀਤੀ ਦੀਆਂ ਗੱਲਾਂ ਹੀ ਕਰਨੀਆਂ ਯੋਗ ਹਨ। ਗੁਰਦੁਆਰਿਆਂ ਵਿੱਚ ਹਰ ਉਹ ਮਾਮਲਾ ਆ ਸਕਦਾ ਹੈ, ਜੋ ਸੱਚ, ਨਿਆਂ ਅਤੇ ਉਪਕਾਰ ਦੀ ਮੰਗ ਕਰਦਾ ਹੈ। ਝਗੜੇ ਵਾਲੇ ਉਹਨਾਂ ਸਭ ਸਵਾਲਾਂ ਨੂੰ ਭਾਵੇਂ ਉਹ ਧਾਰਮਿਕ ਹੋਣ ਤੇ ਭਾਵੇਂ ਰਾਜਸੀ, ਜਿਨ੍ਹਾਂ ਤੋਂ ਗੁਰਦੁਆਰਿਆਂ ਦੇ ਵਾਯੂ-ਮੰਡਲ ਦੀ ਸ਼ਾਂਤੀ, ਅਦਬ ਤੇ ਗੰਭੀਰਤਾ ਵਿੱਚ ਫਰਕ ਪੈਂਦਾ ਹੋਵੇ, ਗੁਰਦੁਆਰਿਆਂ ਅੰਦਰ ਬਹਿਸ ਦਾ ਵਿਸ਼ਾ ਨਹੀਂ ਬਣਨ ਦਿੱਤਾ ਜਾਣਾ ਚਾਹੀਦਾ।

84. ਸਵਾਲ: ਕੀ ਗੁਰਦੁਆਰੇ ਅੰਦਰ ਜਾਂ ਛੱਤ ਤੇ ਪੁਲੀਸ ਬੂਟਾਂ/ਜੋੜਿਆਂ ਸਮੇਤ ਪਹਿਰਾ ਦੇ ਸਕਦੀ ਹੈ?

ਜਵਾਬ: ਸਿੱਖ ਰਹਿਤ ਮਰਯਾਦਾ ਵਿੱਚ ਇਸ ਸਬੰਧ ਵਿੱਚ 'ਗੁਰਦੁਆਰੇ' ਸਿਰਲੇਖ ਤਹਿਤ ਸ਼ਪਸ਼ਟ ਹਦਾਇਤ ਹੈ ਕਿ "ਗੁਰਦੁਆਰੇ ਅੰਦਰ ਜਾਣ ਲੱਗਿਆਂ ਜੋੜੇ ਬਾਹਰ ਲਾਹ ਕੇ ਚਰਨ ਧੋ ਕੇ ਸਾਫ਼ ਸੁਥਰਾ ਹੋ ਕੇ ਜਾਣਾ ਚਾਹੀਏ।" ਇਸ ਨਿਯਮ ਵਿੱਚ ਕਿਸੇ ਨੂੰ ਕੋਈ ਛੋਟ ਨਹੀਂ ਦਿੱਤੀ ਜਾ ਸਕਦੀ ਭਾਵੇਂ ਉਹ ਆਮ ਸ਼ਰਧਾਲੂ ਹੋਵੇ ਜਾਂ ਸਰਕਾਰੀ ਮੁਲਾਜ਼ਮ। ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਅਤੇ ਗੁਰਦੁਆਰੇ ਸ਼ਰਧਾਲੂਆਂ ਲਈ ਹਨ ਨਾ ਕਿ ਪੁਲਿਸ ਦੇ ਪਹਿਰਾ ਦੇਣ ਲਈ। ਗੁਰਦੁਆਰਾ ਅਨੁਸ਼ਾਸਨ ਨੂੰ ਕਾਇਮ ਰੱਖਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ, ਪੁਲਿਸ ਦੇ ਖੇਤਰ ਵਿੱਚ ਨਹੀਂ।

85. ਸਵਾਲ: ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੁਕਮ (ਵਾਕ) ਤੋਂ ਸੰਗਤ ਦੀ ਪ੍ਰਵਾਨਗੀ ਲੈ ਕੇ, ਅਰਦਾਸ ਕਰਨ ਤੋਂ ਬਾਅਦ, ਕੀ ਬੱਚੇ ਦੇ ਨਾਮ ਵਿਚ ਤਬਦੀਲੀ ਕੀਤੀ ਜਾ ਸਕਦੀ ਹੈ?

ਜਵਾਬ: ਨਹੀਂ ਜੀ, ਸਿੱਖ ਰਹਿਤ ਮਰਯਾਦਾ ਅਨੁਸਾਰ ਇੱਕ ਵਾਰੀ ਸੰਗਤ ਵਿੱਚ ਨਾਮ ਰੱਖਣ ਤੋਂ ਬਾਅਦ ਨਾਮ ਵਿੱਚ ਤਬਦੀਲੀ ਨਹੀਂ ਹੋ ਸਕਦੀ ਅਤੇ ਨਾ ਹੀ ਸਾਨੂੰ ਐਸਾ ਕਰਨਾ ਚਾਹੀਦਾ ਹੈ। ਜੇਕਰ ਅਸੀਂ ਐਸਾ ਕਰਦੇ ਹਾਂ ਤਾਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੁਕਮ, ਸੰਗਤ ਅਤੇ ਅਰਦਾਸ ਦੀ ਬੇਅਦਬੀ ਕਰਨ ਦੇ ਦੋਸ਼ੀ ਬਣ ਜਾਂਦੇ ਹਾਂ।

86. ਸਵਾਲ: ਆਮ ਕਰਕੇ ਗੁਰਦੁਆਰਾ ਸਾਹਿਬ ਵਿਖੇ ਰੁਮਾਲਿਆਂ ਦੀ ਗਿਣਤੀ ਬਹੁਤ ਜ਼ਿਆਦਾ ਹੋ ਜਾਂਦੀ ਹੈ। ਕਈ ਪਿੰਡਾਂ ਵਿੱਚ ਇਥੋਂ ਤੱਕ ਵੀ ਨੌਬਤ ਆ ਜਾਂਦੀ ਹੈ ਕਿ ਮਨਮੁਖ ਗ੍ਰੰਥੀ ਸਿੰਘ ਇਨ੍ਹਾਂ ਰੁਮਾਲਿਆਂ ਨੂੰ ਵੇਚ ਦਿੰਦੇ ਹਨ ਜਾਂ ਕਪੜੇ ਸਵਾ ਲੈਂਦੇ ਹਨ। ਅਸੀਂ ਕਮੇਟੀ ਵਲੋਂ ਵਿਚਾਰ ਕਰ ਰਹੇ ਹਾਂ ਜੇਕਰ ਪਿੰਡ ਵਿੱਚ ਕਿਸੇ ਦੇ ਘਰ ਸਹਿਜ ਪਾਠ ਜਾਂ ਅਖੰਡ ਪਾਠ ਹੋਵੇ ਤਾਂ ਘਰ ਵਾਲ਼ੇ ਬਜ਼ਾਰੋਂ ਨਵਾਂ ਰੁਮਾਲਾ ਖ੍ਰੀਦਣ ਦੀ ਜਗ੍ਹਾ ਗੁਰਦੁਆਰਾ ਸਾਹਿਬ ਤੋਂ ਹੀ ਕੁਝ ਨਿਸ਼ਚਿਤ ਭੇਟਾ ਦੇ ਕੇ ਰੁਮਾਲਾ ਲੈ ਲੈਣ ਜਾਂ ਇਹ ਕਿ ਰੁਮਾਲਾ ਨਵਾਂ ਹੀ ਖਰੀਦਿਆ ਜਾਵੇ? ਇਸ ਪ੍ਰਤੀ ਤੁਹਾਡੀ ਕੀ ਰਾਏ ਹੈ?

ਜਵਾਬ: ਅੱਜ ਕਲ੍ਹ ਇੱਕ ਨਹੀਂ, ਅਨੇਕਾਂ ਗੁਰਦੁਆਰਿਆਂ ਵਿੱਚ ਰੁਮਾਲਿਆਂ ਦੀ ਬਹੁਤਾਤ ਹੋ ਗਈ ਹੈ ਅਤੇ ਸਾਂਭਣ ਦੀ ਸਮੱਸਿਆ ਪੈਦਾ ਹੋ ਗਈ ਹੈ ਅਤੇ

ਕਈ ਵਾਰ 'ਰੁਮਾਲੇ ਵੇਚਣ ਦੀਆਂ ਘਟਨਾਵਾਂ ਵੀ ਸਾਹਮਣੇ ਆਉਂਦੀਆਂ ਹਨ। ਅਜਿਹਾ ਇਸ ਲਈ ਹੋ ਰਿਹਾ ਹੈ, ਕਿਉਂਕਿ ਅਸੀਂ ਸਿਰਫ ਦੇਖਾ ਦੇਖੀ ਹੀ ਬਿਨਾਂ ਸੋਚੇ ਵਿਚਾਰੇ ਰੀਤੀਆਂ ਅਪਣਾਈ ਜਾਂਦੇ ਹਾਂ, ਜਿਵੇਂ ਗੁਰਬਾਣੀ ਫੁਰਮਾਣ ਹੈ— " ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ।। " ਜਦੋ ਕਿ ਸਿੱਖ ਰਹਿਤ ਮਰਯਾਦਾ ਵਿੱਚ ਸਪਸ਼ਟ ਨਿਰਦੇਸ਼ ਹੈ ਕਿ " ਭੋਗ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲੋੜ ਅਨੁਸਾਰ ਰੁਮਾਲ, ਚੌਰ, ਚਾਨਣੀ ਆਦਿ ਦੀ ਭੇਟਾ ਅਤੇ ਪੰਥਕ ਕਾਰਜਾਂ ਲਈ ਯਥਾ - ਸ਼ਕਤਿ ਮਾਇਆ ਅਰਦਾਸ ਕਰਾਈ ਜਾਵੇ।" ਰਹਿਤ ਮਰਯਾਦਾ ਦੇ ਇਸ ਫੁਰਮਾਣ ਵੱਲ ਧਿਆਨ ਨਾ ਦੇਣ ਕਾਰਣ ਦੇਖਾ ਦੇਖੀ ਕੇਵਲ ਰੁਮਾਲਾ ਭੇਟ ਕਰਨਾ ਹੀ ਰੁਮਾਲਿਆਂ ਦੀ ਗਿਣਤੀ ਲੋੜੋਂ ਵੱਧ ਹੋਣ ਦਾ ਕਾਰਣ ਬਣਦਾ ਹੈ। ਲੋੜ ਹੈ ਕਿ ਸੰਗਤਾਂ ਨੂੰ ਇਸ ਪ੍ਰਤੀ ਸੁਚੇਤ ਕੀਤਾ ਜਾਵੇ ਕਿ ਭੋਗ ਸਮੇਂ ਜਾਂ ਹੋਰ ਧਾਰਮਿਕ ਸਮਾਗਮਾਂ ਸਮੇਂ ਦੇਖਾ ਦੇਖੀ ਰੁਮਾਲਾ ਹੀ ਚੜ੍ਹਾਉਣ ਦੀ ਪ੍ਰਚਲਤ ਰੀਤੀ ਦੀ ਜਗ੍ਹਾ ਗੁਰੂ ਗ੍ਰੰਥ ਸਾਹਿਬ ਅਤੇ ਗੁਰਦੁਆਰੇ ਦੀ ਲੋੜ ਨੂੰ ਮੁੱਖ ਰੱਖ ਕੇ ਵਸਤੂ ਭੇਟਾ ਕੀਤੀ ਜਾਏ। ਐਸਾ ਨਾ ਕਰਨ ਕਰਕੇ ਕਈ ਗੁਰਦੁਆਰਿਆਂ ਵਿੱਚ ਰੁਮਾਲੇ ਤਾਂ ਬਹੁਤ ਜ਼ਿਆਦਾ ਜਮ੍ਹਾਂ ਹੁੰਦੇ ਹਨ, ਪਰ ਸੁੱਖ ਆਸਣ ਲਈ ਯੋਗ ਕਪੜਾ ਨਹੀਂ, ਚਾਨਣੀ ਠੀਕ ਨਹੀਂ, ਚੌਰ ਦੀ ਹਾਲਤ ਠੀਕ ਨਹੀਂ, ਇਤਿਆਦਿਕ ਗੱਲਾਂ ਦੇਖਣ ਨੂੰ ਮਿਲਦੀਆਂ ਹਨ, ਜੋ ਕਿਸੇ ਤਰ੍ਹਾਂ ਵੀ ਯੋਗ ਨਹੀਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਭੇਟਾ ਕੀਤੇ ਰੁਮਾਲੇ ਦੁਬਾਰਾ ਚੜ੍ਹਾਉਣ ਲਈ ਰਹਿਤ ਮਰਯਾਦਾ ਦੇ ਹੁਕਮ ਤੇ ਪਹਿਰਾ ਦਿੰਦੇ ਹੋਏ ਲੋੜ ਵਾਲੀ ਵਸਤੂ ਭੇਟਾ ਕਰਨ ਦੀ ਰੀਤੀ ਪ੍ਰਚਲਿਤ ਕੀਤੀ ਜਾਏ।

87. ਸਵਾਲ: ਅਰਦਾਸ ਕਰਨ ਤੋਂ ਬਾਅਦ ਕਿਹੜਾ ਦੋਹਰਾ ਪੜ੍ਹਨਾ ਚਾਹੀਦਾ ਹੈ?

ਜਵਾਬ: ਅਰਦਾਸ ਕਰਨ ਤੋਂ ਬਾਅਦ "ਆਗਿਆ ਭਈ ਅਕਾਲ ਕੀ" ਵਾਲਾ ਦੋਹਿਰਾ "ਖਵਾਰ ਹੋਇ ਸਭ ਮਿਲੇਂਗੇ ਬਚੇ ਸ਼ਰਨ ਜੋ ਹੋਇ।। " ਤੱਕ ਪੜ੍ਹਨਾ ਚਾਹੀਦਾ ਹੈ, ਤਾਂ ਜੋ ਇਸ ਸਬੰਧ ਵਿੱਚ ਪੰਥਕ ਇਕਸਾਰਤਾ ਕਾਇਮ ਰਹੇ।

88. ਸਵਾਲ: ਗੁਰਦੁਆਰਾ ਸਾਹਿਬ ਦਾ ਨਾਮ ਕਿਸ ਨਾਮ ਤੇ ਰਖਿਆ ਜਾ ਸਕਦਾ ਹੈ?

ਜਵਾਬ: ਗੁਰਦੁਆਰਾ ਸਾਹਿਬ ਦਾ ਨਾਮ ਕਿਸੇ ਵਿਆਕਤੀ, ਜਾਂ ਕਿਸੇ ਬਰਾਦਰੀ ਦੇ ਨਾਮ ਤੇ ਨਹੀਂ ਰਖਿਆ ਜਾ ਸਕਦਾ। ਕਈ ਪ੍ਰਬੰਧਕ ਗੁਰਦੁਆਰਿਆਂ ਦੇ ਨਾਮ ਕਿਸੇ ਵਿਅਕਤੀ ਦੇ ਨਾਮ ਤੇ ਰਖ ਦੇਂਦੇ ਹਨ, ਕਈ ਬਰਾਦਰੀਆਂ ਦੇ ਨਾਮ ਤੇ ਰਖ ਦਿੰਦੇ ਹਨ ਜਿਵੇਂ ਗੁਰਦੁਆਰਾ ਮਿੰਟਗੁਮਰੀ,

ਗੁਰਦੁਆਰਾ ਸਰਗੋਧਾ ਬਰਾਦਰੀ, ਗੁਰਦੁਆਰਾ ਪੋਠੋਹਾਰ, ਰਾਮਗੜ੍ਹੀਆ ਗੁਰਦੁਆਰਾ ਆਦਿ,ਐਸਾ ਕਰਨਾ ਗੁਰਮਤਿ ਅਨੁਕੂਲ ਨਹੀਂ ਹੈ। ਕਿਉਂਕਿ ਸਿੱਖ ਧਰਮ ਵਿਚ ਜਾਤ ਪਾਤ ਤੇ ਬਰਾਦਰੀ ਲਈ ਕੋਈ ਥਾਂ ਨਹੀਂ। ਗੁਰਦੁਆਰਾ ਹਰ ਮਨੁੱਖ ਮਾਤਰ ਲਈ ਸਾਂਝਾ ਹੈ ਤੇ "ਏਕ ਪਿਤਾ ਏਕਸ ਕੇ ਹਮ ਬਾਰਿਕ" ਦੇ ਸਿਧਾਂਤ ਨੂੰ ਦ੍ਰਿੜ ਕਰਾਉਣ ਲਈ ਹੈ। ਤਾਂ ਫਿਰ ਪਿੰਡਾਂ ਵਿਚ ਗੁਰਦੁਆਰਾ ਰਵਿਦਾਸੀਆਂ, ਗੁਰਦੁਆਰਾ ਜਟਾਂ ਆਦਿ ਦਾ ਵਖੇਵਾਂ ਕਿਵੇਂ ਪ੍ਰਵਾਨ ਕੀਤਾ ਜਾ ਸਕਦਾ ਹੈ ? ਅਸਲ ਵਿਚ ਗੁਰਦੁਆਰੇ ਦਾ ਮੰਤਵ ਨਿਰੋਲ ਗੁਰਮਤਿ ਦਾ ਪ੍ਰਚਾਰ ਕਰਨਾ ਹੈ। ਜਦੋਂ ਸੰਨ ੧੮੭੩ ਵਿਚ ਸਿੰਘ ਸਭਾ ਲਹਿਰ ਚਲੀ ਸੀ ਤਾਂ ਜਾਗ੍ਰਿਤੀ ਆਈ ਸੀ ਤੇ ਗੁਰਦੁਆਰਿਆਂ ਦੇ ਨਾਮ ਸਿੰਘ ਸਭਾ ਦੇ ਨਾਮ ਉਪਰ ਰਖੇ ਗਏ ਸਨ। ਇਸ ਤੋਂ ਪ੍ਰੇਰਣਾ ਲੈ ਕੇ ਹਰ ਗੁਰਦੁਆਰੇ ਦਾ ਨਾਮ ਸ੍ਰੀ ਗੁਰੂ ਸਿੰਘ ਸਭਾ ਨਾਲ ਨਗਰ ਇਲਾਕੇ ਦਾ ਨਾਮ ਜੋੜ ਕੇ ਹੋਣਾ ਚਾਹਿਦਾ ਹੈ। ਜਿਹੜੇ ਗੁਰਦੁਆਰੇ ਇਤਿਹਾਸਕ ਨਹੀਂ, ਉਹਨਾਂ ਦਾ ਨਾਮ ਗੁਰੂ ਸਾਹਿਬ ਦੇ ਨਾਮ ਉਪਰ ਰਖਣਾ ਯੋਗ ਨਹੀਂ ਹੈ।

89. ਸਵਾਲ: ਸੁਖਆਸਨ ਸਮੇਂ ਦੂਸਰੇ ਅਸਥਾਨ ਤੇ ਗੁਰੂ ਗਰੰਥ ਸਾਹਿਬ ਲੈ ਜਾਂਦੇ ਸਮੇਂ ਕਿਹੜੇ ਸ਼ਬਦ ਪੜ੍ਹਨੇ ਚਾਹੀਦੇ ਹਨ?

ਜਵਾਬ: ਜਿਹਨਾਂ ਸ਼ਬਦਾਂ ਵਿਚ ਗੁਰੂ ਦੀ ਉਸਤਤਿ ਦਰਸਾਈ ਗਈ ਹੋਵੇ। ਜਿਵੇਂ "ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ" ਆਦਿ।

90. ਸਵਾਲ: ਗੁਰਦੁਆਰੇ ਜਾਣ ਤੋਂ ਪਹਿਲਾਂ ਜਿਸ ਜਗ੍ਹਾ ਲੋਕ ਪੈਰ ਧੋਂਦੇ ਹਨ, ਕਈ ਲੋਕ ਉਸ ਜਗ੍ਹਾ ਤੋਂ ਪਾਣੀ ਪੀਂਦੇ ਹਨ। ਕੀ ਇਸ ਤਰ੍ਹਾਂ ਕਰਨਾ ਯੋਗ ਹੈ?

ਜਵਾਬ: ਅੰਨ੍ਹੀ ਸ਼ਰਧਾ ਵਸ ਕਈ ਲੋਕਾਂ ਨੂੰ ਅਜਿਹਾ ਕਰਦੇ ਦੇਖਿਆ ਜਾਂਦਾ ਹੈ। ਕਈ ਇਹ ਕੁਝ ਇਸ ਲਈ ਵੀ ਕਰਦੇ ਹਨ ਕਿ ਗੁਰਸਿੱਖਾਂ ਦੀ ਚਰਨ ਧੂੜ ਪ੍ਰਾਪਤ ਕਰਕੇ ਨਿਮ੍ਰਤਾ ਵਿਚ ਰਹਿ ਸਕਣ। ਗੁਰਮਤਿ ਵਿਚ ਜਿਥੇ ਸ਼ਰਧਾ ਦੀ ਲੋੜ ਹੈ ਉਥੇ ਗਿਆਨ ਦੀ ਵੀ ਉਤਨੀ ਹੀ ਜ਼ਰੂਰਤ ਹੈ। ਗੁਰਸਿੱਖਾਂ ਦੀ ਚਰਨ ਧੂੜ ਹੋਣ ਦਾ ਭਾਵ, ਗੁਰਸਿੱਖਾਂ ਪ੍ਰਤੀ ਪਿਆਰ ਤੇ ਨਿਮ੍ਰਤਾ ਨੂੰ ਧਾਰਨ ਕਰਨ ਤੋਂ ਹੈ। ਚੁਬਚੇ ਵਿਚਲਾ ਪਾਣੀ ਕੇਵਲ ਹੱਥ ਪੈਰ ਸਾਫ ਕਰਕੇ ਉਜੱਲੇ ਕਰਨ ਲਈ ਹੀ ਹੈ। ਜੇ ਜੈਨੀਆਂ ਨੂੰ ਗੁਰਬਾਣੀ ਵਿਚ ਕੁਚੀਲ ਰਹਿਣ ਤੇ ਅਲ਼ਮਲ ਖਾਣ ਤੋਂ ਵਰਜਿਆ ਗਿਆ ਹੈ ਤਾਂ ਫਿਰ ਸਿੱਖਾਂ ਲਈ ਵੀ ਇਹੋ ਉਪਦੇਸ਼ ਹੈ। ਸ਼ਰਧਾ ਵੱਸ ਅਜਿਹਾ ਕਰਨ ਵਾਲੇ ਗੁਰਸਿੱਖਾਂ ਨੂੰ ਪਿਆਰ

ਸਤਿਕਾਰ ਨਾਲ ਸਮਝਾਉਣਾ ਚਾਹੀਦਾ ਹੈ ਤਾਂ ਕਿ ਉਹ ਗੁਰਬਾਣੀ ਅਨੁਸਾਰ ਚਰਨ ਧੋ ਧੋ ਕੇ ਪੀਣ ਦਾ ਸਹੀ ਅਰਥ ਸਮਝ ਸਕਣ। ਗੁਰਬਾਣੀ ਪ੍ਰਚਾਰ ਦੀ ਘਾਟ ਕਾਰਨ ਹੀ ਕਈ ਦੇਹਧਾਰੀ ਗੁਰੂ - ਡੰਮ੍ਹੀ ਆਪਣੇ ਚੇਲਿਆਂ ਨੂੰ ਪੈਰ ਧੋ ਧੋ ਕੇ ਪਿਆਈ ਜਾ ਰਹੇ ਹਨ।

91. ਸਵਾਲ: ਅਰਦਾਸ ਵਿਚ ਜ਼ਿਕਰ ਆਉਂਦਾ ਹੈ 'ਜਿਨ੍ਹਾਂ ਗੁਰਸਿਖਾਂ ਨੇ ਪੁਠੀਆਂ ਖਲਾਂ ਲੁਹਾਈਆਂ' ਕੀ ਖੱਲ ਪੁਠੀ ਉਤਰ ਸਕਦੀ ਹੈ?

ਜਵਾਬ: ਜੋ ਪੰਥ ਪ੍ਰਵਾਣਿਤ 'ਅਰਦਾਸ' ਸਿੱਖ ਰਹਿਤ ਮਰਯਾਦਾ ਵਿਚ ਦਰਜ ਹੈ, ਉਸ ਵਿਚ 'ਗੁਰਸਿੱਖਾਂ ਦੇ ਚਰਖੜੀਆਂ ਤੇ ਚਾੜ੍ਹੇ ਜਾਣ' ਦਾ ਤਾਂ ਜ਼ਿਕਰ ਹੈ ਪਰ ਪੁਠੀਆਂ ਖੱਲਾਂ ਲੁਹਾਣ ਦਾ ਬਿਲਕੁਲ ਨਹੀਂ। ਮਨੁੱਖ ਦੀ ਪੁਠੀ ਖਲ ਨਹੀਂ ਉਤਰ ਸਕਦੀ।

92. ਸਵਾਲ: ਕਈ ਸਿੱਖ ਕਹਿੰਦੇ ਹਨ ਕਿ ਰਾਤ ਨੂੰ ਸੁਖਆਸਨ ਹੋਣ ਤੋਂ ਬਾਅਦ ਬਾਬਾ ਜੀ(ਗੁਰੂ ਗਰੰਥ ਸਾਹਿਬ) ਸੌਂ ਗਏ ਹਨ ਤੇ ਅਖੰਡ ਪਾਠ ਵੇਲੇ ਬਾਬਾ ਜੀ ਜਾਗਦੇ ਰਹਿੰਦੇ ਹਨ, ਕੀ ਇਸ ਤਰ੍ਹਾਂ ਦੀ ਸੋਚਣੀ ਠੀਕ ਹੈ?

ਜਵਾਬ: ਗੁਰੂ ਗਰੰਥ ਸਾਹਿਬ ਸਾਡਾ ਸ਼ਬਦ ਗੁਰੂ ਹੈ। ਸੌਣਾ ਜਾਗਣਾ ਮਨੁੱਖੀ ਕ੍ਰਿਆਵਾਂ ਹਨ ਜੋ ਸਰੀਰ (ਦੇਹ) ਨਾਲ ਸਬੰਧ ਰਖਦੀਆਂ ਹਨ। ਗੁਰੂ ਦਾ ਸ਼ਬਦ (ਧੁਰ ਕੀ ਬਾਣੀ) ਮਨੁੱਖੀ ਜੀਵਨ ਦੀ ਅਗਵਾਈ ਲਈ ਹੈ। ਸੁਖਆਸਨ ਕਰਨਾ ਕੇਵਲ ਸਤਿਕਾਰ ਨੂੰ ਮੁੱਖ ਰੱਖ ਕੇ ਹੀ ਹੈ। ਸ਼ਬਦ ਗੁਰੂ ਉਪਰ ਸਰਦੀ, ਗਰਮੀ, ਸੌਣਾ ਜਾਗਣਾ ਆਦਿ ਹਾਲਤਾਂ ਲਾਗੂ ਨਹੀਂ ਹੁੰਦੀਆਂ।

93. ਸਵਾਲ: ਕੀ 'ਸੁਖਮਨੀ ਸਾਹਿਬ' ਦਾ ਪਾਠ ਸ਼ਾਮ ਵੇਲੇ ਵੀ ਕੀਤਾ ਜਾ ਸਕਦਾ ਹੈ? ਤੇ ਕੀ ਸੁਖਮਨੀ ਸਾਹਿਬ ਤੋਂ ਬਾਅਦ 'ਥਿਤੀ ਗਉੜੀ' ਦਾ ਕੋਈ ਸਲੋਕ ਪੜ੍ਹਨਾ ਜ਼ਰੂਰੀ ਹੈ?

ਜਵਾਬ: 'ਸਿਖ ਰਹਿਤ ਮਰਯਾਦਾ' ਅਨੁਸਾਰ ਅੰਮ੍ਰਿਤ ਵੇਲੇ ਨਿਤਨੇਮ ਦੀਆਂ ਬਾਣੀਆਂ ਪੜ੍ਹਣ ਦਾ ਵਿਧਾਨ ਹੈ, ਸ਼ਾਮ ਨੂੰ 'ਸੋ ਦਰੁ ਰਹਰਾਸਿ' ਤੇ ਸੌਣ ਵੇਲੇ 'ਸੋਹਲਾ' ਦੀ ਬਾਣੀ ਪੜ੍ਹੇ ਜਾਣ ਦਾ ਨਿਯਮ ਹੈ। ਹੋਰ ਬਾਣੀਆਂ ਜਿੰਨੀਆਂ ਵੀ ਦਿਲ ਕਰੇ ਸਵੇਰੇ, ਸ਼ਾਮੀ, ਰਾਤ ਨੂੰ ਜਾਂ ਜਦੋਂ ਵੀ ਸਮਾਂ ਮਿਲੇ ਪੜ੍ਹੀਆਂ ਜਾ ਸਕਦੀਆਂ ਹਨ, ਕੋਈ ਰੋਕ ਨਹੀਂ ਹੈ।

'ਸੁਖਮਨੀ ਸਾਹਿਬ' ਦੀ ਬਾਣੀ ਆਪਣੇ ਆਪ ਵਿਚ ਇਕ ਸੰਪੂਰਨ ਬਾਣੀ ਹੈ। 'ਥਿਤੀ ਗਉੜੀ' ਦੇ ਸਲੋਕਾਂ ਦਾ ਉਸ ਨਾਲ ਕੋਈ ਸੰਬੰਧ ਨਹੀਂ। ਪਰ

ਜੇ ਸੁਖਮਨੀ ਸਾਹਿਬ ਦੇ ਪਾਠ ਤੋਂ ਬਾਅਦ ਕੋਈ ਗੁਰਸਿੱਖ ਸੁਤੰਤਰ ਰੂਪ ਵਿਚ 'ਥਿਤੀ ਗਉੜੀ' ਦੇ ਸਲੋਕ ਪੜ੍ਹਦਾ ਹੈ ਤਾਂ ਇਹ ਉਵੇਂ ਹੀ ਹੈ ਜਿਵੇਂ ਇਕ ਬਾਣੀ ਤੋਂ ਬਾਅਦ ਦੂਜੀ ਬਾਣੀ ਦਾ ਪਾਠ ਕਰਨਾ।

94. ਸਵਾਲ: .....ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਤੇ ਗੁਰੂ ਅਰਜਨ ਦੇਵ ਜੀ ਦੇ ਬੁੱਤ ਬਣਾਏ ਹੋਏ ਹਨ। ਕੀ ਇਹ ਸਹੀ ਹੈ?

ਜਵਾਬ: ਸਾਨੂੰ ਇਸ ਬਾਰੇ ਜਾਣਕਾਰੀ ਨਹੀਂ, ਪਰ ਜੇ ਆਪ ਜੀ ਦੇ ਕਹਿਣ ਅਨੁਸਾਰ ਐਸਾ ਹੈ, ਤਾਂ ਇਹ ਇਕ ਵੱਡੀ ਭਾਰੀ ਮਨਮਤ ਹੈ ਜਿਸਨੂੰ ਰੋਕਿਆ ਜਾਣਾ ਚਾਹੀਦਾ ਹੈ। ਸਿਖ ਰਹਿਤ ਮਰਯਾਦਾ ਵਿਚ ਗੁਰਦੁਆਰੇ ਦੇ ਸਿਰਲੇਖ ਹੇਠ ਇਉਂ ਲਿਖਿਆ ਹੋਇਆ ਹੈ:-

(ਕ) ——ਗੁਰਦੁਆਰਿਆਂ ਵਿਚ ਮੂਰਤੀਆਂ (ਬੁੱਤ) ਬਣਾਣੀਆਂ ਜਾਂ ਰੱਖਣੀਆਂ, ਗੁਰੂ ਸਾਹਿਬ ਜਾਂ ਸਿੱਖ ਬਜ਼ੁਰਗਾਂ ਦੀਆਂ ਤਸਵੀਰਾਂ ਅੱਗੇ ਮੱਥੇ ਟੇਕਣੇ, ਇਹੋ ਜੇਹੇ ਕਰਮ ਮਨਮਤ ਹਨ।

95. ਸਵਾਲ: ਸਿੱਖ ਧਰਮ ਅੰਦਰ ਜੇ ਜਾਤ ਬਰਾਦਰੀ ਲਿਖਣੀ ਮਨ੍ਹਾਂ ਹੈ ਤਾ ਫਿਰ ਜੱਸਾ ਸਿਘ ਰਾਮਗੜ੍ਹੀਆ ਕਿਉਂ ਲਿਖਿਆ ਜਾਂਦਾ ਹੈ? ਰਾਮਗੜ੍ਹੀਆ ਸ਼ਬਦ ਜਾਤ ਬਰਾਦਰੀ ਦਾ ਸੂਚਕ ਹੀ ਤਾਂ ਹੈ। ਵਿਸਥਾਰ ਸਹਿਤ ਦੱਸਣਾ ਜੀ?

ਜਵਾਬ: ਰਾਮਗੜ੍ਹੀਆ ਸ਼ਬਦ ਜਾਤ - ਬਰਾਦਰੀ ਦਾ ਸੂਚਕ ਨਹੀਂ। ਇਹ ਇੱਕ ਪਦਵੀ ਹੈ, ਜੋ ਸ੍ਰ. ਜੱਸਾ ਸਿੰਘ ਈਚੋਗਿਲੀਏ ਤੇ ਉਸਦੇ ਸਾਥੀਆਂ ਨੂੰ ਉਸ ਸਮੇਂ ਦਿਤੀ ਗਈ, ਜਦੋਂ ਮੀਰ ਮੰਨੂੰ ਦੇ ਹੁਕਮ ਨਾਲ ਅਦੀਨਾ ਬੇਗ ਦੀ ਫੌਜ (ਜਿਸ ਵਿਚ ਸ੍ਰ. ਜੱਸਾ ਸਿੰਘ ਈਚੋਗਿਲੀਏ ਦਾ ਫੌਜੀ ਦਸਤਾ ਵੀ ਸ਼ਾਮਲ ਸੀ) ਨੇ ਅੰਮ੍ਰਿਤਸਰ ਵਿੱਚ ਸਿੱਖਾਂ ਦੇ ਕਿਲੇ 'ਰਾਮ - ਰਾਉਣੀ' ਨੂੰ ਘੇਰੇ ਵਿੱਚ ਲੈ ਲਿਆ। ਲਗਭਗ ਚਾਰ ਮਹੀਨੇ ਦੀ ਲਗਾਤਾਰ ਘੇਰਾਬੰਦੀ ਕਾਰਨ ਅੰਦਰ ਰਾਸ਼ਨ ਖਤਮ ਹੋਣ ਅਤੇ ਬਾਹਰੋਂ ਮਦਦ ਪਹੁੰਚਣ ਦੀ ਆਸ ਨਾ ਰਹਿਣ ਤੇ ਕਿਲੇ ਅੰਦਰਲੇ ਸਿੱਖਾਂ ਨੇ ਕਿਲੇ ਵਿਚੋਂ ਬਾਹਰ ਨਿਕਲ ਕੇ ਦੁਸ਼ਮਣ ਨਾਲ ਲੜਾਈ ਲੜਣ ਦਾ ਫੈਸਲਾ ਕੀਤਾ। ਸਿੱਖੀ ਦੀ ਆਨ ਅਤੇ ਸ਼ਾਨ ਦੇ ਪ੍ਰਤੀਬਿੰਬ ਇਕੋ - ਇਕ ਕਿਲੇ ਨੂੰ ਖਤਰੇ ਵਿਚ ਜਾਣ ਕੇ ਸ੍ਰ. ਜੱਸਾ ਸਿੰਘ ਆਪਣੇ ਸਾਥੀਆਂ ਸਮੇਤ ਅਦੀਨਾ ਬੇਗ ਦੀ ਫੌਜ ਦਾ ਸਾਥ ਛੱਡ ਕੇ ਕਿਲੇ ਵਿੱਚ ਜਾ ਵੜਿਆ ਅਤੇ ਕਿਲੇ ਦੀ ਰਖਿਆ ਦਾ ਭਾਰ ਆਪਣੇ ਸਿਰ ਤੇ ਚੁੱਕ ਲਿਆ। ਕਿਲੇ ਅੰਦਰਲੇ

ਸਿਖਾਂ ਦੇ ਹੌਸਲੇ ਬੁਲੰਦ ਹੋ ਗਏ। ਸ੍ਰ. ਜੱਸਾ ਸਿੰਘ ਨੇ ਆਪਣੇ ਅਸਰ - ਰਸੂਖ ਨਾਲ ਦੀਵਾਨ ਕੌੜਾ ਮਲ ਰਾਹੀ ਸਿੱਖਾਂ ਤੇ ਲਾਹੌਰ ਸਰਕਾਰ ਵਿੱਚ ਸਮਝੌਤਾ ਕਰਵਾ ਕੇ ਕਿਲੇ ਦਾ ਘੇਰਾ ਚੁਕਵਾ ਦਿੱਤਾ। ਇਸ ਘਟਨਾ ਤੋਂ ਬਾਅਦ 'ਰਾਮ - ਰਉਣੀ' ਦਾ ਨਾਮ ਬਦਲ ਕੇ ਰਾਮਗੜ੍ਹ ਰੱਖ ਦਿਤਾ ਗਿਆ। ਪੰਥ ਦੀ ਅਦੁੱਤੀ ਸੇਵਾ,ਸਮੇਂ ਸਿਰ ਕੀਤੀ ਸਹਾਇਤਾ ਅਤੇ ਸਮਾਂ ਪੈਣ ਤੇ ਗੁਰੂ ਪੰਥ ਲਈ ਇਤਨੀ ਵੱਡੀ ਕੁਰਬਾਨੀ ਕਰਨ ਤੇ ਸ੍ਰ. ਜੱਸਾ ਸਿੰਘ ਨੂੰ 'ਰਾਮਗੜ੍ਹ' ਦਾ ਕਿਲੇਦਾਰ ਥਾਪਿਆ ਗਿਆ। ਇਸ ਕਾਰਣ ਸ੍ਰ. ਜੱਸਾ ਸਿਘ ਅਤੇ ਉਸਦੇ ਸਾਥੀ 'ਰਾਮਗੜ੍ਹੀਏ' ਦੀ ਪਦਵੀ ਨਾਲ ਨਿਵਾਜੇ ਗਏ। ਮਿਸਲਾਂ ਦੇ ਸਮੇਂ ਸ੍ਰ. ਜੱਸਾ ਸਿਘ ਦਾ ਜਥਾ 'ਰਾਮਗੜ੍ਹੀਆ ਮਿਸਲ' ਦੇ ਨਾਮ ਨਾਲ ਪ੍ਰਸਿਧ ਹੋਇਆ।

96. ਸਵਾਲ: ਦਸਤਾਰ ਕਿੰਨੀ ਉਮਰ ਦੇ ਬੱਚੇ ਨੂੰ ਤੇ ਕਿੰਨੀ ਲੰਬੀ ਸਜਾਉਣੀ ਯੋਗ ਹੈ?

ਜਵਾਬ: ਜਦੋਂ ਬੱਚਾ ਦਸਤਾਰ ਸੰਭਾਲਣ ਤੇ ਯੋਗ ਹੋ ਜਾਵੇ ਤੇ ਜਿੰਨੀ ਲੰਬਾਈ ਦੀ ਉਹ ਸੰਭਾਲ ਸਕੇ ਸਜਾਉਣੀ ਯੋਗ ਹੈ। ਛੋਟੀ ਉਮਰ ਦੇ ਬਚਿਆਂ ਨੂੰ ਛੋਟੀ ਦਸਤਾਰ ਸਜਾਉਣਾ ਯੋਗ ਹੈ ਤਾਂ ਕਿ ਨੰਗੇ ਸਿਰ ਨਾ ਰਹਿ ਸਕਣ। ੯-੧੦ ਸਾਲ ਦੀ ਉਮਰ ਵਿਚ ਬੱਚਾ ਦਸਤਾਰ ਸੰਭਾਲਣ ਯੋਗ ਹੋ ਜਾਂਦਾ ਹੈ।

97. ਸਵਾਲ: ਮੈਂ ਇਹ ਖਤ ਰੋਂਦੇ ਹੋਏ ਲਿਖ ਰਿਹਾਂ ਹਾਂ। ਮੈਂ ਭੈੜੀ ਸੰਗਤ ਵਿਚ ਪੈ ਕੇ ਕੇਸ ਕਟਾ ਦਿਤੇ ਸਨ, ਹੁਣ ਮੇਰੀ ਆਤਮਾ ਮੈਨੂੰ ਧ੍ਰਿਕਾਰ ਰਹੀ ਹੈ ਤੇ ਮਰਨ ਨੂੰ ਦਿਲ ਕਰਦਾ ਹੈ। ਤੁਸੀਂ ਦੱਸੋ ਜਿਸ ਨਾਲ ਮੇਰੇ ਕੇਸ ਜਲਦੀ ਤੋਂ ਜਲਦੀ ਲੰਬੇ ਹੋ ਜਾਣ।

ਜਵਾਬ: ਤੁਸੀਂ ਗਲਤੀ ਕਰਕੇ ਸੱਚੇ ਦਿਲੋਂ ਪਛਤਾਵਾ ਕਰ ਲਿਆ ਹੈ, ਹੁਣ ਤੁਸੀਂ ਗੁਰੂ ਘਰ ਵਿਚ ਬਖਸ਼ਣ ਯੋਗ ਹੋ ਗਏ ਹੋ। ਮਨ ਵਿਚੋਂ ਨਿਰਾਸਤਾ ਕੱਢ ਦਿਓ। ਕੇਸਾਂ ਨੇ ਕੁਦਰਤੀ ਤੌਰ ਤੇ ਲੰਬੇ ਹੋ ਹੀ ਜਾਣਾ ਹੈ। ਦਹੀਂ ਨਾਲ ਕੇਸੀ ਇਸ਼ਨਾਨ ਕਰੋ। ਜਲਦੀ ਲੰਬੇ ਹੋ ਜਾਣਗੇ। ਪੌਸ਼ਟਿਕ ਖੁਰਾਕ ਖਾਓ, ਸੀਸ ਤੇ ਦਸਤਾਰ ਸਜਾ ਕੇ ਰੱਖੋ, ਸੱਚਾ ਪਸ਼ਚਾਤਾਪ ਹੀ ਗੁਰੂ ਦੀ ਬਖਸ਼ਿਸ਼ ਦੀ ਨਿਸ਼ਾਨੀ ਹੈ।

98. ਸਵਾਲ: ਕਈ ਸਿੱਖ ਹਥ ਵਿਚ ਮੁੰਦਰੀ ਜਿਸ ਤੇ ੧ੴ ਜਾਂ ਵਾਹਿਗੁਰੂ ਲਿਖਿਆ ਹੁੰਦਾ ਹੈ ਪਾਉਂਦੇ ਹਨ ਪਰ ਉਹਨਾ ਹਥਾਂ ਨਾਲ ਹੀ ਮੰਦੇ ਕਰਮ ਵੀ ਕਰਦੇ ਹਨ?

ਜਵਾਬ: ਸਤਿਨਾਮ ਵਾਹਿਗੁਰੂ ਨੂੰ ਹਿਰਦੇ ਤੇ ਲਿਖਣਾ ਹੈ ਤਾਂਕਿ ਪ੍ਰਭੂ ਦਾ ਭੈ ਤੇ ਭਉ ਹਿਰਦੇ ਵਿਚ ਵਸ ਜਾਵੇ ਜਿਸ ਨਾਲ ਮੰਦੇ ਕਰਮ ਹੋ ਹੀ ਨਾ ਸਕਣ।

99. ਸਵਾਲ: ਬਚਿਆਂ ਨਾਲ ਗਲਬਾਤ ਪੰਜਾਬੀ ਵਿਚ ਕਰਨੀ ਚਾਹੀਦੀ ਹੈ। ਇਹ ਸਿਖੀ ਸਭਿਆਚਾਰ ਹੈ। ਠੀਕ ਹੈ, ਪਰ ਜੇਕਰ ਕਿਸੇ ਨੂੰ ਪੰਜਾਬੀ ਨਹੀਂ ਆਉਂਦੀ ਕੀ ਉਹ ਸਿਖ ਨਹੀਂ?

ਜਵਾਬ: ਜੋ ਸਿੱਖੀ ਅਸੂਲਾਂ ਅਨੁਸਾਰ ਚਲਦਾ ਹੈ ਤੇ ਸਿਖ ਰਹਿਤ ਮਰਯਾਦਾ ਦਾ ਧਾਰਨੀ ਹੈ, ਉਹ ਸਿੱਖ ਹੈ ; ਪਰ ਇਹਨਾਂ ਅਸੂਲਾਂ ਤੇ ਸਿੱਖ ਰਹਿਤ ਮਰਯਾਦਾ ਵਿਚ ਇਕ ਅਸੂਲ ਇਹ ਵੀ ਹੈ ਕਿ ਗੁਰਸਿਖ ਨੂੰ ਚਾਹੀਏ ਕਿ ਆਪਣੀ ਸੰਤਾਨ ਨੂੰ ਗੁਰਮੁਖੀ ਅਖਰ ਜ਼ਰੂਰ ਸਿਖਾਵੇ ਕਿਉਂਕਿ ਗੁਰੂ ਗਰੰਥ ਸਾਹਿਬ ਦੀ ਬਾਣੀ ਤੇ ਸਿੱਖ ਇਤਿਹਾਸ ਨਾਲ ਸਾਂਝ ਉਤਨਾ ਚਿਰ ਨਹੀਂ ਪੈ ਸਕਦੀ ਜਿਤਨਾ ਚਿਰ ਗੁਰਮੁਖੀ (ਪੰਜਾਬੀ) ਨਹੀਂ ਆਉਂਦੀ। ਜੋ ਬਚੇ ਗੁਰਮੁਖੀ ਨਹੀਂ ਜਾਣਨਗੇ ਤਾਂ ਉਹ ਪਾਠ ਕਿਵੇ ਕਰ੍ਨਗੇ, ਸਿਖ ਇਤਿਹਾਸ ਦੀ ਜਾਣਕਾਰੀ ਦੇ ਬਿਨਾ ਕੋਈ ਸਿਖ ਕਿਵੇਂ ਕਹਾ ਸਕਦਾ ਹੈ ? ਮਾਤਾ- ਪਿਤਾ ਨੂੰ ਚਾਹੀਦਾ ਹੈ ਕਿਉਹ ਬੱਚਿਆਂ ਨੂੰ ਆਪ ਪੰਜਾਬੀ ਸਿਖਾਉਣ ।

100. ਸਵਾਲ: ਕੀ ਮਿਰਤਕ ਪ੍ਰਾਣੀ ਦੇ ਸੰਸਕਾਰ ਸਮੇਂ ਅਰਦਾਸ ਕਰਨ ਵਾਲੇ ਗੁਰਸਿਖ ਦਾ ਕੋਈ ਨੁਕਸਾਨ ਹੋ ਸਕਦਾ ਹੈ? ਕੀ ਇਹ ਜਰੂਰੀ ਹੈ ਕਿ ਕੇਵਲ ਗਰੰਥੀ ਸਿੰਘ ਹੀ ਐਸੇ ਸਮੇਂ ਅਰਦਾਸ ਕਰੇ? ਜੇ ਮਿਰਤਕ ਬੀਮਾਰ ਹੋ ਕੇ ਮਰਿਆ ਹੋਵੇ ਤਾਂ ਉਸ ਦਿਨ ਦੁਧ ਪੀਣ ਤੋਂ ਵੀ ਮਨ੍ਹਾਂ ਕਰਨ ਵਾਲੀਆਂ ਮਾਤਾਵਾਂ ਦੇ ਦਰਸ਼ਨ ਹੋ ਜਾਂਦੇ ਹਨ। ਗੁਰਮਤਿ ਦਾ ਰਾਹ ਦਸਣਾ ਜੀ।

ਜਵਾਬ: ਨੁਕਸਾਨ ਹੋਣ ਵਾਲੀ ਗੱਲ ਕੇਵਲ ਵਹਿਮ ਹੈ। ਹਰ ਇਕ ਸਿੱਖ ਨੂੰ ਇਹ ਅਧਿਕਾਰ ਹੈ ਕਿ ਉਹ ਅਰਦਾਸ ਕਰ ਸਕਦਾ ਹੈ। ਇਹ ਜਰੂਰੀ ਨਹੀਂ ਕਿ ਉਹ ਅਰਦਾਸ ਕੇਵਲ ਗਰੰਥੀ ਸਿੰਘ ਹੀ ਕਰੇ। ਉਸ ਦਿਨ ਦੁਧ ਪੀਣ ਨਾਲ ਵੀ ਕੁਝ ਨਹੀਂ ਹੁੰਦਾ। ਇਹ ਸਭ ਵਹਿਮ ਭਰਮ ਅਨਪੜ੍ਹ ਪ੍ਰਚਾਰਕਾਂ ਤੇ ਅਗਿਆਨੀ ਸਾਧੂਆਂ ਦੇ ਫੈਲਾਏ ਹੋਏ ਹਨ ਤਾਂਕਿ ਵਹਿਮਾਂ ਭਰਮਾ ਵਿਚ ਫਸੀਆਂ ਮਾਤਾਵਾਂ ਉਹਨਾ ਦੀ ਸੇਵਾ ਕਰਦੀਆਂ ਰਹਿਣ ਤੇ ਉਹਨਾ ਦਾ ਹਲਵਾ ਮੰਡਾ ਬਣਦਾ ਰਹੇ। ਗੁਰਬਾਣੀ, ਪੜ੍ਹਨ, ਸਮਝਣ ਤੇ ਵੀਚਾਰਨ ਨਾਲ ਹਿਰਦੇ ਵਿਚ ਤਤ ਗੁਰਮਤਿ ਦਾ ਪ੍ਰਕਾਸ਼ ਹੁੰਦਾ ਹੈ। ਤੇ ਸਭ ਵਹਿਮ ਭਰਮ ਖਤਮ ਹੋ ਜਾਂਦੇ ਹਨ।

101. ਸਵਾਲ: ਅਸੀਂ ਫੌਜ ਵਿਚ ਨੌਕਰੀ ਕਰਦੇ ਹਾਂ। ਸਾਡੀ ਰੈਜਮੈਂਟ ਵਿਚ ਸੂਬੇਦਾਰ ਨੇ ਇਹ ਕਿਹਾ ਹੈ ਕਿ ਕੋਈ ਕਮੀਜ਼ ਪਜਾਮਾ ਪਾ ਕੇ

ਗੁਰਦੁਆਰੇ ਨਹੀਂ ਜਾਵੇਗਾ। ਸਗੋਂ ਪੈਂਟ ਕਮੀਜ਼ ਪਾ ਕੇ ਹੀ ਜਾਣਾ ਹੈ, ਕੀ ਕਮੀਜ਼ ਪਜਾਮਾ ਪਾ ਕੇ ਗੁਰਦੁਆਰੇ ਜਾਣਾ ਸਿਖੀ ਮਰਯਾਦਾ ਦੇ ਵਿਰੁਧ ਹੈ?

ਜਵਾਬ: ਗੁਰਦੁਆਰੇ ਕਮੀਜ਼ ਪਜਾਮਾ ਪਾ ਕੇ ਜਾਣਾ ਸਿੱਖੀ ਦੇ ਵਿਰੁਧ ਨਹੀਂ, ਸਗੋਂ ਸਾਦਾ ਪਹਿਰਾਵਾ ਹੋਣ ਕਰਕੇ ਉੱਤਮ ਹੈ। ਇਸ ਨਾਲ ਸੌਖਾ ਹੀ ਬੈਠਿਆ ਜਾ ਸਕਦਾ ਹੈ। ਸਾਨੂੰ ਤਾਂ ਇਸ ਗਲ ਦੀ ਸਮਝ ਨਹੀਂ ਆਈ ਕਿ ਸੂਬੇਦਾਰ ਜੀ ਨੇ ਕੁੜਤਾ ਪਜਾਮਾ ਪਾ ਕੇ ਗੁਰਦੁਆਰੇ ਜਾਣ ਤੋਂ ਕਿਉਂ ਰੋਕਿਆ ਹੈ? ਵਡੇ ਵਡੇ ਲੀਡਰ, ਮੁਖ ਮੰਤਰੀ, ਪ੍ਰਧਾਨ ਮੰਤਰੀ ਕੁੜਤਾ ਪਜਾਮਾ ਪਾ ਕੇ ਹੀ ਧਾਰਮਕ ਸਥਾਨਾਂ ਤੇ ਜਾਂਦੇ ਹਨ, ਤਾਂ ਫਿਰ ਐਸੀ ਰੋਕ ਕਿਉਂ। ਤੁਸੀਂ ਸਤਿਕਾਰ ਨਾਲ ਉਹਨਾਂ ਨੂੰ ਸਿੱਖੀ ਦੀ ਰਹੁ ਰੀਤ ਤੋਂ ਜਾਣੂ ਕਰਵਾਉ, ਉਹ ਸਮਝ ਜਾਣਗੇ।

102. ਸਵਾਲ: ਅਰਦਾਸ ਵਿਚ ' ਭੋਗ ਲਗੇ ' ਕਹਿਣਾ ਠੀਕ ਹੈ ਕਿ ' ਪ੍ਰਵਾਨ ਹੋਵੇ'। ਸੀਤ ਪ੍ਰਸ਼ਾਦ ਸਾਧ ਸੰਗਤ ਨੂੰ ਮਿਲੇ ਕਹਿਣਾ, ਕੀ ਠੀਕ ਹੈ?

ਜਵਾਬ: ਕੜਾਹ ਪ੍ਰਸ਼ਾਦਿ ਆਪ ਜੀ ਦੇ ਦਰ ਤੇ ' ਪ੍ਰਵਾਨ ਹੋਵੇ ' ਕਹਿਣਾ ਠੀਕ ਹੈ। ਭੋਗ ਮੂਰਤੀਆਂ ਨੂੰ ਲਗਦਾ ਹੈ; ਸ਼ਬਦ ਗੁਰੂ ਨੂੰ ਨਹੀਂ। ਸੀਤ ਪ੍ਰਸ਼ਾਦਿ ਕਹਿਣਾ ਗਲਤ ਹੈ, ਇਸ ਦਾ ਅਰਥ ਹੈ: ਜੂਠਾ ਕੀਤਾ ਪ੍ਰਸ਼ਾਦਿ ਸੰਗਤ ਛਕੇ, ਜੋ ਸੰਗਤ ਦੀ ਨਿਰਾਦਰੀ ਹੈ।

103. ਸਵਾਲ: ' ਸਹਜ ਪਾਠ ' ਕਰਦੇ ਸਮੇਂ ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੋਈ ਨਿਸ਼ਾਨੀ ਰਖੀ ਜਾ ਸਕਦੀ ਹੈ?

ਜਵਾਬ: ਨਹੀਂ ਜੀ, ਐਸਾ ਕਰਨਾ ਮਨਮਤ ਹੈ। ਆਪਣੇ ਕੋਲ ਇਕ ਕਾਪੀ, ਨੋਟ ਬੁਕ ਲਾ ਲੈਣੀ ਚਾਹੀਦੀ ਹੈ ਜਿਸ ਤੇ ਪੰਨਾ ਨੰਬਰ ਤੇ ਸ਼ਬਦ ਦੀ ਪਹਿਲੀ ਤੁਕ' ਜਿਥੋਂ ਪਾਠ ਅਰੰਭ ਕਰਨਾ ਹੈ ਨੋਟ ਕਰ ਲਈ ਜਾਵੇ।

104. ਸਵਾਲ: ਕੀ ਗੈਰ ਅੰਮ੍ਰਿਤਧਾਰੀ ਜਾਂ ਪਤਿਤ ਨੂੰ ਗੁਰਦੁਆਰੇ ਵਿਖੇ ਸਿਰੋਪਾ ਦਿਤਾ ਜਾ ਸਕਦਾ ਹੈ?

ਜਵਾਬ: ਅਜ ਕਲ ਹਰ ਐਰੇ ਗੈਰੇ ਨੂੰ ਸਿਰੋਪਾ ਦੇਣ ਦਾ ਰਿਵਾਜ ਪੈ ਗਿਆ ਹੈ । ਪੁਰਾਤਨ ਪ੍ਰੰਪਰਾ ਸਿਰੋਪਾ ਦੇਣ ਵਾਲੀ ਬਹੁਤ ਉਤਮ ਤੇ ਮਹੱਤਵਪੂਰਨ ਸੀ। ਸਿਰੋਪਾ ਉਸ ਵਿਆਕਤੀ ਨੂੰ ਦਿਤਾ ਜਾਂਦਾ ਸੀ ਜੋ ਸਿੱਖ ਪੰਥ ਲਈ ਕੋਈ ਘਾਲਣਾ ਘਾਲਦਾ ਤੇ ਕੁਰਬਾਨੀ ਕਰਦਾ। ਅਜ ਮਾਇਆਧਾਰੀ ਤੇ ਸਿਆਸੀ

ਬੰਦਿਆਂ ਨੂੰ ਸਿਰੋਪੇ ਦੇ ਕੇ ਸਿਰੋਪੇ ਦਾ ਸਤਿਕਾਰ ਘਟਾਇਆ ਜਾ ਰਿਹਾ ਹੈ।' ਪਤਿਤ ਲਈ ਸਿਖ ਧਰਮ ਵਿਚ ਕੋਈ ਥਾਂ ਨਹੀਂ ਹੈ।

105. ਸਵਾਲ: ਕੀ ਅੰਮ੍ਰਿਤਧਾਰੀ ਸਿਖਾਂ ਨੂੰ ਆਪਣੇ ਨਾਮ ਨਾਲ ਜਾਤ ਪਾਤ ਲਿਖਣੀ ਚਾਹੀਦੀ ਹੈ?

ਜਵਾਬ: ਨਹੀਂ ਜੀ! ਕਿਸੇ ਸਿੱਖ ਨੂੰ ਵੀ ਐਸਾ ਕਰਨਾ ਠੀਕ ਨਹੀਂ ਹੈ?

106. ਸਵਾਲ: ਜੇ ਘਰ ਵਿਚ ਕੋਈ ਵਖਰਾ ਕਮਰਾ ਨਾ ਹੋਵੇ ਤੇ ਗੁਰਸਿਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨ ਲਈ ਪ੍ਰਕਾਸ਼ ਕਰਨਾ ਚਾਹੇ, ਤਾਂ ਉਹ ਕੀ ਕਰੇ?

ਜਵਾਬ: ਬਿਨਾ ਵਖਰੇ ਕਮਰੇ ਤੋਂ ਪ੍ਰਕਾਸ਼ ਕਰਨਾ ਠੀਕ ਨਹੀਂ ਹੈ। ਐਸੀ ਹਾਲਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸੰਥਿਆ ਸੈਂਚੀਆਂ, ਜੋ ਸ਼੍ਰੋਮਣੀ ਕਮੇਟੀ ਨੇ ਛਾਪੀਆਂ ਹਨ ਤੇ ਦੋ ਭਾਗਾਂ ਵਿਚ ਮਿਲਦੀਆਂ ਹਨ, ਸਤਿਕਾਰ ਸਹਿਤ ਘਰ ਵਿਖੇ ਯੋਗ ਥਾਂ ਕਿਸੇ ਅਲਮਾਰੀ ਵਿਚ ਰਖੀਆਂ ਜਾਣ ਤੇ ਉਥੋਂ ਪਾਠ ਕੀਤਾ ਜਾਵੇ। ਵਖਰੇ ਕਮਰੇ ਤੋਂ ਬਿਨਾਂ ਪ੍ਰਕਾਸ਼ ਕਰਨਾ ਬੇਅਦਬੀ ਦਾ ਸੂਚਕ ਹੈ।

107. ਸਵਾਲ: ਕਈ ਵਾਰੀ ਗੁਰਦੁਆਰਿਆਂ ਵਿਚ ਜਾਂ ਪ੍ਰਭਾਤ ਫੇਰੀਆਂ ਸਮੇਂ ਕੱਚੀ ਬਾਣੀ ਨੂੰ ਗੁਰਬਾਣੀ ਨਾਲ ਰਲਾ ਕੇ ਪੜ੍ਹਿਆ ਜਾਂਦਾ ਹੈ। ਕੀ ਐਸਾ ਕਰਨਾ ਠੀਕ ਹੈ ?

ਜਵਾਬ: ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ:

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ।।
ਬਾਣੀ ਤ ਕਚੀ ਸਤਿਗੁਰੂ ਬਾਝਹੁ,
ਹੋਰ ਕਚੀ ਬਾਣੀ।।

ਸੋ ਕਚੀ ਬਾਣੀ ਪੜ੍ਹਨਾ ਮਨਮਤਿ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ, ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਸਿੰਘ ਦੀਆਂ ਰਚਨਾਵਾਂ, ਦਸਮੇਸ਼ ਜੀ ਦੀ ਪ੍ਰਮਾਣੀਕ ਬਾਣੀ ਹੀ ਕੀਰਤਨ ਰੂਪ ਵਿਚ ਪੜ੍ਹਨੀ ਯੋਗ ਹੈ। ਕੱਚੀ ਬਾਣੀ ਨੂੰ ਬਾਣੀ ਨਾਲ ਰਲਾ ਕੇ ਨਹੀਂ ਪੜ੍ਹਿਆ ਜਾ ਸਕਦਾ।

208. ਸਵਾਲ: ਜਦੋਂ ਨਗਰ ਕੀਰਤਨ ਨਿਕਲਦਾ ਹੈ ਤਾਂ ਕਈ ਲੋਕ 'ਪੰਜਾਂ ਪਿਆਰਿਆਂ ਦੇ ਪੈਰ ਛੂੰਹਦੇ ਹਨ' ਕੀ ਇਹ ਠੀਕ ਹੈ?

ਜਵਾਬ: ਸਿੱਖ ਧਰਮ ਵਿਚ ਕੇਵਲ "ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ" ਬੁਲਾਉਣ ਦਾ ਹੀ ਵਿਧਾਨ ਹੈ। ਪੈਰੀਂ ਹਥ ਲਾਉਣ ਜਾਂ ਮਥਾ

ਟੇਕਣ ਦੀ ਥਾਂ ਫਤਹਿ ਹੀ ਬੁਲਾਉਣੀ ਯੋਗ ਹੈ। ਮੱਥਾ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਟੇਕਣਾ ਹੈ।

209. ਸਵਾਲ: ਅਸੀਂ ਜਦੋਂ ਗੁਰਦੁਆਰੇ ਜਾਂਦੇ ਹਾਂ ਤਾਂ ਆਮ ਤੌਰ ਤੇ ਕੋਈ ਨਾ ਕੋਈ ਬੰਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਚੌਰ ਕਰ ਰਿਹਾ ਹੁੰਦਾ ਹੈ। ਚੌਰ ਕਰਨ ਦਾ ਕੀ ਮਕਸਦ ਹੈ ਅਤੇ ਇਹ ਰਿਵਾਜ ਕਦੋਂ ਸ਼ੁਰੂ ਹੋਇਆ?

ਜਵਾਬ: ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ " ਧੁਰ ਕੀ ਬਾਣੀ " ਅਰਥਾਤ ਅਕਾਲ ਪੁਰਖ ਦੀ ਦਰਗਾਹ ਦੀ ਬਾਣੀ ਹੈ। ਇਸ ਨੂੰ " ਨਿਰੰਕਾਰ " ਦਾ ਦਰਜਾ ਪ੍ਰਾਪਤ ਹੈ--

ਵਾਹੁ ਵਾਹੁ ਬਾਣੀ ਨਿਰੰਕਾਰ ਹੈ,
ਤਿਸੁ ਜੇਵਡੁ ਅਵਰੁ ਨ ਕੋਇ।। (ਪੰਨਾ ੫੧੫)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਡੇ, ਜੁਗੋ ਜੁਗ ਅਟੱਲ ਸਤਿਗੁਰੂ ਹਨ। ਇਨ੍ਹਾਂ ਦੀ ਉਚਤਾ ਅਤੇ ਸਤਿਕਾਰ ਨੂੰ ਮੁੱਖ ਰੱਖ ਕੇ ਅਸੀਂ ਚੌਰ ਕਰਦੇ ਹਾਂ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਵਿਖੇ ਰਾਮਸਰ ਦੇ ਕਿਨਾਰੇ ਬੈਠ ਕੇ ਭਾਈ ਗੁਰਦਾਸ ਜੀ ਕੋਲੋਂ ਪੋਥੀ ਸਾਹਿਬ (ਆਦਿ ਗ੍ਰੰਥ ਸਾਹਿਬ) ਲਿਖਵਾਈ ਅਤੇ ਭਾਦੋਂ ਸੁਦੀ ੧, ਸੰਮਤ ੧੬੬੧(੧੬੦੪ ਈਸਵੀ) ਨੂੰ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਇਸਦਾ ਪ੍ਰਕਾਸ਼ ਕਰਵਾਇਆ। ਪੋਥੀ ਸਾਹਿਬ ਰਾਮ ਸਰ ਤੋਂ ਹਰਿਮੰਦਰ ਸਾਹਿਬ ਲਿਆਉਂਦੇ ਹੋਏ ਗੁਰੂ ਅਰਜਨ ਦੇਵ ਜੀ ਖੁਦ ਚੌਰ ਕਰ ਰਹੇ ਸਨ, ਚੌਰ ਕਰਨ ਦੀ ਰੀਤ ਉਦੋਂ ਤੋਂ ਹੀ ਸ਼ੁਰੂ ਹੋਈ।

110. ਸਵਾਲ: ਅਖੰਡ ਪਾਠ ਵੇਲੇ ਜਦ ਪੰਨਾ ੭੦੫ ਤੇ " ਆਦਿ ਪੂਰਨ ਮਧਿ ਪੂਰਨ .... " ਵਾਲੇ ਸਲੋਕ ਤੇ ਪਾਠ ਪੁੱਜਦਾ ਹੈ ਤਾਂ ਮੱਧ ਦੀ ਅਰਦਾਸ ਕੜਾਹ ਪ੍ਰਸ਼ਾਦਿ ਲਿਆ ਕੇ, ਆਨੰਦ ਸਾਹਿਬ ਦਾ ਪਾਠ ਕਰਕੇ ਕੀਤੀ ਜਾਂਦੀ ਹੈ। ਕੀ ਇਹ ਮੱਧ ਦੀ ਅਰਦਾਸ ਗੁਰਮਤਿ ਅਨੁਸਾਰ ਹੈ?

ਜਵਾਬ: ਪੰਥ ਪ੍ਰਵਾਣਿਤ ਸਿੱਖ ਰਹਿਤ ਮਰਯਾਦਾ ਵਿੱਚ ਸਹਿਜ ਪਾਠ ਜਾਂ ਅਖੰਡ ਪਾਠ ਦੇ ਆਰੰਭ ਅਤੇ ਭੋਗ ਦੀ ਮਰਯਾਦਾ ਦਾ ਤਾਂ ਜ਼ਿਕਰ ਹੈ, ਪਰ ਮੱਧ ਦੀ ਅਰਦਾਸ ਦਾ ਕੋਈ ਜ਼ਿਕਰ ਨਹੀਂ। ਵੈਸੇ ਵੀ ਪੰਨਾ ੭੦੫ ਤੇ ਦਰਜ ਇਹ ਸ਼ਬਦ ਗੁਰੂ ਗ੍ਰੰਥ ਸਾਹਿਬ ਦਾ ਮੱਧ ਨਹੀਂ ਬਣਦਾ। ਪੰਨਾ ੭੦੫ ਤੇ ਦਰਜ ਜੈਤਸਰੀ ਕੀ ਵਾਰ, ਮ: ੫ ਦੇ ਇਸ ਸਲੋਕ ਦੇ ਅਰਥ ਹੇਠ ਲਿਖੇ ਹਨ:

"ਪ੍ਰਮਾਤਮਾ ਇਸ ਸੰਸਾਰ ਦੇ ਆਰੰਭ ਤੋਂ ਪਰਿਪੂਰਨ ਹੈ, ਹੁਣ ਵੀ ਪਰਿਪੂਰਨ ਹੈ ਅਤੇ ਅੰਤ ਤੱਕ ਪਰਿਪੂਰਨ ਰਹੇਗਾ।" ਭਾਵ ਕਿ ਇਸ ਸਲੋਕ ਦੇ ਅਰਥ ਪ੍ਰਮਾਤਮਾ ਦੇ ਸਬੰਧ ਵਿੱਚ ਹਨ। ਗੁਰੂ ਗ੍ਰੰਥ ਸਾਹਿਬ ਦੇ ਮੱਧ ਦੇ ਸਬੰਧ ਵਿੱਚ ਨਹੀਂ ਹਨ।

111. ਸਵਾਲ: ਕੀ ਅੰਮ੍ਰਿਤ ਸੰਸਕਾਰ ਵੇਲੇ ਪੰਜ ਪਿਆਰਿਆਂ ਨੂੰ ਬਾਣੀਆਂ ਕੰਠ ਹੋਣੀਆਂ ਚਾਹੀਦੀਆਂ ਹਨ? ਕੀ ਉਹ ਗੁਟਕੇ ਤੋਂ ਦੇਖ ਕੇ ਵੀ ਪਾਠ ਕਰ ਸਕਦੇ ਹਨ?

ਜਵਾਬ: ਅੰਮ੍ਰਿਤ ਸੰਸਕਾਰ ਸਮੇਂ ਪੰਜ ਪਿਆਰੇ ਗੁਰੂ ਰੂਪ ਹੋ ਕੇ ਅੰਮ੍ਰਿਤ ਦੀ ਦਾਤ ਬਖਸ਼ਿਸ਼ ਕਰਦੇ ਹਨ, ਇਸ ਲਈ ਪੰਜ ਪਿਆਰੇ ਗੁਰਬਾਣੀ ਦੇ ਅਭਿਆਸੀ ਅਤੇ ਉਚੇ-ਸੁਚੇ ਜੀਵਨ ਵਾਲੇ ਹੋਣੇ ਜ਼ਰੂਰੀ ਹਨ। ਅੰਮ੍ਰਿਤ ਤਿਆਰ ਕਰਨ ਸਮੇਂ ਇਹ ਜ਼ਰੂਰੀ ਹੈ ਕਿ ਹਰ ਇੱਕ ਬਾਣੀ ਪੜ੍ਹਨ ਵਾਲਾ ਖੱਬਾ ਹੱਥ ਬਾਟੇ ਦੇ ਕੰਢੇ ਤੇ ਧਰੇ ਤੇ ਸੱਜੇ ਹਥ ਨਾਲ ਖੰਡਾ ਜਲ ਵਿੱਚ ਫੇਰੀ ਜਾਵੇ। ਸੁਰਤ ਇਕਾਗਰ ਹੋਵੇ। ਬਾਕੀ ਦਿਆਂ ਦੇ ਦੋਵੇਂ ਹੱਥ ਬਾਟੇ ਦੇ ਕੰਢੇ ਤੇ ਅਤੇ ਧਿਆਨ ਅੰਮ੍ਰਿਤ ਵੱਲ ਟਿਕੇ। ਇਸ ਅਨੁਸਾਰ ਹੱਥ ਵਿੱਚ ਗੁਟਕਾ ਫੜਨਾ ਤੇ ਗੁਟਕੇ ਵੱਲ ਵੇਖ ਕੇ ਪਾਠ ਕਰਨਾ ਅਸੰਭਵ ਹੈ । ਸੋ ਅੰਮ੍ਰਿਤ ਛਕਾਉਣ ਵਾਲੇ ਪੰਜ ਪਿਆਰਿਆਂ ਨੂੰ ਪੰਜ ਬਾਣੀਆਂ ਕੰਠ ਹੋਣੀਆਂ ਜ਼ਰੂਰੀ ਹਨ

112. ਸਵਾਲ: ਸਿੱਖ ਰਹਿਤ ਮਰਯਾਦਾ ਵਿੱਚ ਆਏ ਸ਼ਬਦ 'ਕੇਸ ਲੜਕੇ ਕੇ ਜੋ ਹੁਏ, ਸੋ ਉਹਨਾਂ ਦਾ ਬੁਰਾ ਨਾ ਮੰਗੇ। ਕੇਸ ਉਹੀ ਰਖੇ।' ਤੋਂ ਕੀ ਭਾਵ ਹੈ?

ਜਵਾਬ: ਸਿੱਖ ਰਹਿਤ ਮਰਯਾਦਾ ਵਿੱਚ ਆਏ ਇਹਨਾਂ ਸ਼ਬਦਾਂ ਤੋਂ ਭਾਵ ਇਹ ਹੈ ਕਿ ਬੱਚੇ ਦੇ ਜਨਮ ਤੋਂ ਹੀ ਕੇਸ ਜੋ ਹੋਣ, ਉਹਨਾਂ ਨੂੰ ਸਾਬਤ ਰੱਖਣਾ ਹੈ, ਭਾਵ ਭੱਦਣ, ਮੁੰਡਣ ਆਦਿ ਸੰਸਕਾਰਾਂ ਵਿੱਚ ਨਹੀਂ ਪੈਣਾ ਅਤੇ ਕੇਸ ਕਤਲ ਨਹੀਂ ਕਰਾਉਣੇ। ਲੜਕੇ ਦੇ ਨਾਮ ਨਾਲ 'ਸਿੰਘ' ਅਤੇ ਲੜਕੀ ਦੇ ਨਾਮ ਨਾਲ 'ਕੌਰ' ਸ਼ਬਦ ਦੀ ਵਰਤੋਂ ਜ਼ਰੂਰੀ ਕਰਨੀ ਹੈ।

113. ਸਵਾਲ: ਸਾਡੇ ਇਥੇ ਗੁਰਦੁਆਰੇ ਗ੍ਰੰਥੀ ਸਿੰਘ ਹੁਕਮਨਾਮਾ ਲੈਣ ਤੋਂ ਮਗਰੋਂ ੫-੭ ਮਿੰਟ ਲਈ ਅੱਖਾਂ ਬੰਦ ਕਰਕੇ ਆਪਣਾ ਮੱਥਾ ਗੁਰੂ ਗ੍ਰੰਥ ਸਾਹਿਬ ਤੇ ਰੱਖ ਲੈਂਦੇ ਹਨ। ਕੀ ਇਹ ਠੀਕ ਹੈ?

ਜਵਾਬ: ਐਸਾ ਕੇਵਲ ਸ਼ਰਧਾ ਵਸ ਹੋ ਕੇ ਹੀ ਉਹ ਕਰਦੇ ਹੋਣਗੇ। ਸਿੱਖ ਮਰਯਾਦਾ ਵਿੱਚ ਐਸਾ ਕਰਨਾ ਨਹੀਂ ਲਿਖਿਆ। ਅਸਲ ਸ਼ਰਧਾ ਤੇ ਮਹਾਨਤਾ ਤਾਂ ਗੁਰਬਾਣੀ ਨੂੰ ਮੰਨਣ ਤੇ ਅਮਲ ਵਿੱਚ ਲਿਆਉਣ ਦੀ ਹੈ।

114. ਸਵਾਲ: ਸਹਿਜਧਾਰੀ ਸਿਖ ਦਾ ਕੀ ਅਰਥ ਹੈ?

ਜਵਾਬ: ਗੁਰਮਤਿ ਵਿੱਚ ਸਿਖ ਉਸਨੂੰ ਕਿਹਾ ਜਾਂਦਾ ਹੈ ਜਿਸਨੇ ਗੁਰੂ ਦੀਖਿਆ ਲਈ ਹੈ, ਭਾਵ ਅੰਮ੍ਰਿਤਪਾਨ ਕੀਤਾ ਹੈ। (ਗੁਰ ਦੀਖਿਆ ਲੈ ਸਿਖ ਸਿਧਾਇਆ) ਜਿਸਨੇ ਹਾਲਾਂ ਅੰਮ੍ਰਿਤਪਾਨ ਨਹੀਂ ਕੀਤਾ, ਭਾਵ ਕਿ ਜੋ ਸਿਖ ਬਣਨ ਵੱਲ ਵਧ ਰਿਹਾ ਹੈ, ਉਸਨੂੰ 'ਸਹਿਜਧਾਰੀ' ਕਹਿੰਦੇ ਹਨ।

ਜੋ ਪ੍ਰਾਣੀ ਰੋਮਾਂ ਦੀ ਬੇਅਦਬੀ ਕਰਦਾ ਹੈ, ਨਸ਼ਿਆਂ ਦਾ ਸੇਵਨ ਕਰਦਾ ਹੈ, ਉਸ ਨੂੰ ਸਹਿਜਧਾਰੀ ਸਿੱਖ ਨਹੀਂ ਆਖਿਆ ਜਾ ਸਕਦਾ, ਕਿਉਂਕਿ ਉਸਨੇ ਤਾਂ ਅਜੇ ਤੱਕ ਸਿਖੀ ਦੇ ਮੁਢਲੇ ਅਸੂਲਾਂ ਵੱਲ ਵੀ ਕਦਮ ਨਹੀਂ ਪੁੱਟਿਆ। ਸਹਿਜਧਾਰੀ ਸਿਖ ਕੇਵਲ ਉਸੇ ਨੂੰ ਆਖਣਾ ਯੋਗ ਹੈ, ਜਿਸਨੇ ਸਿੱਖੀ ਦੇ ਮੁਢਲੇ ਅਸੂਲਾਂ ਨੂੰ ਧਾਰਨ ਕਰ ਲਿਆ ਹੈ ਅਤੇ ਹੋਰ ਅਸੂਲਾਂ ਨੂੰ ਧਾਰਨ ਕਰਨ ਵੱਲ ਵੱਧ ਰਿਹਾ ਹੈ।

115. ਸਵਾਲ: ਸਾਡੇ ਇੱਕ ਵਾਕਫਕਾਰ ਹਨ। ਉਹ ਰੋਜ਼ਾਨਾ ਗੁਰਦੁਆਰੇ ਜਾਂਦੇ ਹਨ। ਪਾਠ ਪੂਜਾ ਕਰਦੇ ਹਨ। ਘਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਵੀ ਕੀਤਾ ਹੋਇਆ ਹੈ ਪਰ ਉਨ੍ਹਾਂ ਦੀ ਬੱਚੀ ਦੇ ਗਲ ਵਿੱਚ ਤਵੀਤ ਪਾਇਆ ਹੋਇਆ ਹੈ। ਬੱਚੀ ਨੂੰ ਕਿਸੇ ਕੋਲ ਜਾਣ ਨਹੀਂ ਦਿੰਦੇ। ਕੀ ਇਹ ਗੁਰਮਤਿ ਅਨੁਸਾਰ ਹੈ?

ਜਵਾਬ: ਸਤਿਗੁਰੂ ਦੀ ਬਾਣੀ ਤੋਂ ਉਲਟ ਹਰ ਅਜੇਹਾ ਕਰਮ ਜਿਹੜਾ ਗੁਰੂ ਦੇ ਸਿਖਾਂ ਨੂੰ ਭਰਮ ਭੁਲੇਖਿਆਂ ਅਤੇ ਜਾਦੂ ਟੂਣਿਆਂ ਦੇ ਚੱਕਰ ਵਿੱਚ ਪਾਉਂਦਾ ਹੈ, ਉਹ ਮਨਮਤਿ ਹੈ। ਸਤਿਗੁਰੂ ਦਾ ਉਪਦੇਸ਼ ਹੈ:

ਰਾਮ ਨਾਮੁ ਜੋ ਜਨੁ ਜਪੈ, ਅਨਦਿਨੁ ਸਦ ਜਾਗੈ।
ਤੰਤੁ ਮੰਤੁ ਨਹ ਜੋਹਈ, ਤਿਤੁ ਚਾਖੁ ਨ ਲਾਗੈ।। ਰਹਾਉ।।

(ਬਿਲਾਵਲੁ, ਮ: ੫ ਪੰਨਾ ੮੧੭-੧੮)

(ਜਿਹੜਾ ਮਨੁੱਖ ਵਾਹਿਗੁਰੂ ਦਾ ਨਾਮ ਜਪਦਾ ਰਹਿੰਦਾ ਹੈ, ਉਹ ਹਰ ਵੇਲੇ ਸਦਾ ਹੀ ਵਿਕਾਰਾਂ ਤੋਂ ਸੁਚੇਤ ਰਹਿੰਦਾ ਹੈ। ਕੋਈ ਜਾਦੂ ਟੂਣਾ (ਤੰਤੁ ਮੰਤੁ) ਉਸ ਉੱਤੇ ਅਸਰ ਨਹੀਂ ਕਰ ਸਕਦਾ, ਕੋਈ ਭੈੜੀ ਨਜ਼ਰ (ਚਾਖੁ) ਉਸਨੂੰ ਲੱਗ ਨਹੀਂ ਸਕਦੀ।

" ਸਿੱਖ ਰਹਿਤ ਮਰਯਾਦਾ " ਵਿੱਚ " ਗੁਰਮਤਿ ਦੀ ਰਹਿਣੀ " ਹੇਠ ਇਉਂ ਲਿਖਿਆ ਹੋਇਆ ਹੈ—

ਜੰਤ੍ਰ-ਮੰਤ੍ਰ-ਤੰਤ੍ਰ, ਸ਼ਗਨ, ਮਹੂਰਤ, ਗ੍ਰਹਿ, ਰਾਸ਼ ਆਦਿ ਭਰਮ ਰੂਪ ਕਰਮਾਂ ਉੱਤੇ ਨਿਸ਼ਚਾ ਨਹੀਂ ਕਰਨਾ।

ਜੇ ਅਸੀਂ ਇਨ੍ਹਾਂ ਆਦੇਸ਼ਾਂ ਤੋਂ ਉਲਟ ਬਿਪਰਨ (ਬ੍ਰਾਹਮਣੀ) ਰੀਤਾਂ ਵਿੱਚ ਫਸ ਕੇ ਆਪਣੇ ਬੱਚਿਆਂ ਦੇ ਗਲਾਂ ਵਿੱਚ ਤਵੀਤ ਪਾਉਂਦੇ ਹਾਂ ਤਾਂ ਅਸੀਂ ਗੁਰੂ ਦੇ ਸਿੱਖ ਕਿਵੇਂ ਅਖਵਾ ਸਕਦੇ ਹਾਂ ?

116. ਸਵਾਲ: ਪਾਠ ਦੇ ਭੋਗ ਜਾਂ ਦੀਵਾਨ ਦੀ ਸਮਾਪਤੀ ਸਮੇਂ ਗੁਰਦੁਆਰੇ ਵਿੱਚ ਅਨੰਦ ਸਾਹਿਬ ਦੀਆਂ ਛੇ ਪਉੜੀਆਂ ਦਾ ਪਾਠ ਅਤੇ ਕੜਾਹ ਪ੍ਰਸ਼ਾਦਿ ਕਿਰਪਾਨ ਭੇਟ ਕਰਦੇ ਹਨ। ਕੀ ਇਹ ਜ਼ਰੂਰੀ ਹੈ, ਤੇ ਕਿਉਂ?

ਜੁਆਬ: ਪੰਥਕ ਡੀਸਿਪਲਿਨ (ਅਨੁਸ਼ਾਸਨ) ਨੂੰ ਮੁੱਖ ਰੱਖਦਿਆਂ ਹਰ ਸਿੱਖ ਦਾ ਫਰਜ਼ ਹੈ ਕਿ ਉਹ ਸਾਰੇ ਕੰਮ ਸਿੱਖ ਰਹਿਤ ਮਰਯਾਦਾ ਅਨੁਸਾਰ ਕਰੇ। ਇਸ ਸਵਾਲ ਦੇ ਸੰਬੰਧ ਵਿੱਚ ਸਿੱਖ ਰਹਿਤ ਮਰਯਾਦਾ ਵਿੱਚ ਕੜਾਹ ਪ੍ਰਸ਼ਾਦਿ ਦੇ ਸਿਰਲੇਖ ਹੇਠ ਇਉਂ ਲਿਖਿਆ ਹੋਇਆ ਹੈ—

(ਅ) ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਸੰਗਤ ਨੂੰ ਉੱਚੀ ਆਵਾਜ਼ 'ਚ ਸੁਣਾ ਕੇ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇੱਕ ਪਉੜੀ ਦਾ ਪਾਠ ਕੀਤਾ ਜਾਵੇ ਅਤੇ ਅਰਦਾਸਾ ਸੋਧਿਆ ਜਾਵੇ ਤੇ ਪ੍ਰਵਾਨਗੀ ਲਈ ਕਿਰਪਾਨ ਭੇਟ ਹੋਵੇ।

117. ਸਵਾਲ: ਦੇਗ ਲਈ ਕਿਹੜਾ ਪਾਣੀ ਸੁੱਚਾ ਹੈ? ਕੀ ਚੰਮ ਦੀ ਬੋਕੀ ਵਾਲੇ ਨਲਕੇ ਦਾ ਪਾਣੀ ਦੇਗ ਵਿੱਚ ਪਾ ਸਕਦੇ ਹਾਂ?

ਜਵਾਬ: ਦੇਗ ਦੀ ਤਿਆਰੀ ਲਈ ਸੁਅੱਛਤਾ ਦਾ ਖਿਆਲ ਰੱਖਣਾ ਉੱਤਮ ਗੱਲ ਹੈ, ਪਰ ਇਸ ਨੂੰ ਵਹਿਮ ਭਰਮ ਤੱਕ ਲੈ ਜਾਣਾ ਉਚਿਤ ਨਹੀਂ। ਸਾਨੂੰ ਐਸਾ ਕਰਦੇ ਸਮੇਂ ਗੁਰਬਾਣੀ ਸਿਧਾਂਤਾਂ ਨੂੰ ਸਾਹਮਣੇ ਰੱਖਣਾ ਪਵੇਗਾ, ਜਿਵੇਂ ਗੁਰਬਾਣੀ ਫੁਰਮਾਨ ਹਨ—

— ਪਹਿਲਾ ਪਾਣੀ ਜੀਉ ਹੈ,
ਜਿਤੁ ਹਰਿਆ ਸਭੁ ਕੋਇ।। (ਪੰਨਾ ੪੭੨)

—ਆਨੀਲੇ ਕੁੰਭ, ਭਰਾਈਲੇ ਊਦਕ,
ਠਾਕੁਰ ਕਉ ਇਸਨਾਨੁ ਕਰਉ।।
ਬਇਆਲੀਸ ਲਖ ਜੀ ਜਲ ਮਹਿ ਹੋਤੇ,
ਬੀਠਲੁ ਭੈਲਾ ਕਾਇ ਕਰਉ।। (ਪੰਨਾ ੪੮੫)

ਉਪਰੋਕਤ ਫੁਰਮਾਨ ਅਨੁਸਾਰ ਜੇਕਰ ਅਸੀਂ ਵਹਿਮ ਭਰਮ ਦੀ ਹੱਦ ਤੱਕ ਜਾਵਾਂਗੇ ਤਾਂ ਦੇਗ ਦੀ ਤਿਆਰੀ ਲਈ ਪਾਣੀ ਵਰਤਣਾ ਹੀ ਮੁਸ਼ਕਲ ਹੋ ਜਾਵੇਗਾ। ਖਿਆਲ ਇਸ ਗੱਲ ਦਾ ਰੱਖਣਾ ਹੈ ਕਿ ਦੇਗ ਲਈ ਪਾਣੀ ਸਾਫ਼ ਸੁਥਰਾ ਹੋਣਾ ਚਾਹੀਦਾ ਹੈ।

ਸੋ ਸਾਨੂੰ ਲੋੜ ਹੈ ਕਿ ਅਸੀਂ ਵੈਸ਼ਨਵ ਮਤ ਅਤੇ ਜੈਨ ਮੱਤ ਵਾਲਿਆਂ ਵਾਲੀ ਸੁਚਮ ਦੇ ਪੁਜਾਰੀ ਨਾ ਬਣੀਏ, ਸਗੋਂ ਗੁਰੂ ਨਾਨਕ ਵਿਚਾਰਧਾਰਾ ਨੂੰ ਸਾਹਮਣੇ ਰੱਖਦੇ ਹੋਏ ਜਿਰਣਾ ਕਰੀਏ।

118. ਸਵਾਲ: ਨਿਸ਼ਾਨ ਸਾਹਿਬ ਉੱਤੇ ਸਪੀਕਰ ਦਾ ਹਾਰਨ ਲਾ ਸਕਦੇ ਹਾਂ ਜਾਂ ਨਹੀਂ?

ਜਵਾਬ: ਨਿਸ਼ਾਨ ਸਾਹਿਬ ਗੁਰਦੁਆਰੇ ਦੀ ਹੋਂਦ ਦਾ ਇਕ ਪ੍ਰਤੀਕ ਹੈ। ਚੰਗੀ ਗੱਲ ਤਾਂ ਇਹੀ ਹੈ ਕਿ ਨਿਸ਼ਾਨ ਸਾਹਿਬ ਦੀ ਸ਼ੋਭਾ ਨੂੰ ਮੁੱਖ ਰੱਖਦੇ ਹੋਏ, ਸਪੀਕਰ ਨੂੰ ਕਿਸੇ ਹੋਰ ਜਗ੍ਹਾ ਤੇ ਲਾਇਆ ਜਾਵੇ।

ਜਿਵੇਂ ਅੱਜ ਕਲ੍ਹ ਅਕਸਰ ਦੇਖਣ ਵਿੱਚ ਆਉਂਦਾ ਹੈ ਕਿ ਨਿਸ਼ਾਨ ਸਾਹਿਬ ਉੱਤੇ ਸਪੀਕਰ ਨੂੰ ਬਹੁਤ ਉੱਚੀ ਜਗ੍ਹਾ ਤੇ ਲਾ ਕੇ ਬਹੁਤ ਜ਼ਿਆਦਾ ਆਲੇ ਦੁਆਲੇ ਨੂੰ ਤਾਂ ਆਵਾਜ਼ ਸੁਣਾਉਣ ਵੱਲ ਧਿਆਨ ਦਿਤਾ ਜਾਂਦਾ ਹੈ, ਪਰ ਗੁਰਦੁਆਰੇ ਦੇ ਅੰਦਰ ਹਾਜ਼ਰ ਸੰਗਤਾਂ ਨੂੰ ਪਾਠ ਕੀਰਤਨ ਕਥਾ ਦੀ ਆਵਾਜ਼ ਸੁਣ ਰਹੀ ਹੈ ਜਾਂ ਨਹੀਂ, ਇਸ ਪਾਸੇ ਧਿਆਨ ਦੇਣ ਦੀ ਲੋੜ ਨਹੀਂ ਸਮਝੀ ਜਾਂਦੀ। ਸਪੀਕਰ ਨੂੰ ਕਿਸ ਜਗ੍ਹਾ ਤੇ ਲਾਉਣ ਦੀ ਗੱਲ ਸੋਚਣ ਨਾਲੋਂ, ਵਧੇਰੇ ਸੋਚਣ ਦੀ ਲੋੜ ਇਸ ਗੱਲ ਦੀ ਹੈ ਕਿ ਸਪੀਕਰ ਦੀ ਸਹੀ ਵਰਤੋਂ ਕੀ ਹੈ, ਸਹੀ ਮੰਤਵ ਕੀ ਹੈ, ਕੀ ਇਸ ਮੰਤਵ ਦੀ ਪੂਰਤੀ ਹੋ ਰਹੀ ਹੈ ਜਾਂ ਨਹੀਂ?

119. ਸਵਾਲ: ' ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬਤ ਦਾ ਭਲਾ ' ਦੇ ਕੀ ਅਰਥ ਹਨ?

ਜਵਾਬ: ਇਸ ਦਾ ਭਾਵ ਹੈ ਕਿ ਜਿਸ ਨੇ ਨਾਮ ਨੂੰ ਅਧਾਰ ਰਖਿਆ ਉਸ ਦੀ ਚੜ੍ਹਦੀ ਕਲਾ ਹੈ। ਨਾਮੀ ਸਦਾ ਉਸ ਦੇ ਭਾਣੇ ਵਿਚ ਰਹਿੰਦਾ ਹੈ ਅਤੇ ਨਾਮ ਨਾਲ ਸਵਾਰੀ ਸ਼ਖਸੀਅਤ ਨਿਜ ਨਾਲੋਂ ਸਰੱਬਤ ਦਾ ਭਲਾ ਹੀ ਸਾਹਮਣੇ ਰਖਦੀ ਹੈ।

ਸਰਬਤ ਦੇ ਭਲੇ ਵਿਚ ਉਮਾਹ ਰਹਿਣਾ, ਇਸ ਤਰ੍ਹਾਂ ਆਪਣੀ ਕਲਾ ਨੂੰ ਚੜ੍ਹਦਿਆਂ ਰਖਣਾ ਹੈ ।

120. ਸਵਾਲ: ਜੇ ਕੋਈ ਗੁਰਦੁਆਰੇ ਪੁਜੇ ਤੇ ਅਗੇ ਅਰਦਾਸ ਹੋ ਰਹੀ ਹੋਵੇ ਤਾਂ ਕੀ ਉਸ ਵਕਤ ਮੱਥਾ ਟੇਕਣਾ ਯੋਗ ਹੈ?

ਜਵਾਬ: ਅਰਦਾਸ ਸਮੇਂ ਹਥ ਜੋੜ ਕੇ ਅਰਦਾਸ ਵਿਚ ਸ਼ਾਮਲ ਹੋਣਾ ਚਾਹੀਦਾ ਹੈ, ਮਥਾ ਬਾਅਦ ਵਿਚ ਅਰਦਾਸ ਦੀ ਸਮਾਪਤੀ ਤੇ ਟੇਕਣਾ ਚਾਹੀਦਾ ਹੈ।

121. ਸਵਾਲ: ਦਸਵੰਧ ਕੱਢਣ ਦਾ ਸਹੀ ਤਰੀਕਾ ਕੀ ਹੈ ਤੇ ਇਹ ਦਸਵੰਧ ਦੀ ਮਾਇਆ ਕਿਥੇ ਖਰਚ ਕਰਨੀ ਯੋਗ ਹੈ ?

ਜਵਾਬ: ਆਪਣੀ ਨੇਕ ਕਮਾਈ ਦੇ ਦਸਵੇਂ ਹਿਸੇ ਨੂੰ ਗੁਰਮਤਿ ਵਿਚ ਦਸਵੰਧ ਕਿਹਾ ਗਿਆ ਹੈ। ਦਸਵੰਧ ਦੀ ਵਰਤੋਂ ਐਸੀ ਜਗ੍ਹਾ ਤੇ ਹੋਣੀ ਚਾਹੀਦੀ ਹੈ ਜਿਸ ਨਾਲ ਸਿੱਖੀ ਪ੍ਰਚਾਰ ਵਿਚ ਵਾਧਾ ਹੋਵੇ ਤੇ ਸਿੱਖ ਕੌਮ ਦੇ ਲੋੜਵੰਦ ਬੱਚਿਆਂ ਦੀਆਂ ਸਰੀਰਕ, ਆਰਥਿਕ, ਸਮਾਜਿਕ ਤੇ ਧਾਰਮਿਕ ਲੋੜਾਂ ਪੂਰੀਆਂ ਕੀਤੀਆਂ ਜਾ ਸਕਣ। ਕੇਵਲ ਗੁਰਦੁਆਰਿਆਂ ਦੀਆਂ ਸੰਗ-ਮਰਮਰ ਦੀਆਂ ਇਮਾਰਤਾਂ ਬਣਾਉਣ ਲਈ ਦਸਵੰਧ ਦੀ ਮਾਇਆ ਅਰਪਨ ਕਰੀ ਜਾਣਾ, ਦਸਵੰਧ ਦੀ ਸਹੀ ਵਰਤੋਂ ਨਹੀਂ ਕਹੀ ਜਾ ਸਕਦੀ।

122. ਸਵਾਲ: ਮੈਂ ਇਕ ਗੁਰਸਿਖ ਪ੍ਰਵਾਰ ਦਾ ਗੁਰਸਿਖ ਲੜਕਾ ਹਾਂ। ਮੇਰੀ ਸ਼ਾਦੀ ਹਿੰਦੂ ਪ੍ਰਵਾਰ ਦੀ ਇਕ ਲੜਕੀ ਨਾਲ ਹੋਣ ਦੀ ਸੰਭਾਵਨਾ ਹੈ ਜੋ ਅੰਮ੍ਰਿਤ ਛਕ ਕੇ ਸਿੰਘਣੀ ਸਜਣ ਲਈ ਤਤਪਰ ਹੈ। ਕੀ ਸਿੱਖ ਰਹਿਤ ਮਰਯਾਦਾ ਅਨੁਸਾਰ ਐਸਾ ਹੋਣਾ ਅਯੋਗ ਤਾਂ ਨਹੀਂ?

ਜਵਾਬ: ਸਿੱਖ ਰਹਿਤ ਮਰਯਾਦਾ ਅਨੁਸਾਰ ਸਿੱਖ ਦੀ ਪੁਤਰੀ ਦਾ ਵਿਆਹ ਸਿੱਖ ਨਾਲ ਹੀ ਹੋ ਸਕਦਾ ਹੈ। ਇਸੇ ਤਰਾਂ ਸਿਖ ਲੜਕੇ ਦਾ ਵਿਆਹ ਸਿਖ ਲੜਕੀ ਨਾਲ ਹੀ ਹੋਣਾ ਚਾਹੀਦਾ ਹੈ। ਜੇਕਰ ਲੜਕੀ ਅੰਮ੍ਰਿਤ ਛਕ ਕੇ ਸਿੰਘਣੀ ਸਜਣ ਲਈ ਤਿਆਰ ਹੈ ਤਾਂ ਆਪ ਦੇ ਇਸ ਵਿਆਹ ਨੂੰ ਸਿੱਖ ਰਹਿਤ ਮਰਯਾਦਾ ਅਨੁਸਾਰ ਅਯੋਗ ਨਹੀਂ ਕਿਹਾ ਜਾ ਸਕਦਾ। ਲੜਕੀ ਦੇ ਮਾਤਾ ਪਿਤਾ ਦੀ ਰਜ਼ਾਮੰਦੀ ਅਤੇ ਸਿੱਖ ਰਹੁਰੀਤਾਂ ਅਨੁਸਾਰ ਆਨੰਦ ਕਾਰਜ ਦੀ ਪ੍ਰਵਾਨਗੀ ਪਹਿਲੋਂ ਲੈ ਲੈਣੀ ਜ਼ਰੂਰੀ ਹੈ। ਇਹ ਵੀ ਜਰੂਰੀ ਹੈ ਕਿ ਲੜਕੀ ਦੇ ਪਰਿਵਾਰ ਵਿਚ ਜਿਨ੍ਹਾਂ ਨਾਲ ਤੁਹਾਡਾ ਬਾਅਦ ਵਿਚ ਵਰਤੋਂ ਵਿਹਾਰ ਹੋਣਾ ਹੈ, ਸਿਖ ਰਹੁਰੀਤਾਂ ਤੋਂ ਉਲਟ ਕੋਈ ਗੱਲ ਨਾ ਹੁੰਦੀ ਹੋਵੇ। ਨਹੀਂ ਤਾਂ ਅਨਮਤੀ ਪ੍ਰਵਾਰ ਨਾਲ ਤੁਹਾਡੇ ਬਾਅਦ ਦੇ ਸਬੰਧ ਸਥਿਰ ਨਹੀਂ ਰਹਿ ਸਕਣਗੇ। ਸੋ ਇਹ ਸਾਰੀਆਂ ਗਲਾਂ ਸੋਚ ਸਮਝ ਕੇ ਹੀ ਅਗਲਾ ਕਦਮ ਉਠਾਇਆ ਜਾਣਾ ਚਾਹੀਦਾ ਹੈ।

123. ਸਵਾਲ: ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਇਆ ਹੋਵੇ ਤੇ ਸੰਗਤ ਬੈਠੀ ਹੋਵੇ ਤਾਂ ਉਥੇ ਜੇ ਕੋਈ ਵਡਾ ਵਿਅਕਤੀ ਬਾਹਰੋਂ ਆਏ ਤਦ ਕੀ ਸੰਗਤਾਂ ਦਾ ਉਠ ਕੇ ਉਸਦਾ ਸਨਮਾਨ ਕਰਨਾ ਗੁਰਮਤ ਅਨੁਸਾਰ ਹੈ?

ਜਵਾਬ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਭਾਵੇਂ ਕਿੱਡਾ ਵੱਡਾ ਧਾਰਮਿਕ ਜਾਂ ਪੋਲੀਟੀਕਲ ਵਿਅਕਤੀ ਆਏ, ਸੰਗਤਾਂ ਦਾ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਉਠ ਕੇ ਸਨਮਾਨ ਕਰਨਾ ਗੁਰਮਤਿ ਅਨੁਸਾਰ ਕਦਾਚਿਤ ਉਚਿਤ ਨਹੀਂ ਹੈ।

124. ਸਵਾਲ: ਪਹਿਲੀ ਅਪ੍ਰੈਲ ਵਾਲੇ ਦਿਨ ਹਿੰਦੂ ਲੋਕ ਆਪਣੀਆਂ ਵਹੀਆਂ ਖਾਤੇ ਲੈ ਕੇ ਮੰਦਰਾਂ ਵਿੱਚ ਟਿੱਕੇ ਜਾਂ ਪਹਿਲੇ ਪੇਜ ਉੱਤੇ ਓਮ ਜਾ ਗਣੇਸ਼ ਲਿਖ ਦਿੰਦੇ ਹਨ। ਉਹੀ ਭੇਡ ਚਾਲ ਅੱਜ ਕਲ੍ਹ ਗੁਰਦੁਆਰਿਆਂ ਵਿੱਚ ਆ ਗਈ ਹੈ। ਗੁਰਦੁਆਰਿਆਂ ਦੇ ਗ੍ਰੰਥੀ ਮਹਾਰਾਜ ਦੀ ਹਜ਼ੂਰੀ ਵਿੱਚ ਇੱਕ ਕੌਲੀ ਲਾਲ ਰੰਗ ਦੀ ਭਰ ਕੇ ਬੈਠ ਜਾਂਦੇ ਹਨ ਅਤੇ ਸਰਦਾਰਾਂ ਦੀਆਂ ਵਹੀਆਂ ਖਾਤਿਆਂ ਤੇ ਓਮ ਦੀ ਜਗ੍ਹਾ ੧ਓ ਲਿਖ ਦਿੰਦੇ ਹਨ ਅਤੇ ਟਿੱਕੇ ਲਾ ਦਿੰਦੇ ਹਨ। ਕੀ ਬ੍ਰਾਹਮਣਾਂ ਦੀ ਰੀਸੇ ਅਜੇਹਾ ਕੰਮ ਗੁਰਮਤਿ ਹੈ ਜਾਂ ਮਨਮੱਤ?

ਜਵਾਬ: ਅਜਿਹੀ ਬਿਪਰਨ ਕੀ (ਬ੍ਰਾਹਮਣੀ) ਰੀਤ ਨੂੰ ਗੁਰਮਤਿ ਕਿਵੇਂ ਕਿਹਾ ਜਾ ਸਕਦਾ ਹੈ ? ਇਹ ਤੇ ਨਿਰੀ ਮਨਮਤ ਹੈ। ਦਸਮੇਸ਼ ਪਿਤਾ ਜੀ ਨੇ ਤਾਂ ਕਿਹਾ ਹੈ—

ਜਬ ਲਗ ਖਾਲਸਾ ਰਹੇ ਨਿਆਰਾ ।
ਤਬ ਲਗ ਤੇਜ ਦੀਓ ਮੈਂ ਸਾਰਾ।
ਜਬ ਇਹ ਗਹੇ ਬਿਪਰਨ ਕੀ ਰੀਤ।
ਮੈਂ ਨ ਕਰੋਂ ਇਨ ਕੀ ਪ੍ਰਤੀਤ।

ਓਮ ਦੀ ਥਾਂ ੧ਓ ਲਿਖਣ ਨਾਲ ਬ੍ਰਾਹਮਣੀ ਰੀਤ ਗੁਰਮਤਿ ਨਹੀਂ ਬਣ ਜਾਂਦੀ। ਖਾਲਸਾ ਵਹਿਮਾਂ ਭਰਮਾਂ ਵਿੱਚ ਨਹੀਂ ਫਸਦਾ।

ਗੁਰਪ੍ਰਸਾਦਿ ਭਰਮ ਦਾ ਨਾਸ।।

ਵਹੀ ਖ਼ਾਤਿਆਂ ਤੇ ਲਾਲ ਰੰਗ ਦੇ ਟਿੱਕੇ ਲਾਉਣ ਨਾਲ ਝੂਠ ਤੁਫੰਗ ਦੀਆਂ ਐਟਰੀਆਂ (ਲਿਖਤਾਂ) ਸੱਚ ਵਿੱਚ ਨਹੀਂ ਬਦਲ ਜਾਂਦੀਆਂ ਅਤੇ ਝੂਠ ਦਾ ਵਿਉਹਾਰ ਅਕਾਲ ਪੁਰਖ (੧ਓ) ਨੂੰ ਭਾਉਂਦਾ ਨਹੀਂ। ਗੁਰੂ ਕੇ ਸਿੱਖਾਂ ਨੂੰ ਹਨੇ੍ਹਰੇ ਵਿੱਚ ਨਹੀਂ ਰਹਿਣਾ ਚਾਹੀਦਾ। ਗੁਰਬਾਣੀ ਦੇ ਚਾਨਣ ਵਿੱਚ ਵਿਚਰਨਾ ਚਾਹੀਦਾ ਹੈ।

125. ਸਵਾਲ: ਸਿੱਖਾਂ ਲਈ ਗੁਰੂ ਸਾਹਿਬ ਦਾ ਹੁਕਮ ਫਤਹਿ ਬੁਲਾਉਣ ਦਾ ਹੈ--" ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਹਿ।" ਪਰ ਅੱਜ ਕੱਲ੍ਹ ਵਧੇਰੇ ਲੋਕੀਂ " ਸਤਿ ਸ੍ਰੀ ਅਕਾਲ " ਆਖਦੇ ਹਨ। ਇਹ ਕਿਉਂ ਤੇ ਕਦੋਂ ਤੋਂ ਸ਼ੁਰੂ ਹੋਇਆ? ਕੀ ਇਹ ਠੀਕ ਹੈ?

ਜਵਾਬ: ਭਾਈ ਦੇਸਾ ਸਿੰਘ ਜੀ ਦੇ ਰਹਿਤਨਾਮੇ ਵਿੱਚ ਲਿਖਿਆ ਹੋਇਆ ਹੈ

ਆਗੈ ਆਵਤ ਸਿੰਘ ਜੁ ਪਾਵੈ, ਵਾਹਿਗੁਰੂ ਕੀ ਫਤੇ ਬੁਲਾਵੈ।

ਪੰਥ ਪ੍ਰਵਾਣਤ " ਸਿੱਖ ਰਹਿਤ ਮਰਯਾਦਾ " ਵਿੱਚ ਵੀ " ਗੁਰਮਤਿ ਦੀ ਰਹਿਣੀ" ਹੇਠ ਇਉਂ ਹੀ ਲਿਖਿਆ ਹੋਇਆ ਹੈ----

ਸਿੱਖ, ਸਿੱਖ ਨੂੰ ਮਿਲਣ ਸਮੇਂ " **ਵਾਹਿਗੁਰੂ ਜੀ ਕਾ ਖਾਲਸਾ , ਵਾਹਿਗੁਰੂ ਜੀ ਕੀ ਫਤਹਿ** " ਬੁਲਾਵੇ। ਮਰਦ ਇਸਤਰੀ ਦੋਹਾਂ ਲਈ ਇਹੋ ਹੁਕਮ ਹੈ।

ਇਨ੍ਹਾਂ ਹੁਕਮਾ ਦੀ ਉਲੰਘਣਾ ਕਰਕੇ "**ਸਤਿ ਸ੍ਰੀ ਅਕਾਲ**" ਬੁਲਾਉਣਾ ਢਿੱਲੜਤਾਈ ਅਤੇ ਬੇਮੁਖਤਾਈ ਦੀ ਨਿਸ਼ਾਨੀ ਹੈ। ਸਾਨੂੰ ਸਿੱਖ ਰੁਹ ਰੀਤਾਂ ਨੂੰ ਵਿਗਾੜਨਾ ਨਹੀਂ ਚਾਹੀਦਾ। " **ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ**" ਸਾਡਾ ਜੈਕਾਰਾ ਹੈ ਜਿਹੜਾ ਅਸੀਂ ਦੀਵਾਨ / ਕਾਰਜ ਦੀ ਸਮਾਪਤੀ ਸਮੇਂ ਬੁਲਾਉਂਦੇ ਹਾਂ ਜਾਂ ਚੜ੍ਹਾਈ ਸਮੇਂ ਜੋਸ਼ ਪੈਦਾ ਕਰਨ ਲਈ ਉੱਚੀ ਉੱਚੀ ਗਜਾਉਂਦੇ ਹਾਂ। ਖਾਲਸੇ ਦੇ ਜਨਮ ਤੋਂ ਹੀ ਫਤਹਿ ਦਾ ਬੋਲਾ (ਵਾਹਿਗੁਰੂ ਜੀ ਦੀ ਫਤਹਿ) ਅਤੇ ਸਤਿ ਸ੍ਰੀ ਅਕਾਲ ਦਾ ਜੈਕਾਰਾ ਸ਼ੁਰੂ ਹੋਇਆ ਹੈ। ਜਦੋਂ ਤੋਂ ਸਾਡੇ ਵਿੱਚ ਅੰਗ੍ਰੇਜ਼ੀ ਰਾਜ ਸਮੇਂ ਗੁਲਾਮਾਂ ਵਾਲੀ ਬਿਰਤੀ ਜਾਗ ਪਈ ਅਤੇ ਅਸੀਂ " ਸਿੰਘ- ਪੁਣੇ" ਨੂੰ ਭੁੱਲਣ ਲੱਗ ਪਏ, ਅਸੀਂ ਆਪਣੀਆਂ ਰਹੁ ਰੀਤਾਂ ਤੋਂ ਦੂਰ ਹੋਣ ਲੱਗ ਪਏ ਅਤੇ ਵਾਹਿਗੁਰੂ ਜੀ ਕੀ ਫਤਹਿ ਦੀ ਥਾਂ ਸਤਿ ਸ੍ਰੀ ਅਕਾਲ ਕਹਿਣ ਲੱਗ ਪਏ।

126. ਸਵਾਲ: ਕੀਰਤਨ ਕਰਨ ਵਾਲੇ ਰਾਗੀ ਨੂੰ ਲੋਕ ਪੈਸੇ ਅੱਗੇ ਰੱਖ ਕੇ ਹੱਥ ਜੋੜਦੇ ਹਨ। ਕੀ ਇਹ ਮਨਮੁਖਤਾਈ ਨਹੀਂ?

ਜਵਾਬ: ਸਤਿਗੁਰੂ ਦੇ ਹਜ਼ੂਰ ਸਾਰੀ ਕਾਰਵਾਈ (ਕਥਾ, ਕੀਰਤਨ, ਲੈਕਚਰ ਆਦਿ) ਸਤਿਗੁਰੂ ਨੂੰ ਹੀ ਮੁੱਖ ਰੱਖ ਕੇ ਕਰਨੀ ਚਾਹੀਦੀ ਹੈ। ਸੱਚੇ ਪਾਤਿਸ਼ਾਹ ਨੂੰ ਪਿੱਠ ਦੇ ਕੇ ਛੋਟੇ ਜਿਹੇ ਸੇਵਕਾਂ ਨੂੰ ਨਮਸਕਾਰਾਂ ਕਰਨੀਆਂ ਜਚਦੀਆਂ ਨਹੀਂ।

127. ਸਵਾਲ: ਜਦੋਂ ਪੰਜ ਪਿਆਰੇ ਅੰਮ੍ਰਿਤ ਤਿਆਰ ਕਰਦੇ ਅਤੇ ਛਕਾਂਦੇ ਹਨ, ਉਸ ਵਕਤ ਕੋਈ ਫੋਟੋ ਜਾਂ ਕਿਸੇ ਪ੍ਰਕਾਰ ਦੀ ਮੂਵੀ (ਫ਼ਿਲਮ)

ਬਣਾ ਸਕਦੇ ਹਾਂ ਕਿ ਨਹੀਂ? ਕੀ ਕੋਈ ਗ਼ੈਰ ਅੰਮ੍ਰਿਤਧਾਰੀ ਜਿਹਨੇ ਅੰਮ੍ਰਿਤ ਨਾ ਛਕਣਾ ਹੋਵੇ ਅੰਦਰ ਆ ਸਕਦਾ ਹੈ ਕਿ ਨਹੀਂ?

ਜਵਾਬ: ਅੰਮ੍ਰਿਤ ਸੰਚਾਰ ਸਮਾਗਮ ਕੋਈ ਨਾਟਕ ਚੇਟਕ ਨਹੀਂ ਕਿ ਹਰ ਕੋਈ ਅੰਦਰ ਤੁਰਿਆ ਫਿਰੇ ਅਤੇ ਫੋਟੋ ਖਿੱਚਦਾ ਜਾਂ ਫ਼ਿਲਮਾਂ ਬਣਾਉਂਦਾ ਫਿਰੇ। ਇਹ ਬਹੁਤ ਪਵਿੱਤਰ ਸੰਸਕਾਰ ਹੈ। ਸਿੱਖ ਰਹਿਤ ਮਰਯਾਦਾ ਅਨੁਸਾਰ ਅੰਮ੍ਰਿਤ ਛਕਾਉਣ ਲਈ ਨਵੇਕਲੀ ਥਾਂ ਹੋਣੀ ਚਾਹੀਦੀ ਹੈ ਜਿੱਥੇ ਆਮ ਲੋਕਾਂ ਦਾ ਲਾਂਘਾ ਨਾ ਹੋਵੇ।

128. ਸਵਾਲ: ਕੀ ਜਿਸ ਥੜ੍ਹੇ ਤਾਂ ਸਟੇਜ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ, ਉਸਦੇ ਬਰਾਬਰ ਬੈਠ ਕੇ ਰਾਗੀ ਸਿੰਘ ਕੀਰਤਨ ਕਰ ਸਕਦੇ ਹਨ? ਜੇ, ਕਰ ਜਾਂ ਨਹੀਂ ਕਰ ਸਕਦੇ ਤਾਂ ਕਿਉ ?

ਜਵਾਬ: ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਰਾਗੀ ਸਿੰਘਾਂ ਦੇ ਬੈਠਣ ਨਾਲੋਂ ਉੱਚਾ ਮੰਜੀ ਸਾਹਿਬ ਤੇ ਹੁੰਦਾ ਹੈ, ਸੋ ਰਾਗੀ ਸਿੰਘ ਸਟੇਜ ਤੇ ਬਹਿ ਕੇ ਕੀਰਤਨ ਕਰ ਸਕਦੇ ਹਨ। ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਰਾਗੀ ਸਿੰਘ ਤੇ ਸੰਗਤ ਉਸੇ ਹੀ ਫਰਸ਼ ਤੇ ਬੈਠਦੇ ਹਨ ਜਿਸ ਤੇ ਮੰਜੀ ਸਾਹਿਬ ਉੱਪਰ ਸਤਿਗੁਰੂ ਜੀ ਦਾ ਪ੍ਰਕਾਸ਼ ਹੁੰਦਾ ਹੈ।

129. ਸਵਾਲ: ਕੀ ਨਿਤਨੇਮ ਦੀਆਂ ਬਾਣੀਆਂ ਪੜ੍ਹਦੇ ਸਮੇਂ ਅਗਰ ਕੋਈ ਕਾਰਨ ਬਣ ਜਾਏ ਤਾਂ ਅੱਧ ਵਿੱਚ ਛੱਡ ਸਕਦੇ ਹਾਂ?

ਜਵਾਬ: ਜੇ ਅੰਮ੍ਰਿਤ ਵੇਲੇ ਨਿਤਨੇਮ ਠੀਕ ਸਮੇਂ ਤੇ ਕੀਤਾ ਜਾਵੇਂ ਤਾਂ ਉਸ ਸਮੇਂ ਇਹ ਦਿੱਕਤ ਨਹੀਂ ਆਉਂਦੀ। ਪਰ ਜੇਕਰ ਕਿਸੇ ਸਮੇਂ ਕੋਈ ਮਜਬੂਰੀ ਬਣ ਜਾਏ ਤਾਂ ਚਲ ਰਿਹਾ ਸ਼ਬਦ, ਪਉੜੀ ਪੂਰੀ ਪੜ੍ਹ ਕੇ, ਮਜਬੂਰੀ ਹੱਲ ਕਰਕੇ ਨਿਤਨੇਮ ਫਿਰ ਕਰ ਸਕਦੇ ਹਾਂ।

130. ਸਵਾਲ: ਕਈ ਗੁਰਦਵਾਰਿਆਂ ਵਿੱਚ ਰਾਤ ਨੂੰ ਸੋਹਿਲਾ ਸਾਹਿਬ ਦੀ ਛੋਟੀ ਅਰਦਾਸ ਤੋਂ ਬਾਅਦ ਵੀ ਕੀਰਤਨ ਕਰਦੇ ਹਨ। ਕੀ ਇਹ ਉਚਿਤ ਹੈ?

ਜਵਾਬ: ਰਾਤ ਨੂੰ ਸੋਹਿਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁਖਾਸਣ ਸਮੇਂ ਪੜ੍ਹਿਆ ਜਾਂਦਾ ਹੈ। ਇਸ ਨਾਲ ਦੀਵਾਨ ਦੀ ਸਮਾਪਤੀ ਸਮਝੀ ਜਾਂਦੀ ਹੈ। ਮਹਾਰਾਜ ਦੇ ਨਿਜ ਸਥਾਨ ਤੇ ਲਿਜਾਣ ਵੇਲੇ " ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ " ਸ਼ਬਦ ਪੜ੍ਹਿਆ ਜਾਂਦਾ ਹੈ। ਸਤਿਗੁਰੂ ਜੀ ਦੇ ਨਿੱਜ ਸਥਾਨ ਪਹੁੰਚਣ ਤੋਂ ਬਾਦ ਤਾਂ ਕੀਰਤਨ ਕਰਨ ਦਾ ਕੋਈ ਵਿਧਾਨ ਨਹੀਂ ਹੈ।

131. ਸਵਾਲ: ਸਾਡੇ ਇੱਕ ਸਿੰਘ ਨੂੰ ਇਕ ਦਿਨ ਫੌਜੀ ਅਫ਼ਸਰ ਨੇ ਪ੍ਰੇਮ ਸਹਿਤ ਇਕ ਸਵਾਲ ਪੁੱਛਿਆ ਕਿ ਭਾਈ ਸਾਹਿਬ ਜੋ ਤੁਸੀਂ ਕ੍ਰਿਪਾਨ ਪਾਉਂਦੇ ਹੋ ਇਹ ਗੁਰੂ ਮਹਾਰਾਜ ਦੀ ਬਖਸ਼ੀ ਹੋਈ ਕ੍ਰਿਪਾਨ ਹੈ, ਪਰ ਤੁਸੀਂ ਖੇਤੀ ਬਾੜੀ ਕਰਦੇ ਇਸ ਨੂੰ ਸੁਰੱਖਿਅਤ ਨਹੀਂ ਰੱਖ ਸਕਦੇ। ਇਸਨੂੰ ਮਿੱਟੀ ਘੱਟਾ ਜਾਂ ਹੋਰ ਘਾਹ ਫੂਸ ਆਦਿ ਲੱਗ ਜਾਂਦਾ ਹੈ। ਇਸ ਤਰ੍ਹਾਂ ਕ੍ਰਿਪਾਨ ਦੀ ਬੇਅਦਬੀ ਹੁੰਦੀ ਹੈ। ਸਾਡੇ ਖਾਲਸਾ ਜੀ ਕੋਲੋਂ ਸਹੀ ਜਵਾਬ ਨਾ ਦੇ ਹੋ ਸਕਿਆ। ਕ੍ਰਿਪਾ ਕਰਕੇ ਤੁਸੀਂ ਇਸ ਸਵਾਲ ਦਾ ਜੁਆਬ ਦਿਉ ?

ਜਵਾਬ: ਗੁਰੂ ਮਹਾਰਾਜ ਨੇ ਆਪਣੇ ਸਿੱਖਾਂ ਨੂੰ ਪੰਜ ਕਕਾਰਾਂ ਦੀ ਬਖਸ਼ਿਸ਼ ਕੀਤੀ ਹੈ ਜਿਨ੍ਹਾਂ ਵਿੱਚ ਕ੍ਰਿਪਾਨ ਵੀ ਸ਼ਾਮਿਲ ਹੈ। ਇਨ੍ਹਾਂ ਕਕਾਰਾਂ ਨੂੰ ਹਰ ਵੇਲੇ ਅੰਗ-ਸਗ ਰੱਖਣ ਦਾ ਆਦੇਸ਼ ਹੈ। ਕੰਮ ਕਾਰ ਕਰਦਿਆਂ, ਬਾਹਰ-ਅੰਦਰ ਜਾਂਦਿਆਂ ਮਿੱਟੀ ਘੱਟੇ ਦਾ ਉੱਡ ਕੇ ਇਨ੍ਹਾਂ ਤੇ ਪੈ ਜਾਣਾ ਇੱਕ ਕੁਦਰਤੀ ਗੱਲ ਹੈ। ਮਿੱਟੀ ਘੱਟੇ ਤੋਂ ਬਚਾ ਕੇ ਰੱਖਣਾ ਇਨ੍ਹਾਂ ਕਕਾਰਾਂ ਦੀ ਯੋਗ ਸੰਭਾਲ ਵਿੱਚ ਸ਼ਾਮਿਲ ਹੈ। ਕਛਹਿਰਾ ਅਸੀਂ ਇਸ਼ਨਾਨ ਕਰਨ ਤੋਂ ਬਾਅਦ ਬਦਲ ਲੈਂਦੇ ਹਾਂ ਅਤੇ ਗਿੱਲੇ ਕਛਹਿਰੇ ਨੂੰ ਧੋ ਕੇ ਸੁਕਾ ਲੈਂਦੇ ਹਾਂ। ਇਸੇ ਹੀ ਤਰ੍ਹਾਂ ਕ੍ਰਿਪਾਨ ਤੇ ਗਾਤਰੇ ਨੂੰ ਬਦਲ ਲੈਂਦੇ ਹਾਂ ਅਤੇ ਮੈਲੇ ਗਾਤਰੇ ਨੂੰ ਧੋ ਲੈਂਦੇ ਹਾਂ। ਕ੍ਰਿਪਾਨ ਦੀ ਸਫਾਈ ਵੀ ਕਰ ਲਈਦੀ ਹੈ ਤਾਂ ਜੋ ਉੱਡ ਪੁੱਡ ਕੇ ਪਏ ਮਿੱਟੀ ਘੱਟੇ ਕਾਰਨ ਜੰਗਾਲ ਨਾ ਲੱਗ ਜਾਵੇ।

ਗੁਰੂ ਸਾਹਿਬ ਨੇ ਕ੍ਰਿਪਾਨ ਸਾਨੂੰ ਸ਼ੋ-ਕੇਸ ਵਿੱਚ ਰੱਖਣ ਵਾਸਤੇ ਨਹੀਂ ਦਿੱਤੀ ਸਗੋਂ ਪਹਿਨਣ ਵਾਸਤੇ ਦਿੱਤੀ ਹੈ। ਕ੍ਰਿਪਾਨ ਇੱਕ ਸ਼ਸਤਰ ਹੈ, ਸੰਤ ਸਿਪਾਹੀ ਰੂਪ ਖਾਲਸੇ ਨੇ ਹਰ ਵੇਲੇ ਤਿਆਰ ਬਰ-ਤਿਆਰ ਰਹਿਣ ਵਾਸਤੇ ਇਸ ਨੂੰ ਅੰਗ ਸੰਗ ਰੱਖਣਾ ਹੈ ਅਤੇ ਇਸ ਦੀ ਯੋਗ ਸੰਭਾਲ ਕਰਨੀ ਹੈ।

132. ਸਵਾਲ: ਕੀ ਅੰਮ੍ਰਿਤਧਾਰੀ ਸਜੇ ਹੱਥ ਵਿੱਚ ਸਰਬ ਲੋਹ ਦਾ ਕੜਾ ਸਜਾ ਕੇ ਦੂਜੇ ਹੱਥ ਸੋਨੇ ਦਾ ਕੜਾ ਪਹਿਨ ਸਕਦਾ ਹੈ?

ਜਵਾਬ: ਸਿਖ ਧਰਮ ਵਿੱਚ ਪੰਜ ਕਕਾਰ ਪਾਉਣੇ ਬਹੁਤ ਜ਼ਰੂਰੀ ਹਨ ਜਿਨ੍ਹਾਂ ਵਿੱਚ ਕੜਾ ਵੀ ਸ਼ਾਮਲ ਹੈ। ਪੰਥ ਗੁਰੂ ਦੇ ਹੁਕਮਾਂ ਮੁਤਾਬਿਕ ਪੰਥ ਪ੍ਰਵਾਣਿਤ "ਸਿਖ ਰਹਿਤ ਮਰਯਾਦਾ" (ਜੋ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵੀ ਪ੍ਰਵਾਣਿਤ ਹੈ) ਅਨੁਸਾਰ ਕੜਾ ਸਿਰਫ ਸਰਬ ਲੋਹ ਦਾ ਹੀ ਹੋ ਸਕਦਾ ਹੈ। ਸੋਨੇ ਚਾਂਦੀ ਜਾਂ ਕਿਸੇ ਹੋਰ ਧਾਤ ਦਾ ਬਣਿਆ ਕੜਾ 'ਕੜਾ' ਨਹੀਂ ਅਖਵਾ ਸਕਦਾ।

133. ਸਵਾਲ: ਕੀ ਬੱਸ ਜਾਂ ਗੱਡੀ ਵਿੱਚ ਸਫਰ ਕਰਦਿਆਂ ਜਾਂ ਹੋਰ ਅਜਿਹੀ ਸਥਿਤੀ ਵਿੱਚ ਜਦੋਂ ਕਿ ਖੜ੍ਹਿਆ ਨਾ ਜਾ ਸਕੇ, ਬੈਠ ਕੇ ਅਰਦਾਸ ਕੀਤੀ ਜਾ ਸਕਦੀ ਹੈ ਕਿ ਨਹੀਂ?

ਜਵਾਬ : ਸਿੱਖ ਧਰਮ ਅੰਦਰ ਆਪਣੇ ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਦੋਵੇਂ ਹੱਥ ਜੋੜਕੇ ਪ੍ਰਾਰਥਨਾ (ਬੇਨਤੀ) ਕਰਨ ਦਾ ਵਿਧਾਨ ਹੈ। ਵਿਖਮ ਸਥਿਤੀ ਵਿੱਚ ਸਫਰ ਕਰਦਿਆਂ ਜਾਂ ਬੀਮਾਰੀ ਦੀ ਹਾਲਤ ਵਿੱਚ ਅੰਤਰ- ਧਿਆਨ ਹੋ ਕੇ ਬੈਠਿਆਂ ਜਾਂ ਲੰਮੇ ਪਿਆਂ ਵੀ ਅਰਦਾਸ-ਬੇਨਤੀ ਕੀਤੀ ਜਾ ਸਕਦੀ ਹੈ, ਲੋੜ ਇਕ ਮਨ, ਇੱਕ ਚਿਤ ਹੋਣ ਦੀ ਹੈ, ਆਪਣੇ ਸਤਿਗੁਰੂ ਨੂੰ ਹਾਜ਼ਰ ਨਾਜ਼ਰ ਸਮਝ ਕੇ ਬੇਨਤੀ ਕਰ ਦਿਉ।

134. ਸਵਾਲ: ਪੁਸਤਕ ' ਸੰਖੇਪ ਇਤਿਹਾਸ ਦਸ ਗੁਰੂ ਸਾਹਿਬਾਨ ' ਵਿੱਚ ਗੁਰੂ ਅੰਗਦ ਦੇਵ ਜੀ ਦੇ ਮਾਤਾ ਜੀ ਦਾ ਨਾਂ ਦਇਆ ਕੌਰ ਲਿਖਿਆ ਹੈ, ਪਰ ਸਿੰਘ ਅਤੇ ਕੌਰ ਸ਼ਬਦ ਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਨਾਵਾਂ ਨਾਲ ਲਗਣੇ ਸ਼ੁਰੂ ਹੋਏ ਸਨ। ਇਸ ਬਾਰੇ ਸਪਸ਼ਟ ਕਰੋ ਜੀ?

ਜਵਾਬ: ਸਿੰਘ ਅਤੇ ਕੌਰ ਸ਼ਬਦ ਪਹਿਲਾਂ ਵੀ ਵਰਤੇ ਜਾਂਦੇ ਸਨ। ਉਪਰੋਕਤ ਪੁਸਤਕ ਵਿੱਚ ਹੀ ਆਪ ਜੀ ਨੇ ਰਾਜਾ ਜੈ ਸਿੰਘ ਦਾ ਨਾਂ ਪੜ੍ਹਿਆ ਹੋਵੇਗਾ ਜਿਹੜਾ ਕਿ ਗੁਰੂ ਹਰਿਕ੍ਰਿਸ਼ਨ ਜੀ ਦੇ ਸਮੇਂ ਹੋਇਆ ਸੀ। ਰਾਜਪੂਤਾਂ ਦੇ ਨਾਵਾਂ ਨਾਲ ਤਾਂ ਅਕਸਰ ਸਿੰਘ ਲਾਇਆ ਜਾਂਦਾ ਸੀ। ਕੌਰ ਜਾਂ ਕੰਵਰ ਰਾਜਿਆਂ ਮਹਾਰਾਜਿਆਂ ਜਾਂ ਅਮੀਰ ਘਰਾਣਿਆਂ ਦੀਆਂ ਲੜਕੀਆਂ ਦਾ ਲਕਬ ਹੁੰਦਾ ਸੀ। ਗੁਰੂ ਜੀ ਨੇ ਸਭ ਸਿੱਖ ਇਸਤਰੀਆਂ ਨੂੰ ਇਹ ਲਕਬ ਦੇ ਕੇ ਸਨਮਾਨਿਤ ਕਰ ਦਿੱਤਾ। ਸੋ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤਧਾਰੀਆਂ ਦੇ ਨਾਵਾਂ ਨਾਲ ਸਿੰਘ ਅਤੇ ਕੌਰ ਸ਼ਬਦ ਲਗਾਣਾ ਲਾਜ਼ਮੀ ਕਰਾਰ ਦੇ ਦਿੱਤਾ ਭਾਵੇਂ ਕਿ ਇਨ੍ਹਾਂ ਦੀ ਵਰਤੋਂ ਪਹਿਲਾਂ ਵੀ ਹੁੰਦੀ ਸੀ।

135. ਸਵਾਲ: ਸਿੱਖ ਰਹਿਤ ਮਰਯਾਦਾ ਵਿੱਚ ਲਿਖਿਆ ਹੈ ਕਿ ਦੁਸਹਿਰੇ ਤੋਂ ਪਿਛੋਂ ਚਲਾਣੇ ਦੀ ਕੋਈ ਰਸਮ ਬਾਕੀ ਨਹੀਂ ਰਹਿ ਜਾਂਦੀ। ਇਹ ਦਾ ਕੀ ਮਤਲਬ ਹੈ?

ਜਵਾਬ: ਗੁਰਮਤਿ ਅਨੁਸਾਰ ਹਰ ਪ੍ਰਾਣੀ ਦੇ ਸਸਕਾਰ ਤੋਂ ਬਾਦ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਰੱਖਿਆ ਜਾਂਦਾ ਹੈ ਜਿਸ ਦਾ ਭੋਗ ਦਸਵੇਂ ਦਿਨ (ਦੁਸਹਿਰੇ) ਜਾਂ ਆਪਣੀ ਸੌਖ ਨੂੰ ਮੁੱਖ ਰੱਖਦਿਆਂ ਅੱਗੜ ਪਿੱਛੜ ਪਾਇਆ

ਜਾਂਦਾ ਹੈ। ਭੋਗ ਸਮੇਂ ਵਿਛੜੇ ਪ੍ਰਾਣੀ ਨਮਿਤ ਅੰਤਿਮ ਅਰਦਾਸ ਹੋ ਜਾਂਦੀ ਹੈ। ਇਸ ਤੋਂ ਬਾਦ ਗੁਰਸਿਖਾਂ ਵਾਸਤੇ ਕੋਈ ਰਸਮ ਬਾਕੀ ਨਹੀਂ ਰਹਿ ਜਾਂਦੀ ਜਿਵੇਂ ਕਿ ਵਰ੍ਹੀਣਾ (ਬਰਸੀ) ਮਨਾਉਣਾ ਜਾਂ **ਸਰਾਧ** ਆਦਿ ਕਰਨੇ।

136. ਸਵਾਲ: ਗੁਰਮੰਤ੍ਰ ਕਿਹੜਾ ਹੈ। ਕਿਵੇਂ ਤੇ ਕਿਥੋਂ ਮਿਲਦਾ ਹੈ? ਕਿਵੇਂ ਜਪਿਆ ਜਾਂਦਾ ਹੈ? ਜਪਣ ਦੇ ਲਾਭ ਕੀ ਹਨ?

ਜਵਾਬ: ਸਿੱਖ ਧਰਮ ਵਿਚ ਗੁਰਮੰਤ੍ਰ ਦਾ ਭਾਵ ਗੁਰੂ ਦਾ ਉਪਦੇਸ਼ ਹੈ। 'ਵਾਹਿਗੁਰੂ' ਨੂੰ ਯਾਦ ਕਰਨਾ, ਭਾਵ ਸ੍ਰਿਸ਼ਟੀ ਦੇ ਕਰਤੇ, ਪਾਲਣਹਾਰ ਤੇ ਨਾਸ ਕਰਨ ਵਾਲੇ ਅਕਾਲਪੁਰਖ ਦੀ ਯਾਦ ਹਰ ਸਮੇਂ ਹਿਰਦੇ ਵਿੱਚ ਵਸਾਉਣਾ। ਗੁਰਮੰਤ੍ਰ ਦੀ ਸੋਝੀ ਅੰਮ੍ਰਿਤ ਛਕਣ ਸਮੇਂ ਪੰਜਾਂ ਪਿਆਰਿਆਂ ਪਾਸੋਂ ਹੁੰਦੀ ਹੈ ਜੋ ਗੁਰਸਿੱਖ ਨੂੰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਲੜ ਲਾਉਂਦੇ ਹਨ। ਗੁਰਮੰਤ੍ਰ ਪਹਿਲੇ ਰਸਨਾ ਦੁਆਰਾ ਜਪਿਆ ਜਾਂਦਾ ਹੈ। ਜੋ ਗੁਣ ਅਕਾਲ ਪੁਰਖ ਦੇ ਮੂਲ ਮੰਤਰ '੧ਓ' ਤੋਂ ਲੈ ਕੇ ਗੁਰਪ੍ਰਸਾਦਿ' ਵਿਚ ਵਰਣਨ ਕੀਤੇ ਗਏ ਹਨ, ਉਹਨਾਂ ਨੂੰ ਹਿਰਦੇ ਵਿਚ ਵਸਾ ਕੇ ਉਹਨਾਂ ਗੁਣਾਂ ਨੂੰ ਆਪਣੇ ਜੀਵਨ ਵਿਚੋਂ ਪ੍ਰਗਟ ਕਰਨਾ ਹੈ। ਨਾਮ ਜਪਣ ਜਾ ਸਭ ਤੋਂ ਵੱਡਾ ਲਾਭ ਹੈ, ਕਾਮ ਕ੍ਰੋਧ, ਲੋਭ, ਮੋਹ, ਹੰਕਾਰ ਦੀਆਂ ਫਾਹੀਆਂ ਨੂੰ ਕਟ ਕੇ ਅਕਾਲ ਪੁਰਖ ਵਾਹਿਗੁਰੂ ਵਿਚ ਅਭੇਦ ਹੋਣਾ, ਆਵਾਗਉਣ ਦੇ ਚਕਰ ਨੂੰ ਖਤਮ ਕਰਨਾ ਜੋ ਮਨੁਖਾ ਜ਼ਿੰਦਗੀ ਦਾ ਮਨੋਰਥ ਹੈ।

137. ਸਵਾਲ: ਕੀ ਵੈਸ਼ਨੋ ਦੇਵੀ ਦਾ ਪ੍ਰਸ਼ਾਦਿ, ਵੀਰਵਾਰ ਨੂੰ ਪੀਰਾਂ ਤੇ ਕਬਰਾਂ ਦਾ ਪ੍ਰਸ਼ਾਦਿ ਤੇ ਮੰਗਲਵਾਰ ਦਾ ਪ੍ਰਸ਼ਾਦਿ ਸਿੱਖਾਂ ਨੂੰ ਅਨਮਤੀਆਂ ਤੋਂ ਲੈਣਾ ਯੋਗ ਹੈ?

ਜਵਾਬ: ਸਿੱਖ ਧਰਮ ਵਿਚ ਪ੍ਰਸ਼ਾਦ ਕੇਵਲ ਕੜਾਹ ਪ੍ਰਸ਼ਾਦਿ ਪ੍ਰਵਾਨ ਹੈ ਜੋ 'ਸਿੱਖ ਰਹਿਤ ਮਰਯਾਦਾ' ਅਨੁਸਾਰ ਤਿਆਰ ਕੀਤਾ ਹੋਵੇ ਤੇ ਗੁਰੂ ਦਰਬਾਰ ਵਿਚ ਅਰਦਾਸਾ ਸੋਧ ਕੇ ਕ੍ਰਿਪਾਨ ਭੇਟ ਕੀਤਾ ਹੋਵੇ। ਇਸ ਤੋਂ ਬਿਨਾਂ ਅਨਮਤੀਆਂ ਦੇ ਹੋਰ ਪ੍ਰਸ਼ਾਦਿ ਸਿੱਖਾਂ ਲਈ ਲੈਣੇ ਅਯੋਗ ਹਨ। ਕਿਉਂਕਿ ਜਦੋਂ ਸਿੱਖ ਧਰਮ ਅਨਮਤੀਆਂ ਦੇ ਇਸ਼ਟਾਂ ਨੂੰ ਆਪਣਾ ਇਸ਼ਟ ਹੀ ਨਹੀਂ ਮੰਨਦਾ ਤਾਂ ਫਿਰ ਪ੍ਰਸ਼ਾਦਿ ਲੈਣ ਦੇ ਕੋਈ ਅਰਥ ਹੀ ਨਹੀਂ ਰਹਿ ਜਾਂਦੇ।

138. ਸਵਾਲ: ਜੇ ਕਿਸੇ ਦੀ ਮੌਤ ਹੋ ਜਾਵੇ ਤੋਂ ਉਸ ਦੇ ਸਨਬੰਧੀਆਂ ਨੂੰ ਰੋਣਾ ਚਾਹੀਦਾ ਹੈ ਕਿ ਨਹੀ?

ਜਵਾਬ: ਸਿੱਖ ਧਰਮ ਵਿਚ ਪ੍ਰਾਣੀ ਦੇ ਮਰਨ ਉਪਰੰਤ ਰੋਣਾ ਬਿਲਕੁਲ ਮਨ੍ਹਾ ਹੈ। ਕਿਉਂਕਿ ਜੀਵ ਦਾ ਇਸ ਸੰਸਾਰ ਤੋ ਤੁਰ ਜਾਣਾ ਅਕਾਲ ਪੁਰਖ ਦੇ ਭਾਣੇ ਵਿਚ ਹੈ, ਇਸ ਲਈ ਸਿੱਖ ਨੂੰ ਭਾਣੇ ਨੂੰ ਮੰਨ ਕੇ ਉਸ ਅਨੁਸਾਰ ਰਾਜ਼ੀ ਰਹਿਣਾ ਚਾਹੀਦਾ ਹੈ। ਰੋਣਾ ਧੋਣਾ ਸਿੱਖੀ ਵਿਚ ਪ੍ਰਵਾਨ ਨਹੀਂ।

139. ਸਵਾਲ: ਕੀ ਗੁਰਦੁਆਰੇ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਅਗੇ ਸਿੱਖ ਗੁਰੂ ਸਾਹਿਬਾਨ ਦੀਆਂ ਫੋਟੋ ਰਖਣੀਆਂ ਠੀਕ ਹਨ?

ਜਵਾਬ: ਪੰਥਕ ਸਿੱਖ ਰਹਿਤ ਮਰਯਾਦਾ ਅਨੁਸਾਰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕੋਈ ਫੋਟੋ ਨਹੀਂ ਰਖਣੀ ਚਾਹੀਦੀ। ਫੋਟੋਆਂ ਮਨੋਕਲਪਿਤ ਹਨ। ਸਿੱਖ ਸ਼ਬਦ-ਗੁਰੂ ਦਾ ਪੁਜਾਰੀ ਹੈ।

140. ਸਵਾਲ: ਸ਼ਰਾਬ ਪੀ ਕੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਵਾਲੇ ਅਖੰਡ ਪਾਠੀ ਸਜਣਾਂ ਲਈ ਕੀ ਸਜ਼ਾ ਹੈ?

ਜਵਾਬ: ਗੁਰਦੁਆਰੇ ਵਿਖੇ ਸੰਗਤ ਵਿਚੋਂ ਤਿਆਰ ਬਰ-ਤਿਆਰ ਪੰਜ ਪਿਆਰੇ ਚੁਣ ਲਏ ਜਾਣ ਤੇ ਸ਼ਰਾਬੀ ਪਾਠੀ ਨੂੰ ਉਹਨਾਂ ਦੇ ਪੇਸ਼ ਕੀਤਾ ਜਾਏ। ਜੋ ਸਜ਼ਾ ਉਹ ਦੇਣ, ਉਸ ਦੋਸ਼ੀ ਨੂੰ ਪ੍ਰਵਾਨ ਕਰਨੀ ਚਾਹੀਦੀ ਹੈ। ਜੇ ਉਹ ਪੰਜਾਂ ਪਿਆਰਿਆਂ ਦੇ ਪੇਸ਼ ਨਾ ਹੋਵੇ ਤਾਂ ਸੰਗਤ ਨੂੰ ਅਜਿਹੇ ਪਾਠੀ ਦਾ ਮੁਕੰਮਲ ਬਾਈਕਾਟ ਕਰ ਦੇਣਾ ਚਾਹੀਦਾ ਹੈ ਤੇ ਗੁਰਦੁਆਰਾ ਪ੍ਰਬੰਧਕਾਂ ਤੇ ਜ਼ੋਰ ਪਾਉਣਾ ਚਾਹੀਦਾ ਹੈ ਕਿ ਅਜਿਹੇ ਪਾਠੀ ਨੂੰ ਪਾਠ ਕਰਨ ਦੀ ਡਿਊਟੀ ਬਿਲਕੁਲ ਨਾ ਦੇਣ।

141. ਸਵਾਲ: ਸ੍ਰੀ ਗੁਰੂ ਨਾਨਕ ਦੇਵ ਜੀ ਦਾ ਦਸਵਾਂ (ਸਰਾਧ) ਗੁਰਦੁਆਰਿਆਂ ਵਿਚ ਮਨਾਇਆ ਜਾਂਦਾ ਹੈ। ਇਸ ਨੂੰ ਸਰਾਧ ਕਹਿਣਾ ਚਾਹੀਦਾ ਹੈ ਜਾਂ ਭੰਡਾਰਾ। ਕੀ ਇਹ ਸਰਾਧ ਮਨਾਉਣਾ ਯੋਗ ਹੈ?

ਜਵਾਬ: ਸਿੱਖ ਰਹਿਤ ਮਰਯਾਦਾ ਅਨੁਸਾਰ 'ਮਿਰਤਕ ਸੰਸਕਾਰ' ਵਿੱਚ ਸਰਾਧ ਕਰਨਾ ਮਨਮਤ ਗਿਣਿਆ ਜਾਂਦਾ ਹੈ, ਗੁਰਮਤਿ ਨਹੀਂ। ਫਿਰ ਉਦੋਂ ਹੈਰਾਨੀ ਹੁੰਦੀ ਹੈ ਜਦੋਂ ਸਤਿਗੁਰੂ ਨਾਨਕ ਦੇਵ ਜੀ ਦਾ ਸਰਾਧ ਗੁਰਦੁਆਰਿਆਂ ਵਿਚ ਮਨਾਇਆ ਜਾਵੇ। ਕਈ ਗੁਰਦੁਆਰਿਆਂ ਦੇ ਗ੍ਰੰਥੀ ਸਾਹਿਬ ਕਹਿ ਦੇਂਦੇ ਹਨ ਕਿ ਅਸੀਂ ਸਰਾਧ ਨਹੀਂ ਮਨਾਂਦੇ, ਭੰਡਾਰਾ ਕਰਦੇ ਹਾਂ, ਪਰੰਤੂ ਇਹ ਤਾਂ ਫੁੱਚਰ ਹੈ। ਸਰਾਧ ਮਨਾਣ ਦੇ ਬਹਾਨੇ ਪੁਜਾਰੀ ਤੇ ਭਾਈ, ਗ੍ਰੰਥੀ ਸਾਹਿਬ, ਅੰਨ, ਦਾਣੇ ਦੀ ਉਗ੍ਰਾਹੀ ਕਰਦੇ ਹਨ ਤੇ ਬ੍ਰਾਹਮਣਾਂ ਵਾਂਗ ਆਪਣੇ ਲਈ ਵੀ ਭੋਜਨ

ਅੰਨ ਵਸਤਰ ਪ੍ਰਾਪਤ ਕਰਦੇ ਹਨ। ਇਹ ਗੱਲ ਯੋਗ ਨਹੀਂ ਕਿ ਸਰਾਧ ਮਨਾਉਣ ਦਾ ਵਿਰੋਧ ਤੇ ਨਿਖੇਧੀ ਕਰਨ ਵਾਲੇ ਸਤਿਗੁਰਾਂ ਦਾ ਹੀ ਸਰਾਧ ਮਨਾਇਆ ਜਾਵੇ।

142. **ਸਵਾਲ: ਕੀ ਗੁਰਦੁਆਰੇ ਵਿਚ ਦਾਨ ਦਾ ਵਿਖਾਲਾ ਕਰਨ ਲਈ ਸਿੱਲਾਂ ਲਾਉਣੀਆਂ ਯੋਗ ਹੈ?**

ਜਵਾਬ: ਨਹੀਂ ਜੀ।

143. **ਸਵਾਲ: ਕਈ ਸੱਜਣ ਰਾਤ ਦੇ ਸਮੇਂ ਗੁਰੂ ਗਰੰਥ ਸਾਹਿਬ ਸੰਤੋਖ ਕੇ ਉਪਰ ਗਰਮੀਆਂ ਵਿਚ ਬਿਜਲੀ ਦਾ ਪੱਖਾ ਤੇ ਸਰਦੀਆਂ ਵਿਚ ਗਰਮ ਰਜ਼ਾਈ ਤੁਲਾਈ ਆਦਿ ਦੇ ਦੇਂਦੇ ਹਨ। ਪਰ ਗੁਰੂ ਗਰੰਥ ਸਾਹਿਬ ਤਾਂ ਸ਼ਬਦ ਗੁਰੂ ਹੈ ਤੇ 'ਸ਼ਬਦ' ਨੂੰ ਗਰਮੀ ਸਰਦੀ ਕਿਥੋਂ ਆ ਗਈ?**

ਜਵਾਬ: ਅਸੀਂ ਆਪ ਜੀ ਦੇ ਵਿਚਾਰ ਨਾਲ ਬਿਲਕੁਲ ਸਹਿਮਤ ਹਾਂ। ਸ਼ਬਦ ਗੁਰੂ ਦਾ ਸਤਿਕਾਰ ਗੁਰੂ ਦੇ ਹੁਕਮਾਂ ਨੂੰ ਮੰਨਣਾ ਹੈ।

144. **ਸਵਾਲ: ਕੀ ਅੰਮ੍ਰਿਤਧਾਰੀ ਕੇਸਾਂ ਨੂੰ ਮਹਿੰਦੀ ਲਗਾ ਸਕਦਾ ਹੈ?**

ਜਵਾਬ: ਨਹੀਂ ਜੀ। ਮਹਿੰਦੀ ਲਗਾਉਣੀ ਵੀ ਕੇਸਾਂ ਨੂੰ ਰੰਗਣ ਵਿਚ ਸ਼ਾਮਲ ਹੈ, ਜੋ ਸਿੱਖ ਰਹਿਤ ਮਰਯਾਦਾ ਅਨੁਸਾਰ ਮਨ੍ਹਾ ਹੈ।

145. **ਸਵਾਲ: ਕਈ ਲੋਕ ਕਹਿੰਦੇ ਹਨ ਕਿ ਗੁਰੂ ਦਾ ਸਿਖ ਗੁਰੂ ਗਰੰਥ ਸਾਹਿਬ ਤੋ ਬਿਨਾਂ ਹੋਰ ਕਿਸੇ ਸੰਤ ਸਾਧ ਅਗੇ ਵੀ ਮਥਾ ਨਾ ਟੇਕੇ। ਪਰ ਗੁਰਬਾਣੀ ਵਿਚ ਤਾਂ ਸੰਤਾਂ ਸਾਧਾਂ ਦੀ ਬਹੁਤ ਮਹਿਮਾ ਕਥਨ ਕੀਤੀ ਗਈ ਹੈ। ਕੀ ਮੱਥਾ ਨਾ ਟੇਕਣ ਨਾਲ ਉਹਨਾਂ ਦੇ ਸਤਿਕਾਰ ਵਿਚ ਫਰਕ ਨਹੀਂ ਪਵੇਗਾ ਤੇ ਸਾਡੇ ਮਨ ਵਿਚ ਹੰਕਾਰ ਪੈਦਾ ਨਹੀਂ ਹੋਵੇਗਾ?**

ਜਵਾਬ: ਬੇਨਤੀ ਇਸ ਤਰ੍ਹਾਂ ਹੈ ਕਿ ਮੌਜੂਦਾ ਸਮੇਂ ਗੁਰਬਾਣੀ ਦੀ ਕਸਵਟੀ ਤੇ ਪੂਰੇ ਉਤਰਨ ਵਾਲੇ ਮਹਾਂਪੁਰਸ਼ ਵਿਰਲੇ ਹੀ ਹਨ, ਪਰ ਆਪਣੀ ਪੂਜਾ ਕਰਾਉਣ ਵਾਲੇ ਬੇਸ਼ੁਮਾਰ ਹਨ। ਜੋ ਗੁਰਮਤਿ ਪ੍ਰਚਾਰ ਕਰਨ ਵਾਲੇ ਤੇ ਗੁਰਬਾਣੀ ਅਨੁਸਾਰ ਪੰਥਕ ਰਹਿਤ ਮਰਯਾਦਾ ਦੀ ਤਾਬਿਆ ਰਹਿ ਕੇ ਜੀਵਨ ਬਤੀਤ ਕਰਨ ਵਾਲੇ ਮਹਾਂਪੁਰਸ਼ ਹਨ, ਉਹਨਾਂ ਦਾ ਸਤਿਕਾਰ ਤਨੋ ਮਨੋ ਹੋਣਾ ਅਤੀ ਜ਼ਰੂਰੀ ਹੈ। ਪਰ ਅਜਿਹੇ ਮਹਾਂਪੁਰਸ਼ 'ਗੁਰੂ' ਦੇ ਸਤਿਕਾਰ ਦੀ ਬਰਾਬਰੀ ਨਹੀਂ ਕਰ ਸਕਦੇ। ਗੁਰੂ ਸਾਡਾ ਹੈ ਗੁਰੂ ਗਰੰਥ ਸਾਹਿਬ ਤੇ ਗੁਰੂ ਗਰੰਥ ਸਾਹਿਬ ਦਾ ਸਤਿਕਾਰ ਅਸੀਂ ਕਰਦੇ ਹਾਂ, ਮੱਥਾ ਟੇਕ ਕੇ। ਇਸ ਲਈ ਇਹ ਸਤਿਕਾਰ, ਸਿੱਖ

ਵਾਸਤੇ ਆਪਣੇ ਇਸ਼ਟ ਗੁਰੂ ਗਰੰਥ ਸਾਹਿਬ ਲਈ ਹੀ ਰਾਖਵਾਂ ਹੈ, ਹੋਰ ਕਿਸੇ ਲਈ ਨਹੀਂ। ਸਿੱਖ ਰਹਿਤ ਮਰਯਾਦਾ ਅਨੁਸਾਰ ਸਾਨੂੰ ਗੁਰਸਿਖਾਂ ਨੂੰ ਇਕ ਦੂਸਰੇ ਨਾਲ ਮਿਲਣ ਸਮੇਂ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ' ਹੀ ਬੁਲਾਉਣ ਦੀ ਹਿਦਾਇਤ ਹੈ। ਇਸ ਨਾਲ ਸਤਿਕਾਰ ਵਿਚ ਵੀ ਫਰਕ ਨਹੀਂ ਪੈਂਦਾ ਤੇ ਹੰਕਾਰ ਵੀ ਕਿਸੇ ਅੰਦਰ ਪੈਦਾ ਨਹੀਂ ਹੋ ਸਕਦਾ।

146. ਸਵਾਲ: ਕੇਸ ਦਾਹੜੀ ਕਟਾ ਕੇ ਘੋਨਾ ਮੋਨਾ ਹੋਇਆ ਬੰਦਾ ਕੀ ਅਖੰਡ ਪਾਠ ਦੀ ਡੀਊਟੀ ਦੇ ਸਕਦਾ ਹੈ?

ਜਵਾਬ: ਜੋ ਸਿੱਖ ਦਾਹੜੀ ਕੇਸਾਂ ਦੀ ਬੇਅਦਬੀ ਕਰ ਦੇਵੇ ਉਹ ਸਿੱਖ ਨਹੀਂ ਰਹਿੰਦਾ। ਉਸ ਨੂੰ ਸਿੱਖ ਰਹਿਤ ਮਰਯਾਦਾ ਵਿਚ 'ਪਤਿਤ' ਕਿਹਾ ਗਿਆ ਹੈ। 'ਪਤਿਤ' ਦਾ ਭਾਵ ਹੈ ਸਿੱਖੀ ਭਾਈਚਾਰੇ ਵਿਚੋਂ ਛੇਕਿਆ ਗਿਆ ਮਨੁੱਖ। 'ਪਤਿਤ' ਸਿੱਖੀ ਭਾਈਚਾਰੇ ਵਿਚ ਤਾਂ ਹੀ ਰਲਾਇਆ ਜਾ ਸਕਦਾ ਹੈ ਜਾਂ ਸੇਵਾ ਕਰਨ ਯੋਗ ਹੋ ਸਕਦਾ ਹੈ ਜੇ ਉਹ ਪੰਜ ਪਿਆਰਿਆਂ ਦੇ ਸਨਮੁਖ ਸ੍ਰੀ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਦੰਡ ਲੁਆ ਕੇ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਗੁਰਸਿੱਖ ਸਜਣ ਦਾ ਪ੍ਰਣ ਕਰੇ।

147. ਸਵਾਲ: ਕਈ ਬਚਿਆਂ ਦੇ ਕੇਸਾਂ ਦੀਆਂ ਜਟਾਵਾਂ ਬਣ ਜਾਂਦੀਆਂ ਹਨ? ਕੀ ਕੀਤਾ ਜਾਵੇ?

ਜਵਾਬ: ਜੇ ਬਚਿਆਂ ਦੇ ਕੇਸਾਂ ਦੀ ਸਫਾਈ ਵਲ ਧਿਆਨ ਨਾ ਦਿਤਾ ਜਾਵੇ ਤਾਂ ਹੀ ਇਹ ਨੌਬਤ ਆਉਂਦੀ ਹੈ, ਨਹੀਂ ਤਾਂ ਨਹੀਂ। ਕਿਸੇ ਸਿਆਣੇ ਗੁਰਸਿੱਖ ਵੈਦ ਜਾਂ ਗੁਰਸਿੱਖ ਡਾਕਟਰ ਦੇ ਰਾਹੀਂ ਜਟਾਵਾਂ ਖੋਹਲਣ ਦਾ ਇਲਾਜ ਕੀਤਾ ਜਾ ਸਕਦਾ ਹੈ ਤੇ ਅਗੋਂ ਸਫਾਈ ਉਚੇਚਾ ਧਿਆਨ ਦੇਣਾ ਚਾਹੀਦਾ ਹੈ।

148. ਸਵਾਲ: ਇਕ ਅੰਮ੍ਰਿਤਧਾਰੀ ਲੜਕੇ ਦਾ ਰਿਸ਼ਤਾ ਬਾਂਗਰ ਵਿਚ ਹੋ ਗਿਆ ਤੇ ਵਿਆਹ ਵੇਲੇ ਪੰਡਤਾਂ ਨੇ ਵੇਦੀ ਦੇ ਫੇਰੇ ਕਰਵਾ ਦਿਤੇ। ਕੀ ਉਸ ਨੂੰ ਦੁਬਾਰਾ ਅਨੰਦ ਕਾਰਜ ਕਰਵਾਉਣਾ ਚਾਹੀਦਾ ਹੈ, ਕੀ ਉਸਨੂੰ ਤਨਖਾਹ ਵੀ ਲਾਉਣੀ ਚਾਹੀਦੀ ਹੈ?

ਜਵਾਬ: ਅੰਮ੍ਰਿਤਧਾਰੀ ਸਿੱਖ ਦਾ ਵਿਆਹ ਕੇਵਲ ਅਨੰਦ ਕਾਰਜ ਦੀ ਮਰਯਾਦਾ ਨਾਲ ਹੀ ਹੋ ਸਕਦਾ ਹੈ। ਵੇਦੀ ਦਾ ਵਿਆਹ ਸਿੱਖ ਧਰਮ ਵਿਚ ਪ੍ਰਵਾਨ ਨਹੀਂ ਹੈ। ਉਸ ਦਾ ਦੁਬਾਰਾ ਅਨੰਦ ਕਾਰਜ ਕਰਨਾ ਚਾਹੀਦਾ ਹੈ ਤੇ ਉਸ ਨੂੰ ਤਨਖਾਹ ਵੀ ਪੰਜਾਂ ਸਿਘਾਂ ਕ਼ੋਲੋਂ ਲਗਣੀ ਚਾਹੀਦੀ ਹੈ ਕਿ ਉਸਨੇ ਸਿੱਖ ਮਰਯਾਦਾ ਦੇ ਵਿਰੁਧ ਕਰਮ ਹੁੰਦੇ ਸਮੇਂ ਵਿਰੋਧ ਕਿਉਂ ਨਹੀਂ ਕੀਤਾ ਤੇ ਐਸਾ

ਕਿਉਂ ਹੋਣ ਦਿਤਾ। ਹਰ ਸਿੱਖ ਨੂੰ ਗੁਰਮਤਿ ਅਸੂਲਾਂ ਤੇ ਡਟ ਕੇ ਪਹਿਰਾ ਦੇਣਾ ਚਾਹੀਦਾ ਹੈ।

149. ਸਵਾਲ: ਕੜਾਹ ਪ੍ਰਸ਼ਾਦ ਦੀ ਦੇਗ ਨੂੰ ਕਿਰਪਾਨ ਭੇਟ ਕਦੋਂ ਕਰਨਾ ਚਾਹੀਦਾ ਹੈ?

ਜਵਾਬ: 'ਸਿਖ ਰਹਿਤ ਮਰਯਾਦਾ' ਅਨੁਸਾਰ ਅਰਦਾਸ ਉਪ੍ਰੰਤ ਹੁਕਮ ਲੈਣ ਤੋਂ ਬਾਅਦ ਕ੍ਰਿਪਾਨ ਭੇਟ ਕਰਨ ਦੀ ਮਰਯਾਦਾ ਹੈ।

150. ਸਵਾਲ: ਅੰਮ੍ਰਿਤ ਵੇਲਾ ਸਵੇਰੇ ਕਿੰਨੇ ਵਜੇ ਆਰੰਭ ਹੁੰਦਾ ਹੈ?

ਜਵਾਬ: ਜਦੋਂ ਇਕ ਪਹਿਰ ਰਾਤ ਰਹਿੰਦੀ ਹੋਵੇ, ਉਸ ਵੇਲੇ ਅੰਮ੍ਰਿਤ ਵੇਲਾ ਆਰੰਭ ਹੁੰਦਾ ਹੈ। ਭਾਵ ਪਹੁ ਫੁੱਟਣ ਤੋਂ ਤਿੰਨ ਘੰਟੇ ਪਹਿਲੇ ਦਾ ਸਮਾਂ।

151. ਸਵਾਲ: ਅੰਮ੍ਰਿਤ ਛਕਣਾ ਕਿਉਂ ਜ਼ਰੂਰੀ ਹੈ?

ਜਵਾਬ: ਸਤਿਗੁਰੂ ਜੀ ਦਾ ਹੁਕਮ ਹੈ ਕਿ ਅੰਮ੍ਰਿਤ ਛਕੇ ਬਿਨਾਂ ਅਸੀਂ ਗੁਰੂ ਜੀ ਦੇ ਸਿੱਖ ਨਹੀਂ ਅਖਵਾ ਸਕਦੇ। ਸਿਖ ਦਾ ਗੁਰੂ ਨਾਲ ਰਿਸ਼ਤਾ ਜੁੜੇ, ਇਸ ਦਾ ਸਾਧਨ ਅੰਮ੍ਰਿਤ ਛਕਣਾ ਹੈ। ਜੋ ਅੰਮ੍ਰਿਤ ਨਹੀਂ ਛਕਦਾ ਉਹ 'ਨਿਗੁਰਾ' ਹੈ।

152. ਸਵਾਲ: ਕੀ ਅੰਮ੍ਰਿਤਧਾਰੀ ਲੜਕੇ ਲੜਕੀਆਂ ਨੂੰ ਨੰਗੇ ਸਿਰ ਫਿਰਨਾ ਠੀਕ ਹੈ?

ਜਵਾਬ: ਐਸਾ ਕਰਨਾ ਕੇਸਾਂ ਦੀ ਬੇਅਦਬੀ ਕਰਨੀ ਹੈ।

153. ਸਵਾਲ: ਕਿਸੇ ਮ੍ਰਿਤਕ ਪ੍ਰਾਣੀ ਦੇ ਭੋਗ ਸਮੇਂ, ਪ੍ਰਾਣੀ ਦੀ ਫੋਟੋ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਰਖਣੀ, ਮੰਜਾ, ਬਿਸਤਰਾ, ਬਰਤਨ, ਫਲ ਫਰੂਟ, ਚਪਲਾਂ, ਜੁਤੀ ਆਦਿ ਦੀ ਪ੍ਰਦਰਸ਼ਨੀ ਕਰਨੀ ਗੁਰਮਤਿ ਹੈ ਜਾਂ ਮਨਮਤਿ।

ਜਵਾਬ: ਮਨਮਤਿ ਹੈ। ਇਹ ਸਭ ਕਰਮ ਬ੍ਰਾਹਮਣੀ ਮਤ ਦੇ ਹਨ। ਸਿੰਘ ਸਭਾਵਾਂ ਨੂੰ ਇਸ ਵਿਰੁਧ ਅਵਾਜ਼ ਉਠਾਉਣੀ ਚਾਹੀਦੀ ਹੈ।

154. ਸਵਾਲ: ਵਿਆਹ ਤੋਂ ਪਹਿਲਾਂ ਆਖਾ, ਵੇਖਾ, ਠਾਕਾ, ਸਗਨ, ਕੁੜਮਈ ਸਭ ਲੈਣ ਦੇਣ ਦਾ ਰਿਵਾਜ ਵਧ ਰਿਹਾ ਹੈ। ਕੋਈ ਗਰੰਥੀ ਜਾਂ ਪ੍ਰਚਾਰਕ ਇਸ ਵਿਰੁਧ ਆਵਾਜ਼ ਨਹੀਂ ਉਠਾਉਂਦਾ, ਸਗੋਂ ਵਧੇਰੇ ਪ੍ਰਵਾਨਗੀਆਂ ਬਖਸ਼ਦੇ ਦਿਸ ਰਹੇ ਹਨ। ਇਸ ਦੀ ਰੋਕ ਥਾਮ ਕਿਵੇਂ ਹੋਵੇ?

ਜਵਾਬ: ਇਸ ਮਨਮਤਿ ਨੂੰ ਠੱਲ ਪਾਉਣ ਲਈ ਕੇਵਲ ਗਰੰਥੀ ਸਿੰਘਾਂ ਨੂੰ ਕੋਸਣ ਨਾਲ ਕੁਝ ਨਹੀਂ ਬਣਨਾ। ਗਰੰਥੀ ਸਿੰਘ 'ਰੋਟੀਆਂ ਕਾਰਨਿ ਪੂਰਹਿ ਤਾਲ'

ਅਨੁਸਾਰ ਰੋਜ਼ੀ ਕਮਾ ਰਹੇ ਹਨ। ਜੇ ਉਹ ਗੁਰਮਤਿ ਤੇ ਪਹਿਰਾ ਦੇਂਦੇ ਹੋਏ ਘਰ ਵਾਲਿਆਂ ਦੀ ਗੱਲ ਨਾ ਮੰਨਣ ਜਾਂ ਵਿਰੋਧ ਕਰਨ ਤਾਂ ਉਹਨਾਂ ਦੀ ਬਾਂਹ ਫੜਣ ਵਾਲਾ ਕੋਈ ਨਜ਼ਰ ਨਹੀਂ ਆਉਂਦਾ। ਲੋੜ ਇਸ ਗੱਲ ਦੀ ਹੈ ਕਿ ਇਹਨਾਂ ਮਨਮਤਾਂ ਵਿਰੁਧ ਸਮਾਜਿਕ ਪਧਰ ਤੇ ਇੱਕਠ ਕਰ ਕੇ ਫੈਸਲੇ ਕੀਤੇ ਜਾਣ। ਸਿੰਘ ਸਭਾਵਾਂ ਦੇ ਮੁਖੀ ਮਤੇ ਪਾਸ ਕਰਨ। ਠੀਕ ਗਰੰਥੀ ਸਿੰਘਾਂ ਦੀ ਪਿਠ ਜ਼ੋਰ ਨਾਲ ਪੂਰੀ ਜਾਵੇ ਤਾਂਕਿ ਉਹਨਾਂ ਵਿਚ ਸਚ ਨੂੰ ਸਚ ਕਹਿਣ ਦੀ ਦਲੇਰੀ ਪੈਦਾ ਹੋਵੇ। ਸੰਗਤਾਂ ਵਿਚ ਮਨਮਤਾਂ ਦੇ ਵਿਰੁਧ ਜ਼ੋਰ-ਸ਼ੋਰ ਨਾਲ ਲਿਟਰੇਚਰ, ਲੈਕਚਰਾਂ ਨਾਲ ਤੇ ਆਦਰਸ਼ਕ ਵਿਆਹ ਅਮਲੀ ਤੌਰ ਤੇ ਕਰਕੇ ਪ੍ਰਚਾਰ ਹੋਵੇ। ਧਾਰਮਿਕ ਜਥੇਬੰਦੀਆਂ ਜੇ ਇਹਨਾਂ ਮਨਮਤਾਂ ਵਿਰੁਧ ਜਹਾਦ ਖੜ੍ਹਾ ਕਰ ਦੇਣ ਤਾਂ ਠੱਲ ਪੈ ਸਕਦੀ ਹੈ।

155. ਸਵਾਲ: ਸਾਫ ਜੁਰਾਬਾਂ ਪਹਿਨ ਕੇ ਗੁਰੂ ਗਰੰਥ ਸਾਹਿਬ ਦੀ ਤਾਬੇ ਬੈਠਣਾ ਠੀਕ ਹੈ?

ਜਵਾਬ: ਜੁਰਾਬਾਂ ਨੇ ਜੁਤੀ ਨਾਲ ਲਗ ਕੇ ਸਾਫ ਰਹਿਣਾ ਨਹੀਂ। ਹਰ ਰੋਜ਼ ਨਵੀਆਂ ਜੁਰਾਬਾਂ ਕੋਈ ਪਾਉਂਦਾ ਨਹੀਂ। ਸਾਫ ਹਨ ਜਾਂ ਨਹੀਂ, ਨਿਰਣਾ ਕੌਣ ਕਰੇ ? ਖੁਲ੍ਹ ਮਿਲ ਜਾਣ ਨਾਲ ਗੰਦੀਆਂ ਜੁਰਾਬਾਂ ਦਾ ਇਸਤੇਮਾਲ ਹੋਣ ਲਗ ਪੈਂਦਾ ਹੈ। ਸੋ ਜੁਰਾਬਾਂ ਦੀ ਵਰਤੋਂ ਨਾ ਹੀ ਕੀਤੀ ਜਾਵੇ ਤਾਂ ਠੀਕ ਹੈ। ਠੰਢ ਤੋਂ ਬਚਣ ਲਈ ਪੈਰਾਂ ਉਪਰ ਕੰਬਲ ਲੋਈ ਆਦਿ ਦੀ ਵਰਤੋਂ ਕੀਤੀ ਜਾ ਸਕਦੀ ਹੈ।

156. ਸਵਾਲ: ਜਦੋਂ ਦਸਮੇਸ਼ ਜੀ ਨੇ ਪੰਜ ਪਿਆਰੇ ਸਾਜੇ ਸਨ ਤਾਂ ਸੀਸ ਭੇਟ ਲਏ ਸਨ ਪਰ ਕੀ ਅਜ ਕਲ ਪੰਜ ਪਿਆਰੇ ਸੀਸ ਭੇਟ ਦੀ ਮੰਗ ਕਰਦੇ ਹਨ?

ਜਵਾਬ: ਜਦੋਂ ਪੰਜ ਪਿਆਰੇ ਅੰਮ੍ਰਿਤ ਛਕਾਉਂਦੇ ਹਨ ਤਾਂ ਪਹਿਲਾਂ ਅੰਮ੍ਰਿਤ ਅਭਿਲਾਸ਼ੀਆਂ ਪਾਸੋਂ ਇਹ ਪ੍ਰਣ ਕਰਾਉਦੇ ਹਨ ਕਿ ਮੇਰਾ ਤਨ ਮਨ ਧਨ ਸਭ ਗੁਰੂ ਨੂੰ ਅਰਪਨ ਹੈ। ਸੀਸ ਭੇਟ ਦਾ ਭਾਵ ਹੈ ਆਪਣਾ ਸਭ ਕੁਝ ਗੁਰੂ ਨੂੰ ਅਰਪਨ ਕਰ ਦੇਣਾ। ਆਪਣੀ ਮਨ ਦੀ ਮਤ ਤਿਆਗ ਕੇ ਗੁਰੂ ਦੀ ਮਤਿ ਦ੍ਰਿੜ੍ਹ ਕਰਨੀ।

157. ਸਵਾਲ: ਸਿੱਖਾਂ ਵਿਚ ਦਾੜ੍ਹੀ ਬੰਨਣ ਦਾ ਰਿਵਾਜ਼ ਕਦੋਂ ਪਿਆ?

ਜਵਾਬ: ਦਾੜ੍ਹੀ ਚਾੜ੍ਹਣ ਦਾ ਰਿਵਾਜ਼ ਸਿੱਖਾਂ ਵਿਚ ਲਾਹੌਰਪਤਿ ਮਹਾਰਾਜਾ ਸ਼ੇਰ ਸਿੰਘ ਤੋਂ ਪ੍ਰਵਿਰਤ ਹੋਇਆ ਹੈ। ਇਸ ਤੋਂ ਪਹਿਲਾਂ ਕੋਈ ਸਿੰਘ ਦਾੜ੍ਹੀ ਨਹੀਂ ਚੜ੍ਹਾਉਂਦਾ ਸੀ।

158. ਸਵਾਲ: ਇਕ ਗੁਰਸਿਖ ਦਾੜ੍ਹਾ ਖੁਲ੍ਹਾ ਛਡਦਾ ਹੈ, ਪਰ ਕਰਮ ਚੰਗੇ ਨਹੀਂ ਕਰਦਾ। ਇਕ ਸਿਖ ਦਾੜ੍ਹੀ ਕਟਦਾ ਹੈ ਪਰ ਕਰਮ ਚੰਗੇ ਕਰਦਾ ਹੈ। ਦੋਹਾਂ ਵਿਚੋਂ ਕਿਹੜਾ ਚੰਗਾ ਸਿੱਖ ਹੈ?

ਜਵਾਬ: ਦੋਵੇਂ ਹੀ ਨਹੀਂ। ਸਿੱਖੀ, ਬਾਣੀ ਤੇ ਬਾਣੇ ਦਾ ਸੁਮੇਲ ਹੈ। ਭਾਵ ਗੁਰੂ ਦੀ ਸਿਖਿਆ ਤੇ ਪਹਿਰਾ ਦੇਣ ਵਾਲਾ ਹੀ ਗੁਰਸਿਖ ਹੈ। ਗੁਰੂ ਕੀ ਸਿਖਿਆ ਵਿਚ ਸ਼ੁਭ ਕਰਮ ਕਰਨੇ ਤੇ ਪੰਜ ਕਕਾਰਾਂ ਦਾ ਧਾਰਨੀ ਹੋਣਾ ਦੋਵੇਂ ਗੱਲਾਂ ਸ਼ਾਮਲ ਹਨ।

159. ਸਵਾਲ: ਕੀ ਅਨੰਦ ਕਾਰਜ ਸਮੇਂ ਲੜਕਾ ਲੜਕੀ ਲਈ ਸ੍ਰੀ ਗੁਰੂ ਗਰੰਥ ਸਾਹਿਬ ਦੀਆਂ ਪ੍ਰਕਰਮਾ ਕਰਨੀਆਂ ਜਰੂਰੀ ਹਨ?

ਜਵਾਬ: ਹਾਂ ਜੀ, ਜਰੂਰੀ ਹਨ।

160. ਸਵਾਲ: ਸਾਡੇ ਪਿੰਡ ਵਿਚ ਕਿਸੇ ਪ੍ਰਾਣੀ ਦੇ ਅਕਾਲ ਚਲਾਣੇ ਸਮੇਂ ਤਿਆਰ ਕੀਤੇ ਲੰਗਰ ਨੂੰ ਕੇਵਲ ਮਹਿਮਾਨ ਹੀ ਛਕਦੇ ਹਨ, ਪਿੰਡ ਨਿਵਾਸੀਆਂ ਲਈ ਲੰਗਰ ਛਕਣ ਦੀ ਮਨਾਹੀ ਹੁੰਦੀ ਹੈ, ਕੀ ਇਹ ਠੀਕ ਹੈ?

ਜਵਾਬ: ਲੰਗਰ ਹਰ ਇਕ ਨੂੰ ਛਕਣ ਦੀ ਖੁਲ੍ਹ ਹੋਣੀ ਚਾਹੀਦੀ ਹੈ। ਇਸ ਨੂੰ ਛਕਣ ਵਿਚ ਕਿਸੇ ਪ੍ਰਕਾਰ ਦੇ ਭਰਮ ਦੀ ਲੋੜ ਨਹੀਂ। ਜੋ ਖਾਣਾ ਕੇਵਲ ਘਰ ਵਾਲਿਆਂ ਵਾਸਤੇ ਜਾਂ ਰਿਸ਼ਤੇਦਾਰਾਂ ਲਈ ਤਿਆਰ ਕੀਤਾ ਹੋਵੇ, ਉਸ ਨੂੰ ਲੰਗਰ ਨਹੀਂ ਕਿਹਾ ਜਾ ਸਕਦਾ।

161. ਸਵਾਲ: ਵਿਆਹਾਂ ਵਿਚ ਸਿੱਖ ਇਸਤਰੀਆਂ ਤੇ ਸਿੱਖ ਨੌਜੁਆਨਾਂ ਦਾ ਬਰਾਤਾਂ ਦੇ ਅਗੇ ਅਗੇ ਨੱਚਣਾ ਕੀ ਠੀਕ ਹੈ?

ਜਵਾਬ: ਐਸਾ ਕਰਨਾ ਸਿਖੀ ਸਭਿਆਚਾਰ ਦੀ ਮਜ਼ਾਕ ਉਡਾਉਣ ਦੇ ਤੁਲ ਹੈ। ਸਿੰਘ ਸਭਾਵਾਂ, ਸਿੱਖ ਮੁਖੀਆਂ ਤੇ ਵੀਚਾਰਵਾਨ ਸਿੱਖਾਂ ਨੂੰ ਫੌਰੀ ਤੌਰ ਤੇ ਇਸ ਗਲਤ ਪ੍ਰਪਾਟੀ ਜੋ ਸਿਖੀ ਸਭਿਆਚਾਰ ਤੇ ਸੱਟ ਮਾਰਦੀ ਹੈ, ਨੂੰ ਬੰਦ ਕਰਵਾਉਣਾ ਚਾਹੀਦਾ ਹੈ। ਬਰਾਤ ਵਿਚ ਸ਼ਾਮਲ ਗੁਰਸਿਖਾਂ ਨੂੰ ਅਜੇਹੇ ਸਮੇਂ ਐਸੇ ਚੰਚਲ ਮਤ ਵਾਲੇ ਖਰੂਦੀਆਂ ਨੂੰ ਰੋਕਣਾ ਚਾਹੀਦਾ ਹੈ ਤੇ ਆਪਣਾ ਰੋਸ ਖੁਲ੍ਹ ਕੇ ਪ੍ਰਗਟ ਕਰਨਾ ਚਾਹੀਦਾ ਹੈ। ਜੇ ਉਹ ਰੋਸ ਪ੍ਰਗਟ ਨਹੀਂ ਕਰਦੇ ਤੇ ਇਸ ਖਿਆਲ ਨਾਲ ਕਿ ਘਰ ਵਾਲੇ ਨਰਾਜ਼ ਨਾ ਹੋ ਜਾਣ, ਚੁਪ ਰਹਿੰਦੇ ਹਨ ਤਾਂ ਇਸ ਖਰੂਦਪੁਣੇ ਵਿਚ ਉਹਨਾਂ ਨੂੰ ਵੀ ਭਾਈਵਾਲ ਸਮਝਿਆ ਜਾਣਾ ਚਾਹੀਦਾ ਹੈ। ਇਸ ਭੈੜੀ ਵਾਦੀ ਨੂੰ ਠੱਲ ਪਾਉਣ ਲਈ ਉਚੇਚੇ ਤੌਰ ਤੇ ਲਿਟਰੇਚਰ ਰਾਹੀਂ ਪ੍ਰਚਾਰ ਕੀਤਾ ਜਾਣਾ ਚਾਹੀਦਾ ਹੈ।

162. ਸਵਾਲ: ਸੁਖਆਸਨ ਅਸਥਾਨ ਵਖਰਾ ਹੋਣ ਚਾਹੀਦਾ ਹੈ? ਕੀ ਪੀੜ੍ਹਾ ਸਾਹਿਬ ਤੇ ਹੀ ਸੁਖਆਸਨ ਕੀਤਾ ਜਾ ਸਕਦਾ ਹੈ?

ਜਵਾਬ: ਗੁਰਦੁਆਰਾ ਸਾਹਿਬ ਵਿਚ ਸੁਖਆਸਨ ਅਸਥਾਨ ਲਈ ਵਖਰੀ ਨਿਵੇਕਲੀ ਜਗ੍ਹਾ ਹੋਣੀ ਚਾਹੀਦੀ ਹੈ। ਘਰਾਂ ਵਿਚ ਜੇ ਵਖਰੀ ਜਗ੍ਹਾ ਨਾ ਹੋਵੇ ਤਾਂ ਪੀੜ੍ਹੇ ਉਪਰ ਹੀ ਸੁਖਆਸਨ ਕੀਤਾ ਜਾ ਸਕਦਾ ਹੈ।

163. ਸਵਾਲ: ਕੀ ਜੈ ਮਾਲਾ ਸਿੱਖ ਧਰਮ ਵਿਚ ਪ੍ਰਵਾਨ ਹੈ?

ਜਵਾਬ: ਜੈ ਮਾਲਾ ਤਾਂ ਪ੍ਰਾਚੀਨ ਹਿੰਦੂ ਮਤ ਅਨੁਸਾਰ, ਵਿਆਹ ਦੀ ਸੰਪੂਰਨ ਰੀਤੀ ਹੈ, ਜਦੋਂ ਦੋ ਪ੍ਰਾਣੀ ਆਪਣੀ ਮਨ ਮਰਜ਼ੀ ਨਾਲ ਵਿਆਹਬੰਧਨ ਨੂੰ ਪਰਵਾਨ ਕਰ ਲੈਂਦੇ ਸਨ। ਰਾਜ-ਕੁਮਾਰੀਆਂ ਸੁਅੰਬਰ ਵਿਚ ਜੁੜੇ ਚੋਣਵੇਂ ਰਾਜਕੁਮਾਰਾਂ ਵਿਚੋਂ ਕਿਸੇ ਇਕ ਦੇ ਗਲ ਵਿਚ ਜੈ ਮਾਲਾ ਪਾ ਕੇ ਆਪਣੀ ਚੋਣ ਦਾ ਪ੍ਰਗਾਟਾਵਾ ਕਰ ਸਕਦੀਆਂ ਸਨ। ਸੁਅੰਬਰ ਦਾ ਉਚਾਰਣ "ਸੁਇਮ-ਵਰ" ਹੈ ਅਤੇ ਇਸ ਦਾ ਅਰਥ ਹੈ, ਆਪਣਾ ਵਰ ਆਪ ਚੁਣਨਾ। ਸੋ ਧਨਵਾਨਾਂ ਦੀ ਇਹ ਕਿਰਿਆ ਪੁਰਾਤਨ ਸਮਾਜ ਦਾ ਪਰਵਾਨਿਕ ਢੰਗ ਹੈ ।

ਸਧਾਰਨ ਸ਼ਰੇਣੀ ਵਿਚ ਵਿਆਹ ਰੀਤੀ ਦਾ ਇਕ ਸਰਲ ਢੰਗ "ਗੰਧਰਵ ਵਿਆਹ" ਦੇ ਨਾਂ ਤੇ ਪਰਚਲਤ ਸੀ। ਇਸ ਅਨੁਸਾਰ ਬਿਨਾਂ ਕਿਸੇ ਇਸ਼ਟ ਦੇ ਸਾਖੀ ਹੋਣ ਦੇ ਵੀ ਮੁੰਡਾ ਅਤੇ ਕੁੜੀ ਇਕ ਦੂਜੇ ਨੂੰ ਪਤੀ ਪਤਨੀ ਸਮਝ ਕੇ ਵਿਆਹ ਬੰਧਨ ਵਿਚ ਜਕੜੇ ਪਰਵਾਨ ਕਰ ਲਏ ਜਾਂਦੇ ਸਨ। ਇਹ ਵੀ ਇਕ ਸੰਪੂਰਨ ਵਿਆਹ ਰੀਤੀ ਸੀ। ਫਿਰ ਮਾਪਿਆਂ ਵਲੋਂ ਪੰਡਤਾਂ ਦੀ ਚੋਣ ਅਨੁਸਾਰ ਨਿਕਟ ਸਬੰਧੀਆਂ ਦੀ ਹਾਜ਼ਰੀ ਵਿਚ ਵੇਦੀ ਰਾਹੀਂ ਲਾਵਾਂ ਦੀ ਰੀਤ ਪਰਚਲਤ ਹੋਈ।

ਗੁਰ ਮਰਿਯਾਦਾ ਅਨੁਸਾਰ 'ਅਨੰਦ ਕਾਰਜ' ਇਹਨਾਂ ਸਾਰੀਆਂ ਰਸਮਾਂ ਤੋਂ ਨਿਆਰੀ ਰੀਤੀ ਹੈ। ਸਿਖ ਪੰਥ ਨੇ ਕਾਫੀ ਯਤਨਾਂ ਨਾਲ ਅਨੰਦ ਕਾਰਜ ਦੇ ਇਸ ਢੰਗ ਨੂੰ ਸਰਕਾਰੀ ਪ੍ਰਵਾਨਗੀ ਦਿਵਾਈ ਹੈ।

ਆਨੰਦ ਕਾਰਜ ਰਾਹੀਂ ਜੋ ਵਿਵਾਹਿਤ ਹੱਕ ਸਿਖ ਜੋੜੀ ਨੂੰ ਪਰਾਪਤ ਹੁੰਦੇ ਹਨ, ਉਹ ਜੈ ਮਾਲਾ ਦੀ ਹੋਂਦ ਕਾਰਨ ਕਾਨੂੰਨੀ ਉਲਝਣ ਭੀ ਬਣ ਸਕਦੇ ਹਨ। ਸੋ ਆਨੰਦ ਕਾਰਜ ਦੀ ਇਸ ਮਨਹਾਨਤਾ ਤੋਂ ਅਣਜਾਣ ਕੁਝ ਧਨਵਾਨ ਸਜਣ ਅਜ ਵੀ ਸੁਅੰਬਰ, ਗੰਧਰਵ-ਵਿਆਹ ਅਤੇ ਆਨੰਦ ਕਾਰਜ ਦਾ ਇਕ ਮਿਲਗੋਭਾ ਢੰਗ ਪ੍ਰਚਲਿਤ ਕਰਨ ਤੇ ਤੁਲੇ ਹੋਏ ਹਨ। ਇਹ ਨਿਰੋਲ ਮਨਮਤ ਹੈ ਅਤੇ ਭਾਈਚਾਰਕ ਹਾਨੀ ਹੈ।

164. ਸਵਾਲ: ਗੁਰੂ ਚਰਨਾਂ ਵਿਚ ਅਰਪਨ ਕੀਤੇ ਗਏ ਦਸਵੰਧ ਦੀ ਜਿਹੜੀ ਅਯੋਗ ਵਰਤੋਂ ਹੋ ਰਹੀ ਹੈ, ਉਸਨੂੰ ਰੋਕਣ ਦਾ ਕੀ ਉਪਾਅ ਹੈ? ਜਿਨ੍ਹਾਂ ਗੁਰਦੁਆਰਿਆਂ ਵਿਚ ਚੜ੍ਹਾਵੇ ਦੀ ਦੁਵਰਤੋਂ ਹੁੰਦੀ ਹੈ, ਕੀ ਉਥੇ ਦਸਵੰਧ ਦੇਣਾ ਜਾਇਜ਼ ਹੈ?

ਜਵਾਬ: ਸਿਖ ਸਮਾਜ ਵਿਚ ਦਸਵੰਧ ਦੀ ਜੋ ਦੁਰਵਰਤੋਂ ਹੋ ਰਹੀ ਹੈ ਉਹ ਕੌਮ ਨੂੰ ਜ਼ਾਹਿਰ ਵਾਂਗ ਖਾਈ ਜਾ ਰਹੀ ਹੈ। ਕੁਵਰਤੋਂ ਤਾਂ ਹੀ ਰੋਕੀ ਜਾ ਸਕਦੀ ਹੈ ਜੇ ਸੰਗਤਾਂ ਸੁਚੇਤ ਹੋਣ ਅਤੇ ਪ੍ਰਬੰਧਕੀ ਢਾਂਚਾ ਗੁਰਮਤਿ ਦਾ ਧਾਰਨੀ ਹੋਵੇ। ਚੜ੍ਹਾਵਾ ਉਥੇ ਹੀ ਚੜ੍ਹਾਇਆ ਜਾਵੇ ਜਿਥੋਂ ਪੰਥਕ ਸੇਵਾਵਾਂ ਦੇ ਪੂਰੇ ਹੋਣ ਦਾ ਵਿਸ਼ਵਾਸ ਹੋਵੇ। "**ਅਕਲੀ ਸਾਹਿਬੁ ਸੇਵੀਐ, ਅਕਲੀ ਪਾਈਐ ਮਾਨੁ ।। ਅਕਲੀ ਪੜ੍ਹਿ ਕੈ ਬੁਝੀਐ, ਅਕਲੀ ਕੀਚੈ ਦਾਨੁ ।।** ਦੇ ਮਹਾਂਵਕ ਅਨੁਸਾਰ ਸੁਯੋਗ ਵਰਤੋਂ ਸੰਗਤਾਂ ਨੇ ਕਰਵਾਣੀ ਹੈ। ਦਸਵੰਧ ਉਥੇ ਜਾਵੇ ਜਿਥੇ ਵਿਸ਼ਵਾਸ ਹੋਵੇ ਕਿ ਇਹ ਮਾਇਆ ਪੰਥਕ ਕਾਰਜਾਂ ਵਿਚ ਹੀ ਲਗਣੀ ਹੈ ਅਤੇ ਕੌਮ ਦੇ ਭਲੇ ਲਈ ਵਰਤੀ ਜਾਣੀ ਹੈ। ਜਿਥੇ ਦਸਵੰਧ ਦੀ ਕੁਵਰਤੋਂ ਹੁੰਦੀ ਹੋਵੇ, ਉਥੇ ਚੜ੍ਹਾਵਾ ਚੜ੍ਹਾਣਾ ਠੀਕ ਨਹੀਂ।

165. ਸਵਾਲ: ਮਨੋਕਾਮਨਾ ਪੂਰੀ ਕਰਨ ਹਿੱਤ ਕੀਤੀ ਅਰਦਾਸ ਜਿਹਾ ਕਿ ' ਹੇ ਸਚੇ ਪਾਤਸ਼ਾਹ ਜੇ .... ਪ੍ਰਾਪਤ ਹੋ ਜਾਵੇ ਮੈਂ ਦਸ ਦਿਨ ਝਾੜੂ ਦੇਵਾਂਗਾ ... . ਰੁਪਏ ਚੜ੍ਹਵਾਂਗਾ .....। ਮੰਨਤਾਂ ਜਾਂ ਸੁਖਣਾ ਸੁਖਣੀਆਂ ਕੀ ਗੁਰਮਤਿ ਵਿਚ ਪ੍ਰਵਾਨ ਹਨ?

ਜਵਾਬ: ਗੁਰੂ ਘਰ ਵਿਚ ਸੌਦੇਬਾਜ਼ੀ ਕਬੂਲ ਨਹੀਂ । ਮਨੌਤਾਂ ਮੰਨਣੀਆਂ , ਸੁਖਣਾ ਸੁਖਣੀਆਂ ਮਨਮਤ ਹੈ; ਗੁਰਮਤਿ ਵਿਚ ਅਜਿਹੇ ਕਰਮ ਵਿਵਰਜਿਤ ਹਨ। ਗੁਰਸਿਖ, ਗੁਰੂ ਘਰ ਦੀ ਨਿਸ਼ਕਾਮ ਹੋ ਕੇ ਭਾਵ ਕਿਸੇ ਭੀ ਕਾਮਨਾ ਤੋਂ, ਇਛਾ ਤੋਂ, ਰਹਿਤ ਹੋ ਕੇ ਜੋ ਭੀ ਸੇਵਾ ਕਰੇ, ਕਬੂਲ ਪੈਂਦੀ ਹੈ ਅਤੇ ਸਿਖੀ ਦਾ ਸ਼ਿੰਗਾਰ ਬਣਦੀ ਹੈ। ਲੋੜਵੰਦ ਅਰਦਾਸ ਕਰੇ, ਵਾਹਿਗੁਰੂ ਨੂੰ ਭਾਵੇ, ਉਹ ਕਬੂਲ ਪੈਂਦੀ ਹੈ, ਪਰ ਸੌਦੇਬਾਜ਼ੀ ਕਰਨੀ ਕਿ ਅਮੁਕ ਕੰਮ ਹੋ ਜਾਵੇ ਮੈਂ ਇਹ ਕਰਾਂਗਾ ਆਦਿ ਭਾਣਾ ਮੰਨਣ ਦੇ ਉਲਟ ਗਲ ਹੈ। ਸਿਖ ਦਾ ਜੀਵਨ ਤਾਂ ਹੁਕਮ ਮੰਨਣ, ਭਾਣੇ ਵਿਚ ਰਹਿਣ ਦੇ ਪਾਬੰਦ ਹੋਣਾ ਹੈ ਨਾ ਕਿ ਹਜੁਤਾਂ ਕਰਨੀਆਂ । ਅਰਦਾਸ ਕਰਨਾ ਸਿਖੀ ਦਾ ਵਿਧਾਨ ਹੈ।

166. ਸਵਾਲ: ਰਹਿਰਾਸ ਸਮੇਂ ਸਲੋਕ ਮਹਲਾ ੫ ਤੋਂ ਅਗੋਂ ਦੋ ਸ਼ਬਦ ਅਤੇ ਪਉੜੀ ਤਥਾ ਆਰੰਭ ਵਿਚ 'ਦੁਖ ਦਾਰੂ ' ..... ਵਾਲਾ ਸ਼ਬਦ ਕਿਉਂ ਨਾ . ਪੜ੍ਹਨਾ ਚਾਹੀਦਾ?

ਜਵਾਬ: ਪੰਥਕ ਰਹਿਤ ਮਰਯਾਦਾ ਅਨੁਸਾਰ 'ਰਹਿਰਾਸ' ਬਾਣੀ ਦਾ ਸਰੂਪ ਜੋ ਨਿਤਨੇਮ ਵਿਚ ਸ਼ਾਮਿਲ ਹੈ ਉਸ ਵਿਚ ' ਦੁਖ ਦਾਰੂ' ਵਾਲਾ ਸ਼ਬਦ ਅਤੇ ਸਲੋਕ ਮ: ੫ 'ਤੇਰਾ ਕੀਤਾ ਜਾਤੋ ਨਾਹੀਂ' ਤੋਂ ਬਾਅਦ ਦੋ ਸ਼ਬਦ ਅਤੇ ਪਉੜੀ ਨਹੀਂ ਹਨ। ਪੰਥਕ ਜ਼ਬਤ ਵਿਚ ਰਹਿਣਾ ਹਰ ਗੁਰਸਿਖ ਦਾ ਫਰਜ਼ ਹੈ। ਜੇ ਮਰਯਾਦਾ ਵਿਚ ਪੰਥ ਨਿਰਣਾ ਲੈ ਕੇ ਕੋਈ ਵਾਧ ਘਾਟ ਕਰਦਾ ਹੈ, ਤਾਂ ਮੰਨੀ ਜਾ ਸਕਦੀ ਹੈ। ਜੇ ਕੋਈ ਸੰਪਰਦਾ, ਸੰਸਥਾ ਜਾਂ ਵਿਅਕਤੀ ਆਪਣਾ ਕੋਈ ਨੇਮ ਬਣਾਵੇ ਤਾਂ ਉਸਨੂੰ ਪੰਥ ਦਾ ਨਿਰਣਾ ਨਹੀਂ ਕਿਹਾ ਜਾ ਸਕਦਾ। ਪੰਥਕ ਏਕਤਾ ਨੂੰ ਮੁਖ ਰਖ ਕੇ ਸਭ ਗੁਰਸਿਖਾਂ ਦਾ ਇਕੋ ਜਿਹਾ ਨਿਤਨੇਮ ਹੋਣ ਕਰਕੇ, ਰਹਿਰਾਸ ਉਹ ਹੀ ਪੜ੍ਹਨੀ ਚਾਹੀਦੀ ਹੈ ਜੋ ਪੰਥ ਨੇ ਪ੍ਰਵਾਨ ਕੀਤੀ ਹੈ, ਇਸ ਵਿਚ ਵਾਧਾ ਘਾਟਾ ਪੰਥਕ ਹੁਕਮ ਦੀ ਉਲੰਘਣਾ ਹੈ।

167. ਸਵਾਲ: ਗੁਰੂ ਮਹਾਰਾਜ ਜੀ ਦੀ ਹਜ਼ੂਰੀ ਵਿਚ ਕੜਾਹ ਪ੍ਰਸ਼ਾਦਿ ਦੀ ਪ੍ਰਵਾਨਗੀ ਲਈ ਕ੍ਰਿਪਾਨ ਭੇਟ ਕਰਨ ਦੀ ਰੀਤ ਕਦੋਂ ਅਤੇ ਕਿਉਂ ਚਲੀ?

ਜਵਾਬ: ਅਰਦਾਸ ਪਿਛੋਂ ਕੜਾਹ ਪ੍ਰਸ਼ਾਦ ਕ੍ਰਿਪਾਨ ਭੇਟ ਕਰਨਾ ਸ੍ਰੀ ਦਸ਼ਮੇਸ਼ ਜੀ ਦਾ ਅਨੁਕਰਣ ਹੈ । ਦੀਵਾਨ ਵਿੱਚ ਜਦ ਪ੍ਰਸ਼ਾਦ ਸਤਿਗੁਰਾਂ ਦੇ ਪੇਸ਼ ਹੁੰਦਾ, ਤਾਂ ਸਤਿਗੁਰੂ ਕ੍ਰਿਪਾਨ ਅਥਵਾ ਤੀਰ ਨਾਲ (ਜੋ ਵੀ ਉਸ ਵੇਲੇ ਹੱਥ ਵਿੱਚ ਹੁੰਦਾ) ਥੋੜ੍ਹਾ ਪ੍ਰਸ਼ਾਦ ਥਾਲ ਵਿਚੋਂ ਅੰਗੀਕਾਰ ਕਰਕੇ ਸੰਗਤ ਵਿੱਚ ਵਰਤਾਉਣ ਦੀ ਆਗਿਆ ਦਿੰਦੇ ਸਨ ।ਏਸੇ ਰਸਮ ਦੀ ਨਕਲ ਕਰਦਿਆਂ ਹੁਣ ਪ੍ਰਸ਼ਾਦ ਕ੍ਰਿਪਾਨ ਭੇਟ ਕਰਕੇ ਪਹਿਲਾਂ ਪੰਜ-ਸਿੰਘਾਂ ਨੂੰ ਦਿਤਾ ਜਾਂਦਾ ਹੈ ।

168. ਸਵਾਲ: ਕੀ ਗੁਰਮਤਿ ਵਿਚ ਸਿੱਖ ਬੱਚੇ ਬੱਚੀ ਦੀ ਮ੍ਰਿਤੂ ਬਾਅਦ ਉਸਦੇ ਮ੍ਰਿਤਕ ਸਰੀਰ ਨੂੰ ਧਰਤੀ ਅੰਦਰ ਦਬਾਇਆ ਜਾ ਸਕਦਾ ਹੈ? ਜਾਂ ਕਿ ਅਗਨ ਭੇਟ ਕਰਨਾ ਜ਼ਰੂਰੀ ਹੈ?

ਜਵਾਬ: ਸਿੱਖ ਰਹਿਤ ਮਰਯਾਦਾ ਵਿਚ ਪ੍ਰਾਣੀ ਦੇ ਸਸਕਾਰ ਬਾਰੇ ਇਹ ਹੁਕਮ ਹੈ — " ਪ੍ਰਾਣੀ ਭਾਵੇਂ ਛੋਟੀ ਤੋਂ ਛੋਟੀ ਉਮਰ ਦਾ ਹੋਵੇ, ਸੋ ਭੀ ਸਸਕਾਰਣਾ (ਅਗਨ ਭੇਟ ਕਰਨਾ) ਚਾਹੀਏ। ਜਿਥੇ ਸਸਕਾਰ ਦਾ ਪ੍ਰਬੰਧ ਨਾ ਹੋ ਸਕੇ ਉਥੇ ਜਲ- ਪ੍ਰਵਾਹ ਜਾਂ ਹੋਰ ਤਰੀਕਾ ਵਰਤਣ ਤੋਂ ਸ਼ੰਕਾ ਨਹੀਂ ਕਰਨੀ ਚਾਹੀਦੀ ।"

169. ਸਵਾਲ: ਕੀ ਕ੍ਰਿਪਾਨ ਕਪੜਿਆਂ ਦੇ ਉਪਰੋਂ ਪਾਉਣੀ ਚਾਹੀਦੀ ਹੈ ਜਾਂ ਥਲਿਉਂ ਦੀ। ਜੇ ਉੱਪਰ ਦੀ ਪਾਉਣੀ ਚਾਹੀਦੀ ਹੈ ਤਾਂ ਕਿਉਂ?

ਜਵਾਬ: ਰਹਿਤਨਾਮਿਆਂ ਵਿਚ ਕ੍ਰਿਪਾਨ ਦੇ ਕਮੀਜ਼ ਉਤੋਂ ਜਾਂ ਹੇਠ ਪਾਣ ਬਾਰੇ ਕੋਈ ਹਦਾਇਤ ਨਹੀਂ ਹੈ, ਕੇਵਲ ਕ੍ਰਿਪਾਨ ਧਾਰਨ ਕਰਨ ਦੀ ਹਿਦਾਇਤ ਹੈ। ਕ੍ਰਿਪਾਨ ਧਾਰਨ ਕਰਨ ਦਾ ਭਾਵ ਕਿ ਸਿੱਖ ਅੰਦਰ ਬੀਰਤਾ ਹੋਵੇ, ਉਹ ਜ਼ੁਲਮ ਅਤੇ ਅਤਿਆਚਾਰ ਦਾ ਵਿਰੋਧ ਕਰੇ ਅਤੇ ਮਜ਼ਲੂਮਾਂ ਦੀ ਰਖਿਆ ਕਰੇ।

170. ਸਵਾਲ: ਸਾਡੇ ਗੁਰਦੁਆਰੇ ਵਿਚ ਇਕ ਸਿੱਖ ਹੈ ਜੋ ਅੰਮ੍ਰਿਤਧਾਰੀ ਨਹੀਂ, ਦਾੜ੍ਹੀ ਬੰਨ੍ਹਦਾ ਵੀ ਹੈ ਤੇ ਰੰਗਦਾ ਵੀ ਹੈ? ਕੀ ਉਹ ਸੰਗਤ ਵਿਚ ਕੀਰਤਨ ਕਰਨ ਦਾ ਅਧਿਕਾਰੀ ਹੈ?

ਜਵਾਬ: 'ਸਿੱਖ ਰਹਿਤ ਮਰਯਾਦਾ' ਅਨੁਸਾਰ ਸਿੱਖ ਪ੍ਰਚਾਰਕ ਲਈ ਅੰਮ੍ਰਿਤਧਾਰੀ ਹੋਣਾ ਜ਼ਰੂਰੀ ਹੈ। ਦਾਹੜੀ ਰੰਗਣ ਵਾਲਾ ਸਿੱਖ 'ਤਨਖਾਹੀਆ' ਹੈ। ਐਸੇ ਸਿੱਖ ਨੂੰ ਪੰਜਾਂ ਪਿਆਰਿਆਂ ਕੋਲ ਪੇਸ਼ ਹੋ ਕੇ ਤਨਖਾਹ (ਸਜ਼ਾ) ਲੁਆਉਣੀ ਚਾਹੀਦੀ ਹੈ। ਕੀਰਤਨੀ ਸਿੰਘ ਲਈ ਜ਼ਰੂਰੀ ਹੈ ਕਿ ਉਹ ਦਾਹੜਾ ਪ੍ਰਕਾਸ਼ ਰਖੇ।

171. ਸਵਾਲ: ਕੀ ਛੋਟੀ ਦਸਤਾਰ ਨਾਲ ਗੁਰਦੁਆਰੇ ਜਾਣਾ ਠੀਕ ਹੈ?

ਜਵਾਬ: ਗੁਰਦੁਆਰੇ ਵੱਡੀ ਦਸਤਾਰ ਸਜਾ ਕੇ ਤਿਆਰ-ਬਰ-ਤਿਆਰ ਹੋ ਕੇ ਜਾਣਾ ਹੀ ਸ਼ੋਭਾ ਦਿੰਦਾ ਹੈ।

172. ਸਵਾਲ: ਕੀ ਅੰਮ੍ਰਿਤਧਾਰੀ ਕੱਚ ਦੇ ਭਾਂਡੇ ਵਿਚ ਖਾ ਪੀ ਸਕਦਾ ਹੈ।

ਜਵਾਬ: ਅੰਮ੍ਰਿਤਧਾਰੀ ਕਿਸੇ ਵੀ ਭਾਂਡੇ ਵਿਚ ਛਕ ਸਕਦਾ ਹੈ, ਜੋ ਪੂਰੀ ਤਰ੍ਹਾਂ ਮਾਂਜਿਆ ਤੇ ਸਾਫ ਕੀਤਾ ਹੋਵੇ, ਭਾਵ ਜੂਠਾ ਨਾ ਹੋਵੇ।

173. ਸਵਾਲ: ਜੇ ਕੋਈ ਸਿੱਖ ਗੁਰਦੁਆਰੇ ਨਿਤਨੇਮ ਕਰ ਰਿਹਾ ਹੋਵੇ, ਉਥੇ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੇ ਭੋਗ ਸਮੇਂ ਗ੍ਰੰਥੀ ਸਿੰਘ ਅਰਦਾਸ ਕਰੇ ਤਾਂ ਨਿਤਨੇਮ ਕਰ ਰਹੇ ਸਿੱਖ ਨੂੰ ਅਰਦਾਸ ਵਿਚ ਸ਼ਾਮਲ ਹੋਣਾ ਚਾਹੀਦਾ ਹੈ ਜਾਂ ਨਹੀਂ?

ਜਵਾਬ: ਗੁਰਦੁਵਾਰੇ ਵਿਚ ਜਦੋਂ ਕਥਾ, ਕੀਰਤਨ, ਪਾਠ ਆਦਿ ਹੋ ਰਿਹਾ ਹੋਵੇ ਤਾਂ ਸਾਨੂੰ ਉਥੇ ਨਿਤਨੇਮ ਜਾਂ ਹੋਰ ਕੋਈ ਪਾਠ ਨਹੀਂ ਕਰਨਾ ਚਾਹੀਦਾ । ਪਾਠ ਨਿਤਨੇਮ ਵਖਰੇ ਕਮਰੇ ਵਿਚ ਕਰਨਾ ਚਾਹੀਦਾ।

174. ਸਵਾਲ: ਕੀ ਕਿਸੇ ਅੰਮ੍ਰਿਤਧਾਰੀ ਸਿੱਖ ਦਾ ਸੌਣ ਸਮੇਂ ਕਿਰਪਾਨ ਲਾਹ ਕੇ, ਨੰਗੇ ਸਿਰ ਸੋਹਿਲਾ ਸਾਹਿਬ ਦਾ ਪਾਠ ਕਰਨਾ ਠੀਕ ਹੈ?

ਜਵਾਬ: ਗੁਰਬਾਣੀ ਦਾ ਪਾਠ ਨੰਗੇ ਸਿਰ ਕਰਨਾ ਮਨਮਤਿ ਹੈ। ਅੰਮ੍ਰਿਤਧਾਰੀ ਲਈ ਕਕਾਰਾਂ ਨੂੰ ਤਿਆਗਣਾ ਰਹਿਤ ਵਿਚ ਭੁਲ ਕਰਨਾ ਹੈ।

175. ਸਵਾਲ: ਪ੍ਰਾਣੀ ਦੇ ਅਕਾਲ ਚਲਾਣੇ ਉਪਰੰਤ ਅੰਤਮ ਅਰਦਾਸ ਤੋਂ ਬਾਅਦ ਜੋ ਦਸਤਾਰਬੰਦੀ ਦੀ ਰਸਮ ਹੁੰਦੀ ਹੈ, ਉਸ ਦਾ ਕੀ ਭਾਵ ਹੈ?

ਜਵਾਬ: ਇਹ ਉਸ ਪ੍ਰਵਾਰ ਵਿਚ ਵਡੇ ਲੜਕੇ ਨੂੰ ਜ਼ਿੰਮੇਵਾਰੀ ਦਾ ਅਹਿਸਾਸ ਕਰਾਉਣ ਲਈ ਸਮਾਜਕ ਰਸਮ ਹੈ ਤਾਂਕਿ ਉਹ ਮਹਿਸੂਸ ਕਰੇ ਕਿ ਹੁਣ ਪ੍ਰਵਾਰ ਦੀ ਸਮੁੱਚੀ ਜ਼ਿੰਮੇਵਾਰੀ ਮੇਰੀ ਹੈ। ਪਰ ਕਈ ਵਾਰ ਵੇਖਣ ਵਿਚ ਆਉਂਦਾ ਹੈ ਕਿ ਇਸ ਰਸਮ ਵੇਲੇ ਲੈਣ ਦੇਣ ਦਾ ਬੇਲੋੜਾ ਵਿਖਾਲਾ ਇਤਨਾ ਵਧ ਜਾਂਦਾ ਹੈ ਕਿ ਇਸ ਰਸਮ ਦੀ ਅਸਲ ਭਾਵਨਾ ਅਲੋਪ ਹੋ ਜਾਂਦੀ ਹੈ। ਇਹ ਰਸਮ ਗੁਰਦੁਆਰਾ ਸਾਹਿਬ ਦੇ ਅੰਦਰ ਨਹੀਂ ਸਗੋਂ ਬਾਹਰ ਹੋਣੀ ਚਾਹੀਦੀ ਹੈ।

176. ਸਵਾਲ: ਕਿਸੇ ਸਿੱਖ ਨੂੰ ਸਟੇਜ ਤੇ ਭਾਸ਼ਣ ਦੇਣ ਸਮੇਂ ਪਹਿਲੋਂ ਤੇ ਅਖੀਰ ਵਿਚ ਕੇਵਲ ਫਤਹਿ ਬੁਲਾਉਣੀ ਹੀ ਜ਼ਰੂਰੀ ਹੈ। ਕੀ ਉਹ ਹੋਰ ਕੁਝ ਨਹੀਂ ਕਹਿ ਸਕਦਾ?

ਜਵਾਬ: ਸਿੱਖ ਪੰਥ ਵਲੋਂ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ" ਬੁਲਾਉਣ ਦਾ ਵਿਧਾਨ ਹੀ ਨੀਯਤ ਕੀਤਾ ਗਿਆ ਹੈ। ਇਸ ਤੋ ਬਿਨਾਂ ਹੋਰ ਕੁਝ ਨਹੀਂ ਬੁਲਾਇਆ ਜਾ ਸਕਦਾ।

177. ਸਵਾਲ: ਕਿਰਪਾਨ ਭੇਟ ਕਿਸ ਕਿਸ ਪ੍ਰਸ਼ਾਦਿ ਨੂੰ ਕਰਨ ਦਾ ਵਿਧਾਨ ਹੈ?

ਜਵਾਬ: ਕੜਾਹ ਪ੍ਰਸ਼ਾਦਿ ਜੋ ਸਿਖ ਰਹਿਤ ਮਰਯਾਦਾ ਵਿਚ ਦਿਤੀ ਗਈ ਮਰਯਾਦਾ ਅਨੁਸਾਰ ਤਿਆਰ ਕੀਤਾ ਗਿਆ ਹੋਵੇ, ਪ੍ਰਵਾਨਗੀ ਲਈ ਕਿਰਪਾਨ ਭੇਟ ਕੀਤਾ ਜਾਣਾ ਜਰੂਰੀ ਹੈ। ਸਿੱਖ ਪੰਥ ਵਿਚ ਕੇਵਲ ਕੜਾਹ ਪ੍ਰਸ਼ਾਦਿ ਨੂੰ ਹੀ 'ਪ੍ਰਸ਼ਾਦਿ' ਮੰਨਿਆ ਗਿਆ ਹੈ, ਬਾਕੀ ਪ੍ਰਸ਼ਾਦਿ ਸਾਡੀ ਆਪਣੀ ਸ਼ਰਧਾ ਤੇ ਮਨਾਂ ਦੀ ਕਾਢ ਹਨ।

178. ਸਵਾਲ: ਸ੍ਰੀ ਗੁਰੂ ਗਰੰਥ ਸਾਹਿਬ ਦੇ ਪਾਠ ਦੇ ਭੋਗ ਉਪ੍ਰੰਤ ਜਪੁਜੀ ਸਾਹਿਬ ਦਾ ਪਾਠ ਜਾਂ ਪੰਜ ਪਉੜੀਆਂ ਪੜ੍ਹਣ ਬਾਰੇ ਕੋਈ ਵੀ ਵਿਧਾਨ ਹੈ? ਮੂਲ ਮੰਤਰ ਕਿਥੋਂ ਤਕ ਹੈ?

ਜਵਾਬ: ਸਿਖ ਰਹਿਤ ਮਰਯਾਦਾ ਵਿਚ ਐਸਾ ਕਰਨ ਬਾਰੇ ਕੋਈ ਵਿਧਾਨ ਨਹੀਂ ਹੈ। ਮੂਲ ਮੰਤਰ ੧ਓ ਤੋਂ ਲੈ ਕੇ ਗੁਰਪ੍ਰਸਾਦਿ ਤਕ ਹੈ। ਇਹੀ ਸਰੂਪ ਗੁਰੂ ਅਰਜਨ ਸਾਹਿਬ ਨੇ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਕਈ ਵਾਰੀ ਸੰਖੇਪ ਤੇ ਕਈ ਵਾਰੀ ਪੂਰਾ ਵਰਤੋਂ ਵਿਚ ਲਿਆਂਦਾ ਹੈ। 'ਆਦਿ ਸਚੁ, ਜੁਗਾਦਿ ਸਚੁ,' ਵਾਲਾ ਸਲੋਕ ਜਪੁਜੀ ਸਾਹਿਬ ਦੀ ਬਾਣੀ ਦਾ ਮੁਢਲਾ ਸਲੋਕ ਹੈ। ਇਹ ਮੂਲ ਮੰਤਰ ਦਾ ਹਿੱਸਾ ਨਹੀਂ ਹੈ। ਵੇਖੋ ਇਸ ਸਲੋਕ ਦੇ ਬਾਅਦ ਪਿਆ ਅੰਕ ।੧।।

179. ਸਵਾਲ : ਕੀ ਰਹਿਰਾਸ ਸਾਹਿਬ ਦੇ ਪਾਠ ਨਾਲ ਹੀ ਸੋਹਿਲਾ ਸਾਹਿਬ ਦਾ ਪਾਠ ਕੀਤਾ ਜਾ ਸਕਦਾ ਹੈ?

ਜਵਾਬ : ਰਹਿਰਾਸ ਸਾਹਿਬ ਦਾ ਪਾਠ ਸ਼ਾਮ ਨੂੰ ਤੇ ਸੋਹਿਲੇ ਸਾਹਿਬ ਦਾ ਪਾਠ ਰਾਤ ਨੂੰ ਸੌਣ ਵੇਲੇ ਕਰਨ ਦੀ ਮਰਯਾਦਾ ਹੈ। ਜੇ ਕਿਸੇ ਮਜਬੂਰੀ ਵੱਸ ਸ਼ਾਮ ਨੂੰ ਸੋਦਰ ਦਾ ਪਾਠ ਨਾ ਹੋ ਸਕੇ ਤਾਂ ਸੌਣ ਵੇਲੇ ਰਹਿਰਾਸ ਤੇ ਸੋਹਿਲੇ ਦਾ ਪਾਠ ਇਕੱਠਾ ਕਰ ਲੈਣ ਵਿਚ ਕੋਈ ਹਰਜ ਨਹੀਂ, ਪਰ ਸਮੇਂ ਸਿਰ ਮਰਯਾਦਾ ਨਿਭਾਉਣੀ ਹੀ ਗੁਰਸਿਖ ਨੂੰ ਸ਼ੋਭਾ ਦਿੰਦੀ ਹੈ।

180. ਸਵਾਲ : ਉਪਰੇਸ਼ਨ ਕਰਾਉਣ ਸਮੇਂ ਜੇ ਕੇਸਾਂ ਦੀ ਬੇਅਦਬੀ ਹੋ ਜਾਵੇ ਤਾਂ ਕੀ ਕਰਨਾ ਚਾਹੀਦਾ ਹੈ?

ਜਵਾਬ : ਪੰਜਾਂ ਪਿਆਰਿਆਂ ਦੇ ਪੇਸ਼ ਹੋ ਕੇ ਸਭ ਕੁਝ ਦਸ ਦੇਣਾ ਚਾਹੀਦਾ ਹੈ।

181. ਸਵਾਲ : ਗੁਰਬਾਣੀ ਦਾ ਪਾਠ ਕਰਨ ਵੇਲੇ ਕੀ ਸਿਰ ਢਕਣਾ ਜ਼ਰੂਰੀ ਹੈ?

ਜਵਾਬ : ਕੇਵਲ ਗੁਰਬਾਣੀ ਦੇ ਪਾਠ ਵੇਲੇ ਹੀ ਨਹੀਂ, ਸਗੋਂ ਹਰ ਸਮੇਂ ਕੇਸਾਂ ਨੂੰ ਢੱਕ ਕੇ ਰਖਣਾ ਸਿੱਖੀ ਦਾ ਡਸਿਪਲਨ ਹੈ। ਇਸੇ ਵਿਚ ਗੁਰਬਾਣੀ ਤੇ ਸਿੱਖੀ ਦਾ ਸਤਿਕਾਰ ਹੈ। ਜੋ ਇਹ ਕਹਿੰਦੇ ਹਨ ਕਿ ਮਨ ਵਿਚ ਸਿੱਖੀ ਹੋਣੀ ਚਾਹੀਦੀ ਹੈ, ਸਿਰ ਢਕਿਆ ਜਾਂ ਨਾ ਢਕਿਆ ਇਸ ਵਿਚ ਕੀ ਫਰਕ ਹੈ, ਐਸੇ ਵੀਰਾਂ ਤੇ ਭੈਣਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਜੇਕਰ ਗੁਰੂ ਸਾਹਿਬ ਦੇ ਸਿਰ ਢਕਣ ਦੇ ਹੁਕਮ ਨੂੰ ਹੀ ਨਹੀਂ ਮੰਨਿਆਂ ਤਾਂ ਸਿੱਖੀ ਤਾਂ ਮਨ ਵਿਚੋਂ ਉਦੋਂ ਹੀ ਅਲੋਪ ਹੋ ਗਈ। ਸਿਖੀ ਹੁਕਮ ਮੰਨਣ ਦਾ ਹੀ ਨਾਮ ਹੈ। ਹਾਂ ਕੇਸਾਂ ਨੂੰ ਧੁੱਪ ਜਾਂ ਹਵਾ ਲੁਆਉਣ ਲਈ, ਕੁਝ ਸਮਾਂ ਕੇਸ ਨੰਗੇ ਕੀਤੇ ਜਾ ਸਕਦੇ ਹਨ ਪਰ ਉਹ ਵੀ ਘਰ ਵਿਚ ਹੀ ਬਾਹਰ ਨਹੀਂ।

182. ਸਵਾਲ : ਆਖੰਡ ਪਾਠ ਦੇ ਭੋਗ ਸਮੇਂ ਕਈ ਪਾਠੀ ਸੈਂਟ ਦਾ ਇਸਤੇਮਾਲ ਕਰਦੇ ਹਨ ਤੇ ਗੁਰੂ ਗ੍ਰੰਥ ਸਾਹਿਬ ਦੇ ਪੰਨਿਆ ਤੇ ਸੈਂਟ ਛਿੜਕਦੇ ਹਨ। ਸੈਂਟ ਵਿਚ ਕਈ ਗੰਦੇ ਕੈਮਿਕਲਜ਼ ਹੁੰਦੇ ਹਨ, ਜਿਸ ਨਾਲ ਪੰਨਿਆਂ ਨੂੰ ਨੁਕਸਾਨ ਪੁਜਦਾ ਹੈ ਤੇ ਅਪਵਿਤਰਤਾ ਵਧਦੀ ਹੈ। ਮੇਰੇ ਖਿਆਲ ਨਾਲ ਐਸੀ ਵਰਤੋਂ ਨਹੀਂ ਕਰਨੀ ਚਾਹੀਦੀ।

ਜਵਾਬ : ਅਸੀਂ ਤੁਹਾਡੇ ਵੀਚਾਰਾਂ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਜੀ।

183. ਸਵਾਲ: 'ਸੰਪਟ ਪਾਠ' ਸਮੇਂ ਕੋਈ ਇਕ ਸ਼ਬਦ ਚੁਣਕੇ ਹਰ ਸ਼ਬਦ, ਪਉੜੀ ਆਦਿ ਦੇ ਮਗਰੋਂ ਪੜ੍ਹਨ ਨਾਲ ਅਖੰਡ-ਪਾਠ ਦੀ ਰਵਾਨਗੀ ਟੁੱਟ ਜਾਂਦੀ ਹੈ ਤੇ ਬੇਰਸੀ ਪੈਦਾ ਹੁੰਦੀ ਹੈ । ਇਹ ਠੀਕ ਨਹੀ ਜਾਪਦਾ। ਆਪ ਦੀ ਕੀ ਰਾਏ ਹੈ?

ਜਵਾਬ: ਅਸੀ ਆਪ ਜੀ ਦੇ ਵਿਚਾਰਾਂ ਨਾਲ ਪੂਰੀ ਤਰਾਂ ਸਹਿਮਤ ਹਾਂ। 'ਸੰਪਟ ਪਾਠ' ਦੀ ਸਿੱਖ ਧਰਮ ਵਿਚ ਕੋਈ ਮਰਯਾਦਾ ਨਹੀਂ ਹੈ, ਇਹ ਆਪਣੀ ਨਿਜਮਤ ਦੀ ਕਾਢ ਹੈ। ਨਵੇਂ ਨਵੇਂ ਤਰੀਕੇ ਕਢਕੇ, ਜਾਂ ਬ੍ਰਾਹਮਣੀ ਮਤ ਦੀ ਨਕਲ ਕਰਕੇ ਤਰ੍ਹਾਂ ਤਰ੍ਹਾਂ ਦੇ ਪਾਠ ਪ੍ਰਚਲਤ ਕਰਨੇ ' ਸਿਖ ਰਹਿਤ ਮਰਯਾਦਾ' ਦਾ ਅਪਮਾਨ ਕਰਨਾ ਹੈ ਜੋ ਕਦੇ ਵੀ ਸਿੱਖ ਪੰਥ ਪ੍ਰਵਾਨ ਨਹੀਂ ਕਰ ਸਕਦਾ।

184. ਸਵਾਲ : ਮੇਰੇ ਇਕ ਦੋਸਤ ਦਾ ਵਿਆਹ ਸੀ। ਅਖੰਡ ਪਾਠ ਦੇ ਭੋਗ ਉਪਰੰਤ ਮੇਰੇ ਦੋਸਤ ਨੇ ਆਪਣੇ ਗਲ ਵਿਚ ਸਬੰਧੀਆਂ ਵਲੋਂ ਹਾਰ ਪੁਆਉਣ ਤੋਂ ਇਨਕਾਰ ਕਰ ਦਿਤਾ ਕਿਉਕਿ ਉਹ ਗੁਰਮਤਿ ਦਾ ਧਾਰਨੀ ਸੀ ਪਰ ਸ੍ਰੀ ਗੁਰੂ ਗ੍ਰੰਥ ਸਹਿਬ ਦੀ ਤਾਬਿਆ ਬੈਠੇ ਮਹੰਤ ਸਾਹਿਬ ਨੇ ਕਿਹਾ, " ਕਾਕਾ, ਹਾਰ ਪੁਆ ਲੈ, ਗੁਰੂ ਪਿਤਾ ਦੀ ਹਜ਼ੂਰੀ ਵਿਚ ਬੱਚਾ ਹਾਰ ਨਹੀਂ ਪਵਾਇਗਾ ਤਾਂ ਹੋਰ ਕਿਸ ਥਾਂ ਪੁਆਏਗਾ?" ਪਰ ਬੱਚੇ ਨੇ ਹਾਰ ਨਾ ਹੀ ਪੁਆਏ। ਕੀ ਮੰਹਤ ਸਾਹਿਬ ਠੀਕ ਸਨ ਜਾਂ ਬੱਚਾ?

ਜਵਾਬ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਨੂੰ ਮੁਖ ਰਖਦੇ ਹੋਏ ਕਿਸੇ ਵਿਅਕਤੀ ਦੇ ਗਲ ਵਿਚ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਹਾਰ ਨਹੀਂ ਪਾਏ ਜਾ ਸਕਦੇ । ਸਾਨੂੰ ਅਫਸੋਸ ਹੈ ਮੰਹਤ ਸਾਹਿਬ ਦੀ ਐਸੀ ਪ੍ਰੇਰਣਾ ਤੇ, ਜੋ ਗੁਰਮਤਿ ਵਿਚ ਪਰਪੱਕ ਬੱਚੇ ਨੂੰ ਮਨਮਤ ਕਰਨ ਲਈ ਉਕਸਾਉਂਦੀ ਰਹੀ । ਸ਼ਾਬਾਸ਼ ਹੈ ਐਸੇ ਗੁਰਮਤੀਏ ਬੱਚੇ ਨੂੰ, ਜਿਸ ਗੁਰਮਤਿ ਤੇ ਪਹਿਰਾ ਦੇ ਕੇ ਸਿਧ ਕਰ ਦਿਤਾ ਕਿ ਗੁਰੂ ਮਰਯਾਦਾ ਤੇ ਸਿਦਕ ਦਿਲੀ ਨਾਲ ਪਹਿਰਾ ਦੇਣਾ ਸਭ ਤੋਂ ਉਪਰ ਹੈ। ਮੰਹਤ ਤੇ ਹੋਰ ਮਨਮਤੀਏ ਇਸ ਤੋਂ ਹੇਠਾਂ ਹਨ।

185. ਸਵਾਲ : ਜੇ ਕਰ ਕਿਸੇ ਬਿਮਾਰੀ (ਬਾਲ-ਚਰ) ਨਾਲ ਕਿਸੇ ਦੇ ਕੇਸ ਝੜ ਜਾਣ ਤਾਂ ਕੀ ਉਹ ਬਿਨਾਂ ਕੇਸਾਂ ਦੇ ਅੰਮ੍ਰਿਤ ਛਕ ਸਕਦਾ ਹੈ।

ਜਵਾਬ : ਛਕ ਸਕਦਾ ਹੈ । ਬਾਲ-ਚਰ ਬੀਮਾਰੀ ਦਾ ਡਾਕਟਰੀ ਤੇ ਦੇਸੀ ਇਲਾਜ ਹੈ ਜੋ ਕਰਵਾਉਣਾ ਚਾਹੀਦਾ ਹੈ।

186. ਸਵਾਲ : ਕੀ ਘੁੰਡ ਕਢਣਾ ਸਿਖ ਇਸਤ੍ਰੀਆਂ ਲਈ ਠੀਕ ਹੈ?

ਜਵਾਬ : ਕੈਦੀਆਂ ਦੀ ਤਰ੍ਹਾਂ ਘਰਾਂ ਵਿਚ ਪਰਦੇ ਅੰਦਰ ਬੰਦ ਰਹਿਣਾ ਅਰ ਘੁੰਡ ਕੱਢਣਾ, ਇਸਤ੍ਰੀਆਂ ਲਈ ਸਿੱਖ ਮਤ ਵਿਚ ਮਨ੍ਹਾ ਕੀਤਾ ਗਿਆ ਹੈ। ਜਦੋਂ ਹਰੀਪੁਰ ਦੇ ਰਾਜੇ ਨਾਲ ਰਾਣੀਆਂ ਸ੍ਰੀ ਗੁਰੂ ਅਮਰ ਦਾਸ ਜੀ ਦੇ ਦਰਸ਼ਨ ਕਰਨ ਘੁੰਡ ਕਢ ਕੇ ਆਈਆਂ ਤਾਂ ਗੁਰੂ ਜੀ ਨੇ ਸਭ ਨੂੰ ਸਾਦੇ ਸਫੈਦ ਬਸਤਰ ਪਹਿਨ ਕੇ ਤੇ ਬਿਨਾਂ ਘੁੰਡ ਦੇ ਗੁਰੂ ਦਰਬਾਰ ਵਿਚ ਆਉਣ ਦੀ ਹਿਦਾਇਤ ਕੀਤੀ ਸੀ।

ਸਭ ਸੋ ਕਹੋ ਸ੍ਵੇਤ ਕਰਿ ਪੋਸ਼ਿਸ਼,
ਮੁਖ ਕੋ ਨਹੀਂ ਛੁਪਾਵਹਿ ਕੋਇ।।
ਦਰਸ਼ਨ ਕਰਿ ਕਰਿ ਸਗਰੀ ਗਮਨੈ,
ਇਸ ਪ੍ਰਕਾਰ ਦੀ ਬਨਕੇ ਸੋਇ।।

187. ਸਵਾਲ : ਕੀ ਇਕੋ ਸਥਾਨ ਤੇ ਇਕੋ ਸਮੇਂ ਇਕ ਤੋਂ ਵਧ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਪ੍ਰਕਾਸ਼ ਕਰਨਾ ਉਚਿਤ ਹੈ।

ਜਵਾਬ : ਦੀਵਾਨ ਅਸਥਾਨ ਤੇ ਇਕੋ ਸਮੇਂ ਇਕ ਤੋਂ ਵਧ ਸਰੂਪ ਪ੍ਰਕਾਸ਼ ਕਰਨਾ ਉਚਿਤ ਨਹੀਂ ਹੈ। ਪਾਠ ਕਰਨ ਵਾਲੇ ਪ੍ਰੇਮੀਆਂ ਲਈ ਨਿਵੇਕਲਾ ਕਮਰਾ ਹੋਣਾ ਚਾਹੀਦਾ ਹੈ, ਜਿਥੇ ਇਕ ਤੋਂ ਵਧ ਸਰੂਪ ਰਖੇ ਜਾ ਸਕਦੇ ਹਨ ਤਾਂਕਿ ਪ੍ਰੇਮੀ ਜਨ ਪਾਠ ਕਰ ਸਕਣ।

188. ਸਵਾਲ : ਅਰਦਾਸ ਵਿਚ ਕੜਾਹ ਪ੍ਰਸ਼ਾਦਿ ਅਰਦਾਸ ਕਰਾਉਣ ਵਾਲੇ ਪ੍ਰੇਮੀਆਂ ਦੇ ਨਾਮ ਲੈਣੇ ਠੀਕ ਹਨ ਜਾਂ ਨਹੀਂ?

ਜਵਾਬ : ਅਰਦਾਸ ਸਮੁਚੀ ਸੰਗਤ ਵਲੋਂ ਸੇਵਾ ਦੀ ਹੋਣੀ ਚਾਹੀਦੀ ਹੈ। ਵਖਰੇ ਵਖਰੇ ਨਾਵਾਂ ਦੀ ਲਿਸਟ ਸੰਗਤ ਵਿਚ ਸੁਣਾਉਣੀ ਹਉਮੈ ਦਾ ਵਿਖਾਵਾ ਹੈ। ਗੁਰੂ ਪਾਤਸ਼ਾਹ ਸਭ ਦੇ ਨਾਵਾਂ ਤੋਂ ਭਲੀ ਪ੍ਰਕਾਰ ਜਾਣੂੰ ਹਨ, ਇਸ ਲਈ ਨਾਵਾਂ ਦਾ ਵਿਖਾਲਾ ਪਾਉਣਾ ਸ਼ੋਭਾ ਨਹੀਂ ਦਿੰਦਾ।

189. ਸਵਾਲ : ਗੁਰਦੁਆਰੇ ਵਿਚ ਠਾਠੀ ਬੰਨ੍ਹ ਕੇ ਜਾਣਾ ਕਿਉਂ ਮਨ੍ਹਾ ਹੈ?

ਜਵਾਬ : ਕਿਉਂਕਿ ਐਸਾ ਕਰਨਾ ਸਿੱਖ ਸਭਿਆਚਾਰ ਤੇ ਮਰਯਾਦਾ ਦੇ ਵਿਰੁਧ ਹੈ। ਸੰਗਤ ਵਿਚ ਗੁਰੂ ਪਾਤਸ਼ਾਹ ਦੇ ਸਨਮੁਖ, ਤਿਆਰ-ਬਰ-ਤਿਆਰ ਹੋ ਕੇ ਸਤਿਕਾਰ ਸਹਿਣ ਜਾਣਾ ਹੀ ਸ਼ੋਭਾ ਦੇਂਦਾ ਹੈ।

190. ਸਵਾਲ : ਵਖ ਵਖ ਗੁਰਦੁਆਰਿਆਂ ਵਿਚ ਤੇ ਸ੍ਰੀ ਦਰਬਾਰ ਸਾਹਿਬ ਵਿਚ ਅਰਦਾਸ ਦੀ ਸ਼ਬਦਾਵਲੀ ਵਖ ਵਖ ਕਿਉਂ ਹੁੰਦੀ ਹੈ?

ਜਵਾਬ : ਸਭ ਗੁਰਦੁਆਰਿਆਂ ਵਿਚ ਅਰਦਾਸ ਦੀ ਸ਼ਬਦਾਵਲੀ ਉਹੀ ਵਰਤੀ ਜਾਣੀ ਚਾਹੀਦੀ ਹੈ ਜੋ ਸਿਖ ਰਹਿਤ ਮਰਯਾਦਾ ਵਿਚ ਅੰਕਿਤ ਹੈ। ਐਸਾ ਨਾ ਹੋਣ ਕਰਕੇ ਹੀ ਪੰਥਕ ਇਕਸੁਰਤਾ ਨੂੰ ਸਟ ਵਜਦੀ ਹੈ।

191. ਸਵਾਲ : ਕੀ ਦਸਤਾਰ ਸਜਾਉਣ ਤੋਂ ਪਹਿਲਾਂ ਗੁਰਦੁਆਰੇ ਜਾ ਕੇ ਕੋਈ ਮਰਯਾਦਾ ਨਿਭਾਉਣੀ ਜ਼ਰੂਰੀ ਹੈ।

ਜਵਾਬ : ਐਸੀ ਮਰਯਾਦਾ ਬਾਰੇ ' ਸਿੱਖ ਰਹਿਤ ਮਰਯਾਦਾ ' ਵਿਚ ਕੋਈ ਜ਼ਿਕਰ ਨਹੀਂ ਹੈ। ਜਦੋਂ ਬੱਚਾ ਦਸਤਾਰ ਸੰਭਾਲਣ ਯੋਗ ਹੋ ਜਾਵੇ, ਦਸਤਾਰ ਸਜਾ ਦੇਣੀ ਚਾਹੀਦੀ ਹੈ। ਕਈ ਬੱਚੇ ਵਡੀ ਉਮਰ ਵਿੱਚ ਵੀ ਪਟਕਾ ਜਿਹਾ ਬੰਨੀ ਫਿਰਦੇ ਹਨ। ਪੁਛਣ ਤੇ ਦਸਦੇ ਹਨ ਕਿ ਅਸੀਂ ਫਲਾਣੇ ਗੁਰਦੁਆਰੇ ਜਾ ਕੇ ਅਰਦਾਸ ਕਰਕੇ ਦਸਤਾਰ ਸਜਾਵਾਂਗੇ। ਇਸ ਤਰ੍ਹਾਂ ਅਨਭੋਲ ਹੀ ਰਹਿਤ ਦੀ ਅਵਗਿਆ ਹੋਈ ਜਾ ਰਹੀ ਹੈ, ਜੋ ਨਹੀਂ ਹੋਣੀ ਚਾਹੀਦੀ।

192. ਸਵਾਲ : ਇਕ ਸਿੰਘ ਦੀ ਪਤਨੀ ਅੰਮ੍ਰਿਤ ਛਕਣ ਲਈ ਤਿਆਰ ਨਹੀਂ, ਕੀ ਉਹ ਸਿੰਘ ਇਕੱਲਾ ਅੰਮ੍ਰਿਤ ਛਕ ਸਕਦਾ ਹੈ?

ਜਵਾਬ : ਹਰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਉਹ ਆਪਣੀ ਪਤਨੀ ਨੂੰ ਅੰਮ੍ਰਿਤ ਛਕਣ ਲਈ ਮਨਾਵੇ, ਪਰ ਜੇ ਉਹ ਨਾ ਮੰਨੇ ਤਾ ਪਤੀ ਨੂੰ ਇਕਲੇ ਅੰਮ੍ਰਿਤ ਛਕਣ ਤੋਂ ਗੁਰੇਜ਼ ਨਹੀਂ ਕਰਨਾ ਚਾਹੀਦਾ ਕਿਉਂਕਿ ਉਸ ਦਾ ਨਿਗੁਰੇ ਰਹਿਣਾ ਠੀਕ ਨਹੀਂ ਹੈ। ਇਹ ਹਾਲਾਤ ਉਦੋਂ ਉਤਪੰਨ ਹੁੰਦੇ ਹਨ ਜਦੋਂ ਅਸੀਂ ਆਨੰਦ ਕਾਰਜ ਕਰਦੇ ਸਮੇਂ ਇਸ ਗੱਲ ਦਾ ਖਿਆਲ ਨਹੀਂ ਕਰਦੇ ਕਿ ਲੜਕਾ ਲੜਕੀ ਦੋਵੇਂ ਵਿਆਹ ਤੋਂ ਪਹਿਲਾਂ ਅੰਮ੍ਰਿਤਧਾਰੀ ਹੋਣ।

193. ਸਵਾਲ : ਮ੍ਰਿਤਕ ਪ੍ਰਾਣੀ ਦੇ ਸਬੰਧ ਵਿਚ ਪਾਠ ਦਾ ਆਰੰਭ ਦੁਪਹਿਰ ਤੋਂ ਬਾਅਦ ਕਰਨਾ ਤੇ ਭੋਗ ਦੁਪਹਿਰ ਤੋਂ ਪਹਿਲਾ ਪਾਉਣਾ ਕੀ ਠੀਕ ਹੈ?

ਜਵਾਬ : ਇਹ ਕੇਵਲ ਭਰਮ ਹੈ। ਪਾਠ ਰਖਣ ਦਾ ਸਮੇਂ ਨਾਲ ਕੋਈ ਸਬੰਧ ਨਹੀਂ । ਸਿੱਖ ਰਹਿਤ ਮਰਯਾਦਾ ਵਿਚ ਲਿਖਿਆ ਹੈ ਕਿ ਮ੍ਰਿਤਕ ਪ੍ਰਾਣੀ ਦਾ ਸਸਕਾਰ ਕਰਨ ਉਪਰੰਤ ਘਰ ਆ ਕੇ ' ਸਹਜ ਪਾਠ' ਆਰੰਭ ਕਰ ਦਿਤਾ ਜਾਏ। ਅਸੀਂ ਸਹੀ ਮਰਯਾਦਾ ਨੂੰ ਤਾਂ ਮੰਨਦੇ ਨ੍ਹਹੀਂ ਤੇ ਮਨ ਮਰਜ਼ੀ ਕਰਕੇ ਤੀਜੇ ਚੌਥੇ ਦਿਨ ਅਖੰਡ ਪਾਠ ਰਖਵਾਉਂਦੇ ਹਾਂ, ਪਰ ਭਰਮ ਰੂਪੀ ਗੱਲਾਂ ਕਿ ਦੁਪਹਿਰ

ਤੋਂ ਪਹਿਲਾਂ ਭੋਗ ਪੈ ਜਾਵੇ ਆਦਿ ਮੰਨਣ ਲਗ ਜਾਂਦੇ ਹਾਂ। ਫਿਰ ਅਸੀਂ ਆਸ ਰਖਦੇ ਹਾਂ ਕਿ ਸਾਡੇ ਤੇ ਗੁਰੂ ਦੀ ਬਖਸ਼ਿਸ਼ ਹੋਵੇ। ਗੁਰੂ ਦੀ ਬਖਸ਼ਿਸ਼ ਤਾਂ ਗੁਰੂ ਦੀ ਬਾਣੀ ਨੂੰ ਮਨ ਵਿਚ ਵਸਾਉਣ ਤੇ ਪੰਥਕ ਰਹਿਤ ਮਰਯਾਦਾ ਅਨੁਸਾਰ ਸੰਸਕਾਰ ਕਰਨ ਨਾਲ ਹੀ ਹੋਣੀ ਹੈ। ਜੇ ਮਨ ਮਰਜ਼ੀ ਕਰਕੇ ਮਰਯਾਦਾ ਵਿਗਾੜਾਂਗੇ ਤੇ ਭਰਮਾਂ ਵਿਚ ਪਵਾਂਗੇ ਤਾਂ ਗੁਰੂ ਦੀ ਬਖਸ਼ਿਸ਼ ਦੇ ਪਾਤਰ ਨਹੀਂ ਬਣ ਸਕਾਂਗੇ।

194. ਸਵਾਲ : ਸਿੱਖ ਧਰਮ ਵਿਚ ਮੂਰਤੀ ਪੂਜਾ ਦਾ ਖੰਡਨ ਹੈ ਅਤੇ ਗੁਰਦੁਆਰਿਆਂ ਵਿਚ ਗੁਰੂਆਂ ਦੀਆਂ ਮੂਰਤਾਂ ਲਗਾਈਆਂ ਹੁੰਦੀਆਂ ਹਨ। ਐਸਾ ਕਿਉਂ ?

ਜਵਾਬ : ਗੁਰਮਤਿ ਸਿਧਾਂਤ ਹੈ -'ਗੁਰ ਮੂਰਤਿ ਗੁਰ ਸਬਦ ਹੈ ' ਭਾਵ ਗੁਰੂ ਦਾ ਸ਼ਬਦ ਹੀ ਗੁਰੂ ਦੀ ਮੂਰਤੀ ਹੈ। ਇਸ ਸਿਧਾਂਤ ਦੇ ਉਲਟ ਜੇਕਰ ਗੁਰਦੁਆਰਿਆਂ ਵਿਚ ਫੋਟੋ ਰਖੀਆਂ ਜਾਂਦੀਆਂ ਹਨ ਤਾਂ ਇਸ ਨੂੰ ਘਾਟ ਹੀ ਸਮਝਿਆ ਜਾਣਾ ਚਾਹੀਦਾ ਹੈ। ਸਿਖ ਰਹਿਤ ਮਰਯਾਦਾ ਵਿਚ ਸਪਸ਼ਟ ਲਿਖਿਆ ਹੈ ਕਿ ਗੁਰਦੁਆਰੇ ਅੰਦਰ ਕਿਸੇ ਕਿਸਮ ਦੀ ਫੋਟੋ ਨਹੀਂ ਲਾਉਣੀ ਚਾਹੀਦੀ ਕਿਉਂਕਿ ਉਥੇ ਸ਼ਬਦ ਦੀ ਹੀ ਪੂਜਾ ਦਾ ਵਿਧਾਨ ਹੈ।

ਇਤਿਹਾਸਕ ਫੋਟੋ ਲਾਉਣ ਲਈ ਵਖਰੇ ਕਮਰੇ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ। ਜੇ ਸਿੱਖ ਕੌਮ ਵਿਚ ਜਾਗ੍ਰਿਤੀ ਆ ਜਾਵੇ ਤਾਂ ਉਹ ਗੁਰੂਆਂ ਦੇ ਕੈਲੰਡਰ ਬਣਾਉਣ ਤੇ ਕਨੂੰਨੀ ਪਾਬੰਦੀ ਦੀ ਮੰਗ ਕਰ ਸਕਦੀ ਹੈ।

195. ਸਵਾਲ : ਗੁਰਦੁਆਰੇ ਦਾ ਨੀਂਹ ਪਥਰ ਕਿਸ ਪਾਸੋਂ ਰਖਾਉਣਾ ਚਾਹੀਦਾ ਹੈ?

ਜਵਾਬ : ਗੁਰਦੁਆਰੇ ਤੇ ਧਾਰਮਿਕ ਅਸਥਾਨਾਂ ਦੇ ਨੀਂਹ ਪਥਰ ਪੰਜਾਂ ਪਿਆਰਿਆਂ ਪਾਸੋਂ ਅਰਦਾਸਾ ਕਰਾਕੇ ਰਖਾਏ ਜਾਣੇ ਚਾਹੀਦੇ ਹਨ। ਕਿਸੇ ਮਨਿਸਟਰ ਜਾਂ ਦੁਨਿਆਵੀ ਪ੍ਰਭੁਤਾ ਵਾਲੇ ਵਿਅਕਤੀ ਨੂੰ ਇਹ ਮਾਣ ਦੇਣਾ ਸ਼ੋਭਾ ਨਹੀਂ ਦੇਂਦਾ।

196. ਸਵਾਲ : ਸਪਤਾਹ ਪਾਠ ਕਿਸਨੂੰ ਆਖਦੇ ਹਨ। ਕੀ ਇਹ ਕਰਨਾਂ ਜਾਂ ਕਰਵਾਉਣਾ ਗੁਰਮਤਿ ਹੈ?

ਜਵਾਬ : ਸਿੱਖ ਰਹਿਤ ਮਰਯਾਦਾ ਵਿਚ ਦੋ ਹੀ ਤਰ੍ਹਾਂ ਦੇ ਪਾਠ ਅੰਕਿਤ ਹਨ— ਸਹਜ ਪਾਠ ਅਤੇ ਅਖੰਡ ਪਾਠ । ਸਹਜ ਪਾਠ ਦਾ ਅੰਗ (ਸ) ਇਉ ਹੈ ' ਚੰਗਾ ਤਾਂ ਇਹ ਹੈ ਕਿ ਹਰ ਇਕ ਸਿੱਖ ਆਪਣਾ ਸਹਜ ਪਾਠ ਜਾਰੀ ਤੇ ਮਹੀਨੇ ਦੋ

ਮਹੀਨੇ ਮਗਰੋਂ (ਜਾਂ ਜਿਤਨੇ ਸਮੇਂ ਵਿਚ ਹੋ ਸਕੇ) ਭੋਗ ਪਾਵੇ।' ਸਪਤਾਹ ਪਾਠ ਬਾਰੇ ਰਹਿਤ ਮਰਯਾਦਾ ਕੁਝ ਨਹੀਂ ਦਰਸਾਉਂਦੀ। ਸਾਡੀ ਜਾਚੇ ਸਪਤਾਹ ਪਾਠ ਉਹ ਸਹਿਜ ਪਾਠ ਹੈ ਜਿਸ ਦਾ ਇਕ ਹਫਤੇ ਅੰਦਰ ਭੋਗ ਪਾਇਆ ਜਾਂਦਾ ਹੈ। ਪਾਠ ਕਰਨ ਜਾਂ ਕਰਵਾਉਣ ਦਾ ਮੁਖ ਉਦੇਸ਼ ਤਾਂ ਬਾਣੀ ਦਾ ਅਭਿਆਸ ਹੈ ਜਿਸ ਰਾਹੀਂ ਬਾਣੀ ਦੇ ਉਪਦੇਸ਼ ਨੂੰ ਪੜ੍ਹ ਸੁਣ ਤੇ ਸਮਝ ਕੇ ਉਸ ਅਨੁਸਾਰ ਜੀਵਨ ਜੀਵਿਆ ਜਾਵੇ। ਕਰਮ ਕਾਂਡ ਦੇ ਤੌਰ ਤੇ ਕੀਤਾ ਪਾਠ ਨਿਸਫਲ ਹੈ। ਪਾਠ, ਬਾਣੀ ਸਮਝਣ , ਵੀਚਾਰਨ ਤੇ ਉਸ ਦੇ ਉਪਦੇਸ਼ਾਂ ਤੇ ਚਲਣ ਲਈ ਜਿਤਨੇ ਸਮੇਂ ਵਿਚ ਹੀ ਕੀਤਾ ਜਾਵੇ ਪ੍ਰਵਾਨ ਹੈ, ਗੁਰਮਤਿ ਅਨੁਕੂਲ ਹੈ। ਹਠ ਪ੍ਰਵਾਨ ਨਹੀਂ, ਕਿ ਇਕ ਹਫਤੇ ਦੇ ਅੰਦਰ ਹੀ ਭੋਗ ਪਾਉਣਾ ਹੈ।

197. ਸਵਾਲ : ਕੀ ਸੋਹਿਲੇ ਦੇ ਪਾਠ ਕਰਨ ਉਪਰੰਤ ਅਰਦਾਸ ਕਰਨੀ ਚਾਹੀਦੀ ਹੈ ਜਾਂ ਨਹੀਂ ?

ਜਵਾਬ : ਅਰਦਾਸ ਗੁਰਸਿਖ ਨੇ ਹਰ ਸਮੇਂ ਹੀ ਕਰਨੀ ਹੈ। ਸੋਹਿਲੇ ਦੇ ਪਾਠ ਉਪਰੰਤ ਭੀ ਅਰਦਾਸ ਕਰਨ ਵਿਚ ਕੋਈ ਹਰਜ ਨਹੀਂ।

198. ਸਵਾਲ : ਕੀ ਸਿੱਖ ਨੂੰ ਪਾਨ ਖਾਣ ਦੀ ਮਨਾਹੀ ਹੈ।

ਜਵਾਬ : ਜੀ ਹਾਂ।

199. ਸਵਾਲ : ਅਖੰਡ ਪਾਠ, ਸਪਤਾਹ ਪਾਠ ਅਥਵਾ ਸਧਾਰਨ ਪਾਠ ਦੀ ਸਮਾਪਤੀ ਪਿਛੋਂ ਮਹਾਰਾਜ ਨੂੰ ਨਵੇਂ ਪੁਸ਼ਾਕੇ ਪਹਿਨਾਣਾ ਤੇ ਉਸ ਸਮੇਂ ' ਪ੍ਰੇਮ ਪਟੋਲਾ ਤੈ ਸਹਿ ਦਿਤਾ ..... ' ਸ਼ਬਦ ਦਾ ਪੜ੍ਹੇ ਜਾਣਾ, ਕੀ ਇਹ ਜ਼ਰੂਰੀ ਰਸਮ ਹੈ ? ਵੇਖਣ ਵਿਚ ਆਇਆ ਹੈ ਕਿ ਕਈ ਲਾਲਚੀ ਗ੍ਰੰਥੀ ਪਹਿਲੇ ਚੜ੍ਹੇ ਹੋਏ ਰੁਮਾਲਿਆਂ ਵਿਚੋਂ ਹੀ ਕੋਈ ਰੁਮਾਲ ਲਿਆ ਕੇ ਚੜ੍ਹਾ ਦਿੰਦੇ ਹਨ ਤੇ ਰੁਮਾਲੇ ਦੀ ਕੀਮਤ ਆਪਣੀ ਜੇਬ ਵਿਚ ਪਾ ਲੈਂਦੇ ਹਨ। ਇਸ ਬਾਰੇ ਗੁਰਮਤਿ ਕੀ ਕਹਿੰਦੀ ਹੈ?

ਜਵਾਬ : ਗੁਰਮਤਿ ਤਾਂ ਗ੍ਰੰਥੀ ਸਿੰਘਾਂ ਨੂੰ ਅਜਿਹੇ ਕਰਮ ਦੀ ਇਜ਼ਾਜ਼ਤ ਨਹੀਂ ਦਿੰਦੀ, ਇਹ ਘੋਰ ਨਿੰਦਨੀਯ ਕਰਮ ਹੈ ਅਤੇ ਸਿੱਖੀ ਦੀ ਸ਼ਾਨ ਦੇ ਇਕ ਦਮ ਉਲਟ ਹੈ। ਰੁਮਾਲਾ ਚੜ੍ਹਾਣ ਸਮੇਂ ' ਪ੍ਰੇਮ ਪਟੋਲਾ ਤੈ ਸਹਿ ਦਿਤਾ.... ' ਸ਼ਬਦ ਪੜਨਾ ਭੀ ਮਨਮਤ ਹੈ, ਇਸ ਸ਼ਬਦ ਦਾ ਸਬੰਧ ਰੁਮਾਲਾ ਚੜ੍ਹਾਣ ਨਾਲ ਨਹੀਂ ਹੈ। ਇਸ ਸ਼ਬਦ ਵਿਚ ਆਤਮਕ ਅਵਸਥਾ ਦਾ ਬਿਆਨ ਹੈ। ਇਸ ਦੇ ਅਰਥ ਹਨ :

" ਮੇਰੀ ਨਾਨਕ ਦੀ ਇੱਜਤ ਢਕੀ ਰਖਣ ਲਈ ਹੇ ਪ੍ਰਭੂ ! ਤੂੰ ਮਾਲਕ ਨੇ ਮੈਨੂੰ ਆਪਣਾ ' ਪਿਆਰ' ਰੂਪ ਰੇਸ਼ਮੀ ਕੱਪੜਾ ਦਿਤਾ ਹੈ, ਤੂੰ ਮੇਰੇ ਦਿਲ ਦੀ ਜਾਨਣ ਵਾਲਾ ਹੈ, ਮੈਂ ਤੇਰੀ ਕਦਰ ਨਹੀਂ ਜਾਤੀ।"

ਰਹਿਤ ਮਰਯਾਦਾ ਅਨੁਸਾਰ ਪਾਠ ਦੀ ਸਮਾਪਤੀ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲੋੜ ਅਨੁਸਾਰ ਰੁਮਾਲੇ , ਚੌਰ ਚਾਨਣੀ ਆਦਿ ਦੀ ਭੇਟਾ ਅਤੇ ਪੰਥਕ ਕਾਰਜਾਂ ਲਈ ' ਯਥਾ-ਸ਼ਕਤਿ ' ਅਰਦਾਸ ਕਰਾਈ ਜਾਣੀ ਯੋਗ ਹੈ।

ਸੋ ਸਪਸ਼ਟ ਹੈ ਕਿ ਜ਼ਰੂਰੀ ਨਵੇਂ ਪੁਸ਼ਾਕੇ ਪਹਿਨਾਣੇ ਹੀ ਮਰਯਾਦਾ ਨਹੀਂ ਹੈਂ, ਯਥਾ-ਸ਼ਕਤਿ ਅਤੇ ਲੋੜ ਮੂਜਬ ਹੀ ਸੇਵਾ ਵਿਚ ਹਿਸਾ ਪਾਇਆ ਜਾਵੇ। ਦੇਖਾ ਦੇਖੀ ਦੇ ਕੰਮ ਨਾ ਕੀਤੇ ਜਾਣ। ਅਸੀਂ ਜਾਣਦੇ ਹੀ ਹਾਂ ਕਿ ਪਹਿਲਾਂ ਹੀ ਰੁਮਾਲਿਆਂ ਦੀ ਕਾਫੀ ਕੁਵਰਤੋਂ ਹੋ ਰਹੀ ਹੈ। ਚੰਗਾ ਤਾਂ ਇਹੋ ਹੈ ਕਿ ਇਹ ਕੁਵਰਤੋਂ ਰੋਕਣ ਲਈ ਸਾਨੂੰ ਮਾਇਆ ਪੰਥਕ ਕਾਰਜਾਂ ਲਈ ਦੇ ਦੇਣੀ ਚਾਹੀਦੀ ਹੈ।

200. ਸਵਾਲ: ਕੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਅਗੇ ਸੰਖ ਵਜਾਉਣਾ ਠੀਕ ਹੈ?

ਜਵਾਬ : ਗੁਰੂ ਪੰਥ ਦੀ ਥਾਪੀ ਹੋਈ ਮਰਯਾਦਾ ਅਨੁਸਾਰ ਗੁਰੂ ਸਾਹਿਬ ਦੀ ਸਵਾਰੀ ਅਗੇ ਨਗਾਰਾ, ਨਿਸ਼ਾਨ ਹੀ ਸ਼ੋਭਾ ਦੇਂਦਾ ਹੈ, ਸੰਖ ਨਹੀਂ।

201. ਸਵਾਲ : ਗਹਿਣਿਆਂ ਬਾਰੇ ਸਿੱਖ ਧਰਮ ਦੇ ਕੀ ਵੀਚਾਰ ਹਨ?

ਜਵਾਬ : ਸਿੱਖ ਧਰਮ ਸਾਦਗੀ ਤੇ ਜ਼ੋਰ ਦੇਂਦਾ ਹੈ। ਜੋ ਇਸਤ੍ਰੀ ਪੁਰਸ਼ ਆਪਣੇ ਤਾਈ ਸ਼ਿੰਗਾਰਣ ਲਈ ਗਹਿਣੇ ਪਹਿਨਦੇ ਹਨ, ਉਹ ਵਿਅਰਥ ਹੀ ਧਨ ਦਾ ਨਾਸ ਕਰਦੇ ਹਨ। ਸਿੱਖਾਂ ਲਈ ਅਸਲ ਗਹਿਣਾ ਕਰਤਾਰ ਦਾ ਸਿਮਰਨ, ਸਦਾਚਾਰ ਅਤੇ ਸ਼ਸਤ੍ਰ ਹਨ। ਗੁਰਬਾਣੀ ਦਾ ਫੁਰਮਾਣ ਹੈ :

ਨਾਮ ਸਚੇ ਕਾ ਗਹਿਣਾ (ਮਾਝ ਮਹਲਾ ੫)

202. ਸਵਾਲ : ਰਹਿਤਨਾਮਾ ਭਾਈ ਦਯਾ ਸਿੰਘ ਜੀ ਵਿਚ ਲਿਖਿਆ ਹੈ—

'ਗੁਰੂ ਕਾ ਸਿੱਖ— ਮਟ, ਬੁਤ, ਤੀਰਥ, ਦੇਵੀ, ਦੇਵਤਾ, ਬਰਤ, ਪੂਜਾ, ਅਰਚਾ, ਮੰਤ੍ਰ ਜੰਤ੍ਰ, ਪੀਰ, ਬ੍ਰਾਹਮਣ, ਪੁਛਣਾ , ਸੁਖਣਾ, ਤਰਪਨ, ਗਾਯਤ੍ਰੀ ਕਿਤੇ ਵਲ ਚਿਤ ਦੇਵੇ ਨਾਹੀਂ ।' ਇਸ ਵਿਚ ਜੰਤ੍ਰ ਮੰਤ੍ਰ, ਪੀਰ, ਪੁਛਣਾ ਸੁਖਣਾ ਆਦਿ ਦਾ ਕੀ ਅਰਥ ਹੈ?

ਜਵਾਬ: ਜੰਤ੍ਰ-ਮੰਤ੍ਰ ਤੋਂ ਭਾਵ ਹੈ ਸੋਨੇ, ਚਾਂਦੀ, ਤਾਂਬੇ ਆਦਿ ਦੇ ਤਵੀਤ ਵਿਚ ਕੁਝ ਮੰਤਰ ਮੜ੍ਹ ਕੇ ਬਾਂਹ ਉਤੇ ਜਾਂ ਗਲੇ ਬੰਨਣਾ । ਇਹ ਸਿੱਖੀ ਸਿਧਾਂਤਾਂ ਦੇ ਵਿਰੁਧ ਹੈ। ' ਵਾਹਿਗੁਰੂ ਤੋਂ ਉਪਰ ਕੋਈ ਮੰਤ੍ਰ ਜੰਤ੍ਰ ਨਹੀਂ।

ਪੀਰ - ਕਈ ਧਰਮੋਂ ਪਤਿਤ ਇਸਤਰੀਆਂ ਤੇ ਪੁਰਸ਼ ਨਗਾਹੇ ਆਦਿਕ ਸਥਾਨਾਂ ਵਿਚ ਜਾ ਕੇ ਪੀਰਾਂ ਦੀਆਂ ਕਬਰਾਂ ਅਤੇ ਥਾਨ ਆਦਿ ਪੂਜਦੇ ਹਨ, ਉਥੇ ਚੜ੍ਹਾਈ ਸ਼ੀਰਨੀ ਖਾਂਦੇ ਹਨ, ਜੋ ਪੂਰੇ ਤਨਖਾਹੀਏ ਹਨ।

ਪੁਛਣਾ - ਕਈ ਚਤੁਰ ਇਸਤ੍ਰੀ ਪੁਰਸ਼ ਆਪਣੇ ਵਿਚ ਕੋਈ ਪੀਰ, ਭੂਤ ਅਥਵਾ ਦੇਵਤਾ ਬੋਲਦਾ ਦਸ ਕੇ ਮੂਰਖਾਂ ਨੂੰ 'ਪੁਛ' ਦਾ ਉੱਤਰ ਦੇ ਕੇ ਧਨ ਠਗਦੇ ਹਨ। ਸਿੱਖਾਂ ਨੂੰ ਐਸੇ ਠਗਾਂ ਤੋਂ ਬਚਣ ਦੀ ਤਾਕੀਦ ਕੀਤੀ ਗਈ ਹੈ।

ਸੁਖਣਾ- ਇਸ ਦਾ ਅਰਥ ਹੈ ਮੰਨਤ। ਸੁਖ ਦੀ ਪ੍ਰਾਪਤੀ ਅਤੇ ਕਸ਼ਟ ਦੂਰ ਕਰਨ ਲਈ ਕਿਸੇ ਦੇਵੀ ਦੇਵਤੇ ਜਾਂ ਗੁਰੂ ਨੂੰ ਕਿਸੇ ਭੇਟਾ ਦੇਣ ਦੀ ਪ੍ਰਤਿਗਿਆ ਕਰਨੀ। ਜੇ ਮੇਰਾ ਅਮੁਕਾ ਕੰਮ ਹੋ ਜਾਵੇ ਤਦ ਮੈਂ ਇਤਨੇ ਰੁਪਏ ਦਾ ਕੜਾਹ ਪ੍ਰਸ਼ਾਦਿ ਕਰਾਂਵਾਂਗਾ, ਗੁਰੂ ਗ੍ਰੰਥ ਸਾਹਿਬ ਦਾ ਭੋਗ ਪਵਾਵਾਂਗਾ, ਲੰਗਰ ਚਲਾਵਾਂਗਾ ਆਦਿ। ਐਸਾ ਕਰਨਾ ਇਹ ਦਸਦਾ ਹੈ ਕਿ ਜੇ ਗੁਰੂ ਕੰਮ ਕਰ ਦੇਵੇ ਤਾਂ ਮੈਂ ਇਹ ਕਰਾਂਗਾ। ਸਿੱਖੀ ਵਿਚ ਅਰਦਾਸ ਦਾ ਵਿਧਾਨ ਤਾਂ ਹੈ ਪਰ ਸੁਖਣਾ ਲਈ ਕੋਈ ਥਾਂ ਨਹੀਂ। ਸ਼ੋਕ ਹੈ ਉਨ੍ਹਾਂ ਸ੍ਵਾਰਥੀ ਆਗੂਆਂ ਤੇ ਗ੍ਰੰਥੀਆਂ ਪੁਰ ਜੋ ਪੈਸੇ ਦੇ ਲਾਲਚ ਵਿਚ ਐਸੀਆਂ ਅਰਦਾਸਾਂ ਕਰਦੇ ਫਿਰਦੇ ਹਨ।

34. ਸਵਾਲ: ਕੁੱਠਾ ਹੁੱਕਾ ਚਰਸ ਤਮਾਕੂ।।
ਗਾਂਜਾ ਟੋਪੀ ਤਾੜੀ ਖਾਕੂ।।
ਇਨ ਕੀ ਓਰ ਨਾ ਕਬਹੂੰ ਦੇਖੈ।।
ਰਹਤਵੰਤ ਸੁ ਸਿੰਘ ਵਿਸੇਖੈ।।

(ਰਹਿਤਨਾਮਾ ਭਾਈ ਦੇਸਾ ਸਿੰਘ)

ਇਸ ਰਹਿਤਨਾਮੇ ਵਿਚ ਟੋਪੀ, ਤਾੜੀ, ਖਾਕੂ ਦਾ ਕੀ ਅਰਥ ਹੈ?

ਜਵਾਬ: ਟੋਪੀ ਦਾ ਅਰਥ ਹੈ ਚਿਲਮ। ਤਾੜੀ ਦਾ ਅਰਥ ਹੈ ਤਾੜ ਦੀ ਮਦਿਰਾ (ਸ਼ਰਾਬ)। ਖਾਕੂ ਦਾ ਅਰਥ ਹੈ ਚੰਡੂ, ਅਫੀਮ ਦਾ ਧੂੰਆਂ ਤਮਾਕੂ ਵਾਂਗ ਪੀਣਾ।

204. ਸਵਾਲ: ਕੀ ਡੇਰਾ ਬਾਬਾ ਵਡਭਾਗ ਸਿੰਘ ਹਿਮਾਚਲ ਪ੍ਰਦੇਸ਼ ਵਿਖੇ ਅੰਮ੍ਰਿਤਧਾਰੀ ਸਿੱਖਾਂ ਨੂੰ ਜਾਣਾ ਚਾਹੀਦਾ ਹੈ?

ਜਵਾਬ: ਅਜਿਹੇ ਡੇਰਿਆਂ ਤੇ ਜਿਥੇ ਗੁਰਮਤਿ ਵਿਰੋਧੀ ਕੰਮ ਜਿਵੇਂ ਡੋਲੀਆਂ ਖਿਡਾਉਣਾ, ਸਿਰ ਫੇਰਨਾ, ਜਿਨਿ ਭੂਤ ਕਢਣੇ ਆਦਿ ਹੁੰਦੇ ਹੋਣ ਉਥੇ ਅੰਮ੍ਰਿਤਧਾਰੀ ਸਿੱਖਾਂ ਨੂੰ ਜਾਣਾ ਸ਼ੋਭਾ ਨਹੀਂ ਦੇਂਦਾ। ਗੁਰਮਤਿ ਇਹਨਾਂ ਕੰਮਾ ਦੀ ਮਨਾਹੀ ਕਰਦੀ ਹੈ।

205. ਸਵਾਲ: ਕਈ ਲੋਕ ਗੁਰਦੁਆਰਿਆਂ ਤੋਂ ਰੁਮਾਲੇ ਲਿਆ ਕੇ ਉਹਨਾਂ ਦੇ ਪੋਣੇ ਜਾਂ ਬਚਿਆਂ ਦੀਆਂ ਫਰਾਕਾਂ ਬਣਾ ਲੈਂਦੇ ਹਨ, ਕੀ ਇਹ ਠੀਕ ਹੈ?

ਜਵਾਬ: ਰੁਮਾਲਿਆਂ ਦੀ ਵਰਤੋਂ ਅਜੇਹੇ ਕੰਮਾਂ ਲਈ ਵਰਜਿਤ ਹੈ। ਜੇ ਗੁਰਦੁਆਰਾ ਸਾਹਿਬ ਵਿਖੇ ਰੁਮਾਲੇ ਜਿਆਦਾ ਹੋਣ ਤਾਂ ਲੋੜਵੰਦ ਹੋਰ ਗੁਰਦੁਆਰਿਆਂ ਵਿਚ ਭੇਜ ਦਿਤੇ ਜਾਣ। ਰੁਮਾਲਿਆਂ ਨੂੰ ਧਾਰਮਿਕ ਪੋਥੀਆਂ, ਗੁਟਕਿਆਂ ਸੈਂਚੀਆਂ ਉਪਰ ਚੜ੍ਹਾਉਣ ਲਈ ਵਰਤਿਆ ਜਾ ਸਕਦਾ ਹੈ।

206. ਸਵਾਲ: ਕੀ ਅਖੰਡ ਪਾਠ ਚਲਦੇ ਵਿਚ ਉਸੇ ਜਗ੍ਹਾ ਸਪੀਕਰ ਵਿਚ ਰਹਰਾਸਿ ਜਾਂ ਨਿਤਨੇਮ ਦਾ ਪਾਠ ਕਰਨਾ ਠੀਕ ਹੈ?

ਜਵਾਬ: ਇਕ ਸਥਾਨ ਤੇ ਇਕੋ ਸਮੇਂ ਇਕੋ ਗਲ ਹੋਣੀ ਚਾਹੀਦੀ ਹੈ, ਗੁਰਬਾਣੀ ਦਾ ਪਾਠ, ਕੀਰਤਨ, ਕਥਾ ਜਾਂ ਲੈਕਚਰ। ਅਖੰਡ ਪਾਠ ਵੀ ਗੁਰਬਾਣੀ ਦਾ ਹੀ ਹੋ ਰਿਹਾ ਹੈ ਤਾਂ ਫਿਰ ਨਿਤਨੇਮ ਜਾਂ ਰਹਰਾਸਿ ਦੀ ਬਾਣੀ ਉਸੇ ਸਥਾਨ ਤੇ ਪੜ੍ਹਣ ਨਾਲ ਅਖੰਡ ਪਾਠ ਦੀ ਗੁਰਬਾਣੀ ਪੜ੍ਹਣ ਦਾ ਮਕਸਦ ਨਹੀਂ ਰਹਿ ਜਾਂਦਾ। ਜੇ ਪਾਠ ਰਖਿਆ ਹੈ ਤਾਂ ਪਾਠ ਹੀ ਸੁਣਨਾ ਜਾਂ ਕਰਨਾ ਚਾਹੀਦਾ ਹੈ। ਜੋ ਨਿਤਨੇਮ ਕਰਨਾ ਹੈ ਉਹ ਵਖਰੀ ਥਾਂ ਤੇ ਹੋਵੇ ਤਾਂਕਿ ਪਾਠ ਕਰਨ ਤੇ ਸੁਣਨ ਵਾਲਿਆਂ ਦੀ ਸੁਰਤੀ ਬਿਰਤੀ ਵਿਚ ਫਰਕ ਨਾ ਪਵੇ।

207. ਸਵਾਲ: ਜਿਸ ਪ੍ਰੇਮੀ ਨੇ ਗੁਰੂ ਗਰੰਥ ਸਾਹਿਬ ਦੀ ਪਾਵਨ ਸਵਾਰੀ ਸਿਰ ਤੇ ਚੁਕੀ ਹੋਵੇ ਕੀ ਉਸ ਦੇ ਪੈਰਾਂ ਨੂੰ ਹਥ ਲਾਉਣਾ ਜਾਂ ਉਸ ਨੂੰ ਮਥਾ ਟੇਕਣਾ ਯੋਗ ਹੈ?

ਜਵਾਬ: ਮਥਾ ਕੇਵਲ ਗੁਰੂ ਗਰੰਥ ਸਾਹਿਬ ਨੂੰ ਟੇਕਣਾ ਹੈ, ਕਿਸੇ ਵਿਅਕਤੀ ਨੂੰ ਨਹੀਂ। ਕਿਸੇ ਵੀ ਪ੍ਰਾਣੀ ਦੇ ਪੈਰਾਂ ਨੂੰ ਹਥ ਲਾਉਣਾ ਸਿੱਖ ਮਰਯਾਦਾ ਦੇ ਵਿਰੁਧ ਹੈ। ਸਿੱਖੀ ਵਿਚ ਫਤਹਿ ਬੁਲਾਉਣ ਦਾ ਵਿਧਾਨ ਹੈ।

208. ਸਵਾਲ: ਕੀ ਗੁਰਦੁਆਰਿਆਂ ਵਿਚ ਸੰਗਤਾਂ ਲਈ ਵਖਰਾ ਤੇ ਪਾਠੀ ਸਿੰਘਾਂ, ਪਰਚਾਰਕਾਂ ਜਾਂ ਪ੍ਰਬੰਧਕਾਂ ਲਈ ਵਖਰਾ ਲੰਗਰ ਸਜਾਇਆ ਜਾ ਸਕਦਾ ਹੈ?

ਜਵਾਬ: ਲੰਗਰ ਸਭ ਲਈ ਇਕ ਹੀ ਹੋਣਾ ਚਾਹੀਦਾ ਹੈ। ਲੰਗਰ ਦਾ ਵਖਰੇਵਾਂ ਗੁਰਮਤਿ ਦੇ ਵਿਰੁਧ ਹੈ।

209. ਸਵਾਲ: ਕਈ ਲੋਕ ਸ਼ਰਧਾ ਵਸ ਘਰਾਂ ਦੇ ਬਾਹਰ ਗੁਰੂ ਨਾਨਕ ਨਿਵਾਸ ਜਾਂ ਦਸ਼ਮੇਸ਼ ਨਿਵਾਸ ਲਿਖਵਾ ਦੇਂਦੇ ਹਨ, ਕੀ ਐਸਾ ਕਰਨਾ ਠੀਕ ਹੈ?

ਜਵਾਬ: ਗੁਰੂ ਸਾਹਿਬ ਦੇ ਨਾਮ ਦੀ ਐਸ ਸਸਤੀ ਵਰਤੋਂ ਨਹੀਂ ਹੋਣੀ ਚਾਹੀਦੀ ਕਿਉਂਕਿ ਇਹਨਾਂ ਨਿਵਾਸਾਂ ਵਿਚ ਅਸੀਂ ਗੁਰੂ ਸਾਹਿਬਾਂ ਦੀ ਹਸਤੀ ਤੇ ਵਡਿਆਈ ਮੁਤਾਬਿਕ ਪੂਰੇ ਨਹੀਂ ਉਤਰ ਸਕਦੇ। ਕੁਝ ਲੋਕ ਵਪਾਰਕ ਸੰਸਥਾਵਾਂ ਦੇ ਨਾਮ ਵੀ ਐਸੇ ਹੀ ਰਖ ਲੈਂਦੇ ਹਨ, ਜੋ ਠੀਕ ਨਹੀਂ ਹੈ। ਕਿਉਂਕਿ ਉਹਨਾਂ ਹੀ ਵਪਾਰਕ ਸੰਸਥਾਵਾਂ ਵਿਚ ਫਿਰ ਬੇਈਮਾਨੀ ਤੇ ਝੂਠ ਦਾ ਆਸਰਾ ਲਿਆ ਜਾਂਦਾ ਹੈ। ਗੁਰੂ ਸਾਹਿਬ ਦਾ ਨਿਵਾਸ ਆਪਣੇ ਹਿਰਦੇ ਵਿਚ ਕਰਾਉਣਾ ਹੈ ਤਾਂ ਕਿ ਸਾਡਾ ਹਿਰਦਾ ਸ਼ੁਧ ਹੋ ਜਾਵੇ ਤੇ ਵਿਕਾਰਾਂ ਦੀ ਮੈਲ ਖਤਮ ਹੋ ਜਾਵੇ।

210. ਸਵਾਲ: ਕਈ ਵਾਰੀ ਹੁਕਮਨਾਮਾ ਲੈਣ ਸਮੇਂ ਲੋਕ ਸੋਰਠ ਮਹਲਾ ੫ ਤੋਂ ਬਾਅਦ ਕਹਿਣ ਲਗਦੇ ਹਨ ਧੰਨ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ, ਕੀ ਐਸਾ ਕਹਿਣਾ ਠੀਕ ਹੈ?

ਜਵਾਬ: ਸੋਰਠ ਮਹਲਾ ੫ ਤੋਂ ਬਾਅਦ ਬਾਣੀ ਅਰੰਭ ਹੋ ਜਾਂਦੀ ਹੈ ਤੇ ਬਾਣੀ ਤੋਂ ਪਹਿਲਾਂ ਆਪਣੇ ਕੋਲੋ ਕੋਈ ਵਾਰਤਕ ਪੜ੍ਹਣੀ ਸ਼ੋਭਾ ਨਹੀਂ ਦਿੰਦੀ। ਹੁਕਮ ਲੈਣ ਸਮੇਂ ਪਹਿਲੇ ਮੂਲਮੰਤਰ ਦਾ ਪਾਠ ਕਰਨਾ ਚਾਹੀਦਾ ਹੈ, ਫਿਰ ਗੁਰੂ ਉਸਤਤੀ ਦਾ ਇਕ ਸਲੋਕ ਤੇ ਫਿਰ ਹੁਕਮ ਲੈਣਾ ਚਾਹੀਦਾ ਹੈ।

211. ਸਵਾਲ: ਕਈ ਸਿੰਘ ਸਿੰਘਣੀਆਂ ਕੰਘਾਂ, ਕੇਸਾਂ ਵਿਚ ਰਖਣ ਦੀ ਥਾਂ ਕਿਰਪਾਨ ਨਾਲ ਬੰਨ੍ਹ ਰਖਦੇ ਹਨ। ਕੀ ਐਸਾ ਕਰਨਾ ਠੀਕ ਹੈ?

ਜਵਾਬ: ਕੰਘਾ ਰਖਣ ਦਾ ਸਹੀ ਥਾਂ ਕੇਸ ਹੀ ਹਨ। ਜਿਵੇ ਕੜਾ ਬਾਂਹ ਵਿਚ ਹੀ ਸ਼ੋਭਦਾ ਹੈ।

212. ਸਵਾਲ: ਗੁਰਦੁਆਰੇ ਵਿਚ ਅੰਮ੍ਰਿਤ ਵੇਲੇ ਸੁਖਮਨੀ ਸਾਹਿਬ ਦਾ ਪਾਠ ਹੋਣਾ ਚਾਹੀਦਾ ਹੈ ਜਾਂ ਨਿਤਨੇਮ ਦਾ?

ਜਵਾਬ: ਨਿਤਨੇਮ ਦਾ ਪਾਠ ਹੋਣਾ ਚਾਹੀਦਾ ਹੈ ਤਾਂ ਕਿ ਜੋ ਨਿਤਨੇਮ ਦਾ ਪਾਠ ਆਪ ਨਹੀਂ ਕਰ ਸਕਦੇ ਉਹ ਸੰਗਤ ਰੂਪ ਵਿਚ ਸੁਣ ਲੈਣ। ਨਿਤਨੇਮ ਦਾ ਪਾਠ ਹਰ ਸਿੱਖ ਲਈ ਜ਼ਰੂਰੀ ਹੈ। ਸੁਖਮਨੀ ਸਾਹਿਬ ਦਾ ਪਾਠ ਕਿਸੇ ਸਮੇਂ ਵੀ ਕ਼ੀਤਾ ਜਾ ਸਕਦਾ ਹੈ। ਪਰ ਨਿਤਨੇਮ ਦੇ ਪਾਠ ਤੋਂ ਸਿੱਖ ਨੂੰ ਛੋਟ ਨਹੀਂ ਮਿਲ ਸਕਦੀ।

213. ਸਵਾਲ: ਕਈ ਵਾਰੀ ਗੁਰਸਿੱਖ ਲੜਕੀਆਂ ਜੋ ਅੰਮ੍ਰਿਤਧਾਰੀ ਨਿਤਨੇਮੀ ਗੁਰਮਤਿ ਦੀਆਂ ਧਾਰਨੀ ਹੁੰਦੀਆਂ ਹਨ, ਦੇ ਮਾਪੇ ਉਹਨਾਂ ਦਾ ਵਿਆਹ ਅਨਮਤੀਆਂ ਨਾਲ ਜਾਂ ਬੇ-ਅੰਮ੍ਰਿਤੀਆਂ ਨਾਲ ਜਾਂ ਦਾੜ੍ਹੀ ਕੇਸਾਂ ਦੀ ਬੇਅਦਬੀ ਕਰਨ ਸ਼ਰਾਬ ਪੀਣ ਤੇ ਵਿਭਚਾਰ ਕਰਨ ਵਾਲੇ ਕੁਕਰਮੀ ਲੜਕਿਆਂ ਨਾਲ ਜ਼ਬਰੀਂ ਕਰ ਦਿੰਦੇ ਹਨ ਤੇ ਜੇ ਪੁਛੋ ਤਾਂ ਜੁਆਬ ਦਿੰਦੇ ਹਨ ਕਿ ਰਿਸ਼ਤੇ ਲਭਦੇ ਨਹੀਂ, ਅਸੀਂ ਕੀ ਕਰੀਏ? ਇਹੋ ਜਹੇ ਸਮੇਂ ਲੜਕੀਆਂ ਦਾ ਕੀ ਫਰਜ਼ ਬਣਦਾ ਹੈ?

ਜਵਾਬ: ਜੇ ਰਿਸ਼ਤਾ ਲੜਕੀ ਨੂੰ ਇਸ ਕਰਕੇ ਪਰਵਾਨ ਨਾ ਹੋਵੇ ਕਿ ਲੜਕੇ ਵਿਚ ਉਪਰੋਕਤ ਔਗੁਣ ਹਨ ਤੇ ਲੜਕਾ ਸਿੱਖੀ ਰਵਾਇਤਾਂ ਤੇ ਪੂਰਾ ਨਹੀਂ ਉਤਰਦਾ; ਉਸ ਰਿਸ਼ਤੇ ਨੂੰ ਲੜਕੀ ਵਲੋਂ ਠੁਕਰਾ ਦੇਣਾ ਹੀ ਲੜਕੀ ਦਾ ਧਰਮ ਹੈ। ਕਿਉਂਕਿ ਐਸੇ ਮੌਕੇ ਤੇ ਚੁਪ ਰਹਿਣ ਜਾਂ ਰਿਸ਼ਤਾ ਪ੍ਰਵਾਨ ਕਰ ਲੈਣ ਦਾ ਮਤਲਬ ਜੀਵਨ ਨੂੰ ਸਦਾ ਲਈ ਦੁਖਾਂ ਕਸ਼ਟਾਂ ਵਿਚ ਪਾਉਣਾ ਹੈ। ਲੜਕੀ ਦੇ ਮਾਤਾ ਪਿਤਾ ਦਾ ਵੀ ਇਹ ਫਰਜ਼ ਬਣ ਜਾਂਦਾ ਹੈ ਕਿ ਉਹ ਆਪਣੀਆਂ ਲੜਕੀਆਂ ਤੇ ਤਰਸ ਕਰਨ ਤੇ ਯੋਗ ਵਰ ਦੀ ਤਲਾਸ਼ ਕਰਨ ਜੋ ਸਿੱਖੀ ਵਿਚ ਪ੍ਰਪੱਕ ਹੋਵੇ।

214. ਸਵਾਲ: ਕੀ ਅੰਮ੍ਰਿਤਧਾਰੀ ਸਿੱਖ ਨੂੰ ਵਿਆਹ ਸਮੇਂ ਮਾਈਆਂ ਲਗਾਣਾ ਜ਼ਰੂਰੀ ਹੈ?

ਜਵਾਬ: ਨਹੀਂ ਜੀ। ਬੇਲੋੜੀਆਂ ਤੇ ਵਾਧੂ ਦੀਆਂ ਰਸਮਾਂ ਵਾਸਤੇ ਅੰਮ੍ਰਿਤਧਾਰੀ ਸਿੱਖ ਦੇ ਜੀਵਨ ਵਿਚ ਕੋਈ ਥਾਂ ਨਹੀਂ।

215. ਸਵਾਲ: ਕੀ ਅੰਮ੍ਰਿਤਧਾਰੀ ਸਿੰਘ ਹੋਟਲ ਜਾਂ ਢਾਬੇ ਤੇ ਸਫਰ ਸਮੇਂ ਰੋਟੀ ਖਾ ਸਕਦਾ ਹੈ?

ਜਵਾਬ: ਜੇ ਸਿੱਖੀ ਤੋਂ ਖਿਵਰਜਤ ਕੋਈ ਚੀਜ਼ ਹੋਟਲ ਵਿਚ ਨਾ ਵਰਤੀ ਜਾਂਦੀ ਹੋਵੇ ਤੇ ਪੂਰਨ ਸਫਾਈ ਹੋਵੇ ਤਾਂ ਰੋਟੀ ਖਾਣ ਵਿਚ ਕੋਈ ਹਰਜ਼ ਨਹੀਂ।

216. ਸਵਾਲ: ਸੰਗਤ ਵਿਚ ਕੜਾਹ ਪ੍ਰਸ਼ਾਦਿ ਦੀ ਦੇਗ ਵਰਤਾਉਣ ਦੀ ਸੇਵਾ ਕੀ ਅੰਮ੍ਰਿਤਧਾਰੀ ਸਿੰਘ ਸਿੰਘਣੀਆਂ ਹੀ ਕਰ ਸਕਦੀਆਂ ਹਨ?

ਜਵਾਬ: ਚੰਗਾ ਤਾਂ ਇਹੀ ਹੈ ਕਿ ਅੰਮ੍ਰਿਤਧਾਰੀ ਹੀ ਇਹ ਸੇਵਾ ਨਿਭਾਉਣ ਪਰ ਜੇ ਕਿਸੇ ਸੰਗਤ ਵਿਚ ਅੰਮ੍ਰਿਤਧਾਰੀ ਨਾ ਹੀ ਮਿਲਣ ਤਾਂ ਮਜਬੂਰੀ ਦੀ ਹਾਲਤ ਵਿਚ ਇਹ ਸੇਵਾ ਦੂਸਰੇ ਸਿੱਖ ਵੀ ਕਰ ਸਕਦੇ ਹਨ, ਪਰ ਦਾੜ੍ਹੀ ਕੇਸਾਂ

ਦੀ ਬੇਅਦਬੀ ਕਰਨ ਵਾਲੇ ਜਾਂ ਹੋਰ ਕੁਰਹਿਤ ਕਰਨ ਵਾਲੇ ਨੂੰ ਸੇਵਾ ਨਹੀਂ ਦਿਤੀ ਜਾ ਸਕਦੀ।

217. ਸਵਾਲ: ਕੀ ਅੰਮ੍ਰਿਤਧਾਰੀ ਲੜਕੀ ਲਈ ਨਕਲੀ ਵਾਲ ਲਗਾਉਣਾ ਠੀਕ ਹੈ?

ਜਵਾਬ: ਨਹੀਂ ਜੀ! ਮਨਮਤਿ ਹੈ।

218. ਸਵਾਲ: ਕੀ ਹਰ ਗੁਰਦੁਆਰੇ ਵਿਚ ਗੁਰਮਤਿ ਲਾਇਬ੍ਰੇਰੀ ਹੋਣੀ ਜਰੂਰੀ ਹੈ?

ਜਵਾਬ: ਹਾਂ ਜੀ! ਗੁਰਮਤਿ ਲਾਇਬ੍ਰੇਰੀ ਗੁਰਦੁਆਰੇ ਦਾ ਅਟੁਟਵਾਂ ਅੰਗ ਹੈ।

219 .ਸਵਾਲ: ਸਾਡੇ ਪਿੰਡ ਵਿਚ ਇਕ ਅਨੰਦ ਕਾਰਜ ਦੇ ਮੌਕੇ ਤੇ ਇਕ ਪ੍ਰਚਾਰਕ ਨੇ ਦਸਿਆ ਕਿ ਅਨੰਦ ਕਾਰਜ ਅੰਮ੍ਰਿਤ ਵੇਲੇ ਹੋਣਾ ਚਾਹੀਦਾ ਹੈ, ਜਿਸ ਤੇ ਪਿੰਡ ਦੇ ਬਜੁਰਗਾਂ ਨੇ ਇਤਰਾਜ਼ ਕੀਤਾ ਅਤੇ ਕਿਹਾ ਕਿ ਅਨੰਦ ਕਾਰਜ ਦੁਪਹਿਰ ਦੇ ੧੨ ਵਜੇ ਤੋਂ ਪਹਿਲਾਂ ਕਿਸੇ ਸਮੇਂ ਵੀ ਕੀਤਾ ਜਾ ਸਕਦਾ ਹੈ। ਕਿਰਪਾ ਕਰਕੇ ਆਪ ਜੀ ਇਸ ਬਾਰੇ ਆਪਣੇ ਵਿਚਾਰ ਦੱਸੋ ?

ਜਵਾਬ: ਆਪ ਜੀ ਦੇ ਪਿੰਡ ਦੇ ਪ੍ਰਚਾਰਕ ਨੇ ਬਿਲਕੁਲ ਠੀਕ ਕਿਹਾ ਹੈ ਕਿ ਅਨੰਦ ਕਾਰਜ ਅੰਮ੍ਰਿਤ ਵੇਲੇ ਹੋਣਾ ਚਾਹੀਦਾ ਹੈ। ਪੁਰਤਾਨ ਸਿੱਖ ਇਤਿਹਾਸ ਵਿਚ ਕਿਤੇ ਐਸੀ ਮਿਸਾਲ ਨਹੀਂ ਮਿਲਦੀ ਕਿ ਕਿਸੇ ਨੇ ਦੁਪਹਿਰ ਦੇ ਸਮੇਂ ਅਨੰਦ ਕਾਰਜ ਕਰਾਇਆ ਹੋਵੇ। ਸਿੱਖ ਪੰਥ ਦੇ ਮਹਾਨ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਨੇ ਆਪਣੀ ਪੁਸਤਕ 'ਗੁਰਮਤ ਮਾਰਤੰਡ' ਵਿਚ ਜਿਕਰ ਕੀਤਾ ਹੈ ਕਿ ਅਨੰਦ ਕਾਰਜ ਉਸ ਸਮੇਂ ਹੋਣਾ ਚਾਹੀਦਾ ਹੈ ਜਿਸ ਸਮੇਂ ਗੁਰਦੁਆਰੇ ਵਿਚ ਆਸਾ ਦੀ ਵਾਰ ਦਾ ਭੋਗ ਪਵੇ, ਭਾਵ ਸਵੇਰੇ। ਵੈਸੇ ਵੀ ਵਿਚਾਰਨ ਵਾਲੀ ਗੱਲ ਹੈ ਕਿ ਗੁਰੂ ਰਾਮਦਾਸ ਜੀ ਨੇ ਲਾਵਾਂ ਦਾ ਪਾਠ ਸੂਹੀ ਰਾਗ ਵਿਚ ਲਿਖਿਆ ਹੈ ਅਤੇ ਸੂਹੀ ਰਾਗ ਦੇ ਪੜ੍ਹਨ ਦਾ ਸਮਾਂ ਵੀ ਅੰਮ੍ਰਿਤ ਵੇਲਾ ਹੈ। ਇਹ ਵੀ ਇਸ ਗੱਲ ਦਾ ਪ੍ਰਮਾਣ ਹੈ ਕਿ ਅਨੰਦ ਕਾਰਜ ਅੰਮ੍ਰਿਤ ਵੇਲੇ ਹੋਣਾ ਚਾਹੀਦਾ ਹੈ।

ਪਰ ਅੱਜ ਕੋਈ ਵਿਰਲਾ ਹੀ ਹੋਵੇਗਾ ਜੋ ਅੰਮ੍ਰਿਤ ਵੇਲੇ ਅਨੰਦ ਕਾਰਜ ਕਰਦਾ ਹੋਵੇ। ਆਮ ਤੌਰ ਤੇ ਲੋਕ ਪਹਿਲਾਂ ਹੋਰ ਦੁਨਿਆਵੀ ਰਸਮਾਂ ਵਿਚ ਸਾਰਾ ਸਮਾਂ ਲਾ ਕੇ ਅਖੀਰ ਰਾਗੀ ਸਿੰਘਾਂ ਨੂੰ ਕਹਿੰਦੇ ਹਨ ਕਿ ਹੁਣ ਪੌਣੇ ਬਾਰਾਂ ਵੱਜ ਗਏ ਹਨ, ਬਾਰਾਂ ਵਜੇ ਤੋਂ ਪਹਿਲਾਂ ਅਨੰਦ ਕਾਰਜ ਕਰਵਾ ਦਿਉ।

ਸ਼ਾਇਦ ਉਹ ਸਮਝਦੇ ਹਨ ਕਿ ੧੨ ਵਜੇ ਤੋਂ ਪਹਿਲਾਂ ਦਾ ਸਮਾਂ ਸ਼ੁਭ ਹੈ ਅਤੇ ੧੨ ਵਜੇ ਤੋਂ ਬਾਅਦ ਦਾ ਅਸ਼ੁਭ ਹੋ ਜਾਏਗਾ। ਇਸ ਗੱਲ ਦੀ ਸਮਝ ਨਹੀਂ ਆਉਂਦੀ ਕਿ ਅੰਮ੍ਰਿਤ ਵੇਲਾ ਖੁੰਝਾ ਕੇ ਜੇ ਪੌਣੇ ੧੨ ਵੱਜ ਹੀ ਗਏ ਹਨ ਤਾਂ ਇਕ ਗੁਰਸਿਖ ਲਈ ੧੨ ਤੇ ਸਾਢੇ ੧੨ ਵਿਚ ਕੀ ਫਰਕ ਰਹਿ ਜਾਂਦਾ ਹੈ? ਇਹ ਸਾਰੀਆਂ ਬ੍ਰਾਹਮਣੀ ਮੱਤ ਦੀਆਂ ਗੱਲਾਂ ਹਨ। ਵੈਸੇ ਤਾਂ ਗੁਰਸਿੱਖਾਂ ਦੇ ਅਨੰਦ ਕਾਰਜ ਅੰਮ੍ਰਿਤ ਵੇਲੇ ਹੀ ਸ਼ੋਭਦੇ ਹਨ ਪਰ ਜੇ ਕਿਸੇ ਮਜਬੂਰੀ ਕਾਰਨ ਲੇਟ ਹੋ ਜਾਈਏ ਤਾਂ ਸਮੇਂ ਦਾ ਕੋਈ ਵਹਿਮ ਨਹੀਂ ਕਰਨਾ ਚਾਹੀਦਾ।

220. ਸਵਾਲ: ਸਾਡੇ ਪਿੰਡ ਇਕ ਬਰਾਤ ਆਈ। ਜਦੋਂ ਅਨੰਦ ਕਾਰਜ ਦਾ ਸਮਾਂ ਆਇਆ ਤੇ ਬਰਾਤੀਆਂ ਨੇ ਇਤਰਾਜ਼ ਕੀਤਾ ਕਿ ਲਾਵਾਂ ਦੇ ਸਮੇਂ ਗ੍ਰੰਥੀ ਸਿੰਘ ਗੁਰੂ ਗਰੰਥ ਸਾਹਿਬ ਦੀ ਤਾਬਿਆ ਨਾ ਬੈਠੇ ਸਗੋਂ ਉਠ ਕੇ ਪਾਸੇ ਹੋ ਜਾਵੇ ਕਿਉਂਕਿ ਲੜਕੀ ਨੇ ਲਾਵਾਂ ਗਰੰਥੀ ਸਿੰਘ ਨਾਲ ਨਹੀਂ ਲੈਣੀਆਂ, ਖੈਰ ਸਮਝਾ ਬੁਝਾ ਕੇ ਉਹਨਾਂ ਨੂੰ ਸ਼ਾਂਤ ਕਰ ਦਿਤਾ ਤੇ ਲਾਵਾਂ ਮਰਾਯਾਦਾ ਅਨੁਸਾਰ ਹੋਈਆਂ! ਤੁਹਾਡਾ ਕੀ ਵੀਚਾਰ ਹੈ?

ਜਵਾਬ: ਲਾਵਾਂ ਦਾ ਭਾਵ ਹੈ ਆਪਣੇ ਇਸ਼ਟ ਤੋਂ ਵਾਰਨੇ ਜਾਣਾ, ਗੁਰੂ ਗਰੰਥ ਸਾਹਿਬ ਦੀਆਂ ਪ੍ਰਕਰਮਾ ਕਰਨ ਤੋਂ ਭਾਵ ਹੈ ਗੁਰੂ ਗਰੰਥ ਸਾਹਿਬ ਤੋਂ ਵਾਰਨੇ ਜਾਣਾ। ਗ੍ਰੰਥੀ ਸਿੰਘ ਦੀ ਸੇਵਾ ਤਾਂ ਲਾਵਾਂ ਦਾ ਪਾਠ ਕਰਨ ਦੀ ਹੁੰਦੀ ਹੈ। ਲੜਕਾ ਲੜਕੀ ਜੋ ਗੁਰੂ ਗਰੰਥ ਸਾਹਿਬ ਦੀ ਪ੍ਰਕਰਮਾ ਕਰਦੇ ਹਨ, ਉਹ ਗੁਰੂ ਤੋਂ ਵਾਰਨੇ ਜਾਂਦੇ ਹਨ। ਇਸ ਦਾ ਭਾਵ ਇਹ ਨਹੀਂ ਕਿ ਤਾਬਿਆ ਬੈਠੇ ਗ੍ਰੰਥੀ ਸਿੰਘ ਨਾਲ ਲਾਵਾਂ ਫੇਰੇ ਹੋ ਗਏ ਹਨ। ਸਿੱਖ ਮਤ ਦੀਆਂ ਲਾਵਾਂ ਤੇ ਅਨਮਤ ਦੇ ਫੇਰਿਆਂ ਦੇ ਆਸ਼ੇ ਤੇ ਮਨੋਰਥ ਵਿਚ ਢੇਰ ਅੰਤਰ ਹੈ।

221. ਸਵਾਲ: ਕੀ ਸਿੱਖਾਂ ਦੇ ਵਿਆਹ ਵਿਚ ਮਾਮਿਆਂ ਵਲੋਂ ਚੂੜੇ ਪਾਉਣੇ, ਘੁੰਡ ਕਢਣਾ, ਤੁਰਨ ਸਮੇਂ ਪੈਸਿਆਂ ਦੀ ਛਟ ਤੇ ਲਾਵਾਂ ਵੇਲੇ ਕੈਮਰਾਮੈਨ ਦਾ ਗੁਰੂ ਗਰੰਥ ਸਾਹਿਬ ਵਲ ਪਿਠ ਕਰਕੇ ਫੋਟੋ ਖਿਚਣਾ ਠੀਕ ਹੈ?

ਜਵਾਬ: ਇਹ ਸਭ ਰਸਮਾਂ ਸਿੱਖ-ਸਭਿਆਚਾਰ ਦੇ ਉਲਟ ਹਨ, ਜੋ ਨਹੀਂ ਹੋਣੀਆ ਚਾਹੀਦੀਆਂ । ਸਿੱਖਾਂ ਦੇ ਅਨੰਦ ਕਾਰਜ ਆਦਰਸ਼ਕ ਤੇ ਗੁਰਮਤਿ ਮਰਯਾਦਾ ਅਨੁਸਾਰ ਹੋਣੇ ਚਾਹੀਦੇ ਹਨ। ਫਜ਼ੂਲ ਦੇ ਰਸਮੋਂ ਰਿਵਾਜਾਂ ਨੂੰ ਹੁਣ ਤਿਲਾਂਜਲੀ ਦੇਣ ਦੀ ਲੋੜ ਹੈ। ਗੁਰੂ ਗਰੰਥ ਸਾਹਿਬ ਦਾ ਸਤਿਕਾਰ ਹਰ ਹਾਲਤ ਵਿਚ ਜ਼ਰੂਰੀ ਹੈ।

222. ਸਵਾਲ: ਘਰ ਵਿਖੇ 'ਅਖੰਡ ਪਾਠ' ਅਰੰਭ ਕਰਨ ਦੀ ਕੀ ਮਰਯਾਦਾ ਹੈ?

ਜਵਾਬ: ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਸਰੂਪ ਘਰ ਲਿਆ ਕੇ, ਅਰਦਾਸ ਕਰਕੇ ਹੁਕਮਨਾਮਾ ਲੈਣਾ ਚਾਹੀਦਾ ਹੈ। ਫਿਰ ਕੜਾਹ ਪ੍ਰਸ਼ਾਦਿ ਦੀ ਦੇਗ ਤਿਆਰ ਕਰਕੇ ਅਨੰਦ ਸਾਹਿਬ ਦੀਆਂ ਛੇ ਪਉੜੀਆਂ ਦਾ ਪਾਠ ਕਰਕੇ, ਅਰਦਾਸ ਕਰ ਕੇ, ਹੁਕਮਨਾਮਾ ਲੈ ਕੇ, ਉਪਰੰਤ ਪਾਠ ਅਰੰਭ ਕੀਤਾ ਜਾਵੇ। ਪਾਠ ਦੀ ਅਰੰਭਤਾ ਹੋ ਜਾਣ ਤੇ ਦੇਗ ਵਰਤਾਈ ਜਾਵੇ। ਧਿਆਨ ਰਹੇ ਕਿ ਸਫਾਈ, ਵਿਛਾਈ ਗੁਰੂ ਗਰੰਥ ਸਾਹਿਬ ਜੀ ਦੇ ਪਾਵਨ ਸਤਿਕਾਰ ਦੇ ਅਨੁਕੂਲ ਹੋਵੇ। ਘਰ ਦੇ ਸਾਰੇ ਮੈਂਬਰ ਰਲ ਕੇ ਪਾਠ ਆਪ ਕਰਨ ਜਾਂ ਸੁਣਨ।

223. ਸਵਾਲ: ਕੀ ਅਖੰਡ ਪਾਠ ਵੇਲੇ ਪਾਠੀ ਸਿੰਘ ਲਈ ਦਸਤਾਰ ਸਜਾਉਣੀ ਜ਼ਰੂਰੀ ਹੈ ਜਾਂ ਸਾਫ ਪਰਨਾ ਵੀ ਬੰਨ੍ਹਿਆ ਜਾ ਸਕਦਾ ਹੈ?

ਜਵਾਬ: ਜਦੋਂ ਅਸੀਂ ਕਿਧਰੇ ਦਫਤਰ ਜਾਂ ਰਿਸ਼ਤੇਦਾਰ ਦੇ ਘਰ ਜਾਂਦੇ ਹਾਂ ਕੀ ਸਾਫੇ ਪਰਨੇ ਬੰਨ੍ਹ ਕੇ ਜਾਂਦੇ ਹਾਂ? ਨਹੀਂ ਨਾ ਜਾਂਦੇ, ਤਾਂ ਫਿਰ ਸਚੇ ਪਾਤਸ਼ਾਹ ਦੀ ਹਜ਼ੂਰੀ ਵਿਚ ਕਿਉਂ ਨਾ ਤਿਆਰ ਬਰ ਤਿਆਰ ਹੋ ਕੇ ਦਸਤਾਰ ਸਜਾ ਕੇ ਜਾਈਏ। ਦਸਤਾਰ ਨਾਲ ਹੀ ਸਿੰਘ ਸ਼ੋਭਾ ਦਿੰਦਾ ਹੈ। ਸਾਫੇ ਨਾਲ ਨਹੀਂ।

224. ਸਵਾਲ: ਗੁਰਦੁਆਰੇ ਦੇ ਪ੍ਰਧਾਨ ਦੀ ਕੀ ਯੋਗਤਾ ਹੋਣੀ ਚਾਹੀਦੀ ਹੈ?

ਜਵਾਬ: ਅੰਮ੍ਰਿਤਧਾਰੀ, ਤਿਆਰ ਬਰ ਤਿਆਰ ਗੁਰਸਿੱਖ ਪੜ੍ਹਿਆ ਲਿਖਿਆ, ਈਮਾਨਦਾਰ, ਸ਼ਰੀਫ ਤੇ ਚੰਗੀ ਪਰਿਵਾਰਕ ਸ਼ਾਖ ਵਾਲਾ ਵਿਅਕਤੀ ਹੀ ਇਸ ਅਹੁਦੇ ਲਈ ਚੁਣਨਾ ਚਾਹੀਦਾ ਹੈ। ਕਿੰਨਾ ਚੰਗਾ ਹੋਵੇ ਜੇ ਗੁਰਦੁਆਰਾ ਪ੍ਰਬੰਧ ਲਈ ਪ੍ਰਧਾਨਗੀ ਸਿਸਟਮ ਨੂੰ ਛਡ ਕੇ ਪੰਜ ਮੈਂਬਰੀ ਪੰਚਾਇਤ ਸਿਸਟਮ ਲਾਗੂ ਕੀਤਾ ਜਾਵੇ। ਪੰਜ ਅੰਮ੍ਰਿਤਧਾਰੀ ਗੁਰਸਿੱਖ ਮਿਲ ਕੇ ਪੰਚਾਇਤ ਰੂਪ ਵਿਚ ਗੁਰਦੁਆਰਾ ਪ੍ਰਬੰਧ ਸੰਭਾਲਣ। ਇਸ ਨਾਲ ਚੌਧਰਾਂ ਦੇ ਝਗੜੇ ਕਾਫੀ ਹਦ ਤਕ ਘਟ ਜਾਣਗੇ।

225. ਸਵਾਲ: ਕੀ ਸਿੱਖ ਬਚਿਆਂ ਦੇ ਜਨਮ ਦਿਨ ਮਨਾਉਣ ਸਮੇਂ ਕੇਕ ਕਟਣੇ ਗੁਰਮਤਿ ਦੇ ਅਨੁਸਾਰ ਹਨ ਜਾਂ ਨਹੀਂ?

ਜਵਾਬ: ਨਹੀਂ ਜੀ। ਗੁਰੂ ਕੇ ਸਿੱਖ ਨੇ ਤਾਂ ਆਪਣੇ ਸਤਿਗੁਰੂ ਦਾ ਓਟ ਆਸਰਾ ਹੀ ਲੈਣਾ ਹੈ। ਅਜਿਹੇ ਮੌਕਿਆਂ ਤੇ ਸਤਿਗੁਰੂ ਦੀਆਂ ਅਸੀਸਾਂ ਹੀ ਲਾਹੇਵੰਦ ਹਨ।

ਪੂਤਾ ਮਾਤਾ ਕੀ ਆਸੀਸ ।।
ਨਿਮਖ ਨ ਬਿਸਰਉ ਤੁਮ੍ਹ ਕਉ ਹਰਿ ਹਰਿ,
ਸਦਾ ਭਜਹੁ ਜਗਦੀਸ ।। (ਪੰਨਾ ੪੯੬)

ਕੇਕ ਕਟਣ ਵਾਲੀ ਅੰਗਰੇਜੀ ਨਕਲ ਸਿੱਖੀ ਸਭਿਆਚਾਰ ਨਾਲ ਮੇਲ ਨਹੀਂ ਖਾਂਦੀ।

226. ਸਵਾਲ : ਇਥੇ ਕਈ ਪ੍ਰੀਵਾਰ ਸਿਗਰਟਾਂ ਵੇਚਦੇ ਹਨ ਤੇ ਉਹ ਗੁਰਦਵਾਰੇ ਦੀ ਕਮੇਟੀ ਦੇ ਮੈਂਬਰ ਵੀ ਹਨ। ਕੀ ਉਨ੍ਹਾਂ ਨਾਲ ਵਰਤਣਾ ਭਾਵ ਉਨ੍ਹਾਂ ਦੇ ਘਰੋਂ ਲੰਗਰ ਛਕਣਾ ਠੀਕ ਹੈ ਜਾਂ ਨਹੀਂ? ਤੰਬਾਕੂ ਵਰਤਣ ਵਾਲਾ ਸਿੱਖੀ ਤੋਂ ਪਤਿਤ ਹੈ, ਪਰ ਵੇਚਣ ਵਾਲਾ ਕੀ ਹੈ?

ਜਵਾਬ : ਜਿਵੇਂ ਵਿਭਚਾਰੀ ਹੋਣਾ ਅਤੇ ਵਿਭਚਾਰ ਦਾ ਧੰਦਾ ਕਰਨਾ ਇਕ ਸਮਾਨ ਹਨ, ਤਿਵੇਂ ਹੀ ਤੰਬਾਕੂ ਪੀਣਾ ਅਤੇ ਤੰਬਾਕੂ ਤੇ ਇਸ ਤੋਂ ਬਣੀਆਂ ਵਸਤਾਂ ਸਿਗਰਟ, ਬੀੜੀ, ਜ਼ਰਦਾ ਆਦਿ ਦਾ ਵਪਾਰ ਕਰਨਾ ਭੀ ਇਕ ਬਰਾਬਰ ਹੀ ਹੈ। ਸਿੱਖੀ ਵੇਸ ਵਿਚ ਅਜੇਹੇ ਵਪਾਰੀਆਂ ਤੇ ਲਾਹਨਤ ਹੈ ਜਿਹੜੇ ਸਿਖ ਸਿਧਾਂਤਾਂ ਦੀ ਮਿੱਟੀ ਪਲੀਤ ਕਰ ਰਹੇ ਹਨ। ਅਜੇਹੇ ਮੂਰਖਾਂ ਨੂੰ ਸਿੱਖ ਕਹਿਣਾ ਗੁਨਾਹ ਹੈ। ਸਿੱਖ ਸੰਗਤਾਂ ਨੂੰ ਗੁਰਦੁਆਰਾ ਕਮੇਟੀਆਂ ਵਿਚ ਅਜੇਹੇ ਭੇਖੀ ਬੰਦਿਆਂ ਨੂੰ ਬਿਲਕੁਲ ਨਹੀਂ ਰਖਣਾ ਚਾਹੀਦਾ। ਅਜੇਹੇ ਬੰਦਿਆਂ ਦਾ ਸਮਾਜਿਕ ਬਾਈਕਾਟ ਕਰਨਾ ਚਾਹੀਦਾ ਹੈ, ਉਨ੍ਹਾਂ ਦੇ ਘਰੋਂ ਲੰਗਰ ਛਕਣਾ ਤਾਂ ਇਕ ਪਾਸੇ ਰਿਹਾ। ਰਹਿਤਨਾਮੇਂ ਵਿਚ ਕੁੜੀਮਾਰ ਅਤੇ ਨੜੀਮਾਰ (ਹੁਕਾ ਅਥਵਾ ਤੰਬਾਕੂ ਪੀਣ ਵਾਲੇ) ਨਾਲ ਰੋਟੀ ਬੇਟੀ ਦੀ ਸਾਂਝ ਦੀ ਮਨਾਹੀ ਹੈ।

227. ਸਵਾਲ : ਆਨੰਦ ਕਾਰਜ ਵੇਲੇ ਹਰ ਲਾਂਵ ਦਾ ਪਾਠ ਸੁਣਨ ਲਈ ਲੜਕੇ ਲੜਕੀ ਲਈ ਖੜ੍ਹੇ ਹੋਣਾ ਕਿਉਂ ਜ਼ਰੂਰੀ ਹੈ?

ਜਵਾਬ : ਆਮ ਕਚਹਿਰੀਆਂ ਵਿਚ ਜਾਂ ਰਾਜਿਆਂ ਮਹਾਰਾਜਿਆਂ ਦੇ ਦਰਬਾਰੇ ਵਿਚ ਫਰਿਆਦ ਖੜ੍ਹੇ ਹੋ ਕੇ ਹੀ ਕੀਤੀ ਜਾਂਦੀ ਹੈ ਅਤੇ ਜੱਜ ਜਾਂ ਮਹਾਰਾਜੇ ਦਾ ਹੁਕਮ (ਆਦੇਸ਼) ਵੀ ਖੜ੍ਹੇ ਹੋ ਕੇ ਹੀ ਸੁਣਿਆ ਜਾਂਦਾ ਹੈ। ਸਤਿਗੁਰੂ ਜੀ ਦਾ ਪਾਵਨ ਆਦੇਸ਼ ਸੁਣਨ ਵਾਸਤੇ ਵੀ ਸਾਡਾ ਖੜ੍ਹੇ ਹੋਣਾ ਹੀ ਬਣਦਾ ਹੈ। ਇਉਂ ਕਰਨ ਵਿਚ ਸਤਿਗੁਰੂ ਦਾ ਸਤਿਕਾਰ ਹੈ ਅਤੇ ਸਾਡੇ ਮਨ ਦੀ ਹਲੀਮੀ ਪ੍ਰਗਟ ਹੁੰਦੀ ਹੈ। ਸਤਿਗੁਰੂ ਜੀ ਦੇ ਦਰਬਾਰ ਹਲੀਮੀ ਦਾ ਹੀ ਲਾਭ ਹੈ। ਗਦੇਲੇ ਅਤੇ ਕਲਗੀਆਂ ਲਾ ਕੇ ਬੈਠਣਾ, ਹਾਰ ਪੁਆਉਣੇ, ਸਿਹਰੇ ਆਦਿ ਪੜ੍ਹਾਉਣ ਨਾਲ ਅਸੀਂ ਸਤਿਗੁਰੂ ਦੀ ਖੁਸ਼ੀ ਨਹੀਂ ਲੈ ਸਕਦੇ।

ਲਾਵਾਂ ਦਾ ਪਾਠ ਸੁਣਨ ਵਾਸਤੇ 'ਸਿੱਖ ਰਹਿਤ ਮਰਯਾਦਾ' ਵਿਚ ਇਉਂ ਲਿਖਿਆ ਹੈ ——

"ਪ੍ਰਕਰਮਾ ਕਰਨ ਸਮੇਂ ਰਾਗੀ ਜਾਂ ਸੰਗਤਾਂ ਲਾਵਾਂ ਨੂੰ ਕ੍ਰਮ ਅਨੁਸਾਰ ਗਾਈ ਜਾਣ ਅਤੇ ਵਰ ਕੰਨਿਆਂ ਹਰ ਇਕ ਲਾਂਵ ਮਗਰੋਂ ਮੱਥਾ ਟੇਕ ਕੇ ਅਗਲੀ ਲਾਂਵ ਸੁਣਨ ਲਈ ਖੜ੍ਹੇ ਹੋ ਜਾਣ ।"

ਗੁਰਮਤਿ ਵਿਚਾਰਧਾਰਾ ਸਬੰਧੀ ਸਵਾਲ ਜਵਾਬ

1. ਸਵਾਲ : ਸਿਖੀ ਦਾ 'ਮੂਲ ਮੰਤਰ ' ਕੀ ਹੈ '?

ਜਵਾਬ : ਸਿਖੀ ਦਾ ਮੂਲ ਮੰਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚ ਦਰਜ ਹੈ, " ੧ਓ , ਸਤਿਨਾਮੁ, ਕਰਤਾ ਪੁਰਖੁ, ਨਿਰਭਉ, ਨਿਰਵੈਰੁ, ਅਕਾਲ ਮੂਰਤਿ, ਅਜੂਨੀ, ਸੈਭੰ, ਗੁਰ ਪ੍ਰਸਾਦਿ ।।"

ਇਸ ਵਿਚ ਅਕਾਲ ਪੁਰਖ ਦੇ ਸਰੂਪ ਤੇ ਗੁਣਾਂ ਦਾ ਵਰਣਨ ਹੈ। ਮੂਲ ਮੰਤਰ ਦਾ ਭਾਵ ਹੈ ਸਿਖੀ ਦਾ ਮੁਢਲਾ ਉਪਦੇਸ਼।

2. ਸਵਾਲ : 'ਪੰਥ' ਸ਼ਬਦ ਦੇ ਕੀ ਅਰਥ ਹਨ?

ਜਵਾਬ : 'ਪੰਥ' ਦੇ ਅਰਥ ਹਨ– ਰਸਤਾ, ਮਾਰਗ , ਪਰਮਾਤਮਾ ਦੀ ਪ੍ਰਾਪਤੀ ਦਾ ਰਾਹ, ਮਜ਼ਹਬ ਆਦਿ । ਸਿਖੀ ਦੇ ਪ੍ਰਸੰਗ ਵਿਚ 'ਪੰਥ' ਦਾ ਅਰਥ ਹੈ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਇਆ ਨਵਾਂ ਧਰਮ– ਨਿਰਮਲ ਪੰਥ ਅਥਵਾ ਗੁਰਮੁਖ ਪੰਥ । ਗੁਰੂ ਗੋਬਿੰਦ ਸਿੰਘ ਜੀ ਦੇ ਅੰਮ੍ਰਿਤ ਛਕਾਉਣ ਮਗਰੋਂ ਇਸਦਾ ਨਾਮ 'ਖਾਲਸਾ ਪੰਥ' ਪੈ ਗਿਆ, ਜਿਸਦਾ ਅਰਥ ਹੈ : ਤਿਆਰ-ਬਰ-ਤਿਆਰ ਸਿੰਘਾਂ ਦਾ ਸਮੁੱਚਾ ਸਮੂਹ, ਜਿਸਦੀ ਤਿਆਰੀ ਦਸ ਗੁਰੂ ਸਾਹਿਬਾਨ ਨੇ ਕੀਤੀ ਅਤੇ ਦਸਮ ਗੁਰੂ ਜੀ ਨੇ ਜਿਸ ਨੂੰ ਅੰਤਮ ਸਰੂਪ ਦੇ ਕੇ ਗੁਰਿਆਈ ਬਖਸ਼ੀ ।

3. ਸਵਾਲ :ਪੂਰਨਮਾਸ਼ੀ, ਮੱਸਿਆ, ਸੰਗਰਾਂਦ ਆਦਿ ਦੀ ਸਿਖ ਧਰਮ ਵਿਚ ਕਿਉਂ ਮਹੱਤਤਾ ਨਹੀਂ ਹੈ?

ਜਵਾਬ : ਮੱਸਿਆ ਤੇ ਪੂਰਨਮਾਸ਼ੀ ਦਾ ਸੰਬੰਧ ਚੰਦ ਨਾਲ ਹੈ, ਸੰਗਰਾਂਦ ਦਾ ਸੰਬੰਧ ਸੂਰਜ ਨਾਲ ਹੈ। ਜਿਸ ਦਿਨ ਸੂਰਜ ਇਕ ਰਾਸ਼ੀ ਤੋਂ ਦੂਜੀ ਰਾਸ਼ੀ ਵਿਚ ਜਾਂਦਾ ਹੈ ਉਸਨੂੰ ਸੰਕ੍ਰਾਂਤ ਕਹਿੰਦੇ ਹਨ ਤੇ ਸ਼ੁਭ ਘੜੀ ਜਾਣ ਪੂਜਾ ਕੀਤੀ ਜਾਂਦੀ ਹੈ।

ਸਿੱਖ ਇਕ ਨਿਰਭਉ ਅਕਾਲ ਪੁਰਖ ਦਾ ਪੁਜਾਰੀ ਹੈ ਜਦੋਂ ਕਿ ਸੂਰਜ ਚੰਦ੍ਰਮਾ ਸਿਤਾਰੇ ਸਭ ਉਸ ਪ੍ਰਭੂ ਦੇ ਭੈ ਵਿਚ ਹਨ। ਸਿੱਖ ਕਿਉਂਕਿ ਸੂਰਜ ਤੇ ਚੰਦਮਾ ਦਾ ਪੁਜਾਰੀ ਨਹੀਂ ਇਸ ਲਈ ਸਿਖ ਦਾ ਸੰਬੰਧ ਮਸਿਆ, ਸੰਗ੍ਰਾਂਦ ਨਾਲ ਕਿਵੇਂ ਹੋ ਸਕਦਾ ਹੈ? ਜਿਵੇਂ ਅੰਗਰੇਜ਼ੀ ਮਹੀਨੇ ਹਨ, ਇਵੇਂ ਹੀ ਦੇਸੀ ਮਹੀਨੇ ਦਿਨ ਦਿਹਾਰ ਹਨ। ਬਾਰਹ ਮਾਹ ਦੀ ਬਾਣੀ ਵਿਚ ਵੀ ਇਹੋ ਉਪਦੇਸ਼

ਹੈ ਕਿ ਮਨੁਖ ਨੇ ਕਿਸੇ ਦਿਨ, ਥਿਤ, ਵਾਰ ਨੂੰ ਚੰਗਾ ਜਾ ਮਾੜਾ ਕਰਕੇ ਨਹੀਂ ਮੰਨਣਾ। ਦਿਨ ਉਹ ਹੀ ਚੰਗਾ ਹੈ ਜਿਸ ਦਿਨ ਪ੍ਰਭੂ ਯਾਦ ਰਹੇ। ਮਸਿਆ ਪੂਰਨਮਾਸ਼ੀ ਦੇ ਦਿਹਾੜਿਆਂ ਤੇ ਜੋੜ ਮੇਲੇ ਦੀ ਰੀਤੀ ਅਨਮਤੀਆਂ ਦੇ ਜੋੜ ਮੇਲਿਆਂ ਤੋਂ ਸਿਖਾਂ ਨੂੰ ਵਰਜਣ ਲਈ ਹੋਂਦ ਵਿਚ ਆਈ ਸੀ, ਜੋ ਹੁਣ ਇਹਨਾਂ ਦਿਨਾਂ ਦੀ ਮਹੱਤਤਾ ਨੂੰ ਸਵੀਕਾਰ ਕਰਕੇ, ਗੁਰਮਤਿ ਤੋਂ ਉਲਟ ਪ੍ਰਚਾਰ ਦਾ ਕਾਰਨ ਬਣ ਰਹੀ ਹੈ।

4. **ਸਵਾਲ : ਕੀ ਇਹ ਠੀਕ ਹੈ ਕਿ ਪ੍ਰਮਾਤਮਾ ਨੇ ਭਗਤ ਕਬੀਰ ਦੀ ਪਰਖ ਗਧੇ ਦਾ ਰੂਪ ਧਾਰ ਕੇ ਕੀਤੀ ਹੋਵੇ ਤੇ ਆਪ ਪਾਸ ਹੋ ਗਏ ਹੋਣ ਤੇ ਫਿਰ . . . . ।**

ਜਵਾਬ : ਨਹੀਂ, ਇਹ ਠੀਕ ਨਹੀਂ। ਪ੍ਰਮਾਤਮਾ ਅਜੂਨੀ ਹੈ, ਉਹ ਜੂਨਾਂ ਵਿਚ ਨਹੀਂ ਆਉਂਦਾ। ਆਪ ਜੀ ਨੇ ਜੋ ਸਾਖੀਆਂ ਦੇ ਹਵਾਲੇ ਦਿਤੇ ਹਨ, ਉਹ ਮਨ ਘੜਤ ਹਨ ਜੋ ' ਭਗਤ ਮਾਲ ' ਦੇ ਲਿਖਾਰੀ ਨੇ ਜਾਣ ਬੁਝ ਕੇ ਲਿਖ ਦਿਤੇ ਹਨ ਤਾਂ ਕਿ ਭਗਤ ਕਬੀਰ ਜੀ ਦੀ ਸੱਚੀ ਬਾਣੀ ਦੇ ਗੁਰਮਤਿ ਸਿਧਾਂਤ ਮਿਲਗੋਭਾ ਹੋ ਸਕਣ।

5. **ਸਵਾਲ : ਮੈਂ ਇਕ ਜਪੁਜੀ ਸਟੀਕ ਪੜ੍ਹੀ ਹੈ ਜਿਸ ਵਿਚ ਹਰ ਪਉੜੀ ਦੇ ਅਰਥ ਦੇਣ ਮਗਰੋਂ ਲਿਖਿਆ ਸੀ ਕਿ ਇਸ ਪਉੜੀ ਨੂੰ ਏਨੀ ਵਾਰੀ ਏਨੇ ਦਿਨ ਪੜ੍ਹਨ ਨਾਲ ਇਹ ਫਲ ਮਿਲੇਗਾ ਆਦਿ। ਕੀ ਇਹ ਠੀਕ ਹੈ?**

ਜਵਾਬ : ਐਸੇ ਸਟੀਕ ਅਨਪੜ੍ਹ ਲਿਖਾਰੀਆਂ ਦੇ ਰਚੇ ਹੋਏ ਹਨ ਜਿਨਾਂ ਨੂੰ ਗੁਰਮਤਿ ਅਸੂਲਾਂ ਬਾਰੇ ਕੋਈ ਜਾਣਕਾਰੀ ਨਹੀਂ ਹੁੰਦੀ। ਕੇਵਲ ਪੈਸਾ ਕਮਾਉਣ ਲਈ ਕਈ ਦੁਕਾਨਦਾਰ ਕਿਤਾਬਾਂ ਵੇਚਣ ਲਈ ਇਹੋ ਜਿਹੀਆਂ ਫਲ ਦੇਣ ਵਾਲੀਆਂ ਕਹਾਣੀਆਂ ਨਾਲ ਘੜ ਕੇ ਛਾਪ ਦਿੰਦੇ ਹਨ ਤਾਂ ਕਿ ਪੁਸਤਕ ਖ੍ਰੀਦਣ ਵਾਲੇ ਜ਼ਿਆਦਾ ਖ੍ਰੀਦਣ। ਗੁਰਬਾਣੀ ਨੂੰ ਪੜਣ, ਸਮਝਣ ਤੇ ਅਮਲ ਕਰਨ ਦਾ ਸਭ ਤੋਂ ਵਡਾ ਫਲ ਇਹ ਹੈ ਕਿ ਮਨੁਖ ਦਾ ਜਨਮ ਮਰਨ ਦਾ ਗੇੜ ਖਤਮ ਹੋ ਕੇ ਜੀਵ ਅਕਾਲ ਪੁਰਖ ਵਿਚ ਲੀਨ ਹੋ ਜਾਂਦਾ ਹੈ। ਸੋ ਅਸੀਂ ਗੁਰਬਾਣੀ ਨੂੰ ਇਸ ਫਲ ਦੀ ਪ੍ਰਾਪਤੀ ਲਈ ਪੜ੍ਹਨਾ, ਸਮੁਝਣਾ ਤੇ ਵੀਚਾਰ ਕੇ ਅਮਲ ਕਰਨਾ ਹੈ।

6. **ਸਵਾਲ : ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਹੈ ' ਦੇਹੁਰਾ ਮਸੀਤ ਸੋਈ , ਪੂਜਾ ਔ ਨਿਵਾਜ ਓਈ। ' ਤਾਂ ਫਿਰ ਸਿੱਖਾਂ ਨੂੰ ਮੰਦਰ ਅਤੇ ਮਸਜਿਦ ਵਿਚ ਜਾਣ ਤੋਂ ਕਿਉਂ ਰੋਕਿਆ ਜਾਂਦਾ ਹੈ?**

ਜਵਾਬ : ਇਸ ਕਬਿਤ ਵਿਚ ਸਤਿਗੁਰਾਂ ਨੇ ਮਨੁਖੀ ਏਕਤਾ ਉਤੇ ਜ਼ੋਰ ਦਿਤਾ ਹੈ। ਉਨ੍ਹਾਂ ਇਹ ਸਮਝਾਇਆ ਹੈ ਕਿ ਭਾਵੇਂ ਮਨੁਖਾਂ ਵਿਚ ਵੇਖਣ ਨੂੰ ਦੇਸ਼ਾਂ, ਧਰਮਾਂ, ਪਹਿਰਾਵਿਆਂ ਆਦਿਕ ਦੀ ਭਿੰਨਤਾ ਕਰਕੇ ਅੰਤਰ ਨਜ਼ਰ ਆਉਂਦਾ ਹੈ, ਪਰ 'ਏਕ ਪਿਤਾ ਏਕਸ ਕੇ ਹਮ ਬਾਰਿਕ' ਹੋਣ ਕਰਕੇ ਸਭ ਮਨੁਖ ਬਰਾਬਰ ਹਨ, ਇਨ੍ਹਾਂ ਵਿਖੇਵਿਆਂ ਕਰਕੇ ਉਨ੍ਹਾਂ ਨੂੰ ਆਪਸ ਵਿਚ ਲੜਨਾ ਨਹੀਂ ਚਾਹੀਦਾ।

ਦੇਹੁਰਾ ਅਤੇ ਮਸੀਤ ਕਿਉਂਕਿ ਇਕੋ ਮਕਸਦ (ਪ੍ਰਭੂ ਦੀ ਉਸਤਤ) ਲਈ ਬਣਾਏ ਗਏ ਹਨ, ਇਸ ਲਈ ਇਨ੍ਹਾਂ ਨੂੰ ਭਿੰਨ ਭਿੰਨ ਨਹੀਂ ਜਾਣਨਾ ਚਾਹੀਦਾ ਅਤੇ ਇਨ੍ਹਾਂ ਵਿਚ ਜਾਣ ਵਾਲੇ ਲੋਕਾਂ ਨੂੰ ਇਕ ਦੂਜੇ ਨਾਲ ਲੜਨਾ ਝਗੜਨਾ ਨਹੀਂ ਚਾਹੀਦਾ।

ਜਿਥੋਂ ਤਕ ਮਸਜਿਦਾਂ ਅਤੇ ਮੰਦਰਾਂ ਵਿਚ ਪਰਚਾਰੀ ਜਾਣ ਵਾਲੀ ਵਿਚਾਰਧਾਰਾ ਦਾ ਸੰਬੰਧ ਹੈ, ਉਸ ਬਾਰੇ ਸਤਿਗੁਰਾਂ ਨੇ ਬਾਣੀ ਵਿਚ ਆਪਣੀ ਰਾਏ ਸਪੱਸ਼ਟ ਤੌਰ ਤੇ ਪਰਗਟ ਕੀਤੀ ਹੈ। ਜਿਥੇ ਕਿਤੇ ਖੰਡਨ ਕਰਨਾ ਪਿਆ ਹੈ, ਉਹ ਗਜ ਵਜਾ ਕੇ ਕੀਤਾ ਹੈ। ਗੁਰੂ ਜੀ ਨੇ ਹਿੰਦੂਆਂ ਦੇ ਵਰਤਾਂ, ਮੂਰਤੀ-ਪੂਜਾ, ਤੀਰਥ-ਇਸ਼ਨਾਨ ਦੇਵੀ-ਦੇਵਤਿਆਂ ਦੀ ਪੂਜਾ, ਅਕਾਲਪੁਰਖ ਬਾਰੇ ਗਲਤ ਵਿਚਾਰਾਂ ਆਦਿਕ ਦਾ ਸਪੱਸ਼ਟ ਖੰਡਨ ਕੀਤਾ ਹੈ। ਇਵੇਂ ਹੀ ਮੁਸਲਮਾਨ ਧਰਮ ਦੇ ਗਲਤ ਵਿਸ਼ਵਾਸਾਂ, (ਜਿਵੇਂ ਰੱਬ ਨੂੰ ਕੇਵਲ ਮੱਕੇ ਵਿਚ ਸਮਝਣਾ ਅਤੇ ਮੁਰਦਿਆਂ ਨੂੰ ਕਬਰਾਂ ਵਿਚ ਇਸ ਲਈ ਦੱਬਣਾ ਕਿ ਉਹ ਕਿਆਮਤ ਵਾਲੇ ਦਿਨ ਉਠਣਗੇ ...... ਆਦਿਕ ਦਾ ਖੰਡਨ ਕੀਤਾ ਹੈ।

ਜਿਹੜੀ ਸਿਖਿਆ ਮੰਦਰਾਂ ਅਤੇ ਮਸਜਿਦਾਂ ਵਿਚ ਦਿਤੀ ਜਾਂਦੀ ਹੈ ਉਹ ਕਈ ਗੱਲਾਂ ਵਿਚ ਗੁਰਮਤਿ ਨਾਲ ਮੇਲ ਨਹੀਂ ਖਾਂਦੀ ਅਤੇ ਕਈ ਗੱਲਾਂ ਵਿਚ ਗੁਰਮਤਿ ਨਾਲ ਵਿਰੋਧ ਰਖਦੀ ਹੈ। ਇਸ ਲਈ ਗੁਰਸਿਖ ਨੂੰ ਅਨ ਧਰਮਾਂ ਦੇ ਮੰਦਰਾਂ ਵਿਚ ਜਾਕੇ ਅਨਮੱਤੀ ਪੁਸਤਕਾਂ ਅਗੇ ਝੁਕਣ ਅਤੇ ਉਨ੍ਹਾਂ ਦੀ ਸਿਖਿਆ ਨੂੰ ਮੰਨਣ ਤੋਂ ਮਨਾ ਕੀਤਾ ਗਿਆ ਹੈ।

ਸਾਰ ਇਹ ਕਿ ਮਨੁਖੀ ਏਕਤਾ ਨੂੰ ਧਿਆਨ ਵਿਚ ਰਖਕੇ ਮਸਜਿਦ, ਮੰਦਰ ਆਦਿਕ ਨੂੰ ਸਮਾਨ ਸਮਝਣਾ ਹੈ, ਪਰ ਉਨ੍ਹਾਂ ਵਿਚ ਪਰਚਾਰੀ ਜਾਣ ਵਾਲੀ ਵਿਚਾਰਧਾਰਾ ਦਾ ਗੁਰਮਤਿ ਨਾਲ ਮੇਲ ਨਾ ਖਾਣ ਕਰਕੇ (ਅਤੇ ਵਿਰੋਧ ਕਰਕੇ) ਉਥੇ ਜਾਣ ਤੋਂ ਰੋਕਿਆ ਗਿਆ ਹੈ।

7. **ਸਵਾਲ : ਮੇਰੀ ਸਹੇਲੀ ਕਹਿੰਦੀ ਹੈ ਕਿ ਭਗਤ ਨਾਮਦੇਵ ਜੀ ਨੇ ਪਥਰ ਪੂਜ ਕੇ ਰੱਬ ਦੀ ਪ੍ਰਾਪਤੀ ਕੀਤੀ ਸੀ ਤੇ ਨਾਲ ਉਸ ਨੇ ਇਕ ਸਾਖੀ ਵੀ ਸੁਣਾਈ। ਕੀ ਇਹ ਗੱਲ ਮੰਨਣਯੋਗ ਹੈ?**

ਜਵਾਬ : ਭਗਤ ਨਾਮਦੇਵ ਜੀ ਪਥਰ ਪੂਜ ਨਹੀਂ ਸਨ। ਉਨ੍ਹਾਂ ਦੀ ਆਪਣੀ ਬਾਣੀ ਜੋ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਪਥਰ ਪੂਜਾ ਦਾ ਖੰਡਨ ਕਰਦੀ ਹੈ। ਜਦ ਭਗਤ ਨਾਮਦੇਵ ਜੀ ਦੀ ਆਪਣੀ ਬਾਣੀ ਇਸ ਗੱਲ ਦਾ ਖੰਡਨ ਕਰ ਰਹੀ ਹੈ ਤਾਂ ਕਿਵੇਂ ਲੋਕਾਂ ਦੀਆਂ ਘੜੀਆਂ ਕਹਾਣੀਆਂ ਉਤੇ ਇਤਬਾਰ ਕਰ ਲਿਆ ਜਾਵੇ ?

ਭਗਤ ਨਾਮਦੇਵ ਜੀ ਦੀ ਬਾਣੀ ਵਿਚ ਪਥਰ ਪੂਜਾ ਬਾਰੇ ਇਉਂ ਆਉਂਦਾ ਹੈ:

ਏਕੈ ਪਾਥਰ ਕੀਜੈ ਭਾਉ ।। ਦੂਜੈ ਪਾਥਰ ਧਰੀਐ ਪਾਉ ।।
ਜੋ ਓਹੁ ਦੇਉ ਤ ਓਹੁ ਭੀ ਦੇਵਾ ।।
ਕਹਿ ਨਾਮਦੇਉ ਹਮ ਹਰਿ ਕੀ ਸੇਵਾ ।। (ਗੂਜਰੀ ਨਾਮਦੇਵ ਜੀ, ਪੰਨਾ ੫੨੫)

ਅਰਥ : ਇਕ ਪਥਰ ਨੂੰ ਦੇਵਤਾ ਬਣਾ ਕੇ ਉਸ ਨਾਲ ਪਿਆਰ ਕੀਤਾ ਜਾਂਦਾ ਹੈ ਤੇ ਦੂਜੇ ਪੱਥਰ ਉਤੇ ਪੈਰ ਧਰਿਆ ਜਾਂਦਾ ਹੈ। ਜੇ ਉਹ ਪਥਰ ਜਿਸ ਦੀ ਕਿ ਪੂਜਾ ਕੀਤੀ ਜਾਂਦੀ ਹੈ ਦੇਵਤਾ ਹੈ, ਤਾਂ ਦੂਜਾ ਪਥਰ ਭੀ ਦੇਵਤਾ ਹੈ। ਉਸਨੂੰ ਕਿਉਂ ਪੈਰ ਹੇਠ ਲਤਾੜੀਦਾ ਹੈ ? ਭਗਤ ਨਾਮਦੇਵ ਜੀ ਆਖਦੇ ਹਨ ਅਸੀਂ ਕਿਸੇ ਪਥਰ ਨੂੰ ਦੇਵਤਾ ਥਾਪ ਕੇ ਉਸਦੀ ਪੂਜਾ ਕਰਨ ਨੂੰ ਤਿਆਰ ਨਹੀਂ, ਅਸੀਂ ਤਾਂ ਪ੍ਰਮਾਤਮਾ ਦੀ ਬੰਦਗੀ ਕਰਦੇ ਹਾਂ।

8. **ਸਵਾਲ : ਜੇਕਰ ਪ੍ਰਮਾਤਮਾ ਹਰ ਜ਼ਰੇ ਵਿਚ ਤੇ ਹਰ ਪ੍ਰਾਣੀ ਵਿਚ ਰਵ ਰਹਿਆ ਹੈ ਤਾਂ ਕਿਸੇ ਅਬਲਾ ਦੀ ਪੱਤ ਲੁਟੀ ਜਾਣ ਸਮੇਂ ਉਹ ਕਿਥੇ ਚਲਾ ਜਾਂਦਾ ਹੈ?**

ਜਵਾਬ : ਪ੍ਰਮਾਤਮਾ ਹਰ ਜੀਵ ਦੇ ਕੀਤੇ ਚੰਗੇ ਮੰਦੇ ਕਰਮਾਂ ਨੂੰ ਵੇਖਦਾ ਹੈ ਤੇ ਮਾੜੇ ਕਰਮਾਂ ਜੀ ਸਜ਼ਾ ਅਵੱਸ਼ ਦੇਂਦਾ ਹੈ। ਇਹ ਗੱਲ ਵਖਰੀ ਹੈ ਕਿ ਉਸਦੇ ਸਜ਼ਾ ਦੇਣ ਦੇ ਤਰੀਕੇ ਦੀ ਸਾਨੂੰ ਸਮਝ ਨਹੀਂ ਪੈਂਦੀ ਕਿਉਂਕਿ ਉਹ ਪ੍ਰਭੂ ਬੇਅੰਤ ਹੈ ਤੇ ਅਸੀਂ ਉਸ ਦੇ ਸਿਸਟਮ ਦਾ ਪਾਰਾਵਾਰ ਨਹੀਂ ਪਾ ਸਕਦੇ।

9. **ਸਵਾਲ : ਕੀ ਸਿੱਖਾਂ ਨੂੰ ਗੁਰੂ ਸਾਹਿਬ ਨੇ ਸ਼ਰਾਬ ਪੀਣ ਤੋਂ ਨਹੀਂ ਰੋਕਿਆ? ਜੇ ਰੋਕਿਆ ਹੈ ਤਾਂ ਸਿਖ ਸ਼ਰਾਬ ਕਿਉਂ ਪੀਂਦੇ ਹਨ?**

ਜਵਾਬ : ਸਿੱਖ ਧਰਮ ਵਿਚ ਹਰ ਤਰ੍ਹਾਂ ਦਾ ਨਸ਼ਾ ਕਰਨਾ ਸਿੱਖ ਲਈ ਮਨ੍ਹਾਂ ਹੈ, ਕਿਉਂਕਿ ਜੋ ਕੌਮ ਨਸ਼ਿਆਂ ਵਿਚ ਗਰਕ ਜਾਏ ਉਹ ਕਦੀ ਵੀ ਚੜ੍ਹਦੀ ਕਲਾ ਵਲ ਨਹੀਂ ਜਾ ਸਕਦੀ। ਗੁਰਬਾਣੀ ਵਿਚ ਅਨੇਕਾਂ ਥਾਵਾਂ ਤੇ ਸ਼ਰਾਬ ਨਾ ਪੀਣ ਦੀ ਤਾਕੀਦ ਕੀਤੀ ਗਈ ਹੈ। ਬਿਹਾਗੜਾ ਰਾਗ ਵਿੱਚ ਗੁਰੂ ਅਮਰਦਾਸ ਜੀ ਦਾ ਫੁਰਮਾਣ ਹੈ:

ਜਿਤੁ ਪੀਤੈ ਮਤਿ ਦੂਰਿ ਹੋਇ, ਬਰਲੁ ਪਵੈ ਵਿਚਿ ਆਇ।।
ਆਪਣਾ ਪਰਾਇਆ ਨ ਪਛਾਣਈ, ਖਸਮਹੁ ਧਕੇ ਖਾਇ।।
ਜਿਤੁ ਪੀਤੈ ਖਸਮੁ ਵਿਸਰੈ, ਦਰਗਹ ਮਿਲੈ ਸਜਾਇ।।
ਝੂਠਾ ਮਦੁ ਮੂਲਿ ਨ ਪੀਚਈ, ਜੇ ਕਾ ਪਾਰਿ ਵਸਾਇ।।

(ਬਿਹਾਗੜੇ ਕੀ ਵਾਰ, ਸਲੋਕ ਮ:੩, ਪੰਨਾ-੫੫੪)

ਜੋ ਆਪਣੇ ਆਪ ਨੂੰ ਸਿੱਖ ਅਖਵਾਉਂਦੇ ਹਨ ਤੇ ਸ਼ਰਾਬ ਵੀ ਪੀਂਦੇ ਹਨ, ਉਹ ਸਿੱਖੀ ਦੇ ਨਾਮ ਤੇ ਕਲੰਕ ਹਨ ਤੇ ਗੁਰੂ ਪਾਤਸ਼ਾਹ ਦੇ ਦੇਣਦਾਰ ਹਨ।

10. ਸਵਾਲ : ਕੀ ਇਕ ਸਿੱਖ ਦੀ ਅਰਦਾਸ ਅਕਾਲ ਪੁਰਖ ਮਨਜ਼ੂਰ ਕਰਦਾ ਹੈ?

ਜਵਾਬ : ਸਿੱਖ ਨੇ ਆਪਣੀ ਬੇਨਤੀ ਪੂਰੇ ਸਿਦਕ ਨਾਲ ਪ੍ਰਮਾਤਮਾ ਅਗੇ ਕਰਨੀ ਹੈ । ਜੇ ਪ੍ਰਮਾਤਮਾ ਮਨਜ਼ੂਰ ਕਰ ਲਵੇ ਤਾਂ ਵੀ ਠੀਕ ਹੈ ਜੇ ਨਾ ਕਰੇ ਤਾਂ ਵੀ ਠੀਕ ਹੈ, ਕਿਉਂਕਿ ਪ੍ਰਮਾਤਮਾ ਹੀ ਜਾਣਦਾ ਹੈ ਕਿ ਬੇਨਤੀ ਪ੍ਰਵਾਨ ਕਰਨੀ ਸਾਡੇ ਭਲੇ ਵਿਚ ਹੈ ਜਾਂ ਨਹੀਂ। ਪ੍ਰਮਾਤਮਾ ਸਾਡਾ ਪਿਤਾ ਹੈ, ਅਸੀਂ ਉਸਦੇ ਬੱਚੇ ਹਾਂ। ਪਿਤਾ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਬੱਚੇ ਦੀ ਕਿਹੜੀ ਮੰਗ ਨੂੰ ਪੂਰਿਆਂ ਕਰਨਾ ਹੈ ਤੇ ਕਿਹੜੀ ਨੂੰ ਨਹੀਂ। ਪਿਤਾ ਨੇ ਬੱਚੇ ਦੀ ਭਲਾਈ ਨੂੰ ਮੁਖ ਰਖਣਾ ਹੈ ਭਾਵੇਂ ਉਹ ਮੰਗ ਪੂਰੀ ਹੋ ਕਰਕੇ ਹੁੰਦੀ ਹੋਵੇ ਭਾਵੇਂ ਨਾ ਮੰਨ ਕਰ ਕੇ।

11. ਸਵਾਲ : ਜੇ ਸਭ ਕੁਝ ਦੇਣਾ ਤਾਂ ਪ੍ਰਮਾਤਮਾ ਨੇ ਆਪਣੀ ਮਰਜ਼ੀ ਨਾਲ ਹੈ ਤਾਂ ਫਿਰ ਯਤਨ ਕਰਨ ਦੀ ਕੀ ਲੋੜ ਹੈ?

ਜਵਾਬ : ਜਿਹੜੀ ਗੁਰਬਾਣੀ ਪ੍ਰਮਾਤਮਾ ਦੇ ਦਾਤਾਰ ਹੋਣ ਬਾਰੇ ਚਾਨਣਾ ਪਾਉਂਦੀ ਹੈ, ਉਸੇ ਗੁਰਬਾਣੀ ਵਿਚ ਮਨੁੱਖ ਨੂੰ ਉਦਮ ਕਰਨ ਦੀ ਪ੍ਰੇਰਣਾ ਭੀ ਕੀਤੀ ਗਈ ਹੈ:

ਉਦਮੁ ਕਰੇਦਿਆ ਜੀਉ ਤੂੰ, ਕਮਾਵਦਿਆ ਸੁਖ ਭੁੰਚੁ।।
ਧਿਆਇਦਿਆ ਤੂੰ ਪ੍ਰਭੂ ਮਿਲੁ,
ਨਾਨਕ ਉਤਰੀ ਚਿੰਤ।। (ਮਹਲਾ ੫ ਵਾਰ ਗੂਜਰੀ, ਪੰਨਾ-੫੨੨)

ਉਦਮ ਭਾਵ ਪੁਰਸ਼ਾਰਥ ਕਰਨਾ ਸਿੱਖੀ ਸਿਧਾਂਤਾਂ ਦੇ ਅਨੁਕੂਲ ਹੈ। ਉੱਦਮ ਦਾ ਫਲ ਦੇਣਾ ਪ੍ਰਮਾਤਮਾ ਦੇ ਵੱਸ ਹੈ। ਪ੍ਰਮਾਤਮਾ ਦਾ ਇਹ ਸੁਭਾਉ ਹੈ ਕਿ " **ਇਕੁ ਤਿਲੁ ਨਹੀ ਭੰਨੈ ਘਾਲੇ।।**

12. **ਸਵਾਲ: 'ਅਰਦਾਸ ' ਕਰਨ ਦਾ ਕੀ ਭਾਵ ਹੈ?**

ਜਵਾਬ: ਸ਼ੁਧ ਮਨੋਰਥਾਂ ਦੀ ਸਫਲਤਾ, ਭੁਲਾਂ ਅਪਰਾਧਾਂ ਦੀ ਮੁਆਫੀ , ਕਰਣੀ ਦਾ ਅਭਿਮਾਨ ਤਿਆਗ ਕੇ ਬਖਸ਼ਿਸ਼ ਦੀ ਮੰਗ ਕਰਨ ਅਤੇ ਕਰਤਾਰ ਦੀ ਰਜ਼ਾ ਅੰਦਰ ਰਹਿ ਕੇ ਆਤਮ ਸਮਪਰਣ ਕਰਨ ਲਈ ਸਤਿਗੁਰਾਂ ਨੇ ਅਰਦਾਸ ਦਾ ਵਿਧਾਨ ਨੀਯਤ ਕੀਤਾ ਹੈ।

ਪਰਧਨ , ਪਰਇਸਤ੍ਰੀ ਦੀ ਪ੍ਰਾਪਤੀ, ਚੋਰੀ ਜੂਏ ਵਿਚ ਸਫਲਤਾ, ਝੂਠੇ ਮੁਕਦਮੇ ਵਿੱਚ ਕਾਮਯਾਬੀ, ਕਿਸੇ ਨੂੰ **ਨੁਕਸਾਨ** ਪੁਜਾਣ ਦਾ ਮਨੋਰਥ ਇਤਿਆਦਿਕ ਮੰਦ ਮਨੋਰਥਾਂ ਦੀ ਸਫਲਤਾ ਲਈ ਅਰਦਾਸ ਕਰਨ ਕਰਾਣ ਵਾਲੇ ਸਿੱਖੀ ਦੇ ਸਿਧਾਂਤ ਤੋਂ ਅਗਿਆਤ ਹਨ।

13. **ਸਵਾਲ: ਮੇਰੇ ਦੋਸਤ ਮੈਨੂੰ ਹਰ ਵੇਲੇ ਕਹਿੰਦੇ ਰਹਿੰਦੇ ਹਨ ਕਿ ਤੂੰ ਫਲਾਣੇ ਸੰਤਾਂ ਕੋਲੋਂ ਨਾਮ ਲੈ, ਪਰ ਮੈਂ ਇਸ ਗੱਲ ਤੇ ਵਿਸ਼ਵਾਸ਼ ਨਹੀਂ ਕਰਦਾ। ਕੀ ਮੈਂ ਗਲਤੀ ਤੇ ਹਾਂ ?**

ਜਵਾਬ: ਆਪ ਜੀ ਵਡਭਾਗੀ ਹੋ ਜੋ ਗੁਰਮਤਿ ਦੇ ਜਾਣੂੰ ਹੋ। ਗੁਰਸਿੱਖ ਜਦੋਂ ਅੰਮ੍ਰਿਤ ਛਕਦਾ ਹੈ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵ੍ਰਿਚ ਪੰਜਾਂ ਪਿਆਰਿਆਂ ਦੇ ਸਾਹਮਣੇ ਆਪਣਾ ਸੀਸ ਭਾਵ ਆਪਣਾ ਆਪਾ ਅਰਪਣ ਕਰਦਾ ਹੈ। ਪੰਜ ਪਿਆਰੇ ਅੰਮ੍ਰਿਤ ਛਕਾਉਣ ਸਮੇਂ ' ਵਾਹਿਗੁਰੂ ' ਗੁਰਮੰਤਰ ਦ੍ਰਿੜ ਕਰਵਾਉਂਦੇ ਹਨ ਤੇ 'ਸਿੱਖ ਜੀਵਨ ਜਾਚ' ਅਥਵਾ ਗੁਰਮਤਿ ਦੀ ਜਾਣਕਾਰੀ ਦਿੰਦੇ ਹਨ। ਇਸ ਕਿਰਿਆ ਨੂੰ ' ਨਾਮ ਦੇਣਾ' ਕਹਿੰਦੇ ਹਨ। ਗੁਰਸਿੱਖੀ ਵਿਚ ਅੰਮ੍ਰਿਤ ਛਕਣਾ ਹੀ ਗੁਰਦੀਖਿਆ ਲੈਣੀ ਹੈ, ਇਸ ਤੋਂ ਬਿਨਾਂ ਕਿਸੇ ਸੰਤ ਸਾਧ ਦੇ ਡੇਰੇ ਵਿਚ ਜਾ ਕੇ ਨਾਮ ਦੀ ਜਾਚਨਾ ਕਰਨੀ, ਕੰਨਾਂ ਵਿਚ ਘੁਰ ਘੁਰ ਕਰਵਾਉਣਾ ਗੁਰਮਤਿ ਤੋਂ ਉਲਟ ਕਰਮ ਹੈ। ਕਿਸੇ ਸਾਧ ਸੰਤ ਨੂੰ ਸਿੱਖੀ ਅਸੂਲਾਂ ਅਨੁਸਾਰ ਨਾਮ ਦੇਣ ਦੀ ਕੋਈ ਆਗਿਆ ਨਹੀਂ ਹੈ। ਉਹ ਇਕੱਲਾ ਪੰਜਾਂ ਪਿਆਰਿਆਂ ਦੀ ਬਰਾਬਰੀ ਨਹੀਂ ਕਰ ਸਕਦਾ। ਗੁਰਮਤਿ ਦਾ ਨਾਮ ਪ੍ਰਗਟ ਹੈ ਗੁਪਤ ਨਹੀਂ, ਜਿਵੇਂ ਕਈ ਡੇਰਿਆਂ ਵਿਚ ਜਾਣ ਵਾਲੇ ਕਹਿੰਦੇ ਹਨ ਕਿ ਸਾਨੂੰ ਤਾਂ ਸਾਡੇ ਮਹਾਰਾਜ ਨੇ ਨਾਮ ਦਿਤਾ ਹੈ ਜੋ ਗੁਪਤ ਹੈ, ਅਸੀਂ ਕਿਸੇ ਨੂੰ ਦੱਸ ਨਹੀਂ ਸਕਦੇ। ਗੁਰਸਿੱਖੀ ਵਿਚ ਐਸੀ ਕੋਈ ਗੱਲ ਨਹੀਂ। ਗੁਰਸਿੱਖ ਨੇ ਆਪ ਨਾਮ ਜਪਣਾ ਹੈ ਤੇ ਹੋਰਨਾਂ ਨੂੰ ਵੀ ਇਸ ਮਾਰਗ ਤੇ ਲਾਉਣਾ ਹੈ। ਪ੍ਰਮਾਤਮਾ ਦਾ ਕੋਈ ਖਾਸ ਨਾਮ ਨਹੀਂ ਹੈ, ਸਭ ਨਾਮ ਸਫਾਤੀ ਭਾਵ ਸਿਫਤਾਂ ਤੋਂ ਬਣੇ ਹਨ।

ਗੁਰੂ ਸਾਹਿਬ ਨੇ ਸਿੱਖਾਂ ਨੂੰ 'ਵਾਹਿਗੁਰੂ' ਨਾਮ ਜਪਣ ਦਾ ਆਦੇਸ਼ ਦਿਤਾ ਹੈ ਤਾਂਕਿ ਇਕਸਾਰਤਾ ਰਹੇ।

14. ਸਵਾਲ: ਸਿੱਖ ਧਰਮ ਵਿਚ ਉਪਾਸ਼ਨਾ ਕਿਸ ਦੀ ਹੋ ਸਕਦੀ ਹੈ?

ਜਵਾਬ: ਸਿੱਖ ਧਰਮ ਵਿਚ ਕੇਵਲ ਅਕਾਲ ਪੁਰਖ ਦੀ ਉਪਾਸ਼ਨਾ (ਅਰਾਧਨਾ) ਕਰਨ ਦਾ ਵਿਧਾਨ ਹੈ। ਜੋ ਦੇਵੀ ਦੇਵਤੇ , ਅਵਤਾਰ ਆਦਿਕ ਨੂੰ ਆਪਣਾ ਇਸ਼ਟ ਮੰਨ ਕੇ ਉਨ੍ਹਾਂ ਦੀ ਉਪਾਸ਼ਨਾ ਕਰਦੇ ਹਨ, ਉਹ ਗੁਰਮਤਿ ਤੋਂ ਅਗਿਆਨੀ ਹਨ। ਗੁਰੂ ਅਮਰਦਾਸ ਸਾਹਿਬ ਦਾ ਇਸ ਪ੍ਰਥਾਇ ਮਹਾਂਵਾਕ ਹੈ:

ਸਦਾ ਸਦਾ ਸੋ ਸੇਵੀਐ, ਜੋ ਸਭ ਮਹਿ ਰਹੈ ਸਮਾਇ।।
ਅਵਰੁ ਦੂਜਾ ਕਿਉ ਸੇਵੀਐ, ਜੰਮੈ ਤੈ ਮਰਿ ਜਾਇ।।

(ਗੂਜਰੀ ਕੀ ਵਾਰ, ਮ:੩, ਪੰਨਾ ੫੦੯)

15. ਸਵਾਲ : ਕਈ ਸਿੱਖ 'ਗੁੱਗਾ', 'ਸਖੀ ਸਰਵਰ' ਦੀਆਂ ਕਬਰਾਂ ਤੇ ਰੋਟ ਚੜ੍ਹਾਉਂਦੇ ਤੇ ਪੂਜਾ ਕਰਦੇ ਹਨ। ਕੀ ਐਸਾ ਕਰਨਾ ਠੀਕ ਹੈ?

ਜਵਾਬ 'ਗੁੱਗਾ' ਇਕ ਚੌਹਾਨ ਰਾਜਪੂਤ ਸੀ ਜੋ ਹਿੰਦੂ ਧਰਮ ਛਡ ਕੇ ਮੁਸਲਮਾਨ ਹੋ ਗਿਆ ਸੀ। ਇਹ ਸੱਪ ਦੀ ਜ਼ਹਿਰ ਦੂਰ ਕਰਨ ਵਿਚ ਕਮਾਲ ਰਖਦਾ ਸੀ। ਅਗਿਆਨੀ ਲੋਕ ਇਸ ਨੂੰ ਸ਼ੇਸ਼ਨਾਗ ਦਾ ਅਵਤਾਰ ਮੰਨਦੇ ਹਨ ਅਤੇ ਅਤੇ ਗੁਗੇ ਦੇ ਪੂਜਣ ਦੀ ਥਾਂ ਤੇ ਮੜ੍ਹੀ ਬਣਾ ਕੇ ਭੇਟਾ ਅਰਪਦੇ ਹਨ। 'ਸਖੀ ਸਰਵਰ' ਮੁਸਲਮਾਨਾਂ ਦਾ ਇੱਕ ਪੀਰ ਸੀ, ਜਿਸਦੇ ਹੋਰ ਨਾਮ-ਸੁਲਤਾਨ, ਲੱਖਦਾਤਾ, ਲਾਲਾਂ ਵਾਲਾ, ਧੌਂਕਲੀਆ, ਨਗਾਹੇ ਵਾਲਾ ਪੀਰ ਆਦਿ ਹਨ ।

ਕਈ ਅਗਿਆਨੀ ਸਿੱਖ ਭੀ ਸੁਲਤਾਨ ਦੇ ਥਾਨ ਪੁਰ ਰੋਟ ਅਤੇ ਸ਼ੀਰਣੀ ਚੜ੍ਹਾਕੇ ਭਿਰਾਈ (ਮੁਜ਼ਾਵਰ) ਤੋਂ ਦਾਰੂਦ (ਮੁਸਲਮਾਨਾਂ ਦੀ ਧਾਰਮਿਕ ਪੁਸਤਕ) ਪੜ੍ਹਵਾਉਂਦੇ ਹਨ ਅਤੇ ਇਸ ਤੋਂ ਆਪਣੀ ਮਨੋਰਥ ਸਿਧੀ ਸਮਝਦੇ ਹਨ, ਪਰ ਗੁਰੂ ਸਾਹਿਬ ਦਾ ਐਸੇ ਅਗਿਆਨੀ ਲੋਕਾਂ ਪ੍ਰਤੀ ਉਪਦੇਸ਼ ਹੈ:

ਸਰਵਰ ਗੁਗਾ ਆਦਿ ਜਿ ਪੀਰ। ਦਿਜ ਦਿਜਨੀ ਸੇਵੈਂ ਹ੍ਵੈ ਭੀਰ।।
ਤਿਨਕੀ ਸੰਗਤਿ ਸਿੱਖ ਨ ਬੈਸੇ। ਦੇਨੋ ਦਾਨ, ਕਹਾਂ ਫਲ ਹੈ ਸੇ।।

(ਗੁਰ ਪ੍ਰਤਾਪ ਸੂਰਜ, ਰੁਤ ੫, ਅਧਯਾਯ ੩੭)

16. ਸਵਾਲ: ਸਾਡੇ ਪਿੰਡ ਦੇ ਸਿੱਖ-ਪਰਵਾਰ ਪੱਥਰ (ਖੇੜੇ) ਨੂੰ ਬੜੀ ਸ਼ਰਧਾ ਨਾਲ ਪੂਜਦੇ ਹਨ ਤੇ ਕਹਿੰਦੇ ਹਨ ਕਿ ' ਪੱਥਰ' ਸਭ ਦੀ ਮੁਰਾਦ ਪੂਰੀ ਕਰਦਾ ਹੈ? ਕੀ ਇਹ ਸਿੱਖ ਮਤ ਅਨੁਸਾਰ ਠੀਕ ਹੈ?

ਜਵਾਬ: ਸਿੱਖ ਧਰਮ ਵਿਚ ਕੇਵਲ ਇਕ ਅਕਾਲ ਪੁਰਖ ਦੀ ਅਰਾਧਾਨਾ ਦਾ ਵਿਧਾਨ ਹੈ। ਪਥਰ ਪੂਜਾ ਸਿੱਖ ਧਰਮ ਵਿਚ ਵਰਜਿਤ ਹੈ। ਗੁਰਬਾਣੀ ਦਾ ਫੁਰਮਾਣ ਹੈ:

ਜੋ ਪਾਥਰ ਕਉ ਕਹਤੇ ਦੇਵ॥
ਤਾਂ ਕੀ ਬਿਰਥਾ ਹੋਵੈ ਸੇਵ॥
ਜੋ ਪਾਥਰ ਕੀ ਪਾਂਈ ਪਾਇ॥
ਤਿਸ ਕੀ ਘਾਲ ਅਜਾਂਈ ਜਾਇ॥

. . . .

ਨ ਪਾਥਰੁ ਬੋਲੈ ਨਾ ਕਿਛੁ ਦੇਇ॥
ਫੋਕਟ ਕਰਮ ਨਿਹਫਲ ਹੈ ਸੇਵ॥ (ਭੈਰਉ, ਮ: ੫ ਪੰਨਾ-੧੧੬੦)

17. **ਸਵਾਲ: ਸੰਗਰਾਂਦ ਸਾਨੂੰ ਨਹੀਂ ਮਨਾਉਣੀ ਚਾਹੀਦੀ ਪਰ ਆਮ ਤੌਰ ਤੇ ਦੇਖਿਆ ਗਿਆ ਹੈ ਕਿ ਸੰਗਰਾਂਦ ਵਾਲੇ ਦਿਨ ਹਰੇਕ ਗੁਰਦੁਆਰੇ ਵਿੱਚ ਸੰਗਰਾਂਦ ਦਾ ਵਧ ਚੜ੍ਹ ਕੇ ਜ਼ਿਕਰ ਕੀਤਾ ਜਾਂਦਾ ਹੈ, ਕਿਉਂ ?**

ਜਵਾਬ: ਇਹ ਸਾਡੇ ਵਿੱਚ ਸ਼ਬਦ ਦੀ ਵਿਚਾਰ ਦੀ ਘਾਟ ਦਾ ਸਿੱਟਾ ਹੈ। ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਤਾਂ ਬਹੁਤ ਕਰਦੇ ਕਰਾਉਂਦੇ ਹਾਂ ਪਰ ਸਤਿਗੁਰੂ ਦੇ ਬਚਨਾਂ ਨੂੰ ਵਿਚਾਰ ਕੇ ਉਨ੍ਹਾਂ ਤੇ ਅਮਲ ਨਹੀਂ ਕਰਦੇ ਅਤੇ ਬਾਹਮਣੀ ਰੀਤਾਂ ਮਗਰ ਹੀ ਤੁਰੇ ਜਾ ਰਹੇ ਹਾਂ। ਸਤਿਗੁਰੂ ਜੀ ਕਹਿੰਦੇ ਹਨ ਕਿ ਥਿਤਾਂ ਵਾਰਾਂ ਨੂੰ ਮੁੱਖ ਰੱਖਣ ਵਾਲੇ ਬੰਦੇ ਮੂਰਖ ਤੇ ਗਵਾਰ ਹਨ ਭਾਵ ਪੁੰਨਿਆਂ, ਮੱਸਿਆ, ਸੰਗਰਾਂਦ, ਮੰਗਲਵਾਰ, ਵੀਰਵਾਰ, ਸ਼ਨਿਚਰਵਾਰ ਆਦਿ ਦਿਨਾਂ ਨੂੰ ਸ਼ੁੱਭ-ਅਸ਼ੁਭ ਦਿਨ ਸਮਝਣ ਵਾਲੇ ਬੰਦੇ ਅਗਿਆਨਤਾ ਵਿਚ ਹਨ। ਪਰ ਅਸੀਂ ਸੰਗਰਾਂਦ, ਪੂਰਨਮਾਸ਼ੀ, ਮੱਸਿਆ ਆਦਿ ਸ਼ੁਭ-ਦਿਹਾੜੇ ਦਾ ਢੋਲ ਪਿੱਟਦੇ ਸਾਹ ਨਹੀਂ ਲੈਂਦੇ। ਨਾਮ ਜਪਣ ਵਾਲੇ ਲਈ ਸਭ ਦਿਨ ਤੇ ਰਾਤਾਂ ਹੀ ਸ਼ੁਭ ਹਨ:

ਦਿਨੁ ਰੈਣਿ ਸਭ ਸੁਹਾਵਣੇ ਪਿਆਰੇ,
ਜਿਤੁ ਜਪੀਐ ਹਰਿ ਨਾਉ॥ (ਪੰਨਾ-੪੩੨)

18. **ਸਵਾਲ: ਕੀ ਸਿੱਖ ਕਿਸੇ ਨੂੰ ਧਰਮ ਦੀ ਭੈਣ, ਭਰਾ, ਮਾਂ ਬਣਾ ਸਕਦਾ ਹੈ?**

ਜਵਾਬ: ਗੁਰਸਿੱਖ ਤਾਂ ਹਨ ਹੀ ਆਪੋ ਵਿੱਚ ਭੈਣ ਭਰਾ, ਬਣਾ ਜਾਂ ਨਾ ਬਣਾ ਸਕਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਭਾਈ ਦੇਸਾ ਸਿੰਘ ਜੀ ਦੇ ਰਹਿਤਨਾਮੇ ਵਿੱਚ ਇਉਂ ਲਿਖਿਆ ਹੋਇਆ ਹੈ—

ਪਰ ਬੇਟੀ ਕੋ ਬੇਟੀ ਜਾਨੈ,
ਪਰ ਇਸਤਰੀ ਕੋ ਮਾਤ ਬਖਾਨੈ।
ਅਪਨੀ ਇਸਤਰੀ ਸੋਂ ਰਤ ਹੋਈ,
ਰਹਿਤਵਾਨ ਗੁਰੂ ਕਾ ਸਿਖ ਸੋਈ।

ਇਸੇ ਹੀ ਤਰ੍ਹਾਂ ਭਾਈ ਗੁਰਦਾਸ ਜੀ ਨੇ ਲਿਖਿਆ ਹੈ—

ਦੇਖਿ ਪਰਾਈਆਂ ਚੰਗੀਆਂ, ਮਾਵਾਂ ਭੈਣਾਂ ਧੀਆਂ ਜਾਣੈ।

(ਵਾਰ ੨੯, ਪਉੜੀ ੧੧)

19. ਸਵਾਲ: ਕੀ ਟੇਵੇ ਬਣਵਾਉਣੇ ਗੁਰਮਤਿ ਵਿਚ ਪ੍ਰਵਾਨ ਹਨ?

ਜਵਾਬ: ਐਸਾ ਕਰਨਾ ਮਨਮਤ ਹੈ। ਸਿੱਖ ਕੇਵਲ ਪ੍ਰਭੂ ਤੇ ਨਿਸਚਾ ਰਖਦਾ ਹੈ, ਟੇਵਿਆਂ ਤੇ ਨਹੀਂ। ਜੋ ਕੰਮ ਪ੍ਰਭੂ ਨੇ ਰਾਸ ਕਰਨਾ ਹੈ, ਉਹ ਹੋ ਹੀ ਜਾਣਾ ਹੈ, ਭਾਵੇਂ ਟੇਵਾ ਬਣਿਆ ਹੋਵੇ ਭਾਵੇਂ ਨਾ ਬਣਿਆ ਹੋਵੇ। ਬ੍ਰਾਹਮਣੀ ਕਰਮ ਕਰਨ ਵਾਲਾ ਸਿੱਖ ਗੁਰਸਿੱਖ ਨਹੀਂ ਅਖਵਾ ਸਕਦਾ, ਉਹ ਤਾ ਬਹਿਰੂਪੀਆ ਹੈ।

20 ਸਵਾਲ: ਸਤਿ ਸ੍ਰੀ ਅਕਾਲ ਦਾ ਕੀ ਅਰਥ ਹੈ?

ਜਵਾਬ: ਇਹ ਸਿੱਖ ਜੈਕਾਰੇ ਦੀ ਦੂਸਰੀ ਲਾਈਨ ਹੈ। ਇਸ ਦਾ ਅਰਥ ਹੈ ਅਕਾਲ ਪੁਰਖ ਸਦਾ ਥਿਰ .ਰਹਿਣ ਵਾਲਾ ਹੈ। ਗੁਰਸਿਖਾਂ ਵਿਚ ਇਕ ਦੂਜੇ ਨੂੰ ਸਤਿ ਸ੍ਰੀ ਅਕਾਲ ਬੁਲਾਉਣ ਦਾ ਰਿਵਾਜ ਵੱਧ ਗਿਆ ਹੈ, ਜਦੋਂ ਕਿ ਸਿੱਖ ਰਹਿਤਨਾਮਿਆਂ ਅਨੁਸਾਰ ਸਾਨੂੰ "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ " ਗਜਾਉਣ ਦਾ ਹੁਕਮ ਹੈ। ਜੈਕਾਰਾ ਦੀਵਾਨ ਵਿਚ ਤੇ ਜੰਗਾਂ ਯੁਧਾਂ ਵਿਚ ਗਜਾਇਆ ਜਾਂਦਾ ਹੈ।

21. ਸਵਾਲ: ਕੀ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਅਖਬਾਰਾਂ ਰਸਾਲਿਆਂ ਵਿਚ ਛਾਪਣੀਆਂ ਯੋਗ ਹਨ। ਅਖਬਾਰਾਂ ਪੜ੍ਹਨ ਉਪਰੰਤ ਪੈਰਾਂ ਵਿਚ ਰੁਲਦੀਆਂ ਹਨ ਤੇ ਇਸ ਤਰ੍ਹਾਂ ਬੇਅਦਬੀ ਹੁੰਦੀ ਹੈ?

ਜਵਾਬ: ਸਿੱਖ ਧਰਮ ਸਿਧਾਂਤਕ ਤੌਰ ਤੇ ਵੀ ਮੂਰਤੀ ਪੂਜਾ ਦੇ ਵਿਰੁਧ ਹੈ। ਗੁਰੂ ਸਾਹਿਬਾਨ ਦੀਆਂ ਇਹ ਛਪ ਰਹੀਆਂ ਤਸਵੀਰਾਂ ਅਸਲੀ ਨਹੀਂ ਹਨ, ਸਗੋਂ ਮਨੋਕਲਪਿਤ ਹਨ ਤੇ ਚਿਤ੍ਰਕਾਰਾਂ ਦੀ ਆਪਣੀ ਸੋਚ ਤੇ ਸਮਝ ਅਨੁਸਾਰ ਹਨ। ਸਿੱਖ ਸ਼ਬਦ ਦਾ ਪੁਜਾਰੀ ਹੈ। ਗੁਰੂ ਦਾ ਸ਼ਬਦ ਹੀ ਗੁਰੂ ਦੀ ਤਸਵੀਰ ਹੈ। ਭਾਈ ਗੁਰਦਾਸ ਜੀ ਅਨੁਸਾਰ

" ਗੁਰ ਮੂਰਤਿ ਗੁਰ ਸਬਦੁ ਹੈ " ।

22. ਸਵਾਲ: ਰਾਧਾ ਸੁਆਮੀ ਮਤ ਵਾਲੇ ਇਹ ਕਹਿੰਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਵਿਚ ਨਾਮ ਦੀ ਗੱਲ ਹੈ, ਪਰ ਗੁਰੂ ਗ੍ਰੰਥ ਸਾਹਿਬ ਨਾਮ ਨਹੀਂ ਦੇ ਸਕਦਾ। ਨਾਲੇ ਜਿੰਦਾ ਗੁਰੂ ਹੀ ਮੁਕਤੀ ਦੇ ਸਕਦਾ ਹੈ । ਆਪਦੇ ਪਾਸ ਕੀ ਜੁਆਬ ਹੈ?

ਜਵਾਬ: ਇਕ ਪਾਸੇ ਤਾਂ ਰਾਧਾ ਸੁਆਮੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਬਾਣੀ ਚੁਰਾ ਕੇ ਉਸ ਦੀ ਕੁਵਰਤੋਂ ਕਰਕੇ ਭੋਲੇ ਭਾਲੇ ਸਿਖਾਂ ਨੂੰ ਗੁਮਰਾਹ ਕਰਦੇ ਹਨ ਤੇ ਦੂਸਰੇ ਪਾਸੇ ਗੁਰੂ ਗ੍ਰੰਥ ਸਾਹਿਬ ਦੀ ਨਿੰਦਿਆ ਕਰਦੇ ਹਨ ਜੋ ਕਦਾਚਿਤ ਠੀਕ ਨਹੀਂ ਹੈ। ਗੁਰੂ ਨਾਨਕ ਸਾਹਿਬ ਨੇ ਸ਼ਬਦ ਗੁਰੂ ਨੂੰ ਹੀ ਆਪਣਾ ਗੁਰੂ ਮੰਨਿਆ ਸੀ ਤੇ ਦਸ ਗੁਰੂ ਸਾਹਿਬਾਨ ਨੇ ਵੀ ਸ਼ਬਦ-ਗੁਰੂ ਦਾ ਹੀ ਪ੍ਰਚਾਰ ਕੀਤਾ ਸੀ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਨੂੰ ਸ਼ਬਦ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ ਸੀ। ਸਿੱਖ ਧਰਮ ਵਿਚ ਨਾਮ ਗੁਪਤ ਨਹੀਂ ਪ੍ਰਗਟ ਹੈ, ਅਤੇ ਕੰਨਾਂ ਵਿਚ ਨਹੀਂ ਦਿਤਾ ਜਾਂਦਾ। ਗੁਰਬਾਣੀ ਨਿੰਰਕਾਰ ਦਾ ਰੂਪ ਹੈ ਤੇ ਗੁਰਬਾਣੀ ਪੜ੍ਹਨ, ਸਮਝਣ, ਵੀਚਾਰਨ ਤੇ ਅਮਲ ਕਰਨ ਨਾਲ 'ਨਾਮ' ਦੀ ਪ੍ਰਾਪਤੀ ਹੁੰਦੀ ਹੈ। ਜਦੋਂ ਗੁਰਸਿੱਖ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਤਨ ਮਨ ਧਨ ਅਰਪਣ ਕਰਕੇ ਗੁਰੂ ਵਾਲਾ ਬਣਦਾ ਹੈ ਤੇ ਅੰਮ੍ਰਿਤਧਾਰੀ ਜੀਵਨ ਬਤੀਤ ਕਰਦਾ ਹੈ ਤਾਂ ਨਾਮ ਦੀ ਬਖਸ਼ਿਸ਼ ਉਸ ਉਤੇ ਸੁਤੇ ਸਿਧ ਹੁੰਦੀ ਹੈ। ਰਾਧਾ ਸੁਆਮੀਆਂ ਨੂੰ ਕੋਈ ਪੁਛੇ ਕਿ ਜਿਹੜੇ ਗੁਰੂ ਉਹਨਾਂ ਦੇ ਸੁਆਮੀ ਸ਼ਿਵ ਦਿਆਲ ਤੋਂ ਬਾਅਦ ਹੋਏ ਹਨ, ਕੀ ਉਹ ਐਵੇਂ ਹੀ ਸਨ? ਕਿਉਂਕਿ ਹੁਣ ਤਾਂ ਉਹ ਮਰ ਚੁਕੇ ਹਨ ਤੇ ਕੇਵਲ ਵਕਤੀ ਗੁਰੂ, ਜਿੰਦਾ ਗੁਰੂ ਹੀ ਕੁਝ ਕਰ ਸਕਦਾ ਹੈ। ਕੈਸੀ ਫਿਲਾਸਫੀ ਹੈ ਕਿ ਜਿਨ੍ਹਾਂ ਦੀ ਗੱਦੀ ਤੇ ਇਸ ਭਲੇ ਲੋਕ ਬੈਠੇ ਹਨ, ਉਹਨਾਂ ਨੂੰ ਹੀ ਜ਼ੀਰੋ ਮੰਨਦੇ ਹਨ। ਦੂਸਰਾ ਸੁਆਲ ਇਹਨਾਂ ਤੋਂ ਇਹ ਪੁਛੀਏ ਕਿ ਸੁਆਮੀ ਸ਼ਿਵ ਦਿਆਲ ਜਿਸ ਦੇ ਨਾਮ ਤੋਂ ਇਹ ਮਤ ਚਲਿਆ (ਸੁਆਮੀ ਦੀ ਪਤਨੀ ਦਾ ਨਾਮ ਰਾਧਾ ਸੀ) ਉਸ ਦਾ ਗੁਰੂ ਕੌਣ ਸੀ ਤਾਂ ਜੁਆਬ ਮਿਲਦਾ ਹੈ ਕਿ ਉਸਨੇ ਗੁਰਬਾਣੀ ਤੋਂ, ਸ਼ਬਦ ਤੋਂ, ਅਗਵਾਈ ਪ੍ਰਾਪਤ ਕੀਤੀ ਸੀ। ਜੇ ਸੁਆਮੀ ਸ਼ਿਵ ਦਿਆਲ ਦਾ ਗੁਰੂ, " ਸ਼ਬਦ ਗੁਰੂ" ਹੋ ਸਕਦਾ ਹੈ ਤਾਂ ਗੁਰਸਿਖਾਂ ਦਾ ਕਿਉਂ ਨਹੀਂ ਹੋ ਸਕਦਾ, ਅਸਲ ਵਿਚ ਇਹ ਟਪਲੇ ਉਹਨਾਂ ਸਿਖਾਂ ਨੂੰ ਹੀ ਲਾ ਸਕਦੇ ਹਨ ਜਿਹੜੇ ਗੁਰਬਾਣੀ ਪੜ੍ਹਦੇ, ਸਮਝਦੇ ਤੇ ਵੀਚਾਰਦੇ ਨਹੀਂ। ਗਿਆਨਵਾਨ ਸਿਖਾਂ ਤੇ ਐਸੇ ਟਪਲਿਆਂ ਦਾ ਭੋਰਾ ਅਸਰ ਨਹੀਂ ਹੋ ਸਕਦਾ।

23. ਸਵਾਲ: ਕੀ ਸਾਰੇ ਧਰਮ ਇੱਕ ਹਨ?

ਜਵਾਬ: ਮਨੁੱਖਤਾ ਇਕ ਹੈ। ਮਨੁਖਾਂ ਵਿਚ ਵੰਡੀਆਂ ਨਹੀਂ ਪਾਈਆਂ ਜਾ ਸਕਦੀਆਂ, ਪਰ ਮਨੁਖ ਦੀ ਜੀਵਨ ਜਾਚ ਦੇ ਢੰਗ, ਉਹਨਾਂ ਦੇ ਧਰਮ ਵੱਖ ਵੱਖ ਹੋ ਸਕਦੇ ਹਨ। ਇਕ ਧਰਮ ਮੂਰਤੀ ਜਾ ਸਿਖਾਉਂਦਾ ਹੈ, ਇਕ ਇਸ ਦਾ ਵਿਰੋਧ ਕਰਦਾ ਹੈ; ਇਕ ਵਰਤ ਰਖਣ ਤੇ ਜ਼ੋਰ ਦਿੰਦਾ ਹੈ, ਦੂਜਾ ਇਸ ਨੂੰ ਠੀਕ ਨਹੀਂ ਮੰਨਦਾ ਹੈ। ਇਸ ਲਈ ਵਖੋ ਵਖਰੇ ਧਰਮ ਬਰਾਬਰ ਨਹੀਂ ਹੋ ਸਕਦੇ। ਹਾਂ ਜੇ ਸਾਰੀ ਲੋਕਾਈ ' ਨਾਮ ਸਿਮਰਨ ਤੇ ਸ੍ਰੇਸ਼ਟ ਕਰਨੀ ਦਾ ਧਰਮ' ਆਪਣਾ ਲਵੇ ਤਾਂ ਇਹ ਇਕੋ ਇਕ ਧਰਮ ਸਾਰੀ ਮਨੁਖਤਾ ਦਾ ਧਰਮ ਹੋ ਸਕਦਾ ਹੈ।

24. ਸਵਾਲ: ਕਈ ਲੋਕ ਇਹ ਕਹਿੰਦੇ ਹਨ ਕਿ ਫਲਾਣਾ ਆਪਣੀ ਮੌਤ ਤੋਂ ਪਹਿਲੋਂ ਹੀ ਮਰ ਗਿਆ ਜਾਂ ਅਣਆਈ ਮੌਤ ਮਰ ਗਿਆ, ਕੀ ਸਿੱਖ ਫਿਲਾਸਫੀ ਇਸ ਨੂੰ ਠੀਕ ਮੰਨਦੀ ਹੈ?

ਜਵਾਬ: ਸਿਖ ਧਰਮ ਵਿਚ ਗੁਰਬਾਣੀ ਅਨੁਸਾਰ ਜੀਵ ਆਪਣੀ ਮੌਤ ਲਿਖਾ ਕੇ ਹੀ ਇਸ ਸੰਸਾਰ ਵਿਚ ਆਉਂਦਾ ਹੈ:

ਅਨਿਕ ਜਤਨ ਕਰਿ ਕਾਲੁ ਸੰਤਾਏ ।।
ਮਰਣੁ ਲਿਖਾਇ ਮੰਡਲ ਮਹਿ ਆਏ ।। (ਧਨਾਸਰੀ ਮ.੧, ਪੰਨਾ ੬੮੫)

ਜਿਸੁ ਕੀ ਪੂਜੈ ਅਉਧ ਤਿਸੈ ਕਉਣੁ ਰਾਖਈ ।।
ਬੈਦਕ ਅਨਿਕ ਉਪਾਵ ਕਹਾਂ ਲਉ ਭਾਖਈ ।। (ਫੁਨਹੇ, ਮ.੫, ਪੰਨਾ-੧੩੬੩)

ਹਰ ਜੀਵ ਦੀ ਮੌਤ ਦਾ ਸਮਾਂ ਨਿਸਚਿਤ ਹੈ ਉਹ ਬਦਲਿਆ ਨਹੀਂ ਜਾ ਸਕਦਾ। ਕਾਰਨ ਕੋਈ ਵੀ ਹੋਵੇ ਪਰ ਮੌਤ ਨਿਸ਼ਚਤ ਸਮੇਂ ਅਨੁਸਾਰ ਹੋ ਜਾਣੀ ਹੈ। ਇਹ ਸਮਾਂ ਅਕਾਲ ਪੁਰਖ ਹੀ ਜਾਣਦਾ ਹੈ। ਬੰਦਾ ਨਹੀਂ ਜਾਣ ਸਕਦਾ। ਇਸ ਲਈ ਅਗਿਆਨਤਾ ਵਸ ਇਹੋ ਜਹੇ ਵਾਕ ਅਸੀਂ ਕਹਿ ਦੇਂਦੇ ਹਾਂ ਕਿ ਫਲਾਣਾ ਅਣਆਈ ਮੌਤੇ ਮਰ ਗਿਆ।

26. ਸਵਾਲ: 'ਸੰਕਟ ਮੋਚਨ' ਕਿਤਾਬ ਵਿਚ ਸ਼ਬਦਾਂ ਨੂੰ ਵੱਖ ਵੱਖ ਗਿਣਤੀ ਅਨੁਸਾਰ ਪੜ੍ਹ ਕੇ ਕਸ਼ਟਾਂ ਦੀ ਨਵਿਰਤੀ ਹੋਣੀ ਦਸੀ ਹੈ। ਕੀ ਇਹ ਠੀਕ ਹੈ?

ਜਵਾਬ: ਇਹ ਕਿਤਾਬ ਗੁਰਮਤਿ ਸਿਧਾਤਾਂ ਦੇ ਵਿਰੁਧ ਹੈ। ਗੁਰਬਾਣੀ ਪੜ੍ਹਨ, ਸਮਝਣ, ਵੀਚਾਰਨ ਤੇ ਅਮਲ ਵਿਚ ਲਿਆਉਣ ਨਾਲ ਹੀ ਸੁਖਦਾਈ ਹੁੰਦੀ ਹੈ। ਗਿਣਤੀਆਂ ਮਿਣਤੀਆਂ ਦੇ ਰਸਮੀ ਪਾਠ, ਗੁਰਮਤਿ ਵਿਚ ਕੋਈ ਵਿਸ਼ੇਸ਼ ਮਹੱਤਤਾ ਨਹੀਂ ਰਖਦੇ।

27. ਸਵਾਲ: ਕਈ ਸਿੱਖ ਬੀਬੀਆਂ ਨੂੰ ਜਦੋਂ ਵਰਤ ਨਾ ਰਖਣ ਲਈ ਪ੍ਰੇਰਣਾ ਕਰੀਦੀ ਹੈ ਤਾਂ ਉਹ ਕਹਿੰਦੀਆਂ ਹਨ ਕਿ ਗੁਰੂ ਨਾਨਕ ਸਾਹਿਬ ਜੀ ਨੇ ਆਪ ਪੂਰਨਮਾਸ਼ੀ ਦਾ ਵਰਤ ਰਖਣ ਦੀ ਆਗਿਆ ਕੀਤੀ ਹੈ। ਨਾਲੇ ਜੇ ਕਰਵਾ ਚੌਥ ਦਾ ਵਰਤ ਇਕ ਵਾਰੀ ਰਖ ਲਈਏ ਤਾਂ ਫਿਰ ਹਰ ਸਾਲ ਰਖਣਾ ਪੈਂਦਾ ਹੈ, ਛਡਿਆ ਨਹੀਂ ਜਾ ਸਕਦਾ?

ਜਵਾਬ: ਇਹ ਸਭ ਅਗਿਆਨਤਾ ਹੈ ਕਿਉਂਕਿ ਅਸੀਂ ਕੇਵਲ ਗੁਰੂ ਗ੍ਰੰਥ ਸਾਹਿਬ ਨੂੰ ਮਥਾ ਟੇਕ ਕੇ ਹੀ ਸਮਝ ਲੈਂਦੇ ਹਾਂ ਕਿ ਅਸੀਂ ਗੁਰੂ ਦੇ ਸਿੱਖ ਹਾਂ। ਸਿੱਖ ਉਹ ਹੈ ਜੋ ਗੁਰੂ ਦੀ ਬਾਣੀ ਨੂੰ ਮੰਨੇ। ਜੋ ਗੁਰੂ ਦੇ ਹੁਕਮਾਂ ਨੂੰ ਨਹੀਂ ਮੰਨਦਾ, ਉਹ ਸਿੱਖ ਨਹੀਂ ਹੈ। ਗੁਰਬਾਣੀ ਵਿਚ ਕਿਸੇ ਪ੍ਰਕਾਰ ਦਾ ਵੀ ਵਰਤ ਨਾ ਰਖਣ ਦੀ ਤਾਕੀਦ ਕੀਤੀ ਹੈ ਤੇ 'ਵਰਤ' ਨੂੰ ਪਖੰਡ ਦਸਿਆ ਹੈ:

ਛੋਡਹਿ ਅੰਨੁ ਕਰਹਿ ਪਾਖੰਡ ।।
ਨਾ ਸੋਹਾਗਨਿ ਨਾ ਓਹਿ ਰੰਡ ।। (ਗੌਂਡ, ਕਬੀਰ ਜੀ, ਪੰਨਾ-੮੭੩)

ਅੰਨੁ ਨ ਖਾਹਿ ਦੇਹੀ ਦੁਖੁ ਦੀਜੈ ।।
ਬਿਨੁ ਗੁਰ ਗਿਆਨ ਤ੍ਰਿਪਤਿ ਨਹੀ ਥੀਜੈ ।।

(ਰਾਮਕਲੀ, ਮ: ੧, ਪੰਨਾ-੯੦੫)

ਜੇ ਗੁਰੂ ਸਾਹਿਬ ਦੀ ਆਪਣੀ ਬਾਣੀ ਵਰਤਾਂ ਦੇ ਵਿਰੁਧ ਹੈ ਤਾਂ ਇਹ ਕਿਵੇਂ ਹੋ ਸਕਦਾ ਹੈ ਕਿ ਉਹ ਕਿਸੇ ਵਰਤ ਰਖਣ ਦੀ ਆਗਿਆ ਦੇਣ? ਇਹ ਚਲਾਕ ਲੋਕਾਂ ਨੇ ਸਿੱਖ ਬੀਬੀਆਂ ਨੂੰ ਆਪਣੇ ਮਗਰ ਲਾਉਣ ਲਈ ਮਨ-ਘੜਤ ਗੱਲਾਂ ਪ੍ਰਚਾਰ ਦਿਤੀਆਂ ਹਨ, ਜਿਨ੍ਹਾਂ ਤੋਂ ਛੁਟਕਾਰਾ ਕੇਵਲ ਗੁਰਮਤਿ ਪ੍ਰਚਾਰ ਨਾਲ ਹੀ ਹੋ ਸਕਦਾ ਹੈ। ਸੋ ਇਹ ਵੀ ਇਕ ਵਹਿਮ ਹੀ ਹੈ ਕਿ ਕਰਵਾ ਚੌਥ ਦਾ ਵਰਤ ਛਡਿਆ ਨਹੀਂ ਜਾ ਸਕਦਾ। ਜੋ ਗੁਰੂ ਦੇ ਸਿੱਖ ਹਨ ਉਹ ਗੁਰਬਾਣੀ ਤੋਂ ਰੋਸ਼ਨੀ ਲੈ ਕੇ ਸਭ ਵਹਿਮ ਭਰਮ ਪਖੰਡ ਤਿਆਗ ਦਿੰਦੇ ਹਨ। ਜੋ ਐਸੇ ਵਹਿਮਾਂ ਵਿਚ ਫਸੇ ਰਹਿੰਦੇ ਹਨ, ਉਹ ਮਨਮੁਖ ਹਨ।

28. ਸਵਾਲ: ਸਿੱਖ ਧਰਮ ਦੇ ਭੂਤਾਂ ਪ੍ਰੇਤਾਂ ਬਾਰੇ ਕੀ ਵੀਚਾਰ ਹਨ?

ਜਵਾਬ: ਗੁਰਬਾਣੀ ਅਨੁਸਾਰ ਅਕਾਲ ਪੁਰਖ ਤੋਂ ਬੇਮੁਖ ਕੁਕਰਮਾਂ ਵਿਚ ਫਸੇ ਹੋਏ ਬੰਦਿਆਂ ਨੂੰ ਹੀ ਭੂਤ ਪ੍ਰੇਤ ਦੀ ਸੰਗਿਆ ਦਿਤੀ ਗਈ ਹੈ। ਪ੍ਰੰਤੂ ਇਹੀ ਤਾਮਸੀ ਜੀਵ ਗੁਰਉਪਦੇਸ਼ਾਂ ਤੇ ਅਮਲ ਕਰਕੇ ਉਤਮ ਪਦਵੀ ਨੂੰ ਪ੍ਰਾਪਤ ਕਰ ਸਕਦੇ ਹਨ। ਕਈ ਭਰਮੀ ਲੋਕ ਮਰੇ ਹੋਏ ਜੀਵਾਂ ਦੀ ਆਤਮਾ ਦੇ ਕਈ ਨਾਮ

ਭੂਤ, ਪ੍ਰੇਤ. ਜਿੰਨ, ਬੇਤਾਲ ਆਦਿ ਰਖ ਕੇ ਤਾਂਤ੍ਰਿਕਾਂ ਦੇ ਅਡੰਬਰਾਂ ਵਿਚ ਫਸ ਜਾਂਦੇ ਹਨ । ਗੁਰਬਾਣੀ ਦੇ ਫੁਰਮਾਣ ਹਨ—

੧. ਹਰਿ ਭਗਤਿ ਭਾਵ ਹੀਣੰ ਨਾਨਕ ਪ੍ਰਭ ਬਿਸਰਤ ਤੇ ਪ੍ਰੇਤਤਹ ।।

(ਮਹਲਾ ੫, ਵਾਰ ਜੈਤਸਰੀ, ਪੰਨਾ-੭੦੬)

੨. ਮਾਇਆ ਮੋਹੁ ਪਰੇਤੁ ਹੈ ਕਾਮੁ ਕ੍ਰੋਧੁ ਅਹੰਕਾਰਾ ।।

(ਮਹਲਾ ੩, ਵਾਰ ਗੂਜਰੀ, ਪੰਨਾ-੫੧੩)

੩. ਕਬੀਰ ਜਾ ਘਰ ਸਾਧ ਨ ਸੇਵੀਅਹਿ, ਹਰਿ ਕੀ ਸੇਵਾ ਨਾਹਿ ।।
ਤੇ ਘਰ ਮਰਘਟ ਸਾਰਖੇ, ਭੂਤ ਬਸਹਿ ਤਿਨ ਮਾਹਿ ।।

(ਪੰਨਾ-੧੩੭੪)

੪. ਪਰੇਤਹੁ ਕੀਤੋਨੁ ਦੇਵਤਾ, ਤਿਨਿ ਕਰਣੈਹਾਰੇ ।।
ਸਭੇ ਸਿਖ ਉਬਾਰਿਅਨੁ, ਪ੍ਰਭਿ ਕਾਜ ਸਵਾਰੇ ।।

(ਗਉੜੀ ਕੀ ਵਾਰ, ਮ: ੫, ਪੰਨਾ-੩੨੩)

29. ਸਵਾਲ: ਅਸੀਂ ਆਖਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਜੀ ਗੁਰੂਆਂ ਦੀ ਦੇਹ ਹੈ, ਇਹ ਦੇਹ ਇੱਕ ਜਾਂ ਦੋ ਤਾਂ ਹੋ ਸਕਦੀਆਂ ਹਨ, ਪਰ ਸਾਡੇ ਕੋਲ ਤਾਂ ਹਜ਼ਾਰਾਂ ਲੱਖਾਂ ਦੀ ਗਿਣਤੀ ਵਿਚ ਗੁਰੂ ਦੇਹਾਂ ਹਨ। ਇਸ ਗੁੰਝਲ ਦਾ ਕੀ ਹੱਲ ਹੈ?

ਜਵਾਬ: ਕੇਵਲ ਦੇਹ ਨੂੰ ਸਿੱਖ ਧਰਮ ਵਿੱਚ ਗੁਰੂ ਕਦੇ ਨਹੀਂ ਕਿਹਾ ਗਿਆ, ਗੁਰੂ ਤਾਂ ਸ਼ਬਦ ਹੀ ਹੈ। ਸੋ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਹੀ ਸਾਡਾ ਗੁਰੂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਾਂ ਦੀ ਦੇਹ ਕੇਵਲ ਇਸ ਲਈ ਕਿਹਾ ਜਾਂਦਾ ਹੈ ਕਿ ਜਿਵੇਂ ਗੁਰੂ ਸਾਹਿਬਾਨ ਦੀ ਸਰੀਰਕ ਮੌਜੂਦਗੀ ਵਿੱਚ ਸਿੱਖ ਉਹਨਾਂ ਨਾਲ ਪ੍ਰੀਤ ਪਾਉਂਦੇ ਸਨ ਅਤੇ ਉਹਨਾਂ ਦੇ ਹੁਕਮਾਂ ਨੂੰ ਮੰਨਦੇ ਸਨ, ਉਵੇਂ ਹੀ ਅਸੀਂ ਗੁਰਬਾਣੀ ਨਾਲ ਪ੍ਰੀਤ ਪਾਉਣੀ ਹੈ ਅਤੇ ਗੁਰਬਾਣੀ ਦੇ ਹੁਕਮਾਂ ਨੂੰ ਮੰਨਣਾ ਹੈ।

30. ਸਵਾਲ: ਗੁਰਬਾਣੀ ਅਨੁਸਾਰ ਪ੍ਰਮਾਤਮਾ ਦਾ ਨਾਮ ਸਿਮਰਨ ਹਰ ਸਮੇਂ ਕਰਦੇ ਰਹਿਣਾ ਚਾਹੀਦਾ ਹੈ, ਪਰ ਮਨੁੱਖ ਕੰਮ-ਕਾਰ ਕਰਦਿਆਂ ਹੋਇਆਂ ਹਰ ਸਮੇਂ ਸਿਮਰਨ ਲਈ ਹੱਥਾਂ ਵਿੱਚ ਮਾਲਾ ਕਿਵੇਂ ਰਖ ਸਕਦਾ ਹੈ?

ਜਵਾਬ: ਗੁਰਬਾਣੀ ਅਨੁਸਾਰ ਸਿਮਰਨ ਕਰਦੇ ਸਮੇਂ ਮਾਲਾ ਫੇਰਨੀਆਂ ਅਤੇ ਗਿਣਤੀ ਮਿਣਤੀ ਦੇ ਸਿਮਰਨ ਕਰਨੇ ਪ੍ਰਵਾਨ ਨਹੀਂ। ਗੁਰਬਾਣੀ ਵਿੱਚ ਉਚੇ ਆਚਰਣ ਤੇ ਸ੍ਰੇਸ਼ਟ ਕਰਨੀ ਨੂੰ ਮਾਲਾ ਕਿਹਾ ਹੈ, ਜਿਵੇਂ ਫੁਰਮਾਨ ਹੈ—

—ਸੁਕ੍ਰਿਤੁ ਕਰਣੀ ਸਾਰੁ ਜਪਮਾਲੀ।।

ਹਿਰਦੈ ਫੇਰਿ ਚਲੈ ਤੁਧੁ ਨਾਲੀ।। (ਭੈਰਉ ਮ: ੪, ਪੰਨਾ ੧੧੩੪)

ਪ੍ਰਮਾਤਮਾ ਦਾ ਨਾਮ ਹਿਰਦੇ ਵਿੱਚ ਵਸਾਉਣਾ ਹੀ ਅਸਲੀ ਮਾਲਾ ਹੈ—

ਹਿਰਦੈ ਜਪਨੀ, ਜਪਉ ਗੁਣਤਾਸਾ।। (ਬਿਲਾਵਲ ਮ: ੩, ਪੰਨਾ ੮੪੧)

ਪ੍ਰਮਾਤਮਾ ਦਾ ਸਿਮਰਨ ਕਰਨ ਲਈ ਕੰਮ ਕਾਜ ਤਿਆਗਣ ਦੀ ਲੋੜ ਨਹੀਂ। ਸਗੋਂ ਕੰਮ ਕਾਜ ਕਰਦੇ ਹੋਇਆਂ ਹੀ, ਹੱਥ ਕਾਰ ਵੱਲ ਤੇ ਚਿਤ ਕਰਤਾਰ ਵਲ ਦੇ ਸਿਧਾਂਤ ਨੂੰ ਅਪਨਾਉਣਾ ਹੈ। ਨਾਮ ਜਪਣ ਲਈ ਵਿਖਾਵੇ ਵਾਲੀ ਮਾਲਾ ਦੀ ਲੋੜ ਨਹੀਂ, ਸਗੋਂ ਹਿਰਦੇ ਅੰਦਰ ਪ੍ਰਭੂ ਦੀ ਯਾਦ ਹੀ ਅਸਲ ਮਾਲਾ ਹੈ।

31. ਸਵਾਲ: ਸਿਮਰਨ ਕਰਨ ਲੱਗਿਆਂ ਧਿਆਨ ਕਿਸ ਦਾ ਧਰਨਾ ਹੈ?

ਜਵਾਬ: ਜਿਥੋਂ ਤੱਕ ਧਿਆਉਣ (ਸਿਮਰਨ) ਦਾ ਸੰਬੰਧ ਹੈ, ਇਹ ਗੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ੁਰੂ ਵਿੱਚ "ੴ" ਦੇ ਅੱਗੇ ਏਕਾ (੧) ਲਗਾ ਕੇ ਗੁਰੂ ਨਾਨਕ ਦੇਵ ਜੀ ਨੇ ਸ਼ਪਸ਼ਟ ਕਰ ਦਿੱਤੀ ਹੈ ਕਿ ਏਕੰਕਾਰ ਅਰਥਾਤ ਇੱਕ ਅਕਾਲ ਪੁਰਖ ਤੇ ਧਿਆਨ ਟਿਕਾਉਣਾ ਹੈ, ਜਿਵੇਂ ਕਿ ਪੰਚਮ ਪਾਤਸ਼ਾਹ ਨੇ ਕਿਹਾ ਹੈ—

ਹਰਿ ਏਕੁ ਸਿਮਰਿ, ਏਕੁ ਸਿਮਰਿ,
ਏਕੁ ਸਿਮਰਿ ਪਿਆਰੇ।।
ਕਲਿ ਕਲੇਸ, ਲੋਭ ਮੋਹ,
ਮਹਾ ਭਉਜਲੁ ਤਾਰੇ।। (ਧਨਾਸਰੀ, ਮ: ੫, ਪੰਨਾ-੬੭੯)

ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਉ ਹੀ ਕਿਹਾ ਹੈ—

ਧਿਆਨ ਧਰੋ ਤਿਹ ਕੋ ਮਨ ਮੈਂ,
ਜਿਹ ਕੋ ਅਮਿਤੋਜਿ ਸਭੈ ਜਗੁ ਛਾਇਯੋ।। (ਤ੍ਵ ਪ੍ਰਸਾਦਿ ਸਵੈਯੇ)

ਇੱਕ ਅਕਾਲ ਪੁਰਖ ਦਾ ਧਿਆਨ ਧਰਨ ਦਾ ਅਰਥ ਹੈ ਗੁਰਬਾਣੀ ਵਿਚ ਦਰਸਾਏ ਪ੍ਰਭੂ ਦੇ ਗੁਣਾਂ ਦਾ ਧਿਆਨ ਧਰਨਾ ਅਥਵਾ ਉਨ੍ਹਾਂ ਨੂੰ ਆਪਣੇ ਮਨ ਵਿਚ ਵਿਸਾਉਣਾ।

32. ਸਵਾਲ: ਕੀ ਇਸ਼ਕ ਮਜ਼ਾਜੀ ਦਾ ਗੁਰਮਤਿ ਵਿੱਚ ਕੋਈ ਸਥਾਨ ਨਹੀਂ ਹੈ? ਸਪਸ਼ਟ ਕਰਨਾ ਜੀ।

ਜਵਾਬ: ਜਿਸ ਪ੍ਰੇਮ (ਇਸ਼ਕ) ਕਾਰਨ ਪਰਾਈ ਇਸਤਰੀ/ ਪੁਰਸ਼ ਨਾਲ ਕਾਮ ਵਾਸ਼ਨਾ ਉਤਪੰਨ ਹੁੰਦੀ ਹੈ, ਗੁਰਮਤਿ ਅੰਦਰ ਉਹ ਬਿਵਰਜਤ ਹੈ। ਗੁਰੂ ਤੇਗ ਬਹਾਦਰ ਜੀ ਆਦੇਸ਼ ਦਿੰਦੇ ਹਨ—

ਸਾਧੋ ਮਨ ਕਾ ਮਾਨੁ ਤਿਆਗਉ ।।
ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ,
ਤਾ ਤੇ ਅਹਿਨਿਸਿ ਭਾਗਉ ।। (ਪੰਨਾ ੨੧੯)

ਗੁਰਮਤਿ ਦਾ ਸਿਧਾਂਤ ਹੈ:

ਦੇਖ ਪਰਾਈਆਂ ਚੰਗੀਆਂ, ਮਾਵਾਂ, ਭੈਣਾਂ, ਧੀਆਂ, ਜਾਣੈ ।।
(ਵਾਰ ੨੯, ਪਉੜੀ ੧੧, ਭਾਈ ਗੁਰਦਾਸ)

33. ਸਵਾਲ: ਸਨਮੁਖ ਕੌਣ ਹੈ ਤੇ ਮਨਮੁਖ ਕੌਣ?

ਜਵਾਬ: ਜੋ ਗੁਰੂ ਦੇ ਹੁਕਮਾਂ ਅਨੁਸਾਰ ਜੀਵਨ ਬਤੀਤ ਕਰਦਾ ਹੈ ਉਹ ਸਨਮੁਖ ਹੈ ਤੇ ਜੋ ਮਨ ਦੀ ਮਤ ਅਨੁਸਾਰ ਜੀਵਨ ਬਤੀਤ ਕਰੇ ਉਹ ਮਨਮੁਖ। ਗੁਰੂ ਸਾਹਿਬ ਦਾ ਫੁਰਮਾਨ ਹੈ:

ਆਪੁ ਛਡਿ ਸਦਾ ਰਹੈ ਪਰਣੈ,
ਗੁਰ ਬਿਨੁ ਅਵਰੁ ਨ ਜਾਣੈ ਕੋਇ ।।
ਕਹੈ ਨਾਨਕੁ ਸੁਣਹੁ ਸੰਤਹੁ,
ਸੋ ਸਿਖੁ ਸਨਮੁਖੁ ਹੋਏ ।। (ਰਾਮਕਲੀ, ਮ: ੩, ਅਨੰਦ, ਪੰਨਾ-੯੧੯-੨੦)

34. ਸਵਾਲ: ਖਾਲਸਾ ਕਿਸ ਨੂੰ ਕਹਿੰਦੇ ਹਨ?

ਜਵਾਬ: 'ਲੁਗਾਤੇ ਕਸ਼ੋਰੀ' ਵਿਚ ਖਾਲਸਾ ਦੇ ਅਰਥ ਇਹ ਕੀਤੇ ਹਨ:

"ਵਹੁ ਜ਼ਮੀਨ ਬਾਦਸ਼ਾਹੀ, ਜੋ ਕਿਸੀ ਕੀ ਜਾਗੀਰ ਨ ਹੋ।"

ਦਸਮੇਸ਼ ਪਿਤਾ ਜੀ ਨੇ ਸਿਖ ਨੂੰ ਖਾਲਸਾ ਬਣਾਇਆ ਕਿ ਉਹ ਹੁਣ ਕੇਵਲ ਵਾਹਿਗੁਰੂ ਜੀ ਕਾ ਹੈ। ਖਾਲਸੇ ਅਤੇ ਵਾਹਿਗੁਰੂ ਦਰਮਿਆਨ ਕੋਈ ਵਿਚੋਲਾ ਜਾਂ ਕੋਈ ਸਿਫਾਰਸ਼ ਕਰਨ ਵਾਲਾ ਨਹੀਂ।

35. ਸਵਾਲ: ਅਰਦਾਸ ਵਿਚ ਆਏ ਸ਼ਬਦ "ਅੰਮ੍ਰਿਤਸਰ ਦੇ ਇਸ਼ਨਾਨ" ਦਾ ਕੀ ਮਤਲਬ ਹੈ?

ਜਵਾਬ: ਇਹ ਸ਼ਬਦ ਸਾਨੂੰ ਦ੍ਰਿੜ ਕਰਾਉਂਦੇ ਹਨ ਕਿ ਅਸੀ ਆਪਣੇ ਕੇਂਦਰੀ ਧੁਰੇ ਅੰਮ੍ਰਿਤਸਰ ਨਾਲ ਜੁੜੇ ਰਹਿਣਾ ਹੈ। ਅਸੀਂ ਇਕ ਕੌਮ ਹਾਂ ਅਤੇ ਸਾਡੀ ਇਕਠਿਆਂ ਹੋਣ ਦੀ ਲਾਲਸਾ ਹੈ। ਭਾਵੇਂ ਕੋਈ ਹਕੂਮਤ ਕਿਨੀ ਵੀ ਸਖਤੀ ਕਰੇ, ਅਸੀ ਕੇਂਦਰ ਨਾਲੋਂ ਟੁਟਣਾ ਨਹੀਂ।

36. ਸਵਾਲ: ਨਾਮ, ਦਾਨ, ਇਸ਼ਨਾਨ ਦੇ ਕੀ ਅਰਥ ਹਨ?

ਜਵਾਬ: ਨਾਮ ਦੇ ਅਰਥ ਹਨ - ਵਾਹਿਗੁਰੂ ਵਲ ਮੂਹ ਕਰਨਾ, ਭਾਵ ਸਦਾ ਵਾਹਿਗੁਰੂ ਦੀ ਹਜ਼ੂਰੀ ਵਿੱਚ ਰਹਿਣਾ।

ਦਾਨ ਦਾ ਭਾਵ ਹੈ - ਲੋਕਾਂ ਵਲ ਮੁਖ ਕਰਨਾ ਭਾਵ ਪਰਉਪਕਾਰੀ ਜਿੰਦਗੀ ਬਤੀਤ ਕਰਨਾ।

ਇਸ਼ਨਾਨ ਦਾ ਭਾਵ ਹੈ- ਆਪਣੇ ਵਲ ਮੂੰਹ ਕਰਨਾ । ਆਪਣੀ ਆਤਮਾ ਨੂੰ ਨਾਮ-ਜਲ ਨਾਲ ਧੋ ਕੇ ਵਿਕਾਰ ਰਹਿਤ ਕਰਨਾ

37. ਸਵਾਲ: ਕਾਮ, ਕ੍ਰੋਧ, ਮੋਹ, ਹੰਕਾਰ ਨੂੰ ਕਿਵੇਂ ਮਾਰਿਆ ਜਾਵੇ?

ਜਵਾਬ: ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿਕ ਵਿਕਾਰਾਂ ਨੂੰ ਮਾਰਿਆ ਨਹੀਂ ਜਾ ਸਕਦਾ। ਹਾਂ, ਗੁਰਮਤਿ-ਮਾਰਗ ਦੇ ਧਾਰਨੀ ਬਣ ਕੇ ਇਨ੍ਹਾਂ ਦੀ ਮੁਹਾਰ ਬਦਲੀ ਜਾ ਸਕਦੀ ਹੈ ਤੇ ਸੰਜਮ (ਕੰਟਰੋਲ) ਵਿਚ ਰਖਿਆ ਜਾ ਸਕਦਾ ਹੈ । ਗੁਰਸਿਖ ਨੇ ਕਾਮ ਨੂੰ ਸੰਜਮ ਤੇ ਸ਼ਕਤੀ, ਕ੍ਰੋਧ ਨੂੰ ਵੀਰਤਾ ਤੇ ਬੀਰ ਰਸ, ਲੋਭ ਨੂੰ ਪੁਰਸ਼ਾਰਥ ਤੇ ਸੰਤੋਖ, ਮੋਹ ਨੂੰ ਪ੍ਰੇਮ ਤੇ ਕੁਰਬਾਨੀ ਅਤੇ ਹੰਕਾਰ ਨੂੰ ਸਵੈਮਾਣ ਤੇ ਅਣਖ ਦੇ ਰੂਪ ਵਿਚ ਬਦਲਣਾ ਹੈ ।

38. ਸਵਾਲ: ਕੀ ਅੰਮ੍ਰਿਤਧਾਰੀ ਸਿਖ ਕਿਸੇ ਦੁਕਾਨ ਤੇ ਨੌਕਰੀ ਭਾਵ ਗੁਲਾਮੀ ਕਰ ਸਕਦਾ ਹੈ? ਜੇ ਨਹੀਂ, ਤਾਂ ਫਿਰ ਕਿਹੜਾ ਰੁਜ਼ਗਾਰ ਕਰੇ?

ਜਵਾਬ: ਕਿਸੇ ਦੁਕਾਨ ਤੇ ਨੌਕਰੀ ਕਰਨ ਦਾ ਭਾਵ ਗੁਲਾਮੀ ਕਰਨ ਤੋਂ ਨਹੀਂ, ਜੋ ਤੁਸੀਂ ਲਿਆ ਹੈ। ਰੁਜ਼ਗਾਰ ਲਈ ਕੋਈ ਵੀ ਨੇਕ ਕੰਮ ਕਰਨਾ ਸਿਖੀ ਆਸ਼ੇ ਦੇ ਵਿਰੁਧ ਨਹੀਂ। ਵਪਾਰ, ਖੇਤੀ, ਨੌਕਰੀ ਵਿਚੋਂ ਸਿੱਖ ਕੋਈ ਵੀ ਕਿਤਾ ਅਪਣਾ ਸਕਦਾ ਹੈ। ਸਿੱਖ ਗੁਲਾਮ ਉਦੋਂ ਹੁੰਦਾ ਹੈ ਜਦੋਂ ਉਹ ਆਪਣੀ ਅਣਖ ਤੇ ਆਪਣੀ ਵਿਚਾਰਧਾਰਾ ਦਾ ਤਿਆਗ ਕਰ ਦੇਵੇ। ਸ੍ਵੈ-ਮਾਣ, ਅਣਖ ਤੇ ਆਪਣੀ ਧਾਰਮਿਕ ਸੁਤੰਤਰਤਾ ਨੂੰ ਬਰਕਰਾਰ ਰਖਦੇ ਹੋਏ ਸਿਖ ਨੌਕਰੀ ਕਰਦਾ ਹੈ ਤਾਂ ਉਹ ਗੁਲਾਮੀ ਨਹੀਂ ਅਖਵਾ ਸਕਦੀ। ਉਂਝ ਸਿੱਖ ਲਈ ਐਸਾ ਉੱਦਮ ਕਰਨਾ, ਜਿਸ ਨਾਲ ਉਹ ਸੁਤੰਤਰ ਤੌਰ ਤੇ ਆਪਣਾ ਕੰਮ ਕਾਰ ਚਲਾ ਸਕੇ, ਮੁਬਾਰਕ ਹੈ।

39. ਸਵਾਲ: ਬ੍ਰਹਮਗਿਆਨੀ ਕੌਣ ਹੈ ਅਤੇ ਇਹ ਪਦਵੀ ਕਿਵੇਂ ਪ੍ਰਾਪਤ ਹੁੰਦੀ ਹੈ?

ਜਵਾਬ: ਬ੍ਰਹਮ ਅਰਥਾਤ ਵਾਹਿਗੁਰੂ ਨੂੰ ਜਾਣਨ ਵਾਲੇ ਨੂੰ ਬ੍ਰਹਮ ਗਿਆਨੀ ਕਿਹਾ ਜਾਂਦਾ ਹੈ, ਭਾਵ ਉਹ ਮਨੁੱਖ ਜਿਸਦੀ ਆਤਮਾ ਪਰਮ - ਆਤਮਾ

(ਪਰਮਾਤਮਾ) ਨਾਲ ਇੱਕ ਮਿੱਕ ਹੋ ਜਾਂਦੀ ਹੈ, ਬ੍ਰਹਮ ਗਿਆਨੀ ਕਹਾਉਂਦਾ ਹੈ। ਅਜਿਹੇ ਗੁਰਮੁਖ ਸੰਸਾਰ ਵਿਚ ਬਹੁਤ ਵਿਰਲੇ ਹਨ। ਭਗਤ ਕਬੀਰ ਜੀ ਉਨ੍ਹਾਂ ਨੂੰ "ਤੇਰਾ ਜਨੁ" ਕਹਿੰਦੇ ਹਨ-

ਤੇਰਾ ਜਨੁ, ਏਕੁ ਆਧੁ ਕੋਈ।।
ਕਾਮੁ, ਕ੍ਰੋਧੁ, ਲੋਭੁ, ਮੋਹੁ ਬਿਬਰਜਿਤ,
ਹਰਿ ਪਦੁ ਚੀਨੈ ਸੋਈ। (ਪੰਨਾ- ੧੧੨੩)

ਸ੍ਰੀ ਗੁਰੂ ਅਰਜਨ ਦੇਵ ਜੀ ਬ੍ਰਹਮ ਗਿਆਨੀ ਦੀ ਤਾਰੀਫ ਇਉਂ ਕਰਦੇ ਹਨ-

ਮਨਿ ਸਾਚਾ, ਮੁਖਿ ਸਾਚਾ ਸੋਇ।।
ਅਵਰੁ ਨ ਪੇਖੈ, ਏਕਸੁ ਬਿਨੁ ਕੋਇ।।
ਨਾਨਕ, ਇਹ ਲਛਣ, ਬ੍ਰਹਮ ਗਿਆਨੀ ਹੋਇ।।

(ਗਉੜੀ, ਸੁਖਮਨੀ, ਮ: ੫, ਪੰਨਾ-੨੭੨)

ਭਾਵ : ਜਿਸ ਮਨੁੱਖ ਦੇ ਮਨ ਵਿੱਚ ਸਦਾ ਥਿਰ ਰਹਿਣ ਵਾਲਾ ਪ੍ਰਭੂ ਵਸਦਾ ਹੈ, ਜੋ ਮੂੰਹ ਨਾਲ ਵੀ ਉਸ ਪ੍ਰਭੂ ਨੂੰ ਜਪਦਾ ਹੈ ਅਤੇ ਇੱਕ ਵਾਹਿਗੁਰੂ ਤੋਂ ਬਿਨਾਂ ਕਿਤੇ ਵੀ ਕਿਸੇ ਹੋਰ ਨੂੰ ਨਹੀਂ ਦੇਖਦਾ, ਉਹ ਮਨੁੱਖ ਇਨ੍ਹਾਂ ਲੱਛਣਾਂ (ਗੁਣਾ) ਕਾਰਨ ਬ੍ਰਹਮ ਗਿਆਨੀ ਹੋ ਜਾਂਦਾ ਹੈ।

40. ਸਵਾਲ: ਬੇਨਤੀ ਹੈ ਕਿ ਦਾਸ ਨੇ ਅੰਮ੍ਰਿਤ ਭੀ ਛਕਿਆ ਹੋਇਆ ਹੈ ਅਤੇ ਪੰਜਾਂ ਬਾਣੀਆਂ ਦਾ ਵੀ ਪੱਕਾ ਨਿੱਤਨੇਮੀ ਹੈ ਲੇਕਿਨ ਗੁਪਤ ਪਹਿਰੇ ਇਤਨੇ ਸਖਤ ਹੋ ਜਾਂਦੇ ਹਨ, ਜੋ ਲੋਕਾਂ ਦੇ ਦੱਸਣ ਮੁਤਾਬਕ ਚੰਗੀ ਕਮਾਈ ਵਾਲੇ ਕਿਸੇ ਸੰਤ ਮਹਾਤਮਾ ਦੀ ਸ਼ਰਨ ਲਏ ਬਿਨਾ ਨਵਿਰਤ ਨਹੀਂ ਹੁੰਦੇ। ਦਾਸ ਨੂੰ ਅਜਿਹੀ ਖਾਸ ਬੀਮਾਰੀ ਦਾ ਕੋਈ ਸਹੀ ਹੱਲ ਦੱਸਣ ਦੀ ਕ੍ਰਿਪਾਲਤਾ ਕਰੋ ਜੀ।

ਜਵਾਬ: ਰੋਗ ਦੋ ਪ੍ਰਕਾਰ ਦੇ ਹਨ - (ੳ) ਸਰੀਰਕ ਅਤੇ (ਅ) ਮਾਨਸਿਕ। ਸਰੀਰਕ ਰੋਗ ਹੋਵੇ ਤਾਂ ਡਾਕਟਰ/ਵੈਦ ਕੋਲੋਂ ਇਲਾਜ ਕਰਵਾਉ ਪਰ ਮਾਨਸਿਕ ਰੋਗ ਨਾਮ ਬਾਣੀ ਦੇ ਆਧਾਰ ਨਾਲ ਦੂਰ ਹੋ ਜਾਂਦੇ ਹਨ। ਸ਼ਰਨ ਅਸੀਂ ਸਤਿਗੁਰੂ ਸਚੇ ਪਾਤਸ਼ਾਹ ਦੀ ਲੈਣੀ ਹੈ, ਆਪੂੰ ਬਣੇ ਸਾਧ ਸੰਤਾਂ ਦੇ ਰੂਪ ਵਿੱਚ ਕਚੇ ਪਿਲੇ ਗੁਰੂਆਂ ਮਗਰ ਭੱਜਣ ਦਾ ਕੋਈ ਲਾਭ ਨਹੀਂ। ਸਤਿਗੁਰੂ ਸ੍ਰੀ ਗੁਰੂ ਗਰੰਥ ਸਾਹਿਬ ਦੀ ਬਾਣੀ ਨੂੰ ਸਤਿ ਕਰਕੇ ਮੰਨੋ, ਬਾਣੀ ਦੁਆਰਾ ਦਿਤੇ ਉਪਦੇਸ਼ ਨੂੰ ਪੜ੍ਹੋ, ਸੁਣੋ ਅਤੇ ਮਨ ਵਸਾਉ। ਸਤਿਗੁਰੂ ਜੀ ਫਰਮਾਉਂਦੇ ਹਨ-

੧) ਦੂਖੁ ਨ ਲਾਗੈ ਕਦੇ ਤੁਧੁ, ਪਾਰਬ੍ਰਹਮੁ ਚਿਤਾਰੇ ॥
ਜਮ ਕੰਕਰੁ ਨੇੜਿ ਨ ਆਵਈ, ਗੁਰਸਿਖ ਪਿਆਰੇ ॥

(ਬਿਲਾਵਲੁ, ਮ: ੫ ਪੰਨਾ ੮੧੮)

੨) ਜਿਨ ਹਰਿ ਨਾਮਾ ਹਰਿ ਚੇਤਿਆ,
ਹਿਰਦੈ ਉਰਿ ਧਾਰੇ ॥
ਤਿਨ ਜਮੁ ਨੇੜਿ ਨ ਆਵਈ,
ਗੁਰਸਿਖ ਗੁਰ ਪਿਆਰੇ ॥ (ਤਿਲੰਗ, ਮ: ੪, ਪੰਨਾ ੭੨੬)

੩) ਗੁਰ ਕਾ ਸਬਦੁ ਰਖਵਾਰੇ ॥
ਚਉਕੀ ਚਉਗਿਰਦ ਹਮਾਰੇ ॥
ਰਾਮ ਨਾਮਿ ਮਨੁ ਲਾਗਾ ॥
ਜਮੁ ਲਜਾਇ ਕਰਿ ਭਾਗਾ ॥ (ਸੋਰਠਿ, ਮ: ੫ ਪੰਨਾ ੬੨੬)

ਗੁਰੂ ਦੇ ਪਿਆਰਿਆਂ ਲਾਗੇ ਕੋਈ ਇੱਲ ਬਲਾ ਨਹੀਂ ਆਉਂਦੀ ਕਿਉਂਕਿ ਉਨ੍ਹਾਂ ਦੇ ਦੁਆਲੇ ਗੁਰੂ ਦੇ ਸ਼ਬਦ ਦੀ ਕਾਰ (ਲ਼ੀਕ) ਹੈ, ਨਾਮ ਜਪਣ ਵਾਲਿਆਂ ਤੋਂ ਤਾਂ ਜਮ ਭੀ ਡਰ ਕੇ ਨੱਠ ਜਾਂਦਾ ਹੈ। ਸਤਿਗੁਰੂ ਜੀ ਦਾ ਉਪਦੇਸ਼ ਹੈ-

ਜਹ ਮੁਸਕਲ ਹੋਵੈ ਅਤਿ ਭਾਰੀ ॥
ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥

(ਗਉੜੀ, ਸੁਖਮਨੀ, ਮ: ੫, ਪੰਨਾ-੨੬੪)

ਪ੍ਰਭ ਬਾਣੀ ਸਬਦੁ ਸੁਭਾਖਿਆ ॥
ਗਾਵਹੁ ਸੁਣਹੁ ਪੜਹੁ ਨਿਤ ਭਾਈ,
ਗੁਰ ਪੂਰੈ ਤੂ ਰਾਖਿਆ ॥ ਰਹਾਉ ॥ (ਸੋਰਠਿ, ਮ: ੫, ਪੰਨਾ-੬੧੧)

(ਗੁਰੂ ਨੇ ਆਪਣਾ ਸੋਹਣਾ ਸ਼ਬਦ ਉਚਾਰਿਆ ਹੈ, ਇਹ ਸ਼ਬਦ ਪ੍ਰਭੂ ਦੀ ਸਿਫਤ ਸਾਲਾਹ ਦੀ ਬਾਣੀ ਹੈ। ਇਸ ਸ਼ਬਦ ਨੂੰ ਸਦਾ ਗਾਉਂਦੇ ਰਹੋ, ਸੁਣਦੇ ਰਹੋ, ਪੜ੍ਹਦੇ ਰਹੋ। ਜੇ ਇਹ ਉੱਦਮ ਕਰਦੇ ਰਹੋਗੇ ਤਾਂ ਯਕੀਨ ਰਖੋ ਕਿ ਪੂਰੇ ਗੁਰੂ ਨੇ ਤੁਹਾਨੂੰ ਜੀਵਨ ਵਿੱਚ ਆਉਣ ਵਾਲੀਆਂ ਰੁਕਾਵਟਾਂ ਤੋਂ ਬਚਾ ਲਿਆ ਹੈ।)

41. ਸਵਾਲ: ਬੇਨਤੀ ਹੈ ਕਿ ਵਾਹਿਗੁਰੂ ਜੀ ਦੀ ਕ੍ਰਿਪਾ ਬਹੁਤ ਜ਼ਰੂਰੀ ਹੈ। ਇਹ ਕ੍ਰਿਪਾ ਕਿਸ ਤਰ੍ਹਾਂ ਪ੍ਰਾਪਤ ਕੀਤੀ ਜਾਵੇ?

ਜਵਾਬ: ਤੁਹਾਡਾ ਨੌਕਰ ਤੁਹਾਡੀ ਕ੍ਰਿਪਾ ਕਿਸ ਤਰ੍ਹਾਂ ਪ੍ਰਾਪਤ ਕਰ ਸਕਦਾ ਹੈ? ਇਸ ਦਾ ਉੱਤਰ ਸਿੱਧਾ ਹੀ ਹੈ। ਜੇ ਤੁਹਾਡਾ ਨੌਕਰ ਤੁਹਾਡੇ ਹੁਕਮਾਂ ਅੰਦਰ

ਚਲੇ; ਜੋ ਤੁਸੀਂ ਉਸ ਨੂੰ ਕਹੋ, ਉਸ ਨੂੰ ਉਹ ਸਤਿ ਕਰਕੇ ਮੰਨੇ, ਅਗੋਂ ਹੀਲ, ਹੁੱਜਤ ਨਾ ਕਰੇ; ਹਰ ਵੇਲੇ ਸੇਵਾ ਵਿੱਚ ਹਾਜ਼ਰ ਰਹੇ ਤਾਂ ਉਹ ਤੁਹਾਨੂੰ ਪਿਆਰਾ ਲੱਗਣ ਲੱਗ ਪਵੇਗਾ ਅਤੇ ਤੁਹਾਡੀ ਕ੍ਰਿਪਾ ਦਾ ਪਾਤਰ ਬਣ ਜਾਵੇਗਾ ਅਤੇ ਤੁਸੀਂ ਖੁਸ਼ ਹੋ ਕੇ ਉਸ ਦੀ ਹਰ ਲੋੜ ਪੂਰੀ ਕਰੋਗੇ। ਇਸੇ ਹੀ ਤਰ੍ਹਾਂ ਜੇ ਅਸੀਂ ਸਭ ਤੋਂ ਵਡੇ ਸਾਹਿਬ (ਵਾਹਿਗੁਰੂ) ਦੇ ਹੁਕਮਾਂ ਅੰਦਰ ਚਲਾਂਗੇ ਤਾਂ ਉਸ ਦੀ ਕ੍ਰਿਪਾ ਪ੍ਰਾਪਤ ਕਰ ਸਕਾਂਗੇ।

ਹੋਇ ਨਿਮਾਣੀ ਸੇਵ ਕਮਾਵਹਿ
ਤਾ ਪ੍ਰੀਤਮ ਹੋਵਹਿ ਮਨਿ ਪਿਆਰੀ। (ਆਸਾ, ਮ: ੫ ਪੰਨਾ ੩੭੭)

ਅਤੇ

ਸਤਿਗੁਰ ਕਾ ਭਾਣਾ ਚਿਤਿ ਕਰੇ,
ਸਤਿਗੁਰੁ ਆਪੇ ਕ੍ਰਿਪਾ ਕਰੇਇ॥ (ਗੂਜਰੀ, ਮ: ੩, ਪੰਨਾ ੪੯੦)

42. ਸਵਾਲ: ਸ੍ਰੀਮਾਨ ਜੀ! ਮੇਰਾ ਮਨ ਬਹੁਤ ਭਟਕਦਾ ਹੈ, ਮਨ ਬੇ-ਆਰਾਮ ਤੇ ਬੇਚੈਨ ਰਹਿੰਦਾ ਹੈ। ਮੈ ਜਦੋਂ ਵੀ ਸ਼ਾਮ ਨੂੰ ਰਹਿਰਾਸ ਸਾਹਿਬ ਦਾ ਪਾਠ ਕਰਦਾ ਹਾਂ ਤਾਂ ਮੇਰਾ ਮਨ ਇਕਾਗਰ ਨਹੀਂ ਹੁੰਦਾ। ਦਿਮਾਗ ਤੇ ਬੋਝ ਪਿਆ ਰਹਿੰਦਾ ਹੈ ਅਤੇ ਮਨ ਆਤਮਿਕ ਚਿੰਤਾ ਵਿਚ ਡੁਬਿਆ ਰਹਿੰਦਾ ਹੈ। ਇਸਦਾ ਇਲਾਜ ਕੀ ਹੈ?

ਜਵਾਬ: ਭਟਕਦਾ ਮਨ ਤਾਂ ਗੁਰੂ ਦੇ ਸ਼ਬਦ ਦੁਆਰਾ ਹੀ ਕਾਬੂ ਵਿੱਚ ਆਉਂਦਾ ਹੈ। ਇਸ ਨੂੰ ਵਿਹਲਾ ਨਾ ਰਹਿਣ ਦਿਓ, ਸੁਚੱਜੇ ਕੰਮ ਵਿਚ ਲਾਈ ਰਖੋ। ਖੋਤਾ ਦੁੱਲਤੀਆਂ ਮਾਰਨੀਆਂ ਤਾਂ ਹੀ ਛਡੇਗਾ ਜੇ ਇਸ ਤੇ ਬੋਝ ਲੱਦੀ ਰਖੋਗੇ-

ਮਨ ਖੁਟਹਰ ਤੇਰਾ ਨਹੀ ਬਿਸਾਸੁ, ਤੂ ਮਹਾ ਉਦਮਾਦਾ॥
ਖਰ ਕਾ ਪੈਖਰੁ ਤਉ ਛੁਟੈ, ਜਉ ਊਪਰਿ ਲਾਦਾ॥
(ਬਿਲਾਵਲੁ, ਮ: ੫ ਪੰਨਾ- ੮੧੫)

ਇਸ ਮਨ ਨੂੰ ਸੇਵਾ, ਸਿਮਰਨ ਅਤੇ ਗੁਰਮਤਿ ਅਧਿਐਨ ਵਿੱਚ ਲਾਈ ਰਖੋ।

ਸਖਤੀ ਵੀ ਵਰਤੋ, ਪ੍ਰੇਮ ਦੇ ਚਾਬਕ ਵੀ ਮਾਰੋ ਅਤੇ ਪੁਚਕਾਰੋ ਵੀ -

ਸਭਨਾ ਗਲਾ ਸਮਰਥੁ ਸੁਆਮੀ
ਸੋ ਕਿਉ ਮਨਹੁ ਵਿਸਾਰੇ॥
ਕਹੈ ਨਾਨਕੁ, ਮੰਨ ਮੇਰੇ ਸਦਾ ਰਹੁ ਹਰਿ ਨਾਲੇ॥
(ਰਾਮਕਲੀ, ਮ: ੩, ਅਨੰਦੁ, ਪੰਨਾ-੯੧੭)

ਪਾਠ ਵਿੱਚ ਮਨ ਦੀ ਇਕਾਗਰਤਾ ਵਾਸਤੇ ਹੇਠ ਲਿਖੀਆਂ ਗੱਲਾਂ ਦਾ ਧਿਆਨ ਰਖੋ:-

੧) ਪਾਠ ਕਰਨ ਵੇਲੇ ਪੇਟ ਭਰਿਆ ਹੋਇਆ ਨਾ ਹੋਵੇ ਅਤੇ ਨਾ ਹੀ ਸਰੀਰ ਥਕਿਆ - ਟੁਟਿਆ ਜਾਂ ਉਨੀਂਦਰਾ ਹੋਵੇ। ਸਰੀਰ ਦਾ ਥਕੇਵਾਂ ਲਾਹੁਣ ਵਾਸਤੇ ਆਰਾਮ ਕਰ ਲਵੋ ਅਤੇ ਸਾਵਧਾਨਤਾ ਲਿਆਉਣ ਵਾਸਤੇ ਇਸ਼ਨਾਨ ਕਰੋ। ਕੇਸ, ਕੰਘਾ ਕਰਕੇ ਦਸਤਾਰ ਸਜਾਓ ਅਤੇ ਸਾਫ ਸੁਥਰੇ ਕੱਪੜੇ ਪਹਿਨੋ।

੨) ਪਾਠ ਕਰਨ ਵੇਲੇ ਤੁਹਾਡੇ ਮਨ ਵਿਚ ਕੋਈ ਫੁਰਨਾ ਨਹੀਂ ਰਹਿਣਾ ਚਾਹੀਦਾ। ਜੇ ਕਿਸੇ ਅਧੂਰੇ ਕੰਮ ਦਾ ਖਿਆਲ ਹੈ ਤਾਂ ਪਹਿਲਾਂ ਉਸ ਨੂੰ ਕਰ ਲਿਆ ਜਾਵੇ।

੩) ਇਕਾਂਤ ਥਾਂ ਤੇ ਬੈਠ ਕੇ ਪਾਠ ਕੀਤਾ ਜਾਏ ਜਿਥੇ ਕੋਈ ਸ਼ੋਰ ਸ਼ਰਾਬਾ ਨਾ ਹੋਵੇ।

੪) ਪਾਠ ਕਰਨ ਵੇਲੇ ਸੁਰਤ ਨੂੰ ਸ਼ਬਦ ਵਿੱਚ ਟਿਕਾਈ ਰੱਖਣ ਦਾ ਯਤਨ ਕਰੋ। ਜੇ ਸੁਰਤ ਉੱਖੜੇ ਤਾਂ ਗੁਟਕੇ ਤੋਂ ਦੇਖ ਕੇ ਪਾਠ ਕਰੋ, ਅੱਖਾਂ ਨਾਲ ਸ਼ਬਦ ਗੁਰੂ (ਗੁਰਬਾਣੀ) ਦੇ ਦਰਸ਼ਨ ਕਰੋ, ਰਸਨਾ ਨਾਲ ਬੋਲ ਕੇ ਪਾਠ ਕਰੋ ਅਤੇ ਕੰਨਾ ਨਾਲ ਪਾਠ ਸੁਣੋ।

43. ਸਵਾਲ: ਚਾਰੇ ਵੇਦ ਹੋਏ ਸਚਿਆਰ ।।
ਪੜਹਿ ਗੁਣਹਿ ਤਿਨ੍ਹ ਚਾਰ ਵੀਚਾਰ ।।

(ਆਸਾ ਕੀ ਵਾਰ, ਪੰਨਾ-੪੭੦)

ਬੇਦ ਕਤੇਬ ਕਹਹੁ ਮਤ ਝੂਠੇ, ਝੂਠਾ ਜੋ ਨ ਬਿਚਾਰੈ ।।

(ਪ੍ਰਭਾਤੀ, ਕਬੀਰ ਜੀ, ਪੰਨਾ ੧੩੫੦)

ਗੁਰੂ ਗਰੰਥ ਸਾਹਿਬ ਵਿਚ ਦਿਤੇ ਇਨ੍ਹਾਂ ਹੁਕਮਾਂ ਅਨੁਸਾਰ ਕੀ ਵੇਦ ਬਾਣੀ ਨੂੰ ਸੱਚ ਨਹੀਂ ਮੰਨਿਆ ਜਾ ਸਕਦਾ?

ਗੁਰੂ ਨਾਨਕ ਦੇਵ ਜੀ ਵੀ ਤਾਂ ਬੇਦੀਆਂ ਦੀ ਕੁਲ ਵਿਚੋਂ ਹੋਏ ਹਨ ਜਿਨ੍ਹਾਂ ਨੇ ਇਹ ਵੇਦ ਰਚੇ ਹਨ ।

ਜਵਾਬ : ਜਰਾ ਹੇਠ ਲਿਖੀਆਂ ਗੁਰਬਾਣੀ ਦੀਆਂ ਤੁਕਾਂ ਨੂੰ ਗਹੁ ਨਾਲ ਵਿਚਾਰੋ-

ਬੇਦ ਬਾਦ ਸਭਿ ਆਖਿ ਵਖਾਣਹਿ ।।
ਨ ਅੰਤਰੁ ਭੀਜੈ, ਨ ਸਬਦੁ ਪਛਾਣਹਿ ।।

ਪੁੰਨੁ ਪਾਪੁ ਸਭੁ ਬੇਦਿ ਦ੍ਰਿੜਾਇਆ,
ਗੁਰਮੁਖਿ ਅੰਮ੍ਰਿਤੁ ਪੀਜੈ ਹੇ।।' (ਮਾਰੂ ਮ. ੩, ਪੰਨਾ ੧੦੫੦)

ਸਾਸਤ੍ਰ ਬੇਦ ਪਾਪ ਪੁੰਨ ਵੀਚਾਰ।।
ਨਰਕਿ ਸੁਰਗਿ ਫਿਰਿ ਫਿਰਿ ਅਉਤਾਰ।। (ਆਸਾ, ਮ. ੫, ਪੰਨਾ- ੩੮੫)

ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ, ਤਤੈ ਸਾਰ ਨ ਜਾਣੀ ।
ਤਤੈ ਸਾਰ ਨ ਜਾਣੀ, ਗੁਰੂ ਬਾਝਹੁ, ਤਤੈ ਸਾਰ ਨ ਜਾਣੀ।
(ਰਾਮਕਲੀ, ਮਹਲਾ ੩, ਅਨੰਦ, ਪੰਨਾ-੯੨੦)

ਕਬੀਰ, ਬਾਮਨੁ ਗੁਰੂ ਹੈ ਜਗਤ ਕਾ,
ਭਗਤਨ ਕਾ ਗੁਰੁ ਨਾਹਿ।।
ਅਰਝਿ ਉਰਝਿ ਕੈ ਪਚਿ ਮੂਆ
ਚਾਰਉ ਬੇਦਹੁ ਮਾਹਿ।। (ਸਲੋਕ ਭਗਤ ਕਬੀਰ ਜੀਉ ਕੇ, ਪੰਨਾ-੧੩੭੭)

ਆਸਾ ਕੀ ਵਾਰ ਵਿਚਲੇ 'ਚਾਰੇ ਵੇਦ ਹੋਏ ਸਚਿਆਰ' ਵਾਲੇ ਸਾਰੇ ਸਲੋਕ ਵਿਚ, ਦੋ ਤੁਕਾਂ ਨੂੰ ਛੱਡਕੇ, ਬ੍ਰਾਹਮਣ ਦੀ ਵਿਚਾਰਧਾਰਾ ਦਿਤੀ ਹੋਈ ਹੈ। ਵੇਦਾਂ ਬਾਰੇ ਆਪਣੇ ਬਣਾਏ ਹੋਏ ਵਿਚਾਰਾਂ ਨੂੰ ਦੱਸ ਕੇ ਬ੍ਰਾਹਮਣ ਆਖਦਾ ਹੈ ਕਿ ਚਾਰੇ ਵੇਦ ਹੀ ਸੱਚੇ ਹੋ ਨਿਬੜੇ ਹਨ । ਉਸਦੀ ਵਿਚਾਰਧਾਰਾ ਨੂੰ ਰੱਦ ਕਰਦਿਆਂ ਹੋਇਆਂ ਗੁਰੂ ਜੀ ਆਪਣਾ ਨਿਰਣਾ ਹੇਠ ਲਿਖੀਆਂ ਤੁਕਾਂ ਵਿਚ ਦਿੰਦੇ ਹਨ :

(ੳ) ਨਾਇ ਲਇਐ ਪਰਾਛਤ ਜਾਹਿ ।।
ਨਾਨਕ, ਤਉ ਮੋਖੰਤਰੁ ਪਾਹਿ ।।

[ਪ੍ਰਭੂ ਦਾ ਨਾਮ ਲਿਆਂ ਹੀ ਸਭ ਪਾਪ ਦੂਰ ਹੋ ਜਾਂਦੇ ਹਨ ਅਤੇ ਨਾਮ ਲੈਣ ਨਾਲ ਹੀ ਜੀਵ ਮੁਕਤੀ ਪ੍ਰਾਪਤ ਕਰਦੇ ਹਨ]

(ਅ) ਭਾਉ ਭਗਤਿ ਕਰਿ ਨੀਚੁ ਸਦਾਏ ।।
ਤਉ ਨਾਨਕ ਮੋਖੰਤਰੁ ਪਾਏ।।

[ਜਦੋਂ ਜੀਵ ਪ੍ਰੇਮ, ਸ਼ਰਧਾ ਨਾਲ ਰੱਬ ਦੀ ਭਗਤੀ ਕਰੇ ਅਤੇ ਹਉਮੈ ਦਾ ਤਿਆਗ ਕਰ ਦੇਵੇ, ਨਿਮ੍ਰਤਾ ਧਾਰਨ ਕਰੇ, ਤਦੋਂ ਹੀ ਉਹ ਮੁਕਤੀ ਪ੍ਰਾਪਤ ਕਰ ਸਕਦਾ ਹੈ ।]

'ਬੇਦ ਕਤੇਬ ਕਹੁ ਮਤ ਝੂਠੇ ....' ਵਿਚ ਕਬੀਰ ਸਾਹਿਬ 'ਹਿੰਦੂ ਤੇ ਮੁਸਲਮਾਨਾਂ ਨੂੰ ਇੱਕ ਦੂਜੇ ਦੀਆਂ ਧਰਮ-ਪੁਸਤਕਾਂ (ਵੇਦਾਂ ਜਾਂ ਕੁਰਾਨ)

ਨੂੰ ਝੂਠੀਆਂ ਆਖਣ ਤੋਂ ਵਰਜਦੇ ਹਨ । ਉਹ ਕਹਿੰਦੇ ਹਨ ਕਿ ਝੂਠਾ ਤਾਂ ਉਹ ਮਨੁਖ ਹੈ ਜਿਹੜਾ ਬਿਨਾਂ ਵਿਚਾਰਨ ਦੇ ਹੀ ਆਲੋਚਨਾ ਕਰਦਾ ਹੈ ।

ਗੁਰੂ ਨਾਨਕ ਦੇਵ ਜੀ ਦੇ ਬੇਦੀ ਕੁਲ ਵਿਚ ਜਨਮ ਲੈਣ ਦਾ ਇਹ ਭਾਵ ਨਹੀਂ ਕਿ ਉਹੀ ਕੁਲ ਉਤਮ ਹੈ ਅਤੇ ਬਾਕੀ ਜਾਤੀਆਂ ਨੀਚ ਹਨ। ਗੁਰਮਤਿ ਵਰਨ-ਜਾਤੀ, ਉਚ-ਨੀਚ ਅਤੇ ਛੂਤ-ਛਾਤ ਨੂੰ ਨਹੀਂ ਮੰਨਦੀ, ਜਦ ਕਿ ਵੇਦ ਸ਼ਾਸ਼ਤਰ ਇਨ੍ਹਾਂ ਦਾ ਪਰਚਾਰ ਕਰਦੇ ਹਨ। ਆਓ ਜ਼ਰਾ ਮੁੜਕੇ ਕਬੀਰ ਸਾਹਿਬ ਦੇ ਹੇਠਲੇ ਸਲੋਕ ਨੂੰ ਵਿਚਾਰ ਅਧੀਨ ਲਿਆਈਏ ਤਾਂ ਜੋ ਸਾਡੇ ਸ਼ੰਕੇ ਦੂਰ ਹੋ ਜਾਣ-

ਕਬੀਰ ਬਾਮਨੁ ਗੁਰੂ ਹੈ ਜਗਤ ਕਾ,
ਭਗਤਨ ਕਾ ਗੁਰੁ ਨਾਹਿ।।
ਅਰਝਿ ਉਰਝਿ ਕੈ ਪਚਿ ਮੂਆ
ਚਾਰਉ ਬੇਦਹੁ ਮਾਹਿ।।

ਬ੍ਰਾਹਮਣ ਕੇਵਲ ਦੁਨੀਆਦਾਰਾਂ ਦਾ ਹੀ ਗੁਰੂ ਅਖਵਾ ਸਕਦਾ ਹੈ, ਭਗਤੀ ਕਰਨ ਵਾਲਿਆਂ ਦਾ ਉਪਦੇਸ਼-ਦਾਤਾ (ਗੁਰੂ) ਬ੍ਰਾਹਮਣ ਨਹੀਂ ਬਣ ਸਕਦਾ, ਕਿਉਂਕਿ ਇਹ ਤਾਂ ਆਪ ਹੀ ਚਹੁੰਆਂ ਵੇਦਾਂ ਦੇ ਜੱਗ ਆਦਿਕ ਕਰਮ ਕਾਂਡ ਦੀਆਂ ਉਲਝਣਾ ਨੂੰ ਸੋਚ ਸੋਚ ਕੇ ਇਨ੍ਹਾਂ ਵਿਚ ਹੀ ਖਪ ਖਪ ਕੇ ਆਤਮਕ ਮੌਤ ਮਰ ਚੁਕਾ ਹੈ।

44. ਸਵਾਲ: ਕਈ ਬੀਬੀਆਂ ਨੂੰ ਨੰਗੇ ਪੈਰੀਂ ਗੁਰਦੁਆਰੇ ਜਾਂਦੇ ਦੇਖੀਦਾ ਹੈ। ਕੀ ਇਸ ਤਰ੍ਹਾਂ ਪ੍ਰਮਾਤਮਾ ਜਿਆਦਾ ਖੁਸ਼ ਹੁੰਦਾ ਹੈ?

ਜਵਾਬ: ਸਿਖ ਧਰਮ ਵਿਚ ਨੰਗੇ ਪੈਰੀਂ ਚਲਣ ਦੇ ਕਰਮ-ਕਾਂਡ ਨੂੰ ਕੋਈ ਮਹਾਨਤਾ ਨਹੀਂ ਦਿੱਤੀ ਗਈ ਸਗੋਂ ਗੁਰਬਾਣੀ ਨੇ ਨੰਗੇ ਪੈਰੀਂ ਚਲਣ ਵਾਲੇ ਅਗਿਆਨੀ ਲੋਕਾਂ ਦੀ ਅਗਿਆਨਤਾ ਨੂੰ ਭੰਡਿਆ ਹੈ:

ਪਗ ਉਪੇਤਾਣਾ ।। ਅਪਣਾ ਕੀਆ ਕਮਾਣਾ।।

(ਆਸਾ ਕੀ ਵਾਰ, ਪੰਨਾ-੪੬੭)

ਭਾਵ ਜੋ ਨੰਗੇ ਪੈਰੀਂ ਚਲਦੇ ਹਨ, ਉਹ ਕੰਡਾ, ਸ਼ੀਸ਼ਾ ਤੇ ਮਲਮੂਤਰ ਦੇ ਹਥੋਂ ਦੁਖੀ ਹੋ ਕੇ ਆਪਣੀ ਅਗਿਆਨਤਾ ਦਾ ਲਾਭ ਆਪੇ ਪ੍ਰਾਪਤ ਕਰ ਲੈਂਦੇ ਹਨ। ਦਸਮ ਪਾਤਸ਼ਾਹ ਨੇ ਨੰਗੇ ਪੈਰੀਂ ਤੁਰਨ ਵਾਲੇ ਅਗਿਆਨੀਆਂ ਨੂੰ ਬਾਂਦਰ ਦੀ ਉਪਮਾ ਦਿੱਤੀ ਹੈ:

ਬੰਦਰਾ ਸਦੀਵ ਪਾਇ ਨਾਂਗੇ ਹੀ ਚਲਤ ਹੈਂ।

ਪੈਰਾਂ ਦੀ ਠੀਕ ਸੰਭਾਲ ਲਈ ਜੁੱਤੀ ਪਾ ਕੇ ਰਖਣੀ ਹੀ ਸਿੱਖੀ ਦਾ ਵਿਧਾਨ ਹੈ। ਨੰਗੇ ਪੈਰੀਂ ਚਲ ਕੇ ਗੁਰਦੁਆਰੇ ਜਾਣ ਤੇ ਚਲੀਹੇ ਕਟਣ ਦੀ ਸਿੱਖ ਧਰਮ ਵਿਚ ਕੋਈ ਮਹਾਨਤਾ ਨਹੀਂ।

45. ਸਵਾਲ: ਕੀ ਕਿਸੇ ਸਿੱਖ ਨੂੰ 'ਚੌਥੇ ਪੌੜੇ' ਦੇ ਕਹਿਣਾ ਠੀਕ ਹੈ? ਕੀ ਇਹ ਲੋਕ ਗੁਰੂ ਗਰੰਥ ਸਾਹਿਬ ਦਾ ਪਾਠ ਨਹੀਂ ਕਰ ਸਕਦੇ?

ਜਵਾਬ: ਅੰਮ੍ਰਿਤਧਾਰੀ ਖਾਲਸੇ ਲਈ ਐਸੇ ਸ਼ਬਦ ਪ੍ਰਯੋਗ ਕਰਨੇ ਗੁਰੂ ਦਸਮੇਸ਼ ਜੀ ਦੇ ਅੰਮ੍ਰਿਤ ਤੇ ਹੁਕਮਾਂ ਦੀ ਬੇਅਦਬੀ ਕਰਨੀ ਹੈ। ਐਸਾ ਨਹੀਂ ਕਰਨਾ ਚਾਹੀਦਾ। ਗੁਰੂ ਗਰੰਥ ਸਾਹਿਬ ਜੀ ਦਾ ਪਾਠ ਹਰ ਗੁਰਸਿੱਖ ਕਰਨ ਦਾ ਅਧਿਕਾਰੀ ਹੈ। ਜੋ ਕਹੀਆਂ ਜਾਂਦੀਆਂ ਅਖੌਤੀ ਨੀਵੀਆਂ ਜਾਤਾਂ ਦੇ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਦਾ ਪਾਠ ਨਹੀਂ ਕਰਨ ਦੇਂਦੇ, ਉਹ ਗੁਰੂ ਘਰ ਦੇ ਦੇਣਦਾਰ ਹਨ।

46. ਸਵਾਲ: ਸਿੱਧਾਂ ਨੇ ਗੁਰੂ ਨਾਨਕ ਦੇਵ ਜੀ ਤੋਂ ਪੁਛਿਆ ਸੀ ਕਿ ਤੁਹਾਡਾ ਗੁਰੂ ਕੌਣ ਹੈ? ਗੁਰੂ ਜੀ ਨੇ ਸ਼ਬਦ ਨੂੰ ਹੀ ਗੁਰੂ ਦਸਿਆ। ਉਹ ਕਿਹੜਾ ਸ਼ਬਦ ਹੈ?

ਜਵਾਬ: ਉਹ 'ਸ਼ਬਦ' ਗੁਰੂ ਦੀ ਬਾਣੀ ਹੈ ਜਿਸ ਵਿਚ ਸੁਰਤ ਜੋੜਿਆਂ ਸੰਸਾਰ ਸਮੁੰਦਰ ਵਿਚੋਂ ਪਾਰ ਹੋ ਜਾਈਦਾ ਹੈ। ਸ਼ਬਦ - ਗੁਰੂ ਜਾਂ ਬਾਣੀ - ਗੁਰੂ ਦੀ ਗੱਲ ਨੂੰ ਸ੍ਰੀ ਗੁਰੂ ਰਾਮਦਾਸ ਜੀ ਨੇ ਇੰਝ ਸਪੱਸ਼ਟ ਕੀਤਾ ਹੈ:-

'ਬਾਣੀ ਗੁਰੂ , ਗੁਰੂ ਹੈ ਬਾਣੀ,
ਵਿਚਿ ਬਾਣੀ, ਅੰਮ੍ਰਿਤੁ ਸਾਰੇ।
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ,
ਪਰਤਖਿ ਗੁਰੂ ਨਿਸਤਾਰੇ। (ਨਟ ਮ. ੪, ਪੰਨਾ ੯੮੨)

47. ਸਵਾਲ: ਇਕ ਵਿਅਕਤੀ ਗੁਰੂ ਗਰੰਥ ਸਾਹਿਬ ਨੂੰ ਮਾਨਤਾ ਨਹੀਂ ਦਿੰਦਾ। ਉਹ ਕਹਿੰਦਾ ਹੈ ਕਿ ਸਤਿਗੁਰੂ ਉਸ ਨੂੰ ਕਿਹਾ ਜਾ ਸਕਦਾ ਹੈ ਜਿਸਨੇ ਸਤਿ ਨੂੰ ਜਾਣਿਆ ਹੈ। ਉਹ ਹੀ ਪ੍ਰਮਾਤਮਾ ਨਾਲ ਮੇਲ ਕਰਾ ਸਕਦਾ ਹੈ। 'ਬਿਨ ਸਤਿਗੁਰ ਕਿਨੈ ਨ ਪਾਇਓ' ਦੀ ਉਹ ਉਦਾਹਰਣ ਦਿੰਦਾ ਹੈ। ਆਪ ਜੀ ਉਸਦੀ ਤਸੱਲੀ ਕਰਾਉ ਕਿ ਸ੍ਰੀ ਗੁਰੂ ਗਰੰਥ ਸਾਹਿਬ ਸਚੇ ਗੁਰੂ ਹਨ।

ਜਵਾਬ: ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਨਾਲ ਚਰਚਾ ਕਰਦੇ ਹੋਏ ਕਿਹਾ ਸੀ - **'ਸਬਦ ਗੁਰੂ, ਸੁਰਤਿ ਧੁਨਿ ਚੇਲਾ'** ਭਾਵ ਸ਼ਬਦ ਮੇਰਾ ਗੁਰੂ ਹੈ, ਮੇਰੀ ਸੁਰਤਿ ਦਾ ਟਿਕਾਉ ਉਸ ਗੁਰੂ ਦਾ ਚੇਲਾ (ਸਿੱਖ) ਹੈ।

ਜਿਸ ਮਨੁੱਖ ਦੇ ਹਿਰਦੇ ਵਿਚ ਸ਼ਬਦ ਗੁਰੂ ਵਸ ਜਾਂਦਾ ਹੈ, ਉਸ ਦੀ ਲਿਵ ਪ੍ਰਭੂ ਚਰਨਾ ਨਾਲ ਜੁੜ ਜਾਂਦੀ ਹੈ। ਉਹ ਮਾਇਆ ਦੀ ਲਪੇਟ ਵਿਚੋਂ ਛੁੱਟ ਜਾਂਦਾ ਹੈ। ਪੰਜ ਚੋਰ (ਕਾਮ, ਕਰੋਧ, ਲੋਭ, ਮੋਹ, ਹੰਕਾਰ) ਉਸਨੂੰ ਸਤਾਉਂਦੇ ਨਹੀਂ, ਸਗੋਂ ਦਾਸ ਬਣਕੇ ਸੇਵਾ ਕਰਦੇ ਹਨ। ਅਜੇਹੇ ਮਨੁੱਖ ਦਾ ਮਨ ਸ਼ਾਂਤ ਹੋ ਜਾਂਦਾ ਹੈ ਅਤੇ ਸਦਚਿਤ - ਅਨੰਦ ਦਾ ਖੇੜਾ ਬਣਿਆ ਰਹਿੰਦਾ ਹੈ।

'ਨਾਮ ਨਿਧਾਨ ਤਿਸਹਿ ਪਰਾਪਤਿ,
ਜਿਸੁ ਸਬਦੁ ਗੁਰੂ ਮਨਿ ਵੂਠਾ ਜੀਉ ।। (ਮਾਝ, ਮ: ੫ ਪੰਨਾ ੧੦੧)

(ਪ੍ਰਭੂ ਨਾਮ ਦਾ ਖਜ਼ਾਨਾ ਉਸੇ ਨੂੰ ਪ੍ਰਾਪਤ ਹੁੰਦਾ ਹੈ ਜਿਸ ਦੇ ਮਨ ਵਿਚ ਸ਼ਬਦ ਗੁਰੂ ਵਸ ਜਾਂਦਾ ਹੈ।) ਗੁਰੂ ਅਮਰਦਾਸ ਜੀ ਵੀ ਇਹੀ ਫੁਰਮਾਨ ਕਰਦੇ ਹਨ ਕਿ ਗੁਰਬਾਣੀ - ਗੁਰੂ ਤੋਂ ਹੀ 'ਨਾਮ' ਦੀ ਪ੍ਰਾਪਤੀ ਹੁੰਦੀ ਹੈ:

ਗੁਰਬਾਣੀ ਵਰਤੀ ਜਗ ਅੰਤਰਿ,
ਇਸੁ ਬਾਣੀ ਤੇ ਹਰਿ ਨਾਮੁ ਪਾਇਦਾ। (ਮਾਰੂ, ਮ: ੩, ਪੰਨਾ-੧੦੬੬)

ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਬਾਣੀ ਮਨੁਖ ਨੂੰ ਪ੍ਰਮਾਤਮਾ ਵਿਚ ਲੀਨ ਕਰ ਦਿੰਦੀ ਹੈ:

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ,
ਇਉ ਆਤਮ ਰਾਮੈ ਲੀਨਾ ਹੇ। (ਮਾਰੂ ਮ. ੧, ਪੰਨਾ-੧੦੨੮)

ਗੁਰੂ ਰਾਮਦਾਸ ਜੀ ਬਾਣੀ - ਗੁਰੂ ਦੇ ਸਿਧਾਂਤ ਨੂੰ ਇਉਂ ਪ੍ਰਗਟਾਉਂਦੇ ਹਨ:

ਬਾਣੀ ਗੁਰੂ, ਗੁਰੂ ਹੈ ਬਾਣੀ,
ਵਿਚਿ ਬਾਣੀ ਅੰਮ੍ਰਿਤੁ ਸਾਰੇ।
ਗੁਰੁ ਬਾਣੀ ਕਹੈ, ਸੇਵਕੁ ਜਨੁ ਮਾਨੈ,
ਪਰਤਖਿ ਗੁਰੂ ਨਿਸਤਾਰੇ। (ਪੰਨਾ-੯੮੨)

ਸੋ ਬਾਣੀ ਦਾ ਭੰਡਾਰ ਸ੍ਰੀ ਗੁਰੂ ਗਰੰਥ ਸਾਹਿਬ ਜੀ ਪ੍ਰਤੱਖ ਗੁਰੂ ਹਨ, ਜੁਗੋ ਜੁਗ ਅਟਲ ਗੁਰੂ ਹਨ, ਸਤਿ ਸਰੂਪ ਹਨ, ਸੱਚੇ ਤੇ ਪੂਰਨ ਗੁਰੂ ਹਨ, ਦਸੋਂ ਗੁਰੂ ਸਾਹਿਬਾਨ ਦੇ ਆਤਮਕ ਸਰੂਪ ਹਨ। ਸਹੀ ਅਰਥਾਂ ਵਿਚ ਸਤਿਗੁਰੂ ਹਨ। ਉਨ੍ਹਾਂ ਦੀ ਬਾਣੀ ਸਤਿ ਹੈ 'ਧੁਰ ਕੀ ਬਾਣੀ' ਹੈ। ਇਸ ਵਿਚ ਰਤੀ ਭਰ ਵੀ ਸ਼ੱਕ ਵਾਲੀ ਗੱਲ ਨਹੀਂ।

ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ ।।
ਜਿਨਿ ਪੀਤੀ ਤਿਸੁ ਮੋਖ ਦੁਆਰੁ ।। (ਪੰਨਾ-੧੨੭੫)

ਅਤੇ

ਸਤਿਗੁਰ ਬਚਨ, ਬਚਨ ਹੈ ਸਤਿਗੁਰ,
ਪਾਧਰੁ ਮੁਕਤਿ ਜਨਾਵੈਗੋ ।। (ਕਾਨੜਾ, ਮ: ੪, ਪੰਨਾ-੧੩੦੯)

ਗੁਰੂ ਅਮਰਦਾਸ ਜੀ ਨੇ ਇਸ ਬਾਣੀ ਨੂੰ ਨਿਰੰਕਾਰ ਆਖਿਆ ਹੈ-

ਵਾਹੁ ਵਾਹੁ ਬਾਣੀ ਨਿਰੰਕਾਰ ਹੈ,
ਤਿਸੁ ਜੇਵਡੁ ਅਵਰੁ ਨ ਕੋਇ ।। (ਗੂਜਰੀ ਕੀ ਵਾਰ, ਮ: ੩, ਪੰਨਾ- ੫੧੫)

'ਪੋਥੀ ਸਾਹਿਬ' ਦਾ ਸ੍ਰੀ ਹਰਿਮੰਦਰ ਸਾਹਿਬ ਪ੍ਰਕਾਸ਼ ਕਰਨ ਉਪਰੰਤ ਗੁਰੂ ਅਰਜਨ ਦੇਵ ਜੀ ਕੋਠਾ ਸਾਹਿਬ ਵਿਖੇ,'ਪੋਥੀ ਸਾਹਿਬ' ਨੂੰ ਪਲੰਘ ਤੇ ਸੁਖਾਸਣ ਕਰਵਾਉਣ ਲੱਗ ਪਏ ਅਤੇ ਆਪ ਉਨ੍ਹਾਂ ਦੇ ਚਰਨਾਂ ਵਿਚ ਫਰਸ਼ ਤੇ ਹੀ ਬਿਸਰਾਮ ਕਰਨਾ ਸ਼ੁਰੂ ਕਰ ਦਿਤਾ। ਇਸ ਘਟਨਾ ਤੋਂ ਸ੍ਰੀ ਗੁਰੂ ਗਰੰਥ ਸਾਹਿਬ ਦੀ ਮਹਾਨਤਾ ਚੰਗੀ ਤਰ੍ਹਾਂ ਉਜਾਗਰ ਹੋ ਜਾਂਦੀ ਹੈ।

'ਬਿਨੁ ਸਤਿਗੁਰ ਕਿਨੈ ਨ ਪਾਇਓ' ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਸੱਚਾ ਬਚਨ ਹੈ। ਇਸ ਵਿਚ ਸਮਝਣ ਵਾਲੀ ਗੱਲ ਇਹ ਹੈ ਕਿ ਸੱਚੇ ਗੁਰੂ ਦੀ ਸ਼ਰਨ ਪੈਣ ਤੋ ਬਿਨਾਂ ਕਿਸੇ ਵੀ ਮਨੁੱਖ ਨੂੰ ਗੋਬਿੰਦ-ਪ੍ਰਭੂ ਨਹੀਂ ਮਿਲਿਆ, ਨਿਗੁਰੇ ਮਨੁੱਖ ਜਨਮ ਮਰਨ ਦੇ ਗੇੜ ਵਿਚ ਹੀ ਪਏ ਰਹਿੰਦੇ ਹਨ:

ਜੀਅ ਜੰਤ ਸਭ ਸਿਸਟਿ ਉਪਾਈ,
ਗੁਰਮੁਖਿ ਸੋਭਾ ਪਾਵੈਗੋ ।।
ਬਿਨੁ ਗੁਰ ਭੇਟੇ ਕੋ ਮਹਲੁ ਨ ਪਾਵੈ,
ਆਇ ਜਾਇ ਦੁਖੁ ਪਾਵੈਗੋ ।। (ਕਾਨੜਾ, ਮ: ੪, ਪੰਨਾ-੧੩੧੦)

ਤਾਂ ਤੇ ਸੱਚੇ ਗੁਰੂ, ਸ੍ਰੀ ਗੁਰੂ ਗਰੰਥ ਸਾਹਿਬ ਦੀ ਸ਼ਰਨ ਵਿਚ ਆਉਣਾ ਹਰ ਮਨੁੱਖ ਲਈ ਜ਼ਰੂਰੀ ਹੈ।

48. ਸਵਾਲ: ਗੁਰਬਾਣੀ ਵਿਚ ਪੰਜ ਤੱਤਾਂ ਦਾ ਵਰਨਣ ਹੈ, ਸਰੀਰ ਕਿਹੜੇ ਪੰਜ ਤੱਤਾਂ ਦਾ ਬਣਿਆ ਹੋਇਆ ਹੈ?

ਜਵਾਬ: ਪੰਜ ਤੱਤ ਇਹ ਹਨ- ਹਵਾ, ਪਾਣੀ, ਧਰਤੀ, ਅੱਗ, ਅਕਾਸ਼। ਕਈ ਵਿਦਵਾਨਾਂ ਨੇ ਇਨ੍ਹਾਂ ਦੀਆਂ ਹੋਰ ਕਈ ਕਿਸਮਾਂ ਦਸ ਕੇ ਗਿਣਤੀ ੭, ੯ ਅਤੇ ੨੫ ਵੀ ਦੱਸੀ ਹੈ। ਵਰਤਮਾਨ ਵਿਗਿਆਂਨੀਆਂ ਨੇ ਹੋਰ ਛਾਣਬੀਣ ਕਰਕੇ ਇਹ ਗਿਣਤੀ ੯੨ ਤੱਕ ਦਸੀ ਹੈ, ਪਰ ਇਨ੍ਹਾਂ ਸਾਰਿਆਂ ਦਾ ਮੂਲ ਇਹ ਪੰਜ ਤੱਤ ਹੀ ਹਨ, ਜਿਨ੍ਹਾਂ ਦਾ ਜ਼ਿਕਰ ਗੁਰੂ ਸਾਹਿਬਾਨ ਨੇ ਕੀਤਾ ਹੈ। ਭਾਵੇਂ ਇਹ ਤੱਤ ਇਕ ਦੂਜੇ ਦੇ ਵਿਰੋਧੀ ਹਨ, ਪਰ ਪ੍ਰਮਾਤਮਾ ਨੇ ਆਪਣੀ ਸ਼ਕਤੀ ਨਾਲ ਇਨ੍ਹਾਂ ਨੂੰ ਇੱਕਠਿਆਂ ਰੱਖ ਕੇ, ਸਰੀਰ ਦੀ ਰਚਨਾ ਕੀਤੀ ਹੈ। ਜੇ ਇਨ੍ਹਾਂ ਵਿਚੋਂ ਕਿਸੇ ਇਕ ਦੀ ਸਰੀਰ ਵਿਚ ਕਮੀ ਜਾਂ ਬਹੁਲਤਾ ਹੋ ਜਾਵੇ ਤਾਂ ਸਰੀਰ ਰੋਗੀ ਹੋ ਜਾਂਦਾ ਹੈ।

49. ਸਵਾਲ: ਜੇ ਪਾਠ ਕਰਦਿਆਂ ਮਨ ਪਾਠ ਵਿਚ ਨਾ ਟਿਕੇ, ਤਾਂ ਕੀ ਹਠ ਰਾਹੀਂ ਪਾਠ ਕਰਨਾ ਠੀਕ ਹੈ?

ਜਵਾਬ: ਜੇ ਘਰ, ਦੁਕਾਨ, ਦਫਤਰ ਜਾਂ ਹੋਰ ਸੰਸਾਰਕ ਕੰਮਾਂ ਵਿਚ ਮਨ ਨਾ ਟਿਕੇ ਤਾਂ ਅਸੀਂ ਉਨ੍ਹਾਂ ਕੰਮਾਂ ਨੂੰ ਨਹੀਂ ਛਡਦੇ, ਤਾਂ ਫਿਰ ਪਾਠ ਕਿਉਂ ਛਡਿਆ ਜਾਵੇ? ਮਨ ਨਾ ਟਿਕੇ ਤਾਂ ਪਾਠ ਕਰਨਾ ਨਹੀਂ ਛਡਣਾ, ਬਲਕਿ ਲਗਾਤਾਰ ਉਦਮ ਕਰਕੇ ਮਨ ਨੂੰ ਟਿਕਾਉਣਾ ਹੈ। ਜੇ ਪਾਠ ਕਰਨਾ ਛਡ ਦਿਆਂਗੇ, ਤਾਂ ਕੀ ਮਨ ਟਿਕ ਜਾਏਗਾ? ਜੇ ਮਨ ਭਟਕੇ ਤਾਂ ਇਸਨੂੰ ਬਾਰ-ਬਾਰ ਘੇਰ ਕੇ ਸ਼ਬਦ ਵਿਚ ਜੋੜੋ। ਅੱਥਰੇ ਘੋੜੇ ਨੂੰ ਵੱਸ ਵਿਚ ਕਰਨ ਲਈ ਚਾਬਕਾਂ ਵੀ ਮਾਰਨੀਆਂ ਪੈਂਦੀਆਂ ਹਨ। ਮਨ ਦੀ ਇਕਾਗਰਤਾ ਲਈ ਗੁਰੂ ਅੱਗੇ ਵੀ ਸ਼ਰਧਾ ਨਾਲ ਅਰਦਾਸ ਕਰੋ। ਲਗਾਤਾਰ ਉਦਮ ਕਰਨ ਨਾਲ ਅਤੇ ਗੁਰੂ ਕ੍ਰਿਪਾ ਸਦਕਾ ਮਨ ਜ਼ਰੂਰ ਟਿਕੇਗਾ। ਐਸਾ ਉਦਮ 'ਹਠ' ਨਹੀਂ ਸਗੋਂ ਸਚੀ ਕਾਰ ਹੈ।

50. ਸਵਾਲ: ਸੇਵਾ ਕਿਸ ਦੀ ਕਰਨੀ ਚਾਹੀਦੀ ਹੈ?

ਜਵਾਬ: ਗੁਰੂ ਸਾਹਿਬਾਨ ਨੇ ਧਰਮ, ਜਾਤ ਦੇਸ਼, ਨਸਲ, ਆਦਿ ਦਾ ਖਿਆਲ ਕੀਤੇ ਬਿਨਾਂ ਸਮੁੱਚੀ ਮਨੁੱਖਤਾ ਦੀ ਸੇਵਾ ਦਾ ਉਪਦੇਸ਼ ਦਿਤਾ ਹੈ। ਸੇਵਾ ਦੀ ਸਿਖਲਾਈ ਦਾ ਆਰੰਭ ਗੁਰਦੁਆਰੇ ਤੋਂ ਹੁੰਦਾ ਹੈ; ਜਿਥੇ ਲੰਗਰ ਪਕਾਉਣ, ਜੂਠੇ ਭਾਂਡੇ ਮਾਂਜਣ, ਪੱਖਾ ਝੱਲਣ, ਜੋੜੇ ਸਾਫ ਕਰਨ, ਝਾੜੂ ਦੇਣ, ਦਰੀਆਂ ਆਦਿ ਝਾੜਨ, ਦੀਨ ਦੁਖੀਆਂ ਅਤੇ ਅਤਿਥੀਆਂ ਦੀ ਅੰਨ, ਬਸਤਰ, ਦੁਆ-ਦਾਰੂ ਤੇ ਮੁੱਠੀ ਚਾਪੀ ਕਰਨ, ਆਦਿਕ ਸੇਵਾਵਾਂ ਨਾਲ ਸੇਵਾ ਦਾ ਮੁੱਢ ਬੱਝਦਾ ਹੈ । ਧਰਮ ਪਰਚਾਰ - ਪਾਠ, ਕਥਾ, ਕੀਰਤਨ, ਵਖਿਆਨ ਆਦਿ ਦੀ ਸੇਵਾ ਵੀ ਉਤਮ ਗਿਣੀ ਗਈ ਹੈ । ਸਿਖ ਤਾਂ ਸੇਵਾ ਦੀ ਖਾਤਰ ਆਪਣੀ ਜਾਨ ਤੱਕ ਵੀ ਵਾਰ ਦਿੰਦੇ ਹਨ । ਗੁਰੂ ਸਾਹਿਬਾਨ ਅਤੇ ਹਜ਼ਾਰਾਂ ਸਿੱਖਾਂ ਨੇ ਲੋਕਾਂ ਨੂੰ ਅਤਿਆਚਾਰਾਂ ਤੋਂ ਬਚਾਉਣ ਲਈ ਬੇਅੰਤ ਅਸਹਿ ਤੇ ਅਕਹਿ ਕਸ਼ਟ ਸਹਾਰ ਕੇ ਸ਼ਹਾਦਤਾਂ ਦਿਤੀਆਂ ਸਨ । ਉਸਨੂੰ ਸੇਵਾ ਹੀ ਸਮਝਿਆ ਸੀ।

51. ਸਵਾਲ: ਕਈ ਲੋਕ ਕਹਿੰਦੇ ਹਨ ਕਿ ਸੰਤ ਜਿਹੋ ਜਿਹਾ ਮਰਜ਼ੀ ਹੋਵੇ, ਨਿੰਦਾ ਨਹੀਂ ਕਰਨੀ ਚਾਹੀਦੀ। ਕੀ ਇਹ ਠੀਕ ਹੈ?

ਜਵਾਬ: ਸਹੀ ਨੂੰ ਸਹੀ ਕਹਿਣਾ, ਕੋਈ ਨਿੰਦਿਆ ਨਹੀਂ ਹੈ। ਜਿਵੇਂ ਠੀਕ ਨੂੰ ਗਲਤ ਕਹਿਣਾ, ਸ਼ੁੱਧ ਨੂੰ ਅਸ਼ੁੱਧ ਕਹਿਣਾ ਨਿੰਦਿਆ ਹੈ, ਤਿਵੇਂ ਹੀ ਗਲਤ ਨੂੰ ਠੀਕ ਕਹਿਣਾ ਅਤੇ ਖੋਟੇ ਨੂੰ ਖਰਾ ਕਹਿਣਾ ਵੀ ਨਿੰਦਿਆ ਵਿਚ ਸ਼ਾਮਿਲ ਹੈ।

ਲੋਕਾਈ ਨੂੰ ਪਖੰਡੀਆਂ ਅਤੇ ਠਗਾਂ ਦੀਆਂ ਕਰਤੂਤਾਂ ਤੋਂ ਖਬਰਦਾਰ ਕਰਨਾ ਨਿੰਦਿਆ ਨਹੀਂ, ਸਗੋਂ ਲੋਕ ਸੇਵਾ ਹੈ। ਕਬੀਰ ਸਾਹਿਬ ਅਜੇਹੇ ਬਹਿਰੂਪੀਆਂ ਬਾਰੇ ਇਉਂ ਬਿਆਨ ਕਰਦੇ ਹਨ——

ਗਜ ਨਵ ਗਜ ਦਸ ਗਜ ਇਕੀਸ ਪੁਰੀਆ ਏਕ ਤਨਾਈ ॥

ਗਜ ਸਾਢੇ ਤੈ ਤੈ ਧੋਤੀਆ,
ਤਿਹਰੇ ਪਾਇਨਿ ਤਗ ॥
ਗਲੀ ਜਿਨ੍ਹਾ ਜਪਮਾਲੀਆ, ਲੋਟੇ ਹਥਿ ਨਿਬਗ ॥
ਓਇ ਹਰਿ ਕੇ ਸੰਤ ਨ ਆਖੀਅਹਿ
ਬਾਨਾਰਸਿ ਕੇ ਠਗ ॥੧॥ (ਪੰਨਾ-੪੭੬)

52. ਸਵਾਲ: ਅਸੀਂ ਕਹਿੰਦੇ ਹਾਂ ਕਿ ਸਾਡਾ ਮਨ ਸ਼ਬਦ ਵਿਚ ਜੁੜੇ। ਕਿਹੜੇ ਸ਼ਬਦ ਵਿਚ? ਕਿਸ ਸ਼ਬਦ ਦੀ ਅਰਾਧਨਾ ਕਰੀਏ?

ਜਵਾਬ: ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ 'ਸ਼ਬਦ' ਸਰੂਪ ਹੈ। ਅਸੀਂ ਬਾਣੀ ਪੜ੍ਹਦਿਆਂ, ਸੁਣਦਿਆਂ, ਲਿਖਦਿਆਂ, ਗਾਉਂਦਿਆਂ ਆਪਣੀ ਸੁਰਤ ਨੂੰ ਸ਼ਬਦ (ਬਾਣੀ) ਵਿਚ ਟਿਕਾਉਣਾ ਹੈ ਤਾਂ ਜੋ ਸਾਨੂੰ ਸ਼ਬਦ ਦੁਆਰਾ ਦਰਸਾਏ ਗਏ ਉਪਦੇਸ਼ ਦੀ ਸੋਝੀ ਆ ਜਾਵੇ ਅਤੇ ਅਸੀਂ ਗੁਰੂ ਦੇ ਹੁਕਮਾਂ (ਗੁਰਮਤਿ) ਅਨੁਸਾਰ ਆਪਣਾ ਜੀਵਨ ਬਤੀਤ ਕਰਦੇ ਹੋਏ ਲੋਕ ਸੁਖੀਆ ਅਤੇ ਪਰਲੋਕ ਸੁਹੇਲਾ ਬਣਾ ਸਕੀਏ।

53. ਸਵਾਲ: ਮਨ ਵਿਚ ਦੁਬਿਧਾ ਹੈ ਕਿ 'ਮਾਸਕ ਧਰਮ' ਦੌਰਾਨ ਪਾਠ ਕਰਨਾ ਜਾਂ ਗੁਰਦੁਆਰੇ ਜਾਣਾ ਚਾਹੀਦਾ ਹੈ ਜਾਂ ਨਹੀਂ?

ਜਵਾਬ: ਬਾਣੀ ਦਾ ਫੁਰਮਾਨ ਹੈ—

ਸੂਚੇ ਏਹਿ ਨ ਆਖੀਅਹਿ ਬਹਿਨ ਜਿ ਪਿੰਡਾ ਧੋਇ ॥
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥

(ਆਸਾ ਕੀ ਵਾਰ, ਪੰਨਾ-੪੭੨)

ਭਾਵ ਸੁੱਚਾ ਉਹ ਹੈ ਜਿਸਦੇ ਹਿਰਦੇ ਵਿਚ ਪ੍ਰਭੂ ਪ੍ਰੀਤਮ ਵਸਿਆ ਹੋਇਆ ਹੈ। ਨਿਰਾ ਨਹਾਉਣ ਨਾਲ ਸੁਚ ਨਹੀਂ ਹੋ ਸਕਦੀ।

ਵੈਸੇ ਵੀ 'ਮਾਸਕ ਧਰਮ' ਇਕ ਕੁਦਰਤੀ ਕਿਰਿਆ ਹੈ ਅਤੇ ਪ੍ਰਮਾਤਮਾ ਨੇ ਕੋਈ ਐਸੀ ਕਿਰਿਆ ਜਾਂ ਨਿਯਮ ਨਹੀਂ ਬਣਾਇਆ ਜੋ ਪ੍ਰਮਾਤਮਾ ਦਾ ਨਾਮ ਜਪਣ ਵਿਚ ਰੁਕਾਵਟ ਪੈਦਾ ਕਰੇ। ਉਸਦੇ ਬਣਾਏ ਹੋਏ ਨਿਯਮ ਵਿਚ ਕਿਸੇ ਕਿਸਮ ਦਾ ਨੁਕਸ ਨਹੀਂ ਹੁੰਦਾ। ਗੁਰਵਾਕ ਹੈ—

ਪੂਰੇ ਕਾ ਕੀਆ ਸਭ ਕਿਛੁ ਪੂਰਾ,
ਘਟਿ ਵਧਿ ਕਿਛੁ ਨਾਹੀ ॥ (ਪੰਨਾ ੧੪੧੨)

ਇਸ ਲਈ 'ਮਾਸਕ ਧਰਮ' ਦੌਰਾਨ ਬਾਣੀ ਦਾ ਪਾਠ ਕੀਤਾ ਜਾ ਸਕਦਾ ਹੈ ਅਤੇ ਗੁਰਦੁਆਰੇ ਜਾਇਆ ਜਾ ਸਕਦਾ ਹੈ। ਇਸ ਸੰਬੰਧੀ ਕੋਈ ਵਹਿਮ ਨਹੀਂ ਕਰਨਾ ਚਾਹੀਦਾ।

54. ਸਵਾਲ: "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ" ਦੇ ਅਰਥ ਦਸਣ ਦੀ ਕਿਰਪਾਲਤਾ ਕਰਨੀ ਜੀ?

ਜਵਾਬ: ਇਹ ਖਾਲਸੇ ਦਾ ਸੰਬੋਧਨੀ ਬੋਲਾ ਹੈ । ਇਸਦੇ ਅਰਥ ਹਨ- ਖਾਲਸਾ ਵਾਹਿਗੁਰੂ ਜੀ ਕਾ ਹੈ ਅਥਵਾ ਖਾਲਸੇ ਦਾ ਸਿੱਧਾ ਸਬੰਧ ਅਕਾਲ ਪੁਰਖ ਨਾਲ ਹੈ ਅਤੇ ਖਾਲਸੇ ਦੀ ਜਿਤ ਅਥਵਾ ਫਤਹਿ ਵੀ ਵਾਹਿਗੁਰੂ ਜੀ ਦੀ ਹੀ ਫਤਹਿ ਹੈ । ਇਹ ਬੋਲਾ ਖਾਲਸੇ ਦੇ ਇਸ ਵਿਸ਼ਵਾਸ ਨੂੰ ਦ੍ਰਿੜ ਕਰਦਾ ਹੈ ਕਿ ਵਾਹਿਗੁਰੂ ਅੱਜਿਤ ਹੈ, ਇਸ ਲਈ ਉਸ ਨਾਲ ਜੁੜੇ ਖਾਲਸੇ ਦੀ ਜਿੱਤ (ਫਤਹਿ) ਵੀ ਨਿਸਚਿਤ ਹੈ । ਇਸ ਵਿਸ਼ਵਾਸ ਨਾਲ ਖਾਲਸਾ ਜੀਵਨ ਸੰਘਰਸ਼ ਵਿਚ ਜੁਟ ਜਾਂਦਾ ਹੈ, ਤੇ ਫ਼ਤਹਿ ਹਾਸਲ ਕਰਨ ਤੱਕ ਸੰਘਰਸ਼ ਜਾਰੀ ਰਖਦਾ ਹੈ । ਖਾਲਸਾ ਫਤਹਿ ਨੂੰ ਵਾਹਿਗੁਰੂ ਦੀ ਬਖਸ਼ਿਸ਼ ਜਾਣਦਾ ਹੈ, ਇਸ ਲਈ ਹਉਮੈ-ਹੰਕਾਰ ਤੋਂ ਬਚਿਆ ਰਹਿੰਦਾ ਹੈ ।

55. ਸਵਾਲ: ਬਹੁਤ ਸਾਰੇ ਸਿੱਖਾਂ ਨੂੰ ਦੇਵੀ ਦੇ ਜਗਰਾਤਿਆਂ ਵਿਚ ਸ਼ਾਮਲ ਹੋਏ ਵੇਖੀਦਾ ਹੈ। ਕੀ ਐਸਾ ਕਰਨਾ ਗੁਰਮਤਿ ਅਨੁਸਾਰ ਠੀਕ ਹੈ?

ਜਵਾਬ: ਸਿੱਖ ਧਰਮ ਵਿਚ ਕੇਵਲ ਇਕ ਅਕਾਲ ਪੁਰਖ ਦੀ ਅਰਾਧਨਾ ਹੀ ਦਸੀ ਗਈ ਹੈ ਅਤੇ ਦੇਵੀ ਦੇਵਤਿਆਂ ਦੀ ਪੂਜਾ ਮਨ੍ਹਾ ਹੈ; ਜਿਵੇਂ ਕਿ ਗੁਰਬਾਣੀ ਦਾ ਫੁਰਮਾਨ ਹੈ:

ਮਾਇਆ ਮੋਹੇ ਦੇਵੀ ਸਭਿ ਦੇਵਾ ।। (ਗਉੜੀ, ਮਹਲਾ ੧, ਪੰਨਾ-੨੨੭)
ਦੇਵੀ ਦੇਵਾ ਪੂਜੀਐ ਭਾਈ, ਕਿਆ ਮਾਗਉ ਕਿਆ ਦੇਹਿ ।।
(ਸੋਰਠਿ, ਮ: ੧, ਪੰਨਾ-੬੩੭)

ਜੋ ਸਿੱਖ ਅਕਾਲ ਪੁਰਖ ਨੂੰ ਛਡ ਕੇ ਦੇਵੀ ਦੇਵਤਿਆਂ ਦੇ ਜਗਰਾਤਿਆਂ ਤੇ ਜਾਂ ਦੇਵੀ ਯਾਤਰਾ ਤੇ ਜਾਂਦਾ ਹੈ, ਉਸ ਬਾਰੇ ਭਾਈ ਗੁਰਦਾਸ ਜੀ ਦਾ ਹੇਠ ਲਿਖਿਆ ਫੈਸਲਾ ਹੈ:

ਗੁਰਸਿਖ ਹੋਇ, ਆਨ ਦੇਵ ਸੇਵ ਟੇਵ ਗਹੈ,
ਸਹੈ ਯਮਦੰਡ, ਧ੍ਰਿਗ ਜੀਵਨ ਸੰਸਾਰ ਹੈ ।।

ਸੋ ਗੁਰਸਿੱਖ ਨੂੰ ਭੁਲ ਕੇ ਵੀ ਦੇਵੀ ਦੇ ਜਗਰਾਤਿਆਂ ਜਾਂ ਦੇਵੀ ਯਾਤਰਾ ਤੋਂ ਨਹੀਂ ਜਾਣਾ ਚਾਹੀਦਾ।

56. ਸਵਾਲ: ਛੇ ਮਹੀਨੇ ਰੋਟੀ ਨਾ ਖਾਣੀ, ਤੇਲ ਪੀਣਾ ਤੇ ਚਾਹ ਪੀਣੀ। ਕੀ ਇਹ ਭਗਤੀ ਹੈ?

ਜਵਾਬ: ਭੋਜਨ ਸਰੀਰ ਨੂੰ ਕਾਇਮ ਰਖਣ ਲਈ ਹੈ। ਗੁਰਬਾਣੀ ਨੇ ਭੋਜਨ ਦਾ ਤਿਆਗ ਨਹੀਂ ਦਸਿਆ। ਅੰਨ ਨਾ ਖਾਣ ਵਾਲੇ ਨੂੰ ਰੱਬ ਦੀ ਪ੍ਰਾਪਤੀ ਨਹੀਂ ਹੋ ਸਕਦੀ।

57. ਸਵਾਲ: ਗੁਰੂ ਗੋਬਿੰਦ ਸਿੰਘ ਜੀ ਨੇ ਅਗੋਂ ਗੁਰੂ ਧਾਰਨ ਕਰਨ ਦਾ ਉਪਦੇਸ਼ ਕਿਉਂ ਨਹੀਂ ਕੀਤਾ?

ਜਵਾਬ: ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਧਾਰਨ ਦਾ ਉਪਦੇਸ਼ ਦਿਤਾ ਹੈ। ਪੰਜ ਪਿਆਰੇ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਜੁਗਤਿ ਵਰਤਾਉਣ ਦੇ ਸਮਰਥ ਹਨ।

58. ਸਵਾਲ: ਕੀ ਗੁਰਬਾਣੀ ਅਮਲੀ ਜੀਵਨ ਵਿਚ ਅਪਨਾਉਣ ਲਈ ਪੜ੍ਹਨੀ ਚਾਹੀਦੀ ਹੈ ਜਾਂ ਮੰਤ੍ਰਾਂ ਦੀ ਤਰ੍ਹਾਂ ਕਿਸੇ ਵਸਤੂ ਦੀ ਪ੍ਰਾਪਤੀ ਲਈ?

ਜਵਾਬ: ਗੁਰਬਾਣੀ ਨੂੰ ਪ੍ਰੇਮ ਸਤਿਕਾਰ ਸ਼ਰਧਾ ਸਹਿਤ, ਸੂਝ ਨਾਲ ਸ਼ੁਧ ਪੜ੍ਹਨਾ, ਅਰਥਾਂ-ਸਹਿਤ ਵੀਚਾਰ ਕਰਨੀ ਤੇ ਗੁਰਬਾਣੀ ਦੇ ਉਪਦੇਸ਼ਾਂ ਨੂੰ ਜੀਵਨ ਵਿਚ ਅਪਨਾਉਣਾ ਤੇ ਗੁਰਬਾਣੀ ਅਨੁਸਾਰ ਜੀਵਨ ਢਾਲਣਾ ਗੁਰਬਾਣੀ ਦੀ ਸਹੀ ਵਰਤੋਂ ਹੈ। ਇਸ ਤੋਂ ਬਿਨਾਂ ਜੋ ਕੁਝ ਹੋ ਰਿਹਾ ਹੈ, ਉਸ ਨੂੰ ਗੁਰਬਾਣੀ ਦੀ ਕੁਵਰਤੋਂ ਹੀ ਕਹਿ ਸਕਦੇ ਹਾਂ।

59. ਸਵਾਲ: ਅਸੀਂ ਅਰਦਾਸ ਤੋਂ ਬਾਅਦ ਪੜ੍ਹਦੇ ਹਾਂ "ਗੁਰੂ ਗ੍ਰੰਥ ਜੀ ਮਾਨਯੋ ਪ੍ਰਗਟ ਗੁਰਾਂ ਕੀ ਦੇਹ" । ਇਸਦਾ ਕੀ ਮਤਲਬ ਹੈ?

ਜਵਾਬ: ਇਹ ਦੋਹਰਾ ਸਿੱਖਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਸਤਿਕਾਰ-ਸ਼ਰਧਾ ਭਾਵਨਾ ਪ੍ਰਗਟ ਕਰਨ ਲਈ ਪੁਰਾਤਨ ਸਮੇਂ ਤੋਂ ਪੜ੍ਹਿਆ ਜਾ ਰਿਹਾ ਹੈ। ਇਸ ਦਾ ਅਰਥ ਹੈ ਕਿ ਜਿਵੇਂ ਗੁਰੂ ਨਾਨਕ ਪਾਤਸ਼ਾਹ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਸਿੱਖ, ਸਤਿਗੁਰਾਂ ਦਾ ਭਉ ਪਿਆਰ ਦਿਲ ਵਿਚ ਵਸਾਉਂਦੇ ਸਨ ਅਤੇ ਉਨ੍ਹਾਂ ਦੇ ਹੁਕਮਾਂ ਨੂੰ ਮੰਨਦੇ ਸਨ, ਬਿਲਕੁਲ ਉਸੇ ਤਰ੍ਹਾਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਨਮਾਨ ਕਰਨਾ ਹੈ ਅਤੇ ਗੁਰਬਾਣੀ ਦੇ ਦਸੇ ਰਾਹ ਉਤੇ ਚਲ ਕੇ ਜੀਵਨ ਸਫਲ ਕਰਨਾ ਹੈ। ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦੇਹਧਾਰੀ ਨਹੀਂ ਮੰਨਣਾ ਜਿਵੇਂ ਅਜ ਕਲ ਕਈ ਸੰਤਾਂ ਸਾਧਾਂ ਦੇ ਡੇਰਿਆਂ ਤੇ ਸ੍ਰੀ ਗੁਰੂ ਸਾਹਿਬ ਨੂੰ ਭੋਗ ਲਗਾਉਣ ਦੀ ਰੀਤੀ ਪ੍ਰਚਲਤ ਕਰ ਦਿਤੀ ਗਈ

ਹੈ ਅਤੇ ਸੁਖ-ਆਸਨ ਅਸਥਾਨ ਤੇ ਦਾਤਨ, ਗੜਵਾ, ਪੱਖੇ, ਸਰਦੀਆਂ ਵਿਚ ਰਜਾਈਆਂ ਆਦਿ ਦੀ ਵਰਤੋਂ ਹੋ ਰਹੀ ਹੈ, ਜੋ ਮਨਮਤ ਹੈ। ਭਾਵ ਇਹ ਕਿ ਗੁਰਸਿੱਖਾਂ ਨੇ 'ਗੁਰੂ ਜੋਤਿ' ਤੋਂ ਅਗਵਾਈ ਲੈ ਕੇ ਹੀ 'ਜੁਗਤ' ਵਰਤਾਉਣੀ ਹੈ।

60. ਸਵਾਲ: ਵਾਹਿਗੁਰੂ ਸ਼ਬਦ ਦੀ ਵਿਆਖਿਆ ਅਤੇ ਇਸਦਾ ਅਰਥ ਕੀ ਹੈ?

ਜਵਾਬ: ਵਾਹਿਗੁਰੂ ਸ਼ਬਦ ਉਸ ਹਸਤੀ ਦਾ ਲਖਾਇਕ ਹੈ ਜਿਸ ਦੀ ਵਿਆਖਿਆ ਮੂਲ ਮੰਤਰ ਵਿਚ ਕੀਤੀ ਗਈ ਹੈ। ਭਾਵ –'ਵਾਹਿਗੁਰੂ' ਅਕਾਲ ਪੁਰਖ ਦਾ ਇਕ ਨਾਮ (ਸੰਗਿਆ) ਹੈ। ਜਿਵੇਂ ਮੁਸਲਮਾਨ ਰੱਬ ਨੂੰ 'ਅੱਲਾ' ਹਿੰਦੂ 'ਰਾਮ' ਅਤੇ ਈਸਾਈ 'ਗੌਡ' ਕਹਿੰਦੇ ਹਨ, ਇਵੇਂ ਹੀ ਸਿੱਖ ਰੱਬ ਨੂੰ ਵਾਹਿਗੁਰੂ ਅਤੇ ਅਕਾਲ ਪੁਰਖ ਆਦਿਕ ਨਾਵਾਂ ਨਾਲ ਯਾਦ ਕਰਦੇ ਹਨ।

61. ਸਵਾਲ: ਕੀ ਵਾਹਿਗੁਰੂ ਸ਼ਬਦ –ਵਿਸ਼ਨੂੰ ਹਰੀ, ਗੋਬਿੰਦ, ਰਾਮ ਦੇ ਪਹਿਲੇ (ਅੱਖਰਾਂ ਵ, ਹ, ਗ, ਰ) ਦਾ ਜੋੜ ਹੈ?

ਜਵਾਬ: 'ਵਾਹਿਗੁਰੂ' ਕੇਵਲ ਪ੍ਰਮਾਤਮਾ ਦੀ ਸੰਗਿਆ ਹੀ ਹੈ। ਇਹ ਹਿੰਦੂ ਮਤ ਦੇ ਵਿਸ਼ਨੂੰ, ਹਰੀ, ਗੋਬਿੰਦ ਤੇ ਰਾਮ ਦੇ ਪਹਿਲੇ ਅੱਖਰਾਂ ਦੇ ਜੋੜ ਤੋਂ ਨਹੀਂ ਬਣਿਆ, ਕਿਉਂਕਿ ਇਸ ਦੀ ਕੋਈ ਲੋੜ ਨਹੀਂ ਸੀ। ਗੁਰਬਾਣੀ ਵਿਚ ਇਹਨਾਂ ਹਿੰਦੂ ਦੇਵਤਿਆਂ ਨੂੰ ਕੋਈ ਮਾਨਤਾ ਨਹੀਂ ਦਿਤੀ ਗਈ, ਇਸ ਲਈ ਇਨ੍ਹਾਂ ਨੂੰ 'ਵਾਹਿਗੁਰੂ' ਸ਼ਬਦ ਵਿਚ ਸ਼ਾਮਲ ਕਰਨ ਦੀ ਕੋਈ ਲੋੜ ਨਹੀਂ ਸੀ। 'ਵਾਹਿਗੁਰੂ (ਅਕਾਲ ਪੁਰਖ) ਬਾਰੇ ਗੁਰਬਾਣੀ ਦਾ ਸੰਕਲਪ ਭੀ ਹਿੰਦੂ ਮਤ ਦੇ ਸੰਕਲਪ ਨਾਲੋਂ ਭਿੰਨ ਹੈ। ਹਿੰਦੂ ਮਿਥਿਹਾਸ ਅਤੇ ਦਰਸ਼ਨ ਦੇ ਸਹਾਰੇ ਨਾਲ 'ਵਾਹਿਗੁਰੂ' ਸ਼ਬਦ ਦੀ ਰਚਨਾ ਹੋਣ ਦੀ ਦਲੀਲ ਕੋਈ ਵਜ਼ਨ ਨਹੀਂ ਰਖਦੀ।

62. ਸਵਾਲ: ਸਾਡੇ ਪਿੰਡ ਵਿਚ ਇਕ ਮੋਨੀ ਬਾਬਾ ਹੈ ਜਿਸ ਦੀ ਲੋਕ ਬੜੀ ਮਹਾਨਤਾ ਦਸ ਰਹੇ ਹਨ। ਕੀ ਇਹ ਠੀਕ ਹੈ?

ਜਵਾਬ: ਹਠ ਨਾਲ ਮੌਨਵਰਤ ਧਾਰਨਾ ਅਤੇ ਕਰਤਾਰ ਦੀ ਦਿਤੀ ਰਸਨਾ ਨੂੰ ਯੋਗ ਤਰੀਕੇ ਨਾਲ ਨਾ ਵਰਤਣਾ ਗੁਰਮਤਿ ਵਿਚ ਨਿੰਦਿਤ ਕਰਮ ਹੈ:

ਬੋਲੈ ਨਾਹੀ, ਹੋਇ ਬੈਠਾ ਮੋਨੀ ॥
ਅੰਤਰਿ ਕਲਪ ਭਵਾਈਐ ਜੋਨੀ ॥ (ਪ੍ਰਭਾਤੀ, ਮ: ੫, ਪੰਨਾ-੧੩੪੮)

63. ਸਵਾਲ: ਗੁਰਬਾਣੀ ਪੜ੍ਹਨ ਵਾਲੇ ਕਈ ਸਿੱਖ ਵੀ ਤਿਥਿ–ਵਾਰ–ਮਹੀਨਾ– ਮੁਹੂਰਤ ਆਦਿ ਨੂੰ ਚੰਗਾ ਮੰਦਾ ਸਮਝਦੇ ਹਨ, ਉਹਨਾਂ ਨੂੰ ਕਿਵੇਂ ਸਮਝਾਇਆ ਜਾਵੇ?

ਜਵਾਬ: ਸਿੱਖ ਧਰਮ ਵਿਚ ਤਿਥਿ, ਵਾਰ, ਮਹੀਨਾ, ਮੁਹੂਰਤ ਆਦਿ ਦਾ ਸ਼ੁਭ ਅਸ਼ੁਭ ਫਲ ਮੰਨ ਕੇ ਭ੍ਰਮ ਜਾਲ ਵਿਚ ਪੈਣਾ ਗੁਰਮਤਿ ਵਿਰੁਧ ਹੈ। ਜੇ ਸਿੱਖ ਕਿਸੇ ਵਾਰ ਨੂੰ ਚੰਗਾ, ਕਿਸੇ ਨੂੰ ਮੰਦਾ, ਕਿਸੇ ਤਿਥ ਨੂੰ ਲਾਭ ਦੇਣ ਵਾਲੀ, ਕਿਸੇ ਨੂੰ ਹਾਨੀਕਰਾਕ, ਕਿਸੇ ਮਹੀਨੇ ਨੂੰ ਸੁਖਦਾਈ, ਕਿਸੇ ਨੂੰ ਦੁਖਦਾਈ ਮੰਨਦਾ ਹੈ ਤਾਂ ਗੁਰਬਾਣੀ ਦੇ ਉਪਦੇਸ਼ਾਂ ਦੇ ਉਲਟ ਚਲਦਾ ਹੈ। ਗੁਰਬਾਣੀ ਦਾ ਫ਼ੁਰਮਾਣ ਹੈ:

ਥਿਤੀ ਵਾਰ ਸਭਿ ਸਬਦਿ ਸੁਹਾਏ ॥
ਸਤਿਗੁਰੁ ਸੇਵੇ ਤਾ ਫਲੁ ਪਾਏ ॥
ਥਿਤੀ ਵਾਰ ਸਭਿ ਆਵਹਿ ਜਾਹਿ ॥
ਗੁਰ ਸਬਦੁ ਨਿਹਚਲੁ ਸਦਾ ਸਚਿ ਸਮਾਹਿ ॥
ਥਿਤੀ ਵਾਰ ਤਾ, ਜਾ ਸਚਿ ਰਾਤੇ ॥
ਬਿਨੁ ਨਾਵੈ, ਸਭਿ ਭਰਮਹਿ ਕਾਚੇ ॥ (ਬਿਲਾਵਲੁ ਮ: ੩, ਪੰਨਾ-੮੪੨)

64. ਸਵਾਲ: "ਚਾਰਿ ਪਦਾਰਥ ਜੇ ਕੋ ਮਾਗੈ" ਤੁਕ ਵਿਚ ਇਹ ਚਾਰ ਪਦਾਰਥ ਕਿਹੜੇ ਕਿਹੜੇ ਹਨ?

ਜਵਾਬ: ਪੁਰਾਤਨ ਧਰਮ-ਗ੍ਰੰਥਾਂ ਵਿਚ ਮਨੁੱਖੀ ਜੀਵਨ ਲਈ ਅਤਿਅੰਤ ਲੋੜੀਂਦੀਆਂ ਚੀਜ਼ਾਂ ਨੂੰ ਪਦਾਰਥ ਕਿਹਾ ਗਿਆ ਹੈ ਤੇ ਇਨ੍ਹਾਂ ਦੀ ਗਿਣਤੀ ਚਾਰ ਦੱਸੀ ਹੈ:

ਧਰਮ, ਅਰਥ, ਕਾਮ, ਮੋਖ।

'ਧਰਮ' ਦਾ ਅਰਥ ਮਨੁੱਖ ਦੀ ਅੰਦਰਲੀ ਨੇਕੀ ਹੈ, ਮਨ ਦਾ ਦੈਵੀ ਗੁਣਾਂ ਨਾਲ ਭਰਪੂਰ ਹੋ ਕੇ ਆਪਣੇ ਕਰਤੱਵ ਦਾ ਪਾਲਣ ਹੈ । 'ਅਰਥ' ਦਾ ਭਾਵ ਹੈ- ਧਨ ਦੌਲਤ। ਸੰਸਾਰੀ ਜੀਵਨ ਨਿਭਾਉਣ ਲਈ ਧਨ ਦੀ ਲੋੜ ਪੈਂਦੀ ਹੈ, ਇਸ ਤੋਂ ਬਿਨਾਂ ਵੀ ਗੁਜ਼ਾਰਾ ਨਹੀਂ। ਇਸੇ ਤਰ੍ਹਾਂ ਪੁਰਖ ਦਾ ਪੁਰਖਣਾ ਉਸ ਦੀ 'ਕਾਮ' ਸ਼ਕਤੀ ਤੇ ਅਧਾਰਤ ਹੈ ਜਿਸ ਨਾਲ ਅੱਗੋ ਜੀਵਨ-ਲੜੀ ਚਲਦੀ ਰਹਿੰਦੀ ਹੈ। ਇਹ ਸਭ ਕੁਝ ਦੁਨਿਆਵੀ ਜੀਵਨ ਜੀਊਣ ਲਈ ਜ਼ਰੂਰੀ ਤੇ ਲਾਭਦਾਇਕ ਹਨ। ਪਰ 'ਮੋਖ-ਮੁਕਤੀ' ਇਕ ਵਿਸ਼ੇਸ਼ ਪਦਾਰਥ ਹੈ, ਜਿਸ ਦੀ ਪ੍ਰਾਪਤੀ ਜੀਵਨ ਦਾ ਪਰਮ ਉਦੇਸ਼ ਹੈ। ਸਾਰੇ ਬੰਧਨਾਂ ਤੋਂ ਆਤਮਾਂ ਨੂੰ ਸੁਤੰਤਰ ਕਰਨਾ ਮੁਕਤੀ ਹੈ ਤੇ ਇਹ ਧਾਰਮਿਕ ਨਿਸ਼ਠਾ ਦੁਆਰਾ ਹਾਸਲ ਹੁੰਦੀ ਹੈ।

ਗੁਰੂ ਸਾਹਿਬ ਨੇ ਕਿਹਾ ਹੈ ਕਿ ਇਨ੍ਹਾਂ ਪਦਾਰਥਾਂ ਦੀ ਪ੍ਰਾਪਤੀ ਲਈ ਮਨੁੱਖ ਤਰ੍ਹਾਂ ਤਰ੍ਹਾਂ ਦੀਆਂ ਘਾਲਾਂ ਘਾਲਦਾ ਹੈ, ਜੇਕਰ ਇਹ ਨਾਮ ਸਿਮਰਨ ਤੇ ਸੇਵਾ ਕਰੇ ਤਾਂ ਇਹ ਸਾਰੇ ਸਮਾਨ ਪ੍ਰਾਪਤ ਹੋ ਜਾਂਦੇ ਹਨ :

ਚਾਰਿ ਪਦਾਰਥ ਜੇ ਕੋ ਮਾਗੈ।।
ਸਾਧ ਜਨਾ ਕੀ ਸੇਵਾ ਲਾਗੈ।। (ਗਉੜੀ, ਸੁਖਮਨੀ, ਮ: ੫, ਪੰਨਾ-੨੬੬)

ਮਹਾਨ ਕੋਸ਼ ਵਿਚ ਭਾਈ ਕਾਹਨ ਸਿੰਘ ਨਾਭਾ ਨੇ ਇਨ੍ਹਾਂ ਦੇ ਅਰਥ- Goodness (ਨੇਕੀ), Prosperity (ਖੁਸ਼ਹਾਲੀ, ਸਮਰਿੱਧੀ), Success ਅਤੇ Salvation (ਮੁਕਤੀ) ਕੀਤੇ ਹਨ

65. ਸਵਾਲ: ਸਿੱਖ ਧਰਮ ਤੋਂ ਗ੍ਰਹਿ ਤੇ ਗ੍ਰਹਿਣੀ ਪੂਜਾ ਬਾਰੇ ਕੀ ਸੇਧ ਮਿਲਦੀ ਹੈ?

ਜਵਾਬ: ਗ੍ਰਹ : ਸ੍ਵਾਰਥ ਸਿੱਧੀ ਵਾਸਤੇ ਜੋਤਿਸ਼ੀ, ਸੂਰਯ , ਚੰਦ੍ਰਮਾ, ਮੰਗਲ, ਬੁਧ, ਵ੍ਰਿਹਸਪਤੀ, ਸ਼ੁਕ੍ਰ, ਸ਼ਨਿਚਰ, ਰਾਹੂ ਅਤੇ ਕੇਤੂ ਇਨ੍ਹਾਂ ਨੌ ਗ੍ਰਹਾਂ ਦੇ ਸ਼ੁਭ ਅਸ਼ੁਭ ਫਲ ਕਲਪ ਕੇ ਲੋਕਾਂ ਨੂੰ ਸੁਖ ਦੁਖ ਦਾ ਕਾਰਣ ਨਿਸ਼ਚਯ ਕਰਵਾਉਂਦੇ ਹਨ ਅਤੇ ਜਪ ਆਦਿਕ ਨਾਲ ਗ੍ਰਹਿ ਦੀ ਖੋਟੀ ਦਸ਼ਾ ਦੀ ਨਿਵ੍ਰਿਤੀ ਮੰਨਦੇ ਹਨ, ਪ੍ਰੰਤੂ ਸਿੱਖ, ਗੁਰੂ ਦੀ ਕ੍ਰਿਪਾ ਕਰਕੇ ਇਸ ਭ੍ਰਮ ਤੋਂ ਮੁਕਤ ਹਨ।

ਸੂਖ ਸਹਜ ਆਨਦੁ ਘਣਾ, ਹਰਿ ਕੀਰਤਨੁ ਗਾਉ।।
ਗਰਹ ਨਿਵਾਰੇ ਸਤਿਗੁਰੂ, ਦੇ ਅਪਣਾ ਨਾਉ।।
(ਆਸਾ, ਮ: ੫, ਪੰਨਾ-੪੦੦)

ਗ੍ਰਹਣ : ਨਿਯਮਿਤ ਗਤਿ ਅਨੁਸਾਰ ਸੂਰਜ ਅਤੇ ਚੰਦ੍ਰਮਾ ਦੇ ਮੱਧ ਪ੍ਰਿਥਵੀ ਦੇ ਆਉਣ ਕਰਕੇ ਚੰਦ੍ਰ ਗ੍ਰਹਣ, ਤੇ ਸੂਰਜ ਅਤੇ ਪ੍ਰਿਥਵੀ ਦੇ ਮੱਧ ਚੰਦ੍ਰਮਾ ਆਉਣ ਤੋਂ ਸੂਰਜ ਗ੍ਰਹਣ ਹੁੰਦਾ ਹੈ, ਜਿਸ ਦੇ ਪੌਰਾਣਿਕ ਲੋਕ ਅਨੇਕ ਸ਼ੁਭ ਅਸ਼ੁਭ ਫਲ ਕਲਪਦੇ ਹਨ, ਅਤੇ ਰਾਹੂ ਕੇਤੂ ਨਾਮਕ ਰਾਖਸ਼ਾਂ ਦੁਆਰਾ ਗ੍ਰਹਣ ਦਾ ਹੋਣਾ ਮੰਨਦੇ ਹਨ। ਗ੍ਰਹਣ ਵੇਲੇ ਇਸ਼ਨਾਨ, ਦਾਨ, ਜਪ, ਆਦਿਕ ਦੇ ਅਨੇਕ ਪ੍ਰਕਾਰ ਔਰ ਮਹਾਤਮ ਲਿਖ ਕੇ ਸਵਾਰਥ ਸਿੱਧੀ ਦਾ ਅਦਭੁਤ ਯਤਨ ਕੀਤਾ ਜਾਂਦਾ ਹੈ । ਗੁਰਮਤਿ ਇਨ੍ਹਾਂ ਵਹਿਮਾਂ ਤੋਂ ਪਾਕ ਹੈ :

ਹਰਿ ਹਰਿ ਨਾਮਿ ਮਜਨੁ ਕਰਿ ਸੂਚੇ।।
ਕੋਟਿ ਗ੍ਰਹਣ ਪੁੰਨ ਫਲ ਮੂਚੇ ।। (ਗਉੜੀ, ਮ: ੫, ਪੰਨਾ-੧੯੭)

ਕ੍ਰੋੜਾਂ ਗ੍ਰਹਣਾਂ ਵਿਚ ਪੁੰਨ ਦਾਨ ਕਰਨ ਤੋਂ ਵਧ ਕੇ ਕਰਤਾਰ ਦਾ ਸਿਮਰਨ ਹੈ।

66. ਸਵਾਲ: ਕੀ ਕੋਈ ਸਿੱਖ ਲੜਕਾ ਲਵ ਮੈਰਿਜ ਕਰਾ ਸਕਦਾ ਹੈ?

ਜਵਾਬ: ਸਿੱਖ ਧਰਮ ਵਿਚ ਕੇਵਲ ਆਨੰਦ ਕਾਰਜ ਦੁਆਰਾ ਕੀਤਾ ਗਿਆ ਵਿਆਹ ਹੀ ਪ੍ਰਵਾਣਤ ਹੈ। ਵਿਆਹ ਤੋਂ ਪਹਿਲਾਂ ਆਪਣੇ ਤੋਂ ਵਡੀ ਲੜਕੀ ਨੂੰ ਮਾਂ, ਬਰਾਬਰ ਦੀ ਨੂੰ ਭੈਣ ਤੇ ਛੋਟੀ ਨੂੰ ਧੀ ਸਮਝਣ ਦਾ ਹੁਕਮ ਹੈ :

ਦੇਖਿ ਪਰਾਈਆਂ ਚੰਗੀਆਂ, ਮਾਵਾਂ ਭੈਣਾਂ ਧੀਆਂ ਜਾਣੈ ।।

(ਭਾਈ ਗੁਰਦਾਸ, ਵਾਰ- ੨੯)

67. ਸਵਾਲ: 'ਹਠੀਆਂ ਜਪੀਆਂ ਦੀ ਕਮਾਈ ਦਾ ਧਿਆਨ ਧਰਕੇ' ਸ਼ਬਦ ਅਰਦਾਸ ਵਿੱਚ ਆਉਂਦੇ ਹਨ। ਕੀ ਹਠ ਕਰਨਾ ਸਿਖ ਧਰਮ ਵਿੱਚ ਠੀਕ ਹੈ?

ਜਵਾਬ: ਹਠ ਵ੍ਰਿੱਤੀ ਦੋ ਪ੍ਰਕਾਰ ਦੀ ਹੈ। ਇਕ ਤਿਆਗਣ ਯੋਗ ਹੈ, ਦੂਜੀ ਧਾਰਨ ਯੋਗ। ਕਿਸੇ ਉਪਦੇਸ਼ ਨੂੰ ਭਾਵੇਂ ਉਹ ਠੀਕ ਹੀ ਹੋਵੇ ਹਠ ਕਰਕੇ ਮੰਨਣਾ ਤੇ ਆਪਣੀ ਗਲਤ ਗੱਲ ਤੇ ਅੜੇ ਰਹਿਣਾ ਇਹ ਹਠ ਬ੍ਰਿਤੀ ਤਿਆਗਣ ਯੋਗ ਹੈ।

ਉਤਮ ਹਠ ਬ੍ਰਿਤੀ ਦਾ ਲਛ੍ਹਣ ਇਹ ਹੈ ਕਿ ਕਿਸੇ ਨਿਯਮ ਦਾ ਯਥਾਰਥ ਗਿਆਨ ਪ੍ਰਾਪਤ ਕਰਕੇ ਉਸ ਨੂੰ ਦ੍ਰਿੜਤਾ ਨਾਲ ਧਾਰਨ ਕਰਨਾ, ਅਰ ਅਗਿਆਨੀ ਅਥਵਾ ਅਨੁਯਾਈਆਂ ਦੇ ਕਥਨ ਪੁਰ ਜਾਂ ਦੁਖ ਅਥਵਾ ਲੋਭ ਦੇਣ ਪੁਰ ਸਚੇ ਨਿਯਮ ਨੂੰ ਨਾ ਤਿਆਗਣਾ। ਇਸ ਹਠ ਵਿਰਤੀ ਦਾ ਪੂਰਾ ਗਿਆਨ ਸਤਿਗੁਰੂ ਅਰਜਨ ਸਾਹਿਬ, ਗੁਰੂ ਤੇਗਬਹਾਦਰ ਸਾਹਿਬ, ਛੋਟੇ ਸਾਹਿਬਜ਼ਾਦਿਆਂ ਅਰ ਸ਼ਹੀਦਾਂ ਦੇ ਪ੍ਰਸੰਗਾਂ ਤੋਂ ਚੰਗੀ ਤਰ੍ਹਾਂ ਹੁੰਦਾ ਹੈ।

68. ਸਵਾਲ: ਗੁਰੂ ਰੀਤੀ ਤੋਂ ਕੀ ਭਾਵ ਹੈ?

ਜਵਾਬ: ਗੁਰੂ ਰੀਤੀ ਜਾਂ ਗੁਰ ਮਰਯਾਦਾ ਤੋਂ ਭਾਵ ਹੈ ਉਹ ਰੀਤੀ ਜੋ ਗੁਰਬਾਣੀ ਅਤੇ ਸਤਿਗੁਰਾਂ ਦੀ ਚਲਾਈ ਮਰਯਾਦਾ ਅਨੁਸਾਰ ਹੋਵੇ।

69. ਸਵਾਲ: ਕਿਸੇ ਵਡੇਰੇ ਪ੍ਰਾਣੀ ਦੇ ਮਰਨ ਉਪਰੰਤ ਘਰ ਵਾਲੇ ਪਾਠੀ ਸਿੰਘਾਂ ਨੂੰ ਪੁਸ਼ਾਕਾ, ਜੁਤੀ, ਬਿਸਤਰਾ, ਚਾਰਪਾਈ ਤੇ ਬਰਤਨ ਆਦਿ ਦੇਂਦੇ ਹਨ। ਇਕੱਤਰ ਹੋਏ ਰਿਸ਼ਤੇਦਾਰਾਂ ਨੂੰ ਮਿਠਾਈ ਤੇ ਹੋਰ ਲੈਣ ਦੇਣ ਦਾ ਵਿਖਾਵਾ ਵੀ ਕੀਤਾ ਜਾਂਦਾ ਹੈ। ਰਿਵਾਜ ਹਰ ਰੋਜ਼ ਵਧਦੇ ਜਾਂਦੇ ਹਨ; ਜਿੰਨਾਂ ਕੋਈ ਅਮੀਰ ਹੈ ਉਤਨੇ ਰਿਵਾਜ ਵਧ ਰਹੇ ਹਨ, ਗਰੀਬ ਕੀ ਕਰੇ?

ਜਵਾਬ: ਗੁਰਮਤਿ ਵਿਚ ਸਾਦਗੀ ਤੇ ਜ਼ੋਰ ਦਿਤਾ ਗਿਆ ਹੈ। ਫਜ਼ੂਲ ਖਰਚੀ ਤੇ ਵਿਖਾਵਾ ਘਟਾਉਣਾ ਹੀ ਗੁਰਮਤਿ ਦਾ ਅਸੂਲ ਹੈ। ਘਰ ਵਾਲੇ ਬ੍ਰਾਹਮਣੀ ਮਤ ਦੇ ਪ੍ਰਭਾਵ ਹੇਠਾਂ ਦਾਨ-ਪੁੰਨ ਇਸ ਲਈ ਕਰਦੇ ਹਨ ਕਿ ਇਹ ਵਸਤਾਂ ਮਰੇ ਪ੍ਰਾਣੀ ਨੂੰ ਪਹੁੰਚ ਜਾਣਗੀਆਂ, ਪਰ ਉਹ ਇਹ ਨਹੀਂ ਜਾਣਦੇ ਕਿ ਗੁਰਬਾਣੀ ਵਿਚ ਇਹਨਾਂ ਦੇ ਨਾ ਪਹੁੰਚਣ ਬਾਰੇ ਲਿਖਿਆ ਹੋਇਆ ਹੈ। ਰਿਵਾਜਾਂ ਨੂੰ ਘਟਾਉਣਾ ਹੀ ਸਮਝਦਾਰੀ ਹੈ ਤੇ ਵਧਾਉਣਾ ਮੂਰਖਤਾ।

70. **ਸਵਾਲ: ਕਈ ਗੁਰਦੁਆਰਿਆਂ ਵਿਚ ਪੂਰਨਮਾਸ਼ੀ ਦੀ ਕਥਾ ਕੀਤੀ ਜਾਂਦੀ ਹੈ, ਕੀ ਇਹ ਠੀਕ ਹੈ?**

ਜਵਾਬ: ਸਿਖ ਧਰਮ ਵਿਚ ਪੂਰਨਮਾਸ਼ੀ ਦੀ ਕੋਈ ਮਹਾਨਤਾ ਨਹੀਂ ਕਿਉਂਕਿ ਸਿੱਖ ਅਕਾਲ ਪੁਰਖ ਦਾ ਪੁਜਾਰੀ ਹੈ, ਚੰਦਰਮਾ ਦਾ ਨਹੀਂ। ਪੂਰਨਮਾਸ਼ੀ ਦੇ ਵਰਤ ਰਖਣੇ ਤੇ ਕਥਾ ਕਰਨੀ ਇਹ ਬ੍ਰਾਹਮਣੀ ਮਤ ਹੈ, ਗੁਰਮਤਿ ਨਹੀਂ। ਸਾਡੇ ਬਜ਼ੁਰਗਾਂ ਨੇ ਇਤਿਹਾਸਿਕ ਸਥਾਨਾਂ ਤੇ ਇਹਨਾਂ ਦਿਨਾਂ ਤੇ ਜੋ ਉਚੇਚੇ ਇੱਕਠ ਕਰਨ ਦੀ ਲੀਹ ਤੋਰੀ ਸੀ, ਉਹ ਇਸ ਲਈ ਸੀ ਕਿ ਬ੍ਰਾਹਮਣੀ ਮਤ ਦਾ ਜੂਲਾ ਲਾਹ ਕੇ ਗੁਰਮਤਿ ਦੀ ਸੋਝੀ ਕਰਾਈ ਜਾ ਸਕੇ ਪਰ ਅਸੀਂ ਗੁਰੂ ਅਤੇ ਅਕਾਲਪੁਰਖ ਨਾਲ ਜੁੜਣ ਦੀ ਥਾਂ ਮੱਸਿਆ ਤੇ ਪੁੰਨਿਆ ਨਾਲ ਜੁੜ ਗਏ। ਲੋੜ ਹੈ ਗੁਰਬਾਣੀ ਤੋਂ ਸੇਧ ਲੈ ਕੇ ਅਸਲੀਅਤ ਸਮਝਣ ਦੀ।

71. **ਸਵਾਲ: ਸੱਚੀ ਭਗਤੀ ਤੋਂ ਕੀ ਭਾਵ ਹੈ?**

ਜਵਾਬ: ਜੋ ਇਕਾਗਰ ਚਿਤ ਹੋ ਕੇ ਬਿਨਾ ਕਿਸੇ ਲੋਭ ਤੇ ਵਿਖਾਵੇ ਦੇ ਕੀਤੀ ਜਾਵੇ। ਜਿਸ ਭਗਤੀ ਸਮੇਂ ਮਨ ਵਿਚ ਕੇਵਲ ਵਾਹਿਗੁਰੂ ਹੀ ਹੋਵੇ, ਹੋਰ ਖਿਆਲ ਕਿਸੇ ਪਾਸੇ ਨਾ ਜਾਵੇ।

72. **ਸਵਾਲ: ਕੀ ਸਿਖ ਲਈ ਰਾਧਾ ਸੁਆਮੀ ਡੇਰਾ ਬਿਆਸ ਜਾਣਾ ਠੀਕ ਹੈ?**

ਜਵਾਬ: 'ਰਾਧਾ ਸੁਆਮੀ ਮਤ' ਕੋਈ ਮਤ ਨਹੀਂ, ਇਹ ਦੇਹਧਾਰੀ ਗੁਰੂ - ਡੰਮ ਹੈ। ਗੁਰਬਾਣੀ ਚੁਰਾ ਕੇ , ਗਲਤ ਅਰਥ ਕਰਕੇ, ਗੁਰਬਾਣੀ ਤੋਂ ਸਿੱਖ ਸੰਗਤਾਂ ਨੂੰ ਤੋੜ ਕੇ ਆਪਣੇ ਨਾਲ ਜੋੜ ਕੇ ਗੁਮਰਾਹ ਕੀਤਾ ਜਾ ਰਿਹਾ ਹੈ। ਇਹ ਸਿੱਖੀ ਵਿਰੋਧੀ ਡੇਰਾ ਹੈ। ਸਿੱਖੀ ਵਿਰੋਧੀ ਡੇਰੇ ਤੇ ਗੁਰਸਿੱਖਾਂ ਦਾ ਜਾਣਾ ਸ਼ੋਭਾ ਨਹੀਂ ਦਿੰਦਾ।

73. **ਸਵਾਲ: ਮੈ ਹਰ ਰੋਜ਼ ਪਾਠ ਕਰਦਾ ਹਾਂ ਪਰ ਅੰਮ੍ਰਿਤ ਨਹੀਂ ਛਕਿਆ। ਕੀ ਬਿਨਾਂ ਅੰਮ੍ਰਿਤ ਛਕੇ ਕੀਤਾ ਪਾਠ ਨਿਸਫਲ ਹੈ?**

ਜਵਾਬ: ਗੁਰਬਾਣੀ ਦਾ ਪਾਠ ਕਰਨਾ ਗੁਰੂ ਜੀ ਦੇ ਹੁਕਮ ਨੂੰ ਮੰਨਣਾ ਹੈ। ਅੰਮ੍ਰਿਤ ਛਕਣਾ ਵੀ ਗੁਰੂ ਜੀ ਦਾ ਹੁਕਮ ਮੰਨਣਾ ਹੈ। ਤੁਸੀਂ ਇਕ ਹੁਕਮ ਤਾਂ ਮੰਨਿਆ ਹੈ ਪਰ ਦੂਜਾ ਹੁਕਮ ਨਹੀਂ ਮੰਨਿਆ। ਜੋ ਅੰਮ੍ਰਿਤ ਨਹੀਂ ਛਕਦਾ ਉਸ ਬਾਰੇ ਹੁਕਮ ਹੈ:

ਧਰੇ ਕੇਸ ਪਾਹੁਲ ਬਿਨਾ, ਭੇਖੀ ਮੂੜ੍ਹਾ ਸਿੱਖ।
ਮੇਰਾ ਦਰਸਨ ਨਾਹਿ ਤਿਸ, ਪਾਪੀ ਤਿਆਗੇ ਭਿਖ।

ਸੋ ਜੇ ਤੁਸੀਂ ਗੁਰਬਾਣੀ ਦਾ ਪਾਠ ਕਰਦੇ ਹੋ ਤਾਂ ਗੁਰਬਾਣੀ ਦੀ ਸਿਖਿਆ ਅਨੁਸਾਰ "ਨਿਗੁਰੇ ਕਾ ਹੈ ਨਾਉ ਬੁਰਾ" ਤੇ ਗੁਰੂ ਧਾਰਨ ਕਰਨਾ ਹੈ ਗੁਰੂ ਗਰੰਥ ਸਾਹਿਬ ਨੂੰ । ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਛਕ ਕੇ ਗੁਰੂ ਗਰੰਥ ਸਾਹਿਬ ਨੂੰ ਤਨ ਮਨ ਧਨ ਅਰਪ ਕੇ ਹੀ ਇੰਝ ਕੀਤਾ ਜਾ ਸਕਦਾ ਹੈ। ਉਂਝ ਪਾਠ ਕੀਤਾ ਕਦੀ ਨਿਹਫਲ ਨਹੀਂ ਜਾ ਸਕਦਾ, ਜੇ ਗੁਰਬਾਣੀ ਦੀ ਸਿਖਿਆ ਤੇ ਅਮਲ ਵੀ ਕੀਤਾ ਜਾਵੇ।

74. **ਸਵਾਲ: ਕੀ ਧੰਨੇ ਭਗਤ ਨੇ ਪਥਰ ਪੂਜ ਕੇ ਰੱਬ ਦੀ ਪ੍ਰਾਪਤੀ ਕੀਤੀ ਸੀ?**

ਜਵਾਬ: ਧੰਨੇ ਭਗਤ ਨੇ ਪ੍ਰਭੂ ਦੀ ਭਗਤੀ ਕਰਕੇ ਪ੍ਰਮਾਤਮਾ ਦਾ ਪ੍ਰਾਪਤੀ ਕੀਤੀ ਸੀ। ਵੇਖੋ ਭਗਤ ਧੰਨਾ ਜੀ ਦੇ ਉਚਾਰਨ ਕੀਤੇ ਸ਼ਬਦ

'ਭ੍ਰਮਤ ਫਿਰਤ ਬਹੁ ਜਨਮ ਬਿਲਾਨੇ' ਦੀ ਅਖੀਰਲੀ ਤੁਕ:

'ਧੰਨੇ ਧਨੁ ਪਾਇਆ ਧਰਣੀਧਰੁ ਮਿਲਿ ਜਨ ਸੰਤ ਸਮਾਨਿਆ' ਤੇ ਗੁਰੂ ਅਰਜਨ ਦੇਵ ਜੀ ਦੇ ਇਸ ਸ਼ਬਦ ਦੇ ਨਾਲ ਲਗਦੇ ਸ਼ਬਦ ਵਿਚੋਂ

"ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ" ਤੋਂ ਸਪਸ਼ਟ ਹੈ ਕਿ ਭਗਤ ਧੰਨਾ ਜੀ ਨੇ ਭਗਤੀ ਰਾਹੀਂ ਪ੍ਰਭੂ ਦੀ ਪ੍ਰਾਪਤੀ ਕੀਤੀ। ਭਗਤ ਧੰਨਾ ਜੀ ਦੀ ਤੇ ਗੁਰੂ ਅਰਜਨ ਸਾਹਿਬ ਦੀ ਆਪਣੀ ਗੁਆਹੀ ਹੁੰਦਿਆਂ ਕਿਸੇ ਮਨਘੜਤ ਕਹਾਣੀ ਤੇ ਇਤਬਾਰ ਕਰਨਾ ਅਗਿਆਨਤਾ ਹੀ ਕਹੀ ਜਾ ਸਕਦੀ ਹੈ।

75. **ਸਵਾਲ: ਗੁਰਦੁਆਰੇ ਲਈ ਕਈ ਕਿਸਮ ਦੇ ਦਾਨ ਪਖੇ, ਕੂਲਰ, ਟਿਊਬਾਂ ਕਲੀਨ, ਦਰੀਆਂ, ਗਲੀਚੇ ਅਦਿ ਪਦਾਰਥਵਾਦੀ ਵਸਤਾਂ ਦੇ ਕੀਤੇ ਜਾਂਦੇ ਹਨ। ਉਤਮ ਦਾਨ ਕਿਹੜਾ ਹੈ?**

ਜਵਾਬ : ਪਹਿਲੀ ਗਲ ਤਾ ਇਹ ਹੈ 'ਦਾਨ' ਸ਼ਬਦ ਹੀ ਗਲਤ ਹੈ। ਦਾਤਾ ਤਾਂ ਕੇਵਲ ਪ੍ਰਭੂ ਹੀ ਹੈ ਜੋ ਸਾਨੂੰ ਸਭ ਨੂੰ ਦਾਤਾਂ ਦੇ ਰਿਹਾ ਹੈ - **ਜਾਚਕ ਅਨੇਕ ਸੁ ਏਕ ਦਿਵੱਯਾ।'** ਅਸੀਂ ਦਾਨ ਦੇਣ ਵਾਲੇ ਕੌਣ ਹੁੰਦੇ ਹਾਂ। ਬਾਕੀ ਰਹੀ ਗੱਲ ਗੁਰਦੁਆਰੇ ਦਸਵੰਧ ਦੇਣ ਦੀ, ਦਸਵੰਧ ਦੀ ਵਰਤੋਂ ਉਸ ਕਾਰਜ ਲਈ ਕਰਨੀ ਯੋਗ ਹੈ ਜਿਸ ਦੀ ਗੁਰਦੁਆਰੇ ਵਿਚ ਲੋੜ ਹੋਵੇ। ਵੇਖਣ ਵਿਚ ਆਉਂਦਾ ਹੈ ਕਿ ਬਾਹਰਮੁਖੀ ਸਜਾਵਟ ਲਈ ਸੰਗਤਾਂ ਦਾ ਪੈਸਾ ਖਰਚ ਕੀਤਾ ਜਾਂਦਾ ਹੈ , ਪਰ ਗੁਰਦੁਆਰੇ ਬੈਠਣ ਵਾਲੇ ਨਜ਼ਰ ਨਹੀਂ ਆਉਂਦੇ, ਸੰਗਤ ਨੂੰ ਗੁਰਸਿੱਖੀ ਦਾ ਪਤਾ ਨਹੀਂ। ਕਿੰਨਾ ਚੰਗਾ ਹੋਵੇ ਜੇ ਦਸਵੰਧ ਦਾ ਬਹੁਤਾ ਹਿੱਸਾ ਗੁਰਮਤਿ ਪ੍ਰਚਾਰ ਲਈ ਵਰਤਿਆ ਜਾਵੇ, ਜਿਵੇਂ ਧਾਰਮਿਕ ਲਿਟਰੇਚਰ ਖਰੀਦ

ਕੇ ਸੰਗਤਾਂ ਵਿਚ ਵੰਡਣਾ ਜਾਂ ਲੋੜਵੰਦ ਗੁਰਸਿੱਖ ਬਚਿਆਂ ਦੀ ਆਰਥਿਕ ਸਹਾਇਤਾ ਕਰਨੀ। ਲੋੜਵੰਦ ਗੁਰਸਿਖਾਂ ਦੇ ਕਾਰਜ ਸੁਧਾਰਨੇ ਚਾਹੀਦੇ ਹਨ।

76. ਸਵਾਲ: ਸਿਖੀ ਵਿਚ ਸਰੋਵਰ ਦਾ ਸੰਕਲਪ ਅਤੇ ਮਹੱਤਵ ਵਰਨਣ ਕਰੋ।

ਜਵਾਬ: ਗੁਰਮਤਿ ਅੰਦਰ ਤੀਰਥ ਇਸ਼ਨਾਨ ਦਾ ਕੋਈ ਖਾਸ ਮਹੱਤਵ ਨਹੀਂ ਹੈ। ਸਤਿਗੁਰੂ ਫਰਮਾਉਂਦੇ ਹਨ: **ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ, ਤੀਰਥੁ ਸਬਦ ਵੀਚਾਰੁ ਅੰਤਰਿ ਗਿਆਨੁ ਹੈ। ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ।**

(ਧਨਾਸਰੀ ਮ: ੧, ਪੰਨਾ-੬੮੭)

ਇਸ ਤੋਂ ਸਪਸ਼ਟ ਹੁੰਦਾ ਹੈ ਕਿ ਸਿਖੀ ਅੰਦਰ ਸਰੋਵਰ ਦਾ ਸੰਕਲਪ ਕਿਸੇ ਤਰਾਂ ਦੇ ਤੀਰਥ ਇਸ਼ਨਾਨ ਦੀ ਭਾਵਨਾ ਤੇ ਉਸਰਿਆ ਹੋਇਆ ਨਹੀਂ। ਤਾਂ ਫਿਰ ਸਰੋਵਰ ਕਾਇਮ ਕਰਨ ਦਾ ਕੀ ਮਹੱਤਵ ਸੀ? ਗੁਰਮਤਿ ਅੰਦਰ ਜਾਤ ਪਾਤ ਤੇ ਵਰਣ ਵੰਡ ਅਥਵਾ ਮਨੁਖ ਦੇ ਜਨਮ ਤੋਂ ਊਚ ਨੀਚ ਹੋਣ ਦਾ ਵਿਚਾਰ ਬਿਲਕੁਲ ਨਹੀਂ ਹੈ। ਸਾਰੇ ਮਨੁਖ ਜਨਮ ਕਰਕੇ ਸਮਾਨ ਹਨ। ਹਰ ਮਨੁੱਖ ਇਸਤਰੀ ਨੂੰ ਹਰ ਪ੍ਰਕਾਰ ਦੇ ਧਰਮ ਕਰਮ ਤੇ ਵਿਹਾਰ ਕਰਨ ਦੀ ਪੂਰਨ ਆਜਾਦੀ ਹੈ। ਕਿਸੇ ਸ਼੍ਰੇਣੀ ਨੂੰ ਇਸ ਵਿਚ ਕੋਈ ਵਿਸ਼ੇਸ਼ ਹੱਕ ਨਹੀਂ, ਨਾ ਕਿਸੇ ਵਿਸ਼ੇਸ਼ ਧਰਮ ਕਰਮ ਜਾਂ ਵਿਹਾਰ ਕਰਨ ਲਈ ਕੋਈ ਮਨੁਖ ਪਾਬੰਦ ਹੈ।

ਸਭ ਅਖੌਤੀ ਜਾਤਾਂ/ਵਰਣਾਂ ਦੇ ਮਨੁਖਾਂ ਵਿਚਾਲੇ ਅਜੇਹੀ ਸਮਾਨਤਾ ਅਮਲੀ ਤੌਰ ਤੇ ਦ੍ਰਿੜਾਉਣ ਲਈ ਗੁਰੂ ਜੀ ਨੇ ਸਰਬ ਸਾਂਝੀ ਸੰਗਤ ਤੇ ਪੰਗਤ ਦੀ ਪਿਰਤ ਪਾਈ ਸੀ। ਜਿਥੇ ਹਰ ਮਨੁਖ ਇਸਤਰੀ ਇਕੋ ਪੱਧਰ ਤੇ ਸਮਾਨ ਬੈਠਦੇ ਹਨ ਅਤੇ ਇਕੋ ਪੰਗਤ ਵਿਚ ਰਲੇ ਮਿਲੇ ਬੈਠ ਕੇ ਲੰਗਰ ਛਕਦੇ ਹਨ।

ਇਹੋ ਸਮਾਨਤਾ ਦ੍ਰਿੜਾਉਣ ਲਈ ਹੀ ਸਾਂਝੇ ਖੂਹ, ਬਾਉਲੀਆਂ ਅਤੇ ਸਰੋਵਰ ਬਣਾਏ ਗਏ ਸਨ, ਜਿਥੋਂ ਹਰ ਕੋਈ ਬਿਨਾਂ ਜਾਤ ਪਾਤ ਦੇ ਵਿਤਕਰੇ ਦੇ ਪਾਣੀ ਲੈ ਸਕਦਾ ਅਤੇ ਕਿਸੇ ਹਰ ਕੋਈ ਇਸ਼ਨਾਨ ਕਰ ਸਕਦਾ ਹੈ। ਇਸ ਤਰ੍ਹਾਂ ਸਰੋਵਰ ਦਾ ਅਸਲ ਮਹੱਤਵ ਮਨੁੱਖੀ ਸਮਾਨਤਾ ਦ੍ਰਿੜ ਕਰਾਉਣ ਹੈ। ਭਾਵੇਂ ਸਰੋਵਰ ਆਮ ਤੌਰ ਤੇ ਨਹਾਉਣ ਲਈ ਵੀ ਸਹੂਲਤ ਦੇਂਦੇ ਹਨ।

77. ਸਵਾਲ: ਸਰਬੱਤ ਦੇ ਭਲੇ ਤੋਂ ਕੀ ਭਾਵ ਹੈ? ਇਹ ਕਿਵੇਂ ਪੂਰਾ ਹੋ ਸਕਦਾ ਹੈ?

ਜਵਾਬ: ਆਪਣੇ ਪ੍ਰਵਾਰ ਅਤੇ ਹੋਰ ਨਜ਼ਦੀਕੀ ਸਜਣਾ ਮਿਤਰਾਂ ਦਾ ਭਲਾ ਤਾਂ ਹਰ ਕੋਈ ਮੰਗਦਾ ਹੈ ਪ੍ਰਤੂੰ ਹਰ ਕਿਸੇ, ਜਿਨ੍ਹਾਂ ਵਿਚ ਵਿਰੋਧੀ ਖਿਆਲ ਜਾਂ

ਧੜ੍ਹੇ ਦੇ ਬੰਦੇ ਵੀ ਹੁਦੇ ਹਨ, ਦਾ ਭਲਾ ਕੋਈ ਵਿਰਲਾ ਹੀ ਮੰਗਦਾ ਹੈ। ਸਿੱਖ ਵਿਚਾਰਧਾਰਾ ਦੀ ਇਹੋ ਵਿਸ਼ੇਸ਼ਤਾ ਹੈ ਕਿ ਇਸ ਦੇ ਮੰਨਣ ਵਾਲਾ ਹਰ ਸਿੱਖ ਰੋਜ਼ ਸਵੇਰੇ ਸ਼ਾਮ ਦੋ ਵਕਤ 'ਸਰਬਤ ਦਾ ਭਲਾ' ਅਥਵਾ ਸਜਣ ਦੁਸ਼ਮਣ ਸਭ ਦੇ ਭਲੇ ਲਈ ਅਰਦਾਸ ਕਰਦਾ ਹੈ। ਗੁਰਬਾਣੀ ਜਿਸ ਬਾਰੇ ਕਿਹਾ ਹੈ 'ਬਾਣੀ ਗੁਰੂ, ਗੁਰੂ ਹੈ ਬਾਣੀ' ਦੀ ਇਹ ਧਾਰਨਾ ਹੈ:

– ਸਭੁ ਕੋ ਮੀਤੁ ਹਮ ਆਪਨ ਕੀਨਾ
ਹਮ ਸਭਨਾ ਕੇ ਸਾਜਨ।। (ਪੰਨਾ ੬੭੧)

– ਨਾ ਕੋ ਮੇਰਾ ਦੁਸਮਨੁ ਰਹਿਆ
ਨਾ ਹਮ ਕਿਸ ਕੇ ਬੈਰਾਈ।। (ਪੰਨਾ ੬੭੧)

– ਨਾ ਕੋ ਬੈਰੀ ਨਹੀ ਬਿਗਾਨਾ
ਸਗਲ ਸੰਗਿ ਹਮ ਕਉ ਬਨਿ ਆਈ ।। (ਪੰਨਾ-੧੨੯੯)

ਐਸੇ ਗੁਰੂ ਦੇ ਸਿੱਖ ਕਹਿਲਾਉਂਦੇ ਹੋਏ ਅਸੀਂ ਕਿਸੇ ਨੂੰ ਆਪਣਾ ਵੈਰੀ ਕਿਵੇਂ ਕਹਿ ਸਕਦੇ ਹਾਂ ? ਤੇ ਸਰਬਤ ਦੇ ਭਲੇ ਦੀ ਨਿਤਾਪ੍ਰਤ ਯਾਦ ਸਾਨੂੰ ਇਸ ਮਾਰਗ ਉਤੇ ਚੱਲਣ ਦੀ ਦ੍ਰਿੜਤਾ ਬਖਸ਼ਦੀ ਹੈ ।

ਫਿਰ ਜਿਸ ਵਾਹਿਦ (ਇਕੋ ਇਕ) ਹਸਤੀ (ਵਾਹਿਗੁਰੂ) ਦੇ ਅਸੀਂ ਪੁਜਾਰੀ ਜਾਂ ਮੰਨਣ ਵਾਲੇ ਹਾਂ, ਉਸ ਦਾ ਇਕ ਵਿਸ਼ੇਸ਼ ਗੁਣ 'ਨਿਰਵੈਰ' ਹੋਣਾ ਹੈ। ਜੇ ਅਸੀਂ ਉਸ ਨਿਰਵੈਰ ਵਾਹਿਗੁਰੂ ਦੀ ਨੇੜਤਾ ਹਾਸਲ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਉਸ ਵਾਂਗ ਨਿਰਵੈਰ ਹੋਣਾ ਪਵੇਗਾ । ਨਿਰਵੈਰ ਹੋਣ ਦੀ ਵਿਆਖਿਆ ਗੁਰੂ ਅਰਜਨ ਦੇਵ ਜੀ ਇਉਂ ਕਰਦੇ ਹਨ - **ਮਨ ਅਪੁਨੇ ਤੇ ਬੁਰਾ ਮਿਟਾਨਾ ।। ਪੇਖੈ ਸਗਲ ਸ੍ਰਿਸਟਿ ਸਾਜਨਾ।।**

ਅਜਿਹੇ ਵਿਚਾਰ ਦੇ ਸਨਮੁੱਖ ਸ਼ੰਕਾਵਾਦੀ ਮਨ ਵਿਚ ਸਵਾਲ ਉਠਦਾ ਹੈ ਕਿ ਇਕ ਨਿਰਵੈਰ ਪੁਰਖ ਜੰਗ ਅੰਦਰ ਕਿਵੇਂ ਜੂਝ ਸਕਦਾ ਹੈ ? ਨਿਰਵੈਰ ਹੁੰਦੇ ਹੋਇ ਗੁਰੂ ਗੋਬਿੰਦ ਸਿੰਘ ਸਾਹਿਬ ਜੁਧਾਂ ਜੰਗਾਂ ਅੰਦਰ ਸ਼ਰੀਕ ਕਿਵੇਂ ਹੋਏ ? ਗੁਰੂ ਗੋਬਿੰਦ ਸਿੰਘ ਜੀ ਦਾ ਕਿਸੇ ਮਨੁੱਖ ਨਾਲ ਵੈਰ ਨਹੀਂ ਸੀ। ਜ਼ਾਲਮ ਜ਼ੁਲਮ ਕਰਨ ਤੋਂ ਨਹੀਂ ਹਟਦਾ ਤਾਂ ਉਸ ਦੇ ਹਥੋਂ ਅਨੇਕਾਂ ਨਿਹਥਿਆਂ, ਮਸਕੀਨਾਂ ਦੇ ਮਾਰੇ ਜਾਣ ਦਾ ਡਰ ਹੋਵੇਗਾ। ਇਕ ਜ਼ਾਲਮ ਨੂੰ ਮਾਰ ਦੇਣ ਨਾਲ ਕਿਤਨੇ ਬੇਗੁਨਾਹ ਅਜਾਂਈ ਮਾਰੇ ਜਾਣ ਤੋਂ ਬਚ ਜਾਣਗੇ। ਇਸ ਲਈ ਗੁਰੂ ਜੀ ਨੇ ਫੁਰਮਾਇਆ:

"ਚੂੰਕਾਰ ਅਜ਼ ਹਮਹ ਹੀਲਤੇ ਦਰ-ਗੁਜ਼ਸਤ।। ਹਲਾਲ ਅਸਤ ਬੁਰਦਨ ਬਾ-ਸ਼ਮਸ਼ੀਰ ਦਸਤ।। " ਅਰਥਾਤ ਜਦੋਂ ਹਾਲਾਤ ਸਹਿਨ ਕਰਨ ਦੀ ਅਵਸਥਾ ਤੋਂ ਬਾਹਰ ਹੋ ਜਾਣ ਤਾਂ ਤਲਵਾਰ ਧੂਹ ਲੈਣਾ ਜਾਇਜ਼ ਹੁੰਦਾ ਹੈ। ਇਸੇ ਲਈ ਉਨ੍ਹਾਂ ਆਪਣਾ ਨਿਸ਼ਾਨਾ ਇਉਂ ਦਸਿਆ: ਧਰਮ ਚਲਾਵਨ, ਸੰਤ ਉਬਾਰਨ, ਦੁਸ਼ਟ ਸਭਨ ਕੋ ਮੂਲਿ ਉਪਾਰਨ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਗੁਰੂ ਜੀ ਵੈਰ ਭਾਵਨਾ ਨਾਲ ਨਹੀਂ ਬਲਕਿ ਭਲੇ ਲੋਕਾਂ ਦੀ ਰਖਿਆ ਹਿਤ ਲੜਦੇ ਸਨ। ਐਸੇ ਗੁਰੂ ਦੇ ਸਿਖ ਦਾ ਨਿਸ਼ਾਨਾ ਵੀ ਸੰਤ ਸਿਪਾਹੀ ਬਣ ਕੇ ਹਰ ਸਮੇਂ ਸਰਬਤ ਦੇ ਭਲੇ ਨੂੰ ਹਿਰਦੇ ਅੰਦਰ ਵਸਾਈ ਰਖਣਾ ਹੈ ਅਤੇ ਸੰਤ ਬਿਰਤੀ ਸਿਪਾਹੀ ਹੋਕੇ ਵਿਚਾਰਨਾ ਹੈ। ਸੰਤ ਬਿਰਤੀ ਮਨੁੱਖ ਸਰਬੱਤ ਦਾ ਭਲਾ ਲੋਚਦਾ ਹੈ। ਪ੍ਰਤੂੰ ਐਸਾ ਕਰਦਾ ਹੋਇਆ ਵੀ ਜ਼ਬਰ ਤੇ ਜ਼ੁਲਮ ਦੇ ਨਾਸ ਲਈ ਕਮਰ ਬਸਤਾ ਰਹਿੰਦਾ ਹੈ।

78. ਸਵਾਲ: ਸਿੱਖੀ ਵਿਚ ਲੰਗਰ ਦੀ ਕੀ ਮਹਾਨਤਾ ਹੈ? ਇਤਿਹਾਸਕ ਹਵਾਲਿਆਂ ਸਹਿਤ ਲਿਖੋ?

ਜਵਾਬ: ਲੰਗਰ ਦਾ ਸਿੱਖੀ ਅੰਦਰ ਵਿਸ਼ੇਸ਼ ਥਾਉਂ ਹੈ ਅਤੇ ਇਹ ਹਿੰਦੁਸਤਾਨ ਨੂੰ ਸਿੱਖੀ ਦੀ ਮਹਾਨ ਦੇਣ ਹੈ। ਜਦੋਂ ਹਿੰਦੁਸਤਾਨ ਜ਼ਾਤ ਪਾਤ ਅਤੇ ਊਚ ਨੀਚ ਦੇ ਵਿਤਕਰਿਆਂ ਅੰਦਰ ਵੰਡਿਆ ਹੋਇਆ ਸੀ ਅਤੇ ਇਕ ਜ਼ਾਤ ਦਾ ਬੰਦਾ ਦੂਜੀ ਜ਼ਾਤ ਦਾ ਛੋਹਿਆ ਅੰਨ ਵੀ ਨਹੀਂ ਖਾਂਦਾ ਸੀ, ਬਲਕਿ ਇਕ ਟੱਬਰ ਦੇ ਜੀਆਂ ਦੇ ਚੁਲ੍ਹੇ ਵੀ ਆਪੋ ਆਪਣੇ ਸਨ, ਉਸ ਸਮੇਂ ਗੁਰੂ ਨਾਨਕ ਦੇਵ ਜੀ ਦਾ ਸਰਬ ਸਾਂਝੇ ਲੰਗਰ ਦਾ ਵਿਚਾਰ ਦੇਣਾ ਇਕ ਬਹੁਤ ਵੱਡੀ ਕ੍ਰਾਂਤੀ ਸੀ। ਇਹ ਸਾਂਝਾ ਲੰਗਰ ਕੌਣ ਪਕਾਉਂਦਾ ਅਤੇ ਕੌਣ ਵਰਤਾਉਂਦਾ ਸੀ ਅਤੇ ਲੰਗਰ ਖਾਣ ਵਾਲੇ ਇਕੋ ਸੰਗਤ ਵਿਚ ਬੈਠੇ ਕਿਸ ਜ਼ਾਤ, ਵਰਨ ਜਾਂ ਧਰਮ ਦੇ ਬੰਦੇ ਸਨ, ਇਸ ਦਾ ਤਾਂ ਵਿਚਾਰ ਹੀ ਖਤਮ ਸੀ। ਗੁਰੂ ਨਾਨਕ ਦੇਵ ਜੀ ਨੇ ਸਮੇਂ ਦੇ ਸਮੂਹ ਦੇਸ਼ ਵਾਸੀਆਂ, ਬ੍ਰਾਹਮਣਾਂ, ਸ਼ੂਦਰਾਂ, ਚੰਡਾਲਾਂ ਜਾਂ ਮੁਸਲਮਾਨਾ (ਜਿਨ੍ਹਾਂ ਨੂੰ ਨੀਚ ਜਾਤ ਹਿੰਦੂ ਵੀ ਮਲੇਛ ਸਮਝਦਾ ਸੀ) ਨੂੰ ਇਕੋ ਪੰਗਤ ਵਿਚ ਮੋਢੇ ਜੋੜ ਕੇ ਬਹਿਣ ਤੇ ਇਕੋ ਖਾਣਾ ਖਾਣ ਦਾ ਰਾਹ ਵਿਖਾਇਆ, ਜਿਸ ਨੇ ਸਦੀਆਂ ਤੋਂ ਮੰਨੀ ਜਾਂਦੀ ਜ਼ਾਤ ਪਾਤ ਦੇ ਵਿਚਾਰ ਤੋਂ ਪੈਦਾ ਹੋਈ ਆਪਸੀ ਨਫਰਤ ਦਾ ਭੋਗ ਪਾ ਦਿੱਤਾ। ਲੰਗਰ ਨੇ ਲੋਕਾਂ ਅੰਦਰ ਆਪਸੀ ਪਿਆਰ ਪੈਦਾ ਕੀਤਾ ਅਤੇ ਹਰੇਕ ਪ੍ਰਾਣੀ ਅੰਦਰ ਮਨੁੱਖਤਾ ਦਾ ਅਹਿਸਾਸ ਜਗਾ ਦਿੱਤਾ।

ਲੰਗਰ ਦੀ ਦੂਜੀ ਵਿਸ਼ੇਸ਼ ਗੱਲ ਇਹ ਹੈ ਕਿ ਲੰਗਰ ਵਾਸਤੇ ਅੰਨ ਦਾਣਾ ਕਿਸੇ ਘਰੋਂ ਆਵੇ, ਇਹ ਲੰਗਰ ਗੁਰੂ ਕਾ ਅਖਵਾਉਂਦਾ ਹੈ (ਅੰਨ ਦਾਣਾ

ਦੇਣ ਵਾਲੇ ਦਾ ਨਹੀਂ) । ਇਹ ਗੱਲ ਉਕਤ ਬਿਆਨੀ ਸਾਂਝ ਨੂੰ ਹੋਰ ਪਕਿਆਂ ਕਰਦੀ ਹੈ। ਪੰਗਤ ਵਿਚ ਬੈਠੇ ਸਭ ਲੋਕ ਗੁਰੂ ਦੇ ਘਰੋਂ ਖਾਣਾ ਖਾਂਦੇ ਹੁੰਦੇ ਹਨ ਅਤੇ ਇਉਂ ਉਹ ਸਾਰੇ ਇੱਕਠੇ ਗੁਰੂ ਘਰ ਦੇ ਮਿਹਮਾਨ ਤੇ ਸਾਂਝੀਵਾਲ ਬਣਦੇ ਹਨ:

ਸਭੇ ਸਾਝੀਵਾਲ ਸਦਾਇਨਿ
ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥ (ਪੰਨਾ-੯੭)

ਇਉਂ ਉਨ੍ਹਾਂ ਦੀ ਆਪੋ ਵਿਚ ਇਕ ਸਾਂਝ ਜਾਗਦੀ ਹੈ ਜੋ ਸਾਰਿਆਂ ਦੇ ਇਕੋ ਪਿਤਾ ਦੇ ਪੁਤਰ ਹੋਣ ਦੀ ਹਾਮੀ ਭਰਦੀ ਹੈ:

ਤੂੰ ਸਾਝਾ ਸਾਹਿਬੁ ਬਾਪੁ ਹਮਾਰਾ ॥

ਅਜੇਹਾ ਪਹਿਲਾ ਲੰਗਰ ਗੁਰੂ ਨਾਨਕ ਦੇਵ ਜੀ ਨੇ ਕਰਤਾਰ ਪੁਰ ਦਰਿਆ ਰਾਵੀ ਕੰਢੇ ਚਲਾਇਆ ਸੀ, ਜੋ ਉਨ੍ਹਾਂ ਪਿਛੋਂ ਖਡੂਰ ਸਾਹਿਬ ਅਤੇ ਗੁਰੂ ਅਮਰਦਾਸ ਜੀ ਦੇ ਸਮੇਂ ਗੋਇੰਦਵਾਲ ਚਲਦਾ ਰਿਹਾ। ਗੁਰੂ ਅਮਰਦਾਸ ਜੀ ਨੇ ਲੰਗਰ ਦੀ ਮਹਾਨਤਾ ਵਧਾਉਣ ਲਈ ਇਹ ਨਿਯਮ ਬਣਾ ਦਿੱਤਾ ਸੀ ਕਿ ਜੋ ਕੋਈ ਭੀ ਗੁਰੂ ਦੇ ਦਰਸ਼ਨ ਨੂੰ ਆਏ ਲੰਗਰ ਵਿਚ ਪੰਗਤ ਅੰਦਰ ਬੈਠ ਕੇ ਖਾਣਾ ਖਾਏ। ਇਸੇ ਲਈ ਮੁਗਲ ਬਾਦਸ਼ਾਹ ਅਕਬਰ ਅਤੇ ਹਰੀਪੁਰ ਦਾ ਹਿੰਦੂ ਰਾਜਾ ਜਦੋਂ ਗੁਰੂ ਅਮਰਦਾਸ ਜੀ ਦੇ ਦਰਸ਼ਨ ਲਈ ਆਏ ਤਾਂ ਉਨ੍ਹਾਂ ਵੀ ਪੰਗਤ ਵਿਚ ਬੈਠ ਪ੍ਰਸ਼ਾਦ ਛਕਿਆ। ਇਹ ਲੰਗਰ ਦੀ ਪਿਰਤ ਹਰ ਇਕ ਗੁਰੂ ਸਾਹਿਬ ਨਾਲ ਚਲਦੀ ਰਹੀ ਤੇ ਗੁਰੂ ਕਾਲ ਤੋਂ ਪਿਛੋਂ ਅਤੇ ਹੁਣ ਇਹ ਖਾਸ ਅਹਿਮੀਅਤ ਰਖਦੀ ਹੈ। ਇਸ ਦੇ ਸਮਾਨ ਕਿਸੇ ਹੋਰ ਧਰਮ (ਮਜ਼ਹਬ) ਵਾਲਿਆਂ ਦਾ ਕੋਈ ਆਸ਼ਰਮ ਨਹੀਂ। ਇਸ ਤਰ੍ਹਾਂ ਲੰਗਰ, ਜੋ ਸਿੱਖ ਧਰਮ ਦੀ ਦੇਣ ਹੈ, ਸੰਸਾਰ ਭਰ ਵਿਚ ਇਕ ਬੇਮਿਸਾਲ (unique) ਆਸ਼ਰਮ ਹੈ, ਜਿਸ ਨੂੰ ਕਾਇਮ ਰਖਣਾ ਸਿੱਖੀ ਦੀ ਮਹਾਨ ਵਡਿਆਈ ਦਾ ਲਖਾਇਕ ਹੈ।

79. ਸਵਾਲ: ਦੇਗ ਤੇਗ ਫ਼ਤਹਿ ਤੋਂ ਕੀ ਭਾਵ ਹੈ?

ਜਵਾਬ: ਦੇਗ ਉਸ ਵਡੇ ਬਰਤਨ ਨੂੰ ਕਿਹਾ ਜਾਂਦਾ ਹੈ ਜਿਸ ਵਿਚ ਖਾਣਾ ਪਕਾਇਆ ਜਾਵੇ।

ਤੇਗ ਦਾ ਅਰਥ ਤਲਵਾਰ ਹੈ। ਤਲਵਾਰ ਸ਼ਕਤੀ (ਸਮਰਥਾ) ਦੀ ਲਖਾਇਕ ਹੈ। **ਫ਼ਤਹਿ** ਦੇ ਅਰਥ ਕਾਮਯਾਬੀ ਜਾਂ ਸਫਲਤਾ ਹਨ।

ਜਿਸ ਦੀ ਦੇਗ ਕਦੀ ਮਸਤਾਨੀ ਨ ਹੋਵੇ ਅਤੇ ਹਮੇਸ਼ਾ ਚੜ੍ਹੀ ਰਹੇ, ਜਿਸ ਦੇ ਹੱਥ ਤਲਵਾਰ ਅਤੇ ਸ਼ਸਤਰ ਹੋਵੇ ਉਸ ਦੀ ਸਮਰਥਾ ਕਈ ਗੁਣਾ

ਵੱਧ ਜਾਂਦੀ ਹੈ, ਅਤੇ ਜਿਸ ਪਾਸ ਇਹ ਦੋਵੇ ਹੋਣ ਉਸ ਦੀ ਜਿੱਤ ਯਕੀਨੀ ਹੋ ਜਾਂਦੀ ਹੈ।

ਵਰਤਮਾਨ ਯੁਗ ਦੀ ਭਾਸ਼ਾ ਅੰਦਰ ਦੇਗ ਤੇਗ ਫ਼ਤਹਿ ਦਾ ਭਾਵ ਆਰਥਕ (Economically) ਅਤੇ ਸ਼ਕਤੀ (militarily) ਭਰਪੂਰ ਹੋਣਾ ਹੈ, ਜੋ (Victory) ਜਿਤ ਹਨ। ਇਸ ਲਈ ਸਿੱਖ ਦੀ ਰੋਜ਼ਾਨਾ ਅਰਦਾਸ ਵਿਚ 'ਦੇਗ ਤੇਗ ਫ਼ਤਹਿ' ਨੂੰ ਸ਼ਾਮਲ ਕੀਤਾ ਗਿਆ ਹੈ।

80. **ਸਵਾਲ: ਕਈ ਸਿੱਖ ਗਾਤਰੇ ਪਾ ਕੇ, ਅੰਮ੍ਰਿਤ ਛਕ ਕੇ ਵੀ ਦੇਵੀਆਂ ਦੇ ਮੰਦਰਾਂ, ਮੱਠਾਂ, ਮੋਇਆਂ ਦੀਆਂ ਕਬਰਾਂ ਅਤੇ ਦੰਭੀ ਗੁਰੂਆਂ ਦੇ ਡੇਰਿਆਂ ਵਿਚ ਮੱਥੇ ਰਗੜਦੇ ਫਿਰਦੇ ਹਨ। ਅਜਿਹਾ ਕਿਉਂ?**

ਜਵਾਬ: ਕਈ ਇਸਤ੍ਰੀਆਂ ਵਿਆਹ ਕਰਾਕੇ ਵੀ ਪਰਾਏ ਮਰਦਾਂ ਦੇ ਮਗਰ ਲੱਗੀਆਂ ਫਿਰਦੀਆਂ ਹਨ। ਲੋਕੀ ਅਜਿਹੀਆਂ ਵਿਭਚਾਰਣ ਇਸਤਰੀਆਂ ਨੂੰ ਕੰਜਰੀਆਂ ਤੇ ਕਮਜਾਤਾਂ ਕਹਿੰਦੇ ਹਨ। ਸੁਹਾਗਵੰਤੀਆਂ ਹੋਰਾਂ ਦੀ ਝਾਕ ਨਹੀਂ ਰੱਖਦੀਆਂ।

ਜਿਨ੍ਹਾ ਨਾਉ ਸੁਹਾਗਣੀ ਤਿਨ੍ਹਾ ਝਾਕ ਨ ਹੋਰ ।। (ਪੰਨਾ ੧੩੮੪)

ਆਪਣੇ ਖਸਮ ਨੂੰ ਛੱਡ ਕੇ ਹੋਰਨਾ ਮਗਰ ਭੱਜਣ ਵਾਲੀਆਂ ਇਸਤਰੀਆਂ ਡੁੱਬਦੀਆਂ ਹੀ ਹਨ। ਉਹਨਾਂ ਦਾ ਪਾਰ ਉਤਾਰਾ ਨਹੀਂ ਹੁੰਦਾ:

ਖਸਮੁ ਛੋਡਿ ਦੂਜੈ ਲਗੇ, ਡੁਬੇ ਸੇ ਵਣਜਾਰਿਆ ।।

(ਆਸਾ ਕੀ ਵਾਰ, ਪੰਨਾ-੪੭੦)

ਗੁਰਸਿੱਖਾਂ ਦਾ ਗੁਰੂ ਪੂਰਾ ਹੈ। ਉਨ੍ਹਾਂ ਨੂੰ ਬਾਹਰ ਭਟਕਣ ਦੀ ਕੋਈ ਲੋੜ ਨਹੀਂ, ਸਭ ਕੁਝ ਆਪਣੇ ਘਰੋਂ ਹੀਂ ਮਿਲ ਸਕਦਾ ਹੈ। ਭਰਮ ਭੁਲੇਖਿਆਂ ਵਿਚ ਪੈ ਕੇ ਦਰ ਦਰ ਠੇਡੇ ਖਾਣ ਦੀ ਕੀ ਲੋੜ ਹੈ? ਸਤਿਗੁਰੂ ਜੀ ਫੁਰਮਾਉਂਦੇ ਹਨ-

ਮਨ ਕਿਉ ਬੈਰਾਗੁ ਕਰਹਿਗਾ ਸਤਿਗੁਰੁ ਮੇਰਾ ਪੂਰਾ ।।
ਮਨਸਾ ਕਾ ਦਾਤਾ ਸਭ ਸੁਖ ਨਿਧਾਨੁ,
ਅੰਮ੍ਰਿਤ ਸਰਿ ਸਦ ਹੀ ਭਰਪੂਰਾ ।। (ਆਸਾ, ਮ. ੫ ਪੰਨਾ ੩੭੫)

ਗੁਰੂ ਕੇ ਸਿੱਖਾਂ ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੇਠਲੇ ਬਚਨਾਂ ਵੱਲ ਧਿਆਨ ਦੇਣਾ ਚਾਹੀਦਾ ਹੈ ਅਤੇ ਮਨ ਵਸਾ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਚਾਹੀਦੀਆਂ ਹਨ:-

ਜਾਗਤ ਜੋਤਿ ਜਪੈ ਨਿਸ ਬਾਸੁਰ, ਏਕ ਬਿਨਾ ਮਨ ਨੈਕ ਨ ਆਨੈ ।।
ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ ।।

ਤੀਰਥ ਦਾਨ ਦਯਾ ਤਪ ਸੰਜਮ, ਏਕ ਬਿਨਾ ਨਹਿ ਏਕ ਪਛਾਨੈ।।
ਪੂਰਨ ਜੋਤ ਜਗੈ ਘਟ ਮੈ, ਤਬ ਖਾਲਸ ਤਾਹਿ ਨਖਾਲਸ ਜਾਨੈ।।

(ਤੇਤੀ ਸਵੈਯੇ)

ਗੁਰਸਿੱਖ ਵਾਹਿਗੁਰੂ ਨੂੰ ਦਿਨ ਰਾਤ ਸਿਮਰੇ, ਉਸ ਇਕ ਓਅੰਕਾਰ ਤੋਂ ਬਿਨਾਂ ਹੋਰ ਕਿਸੇ ਨੂੰ ਜ਼ਰਾ ਜਿੰਨਾਂ ਭੀ ਧਿਆਨ ਵਿਚ ਨਾ ਲਿਆਵੇ। ਅਕਾਲ ਪੁਰਖ ਵਿਚ ਦ੍ਰਿੜ ਨਿਸਚਾ ਰਖੇ। ਜੈਨ ਮਤ ਦੇ ਸੰਜਮਾਂ, ਵਰਤ, ਕਬਰਾਂ, ਮਸਾਣਾਂ, ਮੱਠਾਂ ਨੂੰ ਕਦੀ ਭੁੱਲ ਕੇ ਵੀ ਨਾ ਮੰਨੇ। ਪ੍ਰਭੂ ਦੇ ਨਾਮ ਤੋਂ ਬਿਨਾਂ ਤੀਰਥਾਂ ਦੇ ਇਸ਼ਨਾਨ, ਪੁੰਨ-ਦਾਨ ਕਰਨ, ਦਇਆ ਪਾਲਣ, ਤਪਸਿਆ ਕਰਨ, ਆਦਿਕ ਕਰਮ ਕਾਂਡਾਂ ਨੂੰ ਤੁੱਛ ਸਮਝੇ। ਜਦ ਸਿਮਰਨ ਦੁਆਰਾ ਸੁਰਤਿ ਸ਼ਬਦ ਦੇ ਮੇਲ ਨਾਲ ਅਕਾਲ ਪੁਰਖ ਦੀ ਜੋਤਿ ਮਨ ਅੰਦਰ ਜਗਮਗਾ ਉਠੇ ਤਦ ਉਸ ਮਨੁੱਖ ਨੂੰ ਸ਼ੁਧ ਆਦਰਸ਼ਕ ਇਨਸਾਨ ਅਥਵਾ ਪੂਰਨ ਖਾਲਸਾ ਸਮਝੋ ।

81. ਸਵਾਲ: ਤਰਾਗੜੀ (ਤੜਾਗੀ) ਜੋ ਕਾਲੇ ਧਾਗੇ ਦੀ ਹੁੰਦੀ ਹੈ, ਬੱਚਿਆਂ ਦੇ ਲੱਕ ਨਾਲ ਕੁਝ ਲੋਕ ਬੰਨ੍ਹਦੇ ਹਨ। ਕੀ ਸਿੱਖੀ ਵਿਚ ਇਸਦਾ ਵਿਰੋਧ ਹੈ?

ਜਵਾਬ: ਅਨਮਤੀ ਲੋਕ ਕਾਲੇ ਧਾਗੇ ਦੀ ਤੜਾਗੀ ਇਸ ਵਹਿਮ - ਭਰਮ ਕਰਕੇ ਬੱਚੇ ਨੂੰ ਪਾਉਂਦੇ ਹਨ ਕਿ ਬੱਚੇ ਨੂੰ ਕਿਸੇ ਦੀ ਨਜ਼ਰ ਨਾ ਲਗੇ ਤੇ ਕੋਈ ਓਪਰੀ ਕਸਰ ਨਾ ਹੋਵੇ; ਪਰ ਸਿੱਖ ਧਰਮ ਵਿਚ ਇਹੋ ਜਿਹੇ ਵਹਿਮਾਂ ਭਰਮਾਂ ਲਈ ਕੋਈ ਥਾਂ ਨਹੀਂ । ਇਸੇ ਕਰਕੇ ਸਿੱਖਾਂ ਦੇ ਘਰਾਂ ਵਿਚ ਬੱਚਿਆਂ ਨੂੰ ਤੜਾਗੀ ਆਦਿ ਪਾਉਣ ਦੀ ਲੋੜ ਨਹੀਂ ਰਹਿੰਦੀ ਤੇ ਨਾ ਹੀ ਪਾਉਣੀ ਚਾਹੀਦੀ ਹੈ।

82. ਸਵਾਲ: ਜਦੋਂ ਮਨੁੱਖ ਦੇ ਔਕੜ ਸਮੇਂ ਸਾਰੇ ਸਬੰਧੀ ਮੁਖ ਮੋੜ ਜਾਣ ਤਾਂ ਕਿਸੇ ਖਾਸ ਮਨੋਰਥ ਲਈ ਆਤਮ ਹਤਿਆ ਕਰਨੀ ਠੀਕ ਹੈ?

ਜਵਾਬ: ਨਹੀਂ ਜੀ, ਆਤਮਘਾਤੀ ਵਾਸਤੇ ਗੁਰਮਤਿ ਵਿਚ ਕੋਈ ਸਥਾਨ ਨਹੀਂ। ਭਾਵੇਂ ਸਾਰੇ ਹੀਲੇ - ਵਸੀਲੇ ਖਤਮ ਹੋ ਜਾਣ, ਪਰ ਪ੍ਰਮਾਤਮਾ ਦਾ ਵਸੀਲਾ ਤੇ ਓਟ ਆਸਰਾ ਕਦੇ ਖਤਮ ਨਹੀਂ ਹੁੰਦਾ । ਬੰਦੇ ਦੀ ਓਟ ਛਡ ਕੇ ਪ੍ਰਭੂ ਦੀ ਓਟ ਲਵੋ ਮਨ ਸ਼ਾਂਤ ਹੋ ਜਾਵੇਗਾ, ਤੇ ਆਤਮਿਕ ਬਲ ਪੈਦਾ ਹੋਵੇਗਾ। ਜਿਸ ਨਾਲ ਸਭ ਮੁਸ਼ਕਲਾਂ ਦੂਰ ਹੋ ਜਾਣਗੀਆਂ।

83. ਸਵਾਲ: ਕੀ ਸਿੱਖ ਧਰਮ ਵਿਚ ਮੰਗਲੀਕ ਲੜਕੀ ਜਾਂ ਮੰਗਲੀਕ ਲੜਕੇ ਦਾ ਕੋਈ ਵਿਚਾਰ ਹੈ? ਕਈ ਕਹਿੰਦੇ ਹਨ ਕਿ ਜੇ ਦੋਹਾਂ ਵਿਚੋਂ ਇਕ ਮੰਗਲੀਕ ਹੋਵੇ ਤਾਂ ਦੋਹਾਂ ਵਿਚੋਂ ਇਕ ਬਚਦਾ ਹੈ। ਕੀ ਇਹ ਠੀਕ ਹੈ?

ਜਵਾਬ: ਸਿੱਖ ਧਰਮ ਗ੍ਰਹਿ ਪੂਜਾ ਨੂੰ ਨਹੀਂ ਮੰਨਦਾ। ਇਸ ਲਈ ਗ੍ਰਹਿਆਂ ਨਾਲ ਸਬੰਧਤ ਮੰਗਲੀਕ ਆਦਿ ਹੋਣ ਦੇ ਭਰਮ ਨੂੰ ਵੀ ਸਿੱਖੀ ਵਿਚ ਕੋਈ ਥਾਂ ਨਹੀਂ। ਦੁਨੀਆਂ ਦੇ ਕਈ ਦੇਸ਼ ਐਸੇ ਹਨ ਜੋ ਜੋਤਸ਼ੀਆਂ ਪਾਸੋਂ ਟੇਵੇ ਤੇ ਪਤਰੀਆਂ ਨਹੀਂ ਬਣਾਉਂਦੇ, ਤਾਂ ਕਿਵੇ ਪਤਾ ਲਗੇ ਕਿ ਕੌਣ ਮੰਗਲੀਕ ਹੈ ਤੇ ਕੌਣ ਨਹੀਂ? ਕੀ ਉਹ ਲੋਕ ਐਸੇ ਭਰਮਾਂ ਤੋਂ ਪ੍ਰਭਾਵਤ ਹੁੰਦੇ ਹਨ? ਕਦਾਚਿਤ ਨਹੀਂ। ਇਹ ਵਿਚਾਰਧਾਰਾ ਵੀ ਜੜੋਂ ਗਲਤ ਹੈ ਕਿ ਇਕ ਮੰਗਲੀਕ ਹੋਵੇ ਤੇ ਦੂਜਾ ਨਾ ਹੋਵੇ ਤਾਂ ਦੋਹਾਂ ਵਿਚੋਂ ਇਕ ਮਰ ਜਾਂਦਾ ਹੈ। ਸਿੱਖ ਧਰਮ ਅਨੁਸਾਰ ਜੰਮਣਾ ਮਰਨਾ ਪ੍ਰਮਾਤਮਾ ਦੇ ਵੱਸ ਹੈ। ਇਸ ਵਿਚ ਕਿਸੇ ਵਹਿਮ ਭਰਮ ਲਈ ਕੋਈ ਥਾਂ ਨਹੀਂ।

84. ਸਵਾਲ: ਮਨੀਕਰਨ ਗੁਰਦਵਾਰੇ ਵਿਚ ਕਈ ਹਿੰਦੂ ਦੇਵੀ ਦੇਵਤਿਆਂ ਤੇ ਅਵਤਾਰਾਂ ਦੀਆਂ ਫੋਟੋ ਲਗੀਆਂ ਹੋਈਆਂ ਹਨ। ਕੀ ਇਹ ਸਿੱਖੀ ਰਹਿਤ ਮਰਯਾਦਾ ਮੁਤਾਬਕ ਠੀਕ ਹੈ?

ਜਵਾਬ: ਸਿੱਖ ਧਰਮ ਅਵਤਾਰਵਾਦ ਜਾਂ ਦੇਵੀ ਦੇਵਤਿਆਂ ਨੂੰ ਨਹੀਂ ਮੰਨਦਾ। ਇਸ ਲਈ ਸਿੱਖ ਰਹਿਤ ਮਰਯਾਦਾ ਅਨੁਸਾਰ ਗੁਰਦਵਾਰੇ ਵਿਚ ਕਿਸੇ ਅਨਮਤ ਦੀ ਕੋਈ ਫੋਟੋ ਨਹੀਂ ਲੱਗ ਸਕਦੀ। ਜਿਥੇ ਐਸੀਆਂ ਫੋਟੋ ਲੱਗੀਆਂ ਹੋਣ, ਉਸਨੂੰ ਗੁਰਦਵਾਰਾ ਨਹੀਂ ਮੰਨਿਆ ਜਾ ਸਕਦਾ। ਅਵਤਾਰਵਾਦ ਤੇ ਦੇਵੀ ਦੇਵਤਿਆਂ ਦੇ ਖੰਡਨ ਬਾਰੇ ਗੁਰਬਾਣੀ ਵਿਚ ਕਈ ਸ਼ਬਦ ਦਰਜ ਹਨ:

—— **ਅਵਤਾਰ ਨ ਜਾਨਹਿ ਅੰਤੁ ।।**
ਪਰਮੇਸਰੁ ਪਾਰਬ੍ਰਹਮ ਬੇਅੰਤੁ ।। (ਪੰਨਾ-੮੯੪)

—— **ਦੇਵੀ ਦੇਵਾ ਪੂਜੀਐ ਭਾਈ,**
ਕਿਆ ਮਾਗਉ ਕਿਆ ਦੇਹਿ ।।
ਪਾਹਣੁ ਨੀਰਿ ਪਖਾਲੀਐ ਭਾਈ,
ਜਲ ਮਹਿ ਬੂਡਹਿ ਤੇਹਿ ।। (ਪੰਨਾ-੬੩੭)

ਗੁਰਦੁਆਰੇ ਵਿਚ ਕਿਸੇ ਗੁਰੂ ਸਾਹਿਬ ਦੀ ਫੋਟੋ ਵੀ ਨਹੀਂ ਲਾਈ ਜਾ ਸਕਦੀ, ਕਿਉਂਕਿ ਸਿੱਖ 'ਸ਼ਬਦ' ਦਾ ਪੁਜਾਰੀ ਹੈ; ਫੋਟੋ, ਮੂਰਤੀ ਜਾਂ ਦੇਹ ਦਾ ਪੁਜਾਰੀ ਨਹੀਂ ।

85. ਸਵਾਲ: ਕੀ ਗੁਰਬਾਣੀ ਵੇਦਾਂ ਦਾ ਤੱਤ ਸਾਰ ਹੈ?

ਜਵਾਬ: ਗੁਰਬਾਣੀ ਨੂੰ ਗਹੁ ਨਾਲ ਨਾ ਪੜ੍ਹਨ ਦਾ ਹੀ ਨਤੀਜਾ ਹੈ ਕਿ ਕਈ ਅਖੌਤੀ ਪ੍ਰਚਾਰਕ ਗੁਰਬਾਣੀ ਨੂੰ ਵੇਦਾਂਤ ਦੀ ਰੋਸ਼ਨੀ 'ਚ ਲੈਂਦੇ ਜਾਂ ਪੇਸ਼ ਕਰਦੇ ਹਨ। ਕਈ ਆਦਮੀ ਸੂਫੀ ਮਤ ਤੇ ਇਸਲਾਮ ਦੀ ਰੌਸ਼ਨੀ ਵਿਚ ਕਥਨ ਕਰਦੇ

ਹਨ। ਹਕੀਕਤ ਇਹ ਹੈ ਕਿ ਸਤਿਗੁਰੂਆਂ ਨੇ ਆਪਣੇ ਸੁਤੰਤਰ ਵਿਚਾਰ ਦਿੱਤੇ ਹਨ। ਪੁਰਾਣੇ ਅਸਰਾਂ ਨੂੰ ਨਹੀਂ ਕਬੂਲਿਆ। ਵੇਦਾਂਤ ਅਨੁਸਾਰ ਮਾਇਆ ਤੋਂ ਸ੍ਰਿਸ਼ਟੀ ਬਣੀ ਹੈ, ਪਰ ਗੁਰਬਾਣੀ ਅਕਾਲ ਪੁਰਖ ਨੂੰ ਸ੍ਰਿਸ਼ਟੀ ਦਾ ਕਰਤਾ ਮੰਨਦੀ ਹੈ। ਵੇਦਾਂਤ-'ਅਹੰ ਬ੍ਰਹਮਸਮਿ ਅਥਵਾ ਮੈਂ ਹੀ ਬ੍ਰਹਮ ਹਾਂ', ਪੁਰ ਜ਼ੋਰ ਦਿੰਦਾ ਹੈ, ਪਰੰਤੂ ਗੁਰਬਾਣੀ ਦਸਦੀ ਹੈ:—

ਤੂ ਸਦਾ ਸਲਾਮਤਿ ਨਿੰਰਕਾਰ॥

ਗੁਰਬਾਣੀ ਦਾ ਸਿਧਾਂਤ ਹੈ, 'ਮੈਂ' ਅਤੇ 'ਮੇਰਾ' ਵਿਚ ਅਗਿਆਨ ਹੈ। 'ਤੂੰ' ਅਤੇ 'ਤੇਰਾ' ਵਿਚ ਗਿਆਨ ਹੈ। ਵੇਦਾਂਤ ਨੂੰ ਭਾਰਤੀ ਫਿਲਾਸਫੀ ਦਾ ਨਿਚੋੜ ਸਮਝਿਆ ਜਾਂਦਾ ਹੈ, ਪਰ ਭਾਈ ਗੁਰਦਾਸ ਜੀ ਦਸਦੇ ਹਨ ਕਿ ਮਹਾਂਰਿਸ਼ੀ ਬਿਆਸ ਨੂੰ ਵੇਦਾਂਤ ਦਰਸ਼ਨ ਲਿਖਣ ਦੇ ਬਾਅਦ ਵੀ ਆਤਮਕ ਸ਼ਾਂਤੀ ਪ੍ਰਾਪਤ ਨਾ ਹੋਈ: —

ਤ੍ਰਿਪਤਿ ਨ ਆਵੀ ਵੇਦਿ ਮਥਿ,
ਅਗਨੀ ਅੰਦਰ ਤਪਤਿ ਤਪਾਇਆ॥ (ਵਾਰ ੧—੧੧)

ਵੇਦਾਂਤ ਵਾਹਿਗੁਰੂ ਨੂੰ ਕਰਤਾ ਪੁਰਖ ਨਹੀਂ ਮੰਨਦਾ, ਗੁਰਬਾਣੀ ਅਕਾਲ ਪੁਰਖ ਨੂੰ ਕਰਤਾ ਪੁਰਖ ਮੰਨਦੀ ਹੈ। ਵੇਦਾਂਤ ਨਿਰੀ ਫੋਕੀ ਫਿਲਾਸਫੀ ਦੇਂਦਾ ਹੈ, ਗੁਰਬਾਣੀ ਆਤਮ ਰਸ ਨਾਲ ਭਰੀ ਹੋਈ ਸ਼ਰਧਾ ਅਤੇ ਭਗਤੀ ਭਾਵ ਪੈਦਾ ਕਰਦੀ ਹੈ । ਵੇਦਾਂਤ ਹਉਮੈ ਪੈਦਾ ਕਰਦਾ ਹੈ, ਪਰ ਗੁਰਬਾਣੀ ਆਤਮ ਸੱਮਰਪਣ ਦਸਦੀ ਹੈ। ਵੇਦਾਂ ਵਿਚ ਫੋਕੇ ਕਰਮ-ਕਾਂਡਾਂ ਤੇ ਵਿਅਰਥ ਜਪਾਂ ਤਪਾਂ, ਹੋਮ ਯਗਾਂ ਦਾ ਵਰਨਣ ਹੈ, ਪਰ ਗੁਰਬਾਣੀ ਵਿਚ ਇਹਨਾਂ ਕਰਮ ਕਾਂਡਾਂ ਦਾ ਮੁਕੰਮਲ ਖੰਡਨ ਹੈ। ਇਸ ਲਈ ਇਹ ਕਹਿਣਾ ਬਿਲਕੁਲ ਨਿਰਮੂਲ ਹੈ ਕਿ ਗੁਰਬਾਣੀ ਵੇਦਾਂ ਦਾ ਤੱਤ ਸਾਰ ਹੈ ਜਾਂ ਵੇਦਾਂਤ ਤੋਂ ਪ੍ਰਭਾਵਤ ਹੋ ਕੇ ਲਿਖੀ ਗਈ ਹੈ।

86. ਸਵਾਲ: ਕਈ ਸੱਜਣ ਇਹ ਕਹਿੰਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਵਿਚ ਭੇਖ ਧਾਰਨ ਦਾ ਖੰਡਨ ਕੀਤਾ ਹੋਇਆ ਹੈ, ਤਾਂ ਤੁਸੀਂ ਪੰਜ ਕਕਾਰਾਂ ਦਾ ਭੇਖ ਕਿਉਂ ਧਾਰਨ ਕੀਤਾ ਹੋਇਆ ਹੈ?

ਜਵਾਬ: ਭੇਖੀ ਉਹ ਹੈ ਜੋ ਅੰਦਰੋਂ ਹੋਰ ਤੇ ਬਾਹਰੋਂ ਹੋਰ ਹੋਵੇ। ਜਿਹੜੇ ਲੋਕਾਂ ਨੇ ਦਾੜ੍ਹੀ ਕੇਸ ਰੱਖੀ ਹੋਈ ਹੈ ਅਤੇ ਸਿਰ ਤੇ ਪੱਗ ਵੀ ਬੰਨ੍ਹਦੇ ਹਨ ਪਰ ਗੁਰਮਤਿ ਦੇ ਧਾਰਨੀ ਨਹੀਂ, ਉਹ ਭੇਖੀ ਹਨ। ਅਜੇਹੇ ਬੰਦਿਆਂ ਵਾਸਤੇ ਕਲਗੀਧਰ ਪਾਤਸ਼ਾਹ ਦੇ ਬਚਨ ਹਨ—

ਧਰੇ ਕੇਸ ਪਾਹੁਲ ਬਿਨਾ, ਭੇਖੀ ਮੂੜਾ ਸਿੱਖ।
ਮੇਰਾ ਦਰਸਨ ਨਾਹਿੰ ਤਿਸੁ, ਪਾਪੀ ਤਿਆਗੇ ਭਿੱਖ।

ਸਿਰ ਮੂੰਹ ਮੁਨਾ, ਗੇਰੂ ਰੰਗੇ ਕੱਪੜੇ ਪਾ, ਘਰ ਬਾਰ ਛੱਡ ਜਾਣਾ ਪਰ ਲੋਕਾਂ ਨੂੰ ਦੂਧਾਧਾਰੀ ਦੱਸ ਕੇ ਅੰਦਰ ਵੜ ਕੇ ਪੰਜੀਰੀ ਤੇ ਬਰਫੀ ਪੇੜੇ ਖਾਂਦੇ ਰਹਿਣਾ, ਬੂਹਿਆਂ ਪਿਛੇ ਲੁਕ ਕੇ ਪਰਾਈਆਂ ਇਸਤਰੀਆਂ ਦੇ ਹੁਸਨ ਨੂੰ ਬੁਰੀ ਭਾਵਨਾ ਨਾਲ ਤੱਕਣਾ, ਸਿਰ ਦੇ ਵਾਲਾਂ ਦੀਆਂ ਜਟਾਂ ਬਣਾ ਲੈਣੀਆਂ, ਸਰੀਰ ਤੇ ਸੁਆਹ ਮਲ ਲੈਣੀ, ਨੰਗ -ਧੜੰਗੇ ਰਹਿ ਕੇ ਨਾਂਗੇ ਸਾਧੂ ਅਖਵਾਉਣਾ, ਭਾਂਤ ਭਾਂਤ ਦੇ ਪਹਿਰਾਵੇ ਪਾ ਕੇ ਆਪਣੇ ਆਪ ਨੂੰ ਬ੍ਰਹਮਚਾਰੀ ਅਥਵਾ ਵਿਰਕੱਤ ਦੱਸਣਾ, ਭੇਖ ਨਹੀਂ ਤਾਂ ਹੋਰ ਕੀ ਹੈ?

ਗੁਰੂ ਕਾ ਸਿਖ ਪਖੰਡੀ ਨਹੀਂ, ਉਹ ਤਰ੍ਹਾਂ ਤਰ੍ਹਾਂ ਦੇ ਸਾਂਗ ਬਣਾਕੇ ਲੋਕਾਂ ਨੂੰ ਠਗਦਾ ਨਹੀਂ, ਸਗੋਂ ਸਾਫ ਸੁਥਰਾ ਰਹਿੰਦਾ ਹੈ, ਆਪਣੇ ਸਰੀਰ ਨੂੰ ਵੀ ਸਾਫ ਰੱਖਦਾ ਹੈ ਅਤੇ ਨਾਮ ਬਾਣੀ ਦੇ ਅਭਿਆਸ ਸਦਕਾ ਆਪਣੇ ਮਨ ਨੂੰ ਵੀ ਵਿਸ਼ੇ ਵਿਕਾਰਾਂ ਤੋਂ ਪਾਕ ਰੱਖਦਾ ਹੈ। ਉਹ ਸਿਰ ਦੇ ਕੇਸਾਂ ਨੂੰ ਕੰਘਾ ਕਰਦਾ ਹੈ , ਕੇਸਾਂ ਦਾ ਸਿਰ ਤੇ ਜੂੜਾ ਕਰਕੇ ਦਸਤਾਰ ਸਜਾਉਂਦਾ ਹੈ ਤਾਂ ਜੋ ਕੇਸ ਮਿੱਟੀ ਘੱਟੇ ਤੋਂ ਬਚੇ ਰਹਿਣ। ਸਾਡੇ ਸਤਿਗੁਰੂ ਦਾ ਆਪਣੇ ਸਿੱਖਾਂ ਵਾਸਤੇ ਇਹ ਆਦੇਸ਼ ਹੈ—

ਕੰਘਾ ਦੋਨੋਂ ਵਕਤ ਕਰ, ਪਾਗ ਚੁਨੈ ਕਰ ਬਾਂਧਈ।
ਦਾਤਨ ਨੀਤ ਕਰੇਇ, ਨਾ ਦੁਖ ਪਾਵੈ ਲਾਲ ਜੀ।।

ਗੁਰੂ ਕੇ ਸਿਖ ਦਾ ਹੱਥ ਵਿਚ ਪਾਇਆ ਕੜਾ ਹਰ ਵੇਲੇ ਗੁਰੂ ਦੀ ਯਾਦ ਤਾਜਾ ਰੱਖਦਾ ਹੈ ਜਿਸ ਨੇ ਆਪਣੇ ਸਿੱਖਾਂ ਨੂੰ ਵਹਿਮਾਂ ਭਰਮਾਂ ਵਿਚੋਂ ਕੱਢਕੇ ਗੁਰਮਤਿ ਗਾਡੀ ਰਾਹ ਤੇ ਪਾਇਆ ਅਤੇ ਸੁਖਾਵੇਂ ਸੁਥਰੇ ਜੀਵਨ ਦੀ ਜੁਗਤ ਦੱਸੀ। ਕੜਾ ਸਾਨੂੰ ਕੁਕਰਮ ਕਰਨ ਤੋਂ ਰੋਕਦਾ ਹੈ।

ਗੁਰੂ ਕੇ ਸਿਖ ਦਾ ਤੇੜ ਪਾਇਆ ਕਛਹਿਰਾ ਆਚਰਣ ਨੂੰ ਉਚਾ-ਸੁਚਾ ਰੱਖਣ ਦੀ ਪ੍ਰੇਰਨਾ ਦਿੰਦਾ ਹੈ ਅਤੇ ਕ੍ਰਿਪਾਨ ਮਜ਼ਲੂਮਾਂ ਦੀ ਰੱਖਿਆ ਵਾਸਤੇ ਸ਼ਸਤਰ ਹੈ, ਜਿਸ ਸਦਕਾ ਅਸੀਂ ਦੁਨੀਆਂ ਵਿਚ ਭੈ ਰਹਿਤ ਵਿਚਰਦੇ ਹਾਂ। ਇਹ ਸੂਰਬੀਰਤਾ ਦੀ ਨਿਸ਼ਾਨੀ ਭੀ ਹੈ।

ਗੁਰੂ ਕੇ ਸਿਖ ਦੇ ਪੰਜ ਕਕਾਰ ਫੌਜੀ ਸਿਪਾਹੀ ਵਾਂਗ ਉਸ ਦੀ ਵਰਦੀ ਦੇ ਅਨਿਖੜਵੇਂ ਅੰਗ ਹਨ, ਜਿਨ੍ਹਾਂ ਤੋਂ ਉਸਦੇ ਸਿੱਖ ਹੋਣ ਦਾ ਸਬੂਤ ਮਿਲਦਾ ਹੈ। ਕਕਾਰ ਸਾਨੂੰ ਭੇਖੀ (ਪਖੰਡੀ) ਨਹੀਂ ਬਣਾਂਦੇ ਸਗੋਂ ਰਹਿਤਵਾਨ ਇਨਸਾਨ ਹੋਣ ਦਾ ਸਬੂਤ ਹਨ। ਇਸੇ ਹੀ ਕਾਰਨ ਅਮਰੀਕਾ ਦਾ ਵਿਦਵਾਨ ਆਰਨਲਡ ਟਾਇਨਬੀ ਅੰਮ੍ਰਿਤਧਾਰੀ ਸਿੰਘਾਂ ਨੂੰ ਦੁਨੀਆਂ ਦਾ ਸੱਭ ਤੋਂ ਵਧੀਆ ਮਨੁੱਖ ਦੱਸਦਾ ਹੈ।

87. ਸਵਾਲ: ਦੇਹਧਾਰੀ ਗੁਰੂ ਡੰਮ ਦੇ ਹਾਮੀ ਹੁੱਜਤਾਂ ਕਰਦੇ ਹਨ ਕਿ ਜੇਕਰ ਇਕ ਮੱਛੀ ਸਮੁੰਦਰ ਵਿਚ ਰਹਿ ਕੇ ਪਾਣੀ ਪਾਣੀ ਪੁਕਾਰੇ ਤਾਂ ਉਹ ਪਾਗਲ ਹੈ। ਅਕਾਲ ਪੁਰਖ ਸਾਰੀ ਸ੍ਰਿਸ਼ਟੀ ਵਿਚ ਵਸਦਾ ਹੈ। ਉਹ ਸਮੁੰਦਰ ਵਾਂਗ ਹੈ ਅਤੇ ਅਸੀਂ ਮਛੀ ਵਾਂਗ ਹਾਂ। ਜੇ ਅਸੀਂ

ਉਸਦੇ ਕੋਲ ਬੈਠੇ ਹੋਏ ਵੀ ਵਾਹਿਗੁਰੂ ਵਾਹਿਗੁਰੂ ਕਰੀਏ ਤਾਂ ਅਸੀਂ ਪਾਗਲ ਨਾ ਹੋਏ? ਇਸ ਤਰ੍ਹਾਂ ਕਰਨ ਨਾਲ ਹੰਕਾਰ ਵਿਚ ਵਾਧਾ ਹੁੰਦਾ ਹੈ। ਨਾਮ ਕੋਈ ਚੀਜ਼ ਹੈ ਜਿਹੜੀ ਦੇਹਧਾਰੀ ਗੁਰੂ ਧਾਰਨ ਨਾਲ ਮਿਲਦੀ ਹੈ?

ਜਵਾਬ: ਪਾਣੀ ਪਾਣੀ ਪਿਆਸਾ ਹੀ ਪੁਕਾਰਦਾ ਹੈ, ਪਾਣੀ ਤੋਂ ਅੱਲਗ ਹੋਈ ਮੱਛੀ ਹੀ ਤੜਫਦੀ ਹੈ। ਜਿਹੜੀਆਂ ਮੱਛੀਆਂ ਪਾਣੀ ਵਿਚ ਹਨ ਉਹ ਸਦ -ਚਿਤ ਆਨੰਦ ਹਨ। ਪ੍ਰਮਾਤਮਾ ਹਰ ਘਰ (ਸਰੀਰ) ਅੰਦਰ ਵਸਦਾ ਹੈ। ਜੀਵ ਆਤਮਾ ਅਤੇ ਪਰਮ-ਆਤਮਾ (ਪਰਮਾਤਮਾ) ਵਿਚਕਾਰ 'ਹਉਮੈਂ' ਦੀ ਕੰਧ ਹੈ। ਹਉਮੈ ਦੀ ਕੰਧ ਕਾਰਨ ਪਰਮ ਆਤਮਾ ਦਾ ਪ੍ਰਕਾਸ਼ ਆਤਮਾ ਤੱਕ ਨਹੀਂ ਪਹੁੰਚਦਾ ਅਤੇ ਜੀਵ ਆਤਮਾ ਹਨੇਰੇ ਵਿਚ ਕੂਕਦੀ ਰਹਿੰਦੀ ਹੈ। ਕੂਕਾਂ ਮਾਰਦੀ ਜੀਵ-ਆਤਮਾ ਦੀ ਜਦੋਂ ਸੁਣੀ ਜਾਂਦੀ ਹੈ, ਸੁੱਕੇ ਖੇਤ (ਸਰੀਰ) ਨੂੰ ਅੰਮ੍ਰਿਤ ਜਲ ਮਿਲ ਜਾਂਦਾ ਹੈ ਅਤੇ ਉਹ ਹਰਿਆ ਭਰਿਆ ਹੋ ਜਾਂਦਾ ਹੈ।

ਆਪਣੀ ਮਾਂ ਤੋਂ ਵਿਛੜਿਆ ਬੱਚਾ ਕੂਕਾਂ ਹੀ ਮਾਰਦਾ ਹੈ! ਮਾਂ ਦੇ ਮਿਲਣ ਸਾਰ ਉਸਦੀਆਂ ਕੂਕਾਂ ਬੰਦ ਹੋ ਜਾਂਦੀਆਂ ਹਨ, ਉਦਾਸੀ ਉਡ ਜਾਂਦੀ ਹੈ ਅਤੇ ਆਨੰਦ ਵਿਚ ਆ ਜਾਂਦਾ ਹੈ। ਵਾਹਿਗੁਰੂ ਵਾਹਿਗੁਰੂ ਕਰਨਾ ਸੱਚੇ ਸ਼ਹੁ (ਅਕਾਲ ਪੁਰਖ) ਦਾ ਸ਼ੁਕਰਾਨਾ ਹੈ (ਹੇ ਪ੍ਰਭੂ ! ਤੂੰ ਧੰਨ ਹੈਂ) । ਸਿਫਤ-ਸਲਾਹ ਹੰਕਾਰ ਨਹੀਂ ਵਧਾਉਂਦੀ ਸਗੋਂ ਹਉਮੈਂ ਦਾ ਨਾਸ ਕਰਦੀ ਹੈ। ਆਤਮਾ ਅਤੇ ਪਰਮ-ਆਤਮਾ ਵਿਚਕਾਰਲੀ ਵਿਥ (ਦੂਰੀ) ਨੂੰ ਘਟਾਉਂਦੀ ਹੈ! ਸਿੱਖ ਧਰਮ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿਚ ਪੰਜਾਂ ਪਿਆਰਿਆਂ ਨੂੰ ਨਾਮ ਦ੍ਰਿੜ੍ਹ ਕਰਵਾਉਣ ਦਾ ਵਿਧਾਨ ਹੈ ਨਾ ਕਿ ਇੱਕ ਇਕੱਲੇ ਨੂੰ। ਕੰਨਾ ਵਿਚ ਮੰਤਰਾਂ ਦੇਣ ਦੀ ਬਿਲਕੁਲ ਮਨਾਹੀ ਹੈ। ਆਪੂੰ ਬਣੇ ਦੇਹਧਾਰੀ ਗੁਰੂਆਂ ਦੇ ਤਾਂ ਆਪਣੇ ਡੇਰਿਆਂ ਅਤੇ ਗੱਦੀਆਂ ਦੇ ਝਗੜੇ ਹੀ ਨਹੀਂ ਮੁੱਕਦੇ, ਉਨ੍ਹਾਂ ਨੇ ਲੋਕਾਂ ਦਾ ਕੀ ਸੁਆਰਨਾ ਹੈ ? ਹਾਂ! ਇਕ ਗੱਲ ਵਿਚ ਉਹ ਜ਼ਰੂਰ ਮਾਹਿਰ ਹਨ ਕਿ ਉਹ ਭੋਲੀ ਭਾਲੀ ਲੋਕਾਈ ਨੂੰ ਆਪਣੇ ਚੁੰਗਲ ਵਿਚ ਫਸਾ ਕੇ ਖੂਬ ਠਗਦੇ ਹਨ।

88. ਸਵਾਲ: ਹੇਠ ਲਿਖਿਆਂ ਵਿਸ਼ਿਆਂ ਤੇ ਚਾਨਣ ਪਾ ਕੇ ਕ੍ਰਿਤਾਰਥ ਕਰੋ ਜੀ---

(ੳ) ਸੱਚੀ ਬਾਣੀ (ਅ) ਕੱਚੀ ਬਾਣੀ (ੲ) ਵਿਹੁ ਬਾਣੀ। ਕ੍ਰਿਪਾ ਕਰਕੇ ਇਹ ਵੀ ਦਸੋ ਕਿ ਗੁਰੂ ਨਾਨਕ ਸਾਹਿਬ ਜਾਂ ਹੋਰ ਸਿੱਖ ਗੁਰੂ ਸਾਹਿਬਾਨ ਭੁੱਲੇ ਭਟਕਿਆਂ ਨੂੰ ਸਿੱਧੇ ਰਸਤੇ ਪਾਉਣ ਲਈ ਉਪਰੋਕਤ ਬਾਣੀਆਂ ਵਿਚੋਂ ਕਿਸ ਬਾਣੀ ਦਾ ਪ੍ਰਯੋਗ ਕਰਦੇ ਸਨ?

ਜਵਾਬ: (ੳ) ਸੱਚੀ ਬਾਣੀ- ਸੱਚੇ ਗੁਰੂ (ਸਤਿਗੁਰੂ) ਦੀ ਬਾਣੀ ਹੀ ਸੱਚੀ ਬਾਣੀ ਹੈ। ਸਤਿਗੁਰੂ ਅਮਰਦਾਸ ਜੀ ਆਨੰਦ ਸਾਹਿਬ ਵਿਚ ਇਉਂ ਬਿਆਨ ਕਰਦੇ ਹਨ—

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ,
ਗਾਵਹੁ ਸਚੀ ਬਾਣੀ।
ਬਾਣੀ ਤ ਗਾਵਹੁ ਗੁਰੂ ਕੇਰੀ,
ਬਾਣੀਆ ਸਿਰਿ ਬਾਣੀ।। (ਰਾਮਕਲੀ, ਮ: ੩, ਅਨੰਦੁ, ਪੰਨਾ-੯੨੦)

(ਅ) ਕੱਚੀ ਬਾਣੀ — ਆਪੂੰ ਬਣੇ ਕੱਚੇ ਪਿੱਲੇ ਗੁਰੂਆਂ ਦੀਆਂ ਕਵਿਤਾਵਾਂ ਕੱਚੀ ਬਾਣੀ ਹੈ, ਜਿਵੇਂ ਨਿਰੰਕਾਰੀਆਂ ਆਦਿ ਨੇ ਪੁਸਤਕਾਂ ਛਪਵਾਈਆਂ ਹੋਈਆਂ ਹਨ। ਟੁਕੜ ਬੋਚ ਕਵੀਆਂ ਦੇ ਮਨ ਘੜਤ ਟੋਟਕੇ ਕੱਚੀ ਬਾਣੀ ਦੇ ਬਚਨ ਹਨ—

ਸਤਿਗੁਰੂ ਬਿਨਾ, ਹੋਰ ਕਚੀ ਹੈ ਬਾਣੀ ।।
ਬਾਣੀ ਤ ਕਚੀ ਸਤਿਗੁਰੂ ਬਾਝਹੁ, ਹੋਰ ਕਚੀ ਬਾਣੀ ।।
ਕਹਦੇ ਕਚੇ, ਸੁਣਦੇ ਕਚੇ, ਕਚੀ ਆਖਿ ਵਖਾਣੀ ।।

(ਰਾਮਕਲੀ, ਮ: ੩, ਅਨੰਦੁ, ਪੰਨਾ-੯੨੦)

(ੲ) ਵਿਹੁ ਬਾਣੀ — ਫਿਕੇ ਬਚਨ (ਕੌੜੇ ਬੋਲ), ਊਲ ਜਲੂਲ, ਗਾਲੀ ਗਲੋਚ, ਜਿਨ੍ਹਾਂ ਦੇ ਬੋਲਣ ਅਤੇ ਸੁਣਨ ਨਾਲ ਕੁੜੱਤਣ ਪੈਦਾ ਹੋਏ, ਗੁੱਸਾ ਉਪਜੇ ਅਤੇ ਮਨ ਦੀ ਸ਼ਾਂਤੀ ਭੰਗ ਹੋਵੇ, ਵਿਹੁ ਬਾਣੀ ਹੈ। ਆਸਾ ਕੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਇਉਂ ਵਰਨਣ ਕਰਦੇ ਹਨ—

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ।।
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ।।
ਫਿਕਾ ਦਰਗਹ ਸਟੀਐ, ਮੁਹਿ ਥੁਕਾ ਫਿਕੇ ਪਾਇ।।
ਫਿਕਾ ਮੂਰਖੁ ਆਖੀਐ, ਪਾਣਾ ਲਹੈ ਸਜਾਇ।।

(ਆਸਾ ਕੀ ਵਾਰ, ਪੰਨਾ-੪੭੩)

ਸਤਿਗੁਰੂ ਸਾਹਿਬਾਨ ਦੇ ਮੁਖ ਤੋਂ ਅੰਮ੍ਰਿਤ ਬਚਨ ਨਿਕਲਦੇ ਸਨ, ਜਿਹੜੇ ਤਪਦੇ ਹਿਰਦਿਆਂ ਵਿਚ ਠੰਡ ਵਰਤਾ ਦਿੰਦੇ ਸਨ। ਉਹ ਅਕਾਲ ਪੁਰਖ ਦੇ ਹੁਕਮ ਵਿਚ ਚਲਦੇ ਸਨ। ਜਿਵੇਂ ਜਿਵੇਂ ਅਕਾਲ ਪੁਰਖ ਦਾ ਹੁਕਮ ਹੁੰਦਾ ਤਿਵੇਂ ਹੀ ਉਹ ਭੁਲੀ ਭਟਕੀ ਲੋਕਾਈ ਨੂੰ ਉਪਦੇਸ਼ ਦਿੰਦੇ। ਇਸ ਸਬੰਧੀ ਗੁਰੂ ਨਾਨਕ ਦੇਵ ਜੀ ਨੇ ਇਉਂ ਕਿਹਾ ਹੈ—

ਜੈਸੀ ਮੈ ਆਵੈ ਖਸਮ ਕੀ ਬਾਣੀ,
ਤੈਸੜਾ ਕਰੀ ਗਿਆਨੁ ਵੇ ਲਾਲੋ।। (ਤਿਲੰਗ, ਮ: ੧, ਪੰਨਾ-੭੨੨)

ਫੁਟਕਲ ਸਵਾਲ ਜਵਾਬ

1 ਸਵਾਲ: ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤਿ ਸਮਾਉਣ ਵੇਲੇ ਕੀ ਉਪਦੇਸ਼ ਦਿਤੇ ਸਨ?

ਜਵਾਬ : ਦਸਮੇਸ਼ ਪਾਤਸ਼ਾਹ ਨੇ ਫਰਮਾਇਆ ਸੀ: ਆਤਮਾ ਗੁਰੂ ਗ੍ਰੰਥ ਸਾਹਿਬ ਵਿਚ, ਸਰੀਰ ਪੰਥ ਵਿਚ, ਪੂਜਾ ਅਕਾਲ ਕੀ, ਦੀਦਾਰ ਖਾਲਸੇ ਕਾ, ਪਰਚਾ ਸ਼ਬਦ ਕਾ।।

2. ਸਵਾਲ : ਗੁਰੂ ਨਾਨਕ ਦੇਵ ਜੀ ਦਾ ਗੁਰਗੱਦੀ ਦਿਵਸ ਕਿਉਂ ਨਹੀਂ ਮਨਾਇਆ ਜਾਂਦਾ?

ਜਵਾਬ : ਗੁਰੂ ਨਾਨਕ ਦੇਵ ਜੀ ਜਨਮ ਤੋਂ ਹੀ ਗੁਰੂ ਸਨ, ਉਹਨਾਂ ਨੂੰ ਕਿਸੇ ਹੋਰ ਗੁਰੂ ਵਿਅਕਤੀ ਨੇ ਗੁਰਿਆਈ ਨਹੀਂ ਦਿਤੀ, ਸਗੋਂ ਅਕਾਲ ਪੁਰਖ ਆਪ ਹੀ ਗੁਰੂ ਨਾਨਕ ਦੇਵ ਜੀ ਦਾ ਗੁਰੂ ਸੀ। ਇਸ ਲਈ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਵਸ ਹੀ ਗੁਰਗੱਦੀ ਦਿਵਸ ਹੈ ਤੇ ਮਨਾਇਆ ਜਾਂਦਾ ਹੈ।

3. ਸਵਾਲ : ਸ਼ਹਿਰ ਦੇ ਇਤਿਹਾਸਕ ਗੁਰਦੁਆਰੇ ਵਿਚ ' ਤਵਾਰੀਖ ਗੁਰੂ ਖਾਲਸਾ' ਵਿਚੋਂ ਦਸ਼ਮੇਸ ਪਿਤਾ ਜੀ ਦੇ ਜੀਵਨ ਦੀ ਲੜੀਵਾਰ ਕਥਾ ਹੋ ਰਹੀ ਹੈ, ਜਿਸ ਵਿਚ ਦਸਮੇਸ਼ ਪਿਤਾ ਜੀ ਨੂੰ ' ਅਫੀਮ ' ਦਾ ਸੇਵਨ ਕਰਨ ਵਾਲੇ ਦਸਿਆ ਹੈ। ਇਹ ਗੱਲ ਮੰਨਣ ਵਿਚ ਨਹੀ ਆਉਂਦੀ। ਐਸਾ ਕਿਉਂ ਤੇ ਕਿਵੇਂ ਲਿਖਿਆ ਹੈ?

ਜਵਾਬ : ਸਿੱਖ ਇਤਿਹਾਸ ਜਿਤਨਾ ਲਾਸਾਨੀ ਹੈ, ਉਤਨਾ ਹੀ ਲਿਖਣ ਦੇ ਪਖੋਂ ਕਮਜ਼ੋਰ ਹੈ। ਕਿਸੇ ਬਿਬੇਕ ਬੁਧੀ ਵਾਲੇ ਤੇ ਗੁਰਮਤਿ ਦੇ ਪਾਰਖੂ ਵਲੋਂ ਸਮੁਚਾ ਇਤਿਹਾਸ ਘੱਟ ਹੀ ਲਿਖਿਆ ਮਿਲਦਾ ਹੈ। ਇਤਿਹਾਸ ਦੇ ਬਹੁਤੇ ਲੇਖਕ ਐਸੇ ਹਨ ਜਿਨ੍ਹਾਂ ਨੇ ਸੁਣੀਆਂ ਸੁਣਾਈਆਂ ਗੱਲਾਂ ਲਿਖ ਮਾਰੀਆਂ, ਜਾਂ ਜੋ ਆਪ ਭੰਗ, ਅਫੀਮ ਆਦਿ ਦੀ ਵਰਤੋਂ ਕਰਦੇ ਸਨ, ਉਹਨਾਂ ਨੇ ਲਿਖਣ ਵੇਲੇ ਇਹਨਾਂ ਨਸ਼ਿਆਂ ਨੂੰ ਗੁਰੂ ਸਾਹਿਬਾਨ ਨਾਲ ਜੋੜ ਦਿਤਾ। ਐਸੇ ਲੋਕਾਂ ਨੇ ਇਹ ਨਹੀਂ ਸੋਚਿਆ ਕਿ ਜਿਹੜੇ ਗੁਰੂ ਸਾਹਿਬ ਦੀ ਬਾਣੀ ਹਰ ਪ੍ਰਕਾਰ ਦੇ ਨਸ਼ਿਆਂ ਤੋਂ ਸਖਤੀ ਨਾਲ ਵਰਜਦੀ ਹੈ ਉਹਨਾਂ ਬਾਰੇ ਐਸਾ ਲਿਖਣਾ ਕਿਤਨਾ ਹਾਸੋਹੀਣਾ ਹੈ ਤੇ ਜਦੋਂ ਸਿਖ ਗੁਰਬਾਣੀ ਪੜ੍ਹਨਗੇ ਤਾਂ ਐਸੇ ਲੇਖਕਾਂ ਦੀਆਂ ਇਹਨਾਂ ਗੱਪਾਂ ਦਾ ਪਾਜ ਅਵੱਸ਼ ਉੱਘੜ ਜਾਵੇਗਾ। ਗੁਰੂ ਪੰਥ ਦਾ ਇਹ ਮੁਢਲਾ ਫਰਜ਼ ਬਣਦਾ

ਹੈ ਕਿ ਇਹਨਾਂ ਲਿਖਤਾਂ ਦੀ ਗੁਰਬਾਣੀ ਤੇ ਗੁਰਮਤਿ ਦੀ ਕਸਵੱਟੀ ਤੇ ਪਰਖ ਕਰਕੇ ਸੋਧ ਸੁਧਾਈ ਕੀਤੀ ਜਾਵੇ। ਜੇ ਐਸਾ ਨਾ ਕੀਤਾ ਗਿਆ ਤਾਂ ਇਹਨਾਂ ਪੁਸਤਕਾਂ ਦੀਆਂ ਰੌਚਿਕ ਸਾਖੀਆਂ ਸੁਣ ਕੇ ਸਿੱਖ ਸੰਗਤਾਂ ਗੁਰਮਤਿ ਦੇ ਵਿਰੁਧ ਕਈ ਗਲਤ ਗੱਲਾਂ ਆਪਣੇ ਮਨ ਵਿਚ ਉਕਰ ਲੈਣਗੀਆਂ ਜਿਹਨਾਂ ਨੂੰ ਦੂਰ ਕਰਨਾ ਫਿਰ ਹੋਰ ਔਖਾ ਹੋ ਜਾਵੇਗਾ। ਇਸ ਲਈ ਜਦੋਂ ਵੀ ਕਿਸੇ ਪੁਸਤਕ ਵਿਚ ਕੋਈ ਸ਼ੰਕੇ ਵਾਲੀ ਗੱਲ ਪੜ੍ਹੋ ਤਾਂ ਉਸਨੂੰ ਗੁਰਬਾਣੀ ਦੀ ਕਸਵੱਟੀ ਤੇ ਪਰਖੋ, ਸਚਾਈ ਦਾ ਪਤਾ ਆਪਣੇ ਆਪ ਲਗ ਜਾਵੇਗਾ।

4. **ਸਵਾਲ : ਕੀ ਗੁਰੂ ਨਾਨਕ ਸਾਹਿਬ ਦੀ ਦੇਹ ਦਾ ਸਸਕਾਰ ਨਹੀਂ ਕੀਤਾ ਗਿਆ ਸੀ, ਜੋਤੀ ਜੋਤਿ ਸਮਾਣ ਸਮੇਂ ਕੇਵਲ ਚਾਦਰ ਹੀ ਮਿਲੀ ਸੀ?**

ਜਵਾਬ : ਇਹ ਸਿੱਖ ਇਤਿਹਾਸ ਨੂੰ ਗਲਤ ਢੰਗ ਨਾਲ ਕੁਝ ਲਿਖਾਰੀਆਂ ਵਲੋਂ ਲਿਖਣ ਦਾ ਹੀ ਨਤੀਜਾ ਹੈ ਕਿ ਅਸੀਂ ਪੁਠੇ ਰਾਹੇ ਪੈ ਗਏ ਹਾਂ ਤੇ ਸਾਡੀ ਸੋਚਣੀ ਵੀ ਪੁੱਠੀ ਹੋਈ ਜਾ ਰਹੀ ਹੈ। ਜਦੋਂ ਬਾਕੀ ਸਾਰੇ ਗੁਰੂ ਸਾਹਿਬਾਨ ਦੀ ਦੇਹ ਦਾ ਸਸਕਾਰ ਹੋਇਆ ਅਸੀਂ ਮੰਨ ਲੈਂਦੇ ਹਾਂ, ਤਾਂ ਫਿਰ ਸਾਨੂੰ ਗੁਰੂ ਨਾਨਕ ਸਾਹਿਬ ਦਾ ਮੰਨਣ ਲਗਿਆ ਕੀ ਔਖ ਮਹਿਸੂਸ ਹੁੰਦੀ ਹੈ। ਇਸ ਗੱਲ ਦੀ ਕੋਈ ਵਡਿਆਈ ਨਹੀਂ ਕਿ ਜੋਤੀ ਜੋਤਿ ਸਮਾਉਣ ਤੋਂ ਬਾਅਦ ਦੇਹੀ ਹੀ ਨਹੀਂ ਮਿਲੀ। ਜੇ ਇਹ ਗਲ ਮੰਨ ਲਈਏ ਤਾਂ ਬਾਕੀ ਗੁਰੂਆਂ ਨਾਲੋਂ ਗੁਰੂ ਨਾਨਕ ਸਾਹਿਬ ਦੀ ਮਹਾਨਤਾ ਵਧੇਰੇ ਹੋਵੇਗੀ ਜਦੋਂ ਕਿ ਸਭ ਗੁਰੂ ਸਾਹਿਬ ਦੀ ਅਸਲ ਮਹਾਨਤਾ ਉਹਨਾਂ ਦੇ ਉਪਦੇਸ਼ ਤੇ ਉਹਨਾਂ ਵਲੋਂ ਜਗਤ ਨੂੰ ਦਿਤਾ ਸਿੱਖ ਧਰਮ ਹੈ ਜਿਸ ਉਪਰ ਚਲ ਕੇ ਅਸੀਂ ਜੀਵਨ ਮੁਕਤਿ ਹੋ ਸਕਦੇ ਹਾਂ। ਸਾਡੇ ਲਿਖਾਰੀਆਂ ਨੇ ਹੋਰਨਾਂ ਦੀਆਂ ਧਰਮ ਪੁਸਤਕਾਂ ਦੀ ਵੇਖਾ ਵੇਖੀ ਐਸੀਆਂ ਗਲਾਂ ਲਿਖ ਮਾਰੀਆਂ ਹਨ, ਜੋ ਗੁਰਬਾਣੀ ਅਤੇ ਗੁਰਮਤਿ ਸਿਧਾਤਾਂ ਦੇ ਉਲਟ ਹਨ। ਜਦੋਂ ਵੀ ਕਿਸੇ ਪ੍ਰਾਣੀ ਦੀ ਮੌਤ ਹੁੰਦੀ ਹੈ ਤਾਂ ਆਤਮਾ ਉਡਾਰੀ ਮਾਰ ਜਾਂਦੀ ਹੈ ਤੇ ਸਰੀਰ ਬਚ: ਰਹਿੰਦਾ ਹੈ ਜਿਸ ਨੂੰ ਬਾਅਦ ਵਿਚ ਅਗਨ ਭੇਟ ਕਰ ਦਿਤਾ ਜਾਂਦਾ ਹੈ। ਗੁਰੂ ਸਾਹਿਬ ਤਾਂ ਆਪ ਹੀ ਰਿਧੀਆਂ ਸਿਧੀਆਂ ਦੇ ਵਿਰੁਧ ਸਨ, ਉਹਨਾਂ ਨੂੰ ਅੰਤਮ ਸਮੇਂ ਇਸ ਤਰ੍ਹਾਂ ਦਾ ਨਾਟਕ ਰਚਣ ਦੀ ਕੀ ਲੋੜ ਸੀ ? ਇਸੇ ਤਰ੍ਹਾਂ ਦਸਵੇਂ ਪਾਤਸ਼ਾਹ ਦੇ ਬਾਰੇ ਵੀ ਕਿਹਾ ਜਾਂਦਾ ਹੈ ਕਿ ਉਹ ਸਰੀਰ ਸਮੇਤ ਹੀ ਗਏ ਹਨ, ਤਾਂ ਫਿਰ ਅਸੀਂ ਇਹ ਕਿਵੇਂ ਮੰਨ ਸਕਦੇ ਹਾਂ ਕਿ ਉਹ ਜੋਤੀ ਜੋਤਿ ਸਮਾਏ ਹਨ। ਕੁਦਰਤ ਦੇ ਨੇਮਾਂ ਦੇ ਵਿਰੁਧ ਗਲਾਂ ਕਰਨੀਆਂ ਸਿੱਖ ਧਰਮ ਦਾ

ਆਸ਼ਾ ਨਹੀਂ। ਫਜ਼ੂਲ ਦੀਆਂ ਗਲਾਂ ਵਿਚੋਂ ਗੁਰੂ ਸਾਹਿਬ ਦੀ ਵਡਿਆਈ ਭਾਲਣ ਨਾਲੋਂ ਗੁਰੂ ਸਾਹਿਬ ਦੀ ਬਾਣੀ ਦੇ ਦਿਤੇ ਉਪਦੇਸ਼ਾਂ ਤੇ ਅਮਲ ਕਰਕੇ ਗੁਰੂ ਸਾਹਿਬ ਨਾਲ ਇਕਮਿਕ ਹੋਵੋ, ਆਪੇ ਸਭ ਕੁਝ ਦੀ ਸਮਝ ਆ ਜਾਵੇਗੀ। ਗੁਰੂ ਸਹਿਬ ਦੇ ਜੋਤੀ ਜੋਤਿ ਸਮਾਉਣ ਸਮੇਂ ਹਿੰਦੂਆਂ ਤੇ ਮੁਸਲਮਾਨਾਂ ਵਿਚ ਝਗੜਾ ਪੈ ਜਾਣ ਵਾਲੀ ਗੱਲ ਮੂਲੋਂ ਹੀ ਥੋਥੀ ਹੈ। ਗੁਰੂ ਸਾਹਿਬ ਨੇ ਤਾਂ ਇਹ ਝਗੜੇ ਮਿਟਾਉਣ ਲਈ ਹੀ ਉਦਾਸੀਆਂ ਕੀਤੀਆਂ ਤੇ ਸਾਰੀ ਆਯੂ ਪ੍ਰਚਾਰ ਕੀਤਾ ਤੇ ਤਿੰਨ ਕਰੋੜ ਲੋਕਾਂ ਨੂੰ ਸਿੱਖ ਬਣਾਇਆ। ਇਤਨੇ ਸਿੱਖਾਂ ਦੇ ਹੁੰਦਿਆਂ ਜੋਤੀ ਜੋਤਿ ਸਮਾਉਣ ਸਮੇਂ ਝਗੜੇ ਦੀ ਗੱਲ ਆਖਣੀ ਹਾਸੋ ਹੀਣੀ ਹਰਕਤ ਹੈ, ਜੋ ਕਦੀ ਵੀ ਮੰਨੀ ਨਹੀਂ ਜਾ ਸਕਦੀ। ਵਾਹਿਗੁਰੂ ਕ੍ਰਿਪਾ ਕਰੇ ਅਸੀਂ ਆਪਣੇ ਇਤਿਹਾਸ ਨੂੰ ਸਹੀ ਢੰਗ ਨਾਲ ਲਿਖ ਸਕੀਏ, ਸਮਝ ਸਕੀਏ, ਜਿਸ ਤੋਂ ਸਾਨੂੰ ਉਹ ਪ੍ਰੇਰਣਾ ਮਿਲ ਸਕੇ ਜੋ ਮਿਲਣੀ ਚਾਹੀਦੀ ਹੈ।

5. **ਸਵਾਲ : ਮਹਾਰਾਜਾ ਰਣਜੀਤ ਸਿੰਘ ਦੇ ਰਾਜ ਭਾਗ ਦਾ ਅੰਤ ਕਿਉਂ ਹੋਇਆ?**

ਜਵਾਬ : ਇਹ ਨਿਰੋਲ ਖਾਲਸਾ ਰਾਜ ਨਹੀਂ ਸੀ ਸਗੋਂ ਇਕ ਪੁਰਖਾ ਰਾਜ ਸੀ, ਜਿਸ ਵਿਚ ਅਕਾਲ ਤਖਤ ਦੇ ਗੁਰਮਤੇ ਨੂੰ ਯੋਗ ਥਾਂ ਨਹੀਂ ਸੀ ਦਿਤੀ ਗਈ। ਡੋਗਰਿਆਂ ਤੇ ਅੰਧ ਵਿਸ਼ਵਾਸ਼, ਐਸ਼-ਪ੍ਰਸਤੀ ਦਾ ਵਧ ਜਾਣਾ, ਸਿੱਖ ਜਰਨੈਲਾਂ ਤੇ ਪੂਰਨ ਇਤਕਾਦ ਨਾ ਹੋਣਾ ਤੇ ਪੰਥ ਪ੍ਰਵਾਨੇ ਪੰਜ ਪਿਆਰਿਆਂ ਦਾ ਕੰਟਰੋਲ ਇਸ ਰਾਜ ਤੇ ਨਾ ਹੋਣਾ, ਇਸ ਰਾਜ ਦੇ ਅੰਤ ਦੇ ਕਾਰਨ ਸਨ।

6. **ਸਵਾਲ : ਕੀ ਦਸਮੇਸ਼ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਵਿਆਹ ਕਰਾਉਣ ਤੋਂ ਰੋਕਿਆ ਸੀ।**

ਜਵਾਬ: ਨਹੀਂ ਜੀ। ਸਿੱਖ ਧਰਮ ਵਿਚ ' ਵਿਆਹ ਨਾ ਕਰਾਉਣ ' ਨੂੰ ਕੋਈ ਮਹੱਤਤਾ ਨਹੀਂ ਦਿਤੀ ਗਈ। ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਬ੍ਰਹਮਚਾਰੀ ਰਹਿਣ ਵਾਲਿਆਂ ਪ੍ਰਤੀ ਫੁਰਮਾਂਦੀ ਹੈ : "ਬਿੰਦ ਕੇ ਸਧੱਯਾ ਤਾਹਿ ਹੀਜ ਕੀ ਬਡੱਯਾ ਦੇਤ " ਭਾਵ ਵਿਆਹ ਨਾ ਕਰਉਣ ਵਾਲੇ ਕਰਮ ਕਾਂਡੀ ਬ੍ਰਹਮਚਾਰੀ ਨੂੰ ਹੀਜੜੇ ਦੀ ਉਪਮਾ ਦਿਤੀ ਜਾ ਸਕਦੀ ਹੈ। ਗੁਰਮਤਿ ਵਿਚ ਗ੍ਰਿਹਸਥ ਮਾਰਗ ਨੂੰ ਸਭ ਤੋਂ ਉਤਮ ਮੰਨਿਆ ਗਿਆ ਹੈ।

7. **ਸਵਾਲ : ਮੁਹਸਨ ਫ਼ਾਨੀ ਕੌਣ ਸੀ?**

ਜਵਾਬ : ਇਹ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸਮਕਾਲੀ ਇਤਿਹਾਸਕਾਰ ਸੀ। ਇਸ ਨੇ 'ਦਬਸਤਾਨਿ ਮਜ਼ਾਹਿਬ' ਪੁਸਤਕ ਲਿਖੀ ਹੈ।

8. **ਸਵਾਲ : ਪੰਜਾਂ ਪਿਆਰਿਆਂ ਦੀ ਸੀਸ ਭੇਟ ਕਰਨ ਵੇਲੇ ਕਿੰਨੀ ਉਮਰ ਸੀ ਤੇ ਉਹਨਾਂ ਕਿਸ ਅਸਥਾਨ ਤੇ ਅਕਾਲ ਚਲਾਣਾ ਕੀਤਾ?**

ਜਵਾਬ : ਭਾਈ ਦਇਆ ਸਿੰਘ ਜੀ ਜੋ ਪੰਜਾਂ ਪਿਆਰਿਆਂ ਦੇ ਜਥੇਦਾਰ ਸਨ ਦੀ ਸੀਸ ਭੇਟ ਕਰਨ ਵੇਲੇ ਉਮਰ ੩੦ ਸਾਲ ਦੀ ਸੀ। ਆਪ ਜੀ ਦਾ ਅਕਾਲ ਚਲਾਣਾ ਗੋਦਾਵਰੀ ਦੇ ਕਿਨਾਰੇ ਨੰਦੇੜ ਵਿਖੇ ਹੋਇਆ।

ਭਾਈ ਧਰਮ ਸਿੰਘ ਜੀ ਦੀ ਉਮਰ ਸੀਸ ਭੇਟ ਕਰਨ ਵੇਲੇ ੩੮ ਸਾਲ ਦੀ ਸੀ। ਆਪ ਜੀ ਦਾ ਅਕਾਲ ਚਲਾਣਾ ਵੀ ਨੰਦੇੜ ਵਿਖੇ ਹੋਇਆ ਸੀ।

ਭਾਈ ਹਿੰਮਤ ਸਿੰਘ ਜੀ ਦੀ ਉਮਰ ਸੀਸ ਭੇਟ ਕਰਨ ਵੇਲੇ ੩੮ ਸਾਲ ਦੀ ਸੀ, ਸ਼ਹੀਦੀ ਚਮਕੌਰ ਸਾਹਿਬ ਵਿਖੇ ਸੰਨ ੧੭੦੪ ਈ: ਨੂੰ ਹੋਈ।

ਭਾਈ ਮੋਹਕਮ ਸਿੰਘ ਜੀ ਦੀ ਉਮਰ ਸੀਸ ਭੇਟ ਕਰਨ ਵੇਲੇ ੩੬ ਸਾਲ ਦੀ ਸੀ। ਸ਼ਹੀਦੀ ਚਮਕੌਰ ਸਾਹਿਬ ਵਿਖੇ ਸੰਨ ੧੭੦੪ ਈ: ਨੂੰ ਹੋਈ।

ਭਾਈ ਸਾਹਿਬ ਸਿੰਘ ਜੀ ਦੀ ਉਮਰ ਸੀਸ ਭੇਟ ਵੇਲੇ ੩੭ ਸਾਲ ਦੀ ਸੀ। ਸ਼ਹੀਦੀ ਚਮਕੌਰ ਸਾਹਿਬ ਵਿਖੇ ਸੰਨ ੧੭੦੪ ਨੂੰ ਹੋਈ।

9. **ਸਵਾਲ: ਬੰਦਈ ਖਾਲਸਾ ਅਤੇ ਤੱਤ ਖਾਲਸਾ ਤੋਂ ਕੀ ਭਾਵ ਹੈ?**

ਜਵਾਬ : ਬਾਬਾ ਬੰਦਾ ਸਿੰਘ ਜੀ ਦੀ ਸ਼ਹੀਦੀ ਮਗਰੋਂ ਸ਼ਰਧਾ-ਵੱਸ ਕਈ ਸਿੰਘਾਂ ਨੇ ਬਾਬਾ ਬੰਦਾ ਸਿੰਘ ਨੂੰ ਗੁਰੂ ਪ੍ਰਚਾਰਨਾ ਸ਼ੁਰੂ ਕਰ ਦਿੱਤਾ ਸੀ। ਉਹ ਆਪਣੇ ਆਪ ਨੂੰ ਬੰਦਈ ਖਾਲਸਾ ਅਖਵਾਉਂਦੇ ਸਨ। ਭਾਈ ਮਹੰਤ ਸਿੰਘ 'ਖੇਮਕਰਨ' ਇਨ੍ਹਾਂ ਦਾ ਆਗੂ ਸੀ। 'ਬੰਦਈ ਖਾਲਸਾ' ਦੇ ਵਿਰੋਧੀਆਂ ਨੇ ਦੂਜਾ ਧੜਾ 'ਤੱਤ ਖਾਲਸਾ' ਕਾਇਮ ਕਰ ਲਿਆ ਅਤੇ ਇਨ੍ਹਾਂ ਦਾ ਜਥੇਦਾਰ ਬਾਬਾ ਕਾਹਨ ਸਿੰਘ ਸੀ। ਦੋਵੇਂ ਧਿਰਾਂ ਆਪਣੇ ਆਪ ਨੂੰ 'ਅਸਲੀ ਵਾਰਿਸ' ਸਾਬਤ ਕਰਨਾ ਚਾਹੁੰਦੀਆਂ ਸਨ, ਇਸ ਤਰ੍ਹਾਂ ਸਿੱਖ ਪੰਥ ਵਿੱਚ ਫੁੱਟ ਪੈ ਗਈ। ਸਮੇਂ ਦੀ ਹਕੂਮਤ ਨੇ ਵੀ ਦੋਨਾਂ ਨੂੰ ਸ਼ਹਿ ਦਿੱਤੀ ਤਾਂ ਕਿ ਇਹ ਆਪਸ ਵਿੱਚ ਲੜ ਲੜ ਕੇ ਖ਼ਤਮ ਹੋ ਜਾਣ। ਪਰ ਭਾਈ ਮਨੀ ਸਿੰਘ ਜੀ ਨੇ ਵਿੱਚ ਪੈ ਕੇ ਬੜੀ ਸਿਆਣਪ ਨਾਲ ਇਹ ਮਾਮਲਾ ਨਜਿੱਠ ਦਿੱਤਾ।

10. **ਸਵਾਲ : ਅਸੀਂ ਇਕ ਤਸਵੀਰ ਦੇਖੀ ਹੈ ਜਿਸ ਵਿਚ ਮਹਾਰਾਜਾ ਰਣਜੀਤ ਸਿੰਘ ਜੀ ਨੂੰ ਕੋਰੜੇ ਮਾਰਨ ਦੀ ਸਜ਼ਾ ਦਿਤੀ ਜਾ ਰਹੀ ਹੈ ਇਸ ਬਾਰੇ ਦਸਣਾ ਕਿ ਸਜ਼ਾ ਕਿਸ ਨੇ ਦਿਤੀ?**

ਜਵਾਬ : ਕੁਝ ਲੇਖਕਾਂ ਦੇ ਅਨੁਸਾਰ ਜਦੋਂ ਮਹਾਰਾਜੇ ਨੇ ਇਕ 'ਮੋਰਾਂ' ਨਾਮੀ ਨਾਚੀ ਨਾਲ ਵਿਆਹ ਕਰਵਾਉਣ ਦਾ ਫੈਸਲਾ ਕੀਤਾ ਤਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਅਕਾਲੀ ਫੂਲਾ ਸਿੰਘ ਜੀ ਨੇ ਮਹਾਰਾਜੇ ਨੂੰ ਇਹ ਸਜ਼ਾ ਦਿਤੀ ਸੀ।

11. ਸਵਾਲ: ਅਕਾਲ ਤਖਤ ਦੇ ਪਹਿਲੇ ਜਥੇਦਾਰ ਕੌਣ ਸਨ? ਉਨ੍ਹਾਂ ਦੇ ਮਗਰੋਂ ਅਕਾਲ ਤਖਤ ਦੀ ਸੇਵਾ ਕਿਸ ਕਿਸ ਨੇ ਸੰਭਾਲੀ?

ਜਵਾਬ: ਸ੍ਰੀ ਅਕਾਲ ਤਖਤ ਸਾਹਿਬ ਦੇ ਪਹਿਲੇ ਜਥੇਦਾਰ ਭਾਈ ਗੁਰਦਾਸ ਜੀ ਸਨ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਗੁਰੂ ਹਰਗੋਬਿੰਦ ਸਾਹਿਬ ਜੀ ਗਵਾਲੀਅਰ ਜਾਣ ਤੋਂ ਪਹਿਲਾਂ ਭਾਈ ਗੁਰਦਾਸ ਜੀ ਨੂੰ ਜਥੇਦਾਰ ਥਾਪ ਗਏ ਸਨ। ਉਸ ਤੋਂ ਬਾਅਦ ਦਾ ਅਕਾਲ ਤਖਤ ਸਾਹਿਬ ਦਾ ਇਤਿਹਾਸ ਅਣਗੌਲਿਆ ਰਿਹਾ ਹੈ, ਕੋਈ ਠੋਸ ਲਿਖਤ ਨਹੀਂ ਮਿਲਦੀ । ਸੰਨ ੧੬੩੭ ਵਿਚ ਭਾਈ ਗੁਰਦਾਸ ਜੀ ਅਕਾਲ ਚਲਾਣਾ ਕਰ ਗਏ ਸਨ, ਉਸ ਤੋਂ ਬਾਅਦ ਪਤਾ ਨਹੀਂ ਲਗਦਾ ਕਿ ਕਿਹੜਾ ਸਿੱਖ ਅਕਾਲ ਤਖਤ ਸਾਹਿਬ ਦੀ ਸੇਵਾ ਨਿਭਾਉਂਦਾ ਰਿਹਾ। ਵਿਦਵਾਨਾਂ ਦਾ ਵਿਚਾਰ ਹੈ ਕਿ ਸੰਨ ੧੬੯੯ ਤਕ ਪ੍ਰਿਥੀ ਚੰਦ ਦੀ ਸੰਤਾਨ ਹੀ ਉਥੋਂ ਦਾ ਪ੍ਰਬੰਧ ਕਰਦੀ ਰਹੀ ਸੀ। ੧੬੯੯ ਵਿਚ ਭਾਈ ਮਨੀ ਸਿੰਘ ਜੀ ਨੇ ਹੀ ਆ ਕੇ ਸ੍ਰੀ ਅਕਾਲ ਤਖਤ ਸਾਹਿਬ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਨਿਭਾਈ ਸੀ।

12. ਸਵਾਲ : ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਦਾ ਕਿਲਾ ਕਦੋਂ ਛਡਿਆ ਸੀ?

ਜਵਾਬ : ਗੁਰੂ ਸਾਹਿਬ ਨੇ ੬ ਤੇ ੭ ਪੋਹ (ਸੰਮਤ ੧੭੬੧) ਦੀ ਵਿਚਕਾਰਲੀ ਰਾਤ ਨੂੰ, ਰਾਤ ਦੇ ਪਿਛਲੇ ਪਹਿਰ, ਅਨੰਦਪੁਰ ਦਾ ਕਿਲ੍ਹਾ ਛਡਿਆ ਸੀ। ਈਸਵੀ ਸੰਨ ੧੭੦੪ ਦੇ ਹਿਸਾਬ ੨੦ ਤੇ ੨੧ ਦਸੰਬਰ ਦੀ ਵਿਚਕਾਰਲੀ ਸੀ ।

13. ਸਵਾਲ : ਕਈ ਪੁਸਤਕਾਂ ਵਿਚ ਗੁਰੂ ਹਰਿ ਰਾਇ ਸਾਹਿਬ ਦੇ ਸੱਤ ਵਿਆਹ ਇਕੋ ਘਰ ਵਿਚ ਹੋਏ ਲਿਖੇ ਮਿਲਦੇ ਹਨ। ਕੀ ਇਹ ਠੀਕ ਹੈ?

ਜਵਾਬ : ਨਹੀਂ ਜੀ ! ਇਹ ਇਕ ਵੱਡੀ ਇਤਿਹਾਸਕ ਭੁੱਲ ਹੈ ਜੋ ਕੁਝ ਲੇਖਕਾਂ ਨੇ ਕੀਤੀ ਹੈ। ਵਿਚਾਰਨ ਵਾਲੀ ਗੱਲ ਹੈ ਕਿ ਵਿਆਹ ਸਮੇਂ ਗੁਰੂ ਜੀ ਦੀ ਆਯੂ ਦਸ ਵਰ੍ਹੇ ਦੀ ਦਸੀ ਜਾਂਦੀ ਹੈ। ਇਕ ਆਦਮੀ ਦੀਆਂ ਸੱਤ ਲੜਕੀਆਂ ਨਾਲ

ਆਪ ਦੀ ਸ਼ਾਦੀ ਹੋਈ ਹੋਵੇ ਤਾਂ ਜੇ ਸਭ ਤੋਂ ਵਡੀ ਦੀ ਉਮਰ ਦਸ ਸਾਲ ਸਮਝੀ ਜਾਵੇ ਤਾਂ ਸਭ ਤੋਂ ਛੋਟੀ ਦੀ ਉਮਰ ਸਵਾ ਸਾਲ ਬਣਦੀ ਹੈ। ਕਿਹੜੇ ਮਾਤਾ ਪਿਤਾ ਹਨ ਜੋ ਇਸ ਤਰ੍ਹਾਂ ਦੀ ਸ਼ਾਦੀ ਕਰ ਸਕਦੇ ਸਨ? ਮਹਿਮਾ ਪ੍ਰਕਾਸ਼, ਜੋ ਸੂਰਜ ਪ੍ਰਕਾਸ਼ ਤੋਂ ਭੀ ਪਹਿਲੇ ਦੀ ਲਿਖਤ ਹੈ, ਵਿਚ ਇਕੋ ਸ਼ਾਦੀ ਮਾਤਾ ਕਿਸ਼ਨ ਕੌਰ (ਸੁਲੱਖਣੀ) ਜੀ ਨਾਲ ਲਿਖੀ ਹੋਈ ਮਿਲਦੀ ਹੈ।

14. **ਸਵਾਲ : ਗੁਰੂ ਨਾਨਕ ਦੇਵ ਜੀ ਨੇ ਜੇ ਕਿਸੇ ਪਾਂਧੇ ਪਾਸੋਂ ਸਿਖਿਆ ਨਹੀਂ ਲਈ ਤਾਂ ਜਪੁਜੀ ਸਾਹਿਬ ਤੇ ਹੋਰ ਬਾਣੀ ਕਿਵੇਂ ਲਿਖੀਆਂ?**

ਜਵਾਬ : ਗੁਰੂ ਨਾਨਕ ਸਾਹਿਬ ਨੇ ਕਿਸੀ ਪਾਂਧੇ ਮੌਲਵੀ ਪਾਸੋਂ ਆਤਮਕ ਸਿਖਿਆ ਨਹੀਂ ਲਈ ਤੇ ਨਾ ਹੀ ਕਿਸੇ ਨੂੰ ਗੁਰੂ ਧਾਰਨ ਕੀਤਾ, ਸਗੋਂ ਪਾਂਧੇ ਤੇ ਮੌਲਵੀ ਨੂੰ ਸਹੀ ਆਤਮਕ ਰਾਹ ਦਸਿਆ। ਹਾਂ, ਗੁਰੂ ਨਾਨਕ ਸਾਹਿਬ ਨੇ ਦੁਨਿਆਵੀ ਵਿਦਿਆ ਭਾਵ ਉਸ ਸਮੇਂ ਦੀ ਬੋਲੀ, ਭਾਸ਼ਾ ਦਾ ਗਿਆਨ ਜ਼ਰੂਰ ਹਾਸਲ ਕੀਤਾ ਅਤੇ ਬੜੀ ਛੇਤੀ ਇਹ ਵਿਦਿਆ ਹਾਸਲ ਕਰ ਲਈ। ਆਪ ਦੀ ਬੁਧੀ ਇਤਨੀ ਤੀਖਣ ਸੀ ਕਿ ਬੜੀ ਛੇਤੀ ਹੀ ਉਸ ਸਮੇਂ ਬੋਲੀਆਂ ਜਾਂਦੀਆਂ ਭਾਸ਼ਾਵਾਂ ਵਿਚ ਨਿਪੁੰਨ ਹੋ ਗਏ ਸਨ।

15. **ਸਵਾਲ: ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ ਕਦੋਂ ਹੋਈ ਸੀ।**

ਜਵਾਬ : ਬਾਬਾ ਜੀ ਪਰਗਨੇ ਲਾਹੌਰ ਦੇ ਪਹੂ ਪਿੰਡ ਦੇ ਜੰਮ ਪਲ ਸਨ। ਜੋ ਹੁਣ ਜ਼ਿਲ੍ਹਾ ਅੰਮ੍ਰਿਤਸਰ ਵਿਚ ਹੈ । ਸ੍ਰੀ ਅੰਮ੍ਰਿਤਸਰ ਦੀ ਰਖਿਆ ਲਈ ਆਪ ੧੧, ਨੰਵਬਰ ਸੰਨ ੧੭੫੭ ਨੂੰ ਸ਼ਹੀਦ ਹੋਏ ਸਨ।

16. **ਸਵਾਲ : ਜ਼ਕਰੀਆ ਖਾਂ ਸੂਬਾ ਲਾਹੌਰ ਕਿਹੜੇ ਸਮੇਂ ਵਿਚ ਹੋਇਆ ਹੈ।**

ਜਵਾਬ : ਅਬਦੁਲ ਸਮਦ ਖਾਨ ਦਾ ਪੁਤਰ ਜ਼ਕਰੀਆ ਖਾਨ ਸੰਨ ੧੭੨੬ ਵਿਚ ਲਾਹੌਰ ਦਾ ਸੂਬੇਦਾਰ ਬਣਿਆ ਅਤੇ ਸੰਨ ੧੭੪੫ ਵਿਚ ਮਰਿਆ। ਇਸ ਦੇ ਜਨਮ ਬਾਰੇ, ਕਿ ਕਿਹੜੇ ਸੰਨ, ਸੰਮਤ ਵਿਚ ਹੋਇਆ, ਇਤਿਹਾਸ ਚੁਪ ਹੈ।

17. **ਸਵਾਲ : ਤੁਹਾਡੇ ਇਕ ਟਰੈਕਟ ਵਿਚ ਲਿਖਿਆ ਹੈ ਕਿ ਸ. ਹਰੀ ਸਿੰਘ ਨਲੂਆ ਸੰਸਾਰ ਦੇ ਸਭ ਤੋਂ ਵਡੇ ਜਰਨੈਲ ਹੋਏ ਹਨ। ਅਜ ਤਕ ਅਸੀਂ ਤਾਂ ਕਿਸੇ ਪੁਸਤਕ ਵਿਚ ਇਹ ਪੜ੍ਹਿਆ ਨਹੀਂ। ਜੇ ਅਜਿਹੇ ਜਰਨੈਲ ਸਨ ਤਾਂ ਫਿਰ ਸਿਖ ਰਾਜ ਕਿਉਂ ਨਾ ਥਿਰ ਰਹਿ ਸਕਿਆ?**

ਜਵਾਬ : ਸੰਸਾਰ ਦੇ ਸਭ ਤੋਂ ਵਡੇ ਜਰਨੈਲ ਦੀ ਉਪਾਧੀ ਫ਼ਰਾਂਸ ਤੇ ਅੰਗਰੇਜ਼ ਲਿਖਾਰੀਆਂ ਨੇ ਸੰਨ ੧੯੮੧ ਵਿਚ ਦਿਤੀ ਸੀ। ਹਰੀ ਸਿੰਘ ਨਲੂਆ ਜੀ ਦੇ

ਕਾਰਨਾਮਿਆਂ ਦਾ ਮੁਤਾਲਿਆ ਕਰਦੇ ਹੋਏ ਲਿਖਾਰੀ ਕਹਿੰਦੇ ਹਨ ਕਿ ਹਿੰਦੁਸਤਾਨ ਦੇ ਇਸ ਜਰਨੈਲ ਸਾਹਮਣੇ ਨੇਪੋਲਿਅਨ, ਲਾਰਡ ਕਿਚਨਰ, ਡਯੂਕ ਆਫ਼ ਵਲਿੰਗਟਨ, ਚੰਗੇਜ਼ ਖਾਂ ਆਦਿ ਜਹੇ ਜਗਤ ਪ੍ਰਸਿਧ ਜਰਨੈਲ ਤੁਛ ਹਨ।

ਕਿਸੇ ਹੋਰ ਪੁਸਤਕ ਵਿਚ ਇਸ ਦਾ ਨਾਮ ਨਾ ਪੜ੍ਹਿਆ ਜਾਣਾ ਇਸ ਗਲ ਦਾ ਸੂਚਕ ਹੈ ਕਿ ਅਸੀਂ ਆਪਣੇ ਇਤਿਹਾਸ ਲਿਖਣ ਪਖੋਂ ਕਿਤਨੇ ਅਵੇਸਲੇ ਹਾਂ। ਵੈਸੇ ਸਿੱਖ ਕੌਮ ਦੀ ਖਾਸੀਅਤ ਹੈ ਕਿ ਇਹ ਜਿਹੜੇ ਕੰਮ ਨੂੰ ਹਥ ਵਿਚ ਲੈ ਲਵੇ ਉਹ ਅਕਾਲ ਪੁਰਖ ਦੀ ਬਖਸ਼ਿਸ਼ ਸਦਕਾ ਜ਼ਰੂਰ ਪੂਰਾ ਹੋ ਜਾਂਦਾ ਹੈ। ਜੋ ਅਜ ਪਰਚਾਰ ਦੀ ਘਾਟ ਹੈ, ਇਹ ਜੇ ਕੌਮ ਆਪਣੇ ਹਥ ਵਿਚ ਲੈ ਲਵੇ ਤਾਂ ਸਿਖ ਕੌਮ ਦਾ ਸੁਨਹਿਰੀ ਇਤਿਹਾਸ ਘਰ ਘਰ ਪੁਜ ਜਾਵੇਗਾ। ਗਲ ਸਿਰਫ ਕੰਮ ਨੂੰ ਹਥ ਵਿਚ ਲੈਣ ਦੀ ਹੈ।

ਸਿਖ ਰਾਜ ਜਾਣ ਦੇ ਕਈ ਕਾਰਨ ਸਨ। ਮੁਖ ਕਾਰਨ ਮਹਾਰਾਜਾ ਰਣਜੀਤ ਸਿੰਘ ਦਾ ਡੋਗਰਿਆਂ ਦੇ ਢਹੇ ਚੜ੍ਹ ਜਾਣਾ, ਤੇ ਅਕਾਲੀ ਬਾਬਾ ਫੂਲਾ ਸਿੰਘ, ਹਰੀ ਸਿੰਘ ਨਲੂਆ ਆਦਿ ਮੁਖੀਆਂ ਦੇ ਸਲਾਹ ਮਸ਼ਵਰੇ ਤੋਂ ਅਵੇਸਲਾਪਨ ਸੀ।

18. ਸਵਾਲ : ਦਮਦਮੀ ਬੀੜ ਤੇ ਆਦਿ ਬੀੜ ਵਿਚ ਕੀ ਅੰਤਰ ਹੈ?

ਜਵਾਬ : 'ਆਦਿ ਬੀੜ' ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਉਹ ਸੰਗ੍ਰਹਿ ਹੈ ਜੋ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਦੀ ਪਾਸੋਂ ਰਾਮਸਰ ਸਰੋਵਰ ਦੇ ਕੰਢੇ ਬੈਠ ਸੰਨ ੧੬੦੪ ਵਿਚ ਤਿਆਰ ਕਰਵਾਈ ਸੀ।

'ਦਮਦਮੀ ਬੀੜ' ਗੁਰੂ ਗ੍ਰੰਥ ਸਾਹਿਬ ਜੀ ਦਾ ਉਹ ਸਰੂਪ ਹੈ ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਹੀਦ ਭਾਈ ਮਨੀ ਸਿੰਘ ਜੀ ਪਾਸੋਂ ਸੰਨ ੧੭੦੫-੦੬ ਵਿਚ ਸਾਬੋ ਕੀ ਤਲਵੰਡੀ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਲਿਖਵਾਇਆ ਸੀ। ਇਸ ਬੀੜ ਵਿਚ ਦਸਮੇਸ਼ ਜੀ ਨੇ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਵੀ ਹਰ ਰਾਗ ਵਿਚ ਤਰਤੀਬ ਵਾਰ ਦਰਜ ਕੀਤੀ ਸੀ। ਅਜ ਕਲ ਹਰ ਗੁਰਦੁਆਰੇ ਵਿਚ ਜਿਸ ਬੀੜ ਦਾ ਪ੍ਰਕਾਸ਼ ਕੀਤਾ ਜਾਂਦਾ ਹੈ ਉਹ 'ਦਮਦਮੀ ਬੀੜ' ਹੀ ਹੈ।

19. ਸਵਾਲ : ਗੁਰਮਤਿ ਅਨੁਸਾਰ ਸੁਖਣਾ ਸੁਖਣੀ ਮਨ੍ਹਾਂ ਹੈ ਪਰ ਮਖਣ ਸ਼ਾਹ ਲੁਬਾਣੇ ਨੇ ੫੦੦ ਮੋਹਰਾਂ ਸੁਖਣਾ ਕਿਉਂ ਸੁੱਖੀ ਸੀ?

ਜਵਾਬ : ਮਖਣ ਸ਼ਾਹ ਨੇ ਸੁਖਣਾ ਨਹੀਂ ਸੀ ਸੁਖੀ ਸਗੋਂ ਉਹ ਗੁਰੂ ਦੇ ਹੁਕਮ ਅਨੁਸਾਰ ਆਪਣਾ ਦਸਵੰਧ ਗੁਰੂ ਅਰਪਣ ਕਰਨ ਬਾਬਾ ਬਕਾਲੇ ਆਇਆ

ਸੀ।·ਸੁਖਣਾ ਸੁਖਣ ਵਿਚ ਗੁਰੂ ਨਾਲ ਸੌਦੇਬਾਜੀ ਦੀ ਭਾਵਨਾ ਪੈਦਾ ਹੁੰਦੀ ਹੈ। ਜੇ ਗੁਰੂ ਇਹ ਕੰਮ ਕਰੇ ਤਾਂ ਮੈਂ ਇਹ ਕਰਾਂਗਾਂ ਜੇ ਨਹੀਂ ਕਰਦਾ ਫਿਰ ਨਹੀਂ ਕਰਨਾ। ਗੁਰੂ ਅਗੇ ਕਾਰਜ ਦੀ ਸਫਲਤਾ ਲਈ ਅਰਦਾਸ ਕਰਨ ਦਾ ਤੇ ਉਸਦੀ ਰਜ਼ਾ ਵਿਚ ਰਾਜ਼ੀ ਰਹਿਣ ਦਾ ਸਿੱਖ ਧਰਮ ਵਿਚ ਵਿਧਾਨ ਹੈ।

20. ਸਵਾਲ : ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਕੱਤਕ ਵਿਚ ਹੋਇਆ ਸੀ ਜਾਂ ਵੈਸਾਖ ਵਿਚ?

ਜਵਾਬ : ਬਹੁਤ ਸਾਰੇ ਵਿਦਵਾਨਾਂ ਨੇ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਦਿਵਸ ਇਤਿਹਾਸਕ ਸਰੋਤਾਂ ਦੇ ਅਧਾਰ ਤੇ 'ਵਿਸਾਖ' ਦਾ ਹੀ ਮੰਨਿਆ ਹੈ। ਇਸ਼ ਬਾਰੇ ਸ. ਕਰਮ ਸਿੰਘ ਹਿਸਟੋਰੀਆਨ ਦੀ ਪੁਸਤਕ " ਕਤਕ ਕਿ ਵਿਸਾਖ" ਪੜ੍ਹੋ ਜੀ।

21. ਸਵਾਲ ; (੧) ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੀ ਪਹਿਲੀ ਕਾਰ ਸੇਵਾ ਕਿਹੜੇ ਸੰਨ ਵਿਚ ਹੋਈ ਸੀ? ੧੯੨੨ – ੨੩ – ੨੪
(੨) ਦੂਜੀ ਕਾਰ ਸੇਵਾ ਕਦੋਂ ਹੋਈ ਸੀ?

ਜਵਾਬ : ਅੰਮ੍ਰਿਤ ਸਰੋਵਰ ਦੀ ਪਹਿਲੀ ਕਾਰ ਸੇਵਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਰਵਾਈ ਜਦੋਂ ਉਨ੍ਹਾਂ ਨੇ ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਬਣਾਏ ਗਏ ਸਰੋਵਰ ਦੀ ਸਫਾਈ ਕਰਵਾਈ ਅਤੇ ਇਸ ਦੀਆਂ ਪੌੜੀਆਂ ਬਣਵਾਕੇ ਪੱਕਿਆਂ ਕੀਤਾ।

ਅਠਾਰਵੀ ਸਦੀ ਵਿਚ ਮੁਗਲ ਦਰਬਾਰ ਲਾਹੌਰ ਦੇ ਦੀਵਾਨ ਲੱਖਪਤ ਰਾਏ ਨੇ ਈਰਖਾ ਵੱਸ ਅੰਮ੍ਰਿਤ ਸਰੋਵਰ ਨੂੰ ਅਪਵਿੱਤਰ ਕੀਤਾ ਪਰ ਸਿੰਘਾਂ ਆਉਂਦੀ ਦੀਵਾਲੀ (ਸੰਨ ੧੭੪੭) ਨੂੰ ਕਾਰ ਸੇਵਾ ਕਰਕੇ ਖੂਹਾਂ ਦੇ ਪਾਣੀ ਨਾਲ ਸਰੋਵਰ ਨੂੰ ਮੁੜ ਭਰ ਦਿੱਤਾ ਅਤੇ ਇਸ਼ਨਾਨ ਕੀਤਾ।

ਅਹਿਮਦ ਸ਼ਾਹ ਅਬਦਾਲੀ ਨੇ ਪਹਿਲੀ ਵੇਰ ੧੭੫੮ ਈਸਵੀ ਵਿਚ ਅਤੇ ਦੁਬਾਰਾ ੧੭੬੨ ਈ: ਵਿਚ ਬੇਅਦਬੀ ਕੀਤੀ ਅਤੇ ਸਰੋਵਰ ਨੂੰ ਪੂਰਨ ਤੌਰ ਤੇ ਪੂਰ ਦਿੱਤਾ। ਸਿੰਘਾਂ ਨੇ ੧੭੬੩ ਈ: ਵਿਚ ਮੁੜ ਸਰੋਵਰ ਦੀ ਕਾਰ ਸੇਵਾ ਕਰਕੇ ਇਸ ਦੀ ਉਸਾਰੀ ਕੀਤੀ ਅਤੇ ਫੇਰ ਕੀਰਤਨ ਦੀਆਂ ਗੂੰਜਾਂ ਪੈਣ ਲੱਗ ਪਈਆਂ।

੧੭੮੧ ਈ: ਵਿਚ ਮਹੰਤ ਸੰਤੋਖ ਦਾਸ ਨੇ ਬੜੀਆਂ ਕੋਸ਼ਿਸ਼ਾਂ ਨਾਲ ਰਾਵੀ ਦਰਿਆ ਤੋਂ ਮਾਧੋਪੁਰੋਂ (ਪਠਾਨਕੋਟ ਨੇੜਿਉਂ) ਇਕ ਛੋਟੀ ਜੇਹੀ ਨਹਿਰ ਲਿਆ ਕੇ ਦਰਿਆ ਦੇ ਪਾਣੀ ਨਾਲ ਸਰੋਵਰ ਨੂੰ ਪੂਰਨ ਰੂਪ ਵਿਚ ਭਰ ਦਿੱਤਾ।

ਅੱਜ ਕੱਲ੍ਹ ਦੇ ਅਰਥਾਂ ਅਨੁਸਾਰ ਹਰਿਮੰਦਰ ਸਾਹਿਬ ਦੀ ਪਹਿਲੀ ਕਾਰ ਸੇਵਾ ੧੮੪੨ ਈ: ਵਿਚ ਮਹਾਰਾਜਾ ਸ਼ੇਰ ਸਿੰਘ ਦੇ ਰਾਜ ਕਾਲ ਸਮੇਂ ਗਿਆਨੀ ਗੁਰਮੁਖ ਸਿੰਘ ਰਾਹੀਂ ਹੋਈ। ਉਸ ਸਮੇਂ ਸਰੋਵਰ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਗਿਆ। ਇਕ ਹਿੱਸੇ ਵਿਚੋਂ ਜਲ ਬਾਹਰ ਕੱਢਿਆ ਗਿਆ ਅਤੇ ਸੇਵਾ ਸ਼ੁਰੂ ਕੀਤੀ ਗਈ।

੮੧ ਸਾਲਾਂ ਬਾਦ ੧੯੨੩ ਈ: ਵਿਚ ਇਕ ਕਾਰ ਸੇਵਾ ਕਮੇਟੀ ਬਣਾਈ ਗਈ, ਜਿਸ ਦੇ ਸਕੱਤਰ ਭਗਤ ਜਸਵੰਤ ਸਿੰਘ ਜੀ ਸਨ। ੧੭ ਜੂਨ, ੧੯੨੩ ਈ: ਨੂੰ ਹੇਠ ਲਿਖੇ ਪੰਜ ਪਿਆਰਿਆਂ ਨੇ ਟੱਕ ਲਾ ਕੇ ਕਾਰ ਸੇਵਾ ਅਰੰਭ ਕੀਤੀ:—

੧. ਸੰਤ ਸ਼ਾਮ ਸਿੰਘ ਜੀ।
੨. ਸ: ਮਹਿਤਾਬ ਸਿੰਘ ਜੀ।
੩. ਭਾਈ ਤੇਜਾ ਸਿੰਘ ਜੀ ਜਥੇਦਾਰ ਅਕਾਲ ਤਖਤ ਸਾਹਿਬ।
੪. ਭਾਈ ਪ੍ਰੀਤਮ ਸਿੰਘ ਜੀ ਅਨੰਦ ਪੁਰ।
੫. ਭਾਈ ਗੁਲਾਬ ਸਿੰਘ ਜੀ ਘੋਲੀਆ।

ਇਨ੍ਹਾਂ ਪੰਜਾਂ ਪਿਆਰਿਆਂ ਨੇ ਅਰਦਾਸ ਕਰ ਕੇ ਪੰਜ ਕਹੀਆਂ ਜਿਨ੍ਹਾਂ ਦੇ ਵਾਸਤੇ ਹੱਥੇ ਚਾਂਦੀ ਦੇ ਅਤੇ ਬਲੇਡ ਸੋਨੇ ਦੇ ਸਨ ਤੇ ਪੰਜ ਚਾਂਦੀ ਦੇ ਬਾਟੇ ਸਿਰਾਂ ਤੇ ਚੁੱਕ ਕੇ ਸਰੋਵਰ ਦੀ ਕਾਰ ਸੇਵਾ ਆਰੰਭ ਕੀਤੀ।

੧੯੨੩ ਈਸਵੀ ਤੋਂ ੫੦ ਸਾਲ ਬਾਦ ੧੯੭੩ ਈ: ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੰਤ ਬਾਬਾ ਜੀਵਨ ਸਿੰਘ ਰਾਹੀਂ ਕਾਰ ਸੇਵਾ ਕਰਵਾਈ। ੩੧ ਮਾਰਚ, ੧੯੭੩ ਨੂੰ ਹੇਠ ਲਿਖੇ ਪੰਜ ਪਿਆਰਿਆਂ ਨੇ ਇਹ ਸ਼ੁੱਭ ਕਾਰਜ ਆਰੰਭ ਕੀਤਾ:—

੧. ਸੰਤ ਬਾਬਾ ਜੀਵਨ ਸਿੰਘ ਜੀ ਕਾਰ ਸੇਵਾ ਵਾਲੇ।
੨. ਸੰਤ ਬਾਬਾ ਖੜਕ ਸਿੰਘ ਜੀ।
੩. ਸੰਤ ਬਾਬਾ ਗੁਰਮੁਖ ਸਿੰਘ ਜੀ ਪਟਿਆਲੇ ਵਾਲੇ।
੪. ਸੰਤ ਬਾਬਾ ਸੇਵਾ ਸਿੰਘ ਜੀ ਅਨੰਦਪੁਰ ਵਾਲੇ।
੫. ਸੰਤ ਬਾਬਾ ਮਹਿੰਦਰ ਸਿੰਘ ਜੀ ਹਰਖੋਵਾਲ ਵਾਲੇ।

ਜਿਹੜੀਆਂ ਸੋਨੇ ਦੀਆਂ ਪੰਜ ਕਹੀਆਂ ਅਤੇ ਚਾਂਦੀ ਦੇ ਪੰਜ ਬਾਟੇ ਸੰਨ ੧੯੨੩ ਈ: ਵਿਚ ਵਰਤੇ ਗਏ ਸਨ, ਉਹੀ ਇਸ ਕਾਰ ਸੇਵਾ ਸਮੇਂ ਪਹਿਲਾ ਟੱਕ ਲਗਾਉਣ ਲਈ ਵਰਤੇ ਗਏ ਅਤੇ ਸਾਰੇ ਸਰੋਵਰ ਦੀ ਕਾਰ ਸੇਵਾ ਦਸ ਦਿਨਾਂ ਵਿਚ ਹੀ ਪੂਰਨ ਹੋ ਗਈ।

22. ਸਵਾਲ : ਸ੍ਰੀ ਅਕਾਲ ਤਖਤ ਸਾਹਿਬ ਦੀ ਸਿਰਜਣਾ ਕਿਸ ਨੇ ਕੀਤੀ? ਇਸ ਦਾ ਸੰਕਲਪ ਕੀ ਸੀ? ਸਿਖ ਕੌਮ ਵਿਚ ਤਖਤ ਸਾਹਿਬ ਦਾ ਕੀ ਸਥਾਨ ਹੈ?

ਜਵਾਬ : ਸ੍ਰੀ ਅਕਾਲ ਤਖਤ ਸਾਹਿਬ ਦੀ ਸਿਰਜਣਾ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਮੀਰੀ ਪੀਰੀ ਦੇ ਮਾਲਕ ਨੇ ਕੀਤੀ। ਸ੍ਰੀ ਅਕਾਲ ਤਖਤ ਸਾਹਿਬ ਦੀ ਸਿਰਜਣਾ ੧੬੦੯ ਈ: ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਦੀ ਪਰਕਰਮਾਂ ਵਿਚ ਦਰਸ਼ਨੀ ਡਿਉਢੀ ਦੇ ਸਾਹਮਣੇ ਕੀਤੀ ਗਈ।

ਸੰਕਲਪ– ਪੰਜਵੇਂ ਪਾਤਸ਼ਾਹ ਦੇ ਸਮੇਂ ਤੱਕ ਸਿੱਖ ਧਰਮ ਜੋ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸਿਰਜਿਆ ਗਿਆ ਸੀ ਇਕ ਕੌਮ ਦਾ ਰੂਪ ਧਾਰਨ ਕਰ ਚੁੱਕਾ ਸੀ ਤੇ ਦਿਨੋ ਦਿਨ ਇਸ ਕੌਮ ਦੀ ਚੜ੍ਹਦੀ ਕਲਾ ਹੋ ਰਹੀ ਸੀ। ਪਰ ਸਮੇਂ ਦੀ ਹਕੂਮਤ ਆਪਣੀਆਂ ਮਨ ਮਾਨੀਆਂ ਕਾਰਨ ਇਸ ਸੱਚ ਦੇ ਧਰਮ ਨੂੰ ਵਧਣ ਤੋਂ ਰੋਕਣਾ ਚਾਹੁੰਦੀ ਸੀ। ਜਿਸ ਦੇ ਸਿੱਟੇ ਵਜੋਂ ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਹੋਈ ਸੀ।

ਪੰਜਵੇਂ ਪਾਤਸ਼ਾਹ ਨੇ ਸਿਖ ਕੌਮ ਨੂੰ ਇਕ ਧਾਰਮਕ ਕੇਂਦਰ ਸ੍ਰੀ ਦਰਬਾਰ ਸਾਹਿਬ ਨਾਲ ਪੱਕੇ ਤੌਰ ਤੇ ਹਮੇਸ਼ਾ ਲਈ ਜੋੜ ਦਿੱਤਾ ਸੀਂ ਪਰ ਇਹ ਨਿਰਾ ਧਾਰਮਕ ਕੇਂਦਰ ਹੀ ਸੀ। ਹਕੂਮਤ ਦੇ ਜ਼ੁਲਮ ਵਿਰੁੱਧ ਟੱਕਰ ਲੈਣ ਲਈ ਅਤੇ ਕੋਈ ਸਿਆਸੀ ਕਦਮ ਚੁੱਕਣ ਲਈ ਸਮੇਂ ਦੀ ਮੰਗ ਸੀ ਕਿ ਸਿਖ ਕੌਮ ਨੂੰ ਧਾਰਮਕ ਕੇਂਦਰ ਦੇ ਨਾਲ ਨਾਲ ਕਿਸੇ ਸਿਆਸੀ ਕੇਂਦਰ ਨਾਲ ਵੀ ਜੋੜਿਆ ਜਾਵੇ ਤਾਂ ਕਿ ਆਪਣੀ ਹੋਂਦ ਲਈ ਫੈਸਲੇ ਲਏ ਜਾ ਸਕਣ ਤੇ ਅਵਾਜ ਉਠਾਈ ਜਾ ਸਕੇ ।

ਇਸ ਸੰਕਲਪ ਨੂੰ ਮੁੱਖ ਰੱਖ ਕੇ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਜਿਥੇ ਗੁਰਗੱਦੀ ਸਮੇਂ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ

'ਦੋ ਤਲਵਾਰਾਂ ਬੱਧੀਆਂ,
ਇਕ ਮੀਰੀ ਦੀ ਇਕ ਪੀਰ ਦੀ'

ਉਥੇ ਸ੍ਰੀ ਅਕਾਲ ਤਖਤ ਸਾਹਿਬ ਦੀ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਸਥਾਪਨਾ ਕਰਕੇ ਸਿਖ ਕੌਮ ਨੂੰ ਸਿਆਸੀ ਕੇਂਦਰ ਨਾਲ ਜੋੜ ਦਿੱਤਾ ਤੇ ਸਿੱਖਾਂ ਦਾ ਧਰਮ ਤੇ ਸਿਆਸਤ ਜੋ ਗੁਰੂ ਨਾਨਕ ਦੇਵ ਜੀ ਤੋਂ ਹੀ ਇਕੱਠਾ ਚੱਲ ਰਿਹਾ ਸੀ ਨੂੰ ਅਮਲੀ ਜਾਮਾ ਪਹਿਨਾ ਦਿਤਾ ਤੇ ਸਿਖਾਂ ਦੀ ਸਿਆਸਤ ਨੂੰ ਧਰਮ ਦੀ ਤਾਬਿਆ ਚਲਾਉਣ ਦਾ ਹੁਕਮ ਕੀਤਾ। ਉਸ ਸਮੇਂ ਤੋਂ

ਹੀ ਗੁਰੂ ਸਾਹਿਬ ਨੇ ਸ੍ਰੀ ਅਕਾਲ ਤਖਤ ਸਾਹਿਬ ਤੇ ਫੌਜ ਭਰਤੀ ਕਰਨੀ ਸ਼ੁਰੂ ਕਰ ਦਿੱਤੀ ਤੇ ਰੋਜ ਸ਼ਾਮ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਦਰਸ਼ਨੀ ਡਿਓਢੀ ਦੇ ਵਿਚਕਾਰ ਦੀ ਜਗ੍ਹਾ ਤੇ ਕੁਸ਼ਤੀਆਂ ਦੇ ਮੁਕਾਬਲੇ ਸ਼ੁਰੂ ਕੀਤੇ ਤੇ ਫੌਜ ਦੀ ਸਿਖਲਾਈ ਅਰੰਭ ਕਰ ਦਿਤੀ ਤੇ ਅਕਾਲ ਤਖਤ ਸਾਹਿਬ ਨੂੰ ਸਿਖ ਫੌਜ ਦੀ ਪਹਿਲੀ ਛਾਉਣੀ ਬਣਾਇਆ।

ਸਥਾਨ--

ਤਖਤ ਸ੍ਰੀ ਅਕਾਲ ਤਖਤ ਸਾਹਿਬ ਦਾ ਸਿਖ ਕੌਮ ਵਿਚ ਪ੍ਰਮੁੱਖ ਅਸਥਾਨ ਹੈ। ਸ੍ਰੀ ਅਕਾਲ ਤਖਤ ਸਾਹਿਬ ਤੋਂ ਸਿਖ ਕੌਮ ਨੂੰ ਸਿਆਸੀ ਤੇ ਧਾਰਮਿਕ ਅਗਵਾਈ ਮਿਲਦੀ ਹੈ।

ਸ੍ਰੀ ਅਕਾਲ ਤਖਤ ਸਾਹਿਬ ਤੋਂ ਜਾਰੀ ਹੋਇਆ ਹਰ ਹੁਕਮਨਾਮਾ ਹਰ ਸਿਖ ਲਈ ਭਾਵੇਂ ਉਹ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਹੋਵੇ ਮੰਨਣਾ ਉਂਨਾ ਲਾਜ਼ਮੀ ਹੈ ਜਿੰਨਾ ਜਿਉਂਦੇ ਰਹਿਣ ਲਈ ਭੁਖ ਮਿਟਾਉਣਾ ।

23. **ਸਵਾਲ : ਬਾਬਾ ਬੁੱਢਾ ਜੀ ਦੀ ਬੰਸਾਵਲੀ ਦੱਸਣ ਦੀ ਕਿਰਪਾ ਕਰਨੀ ਜੀ।**

ਜਵਾਬ : ਬਾਬਾ ਬੁੱਢਾ ਜੀ ਦਾ ਵਿਆਹ ਕਦੋਂ ਅਤੇ ਕਿਸ ਨਾਲ ਹੋਇਆ ਇਸ ਬਾਰੇ ਇਤਿਹਾਸ ਨਹੀਂ ਮਿਲਦਾ।

ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਉਨ੍ਹਾਂ ਦਾ ਵਿਆਹ ਜ਼ਰੂਰ ਹੋਇਆ ਸੀ। ਪ੍ਰਿੰਸੀਪਲ ਸਤਿਬੀਰ ਸਿੰਘ ਨੇ ਉਹਨਾਂ ਦੇ ਚਾਰ ਸਪੁੱਤਰਾਂ ਦੇ ਨਾਮ ਭਾਈ ਸੁਧਾਰੀ, ਭਿਖਾਰੀ, ਮਹਿਮੂ ਅਤੇ ਭਾਨਾ ਲਿਖੇ ਹਨ। ਮਹਾਨ ਕੋਸ਼ ਵਿਚ ਭਾਈ ਕਾਨ੍ਹ ਸਿੰਘ ਨਾਭਾ ਜੀ ਨੇ ਵੀ ਇਹੀ ਨਾਮ ਲਿਖੇ ਹਨ। ਬਾਬਾ ਬੁੱਢਾ ਜੀ ਦੀ ਵੰਸ਼ ਭਾਈ ਭਾਨਾ ਜੀ ਤੋਂ ਹੀ ਚਲਦੀ ਹੈ।

ਭਾਈ ਭਾਨਾ ਜੀ ਦੇ ਦੋ ਸਪੁੱਤਰ ਭਾਈ ਜਲਾਲ ਤੇ ਭਾਈ ਸਰਵਣ ਸਨ। ਭਾਈ ਸਰਵਣ ਦੇ ਸਪੁੱਤਰ ਭਾਈ ਝੰਡਾ ਤੇ ਅੱਗੋਂ ਉਹਨਾਂ ਦੇ ਸਪੁੱਤਰ ਭਾਈ ਗੁਰਦਿਤਾ, ਫਿਰ ਉਹਨਾਂ ਦੇ ਸਪੁੱਤਰ ਗੁਰਬਖਸ਼ ਸਿੰਘ, ਉਹਨਾਂ ਦੇ ਸਪੁੱਤਰ ਮੋਹਰ ਸਿੰਘ ਆਦਿ ਹਨ।

24. **ਸਵਾਲ : ਕਈ ਕਹਿੰਦੇ ਹਨ ਕਿ ਗੁਰੂ ਨਾਨਕ ਦੇਵ ਜੀ ਦੇ ਦੋ ਸਾਥੀ ਸਨ ਭਾਈ ਮਰਦਾਨਾ ਤੇ ਭਾਈ ਬਾਲਾ। ਪਰ ਕਈ ਕਹਿੰਦੇ ਹਨ ਕਿ ਕੇਵਲ ਭਾਈ ਮਰਦਾਨਾ ਹੀ ਗੁਰੂ ਜੀ ਦਾ ਸਾਥੀ ਸੀ। ਭਾਈ ਬਾਲੇ ਦਾ ਨਾਮ ਤਾਂ ਭਾਈ ਬਾਲੇ ਵਾਲੀ ਜਨਮ ਸਾਖੀ ਤੋਂ ਪ੍ਰਸਿਧ ਹੋ ਗਿਆ। ਅਸਲ ਗੱਲ ਕੀ ਹੈ?**

ਜਵਾਬ : ਵਖ ਵਖ ਵਿਦਵਾਨਾਂ ਦੇ ਇਸ ਬਾਰੇ ਵਖੋ ਵਖਰੇ ਵੀਚਾਰ ਹਨ। ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਭਾਈ ਮਰਦਾਨਾ ਜੀ ਦਾ ਜ਼ਿਕਰ ਕੀਤਾ ਹੈ, ਪਰ ਭਾਈ ਬਾਲੇ ਦਾ ਕਿਧਰੇ ਜ਼ਿਕਰ ਨਹੀਂ ਕੀਤਾ। ਪ੍ਰਸਿਧ ਹਿਸਟੋਰੀਅਨ ਸਰਦਾਰ ਕਰਮ ਸਿੰਘ ਨੇ ਵੀ ਆਪਣੀ ਪ੍ਰਸਿੱਧ ਪੁਸਤਕ 'ਕਤਕ ਕਿ ਵਿਸਾਖ' ਵਿਚ ਭਾਈ ਬਾਲੇ ਦੀ ਹੋਂਦ ਨੂੰ ਨਹੀਂ ਮੰਨਿਆ। ਬਾਕੀ ਰਹੀ ਗੱਲ ਜਨਮ ਸਾਖੀ ਭਾਈ ਬਾਲੇ ਵਾਲੀ ਦੀ, ਇਹ ਜਨਮ ਸਾਖੀ ਬਹੁਤ ਦੇਰ ਬਾਅਦ ਹੋਂਦ ਵਿਚ ਆਈ ਸੀ ਜਿਸ ਵਿਚ ਗੁਰਮਤਿ ਤੋਂ ਵਿਰੁਧ ਕਈ ਸਾਖੀਆਂ ਹਨ। ਸੋ ਇਸ ਵਾਦ ਵਿਵਾਦ ਵਾਲੇ ਮਸਲੇ ਬਾਰੇ ਤਾਂ ਵਿਦਵਾਨ ਸਜਣ ਮਿਲ ਕੇ ਵਿਚਾਰਾਂ ਕਰਕੇ ਹੀ ਕੋਈ ਨਿਰਣਾ ਲੈ ਸਕਦੇ ਹਨ।

25. ਸਵਾਲ : ਗੁਰੂ ਗੋਬਿੰਦ ਸਿੰਘ ਜੀ ਦੇ ਨਾਨਕੇ ਕਿਥੇ ਦੇ ਸਨ?

ਜਵਾਬ : ਗੁਰੂ ਗੋਬਿੰਦ ਸਿੰਘ ਜੀ ਦੇ ਨਾਨਕੇ ਕਰਤਾਰਪੁਰ ਜ਼ਿਲਾ ਜਲੰਧਰ ਦੇ ਸਨ।

26. ਸਵਾਲ : ਸਿੱਖ ਪੰਥ ਕਿਸ ਲਈ ਜੂਝਦਾ ਹੈ?

ਜਵਾਬ : ਸੱਚ, ਪ੍ਰੇਮ, ਅਣਖ ਅਤੇ ਅਜ਼ਾਦੀ ਲਈ।

27. ਸਵਾਲ : ਅਰਦਾਸ ਤੋਂ ਬਾਅਦ ਪੜ੍ਹਿਆ ਜਾਣ ਵਾਲਾ ਦੋਹਰਾ ' ਆਗਿਆ ਭਈ ਅਕਾਲ ਕੀ . . . ਦਾ ਸ਼ੁਧ ਪਾਠ ਲਿਖਣਾ ਜੀ।

ਜਵਾਬ : ਅਰਦਾਸ ਤੋਂ ਬਾਅਦ ਪੜ੍ਹਿਆ ਜਾਣ ਵਾਲਾ ਪੰਥ ਵਲੋਂ ਪ੍ਰਵਾਣਿਤ ਦੋਹਰਾ ਹੇਠ ਲਿਖੇ ਅਨੁਸਾਰ ਹੈ:

ਆਗਿਆ ਭਈ ਅਕਾਲ ਕੀ, ਤਬੀ ਚਲਾਇਉ ਪੰਥ।।
ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨੀਓ ਗਰੰਥ।।
ਗੁਰੂ ਗ੍ਰੰਥ ਜੀ ਮਾਨੀਓ ਪ੍ਰਗਟ ਗੁਰਾਂ ਕੀ ਦੇਹ।।
ਜੋ ਪ੍ਰਭ ਕੋ ਮਿਲਬੋ ਚਹੈ, ਖੋਜ ਸਬਦ ਮੈਂ ਲੇਹ।।
ਰਾਜ ਕਰੇਗਾ ਖਾਲਸਾ, ਆਕੀ ਰਹੇ ਨਾ ਕੋਇ।।
ਖੁਆਰ ਹੋਇ ਸਭ ਮਿਲੈਂਗੇ, ਬਚੇ ਸ਼ਰਨ ਜੋ ਹੋਇ।।

28. ਸਵਾਲ : ਜੇਕਰ ਗੁਰੂ ਘਰ ਦੀ ਸੇਵਾ ਕਰਦੇ ਹੋਏ ਨਿੰਦਕਾਂ ਵਲੋਂ ਨੁਕਤਾ ਚੀਨੀਆਂ ਸੁਨਣੀਆਂ ਪੈ ਜਾਣ ਤਾਂ........?

ਜਵਾਬ : ਤਾਂ ਪਹਿਲੋਂ ਆਪੇ ਦੀ ਪੜਤਾਲ ਕਰੋ, ਜੇ ਕਮੀ ਹੈ ਜਾਂ ਊਣਤਾਈ ਹੈ, ਤਾਂ ਦੂਰ ਕਰੋ। ਜੇ ਨੁਕਤਾਚੀਨੀ ਕੇਵਲ ਨੁਕਤਾਚੀਨੀ ਵਾਸਤੇ ਹੈ, ਤਾਂ ਬੇ-ਪ੍ਰਵਾਹ ਹੋ ਕੇ ਸੇਵਾ ਕਰੀ ਜਾਉ। ਨੁਕਤਾਚੀਨੀ ਕਰਨ ਵਾਲਿਆਂ ਨਿੰਦਕਾਂ

ਨੇ ਤਾਂ ਗੁਰੂ ਨਾਨਕ ਸਾਹਿਬ ਨੂੰ ਵੀ ਕੁਰਾਹੀਆ ਕਹਿ ਦਿਤਾ ਸੀ। ਸੋ ਗੁਰੂ ਨਾਨਕ ਸਾਹਿਬ ਦੀ ਬਖਸ਼ੀ ਨਿਮ੍ਰਤਾ ਦਾ ਪਲਾ ਫੜੀ ਰਖੋ। ਨਿੰਦਕਾਂ ਨੂੰ ਮੂੰਹ ਦੀ ਖਾਣੀ ਪਵੇਗੀ।

29. ਸਵਾਲ : ਕਈ ਵਾਰ ਅੰਮ੍ਰਿਤਧਾਰੀ ਲੜਕੀਆਂ ਨੂੰ ਰਾਹ ਜਾਂਦੇ ਲੜਕੇ ਕੁਝ ਬੋਲ ਜਾਂਦੇ ਹਨ। ਦਸੋ ਉਹਨਾਂ ਨਾਲ ਕਿਸ ਤਰ੍ਹਾਂ ਦਾ ਵਰਤਾਉ ਕੀਤਾ ਜਾਵੇ?

ਜਵਾਬ : ਅੰਮ੍ਰਿਤਧਾਰੀ ਲੜਕੀ ਦੀ ਪੁਸ਼ਾਕ ਤੇ ਰੋਹਬ ਦਾਅਬ, ਇਕ ਫੈਸ਼ਨ ਵਾਲੀ ਲੜਕੀ ਨਾਲੋਂ ਜ਼ਿਆਦਾ ਪ੍ਰਭਾਵ ਵਾਲਾ ਹੁੰਦਾ ਹੈ। ਫ਼ੈਸ਼ਨਪ੍ਰਸਤ ਲੜਕੀ ਜਿਸ ਦਾ ਸਰੀਰ ਅਧ ਕਜਿਆ, ਸਿਰੋਂ ਨੰਗੀ ਤੇ ਪੁਸ਼ਾਕ ਚਟਕੀਲੀ ਭੜਕੀਲੀ ਹੋਣ ਕਰਕੇ ਆਮ ਲੜਕਿਆਂ ਦੇ ਮਜ਼ਾਕ ਦਾ ਸ਼ਿਕਾਰ ਤਾਂ ਹੋ ਸਕਦੀ ਹੈ, ਪਰ ਅੰਮ੍ਰਿਤਧਾਰੀ ਲੜਕੀ ਜਿਸ ਨੇ ਸਾਦਾ ਪੁਸ਼ਾਕ ਤੇ ਗਲ ਕ੍ਰਿਪਾਨ ਧਾਰਨ ਕੀਤੀ ਹੋਵੇ ਨੂੰ ਕੋਈ ਲੜਕਾ ਮਜ਼ਾਕ ਕਰ ਜਾਵੇ, ਸਮਝ ਵਿਚ ਆਉਣ ਵਾਲੀ ਗਲ ਨਹੀਂ। ਪਰ ਜੇ ਐਸਾ ਬੇਹੂਦਾਪਨ ਕੋਈ ਲੜਕਾ ਵਿਖਾ ਦੇਵੇ ਤਾਂ ਅੰਮ੍ਰਿਤਧਾਰੀ ਬੀਬੀ ਨੂੰ ਜੁਤੀ ਲਾਹ ਕੇ ਐਸੇ ਮਜਨੂੰਆਂ ਦੀ ਐਸੀ ਖੁੰਬ ਠਪਣੀ ਚਾਹੀਦੀ ਹੈ ਕਿ ਉਹ ਫਿਰ ਐਸੀ ਹਰਕਤ ਨਾ ਕਰ ਸਕਣ। ਜੇ ਕਰ ਗੁੰਡੇ ਜ਼ਿਆਦਾ ਹੋਣ ਤਾਂ ਘਰ ਵਾਲਿਆਂ ਤੇ ਹੋਰ ਸਿੰਘ ਸਿੰਘਣੀਆਂ ਦੀ ਵੀ ਮੌਕੇ ਤੇ ਜਾਂ ਬਾਅਦ ਵਿਚ ਮਦਦ ਲਈ ਜਾ ਸਕਦੀ ਹੈ।

30. ਸਵਾਲ : ਕਈ ਪ੍ਰਕਾਸ਼ਕਾਂ ਨੇ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਵਿਚ 'ਬਾਰਹਮਾਹ ਮਾਝ ਮਹਲਾ ੫' ਨੂੰ ਰੰਗਦਾਰ ਵੇਲਾਂ ਲਾ ਕੇ ਸ਼ਿੰਗਾਰ ਕੇ ਇਸ ਤਰ੍ਹਾਂ ਛਾਪਿਆ ਹੈ, ਜਿਵੇਂ ਹਰ ਰਾਗ ਦੇ ਆਰੰਭ ਵਿਚ ਮੰਗਲਾਚਰਨ – ਮੂਲਮੰਤਰ ਰੰਗਦਾਰ ਵੇਲਾਂ ਵਿਚ ਛਾਪਿਆ ਜਾਂਦਾ ਹੈ? ਇਸ ਬਾਣੀ ਲਈ ਐਸਾ ਉਚੇਚ ਕਿਉ ?

ਜਵਾਬ: ਇਹ ਪ੍ਰਕਾਸ਼ਕਾਂ ਦੀ ਅਗਿਆਨਤਾ ਤੇ ਮਨ ਮਰਜ਼ੀ ਦਾ ਹੀ ਨਤੀਜਾ ਹੈ ਕਿ ਉਹਨਾਂ ਨੇ ਐਸਾ ਕੀਤਾ ਹੈ। ਬਾਰਹਮਾਹ ਦੀ ਬਾਣੀ ਬਾਕੀ ਹੋਰ ਬਾਣੀਆਂ ਸੁਖਮਨੀ ਸਾਹਿਬ, ਆਨੰਦ ਸਾਹਿਬ, ਸਿਧ ਗੋਸਟਿ, ਓਅੰਕਾਰ ਆਦਿ ਵਾਂਗੂ ਹੀ ਸਮਾਨ ਦਰਜਾ ਰਖਦੀ ਹੈ, ਇਸ ਲਈ ਬਾਰਹਮਾਹ ਦੀ ਬਾਣੀ ਨੂੰ ਉਚੇਚੇ ਤੌਰ ਤੇ ਰੰਗਦਾਰ ਵੇਲਾਂ ਲਾ ਕੇ ਛਾਪਣਾ ਪ੍ਰਕਾਸ਼ਕਾਂ ਦੀ ਅਗਿਆਨਤਾ ਹੀ ਸਮਝੀ ਜਾਣੀ ਚਾਹੀਦੀ ਹੈ। ਐਸੇ ਪ੍ਰਕਾਸ਼ਕ ਬ੍ਰਹਿਮਣੀ ਮਤ ਦੇ ਪ੍ਰਭਾਵ ਹੇਠਾਂ ਦਬੇ ਹੋਏ ਹਨ ਤੇ ਉਹ ਇੰਝ ਕਰਕੇ ਸੰਗਰਾਂਦ ਦੀ ਮਹੱਤਤਾ ਦਾ ਪ੍ਰਚਾਰ ਕਰਨਾ ਚਾਹੁੰਦੇ

ਹਨ, ਜੋ ਅਸਲ ਵਿਚ ਬ੍ਰਹਿਮਣੀ ਮੱਤ ਦੇ ਪ੍ਰਭਾਵ ਨੂੰ ਹੀ ਬੜ੍ਹਾਵਾ ਦੇਣਾ ਹੈ, ਗੁਰਮਤਿ ਵਾਲੀ ਗੱਲ ਕੋਈ ਨਹੀਂ। ਚਾਹੀਦਾ ਤਾਂ ਇਹ ਹੈ ਕਿ ਗੁਰਬਾਣੀ ਕਨੂੰਨ ਹੋਂਦ ਵਿਚ ਆਵੇ ਜਿਸ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਛਾਪਣ ਦਾ ਅਧਿਕਾਰ ਕੇਵਲ ਪੰਥ ਦੀ ਕੇਂਦਰੀ ਜਮਾਤ ' ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ' ਪਾਸ ਹੋਵੇ ਤਾਂ ਕਿ ਬੀੜਾਂ ਦੀ ਛਪਾਈ ਲਗ ਮਾਤਰ ਤਕ ਸ਼ੁਧ ਰੂਪ ਵਿਚ ਹੋ ਸਕੇ ਤੇ ਕੋਈ ਪ੍ਰਕਾਸ਼ਕ ਮਨਮਤ ਨਾ ਕਰ ਸਕੇ।

31. ਸਵਾਲ: ਦਸਮ ਗ੍ਰੰਥ ਦੇ ਪਾਠ ਦਾ ਮਹੱਤਵ ਦੱਸੋ?

ਜਵਾਬ: ਦਸਮ ਗ੍ਰੰਥ ਕੋਈ ਪ੍ਰਮਾਣੀਕ ਗ੍ਰੰਥ ਨਹੀਂ। ਇਸ ਦਾ ਬਹੁਤਾ ਹਿਸਾ 'ਰਾਮ ' 'ਸ਼ਿਆਮ ' ਆਦਿ ਸਾਕਤ ਮਤਿ ਦੇ ਕਵੀਆਂ ਦਾ ਲਿਖਿਆ ਹੋਇਆ ਹੈ। ਤ੍ਰਿਆ ਚਰਿਤਰ ਦੀ ਰਚਨਾ ਤਾਂ ਏਨੀ ਅਸ਼ਲੀਲ ਹੈ ਕਿ ਪਤੀ ਪਤਨੀ ਵੀ ਆਹਮੋ ਸਾਹਮਣੇ ਬੈਠ ਕੇ ਨਹੀਂ ਸੁਣ ਸਕਦੇ। ' ਸਿੱਖ ਰਹਿਤ ਮਰਯਾਦਾ ' ਵਿਚ ਇਸ ਗ੍ਰੰਥ ਦੇ ਪਾਠ ਦਾ ਕੋਈ ਵਿਧਾਨ ਨਹੀਂ ਹੈ। ਪਾਠ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਦਾ ਹੀ ਕੀਤਾ ਜਾਂਦਾ ਹੈ। ਦਸਮ ਗ੍ਰੰਥ ਬਾਰੇ ਇਸ ਦੀ ਸੰਪਾਦਨਾ ਦੇ ਸਮੇਂ ਤੋਂ ਹੀ ਮਤ ਭੇਦ ਚਲਿਆ ਆਉਂਦਾ ਹੈ ਜੋ ਪੰਥ ਦੇ ਵਿਦਵਾਨਾਂ ਨੂੰ ਇਕਤਰ ਹੋ ਕੇ ਖਤਮ ਕਰਨਾ ਚਾਹੀਦਾ ਹੈ। ਗੁਰੂ ਸਾਹਿਬ ਦੀ ਬਾਣੀ ਤੇ ਕਵੀਆਂ ਦੀ ਰਚਨਾ ਨੂੰ ਵਖ ਵਖ ਕਰਨ ਵਿਚ ਹੋਰ ਦੇਰੀ ਨਹੀਂ ਕਰਨੀ ਚਾਹੀਦੀ।

32. ਸਵਾਲ: ਗੁਰੂ ਗੋਬਿੰਦ ਸਿੰਘ ਜੀ ਨੈਣਾਂ ਦੇਵੀ ਦੇ ਪਹਾੜ ਤੇ ਕੀ ਕਰਨ ਗਏ ਸਨ?

ਜਵਾਬ: ਗੁਰੂ ਸਾਹਿਬ ਨੇ ਨੈਣਾ ਦੇਵੀ ਦੇ ਪਹਾੜ ਤੇ ਜਾ ਕੇ ਦੇਵੀ ਪ੍ਰਗਟ ਹੋਣ ਦੇ ਨਾਟਕ ਦਾ ਪਾਜ ਖੋਹਲਿਆ ਸੀ ਅਤੇ ਲੋਕਾਂ ਨੂੰ ਪੰਡਤਾਂ ਵਲੋਂ ਪਾਏ ਗਏ ਭੁਲੇਖਿਆਂ ਬਾਰੇ ਸੁਚੇਤ ਕੀਤਾ ਸੀ ਕਿ ਅਸਲ ਸ਼ਕਤੀ ਤਲਵਾਰ ਹੀ ਹੈ ਜੋ ' ਗੁਲਾਮੀ ਦੇ ਸੰਗਲ ' ਕਟ ਸਕਣ ਦੇ ਸਮਰਥ ਹੈ। ਗੁਰੂ ਜੀ ਨੇ ਸਾਰੀ ਸਮਗਰੀ ਇਕੋ ਵਾਰ ਅੱਗ ਵਿਚ ਪਾ ਦਿਤੀ ਤੇ ਪੰਡਤ ਜੀ ਨੂੰ ਕਿਹਾ ਕਿ ਆਪਣੀ ਬਲੀ ਦੇਣ ਲਈ ਤਿਆਰ ਹੋ ਜਾਵੇ, ਤਾਂਕਿ ਉਸ ਦੇ ਕਹੇ ਅਨੁਸਾਰ ਦੇਵੀ ਪ੍ਰਗਟ ਹੋ ਸਕੇ। ਪਰ ਪੰਡਤ ਜੀ ਆਪਣੀ ਜਾਨ ਬਚਾ ਕੇ ਨਸਦੇ ਬਣੇ। ਲੋਕਾਂ ਨੂੰ ਗੁਰੂ ਜੀ ਨੇ ਦਸਿਆ ਕਿ ਸਭ ਸ਼ਕਤੀਆਂ ਦਾ ਮਾਲਕ ਇਕ ਅਕਾਲ ਪੁਰਖ ਹੈ ਜੋ ਜੀਵਾਂ ਨੂੰ ਪੈਦਾ ਕਰਦਾ ਹੈ, ਪਾਲਣਾ ਕਰਦਾ ਹੈ ਤੇ ਮਾਰ ਸਕਣ ਦੇ ਸਮਰੱਥ ਹੈ। ਸਿਖ ਧਰਮ ਵਿਚ ਦੇਵੀ ਦੀ ਪੂਜਾ ਲਈ ਕੋਈ ਥਾਂ ਨਹੀਂ ਹੈ।

33. ਸਵਾਲ: ਕੀ ਦੀਵਾਲੀ ਦਾ ਤਿਉਹਾਰ ਸਿੱਖਾਂ ਨੂੰ ਮਨਾਉਣਾ ਚਾਹੀਦਾ ਹੈ?

ਜਵਾਬ: ਦਿਵਾਲੀ ਦੇ ਤਿਉਹਾਰ ਦਾ ਸਿੱਧਾ ਸਬੰਧ ਹਿੰਦੂਆਂ ਨਾਲ ਹੈ ਜੋ ਇਸ ਦਿਨ ਲਛਮੀ ਦੀ ਪੂਜਾ ਕਰਦੇ ਹਨ। ਗੁਰਸਿਖਾਂ ਦਾ 'ਲਛਮੀ ਪੂਜਾ' ਨਾਲ ਦੂਰ ਦਾ ਵੀ ਸਬੰਧ ਨਹੀਂ। ਅੰਮ੍ਰਿਤਸਰ ਵਿਖੇ ਦਿਵਾਲੀ ਦਾ ਜੋੜ ਮੇਲਾ ਤਦ ਹੁੰਦਾ ਹੈ ਕਿਉਂਕਿ ਇਕ ਪੁਰਾਤਨ ਰਵਾਇਤ ਚਲੀ ਆਉਂਦੀ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਦੇ ਗਵਾਲੀਅਰ ਦੇ ਕਿਲ੍ਹੇ ਵਿਚੋਂ ਬਾਹਰ ਆਉਣ ਤੇ ਦੀਪ ਮਾਲਾ ਕੀਤੀ ਗਈ ਸੀ। ਗੁਰੂ ਸਾਹਿਬ ਦੀ ਯਾਦ ਵਿਚ ਅੰਮ੍ਰਿਤਸਰ ਵਿਖੇ ਭਾਰੀ ਜੋੜ ਮੇਲਾ ਤੇ ਦੀਪ ਮਾਲਾ ਕੀਤੀ ਜਾਂਦੀ ਹੈ। ਸਿੱਖ ਮਿਸਲਾਂ ਸਮੇਂ ਦੀਵਾਲੀ ਤੇ ਵੈਸਾਖੀ ਨੂੰ ਬੜੇ ਭਾਰੀ ਪੰਥਕ ਇਕੱਠ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੋਇਆ ਕਰਦੇ ਸਨ ਤੇ ਇਹਨਾਂ ਇਕੱਠਾਂ ਵਿਚ ਪੰਥਕ ਚੜ੍ਹਦੀ ਕਲਾ ਲਈ ਵਿਚਾਰਾਂ ਕੀਤੀਆਂ ਜਾਂਦੀਆਂ ਸਨ ।

34. ਸਵਾਲ: ਕੀ 'ਨੀਸੀਹਤਨਾਮਾ' ਗੁਰੂ ਨਾਨਕ ਸਾਹਿਬ ਦੀ ਬਾਣੀ ਹੈ?

ਜਵਾਬ: ਨਹੀਂ ਜੀ, ਇਹ ਬਾਣੀ ਨਹੀਂ ਹੈ। ਜੇ ਇਹ ਗੁਰਬਾਣੀ ਹੁੰਦੀ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੁੰਦੀ । ਇਸ ਵਰਗੀਆਂ ਹੋਰ ਵੀ ਕਈ ਰਚਨਾਵਾਂ ਹਨ ਜਿਹਨਾਂ ਨੂੰ ਕਈ ਪ੍ਰਚਾਰਕ ਗੁਰਬਾਣੀ ਦੇ ਤੌਰ ਤੇ ਪ੍ਰਚਾਰੀ ਜਾ ਰਹੇ ਹਨ, ਪਰ ਇਹ ਯਾਦ ਰਖਣਾ ਚਾਹੀਦਾ ਹੈ ਕਿ ਜਿਹੜੀ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਕੇਵਲ ਉਹੀ ਗੁਰਬਾਣੀ ਹੈ।

35. ਸਵਾਲ: ਕੀ ਗੁਰਪੁਰਬ ਦੇ ਮੌਕੇ ਤੇ ਲੱਚਰ ਗੀਤ ਗਾਉਣ ਵਾਲੇ ਰੇਡੀਉ ਆਰਟਿਸਟਾਂ ਨੂੰ ਬੁਲਾਉਣਾ ਠੀਕ ਹੈ?

ਜਵਾਬ: ਸੰਗਤ ਵਿਚ ਪ੍ਰਚਾਰ ਉਹੀ ਕਰ ਸਕਦਾ ਹੈ ਜੋ ਆਪ ਅੰਮ੍ਰਿਤਧਾਰੀ ਹੋਵੇ ਅਤੇ ਗੁਰਮਤਿ ਦੀ ਸਿਖਿਆ ਅਨੁਸਾਰ ਚਲਦਾ ਹੋਵੇ। ਇਹ ਬੜੀ ਬਦ-ਕਿਸਮਤੀ ਦੀ ਗੱਲ ਹੈ ਕਿ ਸਾਡੀਆਂ ਸਿੰਘ ਸਭਾਵਾਂ ਗੁਰਮਤਿ ਦੇ ਇਸ ਮਹਾਨ ਸਿਧਾਂਤ ਵੱਲ ਧਿਆਨ ਨਹੀਂ ਦਿੰਦੀਆਂ ਤੇ ਲੋਕਾਂ ਦਾ ਦਿਲ ਪਰਚਾਵਾ ਕਰਨ ਲਈ ਕੀਰਤਨੀਏਂ ਸਿੰਘਾਂ ਨੂੰ ਛੱਡ ਕੇ ਰੇਡੀਉ ਆਰਟਿਸਟਾਂ ਨੂੰ ਬੁਲਾ ਲੈਂਦੀਆਂ ਹਨ । ਜਿਨ੍ਹਾਂ ਦਾ ਆਪਣਾ ਜੀਵਨ ਨਹੀਂ ਤੇ ਜਿਨ੍ਹਾਂ ਨੂੰ ਗੁਰਬਾਣੀ ਦੀ ਸੋਝੀ ਨਹੀਂ, ਉਹ ਸੰਗਤਾਂ ਨੂੰ ਗੁਰੂ ਨਾਲ ਕਿਵੇਂ ਜੋੜ ਸਕਦੇ ਹਨ ? ਗੁਰਪੁਰਬ ਕੋਈ ਮਨ ਪਰਚਾਵੇ ਦਾ ਸਾਧਨ ਨਹੀਂ ਹਨ, ਸਗੋਂ ਆਤਮਿਕ ਖੁਰਾਕ ਲੈਣ ਦੇ

ਸੋਮੇ ਹਨ। ਸੋ ਇਸ ਵਾਸਤੇ ਆਤਮਿਕ ਖੁਰਾਕ ਦੀ ਪੂਰਤੀ ਕਰ ਸਕਣ ਵਾਲੇ ਪ੍ਰਚਾਰਕ ਹੀ ਗੁਰਪੁਰਬ ਦੇ ਮੌਕਿਆਂ ਤੇ ਬੁਲਾਉਣੇ ਯੋਗ ਹਨ।

36. ਸਵਾਲ: ਕੀ ਕੋਈ ਨਿਹਕਲੰਕ ਅਵਤਾਰ ਅਜੇ ਹੋਰ ਪ੍ਰਗਟ ਹੋਣਾ ਹੈ?

ਜਵਾਬ: ਇਹ ਕੇਵਲ ਅੰਧ ਵਿਸ਼ਵਾਸ਼ ਤੇ ਪਖੰਡ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਵਲੋਂ ਗੁਰਿਆਈ ਦੇਣੀ ਤੇ ਖਾਲਸਾ ਪੰਥ ਨੂੰ ਇਸ ਦੀ ਤਾਬਿਆ ਕਰਨਾ ਸਰਬਵਿਦਤ ਇਤਿਹਾਸਕ ਸਚਾਈ ਹੈ। ਇਸ ਸਚਾਈ ਦੇ ਹੁੰਦਿਆਂ ਕਿਸੇ ਨਿਹਕਲੰਕ ਅਵਤਾਰ ਦੇ ਪ੍ਰਗਟ ਹੋਣ ਦੀ ਗੱਲ ਕਰਨਾ ਸਿੱਖੀ ਸਿਧਾਂਤਾਂ ਤੇ ਸਿਖ ਇਤਿਹਾਸ ਤੋਂ ਮੁਨਕਰ ਹੋਣ ਵਾਲੀ ਗੱਲ ਹੈ। ਸਿੱਖਾਂ ਦੀ ਅਗਵਾਈ ਕਰਨ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ਜੋ ਜੁਗੋ ਜੁਗ ਅਟੱਲ ਹਨ।

37. ਸਵਾਲ: ਸੰਨ ੧੬੯੯ ਦੀ ਵਿਸਾਖੀ ੩੦ ਮਾਰਚ ਨੂੰ ਕਿਵੇਂ ਆ ਗਈ ਜਦੋਂ ਕਿ ਅੱਜ ਕਲ ਤਾਂ ੧੩ ਜਾਂ ੧੪ ਅਪ੍ਰੈਲ ਨੂੰ ਹੀ ਆਉਂਦੀ ਹੈ।

ਜਵਾਬ: ਯੂਰਪ ਦੇ ਵੱਖ ਵੱਖ ਮੁਲਕਾਂ ਵਿਚ ਸੰਨ ਈਸਵੀ ਵੱਖ ਵੱਖ ਤਾਰੀਖਾਂ ਤੋਂ ਸ਼ੁਰੂ ਹੁੰਦਾ ਸੀ। ਸਹਿਜੇ ਸਹਿਜੇ ਸਾਰੇ ਮੁਲਕਾਂ ਨੇ ਕੁਝ ਦਿਨ ਘਟਾ ਵਧਾ ਕੇ ਸਾਲ ਬਰਾਬਰ ਕਰ ਲਿਆ, ਪਰ ਇੰਗਲੈਂਡ ਨੇ ਇੰਝ ਨਾ ਕੀਤਾ । ਮਗਰੋਂ ਅੰਗਰੇਜ਼ਾਂ ਨੇ ਵੀ ੧੭੫੨ ਈ: ਵਿਚ ਗਿਆਰਾਂ ਦਿਨ ਵਧਾ ਕੇ ਸਾਲ ਬਰਾਬਰ ਕਰ ਲਿਆ। ਪਹਿਲੀ ਅੱਸੂ, ੧੮੦੯ ਬਿਕ੍ਰਮੀ, ਬੁਧਵਾਰ ਨੂੰ ੧੭੫੨ ਈ: ਦੇ ਸਤੰਬਰ ਦੀ ਦੋ ਤ੍ਰੀਕ ਸੀ। ਅਗਲੇ ਦਿਨ ਦੋ ਅੱਸੂ, ਵੀਰਵਾਰ ਨੂੰ, ੧੪ ਸਤੰਬਰ ਕਰ ਦਿਤੀ ਗਈ। ਏਸ ਤਰ੍ਹਾਂ ਵਿਸਾਖੀ ੨੭-੩੦ ਮਾਰਚ ਤੋਂ ਬਦਲ ਕੇ ੯ - ੧੩ ਅਪਰੈਲ ਨੂੰ ਆਉਣ ਲੱਗ ਪਈ। ੧੭੫੨ ਈ. ਦੀ ਵਿਸਾਖੀ ੨੯ ਮਾਰਚ ਨੂੰ ਸੀ, ਤੇ ੧੭੫੩ ਈ ਵਿਸਾਖੀ ੯ ਅਪਰੈਲ ਨੂੰ ਆਈ। ੧੯੦੨ ਨੂੰ ਪਹਿਲੀ ਵਾਰ ਵਿਸਾਖੀ ੧੩ ਅਪਰੈਲ ਨੂੰ ਆਈ ਸੀ। ਫਿਰ ੧੨-੧੩ ਨੂੰ ਬਦਲ ਬਦਲ ਕੇ ਆਉਂਦੀ ਰਹੀ। ੧੯੪੦ ਈ: ਨੂੰ ਆਖਰੀ ਵਾਰ ੧੨ ਨੂੰ ਵਿਸਾਖੀ ਸੀ। ਇਸ ਤੋਂ ਪਿਛੋਂ ੧੩ ਨੂੰ ਆ ਰਹੀ ਹੈ। ਕਦੇ ਇਹ ਤਾਰੀਖ ਵੀ ਬਦਲ ਜਾਵੇਗੀ।

38. ਸਵਾਲ: ਕੀ ' ਪ੍ਰੇਮ ਸੁਮਾਰਗ ' ਪੁਸਤਕ ਦਸਮੇਸ਼ ਜੀ ਦੀ ਰਚਨਾ ਹੈ?

ਜਵਾਬ: ਭਾਵੇਂ ਇਸ ਪੁਸਤਕ ਦੇ ਆਦਿ ਵਿਚ "ਸ੍ਰੀ ਮੁਖਵਾਕ ਪਾਤਸਾਹੀ ੧੦ " ਲਿਖਿਆ ਹੋਇਆ ਹੈ, ਪਰ ਇਹ ਕਿਸੇ ਪ੍ਰੇਮੀ ਸਿੱਖ ਦੀ ਰਚਨਾ ਹੈ, ਜੋ

੧੯੯੦ ਤੋਂ ੧੯੯੫ ਵਿਚ ਲਿਖੀ ਗਈ ਮਲੂਮ ਹੁੰਦੀ ਹੈ। ਇਸ ਵਿਚ ਕੁਝ ਗੱਲਾਂ ਜਿਥੇ ਗੁਰਮਤਿ ਦੀ ਸੋਧ ਦਿੰਦੀਆਂ ਹਨ ਉਥੇ ਕੁਝ ਗੱਲਾਂ ਗੁਰਮੱਤਿ ਨਾਲ ਮੇਲ ਨਹੀਂ ਖਾਂਦੀਆਂ।

39. ਸਵਾਲ: ਸਤੰਬਰ ੧੯੯੪ ਦੇ ਪਰਚੇ ਵਿਚ ਤੁਸੀਂ ' ਸੰਤਾ ਸਿੰਘ ' ਨੂੰ ਸਿੱਖ ਪੰਥ ਵਿਚੋਂ ਖਾਰਜ ਕਰਨ ਵਾਲਾ ਸ੍ਰੀ ਅਕਾਲ ਤਖਤ ਸਾਹਿਬ ਦਾ ਹੁਕਮਨਾਮਾ ਛਾਪਿਆ ਸੀ, ਪਰ ਰਾਸ਼ਟਰਪਤੀ ਜ਼ੈਲ ਸਿੰਘ ਤੇ ਮੰਤਰੀ ਬੂਟਾ ਸਿੰਘ ਨੂੰ ਤਨਖਾਹੀਆ ਕਰਾਰ ਦੇਣ ਵਾਲਾ ਹੁਕਮਨਾਮਾ ਨਹੀਂ ਛਾਪਿਆ। ਅਸੀਂ ਉਹ ਪੜ੍ਹਨਾ ਚਾਹੁੰਦੇ ਹਾਂ, ਕ੍ਰਿਪਾ ਕਰਕੇ ਛਾਪ ਕੇ ਧੰਨਵਾਦੀ ਬਣਾਉ।

ਜਵਾਬ: ਆਪ ਜੀ ਦੇ ਹੁਕਮ ਦੀ ਪਾਲਣਾ ਕਰਦੇ ਹੋਏ ਇਹ ਹੁਕਮਨਾਮਾ ਹੇਠਾਂ ਦਿਤਾ ਜਾ ਰਿਹਾ ਹੈ :

੧ਓ ਵਾਹਿਗੁਰੂ ਜੀ ਕੀ ਫ਼ਤਹਿ।।

ਸ੍ਰੀ ਅਕਾਲ ਤਖਤ ਸਾਹਿਬ

ਹੁਕਮ ੧

ਸ੍ਰੀ ਅੰਮ੍ਰਿਤਸਰ , ੨ - ੯- ੮੪

੪ - ੫ ਤੇ ੬ ਜੂਨ ੧੯੮੪ ਨੂੰ ਜ਼ੈਲ ਸਿੰਘ ਦੇ ਆਰਡਰ ਅਨੁਸਾਰ ਭਾਰਤੀ ਫ਼ੌਜ ਵਲੋਂ ਤੋਪਾਂ ਟੈਂਕਾਂ ਨਾਲ ਲੈਸ ਹੋ ਕੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਮੇਤ ਪੰਜਾਬ ਭਰ ਦੇ ੩੮ ਸਿੱਖ ਗੁਰਦੁਆਰਾ ਸਾਹਿਬਾਨ ਤੇ ਧਾਵਾ ਬੋਲ ਕੇ, ਸ੍ਰੀ ਹਰਿਮੰਦਰ ਸਾਹਿਬ ਨੂੰ ਗੋਲੀਆਂ ਮਾਰੀਆਂ ਗਈਆਂ। ਸਿੱਖ ਕੌਮ ਦੇ ਸ਼ਰੋਮਣੀ ਤਖਤ ਸ੍ਰੀ ਅਕਾਲ ਤਖਤ ਸਾਹਿਬ ਨੂੰ ਤੋਪਾਂ ਟੈਂਕਾਂ ਨਾਲ ਢਾਹਿਆ ਗਿਆ। ਦਰਸ਼ਨੀ ਡਿਉੜੀ ਨੂੰ ਤੋਪ ਦੇ ਗੋਲਿਆਂ ਨਾਲ ਵਿੰਨ੍ਹਿਆਂ ਗਿਆ, ਸ੍ਰੀ ਹਰਿਮੰਦਰ ਸਾਹਿਬ ਅੰਦਰ ਪ੍ਰਕਾਸ਼ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਨੂੰ ਗੋਲੀ ਨਾਲ ਜ਼ਖਮੀ ਕੀਤਾ ਗਿਆ। ਢਾਈ ਹਜ਼ਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਦੀਆਂ ਪੁਰਾਤਨ ਹੱਥ ਲਿਖਤ ਬੀੜਾਂ ਅਗਨ ਭੇਟ ਕੀਤੀਆਂ ਗਈਆਂ। ਸਿੱਖ ਗੁਰੂ ਸਾਹਿਬਾਨ ਤੇ ਮਹਾਨ ਸ਼ਹੀਦ ਸਿੰਘਾਂ ਦੇ ਪਾਵਨ ਸਸ਼ਤਰ, ਤੋਸ਼ਾਖਾਨਾ ਦੀ ਕੀਮਤੀ ਚਾਨਣੀ ਅਤੇ ਸਿੱਖ ਰੈਫਰੈਂਸ ਲਾਇਬਰੇਰੀ ਵਿਚ ਵੱਡਮੁੱਲੇ ਸਭਿਆਚਾਰਕ ਵਿਰਸੇ ਨੂੰ ਸਾੜ ਕੇ ਸੁਆਹ ਕੀਤਾ ਗਿਆ। ਸ੍ਰੀ ਗੁਰੂ ਰਾਮ ਦਾਸ ਸਰਾਂ, ਤੇਜਾ ਸਿੰਘ ਸਮੁੰਦਰੀ ਹਾਲ ਅਤੇ ਸ੍ਰੀ ਗੁਰੂ ਨਾਨਕ ਨਿਵਾਸ ਨੂੰ ਜਾਣ ਬੁਝ ਕੇ ਬਰਬਾਦ ਕੀਤਾ ਗਿਆ, ਵੱਖ ਵੱਖ ਗੁਰਧਾਮਾਂ ਵਿਚ

ਦਰਸ਼ਨਾਂ ਲਈ ਆਏ ਹਜ਼ਾਰਾਂ ਸਿੰਘਾਂ, ਸਿੰਘਣੀਆਂ ਤੇ ਬੱਚੇ ਬੱਚੀਆਂ ਦਾ ਕਤਲਿਆਮ ਕੀਤਾ ਗਿਆ ਅਤੇ ਪੰਜਾਬ ਭਰ ਵਿਚ ਸਿੱਖਾਂ ਵਿਰੁੱਧ ਇਹ ਦਮਨ ਚੱਕਰ ਹਾਲੀਂ ਤੀਕ ਵੀ ਜਾਰੀ ਹੈ। ਇਹ ਇਕ ਐਸਾ ਵਹਿਸ਼ੀਆਨਾ ਤੇ ਕਾਤਲਾਨਾ ਹਮਲਾ ਹੈ, ਜਿਸ ਨੇ ਸਮੁੱਚੀ ਸਿੱਖ ਕੌਮ ਦੇ ਹਿਰਦੇ ਨੂੰ ਲਹੂ ਲੁਹਾਨ ਕਰ ਸੁੱਟਿਆ ਹੈ।

ਜ਼ੈਲ ਸਿੰਘ ਨੇ ੮ ਜੂਨ ੧੯੮੪ ਨੂੰ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਜ਼ੁਲਮਾਂ ਦੇ ਦ੍ਰਿਸ਼ ਵੇਖਣ ਤੋਂ ਬਾਅਦ ਵੀ ਰੇਡੀਉ ਅਤੇ ਦੂਰ-ਦਰਸ਼ਨ ਤੇ ਦਿੱਤੀ ਆਪਣੀ ਸਪੀਚ ਵਿਚ ਸਿੱਖ ਕੌਮ ਨਾਲ ਕੀਤੇ ਦਿਲ ਕੰਬਾਊ ਜ਼ੁਲਮਾਂ ਬਾਰੇ ਇਕ ਲਫਜ਼ ਤਕ ਨਾ ਕਿਹਾ ਅਤੇ ਨਾ ਹੀ ਆਹ ਦਾ ਨਾਅਰਾ ਮਾਰਿਆ। ਭਾਰਤ ਸਰਕਾਰ ਵਲੋਂ ਸਿੱਖ ਕੌਮ ਨਾਲ ਲਗਾਤਾਰ ਕੀਤੇ ਜਾ ਰਹੇ ਜ਼ੁਲਮਾਂ ਦੀ ਜ਼ਿੰਮੇਵਾਰੀ ਭਾਰਤੀ ਫੌਜ ਦੇ ਸੁਪਰੀਮ ਕਮਾਂਡਰ ਹੋਣ ਦੇ ਨਾਤੇ ਜ਼ੈਲ ਸਿੰਘ ਉਪਰ ਆਉਂਦੀ ਹੈ।

ਜ਼ੈਲ ਸਿੰਘ ਨੇ ੮ ਜੂਨ, ੧੯੮੪ ਨੂੰ ਆਪਣੇ ਸਿਰ ਤੇ ਛਤਰ ਲੈ ਕੇ, ਤੇ ਜੁੱਤੀ ਪਾ ਕੇ ਸ੍ਰੀ ਹਰਿਮੰਦਰ ਸਾਹਿਬ ਦੀਆਂ ਪਰਕਰਮਾਂ ਵਿਚ ਪੁੱਜ ਕੇ ਮਹਾਨ ਸਿੱਖ ਰਵਾਇਤਾਂ ਅਤੇ ਸਿੱਖ ਰਹਿਤ ਮਰਯਾਦਾ ਦਾ ਘੋਰ ਅਪਮਾਨ ਕੀਤਾ ਹੈ।

ਉਪਰੋਕਤ ਦੋਸ਼ਾਂ ਦੇ ਕਾਰਨ ਉਸ ਨੂੰ ਸਿੱਖ ਹੋਣ ਦੇ ਨਾਤੇ ਖਾਲਸਈ ਮਰਯਾਦਾ ਅਨੁਸਾਰ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਤਨਖ਼ਾਹੀਆ ਕਰਾਰ ਦਿੱਤਾ ਜਾਂਦਾ ਹੈ। ਸਰਬ ਸੰਸਾਰ ਦੀਆਂ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਜਦੋਂ ਤਕ ਜ਼ੈਲ ਸਿੰਘ ਸ੍ਰੀ ਅਕਾਲ ਤਖਤ ਸਾਹਿਬ ਖ਼ੁਦ ਹਾਜ਼ਰ ਹੋ ਕੇ ਭੁੱਲ ਬਖਸ਼ਵਾ ਕੇ ਤਨਖਾਹ ਨਹੀਂ ਲਵਾ ਲੈਂਦਾ ਉਦੋਂ ਤਕ ਕੋਈ ਸਿੱਖ, ਸੰਗਤ ਕਿਸੇ ਪ੍ਰਕਾਰ ਦੀ ਇਸ ਨਾਲ ਮਿਲਵਰਤਨ ਨਾ ਕਰੇ ਜਿਹੜਾ ਸਿੱਖ ਉਪਰੋਕਤ ਹੁਕਮਨਾਮੇ ਦੀ ਉਲੰਘਣਾ ਕਰੇਗਾ ਉਸ ਦੇ ਖਿਲਾਫ਼ ਵੀ ਗੁਰਮਤਿ ਅਨੁਸਾਰ ਕਾਰਵਾਈ ਕ਼ੀਤੀ ਜਾਵੇਗੀ ।

ਹੁਕਮ ੨

ਕੇਂਦਰ ਸਰਕਾਰ ਦੇ ਮੰਤਰੀ ਬੂਟਾ ਸਿੰਘ ਨੇ ਮਿਤੀ ੧੬ ਅਤੇ ੧੭ ਜੂਨ ੧੯੮੪ ਦੀਆਂ ਸਾਡੇ ਨਾਲ ਹੋਈਆਂ ਮੀਟਿੰਗਾਂ ਵਿਚ ਸਾਨੂੰ ਭਰੋਸਾ ਦਿਵਾਇਆ ਸੀ ਕਿ ਸਾਡੇ ਵਲੋਂ ਲਿਖ ਕੇ ਦਿੱਤੇ ੧੪ ਪੁਆਇੰਟ ਪ੍ਰਧਾਨ ਮੰਤਰੀ ਤੋਂ ਮਨਜ਼ੂਰ ਕਰਵਾ ਕੇ ਐਲਾਨ ਕਰਵਾ ਦਿਆਂਗਾ। ਜਿਨ੍ਹਾਂ ਵਿਚ ਪਹਿਲਾ ਨੁਕਤਾ

ਇਹ ਸੀ ਕਿ ਫੌਜ ਨੂੰ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚੋਂ ਬਾਹਰ ਕੱਢਿਆ ਜਾਵੇ ਅਤੇ ਕਾਰ ਸੇਵਾ ਪੰਜ ਸਿੰਘ ਸਾਹਿਬਾਨ ਵਲੋਂ ਜੋ ਬਾਬੇ ਹਰਬੰਸ ਸਿੰਘ ਨੂੰ ਸਉਂਪੀ ਗਈ ਹੈ, ਸਰਕਾਰ ਉਸ ਨਾਲ ਸਹਿਮਤ ਹੋਵੇਗੀ। ਪਰ ਬਾਦ ਵਿਚ ਦਿਲੀ ਜਾ ਕੇ ਮੁਕਰ ਗਿਆ। ਦੂਜੀ ਵਾਰ ਬਾਬਾ ਖੜਕ ਸਿੰਘ ਦੀ ਸਰਪਰਸਤੀ ਹੇਠ ਬਾਬਾ ਹਰਬੰਸ ਸਿੰਘ ਨੇ ਸੇਵਾ ਕਰਨੀ ਮੰਨ ਲਈ, ਜਿਸ ਨੂੰ ਸਿੰਘ ਸਾਹਿਬਾਨ ਨੇ ਪ੍ਰਵਾਨਗੀ ਦੇ ਦਿੱਤੀ । ਨਾਲ ਹੀ ਬੂਟਾ ਸਿੰਘ ਨੇ ਸਰਕਾਰ ਵਲੋਂ ਸੰਮਤੀ ਪ੍ਰਗਟਾਈ, ਬਾਦ ਵਿਚ ਬੂਟਾ ਸਿੰਘ ਸਾਫ਼ ਮੁਕਰ ਗਿਆ। ਸਿੰਘ ਸਾਹਿਬ ਨੂੰ ਗੱਲਬਾਤ ਦੇ ਚੱਕਰ ਵਿਚ ਪਾ ਕੇ ਸਮਾਂ ਲੰਘਾ ਕੇ ਸਾਂਝੀ ਮਰਜ਼ੀ ਤੇ ਸਿੱਖ ਪਰੰਪਰਾਵਾਂ ਦੇ ਉਲਟ ਨਿਹੰਗ ਸੰਤਾ ਸਿੰਘ ਨੂੰ ਲੈ ਆਇਆ। ਪੰਜਾਂ ਸਿੰਘ ਸਾਹਿਬਾਨਾਂ ਵਲੋਂ ਦਿੱਤੇ ਗਏ ਨੋਟਿਸ ਦੀ ਪਰਵਾਹ ਨਾ ਕਰਦਿਆਂ ਸੰਤਾ ਸਿੰਘ ਤੋਂ ਸੇਵਾ ਸ਼ੁਰੂ ਕਰਵਾ ਦਿੱਤੀ। ਫਿਰ ਸੰਤਾ ਸਿੰਘ ਨੂੰ ਤਨਖਾਹੀਆ ਕਰਾਰ ਦੇ ਕੇ ਪੰਥ ਵਿਚੋਂ ਖਾਰਜ ਕੀਤੇ ਜਾਣ ਦੇ ਬਾਵਜੂਦ ਵੀ ਇਸ ਨੂੰ ਸੇਵਾ ਤੋਂ ਨਾ ਹਟਾਇਆ, ਸਗੋਂ ੧੧ ਅਗਸਤ ਨੂੰ ਸਰਕਾਰੀ ਸਰਬੱਤ ਖਾਲਸਾ ਨਾਂ ਦਾ ਇਕੱਠ ਸਰਕਾਰੀ ਮਸ਼ੀਨਰੀ ਵਰਤ ਕੇ ਸਿੱਖਾਂ ਨੂੰ ਗੁਮਰਾਹ ਕਰਨ ਲਈ ਸੱਦ ਲਿਆ। ਉਸ ਅਖੌਤੀ ਸਰਬੱਤ ਖਾਲਸਾ ਸੰਮੇਲਨ ਵਿਚ ਸਿੰਘ ਸਾਹਿਬਾਨ ਦੀ ਸ਼ਾਨ ਤੇ ਪਦਵੀ ਵਿਰੁੱਧ ਅਪਮਾਨ-ਜਨਕ ਸ਼ਬਦ ਕਹੇ। ਪੰਜ ਸਿੰਘ ਸਾਹਿਬਾਨ ਦੀ ਅਥਾਰਟੀ ਨੂੰ ਵੀ ਚੈਲਿੰਜ ਕੀਤਾ ਗਿਆ।

ਉਪਰੋਕਤ ਦੋਸ਼ਾਂ ਦੇ ਅਧਾਰ ਤੇ ਬੂਟਾ ਸਿੰਘ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਤਨਖਾਹੀਆਂ ਕਰਾਰ ਦਿੱਤਾ ਜਾਂਦਾ ਹੈ। ਸਰਬ ਸੰਸਾਰ ਦੀਆਂ ਸੰਗਤਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਜਦੋਂ ਤਕ ਬੂਟਾ ਸਿੰਘ ਸ੍ਰੀ ਅਕਾਲ ਤਖਤ ਸਾਹਿਬ ਹਾਜ਼ਰ ਹੋ ਕੇ ਭੁਲ ਬਖਸ਼ਵਾ ਕੇ ਤਨਖ਼ਾਹ ਨਹੀਂ ਲਵਾ ਲੈਂਦਾ ਉਦੋਂ ਤਕ ਕੋਈ ਵੀ ਸਿੱਖ ਸੰਗਤ ਕਿਸੇ ਪ੍ਰਕਾਰ ਦੀ ਇਸ ਨਾਲ ਮਿਲਵਰਤਨ ਨਾ ਕਰੇ

40. ਸਵਾਲ: ਸਿੱਖ ਕੌਮ ਉਪਰ ਜੋ ਜ਼ੁਲਮ ਹੋਇਆ ਤੇ ਹੋ ਰਿਹਾ ਕੀ ਉਹ ਅਕਾਲਪੁਰਖ ਦੇ ਭਾਣੇ ਵਿਚ ਨਹੀਂ? ਜੇ ਹੈ ਤਾਂ ਫਿਰ ਵਿਰੋਧ ਕਿਉਂ?

ਜਵਾਬ: ਜ਼ਾਲਮ ਦੇ ਜ਼ੁਲਮ ਨੂੰ ਅਕਾਲਪੁਰਖ ਦਾ ਭਾਣਾ ਕਹਿਣਾ 'ਭਾਣਾ' ਸ਼ਬਦ ਦੀ ਤੌਹੀਨ ਹੈ। ਜੇ ਜ਼ਾਲਮ ਦਾ ਜ਼ੁਲਮ ਉਸ ਵਾਹਿਗੁਰੂ ਦੇ ਭਾਣੇ ਵਿਚ ਮੰਨਦੇ ਹੋ ਤਾਂ ਉਸ ਜ਼ੁਲਮ ਦਾ ਦੰਡ ਦੇਣਾ ਜਾਂ ਉਸ ਜ਼ਾਲਮ ਦਾ ਟਾਕਰਾ ਕਰਨਾ ਭੀ ਭਾਣੇ ਤੋਂ ਬਾਹਰ ਨਹੀਂ ਕਿਹਾ ਜਾ ਸਕਦਾ।

41. ਸਵਾਲ: ਕਿਰਪਾਨ ਬਾਰੇ ਭਾਰਤ ਦਾ ਵਿਧਾਨ ਕੀ ਕਹਿੰਦਾ ਹੈ ਅਤੇ ਹੁਣ ਹਵਾਈ ਜਹਾਜ਼ ਤੇ ਚੜ੍ਹਣ ਸਮੇਂ ਇਸ ਦੀ ਕੀ ਪੋਜ਼ੀਸ਼ਨ ਹੈ?

ਜਵਾਬ: ਭਾਰਤ ਦੇ ਵਿਧਾਨ ਦੀ ਧਾਰਾ ੨੫ ਦੇ ਸ਼ਪਸ਼ਟੀਕਰਨ ਨੰਬਰ ੧ ਅਨੁਸਾਰ ਹਰ ਸਿੱਖ ਨੂੰ ਕਿਰਪਾਨ ਰੱਖਣ ਤੇ ਪਹਿਨਣ ਦੀ ਖੁਲ੍ਹ ਹੈ। ਇਸ ਬਾਰੇ ਕੋਈ ਵਿਧਾਨਕ ਸ਼ਰਤ ਨਹੀਂ ਕਿ ਕਿਰਪਾਨ ਕਿੱਡੀ ਲੰਮੀ ਤੇ ਕਿਸ ਕਿਸਮ ਦੀ ਹੋਣੀ ਚਾਹੀਦੀ ਹੈ, ਪਰ ਕੇਂਦਰੀ ਸਰਕਾਰ ਨੇ ਵਿਧਾਨ ਦੀ ਪ੍ਰਵਾਹ ਨਾ ਕਰਦੇ ਹੋਏ ਕਿਰਪਾਨ ਤੇ ਪਾਬੰਦੀ ਲਾ ਦਿਤੀ ਹੈ ਕਿ ੬ ਇੰਚ ਤੋਂ ਵਧ ਲੰਮੀ ਕਿਰਪਾਨ ਲੈ ਕੇ ਤੁਸੀ ਜਹਾਜ਼ ਵਿਚ ਨਹੀਂ ਚੜ੍ਹ ਸਕਦੇ।

42. ਸਵਾਲ: ਕਈ ਗੁਰਸਿਖ ੬੦ – ੬੧ ਸਾਲ ਦੀ ਉਮਰ ਦੇ ਹੋ ਜਾਂਦੇ ਹਨ ਪਰ ਅੰਮ੍ਰਿਤ ਨਹੀਂ ਛਕਦੇ ਜੇ ਕਹੋ ਤਾਂ ਕਹਿ ਦਿੰਦੇ ਹਨ ਹੁਣ ਬੁੱਢੇ ਹੋ ਗਏ ਹਾਂ ਬਾਕੀ ਪਤਾ ਨਹੀਂ ਕਿੰਨੀ ਰਹਿ ਗਈ ਹੈ, ਗੁਰੂ ਆਪੇ ਕਿਰਪਾ ਕਰੇਗਾ। ਜੇ ਨੌਜੁਆਨ ਨੂੰ ਕਹਿ ਦੇਈਏ ਅੰਮ੍ਰਿਤ ਕਿਉਂ ਨਹੀਂ ਛਕਦੇ ? ਕਹਿ ਦਿੰਦੇ ਹਨ ਕਿ ਅਜੇ ਖਾਣ ਪੀਣ ਦੀ ਉਮਰ ਹੈ ਬੁੱਢੇ ਹੋ ਕੇ ਛਕਾਂਗੇ। ਅਜਿਹੇ ਸਿੱਖਾਂ ਨੂੰ ਕੀ ਜੁਆਬ ਦਿੱਤਾ ਜਾਏ?

ਜਵਾਬ: ਆਪ ਜੀ ਨੇ ਜੋ ਸਮੱਸਿਆ ਲਿਖੀ ਹੈ ਅਸਲ ਵਿਚ ਇਹ ਸਿੱਖੀ ਪ੍ਰਚਾਰ ਦੀ ਘਾਟ ਵਿਚੋਂ ਪੈਦਾ ਹੋਈ ਹੈ। ਜੇ ਘਰ ਦਾ ਵਾਤਾਵਰਣ ਸਿੱਖੀ ਰੰਗਣ ਵਾਲਾ ਹੋਵੇ, ਮਾਤਾ ਪਿਤਾ ਅੰਮ੍ਰਿਤਧਾਰੀ ਹੋਣ ਤੇ ਬੱਚੇ ਦੀ ਆਤਮਿਕ ਜ਼ਿੰਦਗੀ ਦਾ ਵੀ ਉਤਨਾ ਹੀ ਖਿਆਲ ਰਖਦੇ ਹੋਣ ਜਿੰਨਾਂ ਦੁਨਿਆਦਾਰੀ ਦਾ, ਤਾਂ ਬੱਚਾ ਵੀ ਗੁਰਸਿੱਖੀ ਵਾਤਾਵਰਨ ਵਿਚ ਪਲ ਤੇ ਤਿਆਰ ਬਰ ਤਿਆਰ ਅੰਮ੍ਰਿਤਧਾਰੀ ਸਿੱਖ ਸਜ ਜਾਵੇਗਾ। ਇਹ ਸਮੱਸਿਆ ਉਦੋਂ ਪੈਦਾ ਹੁੰਦੀ ਹੈ ਜਦੋਂ ਪਰਵਾਰ ਆਪ ਅੰਮ੍ਰਿਤਧਾਰੀ ਨਹੀਂ। ਅਗਰ ਮਾਤਾ ਪਿਤਾ ਅੰਮ੍ਰਿਤ ਵੇਲੇ ਨਹੀਂ ਉਠਦੇ, ਨਾ ਨਿਤਨੇਮ ਕਰਦੇ ਹਨ, ਨਾ ਗੁਰਦੁਆਰੇ ਜਾ ਕੇ ਸੰਗਤ ਹੀ ਕਰਦੇ ਹਨ, ਤਾਂ ਬੱਚਿਆਂ ਤੇ ਸਿੱਖੀ ਪ੍ਰਭਾਵ ਕਿਵੇਂ ਪਵੇ? ਬੱਚੇ ਵੱਡੇ ਹੋ ਕੇ ਵਿਗੜ ਜਾਂਦੇ ਹਨ ਤੇ ਸਿੱਖੀ ਦੀ ਕੋਈ ਗਲ ਸੁਣਨ ਲਈ ਤਿਆਰ ਨਹੀਂ ਹੁੰਦੇ । ਸੋ ਇਸ ਸਮੱਸਿਆ ਦਾ ਸਹੀ ਤੇ ਠੋਸ ਹਲ ਤਾਂ ਇਹੀ ਹੈ ਕਿ ਘਰਾਂ ਦਾ ਵਾਤਾਵਰਨ ਸਿੱਖੀ ਰੰਗਣ ਵਾਲਾ ਬਣਾਇਆ ਜਾਵੇ, ਪਰ ਐਸਾ ਹੋਵੇਗਾ ਸਿੱਖੀ ਪਰਚਾਰ ਨਾਲ । ਇਸ ਦਾ ਢੰਗ ਹੈ ਘਰ ਘਰ ਜਾ ਕੇ ਸਿੱਖੀ ਅਸੂਲਾਂ ਦਾ ਪ੍ਰਚਾਰ ਕਰਨਾ, ਹਰ ਘਰ ਵਿਚ ਸਿੱਖ ਲਿਟਰੇਚਰ ਧਾਰਮਿਕ ਮੈਗਜ਼ੀਨਾਂ ਪਹੁੰਚਾਣਾ, ਬਚਿਆਂ ਤੇ ਨੌਜਵਾਨਾਂ ਦੀਆਂ ਧਾਰਮਿਕ ਕਲਾਸਾਂ ਲਗਾ ਕੇ ਉਹਨਾਂ ਨੂੰ ਸਿੱਖ ਧਰਮ ਦੀ

ਵਿਸ਼ਾਲ ਜਾਣਕਾਰੀ ਦੇਣਾ। ਬਾਕੀ ਗੁਰੂ ਨੇ ਤਾਂ ਕਿਰਪਾ ਕੀਤੀ ਹੋਈ ਹੈ ਜੋ ਸਾਨੂੰ ਗੁਰਸਿੱਖਾਂ ਦੇ ਘਰਾਂ ਵਿਚ ਵਿਚ ਜਨਮ ਦਿਤਾ ਹੈ। ਸਾਡੇ ਉਧਾਰ ਲਈ ਗੁਰਬਾਣੀ ਦਾ ਖਜ਼ਾਨਾ ਸਾਨੂੰ ਬਖਸ਼ਿਆ ਹੈ। ਸਾਨੂੰ ਅਕਾਲ ਪੁਰਖ ਦੇ ਲੜ ਲਾਇਆ ਹੈ। ਜੋ ਅਜੇ ਉਡੀਕ ਰਹੇ ਹਨ ਕਿ ਕੁਝ ਦੇਰ ਠਹਿਰ ਕੇ ਅੰਮ੍ਰਿਤ ਛਕਾਂਗੇ, ਉਹ ਨਹੀਂ ਜਾਣਦੇ ਕਿ ਅਗਲਾ ਸਾਹ ਆਉਣਾ ਵੀ ਹੈ ਕਿ ਨਹੀਂ। ਸੋ ਹੁਣ ਬੁਢਿਆਂ ਨਾਲੋਂ ਜ਼ਿਆਦਾ ਪ੍ਰੇਰਣਾ ਨੌਜੁਆਨਾਂ ਨੂੰ ਕਰਨ ਦੀ ਲੋੜ ਹੈ, ਜਦੋਂ ਬੱਚੇ ਅੰਮ੍ਰਿਤ ਛਕ ਲੈਣਗੇ ਤਾਂ ਬੁਢੇ ਮਾਂ ਬਾਪ ਆਪਣੇ ਆਪ ਸ਼ਰਮਸਾਰ ਹੋਣਗੇ।

43. **ਸਵਾਲ: ਆਮ ਤੌਰ ਤੇ ਸਾਰੇ ਗੁਰਦੁਆਰਿਆਂ ਵਿਚ ਪਹਿਲੀ, ਪੰਜਵੀਂ, ਨੌਵੀਂ ਤੇ ਦਸਵੀਂ ਪਾਤਸ਼ਾਹੀ ਨਾਲ ਸਬੰਧਤ ਗੁਰਪੁਰਬ ਹੀ ਮਨਾਏ ਜਾਂਦੇ ਹਨ। ਕੀ ਸਾਰੇ ਗੁਰੂ ਸਾਹਿਬਾਨ ਦੇ ਗੁਰਪੁਰਬ ਨਹੀਂ ਮਨਾਉਣੇ ਚਾਹੀਦੇ?**

ਜਵਾਬ: ਸਾਡੀ ਇਹ ਕਮਜ਼ੋਰੀ ਦੀ ਨਿਸ਼ਾਨੀ ਹੈ ਕਿ ਅਸੀਂ ਦਸ ਗੁਰੂ ਸਾਹਿਬਾਨ ਨੂੰ ਇਕ ਜੋਤਿ ਨਹੀਂ ਸਮਝ ਰਹੇ ਜਾਂ ਮੰਨ ਰਹੇ। ਸਭ ਗੁਰੂਆਂ ਦੀ ਮਹਾਨਤਾ ਇਕੋ ਜਿਹੀ ਹੈ ਤੇ ਸਾਰੇ ਗੁਰਪੁਰਬ ਪੂਰੀ ਚੜ੍ਹਦੀ ਕਲਾ ਤੇ ਉਤਸ਼ਾਹ ਨਾਲ ਮਨਾਉਣੇ ਸਾਡਾ ਪ੍ਰਥਮ ਫਰਜ਼ ਹੋਣਾ ਚਾਹੀਦਾ ਹੈ। ਪਰ ਇਹ ਤਾਂ ਹੀ ਹੋ ਸਕਦਾ ਹੈ ਜੇ ਸੰਗਤਾਂ ਵਿਚ ਜਾਗ੍ਰਤੀ ਆਵੇ ਤੇ ਉਹ ਗੁਰਦੁਆਰੇ ਦੇ ਪ੍ਰਬੰਧਕਾਂ ਤੇ ਜ਼ੋਰ ਪਾ ਕੇ ਉਹਨਾਂ ਨੂੰ ਇਸ ਮਹਾਨ ਕਾਰਜ ਲਈ ਮਨਾਉਣ।

44. **ਸਵਾਲ: ਸਿੱਖਾਂ ਨੂੰ ਅਤੰਕਵਾਦੀ, ਵਖਵਾਦੀ, ਅੱਤਿਵਾਦੀ ਕਿਉਂ ਕਿਹਾ ਜਾਂਦਾ ਹੈ।?**

ਜਵਾਬ: ਫਿਰਕਾ-ਪ੍ਰਸਤ ਬਹੁ ਗਿਣਤੀ ਦੀ ਸਰਕਾਰ ਵਲੋਂ ਦੇਸ਼ ਭਗਤ ਸਿਖਾਂ ਨੂੰ ਦਿਤੀਆਂ ਕੁਰਬਾਨੀਆਂ ਦਾ ਇਹ ਤੋਹਫਾ ਫਿਰਕਾ-ਪ੍ਰਸਤੀ ਦੀ ਭੜਾਸ ਦਾ ਪ੍ਰਤਖ ਰੂਪ ਹੈ। ਇਹੋ ਜਿਹੇ ਤੋਹਫੇ ਦੇਸ਼ ਆਜ਼ਾਦ ਹੁੰਦੇ ਸਮੇਂ ਸਿਖਾਂ ਨੂੰ 'ਜਰਾਇਮਪੇਸ਼ਾ ਕੌਮ ' ਕਹਿ ਕੇ ਮਿਲਦੇ ਰਹੇ ਹਨ। ਇਸਦਾ ਕਾਰਨ ਹੈ-ਸਿੱਖ ਆਗੂਆਂ ਦਾ ਫਿਰਕਾ-ਪ੍ਰਸਤਾਂ ਉਪਰ ਵਿਸ਼ਵਾਸ਼ ਕਰਨਾ ਤੇ ਰਾਜਨੀਤੀ ਨੂੰ ਫਿਰਕਾ-ਪ੍ਰਸਤਾਂ ਪਾਸ ਗਿਰਵੀ ਰਖ ਦੇਣਾ ਤੇ ਸਿੱਖ ਕੌਮ ਨਾਲ ਆਗੂਆਂ ਵਲੋਂ ਗਦਾਰੀ ਕਰਨਾ।

45. **ਸਵਾਲ: ਕੁਝ ਲੋਕ ਗੁਰਦੁਆਰਿਆਂ ਵਿੱਚ ਸੰਗਮਰਮਰ ਦੇ ਪੱਥਰ ਉਪਰ ਆਪਣੇ ਨਾਮ ਤੇ ਜ਼ਾਤਾਂ ਲਿਖਵਾਉਣ ਵਿਚ ਫਖ਼ਰ ਮਹਿਸੂਸ ਕਰਦੇ ਹਨ। ਕੀ ਇਹ ਠੀਕ ਹੈ?**

ਜਵਾਬ: ਇਹ ਸਭ ਕੁਝ ਹਉਮੈ ਦਾ ਵਿਖਾਵਾ ਹੈ ਕਿ ਮੈ ਬੜਾ ਵਡਾ ਦਾਨੀ ਹਾਂ। ਮੈਂ ਗੁਰੂ ਘਰ ਨੂੰ ਇਤਨਾ ਦਾਨ ਦਿਤਾ ਹੈ ਕਿ ਸਾਰੇ ਦਾਨ ਵਾਲੀ ਸਿਲ ਤੋਂ ਪੜ੍ਹ ਸਕਣ। ਪਰ ਉਹ ਸੱਜਣ ਭੁਲ ਜਾਂਦੇ ਹਨ ਕਿ ਵਾਹਿਗੁਰੂ ਦੇ ਦਿਤੇ ਧਨ ਪਦਾਰਥਾਂ ਵਿਚੋਂ ਜੇ ਅਸੀਂ ਗੁਰੂ ਘਰ ਵਿਚ ਕੁਝ ਅਰਪਨ ਕਰਦੇ ਹਾਂ ਤਾਂ ਗੁਰੂ ਘਰ ਨੂੰ ਦਾਨ ਨਹੀਂ ਹੈ। ਸਾਨੂੰ ਸਦਾ ਯਾਦ ਰਖਣਾ ਚਾਹੀਦਾ ਹੈ ਕਿ 'ਜਾਚਕ ਅਨੇਕ, ਸੋ ਏਕ ਦਿਵੱਯਾ' । ਸੰਗਮਰਮਰ ਦੀਆਂ ਸਿਲਾਂ ਤੇ ਲਿਖੇ ਕਾਲੇ ਅੱਖਰਾਂ ਨੇ ਸੰਗਮਰਮਰ ਦੇ ਦੂਧੀਆ ਚਿਟੇ ਰੰਗ ਨੂੰ ਵੀ ਕਾਲਖ ਮਲ ਕੇ ਖਰਾਬ ਕਰ ਦਿਤਾ ਹੈ। ਇਹ ਕਾਲਖ ਕਿਧਰੇ ਪਾਪਾਂ ਨਾਲ ਕੀਤੀ ਕਮਾਈ ਦਾ ਪ੍ਰਗਟਾਵਾ ਤਾਂ ਨਹੀਂ ? ਸਾਨੂੰ ਨਨਕਾਣਾ ਸਾਹਿਬ ਗਏ ਇਕ ਸਜਣ ਨੇ ਦਸਿਆ ਸੀ ਕਿ ਇਕ ਸਰਦਾਰ ਜੀ ਜਦੋਂ ਨਨਕਾਣਾ ਸਾਹਿਬ ਸਾਡੇ ਨਾਲ ਗਏ ਤਾਂ ਉਹ ਸੰਗਮਰਮਰ ਦੇ ਫਰਸ਼ ਉਤੇ ਉਕਰੇ ਨਾਵਾਂ ਵਿਚੋਂ ਆਪਣਾ ਨਾਮ ਲਭਣ ਵਿਚ ਕਈ ਘੰਟੇ ਲ਼ਗੇ ਰਹੇ। ਹੈਰਾਨੀ ਹੁੰਦੀ ਹੈ ਕਿ ਗੁਰੂ ਦਰਸ਼ਨਾਂ ਨਾਲੋਂ ਆਪਣੇ ਨਾਮ ਦੇ ਦਰਸ਼ਨ ਤੇ ਹਉਮੈ ਦਾ ਵਿਖਾਲਾ ਸਾਨੂੰ ਕਿਉਂ ਵਧੇਰੇ ਚੰਗਾ ਲਗਣ ਲਗ ਪਿਆ ਹੈ। ਜਿਥੋਂ ਤਕ ਜ਼ਾਤ ਪਾਤ ਦਾ ਸੁਆਲ, ਸਿੱਖ ਧਰਮ ਜ਼ਾਤ ਪਾਤ ਨੂੰ ਨਹੀਂ ਮੰਨਦਾ। ਇਸ ਲਈ ਸਿਖਾਂ ਨੂੰ ਆਪਣੇ ਨਾਮ ਨਾਲ ਜ਼ਾਤ ਪਾਤ ਨਹੀਂ ਲਿਖਣੀ ਚਾਹੀਦੀ। ਕੇਵਲ 'ਸਿੰਘ' ਜਾਂ 'ਕੌਰ' ਸ਼ਬਦ ਹੀ ਲਿਖਣਾ ਚਾਹੀਦਾ ਹੈ।

46. ਸਵਾਲ: ਸ੍ਰੀ ਗੋਇੰਦਵਾਲ ਸਾਹਿਬ ਨੂੰ ਸਿੱਖੀ ਦਾ ਧੁਰਾ ਕਿਉਂ ਕਿਹਾ ਜਾਂਦਾ ਹੈ?

ਜਵਾਬ: ਗੁਰੂ ਅਮਰਦਾਸ ਜੀ ਦੇ ਸਮੇਂ ਇਸ ਨਗਰ ਤੋਂ ਸਿੱਖ ਧਰਮ ਦੇ ਪਰਚਾਰ ਦਾ ਕੰਟਰੋਲ ਕੀਤਾ ਜਾਂਦਾ ਸੀ। 'ਪੰਗਤ' ਦੀ ਮਹਾਨਤਾ ਇਸ ਅਸਥਾਨ ਤੇ ਹੀ ਉਜਾਗਰ ਹੋਈ ਸੀ ਤੇ ਦੂਰ ਦੁਰਾਡੇ ਸਿੱਖੀ ਦੇ ਪ੍ਰਚਾਰ ਵਾਸਤੇ ੨੨ ਮੰਜੀਆਂ ਤੇ ੫੨ ਪੀਹੜੇ ਕਾਇਮ ਕੀਤੇ ਗਏ ਸਨ।

47. ਸਵਾਲ: ਗੁਰਪੁਰਬ ਤੋਂ ਪਹਿਲਾਂ ਕਢੀ ਜਾਂਦੀ ਪ੍ਰਭਾਤ ਫੇਰੀ ਦਾ ਕੀ ਮਕਸਦ ਹੁੰਦਾ ਹੈ?

ਜਵਾਬ: ਗੁਰੂ ਦਾ ਜੱਸ ਕਰਦੇ ਹੋਏ ਸੰਗਤਾਂ ਨੂੰ ਗੁਰਪੁਰਬ ਦੀ ਆਮਦ ਸਬੰਧੀ ਉਤਸ਼ਾਹ ਦੇਣਾ ਤੇ ਜਾਗ੍ਰਿਤ ਕਰਨਾ।

48. ਸਵਾਲ: ਕਈ ਸੱਜਣ ' ਗੁਰਮਤਿ ਰਸਾਲੇ ' ਰੱਦੀ ਵਿਚ ਵੇਚ ਦਿੰਦੇ ਹਨ, ਕੀ ਐਸਾ ਕਰਨਾ ਠੀਕ ਹੈ?

ਜਵਾਬ: ਗੁਰਮਤਿ ਦੀਆਂ ਪੁਸਤਕਾਂ, ਮੈਗਜ਼ੀਨ ਕਦੀ ਵੀ ਰੱਦੀ ਵਿਚ ਨਾ ਵੇਚੋ। ਸਗੋਂ ਪੜ੍ਹਨ ਲਈ ਅਗੋਂ ਦੀ ਅਗੋਂ ਹੋਰ ਸੱਜਣਾਂ ਨੂੰ ਦੇਈ ਜਾਉ। ਇਸ ਨਾਲ ਗੁਰਮਤਿ ਦਾ ਪ੍ਰਚਾਰ ਵਧਦਾ ਹੈ ਤੇ ਸੇਵਾ ਵੀ ਹੁੰਦੀ ਹੈ। ਗੁਰਮਤਿ ਮੈਗਜ਼ੀਨਾਂ ਦੀਆਂ ਜਿਲਦਾਂ ਕਰਵਾ ਕੇ ਲਾਈਬਰੇਰੀਆਂ ਵਿਚ ਵੀ ਪਾਠਕਾਂ ਦੇ ਪੜ੍ਹਣ ਲਈ ਰਖੀਆਂ ਜਾ ਸਕਦੀਆਂ ਹਨ।

49. ਸਵਾਲ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਤੋਂ ਪਹਿਲਾਂ ਤੇ ਬਾਅਦ ਵਿਚ ਗੁਰੂ ਸਾਹਿਬਾਨ ਦੇ ਵਿਆਹ ਕਿਹੜੀ ਮਰਯਾਦਾ ਨਾਲ ਹੋਏ ਸਨ?

ਜਵਾਬ : ਭਾਵੇਂ ਸਿੱਖ ਇਤਿਹਾਸ ਵਿਚ ਨਿਸ਼ਚਿਤ ਰੂਪ ਵਿਚ ਐਸੀਆਂ ਛੋਟੀਆਂ ਛੋਟੀਆਂ ਗੱਲਾਂ ਬਾਰੇ ਕੁਝ ਨਹੀਂ ਲਿਖਿਆ ਹੋਇਆ, ਪਰ ਇਕ ਗੱਲ ਸਪਸ਼ਟ ਹੈ ਕਿ ਗੁਰਮਤਿ ਦੇ ਫੈਲਾਉਣ ਤੇ ਪ੍ਰਚਾਰਨ ਵਾਲੇ ਗੁਰੂ ਸਾਹਿਬਾਨ ਦੇ ਆਨੰਦ ਕਾਰਜ ਗੁਰਮਤਿ ਦੀ ਮਰਯਾਦਾ ਅਨੁਸਾਰ ਹੀ ਹੋਏ ਹੋਣਗੇ ਕਿਸੀ ਮਨਮਤ ਦੀ ਰੀਤੀ ਅਨੁਸਾਰ ਨਹੀਂ। ਆਨੰਦ ਕਾਰਜ ਸਮੇਂ ਆਪਣੇ ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਗ੍ਰਿਹਸਥ ਮਾਰਗ ਨੂੰ ਨੇਪਰੇ ਚਾੜ੍ਹਣ ਦਾ ਪਤੀ ਪਤਨੀ ਵਲੋਂ ਪ੍ਰਣ ਲਿਆ ਜਾਂਦਾ ਹੈ। ਇਹੋ ਪ੍ਰਣ ਹੀ ਗੁਰਸਿੱਖ ਆਨੰਦ ਕਾਰਜ ਦਾ ਵਿਸ਼ੇਸ਼ ਪਹਿਲੂ ਹੈ। 'ਲਾਵਾਂ ਦੇ ਪਾਠ' ਵਿਚ ਗ੍ਰਿਹਸਤ ਮਾਰਗ ਦੀ ਸਿਖਿਆ ਤੇ ਪ੍ਰਭੂ ਨਾਲ ਇਕ ਸੁਰਤਾ ਹਾਸਲ ਕਰਨ ਦਾ ਉਪਦੇਸ਼ ਹੈ। ਪਰ ਅਸਲ ਗੱਲ ਹੈ ਆਪਣੇ ਇਸ਼ਟ ਅਗੇ ਪਤੀ ਪਤਨੀ ਦੇ ਸਬੰਧ ਨੂੰ ਅਖੀਰ ਤਕ ਨਿਭਾਉਣ ਦਾ ਪ੍ਰਣ ਲੈਣਾ। ਸੋ ਗੁਰਬਾਣੀ ਤਾਂ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਮੌਜੂਦ ਹੈ ਤੇ ਗੁਰਬਾਣੀ ਹੀ ਗੁਰਸਿੱਖ ਦਾ ਗੁਰੂ ਹੈ, ਇਸ਼ਟ ਹੈ, ਸੋ ਗੁਰਬਾਣੀ ਗਾ ਕੇ, ਪੜ੍ਹ ਕੇ, ਗੁਰਬਾਣੀ ਗੁਰੂ ਨੂੰ ਆਪਣਾ ਇਸ਼ਟ ਮਨ ਕੇ, ਇਹ ਪ੍ਰਣ ਕਿਸੇ ਵੀ ਸਮੇਂ ਲਿਆ ਜਾ ਸਕਦਾ ਸੀ। ਇਸ ਲਈ ਇਹੋ ਜਿਹੇ ਕਿਸੇ ਸੰਸੇ ਵਿਚ ਪੈਣ ਦੀ ਲੋੜ ਨਹੀਂ ਕਿ ਗੁਰੂ ਸਾਹਿਬ ਦੇ ਵਿਆਹ ਕਿਵੇਂ ਹੋਏ ਹੋਣਗੇ । ਇਕੋ ਗੱਲ ਸਮਝਣ ਵਾਲੀ ਹੈ ਕਿ ਮਨਮਤ ਦੀ ਰੀਤੀ ਨਾਲ ਵਿਆਹ ਹੋਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਜੋ ਵੀ ਮਰਯਾਦਾ ਕੀਤੀ ਗਈ ਹੋਵੇਗੀ, ਉਹ ਗੁਰਬਾਣੀ ਤੇ ਗੁਰਮਤਿ ਅਨੁਸਾਰ ਹੀ ਹੋਈ ਹੋਵੇਗੀ।

50. ਸੁਵਾਲ: ਅੱਜ ਕਲ੍ਹ ਇੱਕ ਨਵੀਂ ਗੱਲ ਦੇਖਣ ਵਿੱਚ ਆ ਰਹੀ ਹੈ ਕਿ "ਸੰਤੋਸ਼ੀ ਮਾਤਾ" ਦੇ ਨਾਮ ਤੇ ੧੯ ਕਾਰਡ ਲਿਖਣ ਨਾਲ ਮਨੋਕਾਮਨਾ

ਪੂਰੀ ਹੋਣ ਅਤੇ ਨਾ ਲਿਖਣ ਤੇ ਨੁਕਸਾਨ ਹੋ ਜਾਵੇਗਾ। ਇਸ ਬਾਰੇ ਵਿਚਾਰ ਦੱਸੋ ਜੀ?

ਜਵਾਬ: ਇਹ ਇੱਕ ਨਿਰੋਲ ਮਨੋਕਲਪਿਤ ਗੱਲ ਹੈ, ਜੋ ਕਿਸੇ ਸ਼ਰਾਰਤੀ ਵਲੋਂ ਭੋਲੇ - ਭਾਲੇ ਲੋਕਾਂ ਨੂੰ ਧਰਮ ਦੇ ਨਾਮ ਹੇਠ ਭਰਮਾਇਆ ਜਾ ਰਿਹਾ ਹੈ। ਦੇਵੀ ਦੇਵਤਿਆਂ ਬਾਰੇ ਤਾਂ ਗੁਰਮਤਿ ਸਿਧਾਂਤ ਸਪਸ਼ਟ ਹੈ ਕਿ-

ਦੇਵੀ ਦੇਵਾ ਪੂਜੀਐ ਭਾਈ,
ਕਿਆ ਮਾਗਉ ਕਿਆ ਦੇਹਿ।।
ਪਾਹਣੁ ਨੀਰਿ ਪਖਾਲੀਐ ਭਾਈ,
ਜਲ ਮਹਿ ਬੂਡਹਿ ਤੇਹਿ।। (ਸੋਰਠਿ, ਮ.੧, ਪੰਨਾ-੬੩੭)

ਜਉ ਜਾਚਉ, ਤਉ ਕੇਵਲ ਰਾਮ।।
ਆਨ ਦੇਵ ਸਿਉ ਨਾਹੀ ਕਾਮ।। (ਭੈਰਉ, ਕਬੀਰ ਜੀਉ, ਪੰਨਾ-੧੧੬੨)

ਹਉ ਤਉ ਏਕੁ ਰਮਈਆ ਲੈਹਉ।।
ਆਨ ਦੇਵ ਬਦਲਾਵਨਿ ਦੈਹਉ।। (ਗੋਂਡ, ਨਾਮਦੇਉ ਜੀ, ਪੰਨਾ-੮੭੪)

ਭਾਵ ਕਿ ਇਹਨਾਂ ਦੇਵੀ ਦੇਵਤਿਆਂ ਦੀ ਥਾਂ ਪ੍ਰਮਾਤਮਾ ਨਾਲ ਪ੍ਰੀਤ ਪਾਉਣੀ ਹੈ ਕਿਉਂਕਿ ਸਭ ਕੁਝ ਪ੍ਰਮਾਤਮਾ ਦੇ ਹੁਕਮ ਵਿੱਚ ਹੈ। "ਹੁਕਮੈ ਅੰਦਰਿ ਸਭੁ ਕੋ, ਬਾਹਰਿ ਹੁਕਮ ਨ ਕੋਇ"

ਸੋ ਸੰਤੋਸ਼ੀ ਮਾਤਾ ਆਦਿ ਦੇ ਨਾਮ ਤੇ ਕਾਰਡ ਲਿਖਣ ਜਾਂ ਨਾ ਲਿਖਣ ਸੰਬੰਧੀ ਦਿੱਤਾ ਜਾਂਦਾ ਡਰ ਨਿਰਮੂਲ ਹੈ।

51. ਸਵਾਲ: ਗੁਰਬਾਣੀ ਵਿੱਚ ਆਏ ਸ਼ਬਦ 'ਅਠਾਰਹ ਸਿਧੀਂ' ਤੋਂ ਕੀ ਭਾਵ ਹੈ? ਇਸ ਬਾਰੇ ਗੁਰਮਤਿ ਸਿਧਾਂਤ ਕੀ ਹੈ?

ਜਵਾਬ: ਯੋਗ ਸਾਧਨਾਵਾਂ ਕਰਨ ਉਪਰੰਤ ਜੋ ਸ਼ਕਤੀ ਪ੍ਰਾਪਤ ਹੁੰਦੀ ਹੈ, ਉਸਨੂੰ ਸਿਧਿ ਜਾਂ ਸਿਧੀ ਕਹਿੰਦੇ ਹਨ। ਇਹ ਮੁੱਖ ਅੱਠ ਮੰਨੀਆਂ ਗਈਆਂ ਹਨ:-

੧. ਅਣਿਮਾ - ਦੂਜੇ ਦਾ ਰੂਪ ਹੋ ਜਾਣਾ।
੨. ਮਹਿਮਾ - ਵੱਡਾ ਹੋ ਜਾਣਾ।
੩. ਗਰਿਮਾ - ਭਾਰੀ ਹੋਣਾ।
੪. ਲਘਿਮਾ - ਹੌਲਾ (ਛੋਟਾ) ਹੋ ਜਾਣਾ।
੫. ਪ੍ਰਾਪਤੀ - ਮਨ ਚਾਹੀ ਚੀਜ਼ ਪਾ ਲੈਣਾ।

੬ ਪ੍ਰਾਕਾਮਯ - ਅੰਦਰ ਦੀ ਜਾਣ ਲੈਣਾ।

੭. ਈਸ਼ਿਤਾ - ਮਰਜ਼ੀ ਅਨੁਸਾਰ ਦੂਜਿਆਂ ਨੂੰ ਪ੍ਰੇਰ ਲੈਣਾ।

੮. ਵਸ਼ਿਤਾ - ਹਰ ਕਿਸੇ ਨੂੰ ਕਾਬੂ ਕਰ ਲੈਣਾ।

ਇਹਨਾਂ ਅੱਠ ਸਿਧੀਆਂ ਦੇ ਬਾਰੇ ਗੁਰੂ ਅਰਜਨ ਦੇਵ ਜੀ ਦਾ ਬਸੰਤ ਰਾਗ ਵਿੱਚ ਫੁਰਮਾਨ ਹੈ-

ਅਸਟ ਸਿਧਿ ਨਵ ਨਿਧਿ ਏਹ॥
ਕਰਮਿ ਪਰਾਪਤਿ ਜਿਸੁ ਨਾਮੁ ਦੇਹ॥ (ਪੰਨਾ-੧੧੮੪)

ਉਪਰੋਕਤ ਅੱਠ ਮੁੱਖ ਸਿਧੀਆਂ ਤੋਂ ਇਲਾਵਾ ਦਸ ਹੋਰ ਸਿਧੀਆਂ ਮਿਲਾਂ ਕੇ ਅਠਾਰ੍ਹਾਂ ਗਿਣਤੀ ਕੀਤੀ ਜਾਂਦੀ ਹੈ, ਜੋ ਇਸ ਪ੍ਰਕਾਰ ਹੈ-

੧. ਅਨੂਰਮਿ - ਭੁੱਖ ਤ੍ਰੇਹ ਦਾ ਨਾ ਲੱਗਣਾ।

੨. ਦੂਰ ਸ੍ਰਵਣ - ਦੂਰੋਂ ਸਭ ਗੱਲ ਸੁਣ ਲੈਣੀ।

੩. ਦੂਰ ਦਰਸ਼ਨ - ਦੂਰ ਦੇ ਨਜ਼ਾਰੇ ਅੱਖਾਂ ਸਾਹਮਣੇ ਦੇਖਣੇ।

੪. ਮਨੋਵੇਗ - ਮਨ ਦੀ ਚਾਲ ਦੀ ਤਰ੍ਹਾਂ ਤੇਜੀ ਨਾਲ ਜਾਣਾ।

੫. ਕਾਮਰੂਪ - ਜੇਹਾ ਮਨ ਚਾਹੇ ਤੇਹਾ ਰੂਪ ਧਾਰਨਾ।

੬ ਪਰ ਕਾਇਆ ਪਰਵੇਸ਼ - ਦੂਸਰੇ ਦੇ ਸਰੀਰ ਵਿੱਚ ਪ੍ਰਵੇਸ਼ ਕਰ ਜਾਣਾ।

੭. ਸ੍ਵਛੰਦ ਮ੍ਰਿਤੂ - ਆਪਣੀ ਇੱਛਾ ਅਨੁਸਾਰ ਮਰਨਾ।

੮. ਸੁਰ ਕ੍ਰੀੜਾ - ਦੇਵਤਿਆਂ ਨਾਲ ਮਿਲ ਕੇ ਮੌਜਾਂ ਲੁੱਟਣੀਆਂ।

੯. ਸੰਕਲਪ ਸਿਧਿ - ਜੋ ਚਿਤਵਣਾ ਸੋ ਪੂਰਾ ਹੋ ਜਾਣਾ।

੧੦. ਅਪ੍ਰਤਿਹਤ ਗਤਿ - ਬਿਨਾਂ ਰੋਕ ਰੁਕਾਵਟ ਦੇ ਹਰ ਥਾਂ ਜਾ ਸਕਣਾ।

ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਇਹ ਸਿਧੀਆਂ ਨਾਮ ਸਿਮਰਨ ਕਰਨ ਵਾਲੇ ਦੇ ਪਿਛੇ ਲੱਗੀਆ ਫਿਰਦੀਆਂ ਹਨ -

ਨਵ ਨਿਧੀ ਅਠਾਰਹ ਸਿਧੀ, ਪਿਛੈ ਲਗੀਆ ਫਿਰਹਿ,
ਜੋ ਹਰਿ ਹਿਰਦੈ ਸਦਾ ਵਸਾਇ॥ (ਰਾਗੁ ਸੋਰਠਿ ਵਾਰ, ਮ: ੩, ਪੰਨਾ-੬੪੯)

ਗੁਰਸਿਖ ਨੇ ਰਿਧੀਆਂ ਸਿਧੀਆਂ ਦੇ ਚੱਕਰ ਵਿੱਚ ਨਹੀਂ ਪੈਣਾ। ਇਹ ਗੁਰਸਿੱਖ ਨੂੰ ਮੰਜ਼ਲ ਤੇ ਨਹੀਂ ਪਹੁੰਚਾਉਦੀਆਂ। ਗੁਰਸਿੱਖ ਨੇ ਇਹਨਾਂ ਦੀ ਝਾਕ ਛੱਡ ਕੇ ਪ੍ਰਮਾਤਮਾ ਦੇ ਨਾਮ ਵਿੱਚ ਸੁਰਤ ਨੂੰ ਜੋੜਨਾ ਹੈ।

52. ਸਵਾਲ: ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਦੀ ਪਵਿਤਰ ਤੁਕ ਹੈ "ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ"। ਇਸ ਪਵਿਤਰ ਤੁਕ ਵਿਚਲੇ ਸ਼ਬਦ 'ਸਰਸੇ' ਦੀ ਕੁਝ ਭੇਖੀ ਲੋਕ ਆਪਣੀ ਵਡਿਆਈ

ਪੂਜਾ ਕਰਵਾਉਣ ਦੇ ਮੰਤਵ ਲਈ ਵਿਆਖਿਆ ਇਸ ਪ੍ਰਕਾਰ ਕਰਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਜੋ ਕਲਜੁਗ ਦੇ ਮਨੁੱਖਾਂ ਦੀ ਆਤਮਕ ਕਲਿਆਣ ਲਈ ਉਪਦੇਸ਼ ਮਾਰਗ ਦੇਂਦੀ ਹੈ, ਉਸ ਵਿਚ ਇਸ ਤਰ੍ਹਾਂ ਲਿਖਿਆ ਹੈ ਕਿ ਜੋ ਸੰਤ, ਸਜਣ, ਮਹਾਂਪੁਰਖ, ਸਵਾਮੀ 'ਸਰਸਾ' ਦੇ ਇਲਾਕੇ ਵਿਚ ਡੇਰਾ ਬਣਾ ਕੇ ਪਾਠ ਪੂਜਾ ਕਰਨਗੇ ਉਹ ਹੀ ਪੂਰੇ ਪਾਰਬ੍ਰਹਮ ਸਤਿਗੁਰੂ ਦੇ ਭੇਦ ਜਾਣਦੇ ਹਨ ਅਤੇ ਉਨ੍ਹਾਂ ਰਾਹੀਂ ਹੀ ਅਕਾਲ ਪੁਰਖ, ਵਾਹਿਗੁਰੂ ਪਾਰਬ੍ਰਹਮ ਪੂਰੇ ਸਤਿਗੁਰੂ ਦਾ ਉਪਦੇਸ਼ ਮਿਲ ਸਕਦਾ ਹੈ। ਸ੍ਰੀ ਗੁਰੂ ਗਰੰਥ ਸਾਹਿਬ ਕੇਵਲ ਇਕ ਪੁਸਤਕ ਹੈ, ਪਰ ਅਕਾਲ ਪੁਰਖ ਪੂਰੇ ਸਤਿਗੁਰੂ ਦਾ ਭੇਦ ਜਾਨਣ ਵਾਲੇ ਮਹਾਂਪੁਰਸ਼, ਸੰਤ, ਸਵਾਮੀ 'ਸਰਸੇ' ਦੇ ਇਲਾਕੇ ਵਿਚ ਡੇਰਾ ਬਣਾ ਕੇਂ ਲੋਕਾਂ ਦਾ ਕਲਿਆਣ ਕਰਨਗੇ। ਇਨ੍ਹਾਂ ਸਰਸੇ ਦੇ ਇਲਾਕੇ ਦੇ ਭੇਖੀਆਂ ਨੂੰ ਸ਼ਬਦ ਸਰਸੇ ਦੀ ਵਿਆਖਿਆ ਗੁਰਬਾਣੀ ਅਨੁਸਾਰ ਦਸਣ ਦੀ ਕ੍ਰਿਪਾਲਤਾ ਕਰਨੀ ਜੀ।

ਜਵਾਬ: ਜਿਵੇਂ ਗੁਰੂ ਨਾਨਕ ਦੇਵ ਸਾਹਿਬ ਦੇ ਸਮੇਂ ਮਾਇਆ ਬਟੋਰਨ, ਆਪਣੀ ਪੂਜਾ ਵਡਿਆਈ ਕਰਵਾਉਣ ਵਾਲੇ ਭੇਖੀ ਸੱਜਣ ਠੱਗ ਫਿਰਦੇ ਸਨ, ਇਸੇ ਤਰਾਂ ਅੱਜ ਵੀ ਐਸੇ ਦੰਭੀ ਪਖੰਡੀ ਤੇ ਭੇਖੀ ਠਗ ਥਾਂ ਥਾਂ ਤੇ ਡੇਰੇ ਬਣਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿਤਰ ਬਾਣੀ ਦੀ ਵਿਆਖਿਆ, ਆਪਣੀ ਮਨ ਮਰਜ਼ੀ ਨਾਲ ਕਰਕੇ ਭੋਲੇ ਭਾਲੇ ਲੋਕਾਂ ਨੂੰ, ਖਾਸ ਕਰਕੇ, ਅਨਪੜ੍ਹ ਔਰਤਾਂ ਨੂੰ ਗੁਮਰਾਹ ਕਰ ਰਹੇ ਹਨ। ਇਹਨਾਂ ਦੰਭੀਆਂ ਦੇ ਡੇਰਿਆਂ ਦੇ ਗਲਤ ਤੇ ਗੁਮਰਾਹ - ਕੁੰਨ ਪ੍ਰਚਾਰ ਨੂੰ ਰੋਕਣ ਲਈ ਤੇ ਇਨ੍ਹਾਂ ਭੇਖੀਆਂ ਤੋਂ ਭੋਲੇ - ਭਾਲੇ ਲੋਕਾਂ ਨੂੰ ਬਚਾਉਣ ਲਈ ਬਹੁਤ ਵੱਡੀ ਪੱਧਰ ਤੇ ਗੁਰਮਤਿ ਦੇ ਪ੍ਰਚਾਰ ਦੀ ਲੋੜ ਹੈ ਤਾਂ ਜੁ ਪਿੰਡਾਂ ਵਿਚ ਤੇ ਸ਼ਹਿਰਾਂ ਵਿੱਚ ਸਿੱਖ ਧਰਮ ਦੇ ਸਚੇ ਸੁਚੇ ਸਿਧਾਂਤਾਂ ਤੋਂ ਲੋਕਾਂ ਨੂੰ ਜਾਣੂ ਕਰਵਾਇਆ ਜਾ ਸਕੇ।

ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ।।
ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ।।

(ਰਾਮਕਲੀ, ਮ: ੩, ਅਨੰਦੁ, ਪੰਨਾ-੯੨੨)

ਇਹ ਤੁਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਮਕਲੀ ਰਾਗ ਅੰਦਰ, ਅਨੰਦੁ ਸਾਹਿਬ ਦੀ ਬਾਣੀ ਦੀ ਅਖੀਰਲੀ ਪਉੜੀ ਵਿਚ ਦਰਜ ਹਨ। ਇਹਨਾਂ ਤੁਕਾਂ ਵਿਚ ਆਏ ਸਰਸੇ ਪਦ ਦਾ ਅਰਥ ਹੈ ਸ - ਰਸੇ, ਹਰੇ ਭਰੇ, ਅਨੰਦ ਭਰਪੂਰ। ਅਰਥ ਹੈ:-

ਅਕਾਲ ਪੁਰਖ ਦੀ ਸਿਫਤਿ - ਸਲਾਹ ਦੀ ਬਾਣੀ ਸੁਣਿਆਂ ਸਾਰੇ ਦੁਖ ਰੋਗ ਕਲੇਸ਼ ਮਿਟ ਜਾਂਦੇ ਹਨ। ਜਿਹੜੇ ਗੁਰਮੁਖ, ਪੂਰੇ ਗੁਰੂ ਤੋਂ ਸਿਫਤਿ - ਸਲਾਹ ਦੀ ਬਾਣੀ ਨਾਲ ਸਾਂਝ ਪਾਉਣੀ ਸਿੱਖ ਲੈਂਦੇ ਹਨ ਉਹਨਾਂ ਦੇ ਹਿਰਦੇ ਹਰੇ ਭਰੇ ਹੋ ਜਾਂਦੇ ਹਨ ਭਾਵ ਆਤਮਕ ਰਸ ਨਾਲ ਭਰ ਕੇ ਅਨੰਦ - ਭਰਪੂਰ ਖਿੜ ਆਉਂਦੇ ਹਨ।

ਸੋ ਇਸ ਤੁਕ ਵਿਚ ਆਏ 'ਸਰਸੋਂ' ਸ਼ਬਦ ਦਾ ਕਿਸੇ ਸਰਸੇ ਨਗਰ ਨਾਲ ਕੋਈ ਸੰਬੰਧ ਨਹੀਂ। ਸਰਸੇ ਨਗਰ ਵਿੱਚ ਸੱਚਾ ਸੌਦਾ (ਜੋ ਅਸਲ ਵਿਚ ਝੂਠਾ ਸੌਦਾ ਹੈ) ਨਾਮ ਹੇਠ ਜੋ ਗੁਰੂ - ਡੰਮ ਤੁਰਿਆ ਹੈ ਉਸ ਵਲੋਂ ਹੀ 'ਸਰਸੋਂ' ਸ਼ਬਦ ਦਾ ਗਲਤ ਅਰਥ ਕਢ ਕੇ ਲੋਕਾਂ ਨੂੰ ਉੱਲੂ ਬਣਾਇਆ ਜਾ ਰਿਹਾ ਹੈ। ਇਹ ਗੁਰੂ ਡੰਮ੍ਹ ਦੇ ਹਾਮੀ ਬਾਹਰ ਦੁਕਾਨਾਂ ਉਤੇ ਅਤੇ ਆਪਣੇ ਇੱਕਠਾਂ ਦੇ ਬਾਹਰ ਕੰਧਾਂ ਉਪਰ 'ਧੰਨ ਧੰਨ ਸਤਿਗੁਰੂ ਤੇਰਾ ਹੀ ਆਸਰਾ' ਲਿਖ ਦੇਂਦੇ ਹਨ, ਜਿਸ ਤੋਂ ਕਈ ਅਣਜਾਣ ਟਪਲਾ ਵੀ ਖਾ ਲੈਂਦੇ ਹਨ ਕਿ ਇਹ ਗੁਰੂ ਘਰ ਨੂੰ ਮੰਨਣ ਵਾਲੇ ਹਨ, ਪਰ ਅਸਲੀਅਤ ਵਿਚ ਇਹ ਪਖੰਡੀ, 'ਸਤਿਗੁਰੂ' ਸ਼ਬਦ ਦੀ ਦੁਰਵਰਤੋਂ ਆਪਣੇ ਭੇਖੀ ਤੇ ਦੰਭੀ ਗੁਰੂ ਲਈ ਕਰਦੇ ਹਨ। ਸੋ ਸਿੱਖ ਸੰਗਤਾਂ ਨੂੰ ਇਹਨਾਂ ਪਖੰਡੀਆਂ ਤੋਂ ਆਪ ਸੁਚੇਤ ਰਹਿਣ ਤੇ ਹੋਰਨਾ ਨੂੰ ਸੁਚੇਤ ਕਰਨ ਦੀ ਭਾਰੀ ਲੋੜ ਹੈ।

53. ਸਵਾਲ: ਪਿਛੇ ਜਿਹੇ ਸਾਡੇ ਸ਼ਹਿਰ ਵਿੱਚ ਇੱਕ ਕਥਾਕਾਰ ਨੇ ਭਾਈ ਮਰਦਾਨਾ ਜੀ ਦੇ ਨਾਂ ਦੇ ਅਰਥ ਮਰਦਾ+ਨਾ ਕਹਿ ਕੇ ਕੀਤੇ ਹਨ, ਜੋ ਕਿ ਠੀਕ ਨਹੀਂ ਜਾਪਦੇ। ਕ੍ਰਿਪਾ ਕਰਕੇ ਸ਼ਪਸ਼ਟ ਕਰਨਾ ਜੀ।

ਜਵਾਬ: ਮਰਦਾਨਾ ਸ਼ਬਦ ਦਾ ਅਰਥ ਮਰਦਾ+ਨਾ ਕਰਨਾ ਅਤੇ ਗੁਰੂ ਨਾਨਕ ਦੇਵ ਜੀ ਵਲੋਂ ਨਾ ਮਰਣ ਦਾ ਵਰ ਦੇਣ ਦੀ ਗੱਲ ਦਲੀਲ ਦੀ ਕਸਵੱਟੀ ਤੇ ਪੂਰੀ ਨਹੀਂ ਉਤਰਦੀ। ਭਾਈ ਕਾਨ ਸਿੰਘ ਨਾਭਾ ਨੇ ਮਹਾਨ ਕੋਸ਼ ਵਿੱਚ ਭਾਈ ਮਰਦਾਨਾ ਜੀ ਦਾ ਜਨਮ ੧੪੫੯ ਈ: ਵਿੱਚ ਹੋਣਾ ਲਿਖਿਆ ਹੈ, ਜਿਸ ਅਨੁਸਾਰ ਭਾਈ ਮਰਦਾਨਾ ਜੀ ਗੁਰੂ ਨਾਨਕ ਦੇਵ ਜੀ ਤੋਂ ੧੦ ਸਾਲ ਵਡੇ ਸਨ। ਮਰਦਾਨਾ ਸ਼ਬਦ ਦਾ ਅਰਥ ਹੈ ਸੂਰਮਾ, ਜਿਵੇਂ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਅਰਜਨ ਦੇਵ ਜੀ ਫੁਰਮਾਨ ਹੈ—

"ਜਾ ਕਉ ਮਿਹਰ ਮਿਹਰ ਮਿਹਰਵਾਨਾ।।
ਸੋਈ ਮਰਦੁ ਮਰਦੁ ਮਰਦਾਨਾ।।" (ਪੰਨਾ ੧੦੮੪)

'ਮਰਦਾਨਾ' ਸ਼ਬਦ ਦਾ ਅਰਥ ਪ੍ਰੋ: ਸਾਹਿਬ ਸਿੰਘ ਜੀ ਨੇ 'ਸੂਰਮਾ' ਕੀਤਾ ਹੈ। ਗੁਰੂ ਨਾਨਕ ਦੇਵ ਜੀ ਦੀ ਛਹੁ ਸਦਕਾ ਸੂਰਮੇ ਮਰਦ ਬਣੇ ਭਾਈ

ਮਰਦਾਨੇ ਦੀ ਰਬਾਬ ਨੇ ਗੁਰੂ ਜੀ ਦੇ ਸ਼ਬਦ ਨਾਲ ਮਿਲ ਕੇ ਜੋ ਕਰਾਮਾਤ ਕੀਤੀ, ਉਸ ਦਾ ਬਦਲ ਅਜੇ ਤੱਕ ਸੰਸਾਰ ਨੂੰ ਨਹੀਂ ਲੱਭਾ ਅਤੇ ਸ਼ਾਇਦ ਕਦੇ ਵੀ ਨਾ ਲੱਭੇ। ਭਾਈ ਮਰਦਾਨਾ ਜੀ ਨੇ ਜੀਵਨ ਭਰ ਗੁਰੂ ਨਾਨਕ ਦੇਵ ਜੀ ਦੀ ਸੰਗਤ ਵਿਚ ਅਨੇਕਾਂ ਕਸ਼ਟ ਝਲਦੇ ਹੋਇਆਂ ਸੂਰਮਗਤੀ ਦੇ ਮਹਾਨ ਕਾਰਨਾਮੇ ਕਰਕੇ, ਆਪਣੇ ਨਾਮ ਮਰਦਾਨਾ (ਸੂਰਮਾ) ਨੂੰ ਸੱਚਾ ਕਰ ਦਿਖਾਇਆ।

54. ਸਵਾਲ: ਸਾਡੇ ਪਿੰਡ ਵਿਚ ਚਾਰ ਗੁਰਦੁਆਰੇ ਹਨ। ਕੇਵਲ ਤਿੰਨਾਂ ਵਿੱਚ ਸੰਗਤ ਜਾਂਦੀ ਹੈ ਚੌਥੇ ਵਿਚ ਨਹੀਂ, ਕੀ ਗੁਰਦੁਆਰਾ ਇਕ ਜਾਂ ਦੋ ਨਹੀਂ ਹੋਣੇ ਚਾਹੀਦੇ?

ਜਵਾਬ: ਗੁਰਦੁਆਰਾ ਇਕ ਹੀ ਹੋਣਾ ਚਾਹੀਦਾ ਹੈ। ਜੇ ਪਿੰਡ ਬਹੁਤ ਵੱਡਾ ਹੋਵੇ ਤਾਂ ਦੋ ਵੀ ਹੋ ਸਕਦੇ ਹਨ, ਪਰ ਬਰਾਦਰੀ ਦੇ ਨਾਮ ਤੇ ਵੰਡ ਨਹੀਂ ਹੋਣੀ ਚਾਹੀਦੀ। ਬੇਲੋੜੇ ਗੁਰਦੁਆਰੇ ਅਸੀਂ ਬਣਾ ਕੇ ਕੇਵਲ ਚੌਧਰ ਦੀ ਹਵਸ ਹੀ ਪੂਰੀ ਕਰਦੇ ਹਾਂ ਜਦੋਂ ਕਿ ਇਨ੍ਹਾਂ ਵਿਚ ਚੰਗੇ ਗਰੰਥੀ , ਰਾਗੀ ਪ੍ਰਚਾਰਕ ਰਖਣ ਲਈ ਸਾਡੇ ਪਾਸ ਸਮਰਥਾ ਨਹੀਂ ਹੁੰਦੀ। ਕਈ ਵਾਰੀ ਤਾਂ ਇਹ ਗੁਰਦੁਆਰੇ ਇਤਨੇ ਨੇੜੇ ਨੇੜੇ ਹੁੰਦੇ ਹਨ ਕਿ ਦੋਹਾਂ ਦੇ ਲਾਊਡ ਸਪੀਕਰਾਂ ਦੀ ਆਵਾਜ਼ ਆਪਸ ਵਿਚ ਇਤਨੀ ਰਲਗੱਡ ਹੋ ਜਾਂਦੀ ਹੈ ਕਿ ਸਮਝ ਹੀ ਨਹੀਂ ਪੈਂਦੀ। ਗੁਰਦੁਆਰਾ ਬਨਾਉਣ ਤੋਂ ਪਹਿਲਾਂ ਉਸ ਦੀ ਲੋੜ ਬਾਰੇ ਸੋਚਣਾ ਜ਼ਰੂਰੀ ਹੈ, ਕੇਵਲ ਬਿਲਡਿੰਗਾਂ ਬਣਾ ਲੈਣੀਆਂ ਤੇ ਗਰੰਥੀ ਰਾਗੀ ਦਾ ਪ੍ਰਬੰਧ ਨਾ ਕਰ ਸਕਣਾ ਤੇ ਸੰਗਤ ਦਾ ਨਾ ਆਉਣਾ ਇਸ ਦੇ ਮਨੋਰਥ ਨੂੰ ਪੂਰਿਆਂ ਨਹੀਂ ਕਰਦਾ।

55. ਸਵਾਲ: ਟੀ.ਵੀ. ਵਿੱਚ ਕਈ ਐਸੀਆਂ ਔਰਤਾਂ ਸ਼ਬਦ ਗਾਇਨ ਕਰਦੀਆਂ ਹਨ ਜਿਨ੍ਹਾਂ ਨੇ ਫੈਸ਼ਨ ਕੀਤਾ ਤੇ ਭਰਵਟੇ ਕਟੇ ਹੁੰਦੇ ਹਨ? ਇਸ ਬਾਰੇ ਕੀ ਕਰਨਾ ਚਾਹੀਦਾ ਹੈ?

ਜਵਾਬ: ਟੀ.ਵੀ. ਵਿੱਚ ਸਿੱਖ, ਹਿੰਦੂ, ਮੁਸਲਮਾਨ ਹਰ ਇਕ ਨੂੰ ਪ੍ਰੋਗਰਾਮ ਦੇਣ ਲਈ ਸਦਿਆ ਜਾਂਦਾ ਹੈ। ਜ਼ਰੂਰੀ ਨਹੀਂ ਜੋ ਔਰਤਾਂ ਸ਼ਬਦ ਗਾਇਨ ਕਰਦੀਆਂ ਤੁਸੀ ਵੇਖੀਆਂ ਹਨ, ਉਹ ਸਿੱਖ ਹੀ ਹੋਣ। ਸਿੱਖ ਇਸਤਰੀਆਂ ਲਈ ਐਸਾ ਕਰਨਾ ਸਿੱਖ ਧਰਮ ਦੇ ਵਿਰੁਧ ਹੈ। ਗੁਰਦੁਆਰੇ ਵਿਚ ਜੇ ਕੋਈ ਐਸੀ ਇਸਤਰੀ ਜਾਂ ਪੁਰਸ਼ ਜਿਸ ਨੇ ਸਿੱਖੀ ਮਰਯਾਦਾ ਨੂੰ ਭੰਗ ਕੀਤਾ ਹੋਵੇ, ਕੀਰਤਨ ਜਾਂ ਪ੍ਰਚਾਰ ਕਰੇ ਤਾਂ ਜਰੂਰ ਰੋਸ ਪ੍ਰਗਟ ਕਰਨਾ ਚਾਹੀਦਾ ਹੈ। ਵੈਸੇ ਤੁਸੀਂ ਟੀ.ਵੀ. ਦੇ ਪ੍ਰਬੰਧਕਾਂ ਤਕ ਆਪਣਾ ਰੋਸ ਲਿਖਤੀ ਰੂਪ ਵਿਚ ਜਰੂਰ ਪ੍ਰਗਟ ਕਰੋ।

56. ਸਵਾਲ: ਕੀ ਬਰਾਦਰੀ ਦਾ ਛੇਕਿਆ ਹੋਇਆ ਮਨੁਖ ਸੰਗਤ ਵਿਚ ਕਿਸੇ ਜ਼ਾਤੀ ਮਸਲੇ ਦਾ ਸਪਸ਼ਟੀਕਰਨ ਦੇ ਸਕਦਾ ਹੈ ਤੇ ਸੰਗਤ ਵਿਚ ਸ਼ਾਮਲ ਹੋ ਸਕਦਾ ਹੈ?

ਜਵਾਬ: ਸੰਗਤ, ਬਰਾਦਰੀ ਤੋਂ ਬਹੁਤ ਉਪਰ ਹੈ। ਸੰਗਤ ਵਿਚ ਹਰ ਕਿਸੇ ਨੂੰ ਅਪੀਲ ਕਰਨ ਤੇ ਸਪਸ਼ਟੀਕਤਰਨ ਦੇਣ ਦਾ ਅਧਿਕਾਰ ਹੈ। ਸੰਗਤ ਵਿਚੋਂ ਤਿਆਰ - ਬਰ - ਤਿਆਰ ਪੰਜ ਪਿਆਰੇ ਚੁਣੇ ਜਾਣ ਜੋ ਉਸ ਅਪੀਲ ਜਾਂ ਸਪਸ਼ਟੀਕਰਨ ਉਪਰ ਵਿਚਾਰ ਕਰਕੇ ਨਿਰਣਾ ਦੇਣ।

57. ਸਵਾਲ: ਸਾਡੀ ਜਮਾਤ ਦੇ ਸਿੱਖ ਮੁੰਡੇ ਦੀ ਲੜਾਈ ਕਾਰਨ ਪੱਗ ਲਹਿ ਗਈ। ਉਸ ਨੇ ਪੱਗ ਲੱਥਣ ਨੂੰ ਆਪਣੀ ਬੇਇੱਜ਼ਤੀ ਸਮਝਿਆ ਤੇ ਦੂਜੇ ਦਿਨ ਕੇਸ ਕਟਾ ਦਿਤੇ। ਪੁਛਣ ਤੇ ਉਹ ਕਹਿਣ ਲੱਗਾ ਕਿ ਹੁਣ ਉਹ ਜਿਸ ਨਾਲ ਮਰਜ਼ੀ ਚਾਹਵੇ ਲੜ ਸਕਦਾ ਹੈ। ਇਸ ਘਟਨਾ ਨੇ ਮੇਰੇ ਦਿਲ ਵਿਚ ਉੱਥਲ ਪੁੱਥਲ ਮਚਾ ਦਿਤੀ ਹੈ। ਆਪ ਇਹ ਦੱਸਣ ਦੀ ਕਿਰਪਾਲਤਾ ਕਰੋ ਕਿ ਲੜਾਈ ਵੇਲੇ ਪੱਗ ਦੀ ਕਿਵੇਂ ਰਖਿਆ ਕੀਤੀ ਜਾਏ? ਪੱਗ ਦੇ ਕੀ ਫਾਇਦੇ ਹਨ ਅਤੇ ਕੇਸ ਕਿਉਂ ਜਰੂਰੀ ਹਨ?

ਜਵਾਬ: ਜੋ ਅਸੀਂ ਪੱਗ ਨੂੰ ਟੋਪੀ ਵਾਂਗ ਹੀ ਵਰਤਦੇ ਹਾਂ ਤਾਂ ਇਹ ਤਾਂ ਤੇਜ਼ ਹਵਾ ਕਾਰਨ ਤੇ ਉਤੇ ਥਲੇ ਹੋਣ ਨਾਲ ਵੀ ਲੱਥ ਜਾਂਦੀ ਹੈ। ਕੇਸ਼ ਕੰਘਾ ਕਰਕੇ, ਕੇਸਾਂ ਦਾ ਜੂੜਾ ਘੁੱਟ ਕੇ ਕਰਨ ਉਪਰੰਤ ਚੁਣ ਸੁਆਰ ਕੇ ਬਧੀ ਪੱਗ ਸਹਿਜੇ ਕਰਕੇ ਲੱਥਦੀ ਨਹੀਂ। ਜੇ ਤੁਹਾਡੇ ਵਿੱਚ ਲੋੜੀਂਦੀ ਸ਼ਕਤੀ ਹੈ ਅਤੇ ਟੇਕ ਆਪਣੇ ਗੁਰੂ ਤੇ ਹੈ ਤਾਂ ਕਿਸੇ ਦੀ ਕੀ ਮਜਾਲ ਕਿ ਕੋਈ ਤੁਹਾਡੀ ਪੱਗ ਨੂੰ ਹੱਥ ਪਾ ਜਾਏ? ਸ਼ਕਤੀ ਆਉਣੀ ਹੈ ਭਗਤੀ ਨਾਲ, ਗੁਰੂ ਦੇ ਹੁਕਮਾਂ ਅੰਦਰ ਚੱਲਣ ਸਦਕਾ। ਜਦੋਂ ਤੁਸੀਂ ਸੰਤ – ਸਿਪਾਹੀ ਬਣ ਗਏ ਤਾਂ ਤੁਹਾਡੀ ਹਰ ਮੈਦਾਨ ਫਤਹਿ ਹੋਵੇਗੀ।

ਮੈ ਗੁਰ ਮਿਲਿ ਉਚ ਦੁਮਾਲੜਾ ।। (ਪੰਨਾ-੭੪)

ਸਿੱਖ ਲੜਕੇ ਨੇ ਕੇਸ ਕਤਲ ਕਰਵਾ ਕੇ ਚੰਗਾ ਕੰਮ ਨਹੀਂ ਕੀਤਾ। ਕੇਸ ਕਤਲ ਕਰਵਾਉਣ ਕਾਰਨ ਤੇ ਉਹ ਸਿੱਖ ਹੀ ਨਾ ਰਿਹਾ, ਉਸ ਦਾ ਨਿਆਰਾਪਨ ਹੀ ਖਤਮ ਹੋ ਗਿਆ। ਉਸਨੂੰ ਗੁਰੂ ਕੀਆਂ ਖੁਸ਼ੀਆਂ ਕਿਵੇ ਮਿਲਣਗੀਆਂ? ਦਸਮੇਸ਼ ਪਿਤਾ ਜੀ ਦਾ ਤਾਂ ਫੁਰਮਾਨ ਹੈ-

ਜਬ ਲਗ ਖਾਲਸਾ ਰਹੇ ਨਿਆਰਾ,
ਤਬ ਲਗ ਤੇਜ ਦੀਉ ਮੈਂ ਸਾਰਾ।
ਜਬ ਇਹ ਗਹੇ ਬਿਪਰਨ ਕੀ ਰੀਤ।
ਮੈਂ ਨਾ ਕਰੋਂ ਇਨ ਕੀ ਪਰਤੀਤ।

ਕੇਸਾਂ ਤੇ ਦਸਤਾਰ ਸਦਕਾ ਹੀ ਤਾਂ ਅਸੀਂ ਸਿੱਖ ਅਖਵਾਉਂਦੇ ਹਾਂ। ਜੇ ਸਾਡੀ ਦਸਤਾਰ ਤੇ ਕੇਸ ਹੀ ਨਾ ਰਹੇ, ਸਾਡੀ ਤੇ ਮੋਹਰ ਹੀ ਮਿਟ ਗਈ, ਅਸੀਂ ਤੇ ਅਨਮਤੀਆਂ ਵਿੱਚ ਜਾ ਰਲੇ, ਸਾਨੂੰ ਸਿੱਖ ਕੌਣ ਕਹੇਗਾ? ਅਸੀਂ ਤੇ ਖਾਲਸੇ ਬਣਨਾ ਹੈ, ਖਾਲਸੇ ! ਸਿੰਘ ਸੂਰਮੇ! ਅਕਾਲ ਪੁਰਖ ਦੀ ਫ਼ੌਜ ਦੇ ਸੰਤ ਸੀਪਾਹੀ! ਪੰਜ ਕਕਾਰੀ ਵਰਦੀ ਪਹਿਨ ਕੇ ਸਤਿ-ਧਰਮ ਦੀ ਜੈ ਜੈ ਕਾਰ ਕਰਨੀ ਹੈ, ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਉਣੇ ਹਨ, ਕੂੜ ਕੁਸੱਤ ਦੂਰ ਕਰਕੇ "ਸਤਿ" ਦਾ ਰਾਜ ਕਾਇਮ ਕਰਨਾ ਹੈ।

ਭਾਈ ਨੰਦ ਲਾਲ ਜੀ ਸਿੰਘ ਜੀ ਦੀ ਲਿਖਤ "ਤਨਖਾਹਨਾਮੇ" ਵਿੱਚ ਲਿਖਿਆ ਹੋਇਆ ਹੈ—

ਕੰਘਾ ਦੋਨੋਂ ਵਕਤ ਕਰ, ਪਗ ਚੁਨੇ ਕਰ ਬਾਂਧਈ।

ਕੇਸ ਕਤਲ ਕਰਵਾ ਕੇ ਅਸੀਂ ਸਤਿਗੁਰੂ ਜੀ ਦੇ ਹੁਕਮ ਦੀ ਕਿਵੇਂ ਪਾਲਣਾ ਕਰਾਂਗੇ? ਅਸੀਂ ਤੇ ਰੱਬ ਦੀ ਬਖਸ਼ੀ ਹੋਈ ਸਾਬਤ ਸੂਰਤ ਹੀ ਭੰਨ ਤੋੜ ਦਿੱਤੀ ਅਤੇ ਬੇਈਮਾਨਾਂ ਦੀ ਕਤਾਰ ਵਿੱਚ ਜਾ ਖੜ੍ਹੇ ਹੋਏ।

"ਸਾਬਤ ਸੂਰਤ ਰਬ ਦੀ ਭੰਨੇ ਬੇਈਮਾਨ।"

ਗੁਰੂ ਤੋਂ ਬੇਮੁਖ ਹੋ ਕੇ, ਉਸਦਾ ਲੜ ਛੱਡ ਕੇ ਤਾਂ ਅਸੀਂ ਦੋ ਕੌਡੀ ਦੇ ਵੀ ਨਾ ਰਹੇ, ਛੁੱਟੜ ਇਸਤਰੀ ਵਾਂਗ ਦਰ ਦਰ ਦੀਆਂ ਠੋਹਕਰਾਂ ਹੀ ਖਾਵਾਂਗੇ।

ਘਸੁੰਨ ਮੁੱਕੀ ਵਿੱਚ ਪੱਗ ਲਹਿ ਹੀ ਜਾਇਆ ਕਰਦੀ ਹੈ, ਇਸਦਾ ਇਹ ਮਤਲਬ ਨਹੀਂ ਕਿ ਅਸੀਂ ਕੇਸ ਕਤਲ ਕਰਵਾ ਦੇਈਏ। ਭਲਾ ਜੇ ਤੁਹਾਡੀਆਂ ਅੱਖਾਂ ਤੇ ਲੱਗੀ ਐਨਕ ਲੜਾਈ ਝਗੜੇ ਵਿੱਚ ਡਿੱਗ ਪਵੇ ਤਾਂ ਕੀ ਤੁਸੀਂ ਆਪਣਾ ਨੱਕ ਵਢਾ ਦਿਓਗੇ ਜਾਂ ਅੱਖਾਂ ਕਢਵਾ ਦਿਉਂਗੇ?

ਦਸਤਾਰ (ਪੱਗ) ਸਾਡੇ ਸਿਰ ਨੂੰ ਗਰਮੀ ਸਰਦੀ, ਸੱਟ ਚੋਟ ਤੇ ਮਿੱਟੀ ਘੱਟੇ ਤੋਂ ਬਚਾਉਣ ਵਾਸਤੇ ਯੋਗ ਪਹਿਰਾਵਾ ਹੈ। ਦਸਤਾਰ ਸਤਿਗੁਰੂ ਵਲੋਂ ਬਖਸ਼ਿਆ ਸਿਰੋਪਾ ਹੈ, ਇਹ ਸਾਡੇ ਸਿਰ ਦਾ ਤਾਜ ਹੈ। ਇਸਦਾ ਸਦਕਾ ਅਸੀਂ ਸਰਦਾਰ (chief) ਕਹਾਉਂਦੇ ਹਾਂ। ਇਸਦੀ ਸ਼ਾਨ ਬਰਕਰਾਰ ਰੱਖਣਾ ਸਾਡਾ ਸਾਰਿਆਂ ਦਾ ਫਰਜ਼ ਹੈ, ਇਹ ਪੈਰਾਂ ਵਿੱਚ ਨਹੀਂ ਰੁਲਣੀ ਚਾਹੀਦੀ, ਇਸਨੂੰ ਦਾਗ

ਨਹੀਂ ਲੱਗਣਾ ਚਾਹੀਦਾ, ਇਸ ਨੂੰ ਸਤਿਕਾਰ ਮਿਲਣਾ ਚਾਹੀਦਾ ਹੈ। ਦਸਤਾਰਧਾਰੀ ਸਿੰਘਾਂ ਦੇ ਸਿਰ ਘੱਟਾ ਨਹੀਂ ਪੈਣਾ ਚਾਹੀਦਾ, ਸਾਬਤ ਸੂਰਤ ਦਸਤਾਰ ਵਾਲੇ ਗੁਰਸਿੱਖਾਂ ਦੀ ਹਰ ਦਿਲ ਵਿੱਚ ਮਾਣ ਵਡਿਆਈ ਹੋਣੀ ਚਾਹੀਦੀ ਹੈ। ਇਹ ਤਾਂ ਹੀ ਹੋ ਸਕੇਗਾ ਜੇ ਅਸੀਂ ਆਪਣੇ ਸਤਿਗੁਰ ਦੇ ਹੁਕਮਾਂ ਅੰਦਰ ਚੱਲਾਂਗੇ, ਧਰਮ ਦੀ ਕਿਰਤ, ਵੰਡ ਛਕਾਂਗੇ, ਸੇਵਾ ਤੇ ਸਿਮਰਨ ਕਰਾਂਗੇ, ਵੈਰ ਵਿਰੋਧ ਮਿਟਾ ਕੇ ਸਰਬੱਤ ਦਾ ਭਲਾ ਮੰਗਾਂਗੇ।

58. ਸਵਾਲ: ਮੈਂ ਰੋਜ਼ਾਨਾ ਨਿੱਤਨੇਮ ਕਰਦਾ ਹਾਂ, ਪਰ ਇਹ ਬਾਣੀਆਂ ਕੰਠ ਨਹੀਂ ਹੁੰਦੀਆਂ। ਇਸ ਲਈ ਕੀ ਕੀਤਾ ਜਾਵੇ।

ਜਵਾਬ: ਨਿੱਤਨੇਮ ਕਰਦੇ ਸਮੇਂ ਆਪਣੇ ਮਨ ਨੂੰ ਪੜ੍ਹੀ ਜਾ ਰਹੀ ਗੁਰਬਾਣੀ ਦੇ ਅਰਥ ਭਾਵਾਂ ਵਿੱਚ ਜੋੜਨ ਅਤੇ ਨੇਮ ਨਾਲ ਬਾਣੀ ਪੜ੍ਹਨ ਨਾਲ ਆਪੇ ਬਾਣੀ ਕੰਠ ਹੋ ਜਾਂਦੀ ਹੈ। ਜੇ ਇਸ ਤਰ੍ਹਾਂ ਸਫ਼ਲਤਾ ਨਾ ਮਿਲੇ ਤਾਂ ਇੱਕ - ਇੱਕ ਪਉੜੀ, ਇੱਕ ਇੱਕ ਸ਼ਬਦ ਕਰਕੇ ਕੰਠ ਕਰੋ ਅਤੇ ਕਿਸੇ ਨੂੰ ਸੁਣਾਉ ਅਤੇ ਐਸਾ ਰੋਜ਼ਾਨਾ ਨੇਮ ਬਣਾਉ।

59. ਸਵਾਲ: ਦਾਸ ਅੰਮ੍ਰਿਤਧਾਰੀ ਹੈ, ਪਰ ਪਤਨੀ ਨੇ ਅੰਮ੍ਰਿਤ ਨਹੀਂ ਛਕਿਆ, ਜ਼ੋਰ ਦੇਣ ਤੇ ਵੀ ਅੰਮ੍ਰਿਤ ਛਕਣ ਲਈ ਤਿਆਰ ਨਹੀਂ, ਕੀ ਕੀਤਾ ਜਾਵੇ?

ਜਵਾਬ: ਵੀਰ ਜੀਉ, ਇਹ ਕੰਮ ਜ਼ੋਰ ਨਾਲ ਨਹੀਂ, ਪ੍ਰੇਰਨਾ ਨਾਲ ਹੋ ਸਕਦਾ ਹੈ। ਪਤਨੀ ਨੂੰ ਗੁਰਮਤਿ ਲਿਟਰੇਚਰ ਪੜ੍ਹਾਉ, ਸਤਿਸੰਗਤ ਵਿੱਚ ਲੈ ਕੇ ਜਾਉ, ਘਰ ਵਿੱਚ ਕੀਰਤਨ, ਕਥਾ, ਲੈਕਚਰ ਦੀਆਂ ਟੇਪਾਂ ਲਾਉ। ਹੌਲੀ ਹੌਲੀ ਅੰਮ੍ਰਿਤ ਵਾਲੇ ਪਾਸੇ ਪ੍ਰੇਰਣਾ ਕਰੋ ਤੇ ਜਾਰੀ ਰੱਖੋ ਅਤੇ ਪ੍ਰੇਰਣਾ ਦੀ ਸਫਲਤਾ ਲਈ ਜਨ (ਸੇਵਕ) ਬਣ ਕੇ ਪ੍ਰਭੂ ਅੱਗੇ ਅਰਦਾਸ ਕਰੋ, ਸਫਲਤਾ ਪ੍ਰਾਪਤ ਹੋਵੇਗੀ, ਜਿਵੇਂ ਗੁਰਬਾਣੀ ਫੁਰਮਾਨ ਹੈ:

ਬਿਰਥੀ ਕਦੇ ਨ ਹੋਵਈ,
ਜਨ ਕੀ ਅਰਦਾਸਿ ॥ (ਬਿਲਾਵਲੁ, ਮ: ੫ ਪੰਨਾ-੮੧੯)

60. ਸਵਾਲ: ਦਾਸ ਨਿੱਤਨੇਮ ਵੀ ਕਰਦਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਵੀ ਕਰਦਾ ਹੈ, ਪਰ ਮਨ ਦੀ ਭਟਕਣਾ ਖ਼ਤਮ ਨਹੀਂ ਹੁੰਦੀ, ਕੀ ਕੀਤਾ ਜਾਵੇ?

ਜਵਾਬ: ਨਿੱਤਨੇਮ ਸਟੀਕ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਟੀਕਾਂ ਲੈ ਕੇ ਬਾਣੀ ਵਿਚਾਰ ਕੇ ਪੜ੍ਹੋ, ਸਤਿਸੰਗਤ ਕਰੋ। ਵਾਹਿਗੁਰੂ ਗੁਰਮੰਤ੍ਰ ਨੂੰ ਰਿਦੇ

ਚਿਤਾਰੋ ਅਤੇ ਗੁਰੂ ਅੱਗੇ ਮਨ ਦੇ ਟਿਕਾਅ ਲਈ ਜੋਦੜੀ ਕਰਦੇ ਰਹੋ। ਸਤਿਗੁਰੂ ਕ੍ਰਿਪਾ ਕਰਨਗੇ।

61. ਸਵਾਲ: "ਤੇਗ ਬਹਾਦਰ ਬੋਲਿਆ, ਧਰ ਪਈਐ, ਧਰਮ ਨ ਛੋੜੀਐ' — ਤੁਕ ਕਿਸਦੀ ਰਚਨਾ ਹੈ?

ਜਵਾਬ: ਇਹ ਗੁਰਬਾਣੀ ਨਹੀ, ਤੇ ਨਾ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ। ਇਹ ਕੇਸੋ ਭੱਟ ਦੀ ਰਚਨਾ ਹੈ, ਜੋ ਦਸਮੇਸ਼ ਜੀ ਦੇ ਵੇਲੇ ਦਾ ਕਵੀ ਸੀ। ਪੂਰੀ ਰਚਨਾ ਇਸ ਤਰ੍ਹਾਂ ਹੈ: —

ਚਿਤ ਚਰਨ ਕਮਲ ਕਾ ਆਸਰਾ,
ਚਿਤ ਚਰਨ ਕਮਲ ਸੰਗ ਜੋੜੀਐ।
ਮਨ ਲੋਚੈ ਬੁਰਿਆਈਆਂ,
ਗੁਰ ਸ਼ਬਦੀ ਇਹ ਮਨ ਹੋੜੀਐ।
ਬਾਂਹਿ ਜਿਨ੍ਹਾਂ ਦੀ ਪਕੜੀਐ,
ਸਿਰ ਦੀਜੈ ਬਾਂਹਿ ਨਾ ਛੋੜੀਐ।
ਤੇਗ ਬਹਾਦਰ ਬੋਲਿਆ,
ਧਰ ਪਈਐ ਧਰਮ ਨਾ ਛੋੜੀਐ।

62. ਸਵਾਲ: ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਰੋਵਰ ਦੀ ਲੰਬਾਈ ਚੌੜਾਈ ਤੇ ਡੂੰਘਾਈ ਦਸੋ?

ਜਵਾਬ: ਲੰਬਾਈ ੫੦੦ ਫੁਟ, ਚੌੜਾਈ ੪੯੦ ਫੁਟ, ਅਤੇ ਡੂੰਘਾਈ ੧੭ ਫੁਟ ਹੈ।

63. ਸਵਾਲ: ਹੋਲਾ ਮਹੱਲਾ ਦੇ ਅੱਖਰੀ ਅਰਥ ਕੀ ਹਨ?

ਜਵਾਬ: ਹੋਲਾ ਮਹੱਲਾ ਦੇ ਅਰਥ ਹਨ ਹਮਲਾ ਤੇ ਜਾਇ (ਸਥਾਨ) ਹਮਲਾ। ਭਾਵ ਸੋਝੀ ਪੈਦਾ ਕਰ ਲੈਣੀ ਕਿ ਹਮਲਾ ਕਿਸ ਵੇਲੇ ਤੇ ਕਿਸ ਥਾਂ ਕਰਨਾ ਹੈ।

64. ਸਵਾਲ: ਭਾਰਤੀ ਫ਼ੌਜ ਵਿਚ ਸਿੱਖ ਜੁਆਨਾਂ, ਅਫਸਰਾਂ ਨੂੰ ਦਾੜ੍ਹਾ ਜੋ ਦਸ਼ਮੇਸ਼ ਜੀ ਦੀ ਮੋਹਰ ਹੈ ਚੜ੍ਹਾ ਕੇ (ਬੰਨ ਕੇ) ਰਖਣ ਲਈ ਕਿਉਂ ਕਿਹਾ ਜਾਂਦਾ ਹੈ? ਉਲੰਘਣਾ ਕਰਨ ਵਾਲੇ ਨੂੰ D.S.R. ਦੇ para ਮੁਤਾਬਿਕ ਕਸੂਰਵਾਰ ਠਹਿਰਾਇਆ ਜਾਂਦਾ ਹੈ। ਪ੍ਰੰਤੂ ਜੇ ਕਰ ਕੋਈ ਦਾਹੜੀ ਕਟਦਾ ਹੈ ਜਾਂ ਬੇਅਦਬੀ ਕਰਦਾ ਹੈ ਤਾਂ ਐਸਾ ਕਰਨ ਵਾਲੇ ਲਈ ਕੋਈ ਢੰਡ ਨਹੀਂ, ਕੋਈ ਸਜ਼ਾ ਨਹੀਂ। ਜੇ ਕੋਈ ਸਿੰਘ ਗੁਰੂ ਸਾਹਿਬ

ਦੇ ਹੁਕਮਾਂ ਦੀ ਪਾਲਣਾ ਕਰਦਿਆਂ ਦਾਹੜਾ ਪ੍ਰਕਾਸ਼ (ਖੁਲ੍ਹਾ) ਰਖਣਾ ਚਾਹੇ ਤਾਂ ਉਹ ਕੀ ਕਰੇ?

ਜਵਾਬ: ਪੰਥਕ ਜਥੇਬੰਦੀ ਦੀ ਕਮਜ਼ੋਰੀ ਕਾਰਨ ਅਨੇਕਾਂ ਗਲਾਂ ਵਿਚ ਸਿੱਖਾਂ ਨਾਲ ਵਿਤਕਰਾ ਹੋ ਰਿਹਾ ਹੈ ਤੇ ਸਿੱਖੀ ਸਰੂਪ ਨੂੰ ਖਤਮ ਕਰਨ ਲਈ ਸਿਧੇ ਅਤੇ ਅਸਿਧੇ ਢੰਗ ਨਾਲ ਕਈ ਪਾਸਿਉਂ ਹਮਲੇ ਕੀਤੇ ਜਾ ਰਹੇ ਹਨ। ਇਹ ਵੀ ਲੁਕਵੇਂ ਢੰਗ ਨਾਲ ਇਕ ਐਸਾ ਹਮਲਾ ਹੀ ਸਮਝਿਆ ਜਾਣਾ ਚਾਹੀਦਾ ਹੈ। ਅੰਗਰੇਜ਼ੀ ਸਰਕਾਰ ਵੇਲੇ ਫੌਜ ਅਤੇ ਪੁਲੀਸ ਆਦਿ ਸਰਕਾਰੀ ਮਹਿਕਮਿਆਂ ਵਿਚ ਦਾਹੜੀ ਕੇਸਾਂ ਦੀ ਬੇਅਦਬੀ ਕਰਨ ਵਾਲੇ ਸਿੱਖ ਕਰਮਚਾਰੀਆਂ ਨੂੰ ਦੰਡ ਦਿਤਾ ਜਾਣਾ ਸੁਣਨ ਵਿਚ ਆਉਂਦਾ ਹੈ। ਜੋ ਇਸਨਾਨ ਆਪਣੇ ਧਰਮ ਪ੍ਰਤੀ ਵਫਾਦਾਰ ਨਹੀਂ ਉਹ ਦੇਸ਼ ਪ੍ਰਤੀ ਵਫਾਦਾਰੀ ਕਿਵੇਂ ਨਿਭਾ ਸਕਦਾ ਹੈ? ਇਹ ਸੋਚਣੀ ਅੰਗਰੇਜ਼ ਸਰਕਾਰ ਦੀ ਸੀ। ਪਰ ਹੁਣ ਦਾਹੜਾ ਪ੍ਰਕਾਸ਼ ਕਰਨ ਵਾਲੇ ਨੂੰ ਦੰਡ ਤੇ ਕੱਟਣ ਵਾਲੇ ਨੂੰ ਖੁਲ੍ਹ ਜਿਵੇਂ ਕਿ ਆਪ ਨੇ ਲਿਖਿਆ ਹੈ, ਇਹ ਵਰਤਮਾਨ ਸਰਕਾਰ ਦੀ ਪਾਲਸੀ ਨਿੰਦਣਯੋਗ ਹੈ। ਸਿੱਖਾਂ ਨੇ ਭਾਰਤ ਦੀ ਆਜ਼ਾਦੀ ਵਿਚ ਵਧ ਚੜ੍ਹ ਕੇ ਹਿਸਾ ਪਾਇਆ ਹੈ ਅਤੇ ਅਜ਼ਾਦੀ ਲਈ ਸ਼ਹੀਦ ਹੋਣ ਵਾਲਿਆਂ ਵਿਚ ੮੦% ਸਿੱਖ ਸਨ। ਪਿਛਲੀਆਂ ਚੀਨ ਤੇ ਪਾਕਿਸਤਾਨ ਨਾਲ ਲੜਾਈਆਂ ਵਿਚ ਸਿਖ ਸੂਰਮੇ ਅਗੇ ਹੋ ਕੇ ਲੜੇ ਹਨ। ਸਿਖਾਂ ਦੀ ਬਹਾਦਰੀ ਸਿੱਖਾਂ ਦੀ ਬਾਣੀ ਅਤੇ ਬਾਣੇ ਵਿਚ ਪ੍ਰਪੱਕ ਰਹਿਣ ਵਿਚ ਹੀ ਹੈ। ਜੇ ਬਾਣੇ ਨੂੰ ਅਸੀਂ ਆਪ ਹੀ ਕਮਜ਼ੋਰ ਕਰਨਾ ਸ਼ੁਰੂ ਕਰ ਦਿਤਾ ਤਾਂ ਫਿਰ ਬਹਾਦਰੀ ਕਿਥੋਂ ਆਵੇਗੀ । ਸੋ ਸ਼ਰੋਮਣੀ ਕਮੇਟੀ ਤੇ ਹੋਰ ਮੁਖੀ ਸੰਸਥਾਵਾਂ ਨੂੰ ਭਾਰਤ ਸਰਕਾਰ ਤੇ ਜ਼ੋਰ ਦੇਣਾ ਚਾਹੀਦਾ ਹੈ ਕਿ ਉਹ ਸਿੱਖ ਰਵਾਇਤਾਂ ਤੇ ਰਹੁਰੀਤਾਂ ਦੀ ਪਾਲਣਾ ਹਰ ਸਿੱਖ ਫ਼ੌਜੀ ਵਾਸਤੇ ਲਾਜ਼ਮੀ ਕਰਾਰ ਦੇਵੇ ਅਤੇ ਇਸੇ ਤਰਾਂ ਪੁਲੀਸ ਵਿਚ ਹੀ ਹਰ ਸਿਖ ਸਿਪਾਹੀ ਲਈ ਐਸੇ ਆਦੇਸ਼ ਹੋਣੇ ਲਾਜ਼ਮੀ ਹਨ। ਜੇ ਐਸਾ ਨਹੀਂ ਹੁੰਦਾ ਤਾਂ ਇਸ ਢਿਲ ਨੂੰ ਸੋਚੀ ਸਮਝੀ ਸਕੀਮ ਅਨੁਸਾਰ ਸਿੱਖ ਸਰੂਪ ਤੇ ਹਮਲਾ ਹੀ ਸਮਝਿਆ ਜਾਣਾ ਚਾਹੀਦਾ ਹੈ।

65. **ਸਵਾਲ: ਨਾਨਕਸਰ (ਜਗਰਾਉਂ) ਵਿਖੇ ਸਚਖੰਡ ਕਿਸ ਨੇ ਅਤੇ ਕਦੋਂ ਬਣਵਾਇਆ ਸੀ? ਸਚਖੰਡ ਦੇ ਦਰਸ਼ਨ ਕਰਨ ਲਈ ਜੋ ਸ਼ਰਤਾਂ (ਜਿਵੇਂ ੨੫੦ ਪਾਠ ਜਪੁਜੀ ਦੇ ਜਾਂ ੫੦ ਪਾਠ ਸੁਖਮਨੀ ਸਾਹਿਬ ਦੇ ਜਾਂ ਗੁਰੂ ਗ੍ਰੰਥ ਸਾਹਿਬ ਦਾ ਸੰਪੂਰਨ ਪਾਠ ਸਭ ਇਕ ਮਹੀਨੇ ਦੇ ਅੰਦਰ ਕਰਨੇ ਹਨ) ਕਿਸ ਨੇ, ਕਦੋਂ, ਕਿਸ ਮਹਾਤਮ ਨੂੰ ਮੁਖ ਰਖ ਕੇ ਲਿਖੀਆਂ**

ਹਨ? ਸਿੱਖੀ ਵਿਚ ਤਾਂ ਗਿਣਤੀ ਮਣਤੀ ਦੇ ਪਾਠਾਂ ਦਾ ਕੋਈ ਮਹਾਤਮ ਨਹੀਂ ਦੱਸਿਆ ਗਿਆ।

ਜਵਾਬ: ਨਾਨਕਸਰ ਵਿਚਲੇ ਸਚਖੰਡ ਬਾਰੇ ਤਾਂ ਉਥੋਂ ਦੇ ਪ੍ਰਬੰਧਕਾਂ ਪਾਸੋਂ ਪੁਛਿਆ ਜਾ ਸਕਦਾ ਹੈ। ਸਾਨੂੰ ਤਾਂ ਜਪੁਜੀ ਸਾਹਿਬ ਦੀ ੩੭ ਵੀਂ ਪਉੜੀ ਵਿਚ ਬਿਆਨ ਕੀਤੇ ਸਚਖੰਡ ਦਾ ਪਤਾ ਹੈ ਜਿਸ ਵਿਚ ਗੁਰੂ ਸਾਹਿਬ ਜੀ ਨੇ ਐਸੀ ਆਤਮਕ ਅਵੱਸਥਾ, ਜਦੋਂ ਮਨੁਖ ਦਾ ਅਕਾਲ ਪੁਰਖ ਨਾਲ ਪੂਰਨ ਤੇ ਸਦੀਵੀ ਮਿਲਾਪ ਹੁੰਦਾ ਹੈ, ਨੂੰ ਸਚਖੰਡ ਦੀ ਅਵੱਸਥਾ ਦਸਿਆ ਹੈ। " ਸਚ ਖੰਡਿ ਵਸੈ ਨਿਰੰਕਾਰੁ।। " ਬਾਕੀ ਰਹੀ ਗੱਲ ਗਿਣਤੀ ਮਿਣਤੀ ਦੇ ਪਾਠਾਂ ਦੀ, ਇਸ ਬਾਰੇ ਤਾਂ ਗੁਰਬਾਣੀ ਇਹ ਦਸਦੀ ਹੈ ਕਿ ਭਾਵਨਾ ਤੇ ਸਿਦਕ ਦਿਲੀ ਨਾਲ ਵਿਚਾਰ ਸਹਿਤ ਕੀਤਾ ਪਾਠ ਹੀ ਲਾਭਦਾਇਕ ਤੇ ਸੁਖਦਾਈ ਹੋ ਸਕਦਾ ਹੈ। ਸਿੱਖ ਨੂੰ ਗਿਣਤੀਆਂ ਦੇ ਚੱਕਰਾਂ ਵਿਚ ਪੈਣ ਦੀ ਲੋੜ ਨਹੀਂ ।

66. ਸਵਾਲ: ਕੀ ਇਹ ਗੱਲ ਠੀਕ ਹੈ ਕਿ ਡਾ. ਅੰਬੇਦਕਰ ਦੀ ਅਗਵਾਈ ਹੇਠ ਪੰਜ ਕਰੋੜ ਸ਼ੂਦਰ ਸਿੱਖ ਬਣਨਾ ਚਾਹੁੰਦੇ ਸਨ, ਪਰ ਮਹਾਤਮਾ ਗਾਂਧੀ ਨੇ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕਿਆ ਸੀ?

ਜਵਾਬ: ਇਹ ਗੱਲ ਬਿਲਕੁਲ ਠੀਕ ਹੈ। ਮਹਾਤਮਾ ਗਾਂਧੀ ਨੇ ਕਿਹਾ ਸੀ ਕਿ ਜੇ ਇਨ੍ਹਾਂ ਨੇ ਹਿੰਦੂ ਮਤ ਤਿਆਗਣਾ ਹੀ ਹੈ ਤਾਂ ਮੁਸਲਮਾਨ ਭਾਵੇਂ ਬਣ ਜਾਣ, ਸਿੱਖ ਨਹੀਂ ਬਣਨ ਦੇਣਾ। ਇਸ ਬਾਰੇ ਸ੍ਰ. ਨਰੈਣ ਸਿੰਘ ਜੀ ਦੀ ਪੁਸਤਕ ' ਕਿਉ ਕੀਤੋ ਵੇਸਾਹੁ ' ਵਿੱਚ ਵਿਸਥਾਰ ਦਿੱਤਾ ਗਿਆ ਹੈ।

67. ਸਵਾਲ: ਇੱਕ ਕਥਾਕਾਰ ਨੇ ਇਥੇ ਇੱਕ ਸਮਾਗਮ ਵਿੱਚ ਬੋਲਦਿਆਂ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਸੀ ਕਿ ਜੇ ਕੋਈ ਮੁਸਲਮਾਨ ਆਪਣੀ ਬਾਂਹ ਤੇਲ ਨਾਲ ਲਿਬੇੜ ਕੇ ਤਿਲਾਂ ਵਿੱਚ ਡੁਬੋ ਦੇਵੇ ਤਾਂ ਜਿਤਨੇ ਤਿਲ ਬਾਂਹ ਨੂੰ ਲੱਗਣ, ਉਤਨੀਆਂ ਕਸਮਾਂ ਖਾਣ ਤੇ ਵੀ ਕਿਸੇ ਮੁਸਲਮਾਨ ਦਾ ਇਤਬਾਰ ਨਹੀਂ ਕਰਨਾ। ਆਪ ਜੀ ਦੇ ਇਸ ਬਾਰੇ ਕੀ ਵਿਚਾਰ ਹਨ?

ਜਵਾਬ: ਸਿੱਖ ਗੁਰੂ ਸਾਹਿਬਾਨ ਕਿਸੇ ਫਿਰਕੇ ਦੇ ਖਿਲਾਫ ਨਹੀਂ ਸਨ। **"ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ"** ਉਚਾਰਨ ਕਰਨ ਵਾਲੇ ਗੁਰੂ ਗੋਬਿੰਦ ਸਿੰਘ ਜੀ ਉਪਰੋਕਤ ਗੱਲ ਕਿਵੇਂ ਕਹਿ ਸਕਦੇ ਸਨ? ਅਸਲ ਵਿੱਚ ਉਪਰੋਕਤ ਗੱਲ ਇੱਕ ਹਿੰਦੂ ਕਵੀ ਨੇ ਆਪਣੀ ਕਵਿਤਾ ਵਿੱਚ ਲਿਖੀ ਹੈ ਅਤੇ ਉਸਦਾ ਮਕਸਦ ਸਿੱਖਾਂ ਅਤੇ ਮੁਸਲਮਾਨਾਂ ਨੂੰ ਆਪਸ ਵਿੱਚ

ਦੂਰ ਕਰਨਾ ਹੈ। ਅਸੀਂ ਮੋਟੇ ਤੌਰ ਤੇ ਸਿੱਖ ਇਤਿਹਾਸ ਵੱਲ ਨਜ਼ਰ ਮਾਰੀਏ ਤਾਂ 'ਭਾਈ' ਦਾ ਖਿਤਾਬ ਸਭ ਤੋਂ ਪਹਿਲਾਂ ਮਰਦਾਨੇ ਨੂੰ ਮਿਲਿਆ ਜੋ ਕਿ ਪਹਿਲਾਂ ਇੱਕ ਮੁਸਲਮਾਨ ਸੀ। ਗੁਰੂ ਨਾਨਕ ਦੇਵ ਜੀ ਦਾ ਸਭ ਤੋਂ ਵੱਧ ਸਾਥ ਉਸੇ ਨੇ ਮਾਣਿਆ ਸੀ।

ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਫੌਜ ਵਿੱਚ ਕਈ ਮੁਸਲਮਾਨ ਸਨ। ਅਜਿਹੀਆਂ ਹੋਰ ਬਹੁਤ ਸਾਰੀਆਂ ਉਦਾਹਰਣਾਂ ਇਤਿਹਾਸ ਵਿੱਚ ਮਿਲਦੀਆਂ ਹਨ। ਇਹ ਠੀਕ ਹੈ ਕਿ ਇਹਨਾਂ ਮੁਸਲਮਾਨ ਸ਼ਰਧਾਲੂਆਂ ਨੇ ਗੁਰੂ ਸਾਹਿਬ ਨੂੰ ਆਪਾ ਸਮਰਪਣ ਕਰਕੇ ਸਿੱਖੀ ਧਾਰਨ ਕੀਤੀ ਸੀ।

ਸੋ ਮੁਸਲਮਾਨਾਂ ਤੇ ਇਤਬਾਰ ਨਾ ਕਰਨ ਵਾਲੀ ਉਪਰੋਕਤ ਗੱਲ ਬਿਲਕੁਲ ਨਿਰਮੂਲ ਹੈ ਅਤੇ ਸਾਡੇ ਪ੍ਰਚਾਰਕਾਂ ਨੂੰ ਅਜਿਹੀਆਂ ਗੱਲਾਂ ਕਰਨ ਤੋਂ ਸੰਕੋਚ ਕਰਨਾ ਚਾਹੀਦਾ ਹੈ ਜਿਸ ਨਾਲ ਸੰਗਤ ਨੂੰ ਗਲਤ ਸੇਧ ਮਿਲਦੀ ਹੋਵੇ।

68. ਸਵਾਲ: ਕਿਸੇ ਰਾਗੀ ਨੇ ਕਿਹਾ ਸੀ ਕਿ ਬਸੰਤ ਰਾਗ, ਬਸੰਤ ਰੁਤ ਵਿਚ ਹੀ ਗਾਇਆ ਜਾਂਦਾ ਹੈ, ਅੱਗੇ ਪਿਛੇ ਨਹੀਂ। ਕੀ ਇਹ ਠੀਕ ਹੈ?

ਜਵਾਬ: ਬਸੰਤ ਰਾਗ ਗਾਉਣ ਬਾਰੇ ਇਹ ਮਰਯਾਦਾ ਹੈ ਕਿ ਬਸੰਤ ਰੁਤ ਵਿਚ ਇਹ ਰਾਗ ਕਿਸੇ ਸਮੇਂ ਵੀ ਗਾਇਆ ਜਾ ਸਕਦਾ ਹੈ, ਪਰ ਇਸ ਰੁੱਤ ਤੋਂ ਅੱਗੇ ਪਿਛੇ ਗਾਉਣ ਲਈ ਰਾਤ ਦਾ ਚੌਥਾ ਪਹਿਰ ਨੀਯਤ ਕੀਤਾ ਗਿਆ ਹੈ।

69। ਸਵਾਲ: ਮੇਰਾ ਦੋਸਤ ਗੁਰਦੀਪ ਸਿੰਘ ੧੦+੨ ਦਾ ਵਿਦਿਆਰਥੀ ਹੈ। ਉਸਨੇ ਡਾਕਟਰੀ ਦਾ ਵਿਸ਼ਾ ਲਿਆ ਹੋਇਆ ਹੈ। ਉਹ ਅੰਮ੍ਰਿਤ ਛਕਣ ਤੋਂ ਕਤਰਾਂਦਾ ਹੈ। ਉਹ ਕਹਿੰਦਾ ਹੈ ਕਿ ਕਾਲਜ ਵਿਚ ਉਸਨੂੰ ਜਾਨਵਰਾਂ ਦੀ ਚੀੜ ਫਾੜ ਕਰਨੀ ਪੈਂਦੀ ਹੈ। ਮੈਂ ਉਸਨੂੰ ਕਿਹਾ ਹੈ ਕਿ ਇਹ ਕੰਮ ਗਲਤ ਨਹੀਂ, ਉਹ ਵੀ ਅੰਮ੍ਰਿਤ ਛਕ ਸਕਦਾ ਹੈ। ਉਹ ਆਪਣੀ ਗੱਲ ਤੇ ਅੜੀ ਬੈਠਾ ਹੈ। ਮੈਂ ਉਸ ਨੂੰ ਕਿਵੇਂ ਸਮਝਾਵਾਂ?

ਜਵਾਬ: ਚਾਕੂ ਡਾਕੂ ਵੀ ਵਰਤਦਾ ਹੈ ਤੇ ਡਾਕਟਰ ਵੀ। ਚਾਕੂ ਦਾ ਕੰਮ ਹੈ ਚੀਰਨਾ ਪਰ ਡਾਕਟਰ ਅਤੇ ਡਾਕੂ ਦੇ ਚੀਰਨ ਦਾ ਉਦੇਸ਼ ਵੱਖੋ ਵੱਖ ਹੈ। ਡਾਕੂ ਚਾਕੂ ਮਾਰ ਕੇ ਜੀਵਨ ਬਰਬਾਦ ਕਰ ਦਿੰਦਾ ਹੈ ਪਰ ਡਾਕਟਰ ਚਾਕੂ ਨਾਲ ਚੀਰ ਫਾੜ ਕਰਕੇ ਜੀਵ ਦੇ ਅੰਦਰੋਂ ਗੰਦ ਮੰਦ ਬਾਹਰ ਕੱਢਕੇ ਰੋਗ ਦੂਰ ਕਰ ਦਿੰਦਾ ਹੈ ਅਤੇ ਬੰਦਾ ਤੰਦਰੁਸਤ ਹੋ ਜਾਂਦਾ ਹੈ।

ਕਸਾਈ ਦੇ ਛੁਰੇ ਅਤੇ ਵਿਦਿਆਰਥੀ ਦੀ ਨਸ਼ਤਰ ਵਿਚ ਅੰਤਰ ਹੈ। ਕਸਾਈ ਦਾ ਉਦੇਸ਼ ਪੈਸੇ ਕਮਾਉਣਾ ਹੈ ਪਰ ਵਿਦਿਆਰਥੀ ਦੀ ਪ੍ਰਯੋਗਸ਼ਾਲਾ ਵਿਚ ਨਸ਼ਤਰ ਦੀ ਵਰਤੋਂ ਦਾ ਉਦੇਸ਼ ਗਿਆਨ ਦੀ ਪ੍ਰਾਪਤੀ ਹੈ ਜਿਸ ਸਦਕਾ ਵਿਦਿਆਰਥੀ ਲੱਖਾਂ ਜੀਵਾਂ ਦੇ ਰੋਗ ਕੱਟਣ ਦੇ ਸਮਰੱਥ ਹੋ ਜਾਵੇਗਾ।

ਡਾਕਟਰ ਪੈਦਾ ਕਰਨ ਵਾਸਤੇ ਡਾਕਟਰੀ ਵਿਦਿਆ ਦੀ ਲੋੜ ਹੈ ਜਿਸ ਦੇ ਧਨ ਪਦਾਰਥ ਦੀ ਖਪਤ ਹੋਣੀ ਹੀ ਹੈ। ਇਸ ਸਬੰਧ ਵਿਚ ਬਹੁਤਾ ਕਿੰਤੂ ਕਰਨ ਦੀ ਲੋੜ ਨਹੀਂ।

ਅੰਮ੍ਰਿਤ ਇਕ ਪ੍ਰਣ ਹੈ ਜਿਸ ਸਦਕਾ ਅਸੀਂ ਨਿਗੁਰੇ ਤੋਂ ਗੁਰੂ ਵਾਲੇ ਬਣਕੇ ਗੁਰੂ ਦੀ ਮਤ (ਗੁਰਮਤਿ) ਅਨੁਸਾਰ ਜੀਵਨ ਬਤੀਤ ਕਰਦੇ ਹੋਏ ਲੋਕ ਸੁਖੀਏ ਅਤੇ ਪਰਲੋਕ ਸੁਹੇਲੇ ਬਣ ਜਾਂਦੇ ਹਾਂ। ਗੁਰੂ ਦੀ ਮਤ ਸਦਕਾ ਸਾਡੀ ਅਰਦਾਸ ਨਾਮ ਦਾਨ, ਚੜ੍ਹਦੀ ਕਲਾ, ਅਕਾਲ ਪੁਰਖ ਦੇ ਭਾਣੇ ਅੰਦਰ ਰਹਿਣ ਅਤੇ ਸਰਬੱਤ ਦਾ ਭਲਾ ਮੰਗਣ ਵਾਲੀ ਬਣ ਜਾਂਦੀ ਹੈ।

ਅਜੇਹੇ ਮਾਰਗ ਨੂੰ ਅਪਨਾਉਣ ਵਾਸਤੇ ਢਿੱਲ ਕਿਸ ਗੱਲ ਦੀ?

"ਨਿਗੁਰੇ ਕਾ ਹੈ ਨਾਉ ਬੁਰਾ" (ਪੰਨਾ-੪੩੫) ਅਤੇ

"ਹਰਿ ਜਪਦਿਆ ਖਿਨੁ ਢਿਲ ਨ ਕੀਜਈ,
ਮੇਰੀ ਜਿੰਦੁੜੀਏ,
ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮੁ" (ਪੰਨਾ-੫੪੦)

ਨਾਮ ਦਾ ਦਾਤਾ ਸਤਿਗੁਰੂ ਹੈ। ਅੰਮ੍ਰਿਤ ਛਕਣਾ, ਨਾਮ ਦ੍ਰਿੜ੍ਹ ਕਰਵਾਉਣਾ ਹੈ।

"ਬਿਨੁ ਨਾਵੈ ਜੀਵਨੁ ਬਿਰਥਾ'

ਨਾਮ ਦੀ ਪ੍ਰਾਪਤੀ ਵਾਸਤੇ ਸਾਨੂੰ ਦੇਰੀ ਨਹੀਂ ਕਰਨੀ ਚਾਹੀਦੀ, ਕੀ ਪਤਾ ਕਿ ਅਗਲੇ ਛਿਨ ਸਾਹ ਆਵੇ ਕਿ ਨਾ ਆਵੇ।

—— "ਨਿਗੁਰੇ ਕਉ ਗਤਿ ਕਾਈ ਨਾਹੀ ।" (ਪੰਨਾ-੩੬੧)

—— "ਨਿਗੁਰੇ ਆਵਣ ਜਾਵਣਿਆ।"

ਨਿਗੁਰੇ ਮੌਤ ਦੇ ਮੂੰਹ ਪੈ ਕੇ ਜਨਮ ਮਰਨ ਦੇ ਗੇੜ ਵਿਚ ਹੀ ਪੈਂਦੇ ਹਨ, ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਨ ਨਾਲ ਕਾਵਾਂ ਕੁੱਤਿਆਂ ਦੀਆਂ ਜੂਨਾਂ ਵਿਚ ਤਾਂ ਖੱਜਲ ਖੁਆਰ ਨਹੀਂ ਹੋਵਾਂਗੇ। ਗੁਰੂ ਵਾਲੇ ਹੋਣ ਸਦਕਾ ਗੋਬਿੰਦ ਨੂੰ ਮਿਲਣ ਦਾ ਜੀਵਨ ਉਦੇਸ਼ ਪੂਰਾ ਕਰ ਸਕਾਂਗੇ।

70. ਸਵਾਲ: ਕੀ ਗੁਰਸਿੱਖਾਂ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀਆਂ ਪਾਵਨ ਬੀੜਾਂ ਡਾਕ ਰਾਹੀਂ ਮੰਗਵਾਉਣੀਆਂ ਯੋਗ ਹਨ?

ਜਵਾਬ: 'ਸ੍ਰੀ ਗੁਰੂ ਗ੍ਰੰਥ ਸਾਹਿਬ' ਸਿੱਖਾਂ ਦਾ ਇਸ਼ਟ ਹੈ, ਸਿੱਖਾਂ ਦਾ ਗੁਰੂ ਹੈ। ਕਿਸੇ ਵੀ ਪੁਸਤਕ ਵਿਕ੍ਰੇਤਾ ਜਾਂ ਜਥੇਬੰਦੀ ਨੂੰ 'ਬੀੜ ਦੇ ਪਾਵਨ ਸਰੂਪ' ਨੂੰ ਡਾਕ ਰਾਹੀਂ ਭੇਜਣ ਦੀ ਕਦਾਚਿਤ ਆਗਿਆ ਨਹੀਂ ਦਿਤੀ ਜਾ ਸਕਦੀ ਤੇ ਨਾ ਹੀ ਕਿਸੇ ਗੁਰਸਿੱਖ ਨੂੰ ਡਾਕ ਰਾਹੀਂ ਪਾਵਨ ਸਰੂਪ ਮੰਗਵਾਉਣ ਬਾਰੇ ਸੋਚਣਾ ਚਾਹੀਦਾ ਹੈ। ਗੁਰੂ ਗ੍ਰੰਥ ਸਾਹਿਬ ਦੀਆਂ ਪਾਵਨ ਬੀੜਾਂ ਨੂੰ ਹਰ ਸ਼ਹਿਰ ਦੇ ਕੇਂਦਰੀ ਗੁਰਦੁਆਰੇ ਵਿਚ ਸਤਿਕਾਰ ਨਾਲ ਪਹੁੰਚਾਉਣ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਹੋਣਾ ਚਾਹੀਦਾ ਹੈ ਜਿਥੋਂ 'ਪ੍ਰਕਾਸ਼' ਕਰਨ ਦੇ ਚਾਹਵਾਨ ਗੁਰਸਿੱਖ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਪੂਰਨ ਸਤਿਕਾਰ ਨਾਲ ਆਪਣੇ ਗ੍ਰਹਿ ਜਾਂ ਦੂਸਰੇ ਗੁਰਦੁਆਰੇ ਵਿਖੇ ਲੈ ਜਾਣ। ਜੇ ਕੋਈ ਪੁਸਤਕ ਵਿਕ੍ਰੇਤਾ ਡਾਕ ਰਾਹੀਂ ਬੀੜਾਂ ਭੇਜਦਾ ਹੈ ਤਾਂ ਪੰਥਕ ਜਥੇਬੰਦੀ ਨੂੰ ਐਕਸ਼ਨ ਲੈਣਾ ਚਾਹੀਦਾ ਹੈ।

71. ਸਵਾਲ: ਜਿਵੇਂ ਮਾਤਾ ਸਾਹਿਬ ਕੌਰ ਦੇ ਨਾਲ 'ਕੌਰ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ ਇਸੇ ਤਰ੍ਹਾਂ ਮਾਤਾ ਗੁਜਰੀ ਜੀ ਤੇ ਮਾਤਾ ਸੁੰਦਰੀ ਜੀ ਨਾਲ ਕਿਉਂ ਨਹੀਂ ਕੀਤੀ ਜਾਂਦੀ?

ਜਵਾਬ: ਕਰਨੀ ਚਾਹੀਦੀ ਹੈ, ਨਾ ਕਰਨ ਦਾ ਕਾਰਨ ਪੁਰਾਤਨ ਨਾਵਾਂ ਦਾ ਵਧੇਰੇ ਪ੍ਰਚੱਲਤ ਹੋ ਜਾਣਾ ਹੈ।

72. ਸਵਾਲ: ਗੁਰੂ ਗੋਬਿੰਦ ਸਿੰਘ 'ਤਾਊਸ' ਬਹੁਤ ਕਮਾਲ ਦਾ ਵਜਾਉਂਦੇ ਸਨ। ਇਹ ਤਾਊਸ ਕੀ ਚੀਜ਼ ਹੈ?

ਜਵਾਬ: 'ਤਾਊਸ' ਸੰਗੀਤ ਦਾ ਇਕ ਸਾਜ਼ ਹੈ ਜੋ ਮੋਰ ਦੀ ਸ਼ਕਲ ਦਾ ਇਕ ਵਾਜਾ ਹੁੰਦਾ ਹੈ ਜਿਸ ਨੂੰ 'ਗਜ਼' ਨਾਲ ਵਜਾਈਦਾ ਹੈ।

73. ਸਵਾਲ: ਮਿਲਟਰੀ ਕੰਨਟੀਨ ਵਿਚ ਕੰਮ ਕਰਦੇ ਕਈ ਸਿਖਾਂ ਨੂੰ ਤੰਬਾਕੂ ਵਾਲੀਆਂ ਵਸਤੂਆਂ ਵੇਚਦੇ ਵੇਖਿਆ ਗਿਆ ਹੈ, ਕੀ ਇਹ ਠੀਕ ਹੈ।

ਜਵਾਬ: ਤੰਬਾਕੂ ਸਿਖ ਧਰਮ ਵਿਚ ਵਿਵਰਜਿਤ ਕਰਾਰ ਦਿਤਾ ਗਿਆ ਹੈ। ਇਸ ਨੂੰ ਚਾਰ ਬਜਰ ਕੁਰਹਿਤਾਂ ਵਿਚ ਸ਼ਾਮਲ ਕੀਤਾ ਗਿਆ ਹੈ। ਇਸ ਲਈ ਸਿੱਖਾਂ ਨੂੰ ਐਸੀ ਡਿਊਟੀ ਤੇ ਨਹੀਂ ਲਗਾਉਣਾ ਚਾਹੀਦਾ। ਜੇ ਉਪਰਲੇ ਅਫਸਰਾਂ

ਦਾ ਧਿਆਨ ਇਸ ਪਾਸੇ ਦਿਵਾਇਆ ਜਾਵੇ ਤਾਂ ਸਿਖਾਂ ਨੂੰ ਐਸੀ ਡਿਊਟੀ ਤੇ ਨਹੀਂ ਲਗਾਉਣਗੇ।

74. ਸਵਾਲ: ਕੀ ਸਿੱਖ ਧਰਮ ਵਿਚ ਬਹਿਸ-ਮੁਬਾਸੇ ਲਈ ਕੋਈ ਥਾਂ ਹੈ?

ਜਵਾਬ: ਪ੍ਰਸਪਰ ਵੀਚਾਰ ਦੁਆਰਾ ਇਕ ਦੂਸਰੇ ਦੇ ਸ਼ੰਕੇ ਨਿਵ੍ਰਿਤ ਕਰਨਾ ਠੀਕ ਹੈ। ਪਰ ਜਿਸ ਵਿਚਾਰ ਵਿਚੋਂ ਕਲਹ ਕਲੇਸ਼ ਨਿਕਲੇ, ਵੀਚਾਰਨ ਦਾ ਅਜੇਹਾ ਢੰਗ ਸਿਖ ਧਰਮ ਵਿਚ ਪ੍ਰਵਾਨ ਨਹੀਂ। ਸਿੱਖ ਇਤਿਹਾਸ ਵਿਚੋਂ ਇਕ ਸਾਖੀ ਦੇ ਕੇ ਇਸ ਦੀ ਪੁਸ਼ਟੀ ਕੀਤੀ ਜਾਂਦੀ ਹੈ:

ਭਾਈ ਦਰਗਾਹਾ ਗੁਰੂ ਹਰਿਗੋਬਿੰਦ ਸਾਹਿਬ ਦੀ ਸ਼ਰਣੀ ਆਇਆ ਤੇ ਅਰਦਾਸ ਕੀਤੀ – "ਗਰੀਬ ਨਿਵਾਜ ਜੀ! ਕਈ ਸਿੱਖ ਚਰਚਾ ਕਰਦੇ ਆਪ ਵਿਚ ਬੋਲ ਉਠਦੇ ਹਨ।" ਤਾਂ ਬਚਨ ਹੋਇਆ–"ਚਾਰ ਪ੍ਰਕਾਰ ਦੀ ਚਰਚਾ ਹੈ, ਗੁਰੂ ਕੇ ਸਿੱਖਾਂ ਨੂੰ ਚਾਹੀਦਾ ਹੈ ਜੋ ਦੁਇ ਪ੍ਰਕਾਰ ਦੀ ਕਰਨ ਤੇ ਦੁਇ ਪ੍ਰਕਾਰ ਦੀ ਤਿਆਗਣ"; ਤਾਂ ਭਾਈ ਦਰਗਾਹੇ ਪੁਛਿਆ, "ਕੌਨ ਕੌਨ ਚਰਚਾ ਹੈਨ? ਤਾਂ ਵਚਨ ਹੋਇਆ– "ਇਕ ਵਾਦ ਚਰਚਾ ਹੈ, ਜੋ ਆਪ ਨੂੰ ਨਹੀਂ ਸਮਝੀਦਾ, ਨਿੰਮ੍ਰਤਾ ਕਰਕੇ ਆਪ ਥੀਂ ਵਿਸ਼ੇਖ ਬੁਧਿ ਵਾਲੇ ਥੀਂ ਪੁਛਿਕੈ ਰਿਦੈ ਵਿਚ ਧਾਰ ਲੈਣੀ, ਦੂਜੀ ਹੇਤ ਚਰਚਾ ਹੈ, ਜੋ ਆਪਣੀ ਬੁਧਿ ਵਿਚ ਆਵੈ ਸੋ ਕਹਿ ਸੁਣਾਂਵਣਾ ਤੇ ਦੂਜੇ ਦੀ ਬੁਧਿ ਵਿਚ ਆਵੈ ਤਾਂ ਪ੍ਰੀਤੀ ਕਰ ਸੁਣ ਲੇਵਣਾ, ਵਿਚਾਰਕੈ ਜੋ ਵਿਸ਼ੇਖ ਹੋਵੈ ਸੋ ਰਿਦੈ ਵਿਚ ਧਾਰਣਾ। ਜੈਸੇ ਏਕ ਦੀਪਕ ਕੈ ਸਨਮੁਖ ਦੂਜਾ ਦੀਪਕ ਜਗਾਈਦਾ ਹੈ, ਤਾਂ ਦੋਨੋ ਕਾ ਅੰਧਕਾਰ ਨਸ਼ਟ ਹੋ ਜਾਂਦਾ ਹੈ। ਜੇ ਇਕ ਦੀਪਕ ਹੁੰਦਾ ਹੈ, ਤਾਂ ਚਾਨਣਾ ਤਾਂ ਕਰਦਾ ਹੈ, ਪਰ ਆਪਣੇ ਪਿੱਛੇ ਅੰਧੇਰਾ ਹੀ ਰਹਿੰਦਾ ਹੈ, ਤੈਸੇ ਜੋ ਆਪ ਹੀ ਚਰਚਾ ਕਰਦਾ ਹੈ, ਹੋਰਸ ਦੀ ਨਹੀਂ ਸੁਣਦਾ, ਤਿਸਨੋ ਗਰਬ ਹੁੰਦਾ ਹੈ। ਤੀਜੀ ਜਲਪਾ ਚਰਚਾ ਹੈ, ਜੋ ਆਪਣੇ ਪੱਖ ਦੀ ਨਾਨਾ ਪ੍ਰਕਾਰ ਬਚਨ ਕਰ ਪਾਲਣਾ ਕਰਣੀ ਤੇ ਹੋਰਸ ਦੇ ਪੱਖ ਨੂੰ ਪ੍ਰਮਾਣਾਂ ਤੇ ਦ੍ਰਿਸ਼ਟਾਂਤਾ ਨਾਲ ਖੰਡਣਾ। ਚੌਥੀ ਵਿਤੰਡਾ ਚਰਚਾ ਹੈ, ਜੋ ਆਪ ਨੂੰ ਕੋਈ ਸਮਝ ਨਹੀਂ ਤੇ ਹੋਰਸ ਦਾ ਬਚਨ ਮੰਨਣਾ ਨਹੀਂ। ਏਹ ਪਿਛਲੀਆਂ ਦੋਵੈਂ ਚਰਚਾ ਗੁਰੂ ਕੇ ਸਿੱਖ ਤਯਾਗਦੇ ਹਨ। ਜਿਸ ਕਰ ਮਨ ਨੀਵਾਂ ਹੋਵੈ ਸੋਈ ਚਰਚਾ ਕਰਦੇ ਹੈਨ।ਕਿਸੈ ਦਾ ਮਨ ਨਹੀਂ ਦੁਖਾਵਣਾ ਹਰ ਕਿਸੈ ਦੀ ਪ੍ਰਸੰਨਤਾ ਕਰਨੀ।"

75. ਸਵਾਲ: ਫੌਜ ਵਿਚ ਨੌਕਰੀ ਕਰਦੇ ਹਾਂ, ਅੰਮ੍ਰਿਤ ਛਕਣ ਨੂੰ ਦਿਲ ਕਰਦਾ ਹੈ ਪਰ ਸਾਡੇ Mess (ਰਸੋਈ) ਵਿਚ ਜੋ ਰਸੋਈਆ ਹੈ ਉਹ ਬੀੜੀ ਸਿਗਰਟ ਪੀਂਦਾ ਹੈ, ਤੇ ਹੱਥ ਵੀ ਨਹੀਂ ਧੋਂਦਾ, ਇਸ ਤਰ੍ਹਾਂ ਰਹਿਤ ਰਖਣ ਵਿਚ ਕਠਿਨਾਈ ਆਉਂਦੀ ਹੈ, ਕਿਵੇਂ ਕਰੀਏ?

ਜਵਾਬ: ਹਰ ਸਿੱਖ ਲਈ ਅੰਮ੍ਰਿਤ ਛਕਣਾ ਜ਼ਰੂਰੀ ਹੈ। ਅੰਮ੍ਰਿਤ ਛਕੇ ਬਿਨਾਂ ਕੋਈ ਗੁਰੂ ਦਾ ਸਿੱਖ ਨਹੀਂ ਅਖਵਾ ਸਕਦਾ। ਆਪ ਜੀ ਰਸੋਈਏ ਨੂੰ ਮਿਲ ਕੇ ਪਿਆਰ ਨਾਲ ਸਮਝਾਉ ਕਿ ਉਹ ਖਾਣਾ ਤਿਆਰ ਕਰਦੇ ਸਮੇਂ ਐਸਾ ਕੰਮ ਨਾ ਕਰੇ ਜਿਸ ਨਾਲ ਸਿੱਖ ਵੀਰਾਂ ਦਾ ਦਿਲ ਦੁਖੇ। ਜੇ ਉਹ ਬੇਨਤੀ ਮਨ ਜਾਵੇ ਤਾਂ ਠੀਕ ਹੈ ਨਹੀਂ ਤਾਂ ਆਪਣੇ ਵਡੇ ਅਫਸਰ ਨੂੰ ਪਿਆਰ ਤੇ ਦਲੀਲ ਨਾਲ ਸਮਝਾਉ ਕਿ ਇਸ ਤਰ੍ਹਾਂ ਕਰਨ ਨਾਲ ਸਾਨੂੰ ਮਾਨਸਿਕ ਕਸ਼ਟ ਹੁੰਦਾ ਹੈ। ਪਰ ਬਾਵਜੂਦ ਅਜਿਹੀਆਂ ਮਜ਼ਬੂਰੀਆਂ ਦੇ ਗੁਰੂ ਵਾਲੇ ਬਣਨਾ ਬਹੁਤ ਜ਼ਰੂਰੀ ਹੈ। ਅੰਮ੍ਰਿਤ ਛਕ ਕੇ ਅਰਦਾਸ ਕਰੋ, ਗੁਰੂ ਪਾਤਸ਼ਾਹ ਆਪ ਸਾਰੇ ਕਾਰਜ ਰਾਸ ਕਰਨਗੇ। ਅਣਭੋਲ ਹੋਈ ਕੁਤਾਹੀ ਲਈ ਅਸੀਂ ਗੁਰੂ ਪਾਸੋਂ ਭੁਲ ਬਖਸ਼ਾ ਸਕਦੇ ਹਾਂ।

76. ਸਵਾਲ: ਕੀ ਸ੍ਰੀ ਅਕਾਲ ਤਖਤ ਸਾਹਿਬ ਸਿਆਸਤ ਵਿਚ ਦਖਲ ਦੇ ਸਕਦਾ ਹੈ?

ਜਵਾਬ: ਸ੍ਰੀ ਅਕਾਲ ਤਖਤ ਸਾਹਿਬ ਸਰਬ ਉੱਚ ਹੈ। ਸ੍ਰੀ ਅਕਾਲ ਤਖਤ ਸਾਹਿਬ ਦੀ ਹਸਤੀ ਨੂੰ ਕੋਈ ਚੈਲਿੰਜ ਨਹੀਂ ਕਰ ਸਕਦਾ। ਸ੍ਰੀ ਅਕਾਲ ਤਖਤ ਸਾਹਿਬ ਸਿਖਾਂ ਦੇ ਹਰ ਮਸਲੇ ਵਿੱਚ ਭਾਵੇਂ ਉਹ ਧਾਰਮਿਕ ਹੋਵੇ ਜਾਂ ਰਾਜਸੀ ਦਖਲ ਦੇ ਸਕਦਾ ਹੈ। ਸ੍ਰੀ ਅਕਾਲ ਤਖਤ ਸਾਹਿਬ ਦੀ ਸਥਾਪਨਾ ਮੀਰੀ ਤੇ ਪੀਰੀ ਦੇ ਸਿਧਾਂਤ ਨੂੰ ਮੁਖ ਰਖ ਕੇ ਕੀਤੀ ਗਈ ਸੀ। ਸਿਖਾਂ ਦੇ ਰਾਜਸੀ ਸ਼ਕਤੀ ਦਾ ਕੇਂਦਰ ਸ੍ਰੀ ਅਕਾਲ ਤਖਤ ਸਾਹਿਬ ਪਾਸੋਂ ਰਾਜਸੀ ਮਸਲਿਆਂ ਦਾ ਹਲ ਤੇ ਰਾਜਸੀ ਸ਼ਕਤੀ ਖੋਹ ਲਈ ਜਾਵੇ ਤਾਂ ਇਹ ਮੀਰੀ ਪੀਰੀ ਦੇ ਸਿਧਾਂਤ ਉਤੇ ਕਰੜੀ ਸੱਟ ਹੋਵੇਗੀ ਜੋ ਕੋਈ ਵੀ ਸ਼ਰਧਾਵਾਨ ਗੁਰਸਿਖ ਨਹੀਂ ਸਹਾਰ ਸਕੇਗਾ।

77. ਸਵਾਲ: ਪਹਿਲੇ ਸਿੱਖ ਗਰੀਬ ਸਨ, ਪਰ ਸਿੱਖੀ ਅਮੀਰ ਸੀ; ਹੁਣ ਸਿੱਖ ਅਮੀਰ ਹਨ ਸਿੱਖੀ ਗਰੀਬ, ਕੀ ਕਾਰਨ ਹੈ?

ਜਵਾਬ: 'ਦਾਤ ਪਿਆਰੀ ਵਿਸਰਿਆ ਦਾਤਾਰ' ਵਾਲੀ ਗੱਲ ਹੋ ਗਈ ਹੈ। ਸਿੱਖ ਪਦਾਰਥਵਾਦੀ ਹੋ ਕੇ ਪਰਮਾਤਮਾ ਤੇ ਗੁਰੂ ਨਾਲੋਂ ਟੁਟ ਗਿਆ ਹੈ। ਕਾਰਨ ਗੁਰਮਤਿ ਪ੍ਰਚਾਰ ਦੀ ਘਾਟ ਹੈ। ਕੋਈ ਐਸਾ ਭੈਅ ਨਹੀਂ ਰਿਹਾ ਜੋ ਸਿੱਖਾਂ ਨੂੰ ਗਲਤ ਕੰਮਾਂ ਤੋਂ ਵਰਜ ਸਕੇ; ਜਿਵੇਂ ਅਕਾਲੀ ਫੂਲਾ ਸਿੰਘ ਦੇ ਵੇਲੇ ਹੁੰਦਾ ਸੀ ਕਿ ਇਕ ਸਿਖ ਨੇ ਅੰਮ੍ਰਿਤ ਛਕ ਕੇ ਕੁਰਹਿਤ ਕਰ ਲਈ ਤਾਂ ਅਕਾਲੀ ਜੀ ਉਸਨੂੰ ਦੰਡ ਦੇਣ ਲਈ ਉਥੇ ਜਾ ਪੁਜੇ ਤੇ ਉਸ ਨੇ ਨੱਕ ਰਗੜ ਕੇ ਤੋਬਾ ਕੀਤੀ ਕਿ ਅਗੋਂ ਭੁਲ ਨਹੀਂ ਕਰੇਗਾ। ਪਰ ਹੁਣ ਧਾਰਮਿਕ ਆਗੂ ਤੇ ਲੀਡਰ ਆਪ

ਹੀ ਭੁਲਾਂ ਕਰੀ ਜਾ ਰਹੇ ਹਨ। ਕੋਈ ਵਰਜਣ ਵਾਲਾ ਨਹੀਂ। ਧਰਮ ਤੋਂ ਡੇਗਣ ਵਾਲੀਆਂ ਸ਼ਕਤੀਆਂ ਆਪਣਾ ਪੂਰਾ ਜ਼ੋਰ ਲਾ ਕੇ ਸਿਖਾਂ ਨੂੰ ਡੇਗ ਰਹੀਆਂ ਹਨ, ਪਰ ਧਰਮ ਦਾ ਭੈਅ ਤੇ ਰਾਜ ਦੰਡ ਦੇਣ ਵਾਲੀਆਂ ਹਸਤੀਆਂ ਸਿਖਾਂ ਵਿਚ ਨਹੀਂ ਹਨ। ਜੇ ਐਸਾ ਹੋ ਜਾਵੇ ਤਾਂ ਸਿੱਖੀ ਫਿਰ ਅਮੀਰ ਹੋ ਸਕਦੀ ਹੈ।

78. ਸਵਾਲ: ਕਈ ਰਾਗੀ ਸਾਹਿਬਾਨ ਜਦ ਕੀਰਤਨ ਕਰਦੇ ਹਨ ਤਾਂ ਉਹ ਸ਼ਬਦ ਦੀ ਪਹਿਲੀ ਤੁਕ ਤੋਂ ਸ਼ੁਰੂ ਨਹੀਂ ਕਰਦੇ। ਸ਼ਬਦ ਦੀ ਵਿਚਕਾਰਲੀ ਜਾ ਆਖਰੀ ਤੁਕ ਤੋਂ ਸ਼ੁਰੂ ਕਰਦੇ ਹਨ, ਕੀ ਇਹ ਗੁਰਬਾਣੀ ਦੀ ਨਿਰਾਦਰੀ ਨਹੀਂ ?

ਜਵਾਬ: ਸ਼ਬਦ ਵਿਚ 'ਰਹਾਉ' ਦੀਆਂ ਤੁਕਾਂ ਵਾਲਾ ਬੰਦ ਸ਼ਬਦ ਦਾ ਕੇਂਦਰੀ ਭਾਵ ਹੁੰਦਾ ਹੈ। ਕੀਰਤਨ ਵਿਚ ਇਸ ਨੂੰ ਧਾਰਨਾ ਬਣਾਉਣਾ ਹੈ। ਇਸ ਵਿਚ ਗੁਰਬਾਣੀ ਦੀ ਨਿਰਾਦਰੀ ਨਹੀਂ। ਸ਼ਬਦ ਦੇ ਮੁਖ-ਵਿਚਾਰ ਤੇ ਭਾਵ ਨੂੰ ਮੁਖ ਰਖ ਕੇ ਕੀਰਤਨ ਕਰਨਾ ਗੁਰਮੁਤਿ ਅਨੁਕੂਲ ਹੈ। ਜੇ ਆਖਰੀ ਤੁਕ ਭੀ ਸ਼ਬਦ ਦਾ ਕੇਂਦਰੀ ਭਾਵ ਪ੍ਰਗਟਾਉਂਦੀ ਹੈ ਤਾਂ ਉਹ ਭੀ ਧਾਰਨਾ ਬਣਾਈ ਜਾ ਸਕਦੀ ਹੈ, ਇਸ ਵਿਚ ਕੋਈ ਹਰਜ਼ ਨਹੀਂ।

79. ਸਵਾਲ: ਕਪਾਲ ਕਿਰਿਆ ਕੀ ਹੁੰਦੀ ਹੈ। ਕੀ ਇਹ ਗੁਰਮਤ ਅਨੁਸਾਰ ਠੀਕ ਹੈ?

ਜਵਾਬ: ਕਪਾਲ ਕਿਰਿਆ ਹਿੰਦੂ ਸ਼ਾਸਤਰਾਂ ਅਨੁਸਾਰ ਪੁਤਰ ਕਰਦਾ ਹੈ। ਜਦ ਮਿਰਤਕ ਦੇਹ ਨੂੰ ਅਗਨ ਭੇਟ ਕਰਦੇ ਹਨ ਤਾਂ ਪ੍ਰਾਣੀ ਦਾ ਪੁੱਤਰ ਚਿਤਾ ਵਿਚ ਪਏ ਪ੍ਰਾਣੀ ਦੇ ਸਿਰ ਨੂੰ ਡਾਂਗ ਜਾਂ ਸੋਟੀ ਆਦਿ ਨਾਲ ਭੰਨ ਦਿੰਦਾ ਹੈ। ਮਰੇ ਪ੍ਰਾਣੀ ਦੀ ਸਿਰ ਭੰਨਣ ਦੀ ਕਿਰਿਆ ਨੂੰ ਕਪਾਲ (ਖੋਪੜੀ) ਕਿਰਿਆ ਕਹਿੰਦੇ ਹਨ। ਸਿਖ ਰਹਿਤ ਮਰਯਾਦਾ ਅਨੁਸਾਰ ਇਹ ਕਿਰਿਆ ਮਨਮਤ ਹੈ, ਸਿਖ ਨੇ ਅਜਿਹੀ ਕਿਰਿਆ ਨਹੀਂ ਕਰਨੀ।

80. ਸਵਾਲ: ਸ਼ਸਤ੍ਰ ਅਤੇ ਅਸਤ੍ਰ ਵਿਚ ਕੀ ਅੰਤਰ ਹੈ?

ਜਵਾਬ: ਚਲਾਉਣ ਵੇਲੇ ਜੋ ਹਥਿਆਰ ਹਥੋਂ ਨਾ ਛਡਿਆ ਜਾਵੇ ਉਹ ਸ਼ਸਤ੍ਰ ਹੈ ਜਿਵੇਂ ਕਿ ਖੜਗ, ਕਟਾਰ ਆਦਿਕ। ਜੋ ਹਥਿਆਰ ਹਥੋਂ ਛਡਿਆ ਜਾਵੇ ਉਹ ਅਸਤ੍ਰ ਹੈ ਜਿਵੇਂ ਚਕ੍ਰ, ਤੀਰ ਆਦਿਕ। ਜੋ ਹੱਥ ਵਿਚ ਫੜ ਕੇ ਭੀ ਚਲਾਇਆ ਜਾਵਦੇ ਅਤੇ ਹੱਥੋਂ ਸੁਟਿਆ ਵੀ ਜਾ ਸਕੇ ਉਹ ਸ਼ਾਸਤ੍ਰਾਸਤ੍ਰ ਹੈ ਜਿਹਾ ਕਿ ਨੇਜ਼ਾ, ਗਦਾ ਆਦਿਕ।

81. ਸਵਾਲ: ਬਾਬਾ ਬਕਾਲਾ ਵਿਖੇ ਰੱਖੜ ਪੁੰਨਿਆ ਮਨਾਈ ਜਾਂਦੀ ਹੈ। ਕ੍ਰਿਪਾ ਕਰਕੇ ਇਸ ਬਾਰੇ ਦੱਸੋ ਜੀ।

ਜਵਾਬ: ਸਿੱਖ ਪੰਥ ਦੀ ਅਣਗਹਿਲੀ ਕਾਰਨ ਕਈ ਅਨਮਤੀ ਰੀਤਾਂ ਸਿੱਖ ਧਰਮ ਵਿਚ ਘੁਸ ਗਈਆ ਹਨ, ਜਿਨ੍ਹਾਂ ਨੇ ਆਪਣੀ ਪੈੜ ਬਹੁਤ ਪੱਕੀ ਜਮਾ ਲਈ ਹੈ। ਸਿੱਖ ਕੌਮ ਵਿਚੋਂ ਅਜੇਹੇ ਖੱਬਲ ਘਾਹ ਨੂੰ ਪੁੱਟਕੇ ਬਾਹਰ ਸੁੱਟਣ ਲਈ ਪੱਕੇ ਇਰਾਦੇ ਅਤੇ ਹਿੰਮਤ ਦੀ ਲੋੜ ਹੈ।

ਬਾਬਾ ਬਕਾਲਾ ਵਿਖੇ ਰਖੜ ਪੁੰਨਿਆਂ ਦੇ ਦਿਨ ਤੇ ਜੋੜ ਮੇਲਾ ਹੁੰਦਾ ਹੈ, ਜਿਸ ਵਿਚ ਰਖੜੀ ਦੀ ਮਹਿਮਾ ਨਹੀਂ ਗਾਈ ਜਾਂਦੀ ਸਗੋਂ ਕੀਰਤਨ, ਕਥਾ, ਲੈਕਚਰ, ਵਖਿਆਨ ਹੀ ਹੁੰਦੇ ਹਨ। ਚੰਗਾ ਹੋਵੇ ਜੇ ਕਰ ਸਿੱਖ ਪੰਥ ਇਹ ਜੋੜ ਮੇਲੇ ਇਤਿਹਾਸਕ ਦਿਨਾਂ ਤੇ ਗੁਰਪੁਰਬਾਂ ਉਪਰ ਹੀ ਕਰੇ ਅਤੇ ਸੰਗਰਾਂਦ, ਮਸਿਆ, ਪੂਰਨਮਾਸ਼ੀ ਜੋ ਸੂਰਜ ਤੇ ਚੰਦ ਦੀ ਪੂਜਾ ਨਾਲ ਸਬੰਧਤ ਦਿਨ ਹਨ ਉਹਨਾਂ ਤੋਂ ਖਹਿੜਾ ਛੁਡਾ ਲੈਣਾ ਹੀ ਠੀਕ ਹੈ।

82. ਸਵਾਲ: ਅਸੀਂ ਗੁਰੂ ਸਾਹਿਬ ਦੀਆਂ ਮਨੋਕਲਪਿਤ ਫੋਟੋ ਘਰ ਵਿਚ ਨਹੀਂ ਲਾਉਣਾ ਚਾਹੁੰਦੇ। ਇਹਨਾਂ ਦੀ ਥਾਂ ਕੀ ਲਾਈਏ?

ਜਵਾਬ: ਗੁਰਬਾਣੀ ਦੇ ਸ਼ਬਦ ਤੇ ਗੁਰਬਾਣੀ ਦੀਆਂ ਤੁਕਾਂ ਛਪੀਆਂ ਹੋਈਆਂ ਮਿਲ ਜਾਂਦੀਆਂ ਹਨ, ਜੋ ਸ਼ੀਸ਼ੇ ਵਿਚ ਜੜਾ ਕੇ ਲਗਾਈਆਂ ਜਾ ਸਕਦੀਆਂ ਹਨ। ਸ਼ਹੀਦਾਂ ਦੀਆਂ ਤਸਵੀਰਾਂ ਵੀ ਲਾ ਸਕਦੇ ਹੋ।

83. ਸਵਾਲ: ਕੀ ਅੰਮ੍ਰਿਤਧਾਰੀ ਲੜਕੀ ਬਿਊਟੀ ਪਾਰਲਰ Beauty Parlour **ਖੋਹਲ ਸਕਦੀ ਹੈ, ਜਾਂ ਉਸਦਾ ਕੋਰਸ ਕਰ ਸਕਦੀ ਹੈ?**

ਜਵਾਬ: ਇਹ ਕੰਮ ਸਿੱਖੀ ਸਭਿਆਚਾਰ ਦੇ ਨਾਲ ਮੇਲ ਨਹੀਂ ਖਾਂਦਾ। ਸਿਖ ਧਰਮ ਸਾਦਗੀ ਵਿਚ ਯਕੀਨ ਰਖਦਾ ਹੈ, ਫੈਸ਼ਨਪ੍ਰਸਤੀ ਵਿਚ ਨਹੀਂ। ਜੋ ਸੁੰਦਰਤਾ ਪ੍ਰਮਾਤਮਾ ਨੇ ਦਿਤੀ ਹੈ ਉਸ ਦੀ ਬਰਾਬਰੀ ਬਣਾਉਟੀ ਸੁੰਦਰਤਾ ਨਹੀਂ ਕਰ ਸਕਦੀ। ਫਿਰ ਕੇਸਾਂ ਦੀ ਬੇਅਦਬੀ, ਭਰਵੱਟੇ ਕੱਟਣਾ ਤਾਂ ਸਿੱਖੀ ਤੋਂ ਪਤਿਤ ਹੋਣ ਵਾਲੀ ਗਲ ਹੈ, ਜਿਸ ਦੀ ਸਿੱਖ ਧਰਮ ਕਦੇ ਵੀ ਆਗਿਆ ਨਹੀਂ ਦੇਂਦਾ।

84. ਸਵਾਲ: ਕਾਰ ਸੇਵਾ ਵਾਲੇ ਬਾਬਿਆਂ ਦੀ ਸ਼ਰਧਾ ਤੇ ਸੇਵਾ ਭਾਵਨਾ ਦੀ ਬਿਰਤੀ ਅਤੇ ਪੜ੍ਹੇ ਲਿਖੇ ਗੁਰਸਿੱਖ ਵੀਚਾਰਵਾਨਾਂ ਦੀ ਲਿਆਕਤ

ਤੇ ਦਿਮਾਗੀ ਸੋਚ ਨੂੰ ਜੇ ਇਕੱਠਿਆਂ ਕਰ ਦਿਤਾ ਜਾਵੇ ਤੇ ਗੁਰਦੁਆਰਿਆਂ ਦੀਆਂ ਬਿਲਡਿੰਗਾਂ ਉਪਰ ਜੋ ਪਾਣੀ ਦੀ ਤਰ੍ਹਾਂ ਪੈਸਾ ਵਹਾਇਆ ਜਾ ਰਿਹਾ ਹੈ ਜੇ ਉਸਨੂੰ ਸਿੱਖੀ ਸਕੂਲਾਂ, ਧਰਮ ਪ੍ਰਚਾਰ ਤੇ ਲਿਟਰੇਚਰ ਤੇ ਖਰਚ ਕੀਤਾ ਜਾਵੇ ਤਾਂ ਕਿੰਨੀ ਜਾਗ੍ਰਤੀ ਆ ਸਕਦੀ ਹੈ। ਕੀ ਸ਼ਰਧਾ ਤੇ ਗਿਆਨ ਦਾ ਸੁਮੇਲ ਹੋਣਾ ਜ਼ਰੂਰੀ ਨਹੀਂ?

ਜਵਾਬ: ਅਸੀਂ ਆਪ ਜੀ ਦੇ ਵਿਚਾਰਾਂ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਜੀ। ਜਿਥੇ ਗੁਰਦੁਆਰੇ ਸੁੰਦਰ ਤੇ ਪੱਕੇ ਹੋਣ ਉਥੇ ਉਹਨਾਂ ਵਿਚ ਜੁੜਣ ਵਾਲੀ ਸੰਗਤ ਵੀ ਸਿੱਖੀ ਗੁਣਾਂ ਨਾਲ ਸ਼ਿੰਗਾਰੀ ਹੋਈ ਤੇ ਗੁਰਮਤਿ ਵੀਚਾਰਧਾਰਾ ਵਿਚ ਪਰਪੱਕ ਹੋਵੇ। ਅਜ ਗੁਰਦੁਆਰੇ ਤਾਂ ਬਹੁਤ ਪੱਕੇ ਹਨ, ਪਰ ਸੰਗਤ ਜੁੜਦੀ ਨਹੀਂ ਤੇ ਗੁਰਮਤਿ ਵਿਚਾਰਧਾਰਾ ਦੀ ਥਾਂ ਬ੍ਰਾਹਮਣੀ ਵੀਚਾਰਧਾਰਾ ਦਾ ਬੋਲ ਬਾਲਾ ਹੈ। ਇਸਦਾ ਮੂਲ ਕਾਰਨ ਗਿਆਨ ਤੋਂ ਸਖਣੀ ਸ਼ਰਧਾ ਹੈ। ਅੰਨ੍ਹੀ ਸ਼ਰਧਾ ਨੂੰ ਗਿਆਨ ਤੇ ਬਿਬੇਕ (ਵੀਚਾਰ) ਦੀਆਂ ਅਖਾਂ ਲਾਉਣੀਆਂ ਜ਼ਰੂਰੀ ਹਨ।